Book 7

੧ੴ ਸਤਿਗੁਰ ਪ੍ਰਸਾਦਿ ॥

# ਬਿੱਪ੍ਰਨ ਕੀ ਰੀਤ

ਤੋਂ

# ਸੱਚ ਦਾ ਮਾਰਗ

## (ਸਵਾਂ ਭਾਗ)

ਤੂ ਹਮਰੋ ਹਮ ਤੁਮਰੇ ਕਹੀਐ ਇਤ ਉਤ ਤੁਮ ਹੀ ਰਾਖੇ ॥
ਤੂ ਬੇਅੰਤੁ ਅਪਰੰਪਰ ਸੁਆਮੀ ਗੁਰ ਕਿਰਪਾ ਕੋਈ ਲਾਖੈ ॥ ੧ ॥

ਸ੍ਰੀ ਅਕਾਲ ਸਹਾਇ

# ੧ੳ ਸਤਿਗੁਰ ਪ੍ਰਸਾਦਿ

## ਵਿਸ਼ਾ ਸੂਚੀ ਸਤਵਾਂ ਭਾਗ

## ਪਹਿਲਾ ਕਾਂਡ


੧- ਸ੍ਰਿਸ਼ਟੀ ਸਿਰਜਣਾ ੧
੨- ਸ੍ਰੀ ਦਸਮ ਗੁਰੂ ਗ੍ਰੰਥ ਜੀ ਅਤੇ ਸ੍ਰਿਸ਼ਟੀ ਸਿਰਜਣਾ ੨
੩- ਸ੍ਰਿਸ਼ਟੀ ਸਿਰਜਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੬
੪- ਜਗਤ ਰਚਨਾ ਇੱਕ ਖੇਡ ੯
੫- ਬੇਅੰਤ ਪ੍ਰਭੂ ਦੀ ਅਪਾਰ ਸਿਰਜਣਾ ੧੨
੬- ਭੰਨੇ ਘੜੇ ਸਵਾਰੇ ਸੋਈ ॥ ੧੬
੭- ਜਗਤ ਸੁਪਨਾ ? ੧੭
੮- ਇਹੁ ਜਗੁ ਸਚੈ ਕੀ ਹੈ ਕੋਠੜੀ.... ॥ ੨੦
੯- ਦੁਨੀ ਸੁਹਾਵਾ ਬਾਗ .... ? ੨੩
੧੦- ਰਾਖਾ ਏਕ ਹਮਾਰਾ ਸੁਆਮੀ ॥
੧੧- ਨਿਤ ਪ੍ਰਤਪਾਰੈ ਬਾਪ ਜੈਸੇ ਮਾਈ ॥ ੨੫


## ਦੂਜਾ ਕਾਂਡ


੧- ਸਿਰਜਣਾ ਵਿਚਲੇ ਦ੍ਰਿਸ਼੍ਟਮਾਨ ਪਦਾਰਥ ਅਤੇ ਗੁਰਬਾਣੀ
ਪਾਣੀ (=ਜਲ, ਨੀਰ, ਉਦਕ, ਸਲਲ ੨੬
੨- ਨਾਮ ਜਲ ੨੭
੩- ਕ੍ਰਿਪਾ ਜਲ ੨੮
੪- ਆਤਮ ਜਲ ੨੮
੫- ਲੀਨਤਾ ਦਰਸਾਉਣ ਲਈ ਜਲ ਦਾ ਦ੍ਰਿਸ਼ਟਾਂਤ ੨੮
੬- ਗੋਬਿੰਦ ਭਾਉ ਭਗਤ ਦਾ ਭੁੱਖਾ ੨੮
੭- ਛਿਣ ਮਾਤ੍ਰ ਸਮਾ ੨੯
੮- ਜਿਵੇਂ ਪਿਆਸੇ ਲਈ ਨੀਰ ੨੯
੯- ਪ੍ਰਭੂ-ਵਿਆਪਕਤਾ ਦੇ ਰੰਗ ੨੯
੧੦- ਅਚਰਜ ਖੇਡ ੨੯
੧੧- ਡੂਬਿ ਮੂਏ ਵਿਣੁ ਪਾਣੀ ॥ ੩੦
੧੨- ਜਲਿ ਨਹੀ ਡੂਬੈ ॥॥ ॥ ੩੦
੧੩- ਦੁਧ ਤੇ ਪਾਣੀ ਦੀ ਪ੍ਰੀਤ ੩੧
੧੪- ਸੰਸਾਰ ਸਿਰਜਣਾ ਦਾ ਪ੍ਰਧਾਨ ਤੱਤ ੩੨
੧੫- ਪਾਣੀ ਜੀਉ ਹੈ ੩੧
੧੬- ਅੱਥਰੂ-ਰੂਪ ਨੀਰ ੩੧
੧੭- ਜਿਵੇਂ ਨੀਰ ਬਿਨ ਮੱਛੀ ਮਰ ਜਾਂਦੀ ਹੈ ੩੧
੧੮- ਪਾਣੀ ਪਿਲਾਉਣ ਦੀ ਸੇਵਾ ੩੧
੧੯- ਸੰਸਾਰ ਪਾਣੀ ਦਾ ਬੁਲਬੁਲਾ ੩੧
੨੦- ਜਲ ਵਿਚ ਕਮਲ ਜਿਹੀ ਨਿਲੇਪਤਾ ੩੨
੨੧- ਪਾਣੀ ਪਿਤਾ ੩੨
੨੨- ਬੀਰਜ ਰੂਪ ਪਾਣੀ ੩੨
੨੩- ਕੁੰਭ ੩੩
੨੪- ਗੰਗਾ ਜਲ ਤੇ ਸ਼ਰਾਬ ਦਾ ਦ੍ਰਿਸ਼ਟਾਂਤ ੩੪
੨੫- ਪਾਣੀ ਕਿ ਸ਼ਰਾਬ ੩੪
੨੬- ਵਿਅਰਥ ਦਾ ਕੰਮ-- ਪਾਣੀ ਰਿੜਕਣਾ ੩੫

੨੭- ਪਾਣੀ ਵਿਚ ਦੀਵੇ ਤਾਰਨੇ ੩੫
੨੮- ਪਾਣੀ ਵਾਰਨਾ (ਇੱਕ ਸ਼ਗੁਨ) ੫੨
੨੯- ਮੰਤ੍ਰਿਆ ਹੋਇਆ ਜਲ ? ੩੫
੩੦- ਗੁਰਬਾਣੀ-ਉਪਦੇਸ਼ ਵਿਚ ਬਹੁਰੰਗੀ ਸ੍ਰਿਸ਼ਟੀ ਸਿਰਜਣਾ
ਦੀ ਵਰਤੋਂ ? ੩੭
੩੧- ਅਗਨਿ, ਅਗਨੀ, ਭਾਹਿ, ਪਾਵਕ, ਬੈਸੰਤਰ ੪੦
੩੨- ਪਾਥਰ ਪੱਥਰ, ਪਾਹਨ, ਪਖਾਣ ੪੧
੩੩ ਧਾਤ ਨੂੰ ਸੋਨਾ ਬਣਾ ਦੇਣ ਵਾਲਾ ਕਥਿਤ ' ਪਾਰਸ ' ੪੯
੩੪- ਫਲ ਕਾਰਨ ਫੂਲੀ ਬਨਰਾਇ ੪੩

## ਤੀਜਾ ਕਾਂਡ

੧- ਜੀਵਾਂ ਦੇ ਪੈਦਾ ਹੋਣ ਬਾਰੇ ਗੁਰਮਤਿ ਸਿਧਾਂਤ ੪੭
੨- ਪਸ਼ੂ ਪੰਖੀਆਂ ਆਦਿ ਜੀਵਾਂ ਦਾ ਗੁਰਬਾਣੀ-ਉਪਦੇਸ਼ ਵਿਚ ਜ਼ਿਕਰ ੪੮
੩- ੳ, ਅ, ਅੱਖਰਾਂ ਅਨੁਸਾਰ ਜੀਵਾਂ ਦੇ ਜ਼ਿਕਰ ਵਾਲੇ
ਗਜ ਸ਼ਬਦਾਂ ਦੀ ਸੂਚੀ ੫੨
੪- ਕੀ ਇਹ ਕੁਝ ਵੀ ਸ੍ਰਿਸ਼ਟੀ ਸਿਰਜਣਾ ਦਾ ਹੀ ਹਿੱਸਾ ਹੈ ? ੫੮ ੪੧+੪=੪੫

## ਚੌਥਾਂ ਕਾਂਡ

੧- ਜੂਨਾਂ ਦਾ ਸਰਦਾ ਮਨੁੱਖ, ਧਰਤੀ ਤੇ ਕਦੋਂ ਆਇਆ ? ੬੧
੨- ਤਿਸ ਤੇ ਹੋਏ ਲਖ ਦਰੀਆਉ ॥ ੬੪
੩- ਪੰਜ ਤਤਾਂ ਦੀ ਮਨੁੱਖਾ ਦੇਹ ੬੫
੪- ਮਨੁੱਖਾ ਦੇਹ ਦੇ ਅੱਡ ਅੱਡ ਨਾਮ ਅਤੇ ਵਡਮੁੱਲਾ ਉਪਦੇਸ਼ ੬੭
੫- ਮਨੁੱਖ ਦੇਹ ਦੁਰਲੱਭ ੭੦
੬- ਮਨੁੱਖਾ ਦੇਹ ਕੋਟੁ ਗੜ੍ਹ (ਕਿਲ੍ਹਾ) ੭੧
੭- ਇਸੁ ਕਾਇਆਂ ਅੰਦਰਿ ਵਸਤੁ ਅਸੰਖਾ ॥ ੭੨
੮- ਮਨੁੱਖਾ ਦੇਹ ਰਤਨ, ਹੀਰਾ, ਸੋਨਾ ? ੬੨
੯- ਸਰੀਰ ਸਰੋਵਰ ੭੨
੧੦- ਮਨੁੱਖਾ ਦੇਹ ਸਾਰੀਆਂ ਜੂਨਾਂ ਦੀ ਸਿਰਦਾਰ ੭੩
੧੧- ਮਨੁੱਖਾ ਦੇਹ ਹਰਿ-ਮੰਦਰ ੭੩
੧੨- ਪ੍ਰਭੂ ਦੀ ਪ੍ਰਾਪਤੀ ਮਨੁੱਖਾ ਦੇਹ ਦੇ ਅੰਦਰੋਂ ੭੫
੧੩- ਅੰਮ੍ਰਿਤ ਭਰੀ ਮਨੁੱਖਾ ਦੇਹ ੭੬
੧੪- ਕੀ ਮਨੁੱਖਾ ਜਨਮ ਬਾਰ ਬਾਰ ਮਿਲਦਾ ਰਹਿੰਦਾ ਹੈ ? ੭੬
੧੫- ਦੁਲਭ ਦੇਹ ਦਾ ਸਮਾ ਅਜਾਂਈਂ ਗਵਾਇਆ ੭੭
੧੬- ਕਿਸ ਦੇਹ ਦਾ ਹੰਕਾਰ ? ੭੮
੧੭- ਮਨੁੱਖ ਦੇਹ ਅਤੇ ਜਰੁ (ਬੁਢੇਪਾ) ੭੮
੧੮- ਇਸ ਦੇਹੀ ਕਉ ਸਿਮਰੇ ਦੇਵ ॥ ੭੯
੧੯- ਕਰਮ ਇੰਦਰੇ ੮੧
੨੦- ਸਿਮੌਰ ਕਰਮ ਇਅੰਦ੍ਰਾ ਸਿਰ ਅਥਵਾ ਮਸਤਕ ੮੧
੨੧- ਨੈਣ, ਨੈਨ, ਅੱਖੀਆਂ ਅਥਵਾ ਲੋਇਨ ੮੨
੨੨- ਸ੍ਰਵਨ, ਸ੍ਰਵਣ, ਸਣੀਅਰ (-ਕੰਨ) ੮੪
੨੩- ਜਿਹਵਾ, ਰਸਨਾ, ਜੀਭ, ਜੀਹ ੮੫
੨੪- ਇਕ ਦੂ ਜੀਭੌ ਲਖ ਹੋਹਿ ॥॥॥ ॥ ੮੬
੨੫- ਮੁਖ (ਮੂੰਹ ਅਥਵਾ ਚਿਹਰਾ) ੮੭

| | | |
|---|---|---|
| ੨੬- ਕੰਠ, ਗਲ, ਦੰਤ (-ਦੰਦ) ਜਾਂ ਚਚੱਬਣ ਅਤੇ ਨਕ ਅਥਵਾ ਗੰਧ | ੮੭ | |
| ੨੭- ਕਰ ਅਥਵਾ ਹੱਥ | ੮੮ | |
| ੨੮- ਬਾਹ ਪਕੜਿ ਗੁਰਿ ਕਾਢਿਆ ॥ | ੮੯ | |
| ੨੯-ਗਹਿ ਭੁਜਾ ਲੀਨੇ ਰਾਮ ਦੀਨੇ ।।।। ॥ | ੮੯ | |
| ੩੦- ਕਰੁ ਗਹਿ ਲੇਹੁ ਓੜਿ ਨਿਬਹਾਵੈ | ੯੦ | |
| ੩੧- ਤੁਚਾ (-ਚਮੜ) ਕਲੇਜਾ, ਉਦਰ ਅਥਵਾ ਪੇਟ (ਢਿੱਡ) | ੯੧ | |
| ੩੨- ਨਿਮ੍ਰਤਾ ਦੇ ਪ੍ਰਤੀਕ, ਚਰਨ (ਪਗ, ਪਾਵ, ਅਥਵਾ ਪੈਰ | ੯੨ | |
| ੩੩- ਚਰਨਧੂੜੀ ਚਰਣ-ਰਜ ਅਥਵਾ ਰੇਣ | ੯੩ | |
| ੩੪- ਚਰਣ ਪੁਨੀਤ ਚਲਹਿ ਹਰਿ ਮਾਰਿਗ | ੯੪ | ੪੫+੩੪= ੭੯ |


## ਪੰਜਵਾਂ ਕਾਂਡ


| | | |
|---|---|---|
| ੧- ਸੰਤ-ਜਨ ਗੁਰਮੁਖਾਂ ਦੇ ਚਰਨ ਧੋਣ ਦੀ ਸੇਵਾ ਦੀ ਮਹਿਮਾ | ੯੫ | |
| ੨- ਗੁਰ ਕੇ ਚਰਣ ਮਨ ਮਾਹਿ ਵਸਾਏ ॥ | ੯੬ | |
| ੩- ਹਰਿ ਚਰਣੀ ਤੂੰ ਲਾਗਿ ਰਹੁ | ੯੭ | |
| ੪- ਚਰਣ ਅਥਵਾ ਪਾਵ ਸ਼ਬਦ ਦੀ ਵਰਤੋਂ ਦੇ ਕੁਝ ਹੋਰ ਰੂਪ | ੯੮ | |
| ੫- ਨਿਰੰਕਾਰ ਦੇ ਅਥਵਾ ਸ਼ਬਦ-ਗੁਰੂ ਦੇ " ਚਰਨ " ? | ੯੯ | ੭੯+੫=੮੪ |


### ਛੇਵਾਂ ਕਾਂਡ


| | | |
|---|---|---|
| ੧- ਜੀਵ ਇਸਤ੍ਰੀ | ੧੦੦ | |
| ੨- ਇਸ ਜਗ ਮਹਿ ਪੁਰਖੁ ਏਕੁ ਹੈ।।।। ।।।।। | ੧੦੧ | |
| ੩- ਪੇਕੇ ਘਰ ਰਹਿੰਦਿਆਂ ਸਹੁਰੇ-ਘਰ (ਪਤੀ ਕੋਲ) ਜਾਣ ਦੇ ਫਿਕਰ ਵਾਲੀ ਜੀਵ ਇਸਤ੍ਰੀ | ੧੦੫ | |
| ੪- ਵਿਚੋਲਗੀ ਅਤੇ ਕੁੜਮਾਈ | ੧੦੬ | |
| ੫- ਸਾਹਾ ਸੋਧਣਾ, ਜਾਂਞੀ ਅਤ ਮਾਂਞੀ | ੧੦੭ | |
| ੬- ਪੱਲੇ ਤੈਂਡੇ ਲਾਗੀ ਗੁਰ ਫ਼ੁਰਮਾਨ ਅਤੇ ਭਿੰਡਰਾਂ ਵਾਲੇ ਮਹਾਂ ਪੁਰਖਾਂ ਦੀ ਅਨੋਖੀ ਮਰਯਾਦਾ | ੧੦੮ | |
| ੭- ਫਰੇ ਤਤ ਦਿਵਾਏ (ਲਾਵਾਂ) | ੯੯ | |
| ੮- ਵਿਆਹੁ ਹੋਇਆ ਮੇਰੇ ਬਾਬੁਲਾ ॥ | ੧੧੧ | |
| ੯- ਜੀਵ ਇਸਤ੍ਰੀ ਦੀ ਕੰਤ ਮਿਲਾਵੇ ਵਾਲੀ ਸੱਧਰ ਪੂਰੀ ਹੋਈ | ੧੧੩ | |
| ੧੦- ਹਰਿ ਪ੍ਰਭੁ ਸੇਜੈ ਆਇਆ ।।।।। ॥ | ੧੧੩ | |
| ੧੧- ਮਤੁ ਸੇਜੈ ਕੰਤ ਨ ਆਵਈ ? | ੧੧੪ | |
| ੧੨- ਪ੍ਰਭੂ ਪਤੀ ਨੇ ਜੀਵ ਇਸਤ੍ਰੀ ਨੂੰ ਆਪਣੀ ਬਣਾ ਲਿਆ | ੧੧੫ | |
| ੧੩- ਸੁਹਾਗਣਿ ਅਥਵਾ ਸਦਾ ਸੁਹਾਗਣ ਜੀਵ ਝਿਸਤ੍ਰੀ | ੧੧੬ | |
| ੧੪- ਦੁਹਾਗਣ ਅਥਵਾ ਛੁੱਟੜ ਜੀਵ-ਇਸਤ੍ਰੀ | ੧੧੬ | |
| ੧੫- ਪਤੀ ਮਿਲਾਪ ਲਈ ਸ਼ਿੰਗਾਰ (ਅਕ੍ਰੇਪ) | ੧੧੯ | |
| ੧੬- ਅੱਡ ਅੱਡ ਗੁਣ ਆਉਗੁਣਾ ਵਾਲੀ ਜੀਵ ਇਸਤ੍ਰੀ | ੧੧੯ | |
| ੧੭- ਪ੍ਰਭੂ ਪਤੀ ਦੇ ਵਿਛੋੜੇ ਕਾਰਨ ਦੁਖੀ ਜੀਵ ਇਸਤ੍ਰੀ | ੧੨੧ | |
| ੧੮- ਕਹਤੁ ਕਬੀਰ, ਸੁਨਹੁ ਰੇ ਲੋਈ ।।।।। ॥ | ੧੨੩ | |
| ੧੯- ਜੀਵ ਇਸਤ੍ਰੀ ਲੇਖ ਲਿਖਣ ਦਾ ਮੰਤਵ ਅਤੇ ਸਿਖਿਆ | ੧੨੫ | ੧੯+੮੪= ੧੦੩ |


### ਸਤਵਾ ਕਾਂਡ


| | | |
|---|---|---|
| ੧- ਜੀਵ-ਆਤਮਾ | ੧੨੭ | |
| ੨- ਆਤਮਾ ਪਰਮਾਤਮਾ ਦਾ ਰੂਪ | ੧੨੭ | |
| ੩- ਆਤਮਾ ਅਮਰ ਹੈ | ੧੨੯ | |
| ੪- ਜੋਤਿ ਅਥਵਾ ਜੋਤੀ | ੧੩੦ | |

੫- ' ਜੋਤਿ ' ਪਰਮਾਤਮਾ ਸਾ ਅੰਸ਼ ੧੩੨
੬- ਜੋਤੀ ਜੋਤਿ ਸਮਾਉਣਾ ੧੩੩
੭- ਜੋਤਿ=ਪ੍ਰਕਾਸ਼, ਰੌਸ਼ਨੀ, ਨੂਰ, ਜਲਵਾ, ਜ਼ਹੂਰ ੧੩੪
੮- ਜੋਤਿ= ਮਤਿ, ਸੁਰਤਿ, ਅਕਲ ਅਥਵਾ ਗਿਆਨ ੧੩੫
੯- ਘਟਿ ਘਟਿ ਵਾਸੀ ' ਜੋਤਿ ' ਅਥਵਾ ਜੀਵਾਤਮਾ ੧੩੫
੧੦- ਏਕ ਜੋਤਿ ਦੋਇ ਮੂਰਤੀ ....... ੧੩੭
੧੧- " ਜੋਤਿ ' ਦਾ ਪ੍ਰਗਟ ਹੋਣਾ ੧੩੭
੧੨- ਮਨ (ਕੇਵਲ ਮਨੁੱਖ ਨੂੰ ਪ੍ਰਾਪਤਿ ਹੋਈ ਅਲੋਕਾਰ ਸ਼ਕਤੀ) ੧੪੫
੧੩- ਮਨ ਰਾਜਾ ਸੁਲਤਾਨ ੧੪੭
੧੪- ਮਨ ਹਾਥੀ ੧੪੭
੧੫- ਮਨ ਡੱਡੂ ੧੪੮
੧੬- ਮਨ ਕਰਹਲਾ ੧੪੮
੧੭- ਮਨ ਪੰਛੀ ੧੪੮
੧੮- ਮਨ ਮੋਰੁ ੧੪੯
੧੯- ਮਨ ਬੈਲ (ਬਲਦ) ੧੪੯
੨੦- ਮਨ ਕਾਲਾ ਹਰਨ-ਮਨ ਭੌਰਾ ੧੪੯
੨੧- ਮਨ ਘੋੜਾ ੧੫੦
੨੨- ਮਨ ਚੰਚਲ, ਅਥਵਾ ਅਮੋੜ ਬਾਲਕ ੧੫੧
੨੩- ਨਾਮ ਬਿਹੂਣੇ ਮਨ ਹੱਥੋਂ ਮਨੁੱਖ ਦੁਖੀ ੧੫੧
੨੪- ਸੰਬੋਧਨ ਮਨ ਨੂੰ, ਉਪਦੇਸ਼ ਮਨੁੱਖ ਨੂੰ ੧੫੨
੨੫- ਮਨ ਅੰਧੇ ਜਨਮ ਗਵਾਇਆ ੧੫੩
੨੬- ਮਨ ਖੋਟੇ, ਮਨ ਕਠੋਰ, ਮਨ ਜੂਠੇ, ਮਨ ਮੈਲੇ ੧੫੪
੨੭- ਮਨ ਹੋਰ ਮੁਖਿ ਹੋਰ ॥ ੧੫੬
੨੮- ਮਨ ਮਾਰਨਾ ੧੫੬
੨੯- ਮਨ, ਵੱਸ ਵਿਚ ਕਿਵੇਂ ਆਵੇ ? ੧੫੭
੩੦- ਮਨ ਇਛੇ ਫਲ ੧੫੮
੩੧- ਮਨ ਹੀਠਿ ਕਰਮ ੧੫੯
੩੨- ਮਨਿ ਜੀਤੈ ਜਗੁ ਜੀਤੁ ॥ ੧੬੦
੩੩- ਮਨ ਰੰਗਣਾ ੧੬੩
੩੪- ਮਨ ਸੰਤੋਖੁ ਆਤਮ ਪਤੀਆਨੇ ॥ ੧੬੪
੩੫- ਮਨ ਬੈਰਾਗੀ ੧੬੫
੩੬- ਮਨ ਰਤਨ, ਜਵਾਹਰ, ਮਾਣਕ ੧੬੬
੩੭- ਇਸ ਮਨ ਕਉ ਕੋਈ ਖੋਜਹੁ ਭਾਈ ॥ ੧੬੭
੩੮- ਮਨ ਮੰਦਰੁ, ਮਨ ਸੰਪਟ ੧੬੮
੩੯- ਮਨ ਅਰਪਨਾ ੧੬੯
੪੦- ਮਨ ਤੂੰ ਜੋਤਿ ਸਰੂਪ ਹੈਂ---- ੧੭੦
੪੧- ਜੋ ਕਿਛ ਕੀਆ ਸੋ ਮਨ ਕੀਆ

ੴ ਸਤਿ ਗੁਰ ਪ੍ਰਸਾਦਿ

# ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਰਗ

## (ਸਤਵਾਂ ਭਾਗ)

## ਪਹਿਲਾ ਕਾਂਡ

੧

## ਸ੍ਰਿਸ਼ਟੀ ਸਿਰਜਨਾ

ਸ੍ਰਿਸ਼ਟੀ ਰਚਨਾ ਕਦੋਂ ਅਤੇ ਕਿਸ ਤਰ੍ਹਾਂ ਹੋਈ ਇਸ ਬਾਰੇ ਧਰਮਾਂ ਦੀ ਫਿਲਾਸਫ਼ੀ ਅਤੇ ਵਿਗਿਆਨੀਆਂ ਦੀਆਂ ਰਾਵਾਂ ਇੱਕ ਨਹੀਂ ਹਨ ਅਤੇ ਫਿਰ ਪੁਰਾਣਕ ਲਿਖਤਾ ਬਿਲਕੁਲ ਹੀ ਅੱਡਰੇ ਖ਼ਿਆਲਾਂ ਨਾਲ ਭਰੀਆਂ ਹੋਈਆਂ ਹਨ । ਸ੍ਰਿਸ਼ਟੀ ਰਚਨਾਂ ਬਾਰੇ ਈਸਾਈਆਂ ਦਾ ਮਤ ਹੈ ਕਿ ਹਫਤੇ ਵਿਚੋ ਛੇ ਦਿਨ ਪਰਮਾਤਮਾ ਨੇ ਸੰਸਾਰ ਦੀ ਰਚਨਾ ਕੀਤੀ ਅਤੇ ਸਤਵੇਂ (ਐਤਵਾਰ ਦੇ) ਦਿਨ ਆਰਾਮ ਕੀਤਾ । ਮੁਸਲਮਾਨਾਂ ਦਾ ਵਿਸ਼ਵਾਸ਼ ਹੈ ਕਿ ਰੱਬ ਨੇ " ਕੁੰਨ " ਕਿਹਾ ਤੇ ਸ੍ਰਿਸ਼ਟੀ ਹੋਂਦ ਵਿਚ ਆ ਗਈ । ਜਿਸ ਵੇਲੇ ਅੱਲਾ ਦੀ ਇਛਿਆ ਇਸ ਸ੍ਰਿਸ਼ਟੀ ਨੂੰ ਨਾਸ ਕਰਨ ਦੀ ਹੋਈ ਤਾਂ ਸਾਰੀ ਰਚਨਾ ਨਾਸ ਹੋ ਜਾਵੇਗੀ । ਡਾਰਵਨ ਜਿਹੇ ਪਛਮੀ ਸਾਇੰਸਦਾਨਾ ਦੀ ਰਾਇ ਹੈ ਕਿ " ਸ੍ਰਿਸ਼ਟੀ ਪਹਿਲਾਂ ਪੰਘਰੇ ਹੋਏ ਲੋਹੇ ਤੋਂ ਵੀ ਵੱਧ ਤਾਤਮਾਨ ਦਾ ਗੋਲਾ ਸੀ । ਉਸ ਵਿਚੋਂ ਗਰਮੀ ਘਟਦੀ ਗਈ ਤਾਂ ਪਹਿਲਾਂ ਚਿੱਕੜ ਦੀ ਸ਼ਕਲ ਬਣ ਗਈ । ਉਸ ਵਿਚ ਜੀਵ ਜੰਤ ਅਤੇ ਕੀੜੇ ਮਕੌੜੇ ਪੈਦਾ ਹੋ ਗਏ । ਫਿਰ ਬਨਾਸਪਤੀ ਪੈਦਾ ਹੋ ਗਈ । ਸੂਰਜ, ਚੰਦ, ਤਾਰੇ ਪਹਾੜ ਆਦਿਕ ਬਣ ਗਏ । ਕੀੜਿਆਂ ਤੋਂ ਵਿਕਾਸ ਕਰਕੇ ਬਾਂਦਰ ਬਣੇ ਤੇ ਬਾਂਦਰਾਂ ਤੋਂ ਮਨੁੱਖ ।

**ਸੰਸਾਰ ਰਚਨਾ ਬਾਰੇ ਹਿੰਦੂਆਂ** ਦੇ ਧਰਮ ਗ੍ਰੰਥਾਂ ਦਾ ਕਥਨ ਇੱਕ ਦੂਜੇ ਤੋਂ ਕੇਵਲ ਜੁਦਾ ਹੀ ਨਹੀਂ, ਸਗੋਂ ਇੱਕ ਦੂਜੇ ਨੂੰ ਕੱਟਦਾ ਹੈ । ਇਸ ਘਾਟ ਦੇ ਕਾਰਨ ਇਹ ਸਮਝ ਨਹੀਂ ਆ ਸਕਦੀ ਕਿ ਇਨ੍ਹਾਂ ਗ੍ਰੰਥਾਂ ਵਿਚੋ ਕਿਸ ਗ੍ਰੰਥ ਦੀ ਰਾਏ ਤੇ ਇਤਬਾਰ ਕੀਤਾ ਜਾਵੇ । ਉਦਾਹਰਣ ਵਜੋਂ :-

**੧=** ਸ੍ਰੀ ਮਦ ਭਾਗਵਤ ਪੁਰਾਣ ਦੇ ਸਕੰਦ--੩ ਅਧਿਆਇ--੮ (ਸਫ਼ਾ ੮੩) ਵਿੱਚ ਲਿਖਿਆ ਹੈ ਕਿ ਦੇਵਤਿਆਂ ਨੇ ਨਾਰਾਇਣ ਜੀ ਦੀ ਉਸਤਤੀ ਕਰਕੇ ਸੰਸਾਰ ਦੀ ਰਚਨਾਂ ਕਰਨ ਵਾਸਤੇ ਬੇਨਤੀ ਕੀਤੀ ਤਾਂ ਪ੍ਰਭੂ ਨੇ ਕ੍ਰਿਪਾ ਦ੍ਰਿਸਟੀ ਨਾਲ ਪੰਜ ਤੱਤਾਂ ਦੇ **ਆਦਿ-ਪੁਰਖ** (ਵਿਸ਼ਨੂੰ ਜੀ) ਨੂੰ ਪ੍ਰਗਟ ਕਰਕੇ ਉਸ ਦੇ ਰਹਿਣ ਵਾਸਤੇ ਪਾਤਾਲ-ਲੋਕ, ਭੂ-ਲੋਕ, ਅਤੇ ਬੈਕੁੰਠ-ਲੋਕ (ਤੀਨੋਂ ਲੋਕ) ਦੇ ਦਿਤੇ, ਅਤੇ ਲਿਖਿਆ ਹੈ ਕਿ, ਏਸੇ ਵਿਸ਼ਨੂੰ ਨੂੰ ਹੀ ਵੈਰਾਟ ਰੂਪ ਕਿਹਾ ਗਿਆ ਹੈ ਅਤੇ ਲਿਖਿਆ ਹੈ ਕਿ ਉਸੇ ਪੁਰਖ ਦੀ ਨਾਭੀ (ਧੁੰਨੀ) ਵਿਚੋਂ ਕਮਲ ਦਾ ਫੁੱਲ ਨਿਕਲਿਆ ਜਿਸ ਵਿਚੋਂ **ਬ੍ਰਹਮਾਂ ਜੀ** ਪੈਦਾ ਹੋਏ । ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ । ਪਰ ਨਾਰਾਇਣ ਦੀ ਉਸਤਤੀ ਕਰਕੇ ਉਸ ਨੂੰ ਸ੍ਰਿਸ਼ਟੀ ਦੀ ਰਚਨਾ ਕਰਨ ਦਾ ਚੇਤਾ ਕਰਾਉਣ ਵਾਲੇ **ਦੇਵਤੇ** ਅਤੇ **ਬੈਕੁੰਠ ਆਦਿ ਤਿੰਨੇ ਲੋਕ** ਕਿੰਨ੍ਹ ਅਤੇ ਕਦੋਂ ਬਣਾਏ ਸਨ ? ਪੁਰਾਣਕ ਗ੍ਰੰਥਾਂ ਵਿਚੋਂ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਮਿਲਦਾ ।

**੨=** ਮਹਾਂਭਾਰਤ, ਅਥਵਾ ਕਾਲਿਕਾ ਪੁਰਾਣ ਆਦਿ ਗ੍ਰੰਥਾਂ ਦੇ ਲੇਖ ਹਨ ਕਿ ਵਿਸ਼ਨੂੰ ਭਗਵਾਨ ਜੀ ਜਦ ਖੀਰ ਸਮੁੰਦਰ ਵਿਚ ਸੁੱਤੇ ਹੋਏ ਸਨ ਤਾਂ ਉਨ੍ਹਾਂ ਦੇ ਕੰਨਾਂ ਵਿਚੋਂ ਨਿਕਲੀ ਮੈਲ ਤੋਂ **ਮਧੁ** ਅਤੇ **ਕੈਟਭ** ਦੋ ਭਿਆਨਕ ਦੈਂਤ ਉਤਪੰਨ ਹੋਏ । ਲਗ ਪਗ ਉਸੇ ਸਮੇਂ ਹੀ, ਵਿਸ਼ਨੂੰ ਜੀ ਦੀ ਨਾਭੀ ਵਿਚੋਂ ਉ ੱਗੇ ਕੰਵਲ ਦੀ ਨਾਲੀ ਤੋਂ, ਬ੍ਰਹਮਾਂ ਜੀ ਵੀ ਅਵਤਾਰੀ ਹੋ ਪਏ । ਬ੍ਰਹਮਾਂ ਜੀ ਨੂੰ ਵੇਖਦਿਆਂ ਹੀ, (ਵਿਸ਼ਨੂੰ ਜੀ ਦੇ ਕੰਨ ਦੀ ਮੈਲ ਤੋਂ ਬਣੇ) ਇਹ ਦੋਵੇਂ ਦੈਂਤ, ਉਸ ਨੂੰ ਖਾਣ ਨੂੰ ਕੁੱਦ ਪਏ । ਬ੍ਰਹਮਾਂ ਨੇ ਵਿਸ਼ਨੂੰ ਜੀ ਦੀ ਅਰਾਧਨਾ ਅਜੇਹੇ ਢੰਗ ਨਾਲ ਕੀਤੀ ਕਿ ਉਨ੍ਹਾਂ ਨੂੰ ਜਾਗ ਆ ਗਈ ਅਤੇ ਉਹ ਝੱਟ ਹੀ ਦੈਂਤਾਂ ਨਾਲ ਯੁੱਧ ਕਰਨ ਲੱਗ ਪਏ । ਪੰਜ ਹਜ਼ਾਰ ਸਾਲ ਘੋਰ ਯੁੱਧ ਕਰਕੇ ਉਨ੍ਹਾਂ ਦੈਂਤਾਂ ਨੂੰ ਮਾਰਿਆ ।

**੩=** ਹਰਿਵੰਸ਼ ਗ੍ਰੰਥ ਦਾ ਲੇਖ ਹੈ ਕਿ, ਵਿਸ਼ਨੂੰ ਜੀ ਦੇ ਬਾਣਾਂ ਤੋਂ ਘਾਇਲ ਹੋਏ **ਮਧ** ਤੇ **ਕੈਟਭ** ਦੈਂਤਾਂ ਦੀ ਮਿੱਝ ਵਗ ਕੇ ਸਮੁੰਦਰ ਤੇ ਫੈਲ ਗਈ। ਉਸ ਮਿਝ ਅਥਵਾ ਮੇਦੇ ਤੋਂ ਪਿਰਥਵੀ ਬਣ ਗਈ । ਅਖੇ, ਏਸੇ ਕਾਰਨ ਧਰਤੀ ਦਾ ਨਾਮ **ਮੇਦਿਨੀ** ਵੀ ਹੈ। ਪਰ ਅਜੇਹਾ ਲਿਖਣ ਵਾਲੇ ਇਹ ਨਹੀਂ ਦੱਸਦੇ ਕਿ ਜਿਸ ਦੇ ਪਾਣੀ ਤੇ ਮਿੱਝ ਫੈਲੀ ਉਹ ਸਮੁੰਦਰ ਕਿਵੇਂ ਬਣਿਆਂ ? ਅਤੇ ਇਸ ਬਾਰੇ ਵੀ ਕੁਝ ਨਹੀਂ ਲਿਖਿਆ ਕਿ ਇਸ ਮੇਦਨੀ ਦੇ ਬਣਨ ਤੋਂ ਪਹਿਲਾਂ, ਜਿਸ ਧਰਤੀ ਤੇ ਸਮੁੰਦਰ ਫੈਲਿਆ ਹੋਇਆ ਸੀ ਉਹ ਧਰਤੀ ਕਿਸ ਨੇ ਅਤੇ ਕਿਵੇਂ ਬਣਾਈ ਹੋਵੇਗੀ ? T.V. ਤੇ ਭਾਰਤ ਵਾਸੀਆਂ ਨੂੰ ਵਿਖਾਈ ਗਈ ਰਾਮਾਇਣ ਗਾਥਾ ਦੀ ਵੀਡੀਉ (Video)ਤਸਵੀਰ ਵਿਚ ਮਧ ਕੈਟਭ ਵਾਲੀ ਕਹਾਣੀ ਬਿਲਕੁਲ ਹੀ ਹੋਰ ਰੰਗ ਵਿਚ ਫਿਲਮਾਈ ਹੋਈ ਹੈ । ਭਬੀਖਣ ਸ੍ਰੀ ਰਾਮ ਜੀ ਤੇ ਲਛਮਣ ਨੂੰ ਜੰਗ ਦੇ ਮੈਦਾਨ ਵਿਚ ਲੜਾਈ ਲਈ ਲਲਕਾਰ ਰਹੇ ਰਾਵਣ ਦੇ ਦੋ ਮਹਾਂ ਬਲੀ ਪੁੱਤ੍ਰਾਂ (ਅਤੀਕਾਇ ਅਤੇ ਕੁੰਭਕਰਣ) ਬਾਰੇ ਦੱਸਦਾ ਹੈ ਕਿ ਉਹ ਦੋਵੇਂ ਹੀ ਪਿਛਲੇ ਜਨਮ ਵਿਚ **ਕੈਟਭ** ਅਤੇ **ਮਧੁ** ਦੈਂਤ ਸਨ । ਅਖੇ, ਵਿਸ਼ਨੂੰ ਜੀ ਤਾਂ ਆਰਾਮ ਨਾਲ ਖੀਰ ਸਮੁੰਦਰ ਵਿਚ ਸੁੱਤੇ ਹੋਏ ਸਨ, ਕਿ **ਕੈਟਭ** ਅਤੇ **ਮਧ** ਨੇ ਉਨ੍ਹਾਂ ਨੂੰ ਲੜਾਈ ਲਈ ਜਾ ਲਲਕਾਰਿਆ । ਵਿਸ਼ਨੂੰ ਜੀ ਨੇ ਆਪਣਾ ਸੁਦੱਰਸ਼ਨ ਚੱਕ੍ਰ ਮਾਰਿਆ ਪਰ ਦੈਂਤਾਂ ਦਾ ਕੁਝ ਨਾਂ ਵਿਗੜਿਆ । ਫਿਰ ਦੋਹਾਂ ਦੈਂਤਾਂ ਨੇ ਉਲਟਾ ਵਿਸ਼ਨੂੰ ਜੀ ਨੂੰ ਹੀ ਵਰ ਮੰਗਣ ਲਈ ਕਹਿ ਦਿੱਤਾ, ਤਾਂ ਵਿਸ਼ਨੂੰ ਨੇ

ਉਨ੍ਹਾਂ ਤੋਂ ਉਨ੍ਹਾਂ ਦੀ ਹੀ ਮੌਤ ਦਾ ਢੰਗ ਪੁੱਛ ਲਿਆ । ਫਿਰ ਦੈਂਤਾਂ ਕੋਲੋਂ ਹੀ ਪੁਛਿਆ ਹੋਇਆ ਢੰਗ ਵਰਤ ਕੇ ਜਦ ਵਿਸ਼ਨੂੰ ਜੀ ਨੇ (ਨਿਸ਼ਕਪਟਤਾ ਅਤੇ ਸੂਰਮਤਾਈ ਦੀ ਅਨੋਖੀ ਮਿਸਾਲ ? ਕਾਇਮ ਕਰਦਿਆਂ), ਉਨ੍ਹਾਂ ਦੈਂਤਾਂ ਨੂੰ ਮਾਰਿਆ ਤਾਂ " **ਮਧੁ** " ਦੈਂਤ ਦੇ ਮੇਦੇ ਤੋਂ ਧਰਤੀ ਬਣੀ ਅਤੇ ਇਸ ਦਾ ਨਾਮ **ਮੇਦਨੀ** ਪਿਆ । ਇਹ ਕੁਝ ਲਗ-ਪਗ ਸਾਰੇ ਭਾਰਤ ਵਾਸੀਆਂ ਨੇ ਵੇਖਿਆ ਅਤੇ ਧਰਤੀ ਦੇ ਪੈਦਾ ਹੋਣ ਦਾ ਫਿਲਮਾਇਆ ਹੋਇਆ ਉਹੀ ਭਰਮ-ਗਿਆਨ, ਬਾਹਰ ਦੇ ਦੇਸ਼ਾਂ ਵਿਚ ਵੱਸਦੇ ਬੇਅੰਤ ਭਾਰਤੀਆਂ ਸੇ ਘਰਾਂ ਵਿਚ ਵੀਡੀਉ ਰੀਲਾਂ ਦੁਆਰਾ ਵੇਖਿਆ ਜਾ ਰਿਹਾ ਹੈ। ਵਿਸ਼ਾਲ ਢੰਗ ਨਾਲ ਪ੍ਰਚਾਰੀ ਜਾ ਰਹੀ ਉਸ ਗਾਥਾ ਵਿਚ, ਬ੍ਰਹਮਾਂ ਜੀ ਨੂੰ ਦੇਤਾਂ ਦੇ ਖਾਣ ਪੈ ਜਾਣ ਆਦਿ ਦਾ ਕੋਈ ਜ਼ਿਕਰ ਨਹੀਂ ਹੈ । ਨਾ ਹੀ ਉਸ ਗਾਥਾ ਵਿਚ ਦੈਂਤਾਂ ਦੀ ਪੈਦਾਇਸ਼ ਕਿਸੇ ਭਗਵਾਨ ਦੇ ਕੰਨ ਦੀ ਮੈਲ ਤੋਂ ਹੋਣ ਦਾ ਕੋਈ ਸੰਕੇਤ ਮਿਲਦਾ ਹੈ ।

**੪=** ਵਿਸ਼ਨੂੰ ਦੀ ਧੁੱਨੀ ਵਿਚੋਂ ਉਗੇ ਕੰਵਲ ਫੁੱਲ ਵਿਚੋਂ ਬ੍ਰਹਮਾਂ ਦੇ ਪੈਦਾ ਹੋਣ ਵਾਲੀ ਕਹਾਣੀ ਨੂੰ ਲਿਖਣ ਦਾ ਢੰਗ, ਸ਼ਿਵ ਪੁਰਾਣ ਦੇ ਲਿਖਾਰੀ ਦਾ ਹੋਰ ਵੀ ਨਿਰਾਲਾ ਹੈ । ਆਪਣੀ ਦਲੀਲ ਨੂੰ ਬਿਨਾ ਕਿਸੇ ਸ਼ੱਕ ਦੇ ਨਿਰੋਲ ਸੱਚੀ ਸਿੱਧ ਕਰਨ ਵਾਸਤੇ ਲਿਖਾਰੀ ਨੇ, ਸ਼ਿਵ ਪੁਰਾਣ ਗ੍ਰੰਥ ਦੇ ਖੰਡ--੧ ਅਧਿਆਇ--੨ (ਸਫ਼ਾ--੩੯੫), ਤੇ ਲਿਖਿਆ ਹੈ ਕਿ, **ਨਾਰਦ ਮੁਨੀ** ਨੇ ਆਪਣੇ ਪਿਤਾ **ਬ੍ਰਹਮਾਂ** ਜੀ ਕੋਲੋਂ ਹੀ ਉਸਦੇ ਜਨਮ ਦੀ ਗੱਲ ਪੁੱਛੀ ਤਾਂ ਬ੍ਰਹਮਾ ਨੇ ਆਪਣੇ ਬੇਟੇ ਨਾਰਦ ਨੂੰ ਇਉਂ ਕਿਹਾ---" ਸ਼ਿਵ ਜੀ ਨਿਰਗੁਣ ਸਰੂਪ, ਸਭ ਤੋਂ ਸ੍ਰੇਸ਼ਟ ਤੇ ਨਿਸ਼-ਪਾਪ ਹਨ । ਉਹ ਸਾਨੂੰ ਤੇ ਵਿਸ਼ਨੂੰ ਜੀ ਨੂੰ ਉਤਪੰਨ ਕਰਨ ਵਾਲੇ ਹਨ । ਉਹਨਾਂ ਨੇਂ ਸਾਨੂੰ ਤੇ ਵਿਸ਼ਨੂੰ ਜੀ ਨੂੰ ਪ੍ਰਕਿਰਤੀ ਤੋਂ ਉਤਪੰਨ ਕਰਕੇ ਕਿਹਾ ਕਿ ਜਾਓ ਸੰਸਾਰ ਦੀ ਰਚਨਾ ਕਰਕੇ ਉਸ ਦੀ ਪਾਲਣਾ ਕਰੋ । ਤੱਦ ਅਸਾਂ ਤੇ ਵਿਸ਼ਨੂੰ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਅਵਤਾਰ ਲੈ ਕੇ ਪਰਲੋ ਕਰਿਆ ਕਰੋ । ਸ਼ਿਵ ਪੁਰਾਣ ਦੇ ਲਿਖਾਰੀ ਨੇ ਇਹ ਨਹੀਂ ਲਿਖਿਆ ਕਿ **ਜਿਸ ਕਥਿਤ ਪ੍ਰਕਿਰਤੀ** ਵਿਚੋਂ ਬ੍ਰਹਮਾਂ ਤੇ ਵਿਸ਼ਨੂੰ ਪੈਦਾ ਕੀਤੇ ਸਨ, ਉਸ ਨੂੰ ਕਿਸ ਨੇ ਅਤੇ ਕਿਵੇਂ ਬਣਾਇਆ ਸੀ ?

**੫=** ਬ੍ਰਹਮਾਂ ਦੇ ਹੀ ਜਨਮ ਬਾਰੇ ਮਹਾਨ ਕੋਸ਼ ਦੇ ੨੭੬ ਸਫ਼ੇ ਦਾ ਨੋਟ ਇਸ ਪ੍ਰਕਾਰ ਹੈ:--ਰਿਗ਼ ਵੇਦ ਵਿਚ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਹਿਰਨਯ-ਗਰਭ (ਭਾਵ, ਬ੍ਰਹਮਾ) ਹੋਇਆ ਹੈ । ਇਹੀ ਬ੍ਰਹਮਾਂ, ਸਾਰੇ ਜੀਵਾਂ ਦਾ ਮਾਲਕ, ਆਕਾਸ਼ ਅਤੇ ਧਰਤੀ ਦਾ ਥੰਮ, ਸ਼ਰੀਰ ਅਤੇ ਆਤਮਾ ਦਾ ਦਾਤਾ, ਦੇਵਤਿਆਂ ਦਾ ਦੇਵਤਾ, ਅਤੇ ਸਾਰੇ ਜੀਵਾਂ ਵਿਚ ਆਤਮਾ ਬਖ਼ਸ਼ਣ ਵਾਲਾ ਹੈ । ਮਨੂੰ ਲਿਖਦਾ ਹੈ ਕਿ ਹਿਰਨਯਗਰਭ ਦਾ ਨਾਮ ਹੀ **ਬ੍ਰਹਮਾਂ** ਹੈ । ਜੋ ਸੂਰਜ ਜਿਹਾ ਪ੍ਰਕਾਸ਼ ਇੱਕ ਸੁਨਹਿਰੀ ਆਂਡੇ ਦੇ ਅੰਦਰ ਰਹਿਕੇ ਬ੍ਰਹਮਾਂ ਨੇ ਆਪਣੇ ਚਿੱਤ ਦੀ ਇੱਛਾ ਅਨੁਸਾਰ ਹੀ ਉਸ ਨੂੰ ਦੋ ਹਿਸਿਆਂ ਵਿਚ ਕਰ ਦਿੱਤਾ ਜਿਨ੍ਹਾਂ ਵਿਚੋਂ ਇਕ ਭਾਗ ਸੂਰਜ ਲੋਕ ਅਤੇ ਦੂਜਾ ਪ੍ਰਿਥਵੀ ਹੋਈ । - - - - - - -

**੬=** ਮਹਾਨ ਕੋਸ਼ ਦੇ ੯੪੧ ਸਫ਼ੇ ਤੇ ਰਾਮਾਇਣ ਦੇ ਹਵਾਲੇ ਨਾਲ ਲਿਖਿਆ ਹੈ ਕਿ **ਮਧੁ** ਅਤੇ **ਕੈਟਭੁ** (ਵਿਸ਼ਨੂੰ ਦੇ ਕੰਨਾਂ ਦੀ ਮੈਲ ਤੋਂ ਨਹੀਂ ਸਗੋਂ) **ਬ੍ਰਹਮਾਂ ਦੇ ਅਪਣੇ ਹੀ ਕੰਨਾਂ ਦੀ ਮੈਲ ਤੋਂ ਬਣੇ ਸਨ ।** [ ਜਿਵੇ ਪਾਰਬਤੀ ਦੇ ਪਿੰਡੇ ਦੀ ਮੈਲ ਤੋਂ ਸ੍ਰੀ ਗਣੇਸ਼ ਜੀ ਨੇ ਜਨਮ ਲਿਆ ਸੀ ?]

ਸ੍ਰਿਸ਼ਟੀ ਰਚਨਾਂ ਬਾਰੇ ਬ੍ਰਾਹਮਣੀ ਗ੍ਰੰਥਾਂ ਦੀਆਂ ਸਾਰੀਆਂ ਗੱਲਾਂ ਸਵੈ-ਵਿਰੋਧੀ ਹੋਣ ਦੇ ਕਾਰਨ ਬਰੋਸੇ ਯੋਗ ਨਹੀਂ ਹਨ । ਪੁਸਤਕ ਦੇ ਪਹਿਲੇ ਹਿੱਸੇ ਵਿਚ ਬਿੱਪ੍ਰ ਦੇ ਜਨਮ ਦੀ ਸਾਖੀ ਲਿਖਦੇ ਸਮੇ ਵੀ ਉਪਰੋਕਤ ਲਿਖਤਾਂ ਵਿਚਾਰੀਆਂ ਜਾ ਚੁੱਕੀਆਂ ਹਨ । ਇਹ ਵੀ ਸਿੱਧ ਕੀਤਾ ਗਿਆ ਸੀ ਕਿ ਮਹਾਂ ਗਿਆਨੀ ਬਿੱਪ੍ਰ ਜੀ ਦੀ ਹਰ ਲਿਖਤ, ਸੁਆਰਥ-ਸਿੱਧੀ ਵਾਲੀ ਰੁਚੀ ਦੀ ਉਪਜ ਹੋਣ ਕਾਰਨ ਮਨੁੱਖ ਨੂੰ ਮਾਇਆ ਦੇ ਮੋਹ ਵਿਚ ਫ਼ਸਾਈ ਰੱਖਣ ਵਾਲੀ ਹੈ । ਸ੍ਰਿਸ਼ਟੀ ਸਿਰਜਣਾ ਦੇ ਲੇਖ ਵਿਚ ਉਨ੍ਹਾਂ ਦੀ ਯਾਦ ਤਾਜ਼ੀ ਕਰ ਲੈਣੀ ਇਸ ਲਈ ਵੀ ਜ਼ਰੂਰੀ ਬਣੀ ਹੈ, ਕਿਉਂਕਿ ਅਸਾਂ ਬਿੱਪ੍ਰਨ ਕੀ ਰੀਤ ਨੂੰ ਉਜਾਗਰ ਕਰੀ ਰੱਖ ਕੇ ਪੰਥ ਨੂੰ ਸੁਚੇਤ ਕਰਨ ਦਾ ਯਤਨ ਅਰੰਭਿਆ ਹੋਇਆ ਹੈ । ਬ੍ਰਾਹਮਣੀ ਗ੍ਰੰਥਾਂ ਦੀ ਹਰ ਲਿਖਤ ਮਨੁੱਖ ਨੂੰ ਦੇਵੀ ਦੇਵਤਿਆਂ ਦੀ ਪੂਜਾ ਨਾਲ ਜੋੜਨ ਵਾਲੀ ਹੈ। ਬ੍ਰਾਹਮਣ ਦੀ ਲਿਖਣ-ਵਿਧੀ, ਏਕਤਾ ਦੇ ਅਨੁਭਵ ਦਾ ਖੰਡਨ ਕਰਕੇ ਮਨੁੱਖ ਨੂੰ ਅਨੇਕਤਾ ਦੀ ਪੂਜਾ ਦੇ ਭਰਮ-ਜਾਲ ਵਿਚ ਫ਼ਸਾਉਂਦੀ ਹੈ। **ਅਸਲੀਯਤ ਦੀ ਝਲਕ ਮਾਤ੍ਰ:**----

੧- **ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥ ਆਪੇ ਸ੍ਰਿਸਟਿ**
**ਸਭ ਸਾਜੀਅਨੁ ਆਪਿ ਮਤਿ ਦੀਨੀ ॥ ਸਿਮ੍ਰਿਤਿ ਸਾਸਤ ਸਾਜਿਅਨੁ**
**ਪਾਪ ਪੁੰਨ ਗਣਤ ਗਣੀਨੀ ॥ ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ**
**ਪਤੀਨੀ ॥ ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਈ ॥ ੧ ॥** [੯੪੯]-ਵਾਰ

## ੨

# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਅਤੇ ਸ੍ਰਿਸ਼ਟੀ ਸਿਰਜਣਾ

ਸ੍ਰਿਸ਼ਟੀ ਸਿਰਜਣਾ ਦੇ ਸਿਧਾਂਤ ਬਾਰੇ ਗੁਰਬਾਣੀ-ਵਿਚਾਰ ਸਮਝਣ ਤੋਂ ਪਹਿਲਾਂ ਉਚੇਚੇ ਤੌਰ ਤੇ ਦਸਮ ਗ੍ਰੰਥ ਸਾਹਿਬ ਨੂੰ ਵਿਚਾਰ ਅਧੀਨ ਲਿਆਉਣ ਦੇ ਕਾਰਨ:--

(੧) ਗੁਰਸਿੱਖੀ ਦੇ ਪਰਚਾਰਕ ਡੇਰੇ ਦਾਰ, ਸਾਧ-ਬਾਨਿਆਂ ਵਾਲੇ ਸੰਤ-ਮਹਾਂਪੁਰਖ, ਅਤੇ ਉਨ੍ਹਾਂ ਦੇ ਚੇਲਿਆਂ ਵਿਚੋਂ ਕਈ ਸਿੱਖ ਲਿਖਾਰੀ-ਵਿਦਵਾਨ ਦਸਮ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਦਸ਼ਮੇਸ਼ ਜੀ ਦੀ ਕਿਰਤ ਕਹਿੰਦੇ ਹਨ। ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਸਮੇਤ ਕਈ ਸੰਤਾਂ ਦੇ ਡਰਿਆਂ ਵਿਚ ਸ੍ਰੀ ਦਸਮ ਗੁਰੂ ਗ੍ਰੰਥ ਦੀ ਬਾਣੀ ਦੇ ਅਖੰਡ ਪਾਠ, ਸਹਿਜ ਪਾਠ, ਸੰਪੁਟ ਪਾਠ ਆਦਿ ਕਈ ਨਾਵਾਂ ਵਾਲੇ ਪਾਠ ਉਸੇ ਵਿਧੀ-ਵਿਧਾਨ ਅਤੇ ਵਿਖਾਵੇਂ ਵਾਲੇ ਆਦਰ ਸਤਿਕਾਰ ਨਾਲ ਹੀ ਕੀਤੇ ਜਾਂਦੇ ਹਨ ਜਿਸ ਤਰ੍ਹਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਦਾ ਵਿਧੀ ਵਿਧਾਨ ਬਣਾਇਆ ਹੋਇਆ ਹੈ। ਭਾਵ, ਦਸਮ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਹੀ ਸਮਝਿਆ ਜਾ ਰਿਹਾ ਹੈ। ਸ੍ਰੀ ਦਸਮ ਗ੍ਰੰਥ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਾਂਗ ਹੀ ਨਿੱਤ ਨੇਮ ਦਾ ਹਿੱਸਾ ਹੈ ਅਤੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਸਮੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵਿਚ ਦਸਮ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰਿਆਈ ਪ੍ਰਾਪਤ ਗੁਰੂ ਬਾਣੀ ਨਾਲੋਂ ਵੱਧ ਮੁਹੱਤਤਾ ਪ੍ਰਾਪਤ ਹੈ।

(੨) ਸੁਝਵਾਨ ਪਾਠਕ ਜਾਣਦੇ ਹਨ ਕਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਭਾਵ, ਦਸਵੇ ਗੁਰੂ ਨਾਨਕ ਜੀ ਦੇ ਆਗਮਨ ਦਿਵਸ ਦੇ ਗੁਰਪੁਰਬ ਮਨਾਉਂਣ ਲਈ, ਸੱਜੇ ਪੰਥਕ ਦੀਵਾਨਾਂ ਸਮੇਂ, ਲਗ-ਪਗ ਸਾਰੇ ਗੁਰੂ ਦਰਬਾਰਾਂ ਵਿਚ ਸ੍ਰੀ ਬਚਿੱਤ੍ਰ ਨਾਟਕ ਵਿਚਲੀ " ਆਪਣੀ ਕਥਾ " ਸਿਰਲੇਖ ਵਾਲੀ ਬਾਣੀ ਦਾ ਕੀਰਤਨ ਜ਼ਰੂਰ ਹੁੰਦਾ ਹੈ । TV ਅਤੇ ਰੇਡੀਉ ਉਤੇ-- **" ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸ਼ਹਰ ਬਿਖੈ ਭਵ ਲਯੋ ॥** ਦਾ ਗਾਇਨ ਉਚੇਚੇ ਤੌਰ ਤੇ ਕੀਤਾ ਜਾਂਦਾ ਹੈ ।

(੩) ਬਚਿੱਤ੍ਰ ਨਾਟਕ ਸਾਹਿਬ ਜੀ ਦੀ ਕਥਾ ਦੇ ਅਧਾਰ ਤੇ ਹੀ ਸਿੱਖ ਸੰਗਤਾਂ ਨੇ, ਬੜੀਆਂ ਔਕੜਾਂ ਝੱਲ ਕੇ, ਬਰਫ਼ ਦੇ ਘਰ, (ਸ੍ਰੀ ) ਹੇਮ ਕੁੰਡ (ਸਾਹਿਬ) ਵਿਖੇ ਦਸ਼ਮੇਸ਼ ਜੀ ਦੀ ਯਾਦਗਾਰ ਵਿਚ ਮਹਾਨ ਤੀਰਥ ਸਿਰਜਿਆ ਹੈ । ਸ੍ਰੀ ਹੇਮ ਕੁੰਡ ਦੀ ਯਾਤ੍ਰਾ ਨੂੰ ਜਾਣਾ (ਬੜੇ ਥੋਹੜੇ ਪਰਵਾਰਾਂ ਨੂੰ ਛੱਡ ਕੇ) ਲਗ-ਪਗ ਸਾਰੇ ਸਿੱਖ ਜਗਤ ਲਈ (ਅਥਵਾ ਤੀਰਥ-ਯਾਤਰਾ ਨੂੰ ਕਲਿਆਣ ਕਾਰੀ ਮੰਨਣ ਦਾ ਖੰਡਨ ਕਰ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦੀ ਸਿੱਖੀ ਦਾ) ਧਰਮ ਬਣਦਾ ਜਾ ਰਿਹਾ ਹੈ । ਜ਼ਾਹਰ ਹੈ ਕਿ ਬਿਚਿਤ੍ਰ ਨਾਟਕ ਵਿਚਲਾ ਹਰ ਸ਼ਬਦ, ਬਹੁਤੇ ਗੁਰੂ ਕੇ ਸਿੱਖਾਂ ਲਈ, ਧੁਰ ਕੀ ਬਾਣੀ ਬਣ ਚੁੱਕਾ ਹੈ ।

ਉਪ੍ਰੋਕਤ ਤੱਥਾਂ ਦੇ ਕਾਰਨ ਜ਼ਰੂਰੀ ਬਣਦਾ ਹੈ ਕਿ, ਸ੍ਰਿਸ਼ਟੀ ਸਿਰਜਣਾ ਪ੍ਰਤੀ ਦਸਮ ਗੰਥ ਸਾਹਿਬ ਵਿਚ ਲਿਖੇ ਦੀ ਅਸਲੀਯਤ ਬਾਰੇ ਵਿਚਾਰ ਵੀ ਪਾਠਕਾਂ ਨਾਲ ਸਾਂਝੀ ਕਰ ਲਈ ਜਾਵੇ ।

## ਸ੍ਰੀ ਦਸਮ ਗ੍ਰੰਥ ਵਿਚੋਂ ਹਵਾਲੇ ਦੇ ਕੇ ਲਿਖਣਾ ਅਰੰਭ ਕਰਨ ਤੋਂ ਪਹਿਲਾਂ ਜ਼ਰੂਰੀ ਬੇਨਤੀ:--

ਜੇ ਸ੍ਰੀ ਦਸਮ ਗ੍ਰੰਥ ਵਿਚਲੇ ਸਭ ਕੁਝ ਦੇ ਲਿਖਾਰੀ, ਦਸਮ ਗੁਰੂ ਨਾਨਕ ਸ੍ਰੀ ਦਸ਼ਮੇਸ਼ ਜੀ ਹਨ ਤਾਂ, ਇਹ ਵਿਸ਼ਵਾਸ਼ ਹੋ ਜਾਣਾ ਕੁਦਰਤੀ ਗੱਲ ਹੈ ਕਿ, **ਉਨ੍ਹਾਂ ਦੇ ਆਪਣੇ ਕਰਕੰਵਲਾਂ ਦੁਆਰਾ ਲਿਖੀ** ਉਨ੍ਹਾਂ ਦੀ **ਆਪਣੀ ਕਥਾ** ਦਾ ਹਰ ਸ਼ਬਦ ਪੁਰਾਣਾ ਵਿਚਲੀਆਂ ਝੂਠ-ਕਹਾਣੀਆਂ ਦੇ ਪਰਭਾਵ ਤੋਂ ਨਿਰਲੇਪ, ਅਤੇ ਨਿਰੋਲ ਸੱਚ ਦਾ ਪ੍ਰਤੀਕ ਹੋਣ ਦੇ ਨਾਲ, (੧) ਇਤਿਹਾਸਕ ਕਸਵੱਟੀ ਤੇ, ਅਥਵਾ (੨) ਉਨ੍ਹਾਂ ਦੇ ਪਹਿਲੇ ਨੌਂ ਸਰੂਪਾਂ ਸਮੇਂ ਲਿਖੀ ਗਈ ਗੁਰੂ ਬਾਣੀ ਦੀ ਕਸਵੱਟੀ ਤੇ-- ਪੂਰਾ ਉਤਰਦਾ ਹੋਣਾ ਜ਼ਰੂਰੀ ਸ਼ਰਤ ਹੈ। ਦਸਵੇਂ ਗੁਰਦੇਵ ਜੀ ਦਾ ਕੋਈ ਇੱਕ ਵੀ ਬਚਨ, ਜਾਂ ਕੋਈ ਦਲੀਲ ਗੁਰਮਤਿ ਦੇ ਪ੍ਰਤਿਕੂਲ, ਹੋਣੀ ਅਸੰਭਵ ਮੰਨੀ ਜਾਣੀ ਸੁਭਾਵਕ ਹੈ। ਸੋ ਬਚਿੱਤ੍ਰ ਨਾਟਕ ਵਿਚਲੀ ਕੋਈ ਗੱਲ ਜੇ ਸਚਾਈ ਤੋਂ ਰਹਿਤ, ਅਤੇ ਗੁਰਮਤਿ ਦੀ ਖੰਡਨਾਂ ਵਾਲੀ ਹੋਵੇ ਤਾਂ, ਇਹ ਸਮਝਣ ਵਿਚ ਜ਼ਰਾ ਵੀ ਜਿਝਕ ਨਹੀਂ ਹੋਣੀ ਚਾਹੀਦੀ ਕਿ ਉਹ ਲਿਖਤ ਕਿਸੇ ਦੂਰ-ਦ੍ਰਿਸ਼ਟ ਅਤੇ ਖ਼ਤਰਨਾਕ ਹਦ ਤਾਈਂ ਪੰਥ-ਦੋਖੀ ਵਡੇ ਕੁਟਲ ਵਿਦਵਾਨ ਲਿਖਾਰੀ ਦੀ ਹੈ ? ਅੰਤਮ ਨਿਰਣਾ ਸੁਜਾਨ ਪਾਠਕਾਂ ਨੇ ਆਪ ਕਰਨਾ ਹੈ। ਦਾਸ ਦੀ ਜ਼ਿਮੇਵਾਰੀ ਕੇਵਲ ਏਨੀ ਹੈ ਕਿ, ਪੂਰੀ ਸੁਹਿਰਦਤਾ ਨਾਲ, ਉਸ ਵਿਸ਼ਾਲ (ਸ੍ਰੀ ਦਸਮ) ਗ੍ਰੰਥ ਵਿਚਲਾ ਸ੍ਰਿਸ਼ਟੀ ਸਿਰਜਣਾਂ ਦਾ ਸਿਧਾਂਤ ਜਿਉਂ ਦਾ ਤਿਉਂ ਪੇਸ਼ ਕਰ ਦਿਆਂ ਅਤੇ ਪਾਠਕਾਂ ਦੀ ਸਹੂਲਤ ਲਈ, ਲੋੜੀਂਦੀਆਂ ਥਾਵਾਂ ਤੇ ਗੁਰਮਤਿ ਦਾ ਸਿਧਾਂਤ ਵੀ ਲਿਖੀ ਜਾਵਾਂ। ਸ੍ਰਿਸ਼ਟੀ ਸਿਰਜਣਾ ਬਾਰੇ ਸ੍ਰੀ ਬਚਿਤ੍ਰ ਨਾਟਕ ਵਿਚੋਂ ਅਤੇ ਸ੍ਰੀ ਦਸਮ ਗ੍ਰੰਥ ਦੇ ਕੁਝ ਹੋਰ ਭਾਗਾਂ ਵਿਚੋਂ ਸੰਬੰਧਤ ਲਿਖਤਾਂ ਅਰਥਾਂ ਸਮੇਤ ਇਸ ਪ੍ਰਕਾਰ ਹਨ:---

**ਤੁਮਰੀ ਪ੍ਰੇਮ ਭਗਤਿ ਜਬ ਗਹਿਹੌ ॥ ਛੋਰ ਕਥਾ ਸਭਹੀ ਤਬ ਕਹਿਹੌ ॥**
**ਅਬ ਮੈ ਕਹੋ ਸੁ ਅਪਨੀ ਕਥਾ ॥ ਸੋਢੀ ਬੰਸ ਉਪਜਿਯਾ ਜਥਾ ॥ ੮ ॥**
**ਦੋਹਰਾ॥ ਪ੍ਰਿਥਮ ਕਥਾ ਸੰਛੇਪ ਤੇ ਕਹੋ ਸੁ ਹਿਤ ਚਿਤ ਲਾਇ ॥ ਬਹੁਰ ਬਡੋ ਬਿਸਥਾਰ ਕੈ ਕਹਿਹੋ ਸਭੋ ਸੁਨਾਇ ॥੯॥**

**ਅਰਥ**:--ਜਦੋਂ ਤੇਰੀ ਪ੍ਰੇਮਾ ਭਗਤੀ ਪ੍ਰਾਪਤ ਹੋਵੇਗੀ, ਤਦੋਂ ਹੀ ਸਾਰੀ ਕਥਾ (ਛੋਰ) ਮੁਢ ਤੋਂ ਕਹਾਗਾ । ਹੁਣ ਮੈਂ ਅਪਣੀ ਕਥਾ ਕਹਿੰਦਾ ਹਾਂ । ਜਿਸ ਤਰ੍ਹਾਂ (ਜਗਤ ਵਿਚ) ਸੋਢੀ ਬੰਸ ਪੈਦਾ ਹੋਇਆ ਹੈ । ੮ । ਚਿਤ ਦਾ ਹਿਤ ਲਾਕੇ ਪਹਿਲੀ ਕਥਾ (ਨੂੰ ਮੈਂ) ਸੰਖੇਪ ਨਾਲ (ਮੁਖ਼ਤਸਰ) ਕਹਿੰਦਾ ਹਾਂ। ਫ਼ੇਰ (ਇਸ ਕਥਾ ਨੂੰ) ਵਡੇ ਵਿਸਥਾਰ ਨਾਲ ਕਹਿਕੇ ਸਭ ਨੂੰ ਸੁਣਾਵਾਂਗਾ । ੯ । [**Note:--**ਦਸਮ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਕੇਵਲ ਉਹੀ ਲਿਖੇ ਹਨ ਜੋ ਪੰਡਿਤ ਨਰੈਣ ਸਿੰਘ ਗਯਾਨੀ ਵਿਦਿਆ ਮਾਰਤੰਡ ਜੀ ਨੇ ਲਿਖੇ ਹੋਏ ਹਨ]

ਇਨ੍ਹਾਂ ਉਪ੍ਰੋਕਤ ਬਚਨਾ ਤੋਂ ਸਿੱਧ ਹੈ ਕਿ ਹੁਣ ਅੱਗੇ ਸੋਢੀ ਬੰਸ ਦੇ ਪੈਦਾ ਹੋਣ ਦਾ ਕਾਰਨ ਦੱਸ ਕੇ ਲਿਖਾਰੀ ਜੀ " ਆਪਣੀ ਕਥਾ " ਲਿਖਣ ਲੱਗੇ ਹਨ [ **ਨੋਟ**:--ਕਿਉਂਕਿ ਬਚਿੱਤ੍ਰ ਨਾਟਕ ਵਿਚ ਕਿਸੇ ਵੀ ਲਿਖਾਰੀ ਦਾ ਨਾਮ ਜਾਂ ਉਪਨਾਮ ਨਹੀਂ ਮਿਲਦਾ ਇਸ ਕਾਰਨ ਮਜਬੂਰਨ ਸ਼ਬਦ " ਲਿਖਾਰੀ ਜੀ " ਲਿਖਣਾ ਪਿਆ ਹੈ ]।

ਚੌਪਈ ॥

ਪ੍ਰਿਥਮ **ਕਾਲ** ਜਬ ਕਰਾ ਪਸਾਰਾ ॥ **ਓਅੰਕਾਰ** ਤੇ ਸ੍ਰਿਸਟ ਉਪਾਰਾ ॥
" ਕਾਲ-ਸੈਣ " ਪ੍ਰਿਥਮੈ ਭਇਓ ਭੂਪਾ ॥ ਅਧਿਕ ਅਤੁਲ ਬਲਿ ਰੂਪ ਅਨੂਪਾ ॥ ੧੦॥

**ਅਰਥ**:--ਜਦੋਂ ਪਹਿਲਾਂ " ਕਾਲ ਜੀ " ਨੇ ਪਸਾਰਾ ਕੀਤਾ, (ਤਾਂ) ਮਾਯਾ ਵਸ਼ਿਸ਼ਟ ਚੇਤਨ (ਤ੍ਰਿਧਾ ਮੂਰਤਿ) ਪ੍ਰਗਟ ਹੋਇਆ ਉਸ ਤੋਂ ਸ੍ਰਿਸ਼ਟੀ ਪ੍ਰੈਦਾ ਹੋਈ ਹੈ । ਫਿਰ ਜਦ ਜੁਗ ਮਰਯਾਦਾ ਹੋਈ ਤਾਂ ਸਭ ਤੋਂ ਪਹਿਲਾਂ ਰਾਜਾ " ਕਾਲਸੈਣ " ਹੋਯਾ । ਜੋ ਵਡੇ ਰੂਪ ਵਾਲਾ, ਅਤੁਲ ਬਲ ਵਾਲਾ ਅਤੇ ਮਹਾਂ ਸੁੰਦਰ ਸੀ ॥ ੧੦ ॥ [ਭਾਈ ਰਣਧੀਰ ਸਿੰਘ ਜੀ ਨੇ--ਕਾਲ ਦੇ ਅਰਥ--ਵਾਹਿਗੁਰੂ, ਪਰਮੇਸ਼ਰ ਸ਼ਕਤੀ । ਓਅੰਕਾਰ ਦਾ ਅਰਥ--ਸਿਰਜਨਾਤਮਕ ਸ਼ਕਤੀ । ਕਾਲਸੈਣ ਭੂਪ ਦਾ ਅਰਥ **ਵਿਸ਼ਨੂੰ** ਲਿਖਿਆ ਹੈ]

ਕਾਲ ਕੇਤ ਦੂਸਰ ਭੂਅ ਭਇਓ ॥ ਕ੍ਰੂਰਬਰਸ ਤੀਸਰ ਜਗ ਠਯੋ ॥
ਕਾਲਧੁਜ ਚਤੁਰਥ ਨ੍ਰਿਪ ਸੋਹੈ ॥ ਜਿਹ ਤੇ ਭਇਓ ਜਗਤ ਸਭ ਕੋ ਹੈ ॥ ੧੧ ॥

**ਅਰਥ**:--(ਉਸ ਤੋਂ) ਦੂਜਾ (ਭੂਅ-) ਰਾਜਾ ਕਾਲਕੇਤ ਹੋਇਆ । ਜਗਤ ਵਿਚ ਤੀਜਾ (ਰਾਜਾ) 'ਕ੍ਰੂਰਬਰਸ' ਬਣਿਆ ਹੈ । ਕਾਲਧੁਜ ਚੌਥਾ ਰਾਜਾ ਸੋਭਦਾ ਸੀ । ਜਿਸ ਤੋਂ ਜਗਤ ਦਾ (ਬਹੁਤ ਕੁਝ) ਬਣਿਆਂ ਹੈ ॥ ੧ ॥ ਪੰਡਿਤ ਨਰੈਣ ਸਿੰਘ ਜੀ ਦੇ ਕੀਤੇ ਇਨ੍ਹਾਂ ਅਰਥਾਂ ਨੂੰ ਭਾਈ ਰਣਧੀਰ ਸਿੰਘ ਜੀ ਨੇ ਹੋਰ ਸਪੱਸ਼ਟ ਇਸ ਤਰ੍ਹਾਂ ਕੀਤਾ ਹੈ :--ਕਾਲਧੁਜ--ਪੁਰਖ ਤੇ ਪ੍ਰਕ੍ਰਿਤਿ (ਸ਼ਿਵ-ਸ਼ਕਤੀ) ਦਾ ਸਾਂਝਾ ਸਰੂਪ ਵੈਰਾਟ ਰੂਪ-ਜਿਸਨੂੰ " ਕਾਲਪੁਰਖ" ਤੇ ਮਹਾਂ ਵਿਸ਼ਨੂੰ ਤੇ ਹਿਰਣਯ ਗਰਭ ਭੀ ਕਹਿੰਦੇ ਹਨ । ]

ਸਹਸਰਾਛ ਜਾਕੇ ਸੁਭ ਸੋਹੈਂ ॥ ਸਹਸ ਪਾਦ ਜਾਕੈ ਤਨਿ ਮੋ ਹੈਂ ॥

ਸੇਖ ਨਾਗ ਪਰ ਸੋਇਬੋ ਕਰੈ ॥ ਜਗ ਤਹਿ ਸੇਖ ਸਾਇ ਉਚਰੈ ॥੧੨॥

**ਅਰਥ:**--ਜਿਸਦੇ (ਸਰੀਰ ਉਤੇ) ਹਜ਼ਾਰਾਂ ਅੱਖਾਂ ਸੋਹਣੀਆਂ ਸੋਭਦੀਆਂ ਹਨ । ਜਿਸ ਦੇ ਸਰੀਰ ਵਿਚ ਹਜ਼ਾਰਾਂ ਪੈਰ ਹਨ । ਜੋ ਸ਼ੇਸ਼ਨਾਗ ਉਤੇ ਸੈਣਾ ਕਰਦਾ ਹੈ । ਉਸ ਨੂੰ ਸਾਰਾ ਜਗਤ " ਸੇਖਸਾਈ " ਕਹਿੰਦਾ ਹੈ ॥ ੧੨ ॥ <u>ਭਾਈ ਰਣਧੀਰ ਸਿੰਘ</u>:--ਰਾਛ=ਹਜ਼ਾਰਾਂ ਅੱਖਾਂ । ਪਾਦ=ਹਜ਼ਾਰਾਂ ਪੈਰ (ਚਰਨ) । ਤਨਿ=ਸਰੀਰ ਵਿਚ, ਜਿਸਮ ਸੰਗ । ਸੋਇਬੋ=ਸਉਣਾ ਕਰਦਾ ਹੈ, ਸੌਂਦਾ-ਵਿਰਾਜਦਾ ਹੈ । ਜਗ=ਦੁਨੀਆਂ ਦੇ ਲੋਕ । ਸੇਖ=(ੳ) ਸੇਖ ਨਾਗ ਦਾ ਸਾਂਈ (ਮਾਲਕ) (ਅ) ਸ਼ੇਸ਼ ਨਾਗ ਉੱਤੇ ਸੌਣ ਵਾਲਾ । ੧੨ ]

ਏਕ ਸ੍ਰਵਣ ਤੇ ਮੈਲ ਨਿਕਾਰਾ ॥ ਤਾਤੇ ਮਧੁ ਕੀਟਭ ਤਨ ਧਾਰਾ ॥
ਦੁਤੀਯ ਕਾਨ ਤੇ ਮੈਲੁ ਨਿਕਾਰੀ ॥ ਤਾਤੇ ਭਈ ਸ੍ਰਿਸਟਿ ਇਹ ਸਾਰੀ ॥੧੩॥

**ਅਰਥ:**--(ਉਸ ਸੇਖ ਸਾਈ ਨੇ) ਇਕ ਕੰਨ ਤੋ ਮੈਲ ਕਢੀ । ਉਸ ਮੈਲ ਤੋਂ ਮਧੁ ਤੇ ਕੈਟਭ ਦੈਂਤਾਂ ਦਾ ਜਨਮ ਹੋਇਆ । ਦੂਜੇ ਕੰਨ ਵਿਚੋਂ ਮੈਲ ਕੱਢੀਉਸ ਤੋਂ ਇਹ ਸਾਰੀ ਸ੍ਰਿਸ਼ਟੀ ਹੋਈ ॥ ੧੩ ॥

**ਤਿਨ ਕੋ ਕਾਲ ਬਹੁਰ ਬਧ ਕਰਾ ॥ ਤਿਨ ਕੋ ਮੇਦ ਸਮੁੰਦ ਮੋ ਪਰਾ ॥**
**ਚਿਕਨਤਾਸ ਜਲ ਪਰ ਤਿਰ ਰਹੀ ॥ ਮੇਧਾ ਨਾਮ, ਤਬਹਿ ਤੋ ਕਹੀ ॥ ੧੪ ॥**

**ਅਰਥ:**--ਫਿਰ " ਕਾਲ " ਨੇ ਉਨ੍ਹਾਂ ਦਾ ਨਾਸ ਕੀਤਾ । ਉਨ੍ਹਾਂ ਦੀ ਮੇਦ ਚਰਬੀ ਸਮੁੰਦਰ ਵਿਚ ਪੈ ਗਈ । ਉਸ ਚਿਕਨਤਾ (ਥਿੰਧਿਆਈ) ਸਮੁੰਦਰ ਉਪਰ ਤਰਦੀ ਰਹੀ । ਤਦ ਤੋ ਹੀ ਧਰਤੀ ਦਾ) ਨਾਮ " ਮੇਧਾ " ਕਹੀਦਾ ਹੈ, (ਅਰਥਾਤ ਉਨ੍ਹਾਂ ਦੀ ਚਰਬੀ ਜੋ ਪਾਣੀ ਉਪਰ ਤਰਦੀ ਰਹੀ ਓਹੀ ਧਰਤੀ ਬਣ ਗਈ) ।

ਮਹਾਨ ਕੋਸ਼ ਦੇ ੨੨੭ ਸਫ਼ੇ ਤੇ ਸੇਸ਼ ਨਾਗ ਅਥਵਾ ਸੇਖਨਾਗ ਬਾਰੇ ਇਉਂ ਲਿਖਿਆ ਹੋਇਆ ਹੈ:--

> " ਨਾਗ ਵੰਸ਼ ਅਤੇ ਪਾਤਾਲ ਦਾ ਰਾਜਾ । ਪੁਰਾਣਾਂ ਵਿੱਚ ਕਥਾ ਹੈ ਕਿ ਇਸ (ਨਾਗ) ਦੇ ੧੦੦੦ (ਹਜ਼ਾਰ) ਸਿਰ ਹਨ ਜੋ ਵਿਸ਼ਨੂੰ ਭਗਵਾਨ ਉਤੇ ਛਾਇਆ ਕਰਦੇ ਹਨ । ਕਈ ਕਹਿੰਦੇ ਹਨ ਕਿ ਸੱਤ ਪਾਤਾਲ ਇਸ ਨਾਗ ਦੇ ਸਿਰ ਤੇ ਹਨ । ਵਿਸ਼ਨੂੰ ਪੁਰਾਣ ਲਿਖਦਾ ਹੈ ਕਿ ਜਦ ਕਦੀ ਏਹ ਉਬਾਸੀ ਲੈਂਦਾ ਹੈ ਤਾਂ ਭੂਚਾਲ ਆ ਜਾਂਦਾ ਹੈ । ਹਰ ਇੱਕ ਕਲਪ ੪੩੨੦੦੦੦੦੦੦(ਚਾਰ ਅਰਬ ੩੨ ਕਰੋੜ " ਵਰ੍ਹਿਆਂ) ਦੇ ਅੰਤ ਵਿਚ ਇਹ ਨਾਗ ਆਪਣੇ ਮੂੰਹ ਵਿਚੋਂ ਅਗਨਿ ਕਢਦਾ ਹੈ, ਜਿਸ ਨਾਲ ਸਾਰੇ ਲੋਕ ਭਸਮ ਹੋ ਜਾਂਦੇ ਹਨ । ਇਸ ਦਾ ਰੂਪ ਇਉਂ ਦੱਸਿਆ ਹੈ--" ਊਦਾ ਰੰਗ, ਗਲ ਵਿਚ ਚਿੱਟੀ ਮਾਲਾ, ਇੱਕ ਹੱਥ ਵਿਚ ਹਲ ਤੇ ਦੂਜੇ ਵਿਚ ਚੱਟੂ " (ਚੱਠੂ-?) । ਇਸ ਨੂੰ ਅਨੰਤ ਵੀ ਆਖਦੇ ਹਨ । ਇਸ ਦੀ ਇਸਤ੍ਰੀ ਦਾ ਨਾਉਂ " ਅਨੰਤ ਸ਼ੀਸ਼ਾ " ਹੈ । ਕਈ ਇਸ ਨੂੰ ਹੀ ਵਾਸੁਕਿ ਮੰਨਦੇ ਹਨ, ਪਰ ਕਈ ਉਸ ਤੋਂ ਵੱਖਰਾ ਸਮਝਦੇ ਹਨ । ਪੁਰਾਣਾਂ ਵਿਚ ਇਸ ਨੂੰ **ਕਸ਼ਯਪ** ਤੇ **ਕਦ੍ਰੂ** ਦਾ ਪੁਤ੍ਰ ਕਰਕੇ ਮੰਨਿਆ ਹੈ ਅਤੇ ਬਲਰਾਮ (ਕ੍ਰਿਸ਼ਨ ਦੇ ਭਾਈ) ਨੂੰ ਇਸ ਦਾ ਅਵਤਾਰ ਦੱਸਿਆ ਹੈ । ਇਸ ਦੀ ਕੁੰਜ ਨੂੰ ਮਣਿਦ੍ਵੀਪ ਅਤੇ ਇਸ ਦੇ ਘਰ ਨੂੰ ਬਣਿਬਿੱਤ ਜਾਂ ਮਣਿਮੰਡਪ ਆਖਦੇ ਹਨ "

## ਧਿਆਨ ਦੇਣ ਗੋਚਰੀਆਂ ਗੱਲਾਂ--

੧) ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਥਾਂ ਵੀ ਵਾਹਿਗੁਰੂ ਜੀ ਨੂੰ " ਕਾਲ " ਜਾਂ " ਕਾਲ ਪੁਰਖ " ਨਹੀਂ ਲਿਖਿਆ । ਗੁਰਬਾਣੀ ਵਿਚ **ਕਾਲ** ਮੌਤ ਲਈ ਅਤੇ ਜਾਂ ਇਹ (ਕਾਲ) ਸ਼ਬਦ ਕੇਵਲ ਸਮੇਂ ਲਈ ਹੀ ਆਇਆ ਹੈ । ਮੂਲ ਮੰਤ੍ਰ ਤੋਂ ਅਰੰਭ ਹੋ ਕੇ ਸਾਰੀ ਗੁਰੂ ਬਾਣੀ ਵਿਚ ਪਰਮਾਤਮਾ ਨੂੰ **ਕਾਲ** ਨਹੀਂ ਸਗੋਂ **ਅਕਾਲ**-ਪੁਰਖ ਲਿਖਿਆ ਮਿਲਦਾ ਹੈ। ਪੁਰਾਣਾ ਵਿਚ ਕਾਲ ਪਦ, ਸਿਵ ਜੀ ਲਈ ਅਥਵਾ ਉਨ੍ਹਾਂ ਦੀਆਂ ਹੋਰ ਕਈ ਕਥਿਤ ਸ਼ਕਤੀਆਂ ਲਈ ਵਰਤਿਆਂ ਹੋਇਆ ਹੈ ।

੨) ਸ੍ਰਿਸ਼ਟੀ ਵਿਚ ਜੀਵ ਜੰਤਾਂ ਤੋਂ ਪਹਿਲਾਂ " ਕਿਸੇ ਰਾਜੇ ਕਾਲ ਸੈਣ ਦਾ ਪੈਦਾ ਹੋਣਾ ਬੜੀ ਅਚੰਭੇ ਵਾਲੀ ਬੇਦਲੀਲੀ ਗੱਲ ਹੈ। ਜਦ ਰਾਜੇ ਨੂੰ ਸਲਾਮ ਕਰਨ ਵਾਲਾ ਕੋਈ ਹੋਰ ਜੀਵ ਅਜੇ ਪੈਦਾ ਹੀ ਨਹੀਂ ਸੀ ਹੋਇਆ ਤਾਂ " ਕਾਲ ਸੈਣ ਨਾਮੀ ਰਾਜੇ ਦੇ ਪੈਦਾ ਹੋਣ ਦਾ ਅਰਥ ਕੀ ਬਣਿਆਂ ? ਕਲ-ਮ-ਕੱਲਾ ਰਾਜਾ ਕੀ ਆਪਣੇ ਉਤੇ ਹੀ ਰਾਜ ਕਰਦਾ ਸੀ ? ਆਪਣੇ ਆਪ ਹੀ ਇਹ ਮਿਥ ਲੈਣਾ ਕਿ ਬਾਕੀ ਜੀਵ ਜੰਤ ਵੀ ਸ੍ਰਿਸ਼ਟੀ ਦੇ ਨਾਲ ਹੀ ਪੈਦਾ ਹੋ ਗਏ ਹੋਣੇ ਹਨ, ਗ੍ਰੰਥ ਦੇ ਕਰਤਾ ਦੀ ਭੁੱਲ ਸੁਧਾਰਨ ਦਾ ਦੋਸ਼ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦਸ਼ਮੇਸ਼ ਜੀ ਨੇ ਆਪਣੇ ਪ੍ਰਥਮ ਸਰੂਪ ਸਮੇ ਕੇਵਲ ਇਕ ਤੁਕ---**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥** ਵਿਚ ਹੀ ਜੀਵਾਂ ਦੇ ਪੈਦਾ ਹੋਣ ਦਾ ਸਿਧਾਂਤ ਵੀ ਨਾਲ ਹੀ ਲਿਖ ਦਿੱਤਾ ਸੀ । ਅਤੇ ਫਿਰ ਆਪਣੇ ਪੰਜਵੇਂ ਸਰੂਪ ਸਮੇਂ ਦਸਮ ਗੁਰੂ ਨਾਨਕ ਸ੍ਰੀ ਦਸ਼ਮੇਸ਼ ਜੀ ਨੇ, ਸ੍ਰਿਸ਼ਟੀ ਸਿਰਜਣਾ ਬਾਰੇ ਇਉ ਵੀ ਫ਼ੁਰਮਾਨ ਕੀਤਾ :----

੧- **ਓਅੰਕਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥**
**ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥**[੧੦੦੩]-੧-੧੭

ਜਿਨ੍ਹਾਂ ਸੁਹਿਰਦ ਗੁਰਮੁਖਾਂ ਦੇ ਹਿਰਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੀ ਸੱਚੀ ਕਦਰ ਅਤੇ ਪੂਰਾ ਸਤਿਕਾਰ ਹੈ ਉਨ੍ਹਾਂ ਦੇ ਹਿਰਦੇ ਜ਼ਰੂਰ ਚਿੰਤਾਤੁਰ ਹੋਣਗੇ ਕਿ ਦਸਮ ਗੁਰੂ ਨਾਨਕ ਜੀ ਨੇ " ਆਪਣੀ ਕਥਾ " ਲਿਖਣ ਲੱਗਿਆਂ ਆਪਣੇ ਪਹਿਲੇ ਨੌਂ ਸਰੂਪਾਂ ਵਾਲੀ ਬੋਲੀ ਤਿਆਗ ਕੇ ਬਿੱਪ੍ਰ ਦੇ ਲਿਖੇ ਪੁਰਾਣਾ ਵਾਲੀ ਬੋਲੀ ਕਿਸ ਕਾਰਨ ਅਪਣਾ ਲੈਣੀ ਸੀ ? ਕੀ, ਅਸੀਂ ਜਿਹੜੇ ਇਹ ਫ਼ੁਰਮਾਨ ਵੀ ਦਸ਼ਮੇਸ਼ ਜੀ ਦਾ ਹੀ ਮੰਨ ਰਹੇ ਹਾਂ-" ਜਬ ਇਹ ਗਹੇ ਬਿੱਪ੍ਰਨ ਕੀ ਰੀਤ । ਮੈਂ ਨਾ ਕਰੋਂ ਇਨ ਕੀ ਪਰਤੀਤਿ"--ਉਪ੍ਰੋਕਤ ਬ੍ਰਾਹਮਣੀ ਭਾਸ਼ਾ ਦਸ਼ਮੇਸ਼ ਜੀ ਦੀ ਮੰਨਣੀ ਕਿਵੇਂ ਝੱਲ ਸਕਦੇ ਹਾਂ ?

੩) ਕਾਲਸੈਣ ਤੋ ਪਿਛੋਂ ਵੀ ਫਿਰ ਦੂਜਾ--ਕਾਲ ਕੇਤ, ਤੀਸਰਾ--ਕ੍ਰੂਰ ਬਰਸ, ਅਤੇ ਫਿਰ ਚੌਥਾ ਕਾਲਜੁਧ ਵੀ ਰਾਜੇ ਹੀ ਪੈਦਾ ਹੋਣੇ ਲਿਖੇ ਹਨ। ਹੈਰਾਨੀ ਹੈ ਕਿ ਫਿਰ ਬਾਕੀ ਜਗਤ ਪਸਾਰਾ ਵੀ ਉਨ੍ਹਾਂ ਹੀ ਰਾਜਿਆਂ ਤੋਂ ਹੋਣਾ ਲਿਖਿਆ ਹੈ ।

[ਸੰਪਰਦਾਈ ਡੇਰੇ ਦਾਰਾਂ ਨੇ ਬਿੱਪ੍ਰ ਦੀ ਵਫ਼ਾਦਾਰੀ ਨਿਭਾਉਂਦਿਆਂ ਪਤਾ ਨਹੀਂ ਕਿਸ ਤਰ੍ਹਾਂ ਇਹ ਮਿਥ ਲਿਆ ਕਿ ਪਹਿਲਾ ਰਾਜਾ ਅਸਲ ਵਿਚ ਵਿਸ਼ਨੂੰ ਜੀ ਸੀ, ਉਸ ਦੀ ਧੁੰਨੀ ਵਿਚੋਂ ਕਾਲਕੇਤ ਭਾਵ, ਬ੍ਰਹਮਾ ਪੈਦਾ ਹੋਇਆ ਸੀ, ਤੀਜਾ ਰਾਜਾ ਸ਼ਿਵ ਜੀ ਸੀ ਅਤੇ ਚੌਥਾ ਰਾਜਾ ਪ੍ਰਜਾਪਤੀ ਸੀ ? ਅਖੇ ਇਸ ਪ੍ਰਜਾਪਤਿ ਦੀਆਂ ਹਜ਼ਾਰਾਂ ਹੀ ਲੜਕੀਆਂ ਪੈਦਾ ਹੋਈਆਂ ਸਨ ਜਿਨ੍ਹਾਂ ਤੋਂ ਜਗਤ

ਪੈਦਾ ਹੋਇਆ ਸੀ । ਜਿਨ੍ਹਾਂ ਪਾਠਕਾਂ ਨੇ ਦੇਵੀ ਦੇਵਤਿਆਂ ਆਦਿ ਸੀ ਅਸਲੀਅਤ ਬਾਰੇ ਗੁਰਮਤਿ ਦਾ ਸਿਧਾਂਤ ਪੁਸਤਕ ਦੇ ਪਹਿਲੇ ਭਾਗ ਵਿਚ ਧਿਆਨ ਨਾਲ ਪੜ੍ਹਿਆ ਹੈ ਉਹ ਅਜੇਹੀ ਗੁਰਮਤਿ ਵਿਰੋਧੀ ਗੱਲ ਦਸ਼ਮੇਸ਼ ਜੀ ਦੀ ਲਿਖਤ ਕਦੇ ਨਹੀਂ ਮੰਨ ਸਕਦੇ]

(੪) ੧੨ਵੀ ਅਤੇ ੧੩ਵੀਂ ਚੌਪਈ ਵਿਚ ਸਿਰਜਣਾ ਦੀ ਇਸ ਪਹਿਲੀ ਕਹਾਣੀ ਨੂੰ ਆਪ ਹੀ ਰੱਦ ਕਰ ਦਿੱਤਾ ਹੈ । ਪੁਰਾਣਾ ਵਿਚ ਤਾਂ ਵਿਸ਼ਨੂੰ ਜੀ ਦੀ ਕੰਨਾ ਦੀ ਮੈਲ ਤੋਂ ਪਹਿਲਾਂ ਦੈਂਤ ਪੈਦਾ ਹੋਏ ਲਿਖੇ ਹਨ ਪਰ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜੀ ਜਾ ਰਹੀ ਇਸ ਬਾਣੀ ਵਿਚ " ਸ਼ੇਸ਼ ਨਾਗ " ਦੇ ਕੰਨ ਦੀ ਮੈਲ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਣ ਦੀ ਨਵੀਂ ਕਹਾਣੀ ਲਿਖ ਦਿੱਤੀ ਹੈ ।

੫) ਗੁਰੂ ਨਾਨਕ ਸਾਹਿਬ ਜੀ ਦੇ ਪਹਿਲੇ ਨੌਂ ਸਰੂਪਾਂ ਵਿਚੋਂ ਕਿਸੇ ਨੇ ਵੀ ਬਾਸ਼ਕ ਨਾਗ ਦੇ ਬਿਸਤਰੇ ਉੱਤੇ ਸੌਣ ਵਾਲੇ ਵਿਸ਼ਨੂੰ ਨੂੰ ਰੱਬ ਨਹੀਂ ਮੰਨਿਆਂ । ਗੁਰਮਤ ਨੇ, ਅਕਾਲਪੁਰਖ ਨੂੰ ਆਰਾਮ ਕਰਨ ਵਾਲਾ ਜਾਂ ਕਦੇ ਸੌਂ ਜਾਣ ਵਾਲੇ ਰੂਪ ਵਿਚ ਕਿਤੇ ਨਹੀਂ ਚਿਤਵਿਆ । ਸਗੋਂ ਗੁਰਮਤਿ ਦਾ ਪਰਮੇਸ਼ਰ ਸਦਾ ਸੁਚੇਤ ਹੈ, ਅਤੇ ਸਦਾ ਜਾਗਦਾ ਹੈ--**ਸਤਿਗੁਰੁ ਜਾਗਤਾ ਹੈ ਦੇਉ ॥** [੪੭੯]

੬) ਸ਼ੇਸ਼ਨਾਗ ਜਾਂ ਸ਼ੇਖ਼ ਸਾਈਂ, ਭਾਵ ਹਜ਼ਾਰਾਂ ਫੰਨ੍ਹਾ ਵਾਲੇ ਨਾਗ, (ਪਸ਼ੂ) ਦੀ ਪੂਜਾ ਲਈ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ । ਗੁਰਮਤਿ ਕੇਵਲ ਇੱਕ ਅਕਾਲ ਦੀ ਸ਼ਕਤੀ ਨੂੰ ਹੀ ਮੰਨਦੀ ਹੈ । ਬਚਿਤ੍ਰ ਨਾਟਕ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੀ ਅਟੱਲਤਾ ਨੂੰ ਚੋਟ ਪੁਚਾਉਣ ਦੇ ਨਾਲ ਬ੍ਾਹਮਣੀ ਗ੍ਰੰਥਾਂ ਵਾਲੀ ਕਹਾਣੀ ਨੂੰ ਨਵਾਂ ਅਤੇ ਹੋਰ ਵੀ ਵੱਧ ਸਵੈ ਵਿਰੋਧੀ ਮੋੜ ਦੇ ਦਿੱਤਾ ਹੈ । ਦਸ਼ਮੇਸ਼ ਜੀ ਦੀ ਕਥਿਤ ਜੀਵਨ-ਕਥਾ ਵਾਲੇ ਇਸ ਬਿਚਿੱਤ੍ਰ ਨਾਟਕ ਜੀ ਦੀ ਬਾਣੀ ਦਾ ਬੜਾ ਬਚਿਤ੍ਰ ਕਮਾਲ ਇਹ ਹੈ, ਕਿ, ਅੱਗੇ ਜਾ ਕੇ ਸਿਰਜਣਾ ਦੀ ਇਸ ਗੱਲ ਨੂੰ ਵੀ ਆਪ ਹੀ ਖੰਡਨ ਕਰ ਦਿੱਤਾ ਹੋਇਆ ਹੈ । ਆਪਣੀ ਹੀ ਲਿਖੀ ਗੱਲ ਤੇ ਆਪ ਹੀ ਪਾਣੀ ਫੇਰ ਦੇਣਾ, ਨਿਰੋਲ ਬ੍ਾਹਮਣੀ ਲਿਖਣ-ਢੰਗ ਹੈ । ਏਥੇ ਸ੍ਰਿਸ਼ਟੀ ਸਿਰਜਣਾ ਦੀ ਗੱਲ ਹੋਰ ਵੀ ਵੱਧ ਭਰੋਸੇਜੋਗ ਬਨਾਉਣ ਲਈ ਇਸ ਗਾਥਾ ਨੂੰ ਆਪਣੇ ਹੀ ਮੁਖਾਰਬਿੰਦ ਵਿਚੋਂ ਬਿਆਨ ਕਰਦੇ " **ਨਿਰਅਕਾਰ** ? ਅਕਾਲਪੁਰਖ ਜੀ " ਨੂੰ ਹੀ ਦਰਸਾਇਆ ਹੋਇਆ ਹੈ :--

## ਅਕਾਲ ਪੁਰਖ ਬਾਚ ਇਸ ਕੀਟ ਪ੍ਰਤੀ ।

ਜਬ ਪਹਿਲੇ ਹਮ ਸ੍ਰਿਸਟ ਬਨਾਈ । ਦੱਈਤ[੧] ਰਚੇ ਦੁਸਟ ਦੁਖ ਦਾਈ । ੧--ਦੈਂਤ । ੨--ਬਹੂ ਬਲ,ਸਰੀਰਕ ਸ਼ਕਤੀ ।
ਤੇ ਭੁਜ ਬਲ[੨] ਬਵਰੇ[੩] ਹ੍ਵੈ ਗਏ । ਪੂਜਤ ਕਰਮ ਪੁਰਖ ਰਹਿ ਗਏ ।੬। ੩--ਕਮਲੇ, ਬੇ-ਅਕਲ । ੪--ਕ੍ਰੋਧ ਵਾਨ ਹੋ ਕੇ ।
ਤੇ ਹਮ ਤਮਕਿ[੪] ਤਨਿਕ[੫] ਮੋ ਖਾਪੇ[੬] । ਤਿਨ ਕੀ ਠਉਰ ਦੇਵਤੇ ਥਾਪੇ । ੫--ਝੱਟ ਪੱਟ, ਥੁਹੜੇ ਸਮੇ ਵਿਚ ਹੀ ।
ਤੇ ਭੀ ਬਲ ਪੂਜਾ ਉਰਝਾਏ । ਆਪਨ ਹੀ ਪਰਮੇਸੁਰ ਕਹਾਏ ।੭। ੬--ਖਪਾ ਦਿਤੇ ।
ਮਹਾਦੇਵ[੭] ਅਚੁਤ[੮] ਕਹਵਾਯੋ । ਬਿਸਨ ਆਪ ਹੀ ਕੋ ਠਹਰਾਯੋ । ੭--ਸ਼ਿਵਜੀ । ੮--ਅਡਿੱਗ, ਅਮਰ
ਬ੍ਰਹਮਾ ਆ ਪਾਰਬ੍ਰਹਮ ਬਖਾਨਾ । ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ।੮। . . . . . .

(ਨੋਟ--**ਅਕਾਲ ਪਰੁਖ ਬਾਚ**--ਸਿਰਲੇਖ ਸਾਬਤ ਕਰਦਾ ਹੈ ਕਿ ਇਹ ਅਗਲੀ ਗੱਲ ਵੀ ਪਰਮਾਤਮਾ ਆਪ ਹੀ ਕਰ ਰਿਹਾ ਹੈ )

ਅਰਥ:-ਜਦੋਂ ਮੈਂ ਸ੍ਰਿਸ਼ਟੀ ਬਣਾਈ ਤਾਂ ਪਹਿਲਾਂ ਮੈ ਬੜੇ ਦੁਖਦਾਈ ਦੈਂਤ ਰਚੇ (ਭਾਵ, ਦੈਤ ਰਚਨ ਦੀ ਭੁਲ ਕਰ ਬੈਠਾ) ਉਹ ਤਾਂ ਆਪਣੇ ਹੀ ਬਾਹੂ-ਬਲ ਦੇ ਹੰਕਾਰ ਦੇ ਕਾਰਨ ਪਾਗ਼ਲ ਹੋ ਗਏ । ਮੈਨੂੰ (ਪ੍ਰਭੂ ਨੂੰ) ਪੂਜਣਾ ਹੀ ਭੁੱਲ ਗਏ । ਉਨ੍ਹਾਂ ਦੀ ਇਸ ਮੂਰਖਤਾਈ ਤੇ ਮੈਨੂੰ (ਪ੍ਰਭੂ ਨੂੰ) ਕ੍ਰੋਧ ਆ ਗਿਆ ਤੇ ਮੈ ਉਨ੍ਹਾਂ ਸਾਰਿਆਂ ਨੂੰ ਝੱਟ ਹੀ ਮਾਰ ਖਪਾਇਆ । ਉਨ੍ਹਾਂ ਦੀ ਥਾਂ ਫਿਰ ਮੈਂ ਦੇਵਤੇ ਬਣਾਏ । ਉਹ ਵੀ ਸ਼ਕਤੀਆਂ ਦੀ ਪੂਜਾ ਵਿਚ ਰੁਝ ਗਏ । ਆਪਣੇ ਆਪ ਨੂੰ ਹੀ ਪਰਮੇਸ਼ਰ ਕਹਾਉਣ ਲੱਗ ਪਏ । ਸ਼ਿਵ ਆਪਣੇ ਆਪ ਨੂੰ ਹੀ ਅਮਰ ਅਤੇ ਅਜਿਤ ਅਖਵਾਉਣ ਲੱਗ ਪਿਆ । ਵਿਸ਼ਨੂੰ ਬਣਾਇਆ ਤਾਂ ਉਹ ਆਪ ਹੀ ਕਰਤਾ ਧਰਤਾ ਅਤੇ ਸਭ ਕੁਝ ਆਪ ਹੀ ਬਣ ਬੈਠਾ । ਜੇ ਮੈਂ ਬ੍ਰਹਮਾ ਭੇਜਿਆ ਤਾਂ ਉਹ ਵੀ ਆਪ ਹੀ ਪਾਰਬ੍ਰਹਮ ਪਰਮਾਤਮਾ ਬਣ ਬੈਠਾ । ਪ੍ਰਭੂ ਨੂੰ ਪ੍ਰਭੂ ਕਿਸੇ ਨਾ ਪਛਾਣਿਆ । . . . . . . . . .

ਅਰੰਭ ਵਿਚ ਲਿਖੀ ਉਪ੍ਰੋਕਤ (੧੦ਵੀਂ ਚੌਪਈ ਵਾਲਾ) ਸਭ ਤੋਂ ਪਹਿਲਾਂ ਪੈਦਾ ਹੋਇਆ ਬੜਾ ਸੁੰਦਰ ਅਤੇ ਬਲਵਾਨ ਰਾਜਾ " ਕਾਲ ਸੈਣ " ਕਿੱਧਰ ਗਿਆ ? ਅਤੇ ਫਿਰ ਸੇਖ ਸਾਈਂ ਦੇ ਕੰਨ ਦੇ ਮੈਲ ਤੋਂ ਬਣੀ ਸ੍ਰਿਸ਼ਟੀ (ਅਤੇ ਕੈਟਭ ਦੇ ਮਧੇ ਤੋਂ ਬਣੀ ਮੇਧਨੀ) ਦਾ ਕੀ ਹੋਇਆ ? ਏਥੇ ਅਕਾਲਪੁਰਖ ਜੀ ਦੇ ਕਥਨ ਦੇ ਹੇਠ ਲਿਖੇ ਦੋ ਭਾਗ ਬੜੇ ਸਪੱਸ਼ਟ ਹਨ:----

(੧) ਅਭੁੱਲ ਅਕਾਲਪੁਰਖ ਜੀ ਪਹਿਲਾਂ ਅਜੇਹੇ ਦੈਂਤ ਪੈਦਾ ਕਰ ਬੈਠੇ ਕਿ ਉਹ ਆਪਣੀਆਂ ਬਾਹਾਂ ਦੀ ਤਾਕਤ ਦੇ ਨਸ਼ੇ ਵਿਚ ਆਪਣੀ ਹੀ ਪੂਜਾ ਕਰਾਉਣ ਲੱਗੇ ਪਏ ਸਨ ।

(੨) (ਉਨ੍ਹਾਂ ਦੈਂਤਾਂ ਦੀ ਇਸ ਕਰਤੂਤ ਤੇ ਕਿ ਉਹ ਪਰਮਾਤਮਾ ਦੀ ਪੂਜਾ ਦੇ ਥਾਂ ਆਪਣੀ ਪੂਜਾ ਕਰਵਾਉਣ ਲੱਗ ਪਏ ਸਨ) ਅਕਾਲਪੁਰਖ ਜੀ ਨੂੰ ਬੜਾ ਕ੍ਰੋਧ ਆਇਆ ਅਤੇ ਉਨ੍ਹਾਂ ਨੇ ਇੱਕ ਛਿਨ ਵਿਚ ਸਾਰੇ ਦੈਂਤ ਮਾਰ ਖਪਾਏ ।

ਪਰ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਉਸੇ ਹੀ ਲਿਖਾਰੀ ਜੀ ਨੇ, **ਸੈਖ-ਸਾਈ** ਦੇ ਕੰਨਾ ਵਿਚੋਂ ਦੈਤਾਂ ਦੇ ਨਿਕਲਣ ਵਾਲੀ ਅਤੇ ਅਕਾਲਪੁਰਖ ਜੀ ਦੇ ਮੂਹੋਂ ਅਖਵਾਈ ਇਸ ਗੱਲ ਨੂੰ ਵੀ ਆਪ ਹੀ ਕੱਟ ਦਿੱਤਾ ਹੈ । ਅੱਗੇ ਜਾ ਕੇ ਏਸੇ ਗ੍ਰੰਥ ਸਾਹਿਬ ਜੀ ਦੇ **ਬਿਸਨੁ ਅਵਤਾਰ** ਵਿਚ ਇਉਂ ਲਿਖਿਆ ਹੋਇਆ ਹੈ--

ਸ੍ਰਵਣ ਮੈਲ ਤੇ ਅਸੁਰ ਪ੍ਰੈਕਾਸ਼ਤ । ਚੰਦ ਸੂਰ ਜਨੁ ਦੁਤੀਯ ਪ੍ਰਭਾਸਤ ।
ਮਾਯਾ ਤਜਤ ਬਿਸਨੁ ਕਹੁ ਤਬ ਹੀ । ਕਰਤ ਉਪਾਧਿ ਅਸੁਰ ਮਿਲਿ ਜਬ ਹੀ । ੫ ।
ਤਿਨ ਸੌਂ ਕਰਤ ਬਿਸਨੁ ਘਮਸਾਨਾ । ਬਰਖ ਹਜ਼ਾਰ ਪੰਚ ਪਰਮਾਨਾ ।
**ਕਾਲਪੁਰਖ** ਜਬ ਹੋਤ ਸਹਾਈ । ਦੁਹੂੰਅਨਿ ਹਨਤ ਕ੍ਰੋਧ ਉਪਜਾਈ । ੬ ।

**ਪਦ ਅਰਥ:**--ਸ੍ਰਵਣ ਮੈਲ=ਕੰਨ ਦੀ ਮੈਲ । ਪ੍ਰਕਾਸ਼ਤ=ਪ੍ਰਗਟ ਕਰਦਾ, ਬਣਾਉਂਦਾ ਹੈ । ਪ੍ਰਭਾਵਸਤ=ਚਮਕਾਂ ਮਾਰਦੇ ਸਨ (ਦੈਂਤ ਚੰਦ ਸੂਰਜ ਵਾਂਗ ਚਮਕਦੇ ਸਨ) । ਮਾਯਾ=ਜੋਗ ਤੰਤ੍ਰ, ਉਂਘਲਾਹਟ ਰੂਪ ਭਵਾਨੀ, ਨੀਂਦ ਦੇਵੀ । ਉਪਾਧਿ=ਉਪਾਧੀ, ਖ਼ਰੂਦ, ਸ਼ਰਾਰਤ । ਘਮਸਾਨਾ=ਘੋਰ ਸੰਗ੍ਰਾਮ, ਭਾਰਾ ਜੰਗ । ਹਜ਼ਾਰ ਪੰਚ ਪਰਮਾਨਾ=ਪੰਜ ਹਜ਼ਾਰ ਵਰ੍ਹੇ ਤੱਕ ।

ਪਿੱਛੇ ਜਿਹੜੇ ਦੈਂਤ ਬ੍ਰਹਮਾਂ ਦੇ ਸਰੀਰ ਵਿਚੋਂ ਜੰਮੇ ਵਿਖਾਏ ਸਨ ਹੁਣ ਉਹੀ ਦੈਂਤ ਵਿਸ਼ਨੂੰ ਜੀ ਦੇ ਕੰਨਾ ਦੀ ਮੈਲ ਵਿਚੋਂ ਪ੍ਰਗਟ ਹੋਏ ਦਰਸਾ ਦਿੱਤੇ ਹਨ । ਸੱਚੀ ਗੱਲ ਕਿਹੜੀ ਹੈ ? ਕਿੰਤੂਆਂ ਪ੍ਰੰਤੂਆਂ ਨਾਲ ਨਕਾ-ਨੱਕ ਭਰੇ ਹੋਏ ਇਸ ਮਿਥਿਹਾਸਕ ਗੋਰਖ-ਧੰਦੇ ਦਾ ਭਰੋਸੇ ਜੋਗ ਅਤੇ ਸਰਬ ਪ੍ਰਵਾਨਤ ਸਿੱਟਾ ਕੀ ਕਢਿਆ ਜਾਵੇ ?

ਆਉ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋਈਏ । ਸ੍ਰਿਸ਼ਟੀ ਸਿਰਜਣਾ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨਾਂ ਦੀ ਵਿਚਾਰ ਕਰਨ ਉਪਰੰਤ, ਸੂਝਵਾਨ ਪਾਠਕ ਇਹ ਨਿਰਣਾ ਕਰਨ ਦੀ ਖੇਚਲ ਕਰ ਲੈਣ, ਕਿ, ਕੀ ਬਚਿਤ੍ਰ ਨਾਟਕ ਵਿਚਲੀ ਸ੍ਰਿਸ਼ਟੀ ਸਿਰਜਣਾ ਦੀ ਗੱਲ ਵੀ ਗੁਰਮਤਿ ਹੀ ਹੈ ? ਕਿਸੇ ਚਲਾਕ ਪੰਥ-ਵਿਰੋਧੀ ਨੇ ਕੀ ਕਿਤੇ, ਸਿੱਖੀ ਦੇ ਸਿਧਾਂਤ ਦੀ ਨਿਆਰੀ ਨੁਹਾਰ ਨੂੰ ਵਿਗਾੜ ਕੇ ਖ਼ਾਲਸਾ ਪੰਥ ਨੂੰ ਕਮਜ਼ੋਰ ਕਰੀ ਜਾਣ ਵਾਲਾ ਇਹ ਅਸਾਧ ਰੋਗ ਤਾਂ ਨਹੀਂ ਚੰਬੇੜ ਦਿੱਤਾ ਹੋਇਆ ?

੨- **ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥**
**ਆਪੇ ਸਭਨਾ ਮੰਝਿ ਆਪੇ ਬਾਹਰਾ ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥ ਆਪੇ**
**ਹੋਵਹਿ ਗੁਪਤੁ ਆਪੇ ਪਰਗਟੀਐ ॥ ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥ ਗਹਿਰ**
**ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥**[ ੯੬੬]-ਵਾਰ

੩

# ਸ੍ਰਿਸ਼ਟੀ ਸਿਰਜਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਸਿਰਜਣਾ ਤੋਂ ਪਹਿਲਾਂ ਦੀ ਹਾਲਤ

ਕਈ ਵਿਦਵਾਨਾਂ ਦਾ ਕਥਨ ਹੈ ਕਿ ਸੰਸਾਰ ਦੀ ਖੇਡ ਸਦਾ ਤੋਂ ਇਸੇ ਤਰ੍ਹਾਂ ਹੀ ਚਲੀ ਆ ਰਹੀ ਹੈ ਤੇ ਏਸੇ ਤਰ੍ਹਾਂ ਤੁਰੀ ਰਹਿਣੀ ਹੈ। ਉਹ ਸ੍ਰਿਸ਼ਟੀ ਦਾ ਨਾ ਅਦਿ ਮੰਨਦੇ ਹਨ ਅਤੇ ਨਾ ਹੀ ਅੰਤ। ਪਰ ਗੁਰਮਤਿ ਅਨੁਸਾਰ ਸ੍ਰਿਸ਼ਟੀ ਦਾ ਆਦਿ ਸਿਰਜਣਹਾਰ ਹੈ, ਅਤੇ ਅੰਤ ਵੀ ਉਹ ਆਪ ਹੀ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ--**ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥**[੨੭੬] ਭਾਵ, ਪ੍ਰਭੂ ਨੇ ਕਈ ਵਾਰੀ ਜਗਤ ਰਚਨਾ ਕੀਤੀ ਹੈ, (ਮੁੜ ਇਸ ਨੂੰ ਸਮੇਟ ਕੇ) ਸਦਾ ਇਕ ਆਪ ਹੀ ਆਪ ਉਹੀ ਹੈ । ਇਹ ਸ੍ਰਿਸ਼ਟੀ ਕਈ ਵਾਰ ਖ਼ਤਮ ਹੋ ਕੇ ਮੁੜ ਸਿਰਜੀ ਗਈ । ਖ਼ਤਮ ਹੋਣ ਨੂੰ ਪਰਲੋ (Catastrophe) ਕਹਿਆ ਜਾਂਦਾ ਹੈ ।

ਜਦੋਂ ਇਹ ਸ੍ਰਸ਼ਟੀ ਨਹੀਂ ਸੀ ਉਸ ਵੇਲੇ ਦੀ ਹਾਲਤ ਸਤਿਗੁਰਾਂ ਨੇ ਇਸ ਪ੍ਰਕਾਰ ਫ਼ੁਰਮਾਈ ਹੈ:--

੩- **ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ, ਸੁੰਨ**
**ਸਮਾਧਿ ਲਗਾਇਦਾ ॥ ੧ ॥ ਖਾਣੀ ਨ ਬਾਣੀ ਪਉਣ ਨਾ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ**
**ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ ॥ ੨ ॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ**
**ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ**
**ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀਂ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥ ੪ ॥**[੧੦੩੫ ]-੩-੧੫

**ਅਰਥ**:--(ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾ ਜਿਸ ਦੀ ਗਿਣਤੀ ਦੇ ਵਾਸਤੇ) ਅਰਬਦ ਨਰਬਦ (ਲਫ਼ਜ਼ ਵੀ ਨਹੀਂ ਵਰਤੇ ਜਾ ਸਕਦੇ, ਐਸੀ) ਘੁੱਪ ਹਨੇਰੇ ਦੀ ਹਾਲਤ ਸੀ (ਭਾਵ, ਅਜੇਹੀ ਹਾਲਤ ਸੀ ਜਿਸ ਦੀ ਬਾਬਤ ਕੁਝ ਭੀ ਦੱਸਿਆ ਨਹੀਂ ਜਾ ਸਕਦਾ । ਤਦੋਂ ਨਾ ਧਰਤੀ ਸੀ ਨਾ ਆਕਾਸ਼ ਸੀ ਅਤੇ ਨਾ ਹੀ ਕਿਤੇ ਬੇਅੰਤ ਪ੍ਰਭੂ ਦਾ ਹੁਕਮ ਚੱਲ ਰਿਹਾ ਸੀ । ਤਦੋਂ ਨਾ ਦਿਨ ਸੀ ਨਾ ਰਾਤ ਸੀ, ਨਾ ਚੰਦ ਸੀ ਨਾ ਹੀ ਸੂਰਜ ਸੀ । ਤਦੋਂ ਪਰਮਾਤਮਾ ਆਪਣੇ ਆਪ ਵਿਚ ਹੀ (ਮਾਨੋ ਐਸੀ) ਸਮਾਧੀ ਲਾਈ ਬੈਠਾ ਸੀ ਜਿਸ ਵਿਚ ਕੋਈ ਕਿਸੇ ਕਿਸਮ ਦਾ ਫੁਰਨਾ ਨਹੀਂ ਸੀ **। ੧ ।** ਤਦੋਂ ਨਾ ਜਗਤ-ਰਚਨਾ ਦੀਆਂ ਖਾਣੀਆਂ ਸਨ ਨਾ ਜੀਵਾਂ ਦੀਆਂ ਬਾਣੀਆਂ ਸਨ । ਤਦੋਂ ਨਾ ਹਵਾ ਸੀ ਨਾ ਪਾਣੀ ਸੀ, ਨਾ ਉਤਪਤੀ ਸੀ, ਨਾ ਪਰਲੌ ਸੀ, ਨਾ ਜੰਮਣ ਸੀ ਨਾ ਮਰਨ ਸੀ । ਤਦੋਂ ਨਾ ਧਰਤੀ ਦੇ ਨੌਂ ਖੰਡ ਸਨ ਨਾ ਪਾਤਾਲ ਸੀ, ਨਾ ਸਤ ਸਮੁੰਦਰ ਸਨ ਨਾ ਹੀ ਨਦੀਆਂ ਵਿਚ ਪਾਣੀ ਵਹਿ ਰਿਹਾ ਸੀ **। ੨ ।** ਤਦੋਂ ਨਾ ਸੁਰਗ-ਲੋਕ ਸੀ ਨਾ ਮਾਤਲੋਕ ਸੀ ਤੇ ਨਾ ਹੀ ਪਤਾਲ ਸੀ । ਤਦੋਂ ਨਾ ਕੋਈ ਸੁਰਗ ਸੀ ਨਾ ਨਰਕ ਸੀ, ਅਤੇ ਨਾ ਹੀ ਮੌਤ ਲਿਆਉਣ ਵਾਲਾ ਕਾਲ ਸੀ । ਜੰਮਦਾ ਮਰਦਾ ਵੀ ਕੋਈ ਨਹੀਂ ਸੀ **। ੩ ।** ਤਦੋ, ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਕੋਈ ਨਹੀਂ ਸੀ । ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵਿਆਕਤੀ ਹੈ ਹੀ ਨਹੀਂ ਸੀ । ਨਾ ਕੋਈ ਇਸਤ੍ਰੀ ਨਾ ਮਰਦ ਨਾ ਕੋਈ ਜਾਤਿ ਜਨਮ, ਕੁਝ ਵੀ ਨਹੀਂ ਸੀ । ਦੁਖ ਸੁਖ ਭੋਗਣ ਵਾਲਾ ਵੀ ਕੋਈ ਨਹੀਂ ਸੀ **। ੪ ।**

ਦੇਵੀ ਦੇਵਤਿਆਂ ਨੂੰ ਨਾ ਮੰਨਣ ਵਾਲਾ ਗੁਰਮਤਿ ਸਿਧਾਂਤ ਵੀ ਸਪੱਸ਼ਟ ਹੋ ਗਿਆ ਹੈ । ਪੁਰਾਣਾ ਵਿਚਲੀਆਂ ਅਥਵਾ ਦਸਮ ਗੁਰੂ ਗ੍ਰੰਥ ਵਿਚਲੀਆਂ ਕੰਨਾਂ ਵਿਚੋਂ ਮੈਲ ਕੱਢ ਕੇ ਸਿਰਜਣਾ ਕਰਨ ਵਾਲੀਆਂ ਸਭ ਗੱਲਾਂ, ਅਥਵਾ ਬ੍ਰਹਮਾ ਵਿਸ਼ਨੂੰ ਸਿਵ ਆਦਿ ਵਾਲੀਆਂ ਗੱਲਾਂ ਸਭ ਝੂਠ ਹਨ ।

੪- **ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥**
**ਧੂੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥ ੧॥**
**ਜੁਗ ਛਤੀਹ ਤਿਨੈ ਵਰਤਾਏ ॥ ਜਿਉ ਤਿਸੁ ਭਾਣਾ ਤਿਵੈ ਚਲਾਏ ॥**
**ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥ ੨ ॥**[੧੦੨੬]-੧-੭

**ਅਰਥ**:--ਅਨੇਕਾਂ ਹੀ ਜੁਗ ਘੁੱਪ ਹਨੇਰੇ ਵਿਚ ਲੰਘ ਗਏ (ਭਾਵ, ਸ੍ਰਿਸ਼ਟੀ-ਰਚਨਾ ਤੋਂ ਪਹਿਲਾਂ ਬੇਅੰਤ ਸਮਾ ਅਜੇਹੀ ਹਾਲਤ ਸੀ ਜਿਸ ਬਾਰੇ ਕੁਝ ਵੀ ਸਮਝ ਨਹੀਂ ਆ ਸਕਦੀ), ਤਦੋਂ ਅਪਰ ਅਪਾਰ ਪਰਮਾਤਮਾ ਨੇ (ਆਪਣੇ ਆਪ ਵਿਚ) ਸਮਾਧੀ ਲਾਈ ਹੋਈ ਸੀ । ਉਸ ਘੁਪ ਹਨੇਰੇ ਵਿਚ ਪ੍ਰਭੂ ਆਪ ਨਿਰਲੇਪ ਬੈਠਾ ਹੋਇਆ ਸੀ, ਤਦੋਂ ਨਾ ਜਗਤ ਦਾ ਖਿਲਾਰਾ

ਸੀ ਨਾ ਮਾਇਆ ਵਾਲੀ ਦੌੜ ਭੱਜ ਸੀ । **੧ ।** (ਘੁੱਪ ਹਨੇਰੇ ਦੇ) ਛੱਤੀ ਜੁਗ ਉਸ ਪਰਮਾਤਮਾ ਨੇ ਹੀ ਵਰਤਾਈ ਰੱਖੇ, ਜਿਵੇਂ ਉਸ ਨੂੰ ਚੰਗਾ ਲੱਗਾ ਉਸੇ ਤਰ੍ਹਾਂ (ਉਸ ਘੁਪ ਹਨੇਰੇ ਵਾਲੀ ਕਾਰ ਹੀ) ਉਹ ਚਲਾਉਂਦਾ ਰਿਹਾ । ਉਹ ਪਰਮਾਤਮਾ ਆਪ ਹੀ ਆਪ ਹੈ, ਉਸ ਤੋਂ ਪਰੇ ਹੋਰ ਕੋਈ ਹਸਤੀ ਨਹੀਂ, ਉਸ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ । ੨ ।

੫- **ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨਾ ਕੋਈ ॥ ਮਤਾ ਮਸੂਰਤਿ ਆਪਿ ਕਰੇ , ਜੋ ਕਰੇ ਸੁ ਹੋਈ ॥**
**ਤਦਹੁ ਆਕਾਸੁ ਨ ਪਾਤਾਲੁ ਹੈ, ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ ਨ ਓਪਤਿ ਹੋਈ ॥**
**ਜਿਉ ਤਿਸੁ ਭਾਵੈ ਤਿਵੈ ਕਰੈ ਤਿਸੁ ਬਿਨੁ ਅਵਰੁ ਨ ਕੋਈ ॥ ੧ ॥**[੫੦੯]-ਵਾਰ--੧

**ਅਰਥ:**- ਗੁਰਦੇਵ ਜੀ ਦਾ ਫੁਰਮਾਨ ਹੈ ਕਿ ਜਦੋਂ ਪ੍ਰਭੂ ਨੇ ਆਪਣਾ ਆਪ ਹੀ ਪੈਦਾ ਕੀਤਾ ਹੋਇਆ ਸੀ ਤਦੋਂ ਕੋਈ ਹੋਰ ਦੂਜਾ ਹੈ ਹੀ ਕੋਈ ਨਹੀਂ ਸੀ । ਸਲਾਹ ਮਸ਼ਵਰਾ ਵੀ ਉਸਦਾ ਆਪਣੇ ਆਪ ਨਾਲ ਹੀ ਸੀ । ਜੋ ਉਹ ਕਰਦਾ ਸੀ ਸੋ ਹੁੰਦਾ ਸੀ । ਉਸ ਵੇਲੇ ਆਕਾਸ਼, ਪਾਤਾਲ,ਅਥਵਾ ਕਥਿਤ ਤ੍ਰੈਵੇ ਲੋਕ ਆਦਿ ਕੁੱਝ ਵੀ ਨਹੀਂ ਸੀ । ਕੋਈ ਉਤਪਤੀ ਅਜੇ ਹੋਈ ਹੀ ਨਹੀ ਸੀ । ਅਕਾਰ ਰਹਿਤ ਪਰਮਾਤਮਾ ਆਪ ਹੀ ਆਪ ਸੀ । ਜੋ ਪ੍ਰਭੂ ਨੂੰ ਭਾਉਂਦਾ ਸੀ ਉਹੀ ਕਰਦਾ ਹੈ ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ।੧।

ਸਪੱਸ਼ਟ ਹੈ ਕਿ ਪੁਰਾਣਾ ਵਿਚਲਾ ਅਤੇ ਦਸਮ ਗੁਰੂ ਗ੍ਰੰਥ ਵਿਚਲਾ ਦੇਵੀ ਦੇਵਤਿਆਂ ਭਗਵਾਨਾਂ ਆਦਿ ਦੇ ਨਾਵਾਂ ਨਾਲ ਜੋੜਿਆ ਸਿਰਜਨਾਂ ਵਾਲਾ ਸਾਰਾ ਹਾਲ ਮਾਇਆ-ਮੋਹ ਗ੍ਰਸੀ ਕਲਪਣਾ ਦੀ ਉਪਜ ਹੈ । ਭਾਵ, ਉਹ ਸਾਰਾ ਕੁਝ ਬੇਦਲੀਲਾ ਝੂਠ ਹੈ, ਅਥਵਾ ਇਹ ਕੁਫ਼ਰ ਬ੍ਰਾਹਮਣੀ ਲੁੱਟ ਨੀਤੀ ਦੀ ਉਪਜ ਹੈ । ਸ੍ਰਿਸ਼ਟੀ ਦੀ ਉਪਜ ਬਾਰੇ ਸਹੀ ਪਤਾ ਨਾ ਕਿਸੇ ਨੂੰ ਲੱਗ ਸਕਿਆ ਹੈ, ਅਤੇ ਨਾ ਇਹ ਠੀਕ ਪਤਾ ਕਿਸੇ ਨੂੰ ਲੱਗ ਹੀ ਸਕਦਾ ਹੈ । ਉਸ ਵੇਲੇ ਘੁੱਪ ਹਨੇਰੇ ਵਾਲੀ ਸੁੰਨ ਅਵਸਥਾ, ਅਫੁਰ ਅਵਸਥਾ ਅਣਹੋਂਦ (No-being) ਦੀ ਅਵਸਥਾ ਨਹੀਂ ਸੀ। ਜਦ ਪਰਮਾਤਮਾ ਉਸ ਵੇਲੇ ਵੀ ਸੀ ਤਾਂ " **ਸੁੰਨ** " ਅਣਹੋਂਦ ਕਿਵੇਂ ਹੋਈ ?

**(ਅ)** **ਸੁੰਨ** ਤੋਂ ਪੈਦਾ ਹੋਣ ਦਾ ਭਾਵ, ਸਾਰਾ ਬ੍ਰਹਮੰਡ ਪਰਮਾਤਮਾ ਤੋਂ ਪੈਦਾ ਹੋਇਆ ਹੈ । ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਉਸ ਮੁਢਲੀ ਅਵਸਥਾ ਨੂੰ ਵਿਸਥਾਰ ਨਾਲ ਚਿਤਰਿਆ ਹੈ :--

੬- **ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ**
**ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ, ਸੁੰਨਹੁ ਸੁੰਨੁ ਉਪਾਇਦਾ ॥ ੧ ॥**
**ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥**
**ਅਗਨਿ ਪਾਣੀ ਜੀਉ ਜੋਤਿ ਤੁਮਾਰੀ , ਸੁੰਨੇ ਕਲਾ ਰਹਾਇਦਾ ॥ ੨ ॥**..........

**ਅਰਥ:**--ਉਸ ਪਰਮਾਤਮਾ ਨੇ ਜਿਸ ਤੋਂ ਪਰੇ ਹੋਰ ਕੁਝ ਨਹੀਂ ਤੇ ਜੋ ਨਿਰੋਲ ਆਪ ਹੀ ਆਪ ਹੈ, ਉਸ ਨੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ । ਉਹ ਅਪਰ ਤੇ ਅਪਾਰ ਪ੍ਰਭੂ ਆਪਣੇ ਸਹਾਰੇ ਆਪ ਹੀ ਹੈ (ਉਸ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ ਪੈਂਦੀ) । ਉਹ ਪਰਮਾਤਮਾ ਨਿਰੋਲ ਉਹ ਹਾਲਤ ਵੀ ਆਪ ਹੀ ਪੈਦਾ ਕਰਦਾ ਹੈ । ਜਦੋਂ ਉਸ ਦੇ ਆਪੇ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੁੰਦਾ, ਤੇ ਆਪ ਹੀ ਆਪਣੀ ਕੁਦਰਤ ਰਚ ਕੇ ਵੇਖਦਾ ਹੈ **। ੧ ।** ਹਵਾ ਪਾਣੀ (ਆਦਿਕ ਤੱਤ) ਉਹ ਨਿਰੋਲ ਆਪਣੇ ਆਪ ਤੋਂ ਪੈਦਾ ਕਰਦਾ ਹੈ । ਸ੍ਰਿਸ਼ਟੀ ਪੈਦਾ ਕਰ ਕੇ (ਆਪਣੇ ਆਪ ਤੋਂ ਹੀ) ਸਰੀਰ ਤੇ ਸਰੀਰ-ਕਿਲ੍ਹਿਆਂ ਦੇ ਰਾਜੇ (ਜੀਵ) ਪੈਦਾ ਕਰਦਾ ਹੈ । ਹੇ ਪ੍ਰਭੂ ! ਅੱਗ ਪਾਣੀ ਤੱਤਾਂ ਦੇ ਬਣੇ ਸਰੀਰ ਵਿਚ ਜੀਵਾਤਮਾ ਤੇਰੀ ਹੀ ਜੋਤਿ ਹੈ । ਤੂੰ ਨਿਰੋਲ ਆਪਣੇ ਆਪੇ ਵਿਚ ਆਪਣੀ ਸ਼ਕਤੀ ਟਿਕਾਈ ਰੱਖਦਾ ਹੈਂ **। ੨ ।**

ਇੱਕ ਗੰਭੀਰ ਭੁਲੇਖਾ ਦੂਰ ਕਰਦੇ ਹੋਏ ਸ੍ਰੀ ਗੁਰੂ ਨਾਨਕ ਸਾਹਿਬ ਗੁਰਦੇਵ ਪਿਤਾ ਜੀ ਇਉਂ ਫੁਰਮਾਨ ਕਰਦੇ ਹਨ:--

**ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸੁੰਨੇ ਵਰਤੇ ਜੁਗ ਸਬਾਏ ॥**
**ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸ ਮਿਲੀਐ ਭਰਮੁ ਚੁਕਾਇਦਾ ॥ ੩ ॥**

**ਅਰਥ:**--ਬ੍ਰਹਮਾ ਵਿਸ਼ਨੂੰ ਸ਼ਿਵ (ਜਿਨ੍ਹਾਂ ਦੀ ਅਡਰੀ ਹੋਂਦ ਮੰਨੀ ਜਾ ਰਹੀ ਹੈ ਅਸਲ ਵਿਚ ਉਹ ਵੀ) ਪਰਮਾਤਮਾ ਆਪ ਹੀ ਆਪ ਹੈ। ਜਿਹੜਾ ਮਨੁੱਖ ਇਸ (ਹੈਰਾਨ ਕਰਨ ਵਾਲੀ) ਹਾਲਤ ਨੂੰ ਆਪਣੇ ਸੋਚ-ਮੰਡਲ ਵਿਚ ਟਿਕਾਉਂਦਾ ਹੈ ਉਹ (ਹੋਰ ਹੋਰ ਆਸਰੇ-ਬ੍ਰਹਮਾ-ਬਿਸ਼ਨ-ਸ਼ਿਵ-ਰਾਮਚੰਦ੍ਰ-ਕ੍ਰਿਸ਼ਨ ਆਦਿ ਕਥਿਤ ਭਗਵਾਨ ਅਥਵਾ ਹੋਰ ਦੇਵੀ ਦੇਵਤੇ ਆਦਿ--ਭਾਲਣ ਦੀ) ਉਕਾਈ ਨਹੀਂ ਖਾਂਦਾ । ਅਜੇਹੇ ਪੂਰਨ ਮਨੁੱਖ ਦੀ ਸੰਗਤਿ ਕਰਨੀ ਚਾਹੀਦੀ ਹੈ ਉਹ ਹੋਰਨਾਂ ਦੀ ਭਟਕਣਾ ਵੀ ਦੂਰ ਕਰ ਦਿੰਦਾ ਹੈ । ੩ ।

**ਸੁੰਨਹੁ ਸਪਤ ਸਰੋਵਰ ਥਾਪੇ ॥ ਜਿਨਿ ਸਾਜੇ ਵੀਚਾਰੇ ਆਪੇ ॥ ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ ਫਿਰਿ**
**ਬਾਹੁੜਿ ਜੋਨਿ ਨ ਪਾਇਦਾ ॥ ੪ ॥ ਸੁੰਨਹੁ,ਧਰਤਿ ਅਕਾਸੁ** ਉਪਾਏ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ ਤ੍ਰਿਭਵਣ ਸਾਜਿ
ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥ ੬ ॥ ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੰਨਹੁ ਉਪਜੀ ਸੁੰਨਿ ਸਮਾਣੀ ॥ ਉਤਭੁਜੁ
ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥ ੭ ॥ ਸੁੰਨਹੁ ਰਾਤਿ ਦਿਨਸੁ ਦੁਇ ਕੀਏ ॥ ਓਪਤਿ ਖਪਤਿ ਸੁਖਾ
ਦੁਖ ਦੀਏ ॥ ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ ॥ ੮ ॥ ਸਾਮ ਵੇਦੁ ਰੁਗੁ ਜੁਜਰੁ ਅਥਰਬਣੁ ॥
ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ ॥ ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੈ ਜਿਉ ਬੋਲਾਇਦਾ ॥ ੯ ॥ [੧੦੩੭]--੧੭

ਅਰਥ:--ਪਰਮਾਤਮਾ ਨੇ (ਜੀਵਾਂ ਦੇ ਪੰਜ ਗਿਆਨ ਇੰਦ੍ਰੇ, ਅੱਖਾਂ, ਕੰਨ, ਨੱਕ, ਜ਼ਬਾਨ, ਤੁਚਾ,-- ਤੇ ਮਨ ਅਤੇ ਬੁਧਿ--ਇਹ) ਸੱਤ ਸਰੋਵਰ ਵੀ ਨਿਰੋਲ ਆਪਣੇ ਆਪੇ ਤੋਂ ਬਣਾਏ ਹਨ। ਜਿਸ ਪਰਮਾਤਮਾ ਨੇ ਜੀਵ ਪੈਦਾ ਕੀਤੇ ਹਨ ਉਹ ਆਪ ਹੀ ਉਨ੍ਹਾਂ ਨੂੰ ਆਪਣੇ ਸੋਚ-ਮੰਡਲ ਵਿਚ ਰੱਖਦਾ ਹੈ। ਜਿਸ ਮਨੁੱਖ ਦਾ ਮਨ ਗੁਰੂ ਦੀ ਸਰਨ ਪੈ ਕੇ ਉਸ ਸ਼ਾਂਤੀ ਦੇ ਸਰ (ਪ੍ਰਭੂ) ਵਿਚ ਇਸ਼ਨਾਨ ਕਰਦਾ ਹੈ, ਉਹ ਮੁੜ ਜੂਨਾਂ ਦੇ ਗੇੜ ਵਿਚ ਨਹੀਂ ਪੈਂਦਾ **। ੪ ।** ਚੰਦ ਸੂਰਜ ਆਕਾਸ਼ ਵੀ ਪ੍ਰਭੂ ਦੇ ਨਿਰੋਲ ਆਪਣੇ ਹੀ ਆਪੇ ਤੋਂ ਬਣੇ। ਉਸ ਦੀ ਆਪਣੀ ਹੀ ਜੋਤਿ ਸਾਰੇ ਭਵਨਾਂ ਵਿਚ ਪਸਰ ਰਹੀ ਹੈ। ਉਹ ਅਦ੍ਰਿਸ਼ਟ ਤੇ ਬੇਅੰਤ ਪਰਮਾਤਮਾ ਨਿਰੋਲ ਆਪਣੇ ਆਪੇ ਵਿਚ ਕਿਸੇ ਹੋਰ ਆਸਰੇ ਤੋਂ ਬੇ-ਮੁਥਾਜ ਰਹਿੰਦਾ ਹੈ, ਤੇ ਆਪਣੇ ਹੀ ਆਪੇ ਵਿਚ ਮਸਤ ਰਹਿੰਦਾ ਹੈ **। ੫ ।** ਪਰਮਾਤਮਾ ਨੇ ਧਰਤੀ ਆਕਾਸ਼ ਨਿਰੋਲ ਆਪਣੇ ਆਪੇ ਤੋਂ ਹੀ ਪੈਦਾ ਕੀਤੇ। ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਆਪਣੀ ਤਾਕਤ ਦੇ ਸਹਾਰੇ ਹੀ ਬਿਨਾ ਕਿਸੇ ਹੋਰ ਥੰਮ੍ਹਾਂ ਦੇ ਟਿਕਾਈ ਰੱਖਦਾ ਹੈ। ਤਿੰਨੇ ਭਵਨ ਪੈਦਾ ਕਰ ਕੇ ਪਰਮਾਤਮਾ ਆਪ ਹੀ ਇਨ੍ਹਾਂ ਨੂੰ ਟਿਕਾਈ ਰੱਖਦਾ ਹੈ। )ਅਥਵਾ) ਇਨ੍ਹਾਂ ਨੂੰ ਮਾਇਆ ਦੀ ਤੜਾਗੀ (ਵਿਚ ਬੰਨ੍ਹੀ ਰੱਖਦਾ ਹੈ)। ਆਪ ਹੀ ਪੈਦਾ ਕਰਦਾ ਹੈ ਆਪ ਹੀ ਨਾਸ ਕਰਦਾ ਹੈ **। ੬ ।** ਪ੍ਰਭੂ ਨਿਰੋਲ ਆਪਣੇ ਆਪੇ ਤੋਂ ਹੀ ਜੀਵ-ਉਤਪਤੀ ਦੀਆਂ ਚਾਰ ਖਾਣੀਆਂ ਬਣਾਉਂਦਾ ਹੈ ਤੇ ਜੀਵਾਂ ਦੀਆਂ ਬਾਣੀਆਂ ਰਚਦਾ ਹੈ। ਉਸ ਦੇ ਨਿਰੋਲ ਆਪਣੇ ਆਪੇ ਤੋਂ ਹੀ ਸ੍ਰਿਸ਼ਟੀ ਪੈਦਾ ਹੁੰਦੀ ਹੈ ਤੇ ਉਸ ਦੇ ਆਪੇ ਵਿਚ ਹੀ ਸਮਾ ਜਾਂਦੀ ਹੈ। ਜਗਤ-ਰਚਨਾ ਦਾ ਕੁਝ ਅਜੇਹਾ ਕੌਤਕ ਰਚਿਆ ਕਿ ਧਰਤੀ ਵਿਚ ਬਨਾਸਪਤੀ ਆਪਣੇ ਆਪ ਉੱਗ ਪੈਂਦੀ ਹੈ। ਆਪਣੇ ਹੁਕਮ ਨਾਲ ਹੀ ਇਹ ਹੈਰਾਨ ਕਰਨ ਵਾਲਾ ਤਮਾਸ਼ਾ ਵਿਖਾ ਰਿਹਾ ਹੈ **। ੭ ।** ਨਿਰੋਲ ਆਪਣੇ ਆਪੇ ਤੋਂ ਹੀ ਪਰਮਾਤਮਾ ਨੇ ਦੋਵੇਂ ਦਿਨ ਤੇ ਰਾਤ ਬਣਾ ਦਿੱਤੇ। ਆਪ ਹੀ ਜੀਵਾਂ ਨੂੰ ਜਨਮ ਤੇ ਮਰਨ, ਦੁਖ ਤੇ ਸੁਖ ਦਿੰਦਾ ਹੈ। ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਸੁਖਾਂ ਦੁਖਾਂ ਤੋਂ ਨਿਰਲੇਪ ਹੋ ਜਾਂਦਾ ਹੈ ਉਹ ਅਟੱਲ ਆਤਮਕ ਜੀਵਨ ਵਾਲਾ ਬਣਿਆ ਰਹਿੰਦਾ ਹੈ ( ਭਾਵ, ਉਹ ਸਦਾ ਲਈ ਪ੍ਰਭੂ-ਚਰਨਾਂ ਵਿਚ ਜੁੜ ਜਾਂਦਾ ਹੈ) **। ੮ ।**

ਅਗਲੀ ਨੌਂਵੀ ਤੁਕ ਵਿਚ ਗੁਰਦੇਵ ਜੀ ' ਸੁੰਨਹੁ ' ਦਾ ਜ਼ਿਕਰ ਨਾ ਕਰਦੇ ਹੋਏ ਚਉਹਾਂ ਵੇਦਾ ਅਤੇ ਬ੍ਰਹਮਾਂ ਆਦਿ ਬਾਰੇ ਸਾਡਾ ਭਰਮ ਭੁਲੇਖਾ ਦੂਰਦੇ ਹੋਏ ਫ਼ੁਰਮਾਨ ਕਰ ਰਹੇ ਹਨ:--ਅਰਥ:--ਚਾਰੇ ਵੇਦ (ਬ੍ਰਹਮਾਂ ਦੇ ਮੂੰਹ ਵਿਚੋਂ ਨਿਕਲੇ ਕਹਿਣ ਵਾਲੀ ਗੱਲ) ਸਾਮ, ਰਿਗ, ਜੁਜਰ ਅਤੇ ਅਥਰਬਣੁ, ਮਾਇਆ ਦਾ ਪਸਾਰ ਵੀ ਨਿਰੋਲ ਪਰਮਾਤਮਾ ਦਾ ਹੀ ਕੌਤਕ ਹੈ। ਕੋਈ ਜੀਵ ਉਸ ਪਰਮਾਤਮਾ ਦਾ ਮੁੱਲ ਨਹੀਂ ਪਾ ਸਕਦਾ। ਜੀਵ ਉਸੇ ਤਰ੍ਹਾਂ ਹੀ ਬੋਲ ਸਕਦਾ ਹੈ ਜਿਵੇਂ ਪ੍ਰਭੂ ਆਪ ਪ੍ਰੇਰਨਾ ਕਰਦਾ ਹੈ । ੯ । ੧੭ ਤੁਕਾਂ ਵਾਲਾ ਇਹ ਗੁਰੂ ਸ਼ਬਦ ਬਹੁਪੱਖੀ ਗਿਆਨ ਦਾ ਭੰਡਾਰ ਹੈ ਜੋ ਇਸ ਗ੍ਰੰਥ ਦੇ ਹੋਰ ਥਾਂਈ ਵਿਚਾਰਿਆ ਜਾ ਰਿਹਾ ਹੈ।

ਉਪ੍ਰੋਕਤ ਵਿਚਾਰ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਕਥਿਤ ਢੰਗ ਨਾਲ ਧਰਤੀ ਨੂੰ ਸਹਾਰਾ ਦੇਣ ਵਾਲਾ ਸ਼ੇਸ਼ਨਾਗ ਅਤੇ ਉਸ ਨਾਲ ਜੋੜੀਆਂ ਗਾਥਾਵਾਂ ਸੱਭ ਕਲਪਣਾ ਦੀ ਉਪਜ ਭਰਮਾਊ ਮਾਇਆ ਜਾਲ ਹੀ ਹੱਨ ।

**ਸਿਧ ਗੋਸਟ** ਵਿਚ ਸਿਧਾਂ ਨੇ ਸਤਿਗੁਰਾਂ ਤੋਂ ਸ੍ਰਿਸ਼ਟੀ ਰਚਨਾਂ ਦੇ ਅਰੰਭ ਬਾਰੇ ਇਉਂ ਪੁਛਿਆ-- ' **ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ ੨੧ ॥** [੯੪੦] ਅਰਥਾਤ ਤੁਸੀਂ ਸ੍ਰਿਸ਼ਟੀ ਆਰੰਭ ਦਾ ਕੀ ਬੀਚਾਰ ਰੱਖਦੇ ਹੋ । ਉਸ ਸੁੰਨ ਦੀ ਅਵਸਥਾ ਸਮੇਂ ਨਿਰੰਕਾਰ ਦਾ ਨਿਵਾਸ ਕਿਥੇ ਸੀ ? ਤਾਂ ਸਤਿਗੁਰੂ ਜੀ ਦਾ ਉਤੱਰ ਇਉਂ ਸੀ--**ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ ੨੩ ॥** [੯੪੦] ਅਰਥਾਤ, ਜੇ ਅਰੰਭ ਦੇ ਵਿਸ਼ੇ ਬਾਰੇ ਸੋਚੀਏ ਤਾਂ ਸਵਾਏ ਹੈਰਾਨੀ ਦੇ ਹੋਰ ਕੁਝ ਹਥ ਨਹੀਂ ਆਉਂਦਾ । ਵਾਹਿਗੁਰੂ ਦਾ ਆਦਿ ਲੱਭਣ ਵਾਲੇ ਸਦਾ ਹੈਰਾਨ ਪ੍ਰੇਸ਼ਾਨ ਹੀ ਹੋ ਕੇ ਥੱਕ ਬੈਠੇ ਹਨ?

### ੧= ਪ੍ਰਕਿਰਤੀ ਜਾਂ ਮਾਇਆ ਕੋਈ ਅਨਾਦੀ ਵਸਤੂ ਨਹੀਂ ਹੈ ।

ਬ੍ਰਾਹਮਣ ਰਿਸ਼ੀਆਂ ਦੇ ਲਿਖੇ ਸ਼ਾਸਤ੍ਰਾਂ ਦੇ ਇਸ ਕਥਨ ਨਾਲ, ਕਿ,' ਪਰਮਾਤਮਾਂ ਵਾਂਗ ਹੀ ਪ੍ਰਾਕਿਰਤੀ ਦਾ ਵੀ ਆਦਿ ਅੰਤ ਕੋਈ ਨਹੀਂ ਹੈ, ਗੁਰੂ ਨਾਨਕ ਨਿਰੰਕਾਰੀ ਜੀ ਸਹਿਮਤ ਨਹੀਂ ਹਨ ।

੨= ਮਾਦੇ ਦੇ ਸਵੈ ਵਿਕਾਸ ਵਾਲੇ (Evolution) ਸਿਧਾਂਤ ਨੂੰ ਵੀ ਗੁਰਮਤਿ ਰੱਦ ਕਰਦੀ ਹੈ । ਗੁਰਮਤਿ ਦਾ ਪੱਕਾ ਫ਼ਤਵਾ ਹੈ ਕਿ ਪਰਮਾਤਮਾਂ ਦੀ ਹਸਤੀ ਤੋਂ ਬਿਨਾਂ ਹੋਰ ਕੋਈ ਵੀ ਚੀਜ਼ ਮਾਇਆ, ਪ੍ਰਕ੍ਰਿਤੀ ਆਦਿ ਅਨਾਦੀ ਨਹੀਂ ਹੈ । ਅਫ਼ਲਾਤੂਨ (Plato} ਕਾਂਟ (Kant) ਆਦਿ ਫ਼ਿਲਾਸਫਰ ਜਿਹੜੇ ਤੱਤਾਂ ਅਥਵਾ ਮਾਦੇ ਨੂੰ ਸ੍ਰਿਸ਼ਟੀ ਰਚਨਾਂ ਦਾ ਮੁੱਢ ਮੰਨਦੇ ਹਨ, ਉਹ ਇਹ ਨਹੀਂ ਦੱਸ ਸਕੇ ਕਿ ਤੱਤ ਅਥਵਾ ਮਾਦਾ ਕਿਥੋਂ ਆਇਆ ਸੀ । ਗੁਰਬਾਣੀ ਨੇ ਮਾਦਾ ਅਥਵਾ ਤੱਤ ਆਦਿ ਦ੍ਰਿਸ਼ਟਮਾਨ ਸਾਰਾ ਪਸਾਰਾ ਸਭ ਕੁਝ ਨੂੰ, ਵਾਹਿਗੁਰੂ ਆਪ ਹੀ ਆਪ ਮੰਨਿਆਂ ਹੈ । ਕਰਣ ਵੀ ਪਰਮਾਤਮਾ ਅਤੇ ਕਾਰਣ ਵੀ ਪਰਮਾਤਮਾਂ ਹੀ ਹੈ :--

ੳ) **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ ੧ ॥**[੨੭੬]
ਕਰਣ--ਮੁੱਖ ਸਬੱਬ । ਸ਼ਰੀਰ । ਕਾਰਣ--ਕਾਰਜ ਦਾ ਸਾਧਨ " **ਕਾਰਣ ਕਰਤੇ ਵਸ ਹੈ** " (ਵਾਰ ਮਾਝ ਮ: ੨) ਵਿਦਵਾਨਾ ਨੇ ਦੋ ਪ੍ਰਕਾਰ ਦੇ ਕਰਣ ਮੰਨੇ ਹਨ--੧) **ਨਿਮਿੱਤ**--ਜੇਹਾਕਿ ਕਪੜੇ ਦਾ ਜੁਲਾਹਾ, ਖੱਡੀ, ਨਲਕੀ ਆਦਿ । ੨) **ਉਪਾਦਾਨ,** ਜੇਹਾ ਕਿ ਕੱਪੜੇ ਦਾ ਸੂਤ, ਘੜੇ ਦੀ ਮਿੱਟੀ । ਅਤੇ **ਕਰਣ**--ਜੁਲਾਹਾ, ਅਤੇ ਘਮਿਆਰ ਆਦਿ ਕਰਤੇ । ਸੋ ਸ੍ਰਿਸ਼ਟੀ ਰਚਨਾਂ ਵਿਚ ਠੋਸ ਅਤੇ ਤਰਲ ਮਾਦਾ, ਅਥਵਾ ਤੱਤ ਆਦਿ ਸਭ ਕੁਝ ਪ੍ਰਭੂ ਆਪ ਹੀ ਆਪ ਹੈ ਅਤੇ ਕਰਤਾ ਵੀ ਉਹ ਆਪ ਹੀ ਹੈ । ਜਲ ਥਲ ਆਕਾਸ਼ ਆਦਿ ਪ੍ਰਭੂ ਤੋਂ ਬਿਨਾ ਕੁਝ ਵੀ ਨਹੀਂ ਹੈ ।

ਅ) **ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥ ੧ ॥ ਰਹਾਉ ॥**[੬੬੬]-੧-੯

ੲ) **ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ ॥ ੧ ॥**[੩੮੦]-੧-੪੦

ਸ) **ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥ ੩ ॥**[੬੧੧]-੧੦

ਹ) **ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥**[੧੪੮]-ਵਾ-੨੩

੭- ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥[੨੯੦]-ਅ-੨੧

## (ੲ) ਸ੍ਰਿਸ਼ਟੀ ਕਦੋਂ ਰਚੀ ਗਈ ?

ਸ੍ਰਿਸ਼ਟੀ ਰਚਨਾਂ ਬਾਰੇ ਕਈ ਤਰ੍ਹਾਂ ਦੇ ਅਨੁਮਾਨ ਹਿੰਦੂਆਂ ਦੇ ਗ੍ਰੰਥ ਵਿਚ ਲਿਖੇ ਹੋਏ ਹਨ । ਕਰੋੜਾ, ਅਰਬਾਂ ਖਰਬਾਂ ਸਾਲਾਂ ਦੀ ਉਮਰ ਮਨਵੰਤਰਾਂ, ਕਪਲਾਂ ਆਦਿ ਦੀ ਲਿਖੀ ਹੈ । ਵਗਿਆਨੀ ਵੀ ਯੰਤ੍ਰਾਂ ਦੀ ਵਰਤੋਂ ਨਾਲ ਨਵੇਂ ਤੋਂ ਨਵੇਂ ਕਈ ਲੰਮੇ ਚੌੜੇ ਹਿਸਾਬ ਕਿਤਾਬ ਲਿਖਦੇ ਰਹਿੰਦੇ ਹਨ । ਪਰ ਹਨ ਸਾਰੇ ਖਿਆਲੀ ਘੋੜੇ ਹੀ । ਸਤਿਗੁਰਾਂ ਨੇ ਅਜੇਹੇ ਅਨੁਮਾਨਾਂ ਨੂੰ ਜਪੁ ਸਾਹਿਬ ਵਿਚ ਹੀ ਖੰਡਨ ਕੀਤਾ ਹੈ:--

੮- **ਕਵਣੁ ਸੁ ਵੇਲਾ, ਵਖਤੁ ਕਵਣੁ, ਕਵਣ ਥਿਤਿ, ਕਵਣੁ ਵਾਰੁ ॥ ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥...੨੧॥**

**ਭਾਵ** :- ਕਿਸੇ ਨੂੰ ਕੁੱਝ ਪਤਾ ਨਹੀਂ ਕਿ ਉਹ ਕਿਹੜਾ ਵੇਲਾ, ਵਕਤ, ਥਿਤਿ ਵਾਰ, ਰੁਤ, ਅਥਵਾ ਕਿਹੜਾ ਮਹੀਨਾ ਸੀ ਜਦੋਂ ਇਹ ਦਿਸਦਾ ਸੰਸਾਰ(ਆਕਾਰ) ਬਣਿਆ । ਉਸ ਸਮੇਂ ਦਾ ਪਤਾ ਪੰਡਤਾਂ, ਕਾਜ਼ੀਆਂ ਜਾਂ ਜੋਗੀਆਂ ਆਦਿ ਕਿਸੇ ਨੂੰ ਵੀ ਨਹੀਂ ਹੈ । ਸ੍ਰਿਸ਼ਟੀ ਸਿਰਜਣਾ ਦੇ ਇਸ ਭੇਤ ਨੂੰ ਸਵਾਏ ਸਿਰਜਣ-ਹਾਰ ਪ੍ਰਭੂ ਦੇ ਹੋਰ ਕੋਈ ਨਹੀਂ ਜਾਣਦਾ ।

੯- **ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥**[੪੬੩]-੧

**ਅਰਥ**:- ਅਕਾਲ ਪੁਰਖ ਨੇ ਆਪਹੀ ਆਪਣੇ ਆਪ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ ॥ ਦੂਜੀ ਫਿਰ ਉਸ ਨੇ ਕੁਦਰਤ ਰਚੀ ਅਤੇ ਉਸ ਵਿੱਚ ਆਸਣ ਜਮਾ ਕੇ, ਜਗਤ ਦਾ ਆਪ ਤਮਾਸ਼ਾ ਦੇਖਣ ਲੱਗ ਪਿਆ । ਹੇ ਪ੍ਰਭੂ ! ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈਂ । ਤੂੰ ਆਪ ਹੀ ਜੀਵਾਂ ਤੇ ਤ੍ਰੁੱਠ ਕੇ ਇਨ੍ਹਾਂ ਨੂੰ ਬਖ਼ਸ਼ਸ਼ਾਂ ਕਰਦਾ ਹੈਂ । ਤੂੰ ਕੁਦਰਤ ਵਿੱਚ ਆਸਣ ਜਮਾ ਕੇ ਤਮਾਸ਼ਾ ਵੇਖ ਰਿਹਾ ਹੈਂ ।

ਗੁਰਬਾਣੀ ਵਿੱਚ ਹੋਰ ਵੀ ਬੇਅੰਤ ਸ਼ਬਦ ਹਨ ਜਿਨਾਂ ਦੁਆਰਾ ਗੁਰਦੇਵ ਜੀ ਨੇ ਬਾਰ ਬਾਰ ਸਾਨੂੰ ਇਹ ਸਮਝਾਇਆ ਹੈ ਕਿ ਪਰਮਾਤਮਾ ਤੋ ਬਿਨਾਂ ਹੋਰ ਅਜੇਹੀ ਸ਼ਕਤੀ ਕੋਈ ਨਹੀਂ ਹੈ ਜੋ ਸ੍ਰਿਸ਼ਟੀ ਰਚਨਾ ਦੇ ਕੰਮ ਵਿੱਚ ਉਸ ਦੀ ਭਾਈਵਾਲ ਹੋਵੇ । ਅਤੇ ਪ੍ਰਭੂ ਤੋਂ ਬਿਨਾਂ ਦੂਜੀ ਕੋਈ ਵੀ ਹਸਤੀ ਜਾਂ ਸ਼ਕਤੀ ਅਜੇਹੀ ਨਹੀਂ ਹੈ ਜੋ ਆਪਣੇ ਆਪ ਤੋਂ ਆਪ ਪੈਦਾ ਹੋਈ ਹੋਵੇ ਯਾਂ ਹੋ ਸਕਦੀ ਹੋਵੇ ।

**(ਸ) ਹੁਕਮ (Will)** ਇਹ ਸ੍ਰਿਸ਼ਟੀ ਪਰਮਾਤਮਾ ਦੇ ਹੁਕਮ ਨਾਲ ਰਚੀ ਗਈ ਹੈ । ਹੁਕਮ ਦਾ ਅਰਥ ਬਚਨ, ਨਿਯੰਮ, ਕਰਨਹਾਰ ਦੀ ਮਰਜ਼ੀ, ਉਸ ਦਾ ਭਾਣਾ ਅਥਵਾ ਫੁਰਨਾ ਵੀ ਹੈ । ਜਪ ਸਾਹਿਬ ਗੁਰਦੇਵ ਜੀ ਦਾ ਫ਼ੁਰਮਾਨ ਹੈ:--**ਕੀਤਾ ਪਸਾਉ ਏਕੋ ਕਵਾਉ ॥** ਤਿਸ ਤੇ ਹੋਏ ਲਖ ਦਰੀਆਉ ॥ (ਜਪੁ-੧੬) ਭਾਵ, ਅਕਾਲਪੁਰਖ ਨੇ ਸਾਰਾ ਪਸਾਰਾ ਆਪਣੇ ਹੁਕਮ (-ਕਵਾਉ) ਨਾਲ ਕੀਤਾ ਹੈ, ਉਸ ਦੇ ਹੁਕਮ ਅਨੁਸਾਰ ਹੀ (ਜ਼ਿੰਦਗੀ ਦੇ) ਲੱਖਾਂ ਦਰਿਆ ਬਣ ਗਏ ਹਨ। ਏਵੇ ਹੀ ਸ੍ਰਿਸ਼ਟੀ ਸਿਰਜਣਾ, ਸਿਰਜਣਹਾਰ ਦੇ ਕਵਾਵੇ ਤੋਂ ਭਾਵ ਹੁਕਮ ਤੋਂ ਹੋਣ ਬਾਰੇ ਸਤਿਗੁਰਾਂ ਦਾ ਇਹ ਫ਼ੁਰਮਾਨ--

੧੦- **ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥**
**ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥ ੧ ॥[੧੦੦੩]-੧-**

**ਅਰਥ**:--ਸਰਬ ਵਿਆਪਕ ਪਰਮਾਤਮਾ ਨੇ ਜਗਤ ਦੀ ਉਤਪੱਤੀ ਕੀਤੀ ਹੈ । ਦਿਨ ਅਤੇ ਰਾਤਾਂ ਅਥਵਾ ਸਭ ਕੁਝ ਉਸੇ ਨੇ ਬਣਾਇਆ ਹੈ। ਜੰਗਲ, (ਜੰਗਲ ਦਾ) ਘਾਹ, ਤਿੰਨੇ ਭਵਨ, ਪਾਣੀ (ਆਦਿਕ ਸਾਰੇ ਤੱਤ) ਚਾਰ ਵੇਦ, ਚਾਰ ਹੀ ਖਾਣੀਆਂ, ਸ੍ਰਿਸ਼ਟੀ ਦੇ ਵੱਖ ਵੱਖ ਹਿੱਸੇ, ਟਾਪੂ, ਸਾਰੇ ਲੋਕ--ਇਹ ਸਾਰੇ ਪਰਮਾਤਮਾ ਦੇ ਹੁਕਮ (-ਕਵਾਵੈ) ਨਾਲ ਹੀ ਬਣੇ । ੧ ।

੧੧- **ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**{ਜਪੁ]-ਪਉੜੀ ੨
ਪਰਮਾਤਮਾ ਦੀ ਇਛਿਆ ਤੋਂ ਇਹ ਸਾਰਾ ਆਕਾਰ ਭਾਵ, ਸ੍ਰਿਸ਼ਟੀ ਅਤੇ ਜੀਵ ਰਚੇ ਜਾਂਦੇ ਹਨ । ਉਸ ਦੀ ਮਿਹਰ ਨਾਲ ਵਡਿਆਈ ਮਿਲਦੀ ਹੈ । ਇਹ ਸੰਸਾਰ ਪਸਾਰਾ, ਹੁਕਮ ਦੀ ਖੇਡ ਹੈ । ਪ੍ਰਭੂ ਆਪ ਹੀ ਵਕਤਾ ਹੈ, ਸੁਣਤਾ ਵੀ ਆਪ ਹੈ, ਕਰਤਾ ਆਪ ਅਤੇ ਕੀਆ ਵੀ ਆਪ ਹੀ ਹੈ:--

੧੨- **ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥ ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥**
**ਆਪਨੈ ਭਾਣੈ ਲਏ ਸਮਾਏ ॥ ਤੁਮ ਤੇ ਭਿੰਨ ਨਹੀ ਕਿਛੁ ਹੋਇ ॥ ਆਪਨ ਸੂਤਿ ਸਭੁ ਜਗਤੁ ਪਰੋਇ ॥.੧॥**[੨੯੨]-ਅਸ-੨੨

ਜਗਤ ਪਸਾਰੇ ਵਿਚ ਪਰਮਾਤਮਾ ਨੇ ਕਿਸੇ ਦੂਜੇ ਦੀ ਨਾ ਸਹਾਇਤਾ ਲਈ ਹੈ ਅਤੇ ਨਾ ਕੋਈ ਕਿਸੇ ਦਾ ਸਲਾਹ ਮਸ਼ਵਰਾ ਲਿਆ ਹੈ । ਉਹ ਆਪ ਹੀ ਆਪ ਸਭ ਕੁਝ ਹੈ:---

੧੩- **ਜਦਹੁ ਆਪੇ ਥਾਟੁ ਕੀਆ ਬਹਿ ਕਰਤੈ, ਤਦਹੁ ਪੁਛਿ ਨ ਸੇਵਕੁ ਬੀਆ ॥ ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ**
**ਅਵਰੁ ਨ ਦੂਜਾ ਕੀਆ ॥ ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ॥ ਆਪੇ ਸੇਵ ਬਣਾਈਅਨੁ**
**ਗੁਰਮੁਖਿ ਆਪੇ ਅੰਮ੍ਰਿਤੁ ਪੀਆ ॥ ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ ॥ ੭ ॥**[੫੫੧]-ਵਾਰ

ਹੇ ਪ੍ਰਭੂ ਸੱਭ ਤੇਰਾ ਹੀ ਪਸਾਰਾ ਹੈ । ਤੂੰ ਰੁੱਖ ਹੈ ਅਤੇ ਸ੍ਰਿਸ਼ਟੀ ਤੇਰੀਆਂ ਡਾਲੀਆਂ ਹਨ । ਗੁਪਤ ਪਰਗਟ ਸਭ ਤੂੰ ਹੀ ਤੂੰ ਹੈਂ:--

੧੪- **ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂੰ ਸੂਖਮੁ ਹੋਆ ਅਸਥੂਲੀ ॥ ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ**
**ਭਾਲੀਐ ਜੀਉ ॥ ੧ ॥ ਤੂੰ ਸੂਤੁ ਮਣੀਐ ਭੀ ਤੂੰਹੈ ॥ ਤੂੰ ਗੰਠੀ ਮੇਰੁ ਸਿਰਿ ਤੂੰਹੈ ॥ ਆਦਿ ਮਧਿ ਅੰਤਿ ਪ੍ਰਭੁ ਸੋਈ**
**ਅਵਰੁ ਨ ਕੋਇ ਦਿਖਾਲੀਐ ਜੀਉ ॥ ੨ ॥ ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ**
**॥ ਆਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥ ੩ ॥ ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥ ਤੂੰ ਗੁਪਤੁ**
**ਪਰਗਟੁ ਪ੍ਰਭ ਆਪੇ ॥ ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ ॥ ੪ ॥**[੧੦੨]-੨੧-੨੮

**ਅਰਥ**:--ਹੇ ਪ੍ਰਭੂ ! ਤੂੰ (ਮਾਨੋ ਇਕ) ਰੁੱਖ ਹੈਂ (ਇਹ ਸੰਸਾਰ ਤੈਂ-ਰੁੱਖ ਤੋਂ) ਫੁੱਟੀਆਂ ਹੋਈਆਂ ਤੇਰੀਆਂ ਟਾਹਣੀਆਂ ਹਨ । ਹੇ ਪ੍ਰਭੂ ! ਤੂੰ ਅਦ੍ਰਿਸ਼ਟ ਹੈਂ (ਆਪਣੇ ਅਦ੍ਰਿਸ਼ਟ ਰੂਪ ਤੋਂ ਤੂੰ ਆਪ ਹੀ) ਦਿੱਸਦਾ ਜਗਤ ਬਣਿਆਂ ਹੈ । ਤੂੰ (ਮਾਨੋਂ, ਇਕ) ਸਮੁੰਦਰ ਹੈਂ (ਇਸ ਸਾਰਾ ਜਗਤ ਪਸਾਰਾ, ਮਾਨੋਂ) ਝੱਗ ਤੇ ਬੁਲਬਲਾ (ਵੀ) ਤੂੰ ਆਪ ਹੀ ਹੈਂ । ਤੈਥੋਂ ਬਿਨਾ ਹੋਰ ਕੁਝ ਵੀ ਨਹੀਂ ਦਿਸਦਾ । ੧ । (ਇਹ ਸਾਰਾ ਜਗਤ-ਪਸਾਰਾ ਤੈਥੋਂ ਬਣਿਆ ਤੇਰਾ ਹੀ ਸਰੂਪ, ਮਾਨੋਂ, ਇਕ ਮਾਲਾ ਹੈ । (ਉਸ ਮਾਲਾ ਦਾ) ਧਾਗਾ ਤੂੰ ਆਪ ਹੈਂ, ਮਣਕੇ ਵੀ ਤੂੰ ਹੈਂ, (ਮਣੰਕਿਆਂ ਉ ੱਤੇ ਗੰਢ ਵੀ ਤੂੰ ਹੀ ਹੈਂ, (ਸਭ ਮਣਕਿਆਂ ਦੇ ( ਸਿਰ ਉ ੱਤੇ ਮੇਰੁ-ਮਣਕਾ ਵੀ ਤੂੰ ਹੀ ਹੈਂ । (ਜਗਤ-ਰਚਨਾ ਦੇ) ਸ਼ੁਰੂ ਵਿਚ ਮੱਧ ਵਿਚ ਤੇ ਅੰਤ ਵਿਚ ਪ੍ਰਭੂ ਆਪ ਹੀ ਹੈ । ਉਸ ਤੋਂ ਬਿਨਾ ਹੋਰ ਕੋਈ ਨਹੀਂ ਦਿਸਦਾ। ੨ । ਹੇ ਪ੍ਰਭੂ ਤੂੰ ਆਪਣੀ ਰਚੀ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਹੈਂ, ਤਿਨਾਂ ਗੁਣਾ ਤੋਂ ਬਣਿਆਂ ਜਗਤ ਪਸਾਰਾ ਵੀ ਤੂੰ ਆਪ ਹੀ ਹੈਂ, ਸਭ ਜੀਵਾਂ ਨੂੰ ਸੁਖ ਦੇਣ ਵਾਲਾ ਵੀ ਤੂੰ ਹੈ ੀ ਹੈਂ । ਤੂੰ ਵਾਸਨਾ ਰਹਿਤ ਹੈਂ, (ਸਭ ਜੀਵਾਂ ਵਿਚ ਵਿਆਪਕ ਹੋ ਕੇ) ਰਸਾਂ ਦੇ ਭੋਗਣ ਵਾਲਾ ਵੀ ਹੈਂ ਤੇ ਰਸਾਂ ਦੇ ਪਿਆਰ ਵਿਚ ਮਸਤ ਵੀ ਤੂੰ ਹੈਂ । ਹੇ ਪ੍ਰਭੂ ! ਇਹ ਆਪਣੇ ਖੇਡ-ਤਮਾਸ਼ੇ ਤੂੰ ਆਪ ਹੀ ਜਾਣਦਾ ਹੈਂ । ਤੂੰ ਆਪ ਹੀ ਸਾਰੀ ਸੰਭਾਲ ਵੀ ਕਰ ਰਿਹਾ ਹੈਂ । ੩ । ਹੇ ਪ੍ਰਭੂ ! ਮਾਲਕ ਵੀ ਤੂੰ ਹੈ ਤੇ ਸੇਵਕ ਵੀ ਤੂੰ ਆਪ ਹੀ ਹੈਂ । ਹੇ ਪ੍ਰਭੂ ! (ਸਾਰੇ ਸੰਸਾਰ ਵਿਚ) ਤੂੰ ਲੁਕਿਆ ਹੋਇਆ ਵੀ ਹੈਂ ਤੇ (ਸੰਸਾਰ-ਰੂਪ ਹੋ ਕੇ) ਤੂੰ ਪ੍ਰਤੱਖ ਵੀ ਦਿੱਸ ਰਿਹਾ ਹੈਂ । ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ--ਦਾਸ ਸਦਾ ਤੇਰੇ ਗੁਣ ਗਾਉਂਦਾ ਹੈ । ਰਤਾ ਕੁ ਸਮਾ ਹੀ (ਇਸ ਦਾਸ ਵਲ) ਮਿਹਰ ਦੀ ਨਿਗਾਹ ਨਾਲ ਵੇਖ । ੪ ।

**(ਹ) ਸ੍ਰਿਸ਼ਟੀ ਸਿਰਜਣਾ ਦੇ ਵਿਗਿਆਨਕ** ਨਿਯਮ ਦਾ ਪੱਖ ?----

੧੫- **ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿਸਮੋਇ ॥..੩ ॥**[੧੯]-੧੫

**ਅਰਥ**:--ਪਰਮਾਤਮਾ ਤੋਂ (ਸੂਖਮ ਤੱਤ) ਪਵਣ (ਭਾਵ, ਗੈਸ ਆਦਿ) ਬਣਿਆਂ , ਹਵਾ (ਗੈਸਾਂ ਦੇ ਮੇਲ ਤੋਂ) ਪਾਣੀ ਹੋਂਦ ਵਿਚ ਆਇਆ, ਜਲ (ਵਿਚ ਜੀ ਜੰਤ ਪੈਦਾ ਹੋਏ ਤੇ ਇਸ) ਤੋਂ ਸਾਰਾ ਜਗਤ ਰਚਿਆ ਗਿਆ, ( ਤੇ, ਇਸ ਰਚੇ ਸੰਸਾਰ ਦੇ) ਹਰੇਕ ਘਟ ਵਿਚ ਪਰਮਾਤਮਾ ਦੀ ਜੋਤਿ ਸਮਾਈ ਹੋਈ ਹੈ ।

ਜਲ ਤੋਂ ਜੀਵਾਂ ਦੀ ਉਤਪਤੀ ਹੋਣ ਬਾਰੇ ਸਤਿਗੁਰਾਂ ਦਾ ਇਕ ਹੋਰ ਫ਼ੁਰਮਾਨ ਇਸ ਪ੍ਰਕਾਰ ਹੈ--**ਪਵਣੁ ਵਿਚੋਲਾ ਕਰਤ ਇਕੇਲਾ, ਜਲ ਤੇ ਓਪਤਿ ਹੋਆ ॥...** [੯੯੪]-੭ ਭਾਵ, ਸਰੀਰ ਪਾਣੀ ਤੋਂ ਪੈਦਾ ਹੋਇਆ ਹੈ (ਉਸ ਦਾ ਅਤੇ ਜਿੰਦ ਦਾ) ਮਿਲਾਪ ਕਰਾਈ ਰੱਖਣ ਵਾਲਾ (ਜੀਵ ਦੇ ਅੰਦਰ ਚੱਲ ਰਿਹਾ ਹਰੇਕ ਸੁਆਸ ਹੈ ।

੧੬- **ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥**
**ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥ ੩ ॥**[੭੩੬]-੪-੧੫-੨੪

**ਅਰਥ:**--ਹੇ ਪ੍ਰਭੂ ! ਤੂੰ ਪੰਜ ਤੱਤ ਬਣਾ ਕੇ ਸਾਰੀ ਦੁਨੀਆਂ ਪੈਦਾ ਕੀਤੀ ਹੈ । ਜੇ (ਤੈਥੋਂ ਬਾਹਰਾ) ਜੀਵ ਪਾਸੋਂ ਕੁਝ ਹੋ ਸਕਦਾ ਹੋਵੇ, ਤਾਂ ਉਹ ਬੇਸ਼ੱਕ ਛੇਵਾਂ ਤੱਤ ਬਣਾ ਕੇ ਵਿਖਾ ਦੇਵੇ । ਹੇ ਪ੍ਰਭੂ ! ਕਈ ਜੀਵਾਂ ਨੂੰ ਤੂੰ ਗੁਰੂ ਮਿਲਾ ਕੇ ਆਤਮਕ ਜੀਵਨ ਦੀ ਸੂਝ ਬਖ਼ਸ਼ਦਾ ਹੈਂ । ਕਈ ਜੀਵਾਂ ਨੂੰ ਤੂੰ ਆਪਣੇ ਹੀ ਮਨ ਦੇ ਪਿਛੇ ਤੁਰਨ ਵਾਲਾ ਬਣਾ ਦਿੰਦਾ ਹੈਂ । ਫਿਰ ਉਹ (ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ) ਦੁਖੀ ਹੁੰਦਾ ਰਹਿੰਦਾ ਹੈ। ੩ ।

ਇਹ ਪੰਜ ਤੱਤ ਕੀ ਹਨ ? **ਅਪੁ** (-ਪਾਣੀ) **ਤੇਜੁ** (-ਅੱਗ) **ਵਾਇ** (-ਹਵਾ) **ਪ੍ਰਿਥਮੀ** (ਮਿਟੀ) **ਆਕਾਸਾ ॥** [੧੦੩੧]

੧੭- **ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ* ਆਪਿ ਪਾਵੈ ॥**
**ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੇ ॥ ੨ ॥** [੭੨੦]-੩

**ਅਰਥ:**--ਪਰਮਾਤਮਾ ਨੇ ਆਪ ਹੀ ਆਪਣੇ ਆਪ ਤੋਂ ਪੰਜ ਤੱਤਾਂ ਦਾ ਜਗਤ-ਖਿਲਾਰਾ ਖਿਲਾਰਿਆ ਹੋਇਆ ਹੈ, ਆਪ ਹੀ ਇਨ੍ਹਾਂ ਤੱਤਾਂ ਵਿਚ ਪੰਜ ਵਿਸ਼ੇ (ਭਾਵ, ਕਾਮਾਦਿਕ ਪੰਜ ਵਿਕਾਰ) ਭਰੇ ਹੋਏ ਹਨ । (ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ)--ਪਰਮਾਤਮਾ ਆਪ ਹੀ ਆਪਣੇ ਸੇਵਕ ਨੂੰ (ਅਪਣੇ ਨਾਲ) ਮਿਲਾਉਂਦਾ ਹੈ ਅਤੇ ਘਪ ਹੀ (ਉਸ ਕਰਮਾ ਵਾਲੇ ਦੇ ਅੰਦਰੋਂ ਹਰੇਕ ਕਿਸਮ ਦੀ) ਖਿੱਚੋਤਾਣ ਮੁਕਾਉਂਦਾ ਹੈ । ੨ ।

[* **Foot note:---**ਗੁਰਮਤਿ ਦੇ ਇਸ ਪੱਖ ਨੂੰ ਨਹੀਂ ਭੁੱਲਣਾਂ ਕਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜੇ ਵੀ ਪਰਮਾਤਮਾਂ ਤੋਂ ਹੀ ਬਣੇ ਹਨ ਅਤੇ ਅਭੁੱਲ ਪ੍ਰਭੂ ਤੋਂ ਨਾ ਹੀ ਕਦੇ ਕੋਈ ਭੁੱਲ ਹੋ ਸਕਦੀ ਹੈ ਅਤੇ ਨਾ ਹੀ ਵਿਅਰਥ ਦੀ ਦੁਖਦਾਈ ਕੋਈ ਚੀਜ ਹੀ ਕਦੇ ਬਣ ਸਕਦੀ ਹੈ । ਸਤਿਗੁਰਾਂ ਦਾ ਫ਼ੁਰਮਾਨ ਇਹ ਵੀ ਹੈ ਕਿ ਕਰਤੇ ਦਾ ਕੀਤਾ ਜਗਤ ਪਸਾਰਾ ਕਿਸੇ ਗੱਲੋਂ ਵੀ ਨਿੰਦਨਜੋਗ ਨਹੀਂ ਹੈ-**ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ ॥- -੩ ॥** (੬੧੦-੯) । ਫਿਰ ਕਾਮਾਦਿਕ ਨੂੰ ਮਾੜਾ ਕਹਿਣ ਦਾ ਕਾਰਨ ਕੀ ? ਇਹ ਭੇਤ ਪੁਸਤਕ ਦੇ ਅਠਵੇਂ ਭਾਗ ਦੇ ਚੌਥਾ ਅਤੇ ਮੰਜਵੇ ਕਾਂਡ ਵਿਚ ਗੁਰਬਾਣੀ ਸ਼ਬਦ ਵਿਚਾਰ ਤੋਂ ਬੜੇ ਵਿਸਥਾਰ ਨਾਲ ਸਪੱਸ਼ਟ ਕੀਤਾ ਹੋਇਆ ਹੈ ]

੧੮- **ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥**
**ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥ ੬ ॥**[੩੪੩]-ਥਿੰਤੀ

੪

# ਜਗਤ ਰਚਨਾ ਇੱਕ ਖੇਡ

ਜਗਤ ਵਿਚ ਏਡੇ ਵਿਸ਼ਾਲ, ਸਮੁੰਦਰ, ਦਰਿਆ, ਪਹਾੜ, ਬੜੇ ਬਿਖੜੇ ਮਰੂ-ਥਲ, ਜੰਗਲ ਅਤੇ ਬੇਅੰਤ ਕਿਸਮਾਂ ਦੇ ਜੀਵ ਜੰਤ ਅਸੀਂ ਵੇਖਦੇ ਹਾਂ । ਕਿੱਡਾ ਸੁਹਾਵਾਂ ਬਾਗ਼ ਖਿੜਿਆ ਨਜ਼ਰ ਆ ਰਿਹਾ ਹੈ । ਇਸ ਮਨਮੋਹਣੇ ਜਹਾਨ ਨੂੰ ਛੱਡਣ ਲਈ ਜੀਵ ਦਾ ਕਦੇ ਦਿੱਲ ਨਹੀਂ ਕਰਦਾ । ਸਦਾ ਜੀਊਂਦੇ ਰਹਿਣ ਲਈ ਮਨੁੱਖ ਸਦਾ ਤੋਂ ਯਤਨ ਕਰਦਾ ਆ ਰਿਹਾ ਹੈ । ਪਰ ਗੁਰਬਾਣੀ ਵਿਚ ਅਸੀਂ ਵੇਖਾਂਗੇ ਕਿ ਸਤਿਗੁਰਾਂ ਨੇ ਅਜੇਹੇ ਅਦਭੁਤ ਅਤੇ ਸੁਹਾਵੇਂ ਸੰਸਾਰ-ਪਸਾਰੇ ਨੂੰ, ਇੱਕ ਅਜੇਹਾ, ਖੇਲ-ਤਮਾਸ਼ਾ, ਬਾਜੀ ਅਥਵਾ ਅਖਾੜਾ ਫ਼ੁਰਮਾਨ ਕੀਤਾ ਹੈ, ਜੋ ਸਾਡੇ ਵੇਖਦਿਆਂ ਹੀ ਝਟ ਉ ੱਜੜ ਜਾਇਆ ਕਰਦਾ ਹੈ । ਸੰਸਾਰ ਰਚਨਾਂ ਦੀ ਗੱਲ ਸਮਝਉਂਣ ਦੀ ਗਲ ਵਿਚ, ਨਾਲ ਅਜੇਹੇ ਉਪਦੇਸ਼ ਦੀ ਲੋੜ ਦਾ ਕਾਰਨ ? ਅਸਾਂ ਸਤਿਗੁਰਾਂ ਦੇ ਉਪਦੇਸ਼ ਦੇ ਇਸ ਭੇਤ ਨੂੰ ਸਮਝਣਾ ਹੈ । ਅਕਾਲ ਪੁਰਖ ਜੀ ਸਾਡੇ ਤੇ ਮਿਹਰ ਕਰਨ ਜੋ ਅਸੀਂ ਸਤਿਗੁਰਾਂ ਦੇ ਬਚਨਾਂ ਨੂੰ ਸਮਝ ਕੇ ਆਪਣਾ ਜੀਵਨ ਗੁਰੂ-ਸਿਖਿਆ ਅਨੁਸਾਰ ਢਾਲ ਸਕੀਏ । ਆਉ ਪੂਰੀ ਇਕਾਗਰਤਾ ਨਾਲ ਸਤਿਗੁਰਾਂ ਦੇ ਅਨਮੋਲ ਬਚਨਾਂ ਦੀ ਵਿਚਾਰ ਕਰੀਏ :----

੧੯- **ਤੁਧੁ ਆਪੇ ਆਪੁ ਉਪਾਇਆ ॥ ਦੂਜਾ ਖੇਲੁ ਕਰਿ ਦਿਖਲਾਇਆ ॥**
**ਸਭੁ ਸਚੋ ਸਚੁ ਵਰਤਦਾ , ਜਿਸੁ ਭਾਵੈ ਤਿਸੈ ਬੁਝਾਇ ਜੀਉ ॥ ੨੦ ॥**[੭੩]--੧

**ਅਰਥ**:----ਹੇ ਪ੍ਰਭੂ ! ਤੂੰ ਆਪਣੇ ਆਪ ਨੂੰ (ਜਗਤ-ਰੂਪ ਵਿਚ) ਆਪ ਹੀ ਪਰਗਟ ਕੀਤਾ ਹੈ, (ਇਹ ਤੈਥੋਂ ਵੱਖਰਾ ਦਿਸਦਾ) ਜਗਤ-ਖੇਲ ਤੂੰ ਆਪ ਹੀ ਬਣਾ ਕੇ ਵਿਖਾ ਦਿੱਤਾ ਹੈ । ਹੈ ਹਰ ਥਾਂ ਪਰਮਾਤਮਾ ਹੀ ਹੈ । ਪਰ ਇਸ ਭੇਤ ਦੀ ਸਮਝ ਉਸੇ ਨੂੰ ਹੀ ਆਉਂਦੀ ਹੈ ਜਿਸ ਤੇ ਮਿਹਰ ਕਰਕੇ ਤੂੰ ਆਪ ਸਮਝਾ ਦਿੰਦਾ ਹੈਂ ।

੨੦- **ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ**
**ਸਭਿ ਸਾਚਾ ਆਪੇ ਭੰਨਿ ਘੜਾਇਦਾ ॥ ੨ ॥ ਬਾਜੀਗਰਿ ਇਕ ਬਾਜੀ ਪਾਈ ॥ ਪੂਰੇ ਗੁਰ ਤੇ**
**ਨਦਰੀ ਆਈ ॥ ਸਦਾ ਅਲਿਪਤੁ ਰਹੈ ਗੁਰ ਸਬਦੀ, ਸਾਚੇ ਸਿਉ ਚਿਤੁ ਲਾਇਦਾ ॥ ੩ ॥**[੧੦੬੧]-੪-੧੯

**ਅਰਥ:**--ਪਰਮਾਤਮਾ (-ਓਅੰਕਾਰ) ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ । ਇਹ ਸਾਰਾ ਪ੍ਰਭੂ ਦਾ ਖੇਲ-ਤਮਾਸ਼ਾ, ਤੇਰੀ ਹੀ ਵਡਿਆਈ ਹੈ । ਪਰਮਾਤਮਾ ਆਪ ਹੀ ਸਾਰੇ ਜੀਵਾਂ ਨੂੰ ਵਖ ਵਖ ਕਿਸਮ ਦੇ ਬਣਾਉਂਦਾ ਹੈ, ਆਪ ਹੀ ਨਾਸ ਕਰਕੇ ਆਪ ਹੀ ਪੈਦਾ ਕਰਦਾ ਹੈ । ੨ । ਪ੍ਰਭੂ ਬਾਜੀਗਰ ਨੇ (ਇਹ ਜਗਤ) ਇੱਕ ਤਮਾਸ਼ਾ ਰਚਾਇਆ ਹੋਇਆ ਹੈ। ਜਿਸ ਮਨੁੱਖ ਨੂੰ ਪੂਰੇ ਗੁਰੂ ਕੋਲੋਂ ਇਹ ਸਮਝ ਆ ਗਈ, ਉਹ ਗੁਰੂ ਦੇ ਸ਼ਬਦ-ਗਿਆਨ ਅਨੁਸਾਰ ਜੀਵਨ ਵਣਾ ਕੇ (ਇਸ ਜਗਤ ਤਮਾਸ਼ੇ ਵਿਚ) ਨਿਰਲੇਪ ਰਹਿੰਦਾ ਹੈ ਅਤੇ ਆਪਣਾ ਮਨ ਸਦਾ ਮਰਮਾਤਮਾ ਨਾਲ ਜੋੜੀ ਰੱਖਦਾ ਹੈ। ੩ ।

ਭਾਵ, ਇਸ ਭਰਮ ਵਿਚ ਨਾ ਪੈ ਜਾਣਾ ਕਿ ਇਸ ਜਗਤ ਨੂੰ ਪੈਦਾ ਕਰਨ ਵਾਲਾ ਕੋਈ ਹੋਰ (ਬ੍ਰਹਮਾ) ਹੈ, ਪਾਲਣ ਵਾਲਾ ਕੋਈ ਦੂਜਾ (ਵਿਸ਼ਨੂੰ) ਹੈ, ਅਤੇ ਮੌਤ ਕਰਨ ਵਾਲਾ ਕੋਈ ਹੋਰ (ਮਹੇਸ਼) ਹੈ । ਹਰ ਥਾਂ ਉਹ ਆਪ ਵਿਆਪਕ ਹੈ । ਉਤਪਤੀ ਅਤੇ ਪਰਲੌ ਉਹ ਆਪ ਹੀ ਕਰਦਾ ਹੈ--**ਓਪਤਿ ਪਰਲਉ ਪ੍ਰਭ ਤੇ ਹੋਵੈ, ਇਹ ਬੀਚਾਰੀ ਹਰਿ ਜਨੀ ॥ ੨ ॥**[੧੧੯੬]-੩-੨੧

੨੧- **ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ**

**ਏਕੰਕਾਰਾ ॥ ੧ ॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥ ੧ ॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥ ੨ ॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥ ੩ ॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੇ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥ ੪ ॥**[੭੩੬]-੧

ਰਹਾਉ ਦੀ ਤੁਕ ਖ਼ਾਸ ਧਿਆਨ ਦੇਣ ਵਾਲੀ ਹੈ:--

**ਅਰਥ:**--ਹੇ ਭਾਈ ! (ਪਰਮਾਤਮਾ ਦੇ) ਅਨੇਕਾਂ ਹੀ ਰੂਪ ਦਿੱਸਦੇ ਰਹਿੰਦੇ ਹਨ, ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ । (ਕੋਈ ਨਹੀਂ ਦੱਸ ਸਕਦਾ ਕਿ) ਜੀਵ ਕਿੱਥੋਂ ਆਇਆ ਸੀ, ਤੇ ਕਿੱਥੇ ਚਲਾ ਜਾਂਦਾ ਹੈ । ੧ । ਰਹਾਉ । ਜਿਵੇਂ ਕਿਸੇ ਬਾਜ਼ੀਗਰ ਨੇ ਕਦੇ ਬਾਜੀ ਪਾ ਵਿਖਾਈ ਹੋਵੈ ਉਹ ਕਈ ਕਿਸਮ ਦੇ ਰੂਪ ਤੇ ਭੇਖ ਵਿਖਾਉਂਦਾ ਹੈ (ਇਸੇ ਤਰ੍ਹਾਂ ਪਰਮਾਤਮਾ ਨੇ ਇਹ ਜਗਤ-ਤਮਾਸ਼ਾ ਰਚਿਆ ਹੋਇਆ ਹੈ । ਇਸ ਵਿਚ ਅਨੇਕਾਂ ਰੂਪ ਭੇਖ ਵਿਖਾ ਰਿਹਾ ਹੈ) । ਜਦੋਂ ਪ੍ਰਭੂ ਆਪਣੀ ਇਹ (ਜਗਤ-ਰੂਪ) ਨਕਲੀ ਸ਼ਕਲ (-ਸਾਂਗ) ਲਾਹ ਕੇ ਖੇਡ ਦਾ ਖਿਲਾਰਾ ਰੋਕ ਦਿੰਦਾ ਹੈ, ਤਦੋਂ ਇਕ ਆਪ ਹੀ ਰਹਿ ਜਾਂਦਾ ਹੈ **। ੧ ।** ਪਾਣੀ ਤੋਂ ਅਨੇਕਾਂ ਲਹਿਰਾਂ ਉਠਦੀਆਂ ਹਨ (ਮੁੜ ਪਾਣੀ ਵਿਚ ਰਲ ਜਾਂਦੀਆਂ ਹਨ) ਸੋਨੇ ਤੋਂ ਕਈ ਕਿਸਮਾਂ ਦੇ ਗਹਣੇ ਘੜੇ ਜਾਂਦੇ ਹਨ (ਉਹ ਅਸਲ ਵਿਚ ਸੋਨਾ ਹੀ ਹੁੰਦਾ ਹੈ) । (ਕਿਸੇ ਰੁੱਖ ਦਾ) ਬੀ ਬੀਜ ਕੇ (ਸ਼ਾਖ਼ਾਂ ਪੱਤੇ ਆਦਿਕ ਉਸ ਦਾ) ਕਈ ਕਿਸਮ ਦਾ ਰੂਪ ਵੇਖਣ ਵਿਚ ਆ ਜਾਂਦਾ ਹੈ । (ਰੁੱਖ ਦੇ ਫਲ ਪੱਕਣ ਤੇ ਉਹੀ ਪਹਿਲੀ ਕਿਸਮ ਦੇ ਬੀਜ ਬਣ ਜਾਂਦੇ ਹਨ) (ਤਿਵੇਂ ਇਹ ਬਹੁ-ਰੰਗੀ ਸੰਸਾਰ ਦਾ ਅਸਲਾ) ਇਕ ਪਰਮਾਤਮਾ ਹੀ ਹੈ **। ੨ ।** ਇਕੋ ਆਕਾਸ਼ (ਪਾਣੀ ਨਾਲ ਭਰੇ ਹੋਏ) ਹਜ਼ਾਰਾਂ ਘੜਿਆਂ ਵਿਚ (ਵੱਖ ਵੱਖ ਦਿੱਸਦਾ ਹੈ) । ਜਦੋਂ ਘੜੇ ਟੁੱਟ ਜਾਂਦੇ ਹਨ, ਤਾਂ ਉਹ (ਆਕਾਸ਼) ਹੀ ਦਿੱਸਦਾ ਰਹਿ ਜਾਂਦਾ ਹੈ । ਮਾਇਆ ਦੇ ਭ੍ਰਮ ਦੇ ਕਾਰਨ (ਪਰਮਾਤਮਾ ਦੀ ਅੰਸ ਜੀਵਾਤਮਾ ਵਿਚ) ਭਟਕਣਾ, ਲੋਭ ਮੋਹ ਆਦਿਕ ਵਿਕਾਰ ਉ ੱਠਦੇ ਹਨ । ਭ੍ਰਮ ਮਿਟ ਜਾਣ ਨਾਲ ਇਕ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ **। ੩ ।** ਉਹ ਪ੍ਰਭੂ ਕਦੇ ਨਾਸ ਨਹੀਂ ਹੁੰਦਾ । (ਉਹ ਪ੍ਰਭੂ ਜੀਵਾਤਮਾ-ਰੂਪ ਹੋ ਕੇ ਵੀ) ਨਾ ਕੋਈ ਆਤਮਾ ਜੰਮਦਾ ਹੈ, ਨਾ ਮਰਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ--ਪੂਰੇ ਗੁਰੂ ਨੇ (ਮੇਰੇ ਅੰਦਰੋਂ) ਹਉਮੈ ਦੀ ਮੈਲ ਧੋ ਦਿੱਤੀ ਹੈ, ਹੁਣ ਮੇਰੀ ਉ ੱਚੀ ਆਤਮਕ ਅਵਸਥਾ ਬਣ ਗਈ ਹੈ (ਤੇ, ਮੈਨੂੰ ਇਹ ਜਗਤ ਉਸ ਪਰਮਾਤਮਾ ਦਾ ਆਪਣਾ ਹੀ ਰੂਪ ਦਿੱਸ ਰਿਹਾ ਹੈ । ੪ । **ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ੨੨ ॥** [੭੨੬]-੨

੨੨- **ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ ॥ ੧ ॥ ਰਹਾਉ ॥ ਖਿਨ ਹੂੰ ਭੈ ਨਿਰਭੈ ਖਿਨ ਹੂੰ, ਖਿਨ ਹੂੰ ਉਠਿ ਧਾਇਓ ॥ ਖਿਨ ਹੂੰ ਰਸ ਭੋਗਨ ਖਿਨ ਹੂੰ ਤਜਿ ਜਾਇਓ ॥ ੧ ॥ ਖਿਨ ਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥ ਖਿਨ ਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥**[੪੦੯]-੫-੧੫੬

**ਅਰਥ:**--ਹੇ ਸਹੇਲੀ ! (ਹੇ ਸਤਸੰਗੀ !) ਆਨੰਦ-ਰੂਪ ਪਰਮਾਤਮਾ ਨੇ ਮੈਨੂੰ ਇਹ ਜਗਤ ਤਮਾਸ਼ਾ ਵਿਖਾ ਦਿੱਤਾ ਹੈ (ਇਸ ਜਗਤ-ਤਮਾਸ਼ੇ ਦੀ ਅਸਲੀਅਤ ਵਿਖਾ ਦਿੱਤੀ ਹੈ) । (ਇਸ ਵਿਚ ਕਿਤੇ) ਖ਼ੁਸ਼ੀ ਹੈ (ਕਿਤੇ) ਗ਼ਮੀ ਹੈ (ਕਿਤੇ) ਵੈਰਾਗ ਹੈ **। ੧ । ਰਹਾਉ ।** (ਹੇ ਸਤਸੰਗੀ ਇਸ ਜਗਤ-ਤਮਾਸ਼ੇ ਵਿਚ ਕਿਤੇ) ਇਕ ਪਲ ਵਿਚ ਅਨੇਕਾਂ ਡਰ (ਆ ਘੇਰਦੇ ਹਨ, ਕਿਤੇ) ਨਿਡਰਤਾ ਹੈ (ਕਿਤੇ ਕੋਈ ਦੁਨੀਆ ਦੇ ਪਦਾਰਥਾਂ ਵਲ) ਉਠ ਭੱਜਦਾ ਹੈ, ਕਿਤੇ ਇਕ ਪਲ ਵਿਚ ਸੁਆਦਲੇ ਪਦਾਰਥ ਭੋਗੇ ਜਾ ਰਹੇ ਹਨ ਕਿਤੇ ਕੋਈ ਇਕ ਪਲ ਵਿਚ ਭੋਗਾਂ ਨੂੰ ਤਿਆਗ ਜਾਂਦਾ ਹੈ **। ੧ ।** (ਹੇ ਸਖੀ ! ਇਸ ਜਗਤ ਤਮਾਸ਼ੇ ਵਿਚ ਕਿਤੇ) ਜੋਗ-ਸਾਧਨ ਕੀਤੇ ਜਾ ਰਹੇ ਹਨ ਕਿਤੇ ਧੂਣੀਆਂ ਤਪਾਈਆਂ ਜਾ ਰਹੀਆਂ ਹਨ ਕਿਤੇ ਅਨੇਕਾਂ ਦੇਵ-ਪੂਜਾ ਹੋ ਰਹੀਆਂ ਹਨ, ਕਿਤੇ ਹੋਰ ਹੋਰ ਭਟਕਣਾ ਭਟਕੀਆਂ ਜਾ ਰਹੀਆਂ ਹਨ । ਗੁਰਦੇਵ ਜੀ ਦਾ ਫ਼ੁਰਮਾਨ--ਕਿਤੇ ਸਾਧ ਸੰਗਤ ਵਿਚ ਰੱਖ ਕੇ ਇਕ ਪਲ ਵਿਚ ਪਰਮਾਤਮਾ ਦੀ ਮਿਹਰ ਹੋ ਰਹੀ ਹੈ, ਤੇ ਪਰਮਾਤਮਾ ਦਾ ਪ੍ਰੇਮ-ਰੰਗ ਬਖ਼ਸ਼ਿਆ ਜਾ ਰਿਹਾ ਹੈ । ੨ ।

ਆਖ਼ਰ ਇਸ ਸਾਰੇ ਸੰਸਾਰ-ਪਸਾਰੇ ਦਾ ਖੇਲ, ਪ੍ਰਭੂ ਦੇ ਆਪਣੇ ਵਿਚ ਹੀ ਸਮਾ ਜਾਂਦਾ ਹੈ:--

੨੩- **ਤੁਝ ਬਿਨੁ ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥ ਜਿਉ ਭਾਵੈ ਤਿਉ ਰਾਖਿ ਲੇ ॥ ਸੁਖੁ ਨਾਨਕ ਪੂਰਾ ਗੁਰੁ ਮਿਲੇ ॥ ੪ ॥**[੧੧੮੧]-੪

**ਅਰਥ:**--ਹੇ ਪ੍ਰਭੂ !ਤੈਥੋਂ ਬਿਨਾ ਮੈਨੂੰ ਕੋਈ ਹੋਰ (ਆਸਰਾ) ਨਹੀਂ ਹੈ । ਇਹ ਸਾਰਾ ਜਗਤ-ਤਮਾਸ਼ਾ ਤੇਰਾ ਹੀ ਬਣਾਇਆ ਹੋਇਆ ਹੈ । ਸਾਰਾ ਖੇਲ-ਪਸਾਰਾ ਤੇਰੇ ਵਿਚ ਹੀ ਲੀਨ ਹੋ ਜਾਂਦਾ ਹੈ । ਜਿਵੇਂ ਤੈਨੂੰ ਚੰਗਾ ਲੱਗੇ ਤਿਵੇਂ ਮੇਰੀ ਰਖਿਆ ਕਰ । ਹੇ ਨਾਨਕ ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਉਸ ਨੂੰ (ਗੁਰੂ ਦੇ ਕਹੇ ਅਨੁਸਾਰ ਜੀਵਨ ਬਣਾਇਆਂ) ਆਤਮਕ ਆਨੰਦ ਪ੍ਰਾਪਤ ਹੋ ਜਾਂਦਾ ਹੈ ।

੨੪- **ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥ ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥ ੮ ॥**[੮੩੪]-੩-੬

**ਅਰਥ:**--ਸਾਰਾ ਜਗਤ (ਪਰਮਾਤਮਾ ਨੇ) ਇਹ ਤਮਾਸ਼ਾ ਰਚਿਆ ਹੋਇਆ ਹੈ, ਉਹ ਆਪ ਹੀ (ਜੀਵਨ ਦਾ ) ਸਰੋਵਰ ਹੈ, (ਸਾਰੇ ਜੀਵ ਉਸ ਸਮੁੰਦਰ ਦੀਆਂ ਲਹਿਰਾਂ ਹਨ) ਹੇ ਨਾਨਕ ! ਜਿਵੇਂ (ਸਮੁੰਦਰ ਦੇ) ਪਾਣੀ ਦੀਆਂ ਲਹਿਰਾਂ (ਸਮੁੰਦਰ ਦਾ) ਪਾਣੀ (ਹੀ ਹਨ) ਪਾਣੀ ਵਿਚ ਹੀ ਮਿਲ ਜਾਂਦੀਆਂ ਹਨ (ਇਸੇ ਤਰ੍ਹਾਂ) ਉਹ ਸੋਹਣਾ ਰਾਮ (ਹਰ ਥਾਂ) ਆਪ ਹੀ ਆਪ ਹੈ । ੮ । ਹਰ ਪਾਸੇ--**ਹਰਿ ਰੂਪ ਨਜ਼ਰੀ ਆਇਆ ॥**(ਆਨੰਦ)

ਪਰਮਤਮਾਂ ਦੀ ਇਸ ਚੋਪੜ ਦੀ ਖੇਡ ਵਿਚ ਸਾਡਾ ਥਾਂ ਕੀ ਹੈ ? :--

੨੫- **ਬਬੈ ਬਾਜੀ ਖੇਲਣ ਲਾਗਾ, ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ, ਪਾਸਾ ਢਾਲਣਿ ਆਪਿ ਲਗਾ ॥ ੨੬ ॥**[੪੩੩]-ਪਟੀ

ਅਰਥ:-- ਪਰਮਾਤਮਾ ਚੌਪੜ ਦੀ ਖੇਡ, ਖੇਡ ਰਿਹਾ ਹੈ । (ਖਾਨਿਆਂ ਅਥਵਾ ਪਿੜੀਆਂ ਵਾਲੇ ਕੱਪੜੇ ਦੇ ਚਾਰ ਪਲਿਆਂ ਦੇ ਥਾਂ ਪ੍ਰਭੂ ਨੇ ਇਸ ਸੰਸਾਰ-ਚੌਪੜ ਖੇਡ ਵਿਚ) (ਕਥਿਤ) ਚਾਰ ਜੁੱਗਾਂ ਨੂੰ (ਚੌਪੜ ਦੇ) ਚਾਰ ਪੱਲੇ ਬਣਾਇਆ ਹੈ, ਸਾਰੇ ਜੀਵ ਜੰਤ ਨਰਦਾਂ (-ਗੋਟੀਆਂ ) ਹਨ, ਪ੍ਰਭੂ ਆਪ ਪਾਸੇ ਸੁੱਟਦਾ ਹੈ (ਕਈ ਨਰਦਾਂ ਪੁੱਗ ਜਾਂਦੀਆਂ ਹਨ, ਕਈ ਉਨ੍ਹਾਂ ਚੌਹਾਂ ਖਾਨਿਆਂ ਦੇ ਗੇੜ ਵਿਚ ਹੀ ਪਈਆਂ ਭਟਕਦੀ ਰਹਿੰਦੀਆਂ ਹਨ । ਭਾਵ, ਕਈ ਭਾਗਾਂ ਵਾਲੇ ਮਨੁੱਖ ਪ੍ਰਭੂ ਦੀ ਜੋਤਿ ਨਾਲ ਇੱਕ ਮਿੱਕ ਹੋ ਜਾਂਦੇ ਹਨ ਅਤੇ ਕਈ, ਜੀਵ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ )

੨੬- **ਆਤਮਰਾਮੁ ਸੰਸਾਰਾ ਸਾਚਾ ਖੇਲੁ ਤੁਮਾਰਾ ॥ ਸਚੁ ਖੇਲੁ ਤੁਮਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥ ੪ ॥**[੭੬੪]-੧-੨

**ਅਰਥ:**--ਹੇ ਪ੍ਰਭੂ ! ਤੂੰ ਸੰਸਾਰ ਦੀ ਜਿੰਦ-ਜਾਨ ਹੈਂ, ਇਹ ਸੰਸਾਰ ਤੇਰੀ ਸਚ-ਮੁਚ ਦੀ ਰਚੀ ਹੋਈ ਇਕ ਖੇਡ ਹੈ (ਭਾਵ, ਹੈ ਤਾਂ ਇਹ ਸੰਸਾਰ ਇਕ ਖੇਡ ਹੀ, ਇਹ ਸੰਸਾਰ-ਖੇਡ, ਹੈ ਤਾਂ ਨਾਸਵੰਤ ਹੀ, ਪਰ ਮਨ ਦਾ ਭਰਮ ਨਹੀਂ ਹੈ, ਸਚ-ਮੁਚ ਮੌਜੂਦ ਹੈ) ਹੇ ਅਪਹੁੰਚ ਤੇ ਬੇਅੰਤ ਪ੍ਰਭੂ ! ਇਹ ਸੰਸਾਰ ਤੇਰੀ ਸਚੁ-ਮੁਚ ਦੀ ਰਚੀ ਹੋਈ ਇਕ ਖੇਡ ਹੈ (ਇਹ ਅਸਲੀਅਤ) ਤੈਥੋਂ ਬਿਨਾ ਕੋਈ ਹੋਰ ਸਮਝ ਨਹੀਂ ਸਕਦਾ । (ਇਹ ਸੰਸਾਰ ਵਿਚ) ਅਨੇਕਾਂ ਹੀ ਪੁੱਗੇ ਹੋਏ ਜੋਗੀ ਅਨੇਕਾਂ ਹੀ ਸਾਧਨਾਂ ਕਰਨ ਵਾਲੇ ਤੇ ਅਨੇਕਾਂ ਹੀ ਸਿਆਣੇ ਹੁੰਦੇ ਆਏ ਹਨ (ਤੇਰੀ ਹੀ ਮਿਹਰ ਨਾਲ ਇਸ ਮਰਾਤਬੇ ਤੇ ਪਹੁੰਚਦੇ ਹਨ) ਤੈਥੋਂ ਬਿਨਾ ਹੋਰ ਕੋਈ ਤੇਰਾ ਸਿਮਰਨ ਨਹੀਂ ਕਰਾ ਸਕਦਾ । (ਤੇਰੀ ਹੀ ਮਿਹਰ ਨਾਲ) ਗੁਰੂ ਨੇ ਜਿਸ ਦਾ ਮਨ ਤੇਰੇ ਚਰਨਾਂ ਵਿਚ ਜੋੜਿਆ, ਉਸ ਦਾ ਕਾਲ (-ਮੌਤ) ਬਿਕਾਲ (-ਜਨਮ) ਭਏ ਦੇਵਾਨੇ (ਕਮਲੇ ਹੋ ਗਏ) ਜਨਮ ਮਰਨ ਕਮਲਾ ਹੋ ਗਿਆ (ਭਾਵ, ਜਨਮ ਮਰਨ ਦਾ ਗੇੜ ਮੁੱਕ ਗਿਆ) । ਹੇ ਨਾਨਕ ! (ਪ੍ਰਭੂ ਦੀ ਮਿਹਰ ਦਾ ਸਦਕਾ) ਜਿਸ ਮਨੁੱਖ ਨੇ ਗੁਰੂ ਦੇ ਸ਼ਬਦ (-ਗਿਆਨ) ਵਿਚ ਜੁੜ ਕੇ (ਆਪਣੇ ਅੰਦਰੋਂ) ਔਗੁਣ ਸਾੜ ਲਏ ਉਸ ਨੇ ਗੁਣ ਦੇ ਮਿਲਾਪ ਨਾਲ ਪ੍ਰਭੂ ਨੂੰ ਲੱਭ ਲਿਆ । ੪

## ਖੇਡ ਵੇਖਣ ਵਾਲੇ ਦਰਸ਼ਕ--

ਕਈ ਵਾਰੀ ਕੋਈ ਖੇਡ ਜਾਂ ਕੋਈ ਤਮਾਸ਼ਾ ਵੇਖਣ ਜਾਣ ਲਈ ਟਿਕਟ ਵੀ ਭਰਨੀ ਪੈਂਦੀ ਹੈ । ਦੋ ਢਾਈ ਘੰਟੇ ਖੇਡ ਦਾ ਪੂਰਾ ਅਨੰਦ ਮਾਣੀਦਾ ਹੈ । ਖੇਡ ਦੇ ਪਾਤ੍ਰਾਂ ਨਾਲ ਬੜਾ ਪਿਆਰ ਵੀ ਪਾ ਬੈਠੀਦਾ ਹੈ । ਪਰ ਜਦੋਂ ਹੀ ਖੇਡ ਸਮਾਪਤਿ ਹੁੰਦਾ ਹੈ ਤਾਂ ਬਹੁਤਾ ਕਰਕੇ ਸਾਰਿਆਂ ਨੂੰ ਘਰ ਪਰਤਨ ਦੀ ਕਾਹਲ ਹੁੰਦੀ ਹੈ । ਤਮਾਸ਼ੇ ਵਾਲਿਆਂ ਦੇ ਕੋਲ ਸਦਾ ਟਿਕੇ ਰਹਿਣ ਦੀ ਲਾਲਸਾ ਕਿਸੇ ਮੂਰਖ ਜਾਂ ਅਵੰਾਣੇ ਨੂੰ ਤਾਂ ਭਾਵੇਂ ਹੋਵੇ, ਸਿਆਣੇ ਪੁਰਸ਼ ਆਪਣੇ ਨਿਜ ਵਿਹਾਰ-ਪ੍ਰਵਾਰ ਵਿਚ ਜਾ ਰੁੱਝਦੇ ਹਨ । ਸਤਿਗੁਰਾਂ ਨੇ ਸਮਝਾਇਆ ਹੈ ਕਿ ਖੇਡ ਵਾਂਗ ਹੀ ਇਹ ਜਗਤ ਤਮਾਸ਼ਾ ਸਦਾ ਲਈ ਵੇਖਣ-ਹੰਡਾਉਣ ਨੂੰ ਨਹੀਂ ਮਿਲਦਾ । ਜਿਹੜੇ ਗੁਰਮੁਖ, ਸੰਸਾਰ ਨੂੰ ਰੌਣਕਾਂ ਦਾ ਭਰਿਆਂ ਖੇਲ ਸਮਝਦੇ ਹਨ ਉਹ ਆਖ਼ਰੀ ਸਮਾ ਆਉਂਣ ਤੇ, ਸਾਰੇ ਸੰਬੰਧੀਆਂ ਨੂੰ ਸੰਜੋਗਾਂ ਨਾਲ ਆ ਜੁੜੇ ਇਸ ਸੰਸਾਰ ਖੇਡ ਦੇ ਪਾਤ੍ਰ ਮੰਨਦਾ ਹੈ ਅਤੇ ਤਮਾਸ਼ਾ ਵੇਖਣ ਦਾ ਸਮਾਂ ਸਮਾਪਤ ਹੋਇਆ ਜਾਣ ਕੇ, ਆਪਣੇ ਨਿਜ ਘਰ, ਪ੍ਰਭੂ ਦੇ ਦੇਸ਼ ਨੂੰ ਮੁੜਨ ਦੀ ਖ਼ੁਸ਼ੀ ਮਾਣ ਰਹੇ ਹੁੰਦੇ ਹਨ ।

੨੭- **ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥ ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥ ੪ ॥**[੪੨੨]-੨੨

**ਅਰਥ:**--(ਜਿਵੇਂ ਕਿਸੇ) ਮਦਾਰੀ ਨੇ ਕੋਈ ਤਮਾਸ਼ਾ ਰਚਿਆ ਹੁੰਦਾ ਹੈ (ਤੇ ਲੋਕ ਉਸ ਤਮਾਸ਼ੇ ਨੂੰ ਵੇਖ ਵੇਖ ਕੇ ਖ਼ੁਸ਼ ਹੁੰਦੇ ਹਨ, ਘੜੀਆਂ ਪਲਾਂ ਪਿਛੋਂ ਉਹ ਤਮਾਸ਼ਾ ਖ਼ਤਮ ਹੋ ਜਾਂਦਾ ਹੈ, ਤੇ ਲੋਕ ਚੁੱਪ ਕਰਕੇ ਘਰਾਂ ਨੂੰ ਤੁਰ ਜਾਂਦੇ ਹਨ, ਏਸੇ ਤਰ੍ਹਾਂ, ਇਹ) ਸੰਸਾਰ ਇੱਕ ਖੇਡ ਹੀ ਹੈ । ਘੜੀ ਪਲ ਇਹ ਖੇਡ ਵੇਖੀਦੀ ਹੈ । ਇਸ ਦੇ ਉਜੜਦਿਆਂ ਚਿਰ ਨਹੀਂ ਲੱਗਦਾ (ਪਤਾ ਨਹੀਂ ਕਦੋਂ ਮੌਤ ਨੇ ਆ ਘੇਰਨਾ ਹੈ, ਤਮਾਸ਼ਾ ਖ਼ਤਮ ਹੋਇਆ ਜਾਣ ਕੇ ਖ਼ੁਸ਼ੀ ਨਾਲ ਆਪਣੇ ਅਸਲ ਧਾਮ ਵਲ ਨੂੰ ਪਰਤਨਾ ਚਾਹੀਦਾ ਹੈ) । ੪ ।

ਸਤਿਗੁਰਾਂ ਦੇ ਉਪਦੇਸ਼ ਅਨੁਸਾਰ ਰਹਿਣਾ ਸਿੱਖ ਜਾਈਏ ਤਾਂ ਫਿਰ ਮੌਤ ਹੋਣ ਤੇ ਰੋਣੇ ਪਿੱਟਣੇ ਨਾ ਰਹਿਣ । ਉਸ ਸਮੇ ਲਈ ਸੱਚੇ ਗੁਰਮੁਖਿ ਦਾ ਉਪਦੇਸ਼ ਇਸ ਪ੍ਰਕਾਰ ਹੁੰਦਾ ਹੈ:--

੨੮- **ਮੇਰੇ ਸਿਖ ਸੁਣਹੁ ਪੁਤ ਭਾਈਹੋ, ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥ ਹਰਿ ਭਾਣਾ ਗੁਰ ਭਾਇਆ, ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥ ਭਗਤੁ ਸਤਿਗੁਰੁ ਪੁਰਖੁ ਸੋਈ, ਜਿਸੁ ਹਰਿ ਪ੍ਰਭ ਭਾਣਾ ਭਾਵਏ ॥ ਆਨੰਦ ਅਨਹਦ ਵਜਹਿ ਵਾਜੇ, ਹਰਿ ਆਪਿ ਗਲਿ ਮੇਲਾਵਏ ॥ ਤੁਸੀ ਪੁਤ ਭਾਈ ਪਰਵਾਰੁ ਮੇਰਾ, ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥ ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ, ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩॥ ਸਤਿਗੁਰਿ ਭਾਣੈ ਆਪਣੈ, ਬਹਿ ਪਰਵਾਰੁ ਸਦਾਇਆ ॥ ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥ ਮਿਤੁ ਪੈਝੈ ਮਿਤੁ ਬਿਗਸੈ, ਜਿਸੁ ਮਿਤ ਕੀ ਪੈਜ ਭਾਵਏ ॥ ਤੁਸੀ ਵੀਚਾਰਿ ਦੇਖਹੁ ਪੁਤ ਭਾਈ, ਹਰਿ ਸਤਿਗੁਰੂ ਪੈਨਾਵਏ ॥...੪॥** [੯੨੩]

ਖੇਡ ਵਿਚਲੇ ਖਿਡਾਰੀ ਨੂੰ ਖੇਡ ਦੇ ਬਣੇ ਨਿਯਮਾਂ ਬਾਰੇ ਵੀ ਕਦੇ ਕੋਈ ਇਤਰਾਜ਼ ਜਾਂ ਰੋਸ ਨਹੀਂ ਹੁੰਦਾ । ਉਹ ਸਮਝਦਾ ਹੈ ਕਿ ਖੇਡ ਦੇ ਨਿਯਮਾਂ ਅਨੁਸਾਰ ਖੇਡਣ ਵਿਚ ਹੀ ਪੂਰਾ ਅਨੰਦ ਹੈ । ਰੈਫਰੀ ਦੀ ਵਿਸਲ ਦਾ ਉਸ ਨੂੰ ਪੂਰਾ ਸਤਿਕਾਰ ਹੁੰਦਾ ਹੈ । ਰੋਸ ਕਰਨ ਵਾਲੇ ਨੂੰ ਪਸੰਦ ਨਹੀਂ ਕੀਤਾ ਜਾਂਦਾ । ਸੋ ਸੰਸਾਰ ਰਚਨਾ ਨੂੰ ਖੇਡ ਕਹਿਣ ਵਿਚ ਸਤਿਗੁਰਾਂ ਨੇ ਬਹੁਪੱਖੀ ਗਿਆਨ ਬਖ਼ਸ਼ਿਆ ਹੈ । ਪ੍ਰਭੂ ਦੇ ਹੁਕਮ ਵਿਚ ਵਿਚਰਦਿਆਂ ਸੰਸਾਰੀ ਝਮੇਲਿਆਂ ਤੋਂ ਨਿਰਲੇਪ ਰਹਿ ਕੇ ਬੜੇ ਚੰਗੇ ਖਿਡਾਰੀ ਵਾਂਗ ਸੰਸਾਰ ਦੇ ਸਾਰੇ ਕਾਰ ਵਿਹਾਰ ਕਰਦਿਆਂ ਪ੍ਰਭੂ ਦੇ ਪ੍ਰੇਮ ਰੰਗ ਦੀ ਮਸਤੀ ਭਰੇ ਖੇੜੇ ਵਿਚ ਗੁਜ਼ਾਰਨ ਦਾ ਉਤਸ਼ਾਹ ਬਖ਼ਸ਼ਸ਼ ਕਰਨ ਲਈ ਸਤਿਗੁਰੂ ਜੀ ਫ਼ੁਰਮਾਨ---**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥** [੫੨੨] ਹਰ ਪਾਸੇ ਤੋਂ ਵਾਹ ਵਾ, ਵਾਹ ਵਾ ਹੋ ਰਹੀ ਹੋਵੇ । ਮੌਤ ਸਮੇਂ ਵਿਛੱੜ ਕੇ ਜਾਣ ਵਾਲੇ ਗੁਰਮੁਖ ਮਿੱਤ੍ਰ ਨੂੰ ਵਡਿਆਈ ਅਥਵਾ ਇਜ਼ੱਤ ਮਿਲਣ ਦਾ ਸਮਾ ਆਇਆ ਸਮਝਣ---**ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥**[੯੨੩] ਸਾਰੇ ਮਿਤੱਰ ਪ੍ਰਸੰਨ-ਚਿਤ ਰਹਿਣ। ਭਾਵ, ਜਦੋਂ ਕੋਈ ਜੀਵ ਗੁਰਮੁਖਾਂ ਦੀ ਉੱਤਮ ਕਰਣੀ ਵਾਲਾ ਪਰਉਪਕਾਰੀ ਜੀਵਨ ਗੁਜ਼ਾਰ ਕੇ ਸੰਸਾਰ-ਖੇਡ ਤੋਂ ਵਿਦਾ ਹੋਵੇ ਪਿਛੇ ਰਹੇ ਜੀਵ ਬੜੇ ਮਾਣ ਭਰੇ ਅਨੁਭਵ ਨਾਲ ਆਪਣੇ ਜਾ ਰਹੇ ਮਿਤ੍ਰ ਨੂੰ ਵਿਦਾ ਕਰਨ। ਉਨ੍ਹਾਂ ਦੇ ਮਨਾਂ ਵਿਚ ਖ਼ੁਸ਼ੀ ਹੋਵੇ ਕਿ, ਉਨ੍ਹਾਂ ਦਾ ਗੁਰਮੁਖ ਮਿੱਤਰ ਲੋਕ ਪ੍ਰਲੋਕ ਵਿਚ ਵਡਿਆਈਆਂ ਖੱਟ ਕੇ ਨਿਜ ਧਾਮ ਨੂੰ ਪਰਤਿਆ ਹੈ । ਜਾਣ ਵਾਲੇ ਗੁਰਮੁਖ ਦੇ ਗੁਰਮੁਖ ਸੱਜਣ ਅਸੀਸੜੀਆਂ ਦੇ ਰਹੇ ਹੋਣ--**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥** [੧੨] ਹਰ ਪਾਸੇ ਸ਼ੁਕਰਾਨਾ ਹੈ ਆਨੰਦ ਹੈ, ਚਾ ਹੈ। ਖੇਸ਼ ਦੇ ਮੈਦਾਨ ਵਿਚ ਸੋਹਣੀ ਖੇਡ ਵਿਖਾਉਣ ਵਾਲੇ ਨੂੰ ਜਿਵੇਂ ਸਾਥੀ ਖਿਡਾਰੀ ਵਿਦਾ ਕਰਦੇ ਹਨਮ ਸੰਸਾਰ ਖੇਡ ਦਾ ਖਿਡਾਰੀ ਵੀ ਉਵੇਂ ਹੀ ਵਿਦਾ ਹੋਵੇ। ਇਸ ਸਚਾਈ ਤੋਂ **ਗੁਰਮੁਖ ਸੱਜਣ ਕਾਣੂੰ ਹੁੰਦੇ ਹਨ ਕਿ--ਰਾਮਨਾਮ ਬਿਨੁ ਕੋ ਥਿਰੁ ਨਾਹੀ ਜੀਉ, ਬਾਜੀ ਹੈ ਸੰਸਾਰਾ ॥ ੩ ॥** [੨੪੬] ਅਸਾਂ ਵੀ ਉਥੇ ਹੀ ਜਾਣਾ ਹੈ। ਸੋ ਅਸੀਂ ਵੀ ਸੱਚਾ ਵੱਖਰ ਵਿਹਾਜੀਏ।

੨੯- **ਜੀਵਨੈ ਕੀ ਆਸ ਕਰਹਿ, ਜਮੁ ਨਿਹਾਰੈ ਸਾਸਾ ॥ ਬਾਜੀਗਰੀ ਸੰਸਾਰੁ ਕਬੀਰਾ, ਚੇਤਿ ਢਾਲਿ ਪਾਸਾ ॥ ੩ ॥**[੪੯੧]-੧-੨੩

**ਅਰਥ:**--ਤੂੰ ਹੋਰ ਜੀਉਣ ਦੀਆਂ ਆਸਾਂ ਬਣਾ ਰਿਹਾ ਹੈ, (ਤੇ ਉਧਰ) ਜਮ ਤੇਰੇ ਸਾਹ ਤੱਕ ਰਿਹਾ ਹੈ (ਭਾਵ, ਤੇਰੇ ਗਿਣਤੀ ਦੇ ਸੁਆਸ ਮੁੱਕ ਰਹੇ ਹਨ) ਹੇ ਕਬੀਰ ! ਜਗਤ ਨਟ ਦੀ ਖੇਡ ਹੀ ਹੈ, (ਇਸ ਖੇਡ ਵਿਚ ਜਿੱਤਣ ਲਈ) ਪ੍ਰਭੂ ਦੀ ਯਾਦ ਦਾ ਪਾਸਾ ਸੁੱਟ (ਪ੍ਰਭੂ ਦੀ ਯਾਦ ਦੀ ਖੇਡ ਖੇਡਣੀ ਨਾ ਭੁੱਲ । ੩ ।

੩੦- **ਪਉੜੀ ॥ ਤੂ ਆਪੇ ਸਿਸਟਿ ਕਰਤਾ ਸਿਰਜਣਹਾਰਿਆ ॥ ਤੁਧੁ ਆਪੇ ਖੇਲੁ ਰਚਾਇਆ**
**ਤੁਧੁ ਆਪਿ ਸਵਾਰਿਆ ॥ ਦਾਤਾ ਕਰਤਾ ਆਪਿ ਆਪਿ ਭੋਗਣਹਾਰਿਆ ॥ ਸਭੁ ਤੇਰਾ**
**ਸਬਦੁ ਵਰਤੈ ਉਪਾਵਣਹਾਰਿਆ ॥ ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ ॥ ੧ ॥** [੬੪੨]---

## ਸੰਸਾਰ ਖੇਡ ਦੇ ਹੋਰ ਪੱਖ--

੩੧- **ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥**
**ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧ ॥** [੧੦੫੬]-੪-੧੩

ਅਜੇਹਾ ਬਿਚਿਤ੍ਰ ਖੇਲ ਹੈ ਕਿ ਸੰਸਾਰ ਵਿਚ ਅਰਬਾਂ ਖਰਬਾਂ ਜੀਵ ਜੰਤ ਹਨ, ਕਿਸੇ ਇੱਕ ਦੀ ਨੁਹਾਰ ਦੂਜੇ ਨਾਲ ਨਹੀਂ ਮਿਲਦੀ । ਕੋਈ ਦੋ ਦੇਸ਼, ਦੋ ਸਾਗਰ, ਦੋ ਪਹਾੜ, ਕੋਈ ਦੋ ਦਰਿਆ ਇਕੋ ਜਿਹੇ ਨਹੀਂ ਹਨ । ਰੁੱਖ ਨਾਲ ਰੁੱਖ ਨਹੀਂ ਮਿਲਦਾ, ਰੁੱਖਾਂ ਦੀ ਗੱਲ ਕਿਤੇ ਰਹੀ ਪੱਤੇ ਨਾਲ ਪੱਤਾ ਨਹੀਂ ਮਿਲਦਾ । ਇਕੋ ਫੁੱਲ ਦੀਆਂ ਪੱਤੀਆਂ ਇਕ ਦੂਜੇ ਨਾਲ ਪੂਰਾ ਮੇਲ ਨਹੀਂ ਖਾਂਦੀਆਂ । ਸਾਰੇ ਸੰਸਾਰ ਦੀ ਰੇਤ ਦਾ ਇਕ ਕਿਣਕਾ ਦੂਜੇ ਕਿਣਕੇ ਨਾਲ ਮੇਲ ਨਹੀਂ ਖਾਂਦਾ । ਹੱਦ ਹੋ ਗਈ, ਕਿ ਵਡੇ ਤੋਂ ਵਡਾ ਸਾਇੰਸਦਾਨ ਕੋਈ ਦੋ ਵਸਤੂਆਂ ਇਕੋ ਜਿਹੀਆਂ ਨਹੀਂ ਬਣਾ ਸਕਦਾ । ਸੂਖਸ਼ਮ ਰੂਪ ਵਿਚ ਕੋਈ ਨਾ ਕੋਈ ਅੰਤਰ ਜ਼ਰੂਰ ਰਹਿ ਜਾਂਦਾ ਹੈ । ਪ੍ਰਭੂ ਦੇ ਇਸ ਨਿਯਮ ਨੂੰ ਕਿ--ਸੰਸਾਰ ਵਿਚ ਹਰ ਵਸਤੂ ਇਕੱਲੀ ਹੈ "--ਕੋਈ ਨਹੀ ਤੋੜ ਸਕਦਾ। ਸੋ ਧਿਆਨ ਨਾਲ ਸੁਣੋ ! ਹਰ ਵਸਤੂ ਹਰ ਜ਼ੱਰਾ ਕਹਿ ਰਿਹਾ ਹੈ ਕੇ ਮੈਂ ਇੱਕ ਹਾਂ--ਮੇਰਾ ਕਰਤਾ ਵੀ ਇੱਕ ਹੈ। ਕਰਤਾਰ ਦੀ ਇਸ ਸੰਸਾਰ ਖੇਡ ਦਾ ਬੜਾ ਅਦਭੁਤ ਤਮਾਸ਼ਾ ਹੈ ਕਿ ਉਸ ਵਿਚ ਹਰ ਜੀਵ ਹਰ ਵਸਤੂ ਇਕੱਲੀ ਹੈ । ਰੱਬ ਦੀ **ਏਕਤਾ** ਤੋਂ ਪੈਦਾ ਹੋਈ **ਅਨੇਕਤਾ,** ਉਸ ਦੀ **ਏਕਤਾ** ਦਾ ਸਬੂਤ ਦੇ ਰਹੀ ਹੈ ।

**ਜਗਤ ਇੱਕ ਮੰਦਿਰ?**-- ਇਹ ਨਾ ਭੁਲੀਏ ਕਿ ਇਹ ਸਿਰਜਣਾ, ਇਹ ਜਗਤ, ਨਿਰਾ ਖੇਡ ਤਮਾਸਾ ਹੀ ਨਹੀਂ ਹੈ। ਇਹ ਧਰਤੀ ਧਰਮ ਸਿੱਖਣ ਦਾ ਥਾਂ ਹੈ--**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥** ਇਹ ਜਗਤ, ਸਿਰਜਣਹਾਰ ਹਰੀ ਦਾ ਆਪਣਾ ਮੰਦਰ ਹੈ । ਉਸ ਕਰਤਾਰ ਦਾ ਨਿਵਾਸ, ਆਪਣੀ ਸਿਰਜਣਾ ਦੇ ਕਣ ਕਣ ਵਿਚ ਹੈ । ਪਰ ਸੱਚੇ ਗੁਰੂ ਦੀ ਸਰਨ ਤੋਂ ਵਿਛੜ ਕੇ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੇ ਮਨੁੱਖ ਨੇ ਕਣ ਕਣ ਵਿਚ ਵੱਸਦੇ ਪ੍ਰਭੂ ਦੀ ਪਛਾਣ ਭੁੱਲਾ ਦਿੱਤੀ ਅਤੇ ਆਪਣੇ ਮਿਥੇ ਹੋਏ ਕਿਸੇ ਅਕਾਰ ਦੀ ਪੂਜਾ ਵਿਚ ਲੱਗਾ ਹੋਇਆ ਹੈ:--

੩੨- **ਹਰਿ ਮੰਦਰੁ ਇਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥**
**ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥ ੫ ॥** [੧੩੪੬]-੧

੫

# ਬੇਅੰਤ ਪ੍ਰਭੂ ਦੀ ਅਪਾਰ ਸਿਰਜਣਾ

ਉਂਜ ਤਾਂ ਹਿੰਦੂਆਂ ਦੇ ਧਰਮ ਗ੍ਰੰਥਾਂ ਵਿਚ ਵੀ, ਸਿਰਜਣਾ ਦੇ ਪਸਾਰੇ ਨੂੰ ਬੇਅੰਤ ਅਤੇ ਅਪਾਰ ਹੀ ਲਿਖਿਆ ਹੋਇਆ ਹੈ, ਪਰ ਆਪਣੀ ਆਦਤ ਦੇ ਅਨੁਸਾਰ ਬਿੱਪ੍ਰ ਜੀ ਨੇ, **ਮਨੰਤ੍ਰਾਂ*** -- **ਕਲਪਾਂ** ਦੇ ਹਿਸਾਬ ਕਿਤਾਬ ਅਨੁਸਾਰ ਜੁਗਾਂ ਦੀ ਉਮਰ, ਸ੍ਰਿਸ਼ਟੀ ਰਚਨਾਂ ਦੇ ਆਦਿ ਅਤੇ ਅੰਤ **>>>>**

*[ **Foot note:--**ਕਲਪ=ਬ੍ਰਹਮਾਂ ਦੀ ਉਮਰ ਦਾ ਇੱਕ ਦਿਨ । ਪੁਰਾਣਾ ਵਿਚ ੮੬੪੦੦੦੦੦੦੦ ਵਰ੍ਹੇ ਨੂੰ ਬ੍ਰਹਮਾਂ ਦਾ ਇੱਕ ਦਿਨ+ਰਾਤ ਮਿਥ ਕੇ ਉਸ (ਅੱਠ ਅਰਬ ੬੪ ਕ੍ਰੋੜ ਵਰ੍ਹੇ ਦੇ ਅਦਭੁਤ ਦਿਨ ਰਾਤ) ਨੂੰ **ਕਲਪ** ਨਾਮ ਦੇ ਦਿੱਤਾ । **ਮਨੰਤਰ**=ਪਰਾਣਾ ਅਨੁਸਾਰ ਇਹ ਯੁੱਗਾਂ ਦੀਆਂ ੭੧ ਚੌਕੜੀਆਂ ਅਥਵਾ--੩੧੧,੪੪੮੦੦੦ ਵਰ੍ਹੇ ਦੇ ਬਰਾਬਰ ਮਿਥ ਲਿਆ ਹੋਇਆ ਹੈ। ਚੌਹਾਂ ਯੁਗਾਂ ਦੀ ਇੱਕ ਚੌਕੜੀ ਦੀ ਉਮਰ ੪੩੨੦੦੦੦ ਵਰ੍ਹੇ ਹੈ। ਚਾਰ ਯੱਗਾਂ ਦੀ ਚੌਕੜੀ ਨੂੰ ਬ੍ਰਾਹਮਣ ਨੇ ਮਹਾਂਯੁੱਗ ਨਾਮ ਬਖ਼ਸ਼ਸ਼ ਕੀਤਾ ਹੋਇਆ ਹੈ। ਦੋ ਹਜ਼ਾਰ ਮਹਾਂਯੁਗ ਅਰਥਾਤ--੮੫੪੦੦੦੦੦੦੦ ਵਰ੍ਹੇ ਦਾ ਇੱਕ **ਕਲਪ।** ਪੁਸਤਕ ਦੇ ਪਹਿਲੇ ਭਾਗ ਵਿਚ ਪੁਰਾਣਾ ਵਿਚਲੇ ਇਸ ਹਿਸਾਬ ਕਿਤਾਬ ਦਾ ਪੂਰਾ ਵਰਣਨ ਹੈ]

**<<<<** ਪਰਲੈ ਹੋਣ ਤੱਕ ਦੇ ਦਿਨ ਦਾ ਪਤਾ ਵੀ ਦਿੱਤਾ ਹੋਇਆ ਹੈ। ਬਿੱਪ੍ਰੀ ਹਿਸਾਬ-ਕਿਤਾਬ ਦੇ ਇਸ ਵੇਰਵੇ ਦਾ ਸ-ਵਿਸਥਾਰ ਜ਼ਿਕਰ, ਪੁਸਤਕ ਦੇ ਪਹਿਲੇ ਭਾਗ ਵਿਚ ਆ ਚੁੱਕਾ ਹੈ । ਹਿੰਦੂਆਂ ਦੇ ਧਰਮ ਗੰਥਾਂ ਵਿਚ ਵਿਸ਼ਨੂੰ ਨੂੰ ਆਦਿ ਪੁਰਖ ਕਹਿਕੇ ਉਸ ਦੀ ਧੁੰਨੀ ਵਿਚੋਂ ਉਗੇ ਕੰਵਲ ਫੁੱਲ ਦੀ ਨਾਲੀ ਵਿਚੋਂ ਬ੍ਰਹਮਾਂ ਦੇ ਪੈਦਾ ਹੋਣ ਦੀ ਕਹਾਣੀ ਅਸੀ ਪੜ੍ਹ ਚੁੱਕੇ ਹੈ । ਅਤੇ ਫਿਰ ਇੱਕ ਫੁੱਲ-ਬੂਟੇ ਵਿਚੋਂ ਪੈਦਾ ਹੋਏ ਓਸੇ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਕਰਤਾ ਲਿਖ ਦਿੱਤਾ । ਇਹ ਵੀ ਲਿਖਆ ਹੈ ਕਿ ਸ੍ਰਿਸ਼ਟੀ ਨੂੰ ਧੌਲੇ ਬੌਲਦ ਨੇ ਆਪਣੇ ਸਿੰਗ ਤੇ ਚੁਕਿਆ ਹੋਇਆ ਹੈ ਅਤੇ ਜਦ ਉਹ ਆਪਣੇ ਸਿੰਗ ਦੀ ਬਦਲੀ ਕਰਦਾ ਹੈ ਤਾਂ ਭੁਚਾਲ ਆ ਜਾਂਦਾ ਹੈ । ਉਨ੍ਹਾਂ ਗ੍ਰੰਥਾਂ ਵਿਚ ਹੀ, ਇਸ ਗੱਲ ਦੇ ਬਦਲ ਵਿਚ ਇਹ ਲਿਖ ਦਿੱਤਾ ਕਿ ਸਾਰੀ ਸ੍ਰਿਸ਼ਟੀ (ਬੌਲਦ ਨੇ ਨਹੀਂ, ਸਗੋਂ) ਇੱਕ ਵਿਕਰਾਲ ਸ਼ੇਸ਼ ਨਾਗ ਨੇ ਚੁੱਕੀ ਹੋਈ ਹੈ, ਅਖੇ ਜਦ ਉਹ ਨਾਗ ਅਵਾਸੀ ਲੈਂਦਾ ਹੈ ਤਾਂ ਭੁਚਾਲ ਆ ਜਾਂਦੇ ਹਨ । ਅਤੇ ਜਿਸ ਦਿਨ ਸ਼ੇਸ਼-ਨਾਗ ਦੇ ਮੂੰਹ ਵਿਚੋਂ ਅੱਗ ਨਿਕਲਦੀ ਹੈ, ਉਹ ਪਰਲੈ ਦਾ ਦਿਨ ਹੁੰਦਾ ਹੈ। ਵੇਦਾਂ ਪੁਰਾਣਾ ਦੀਆਂ ਇਨ੍ਹਾਂ ਗੱਲਾਂ ਨੂੰ ਗੁਰਬਾਣੀ ਨੇ ਰੱਦ ਕੀਤਾ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ:--

੩੩- **ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ**
**॥ ੧ ॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥ਸੰਕਰਾ ਨਹੀ ਜਾਨਹਿ ਭੇਵ ॥**
**ਖੋਜਤ ਹਾਰੇ ਦੇਵ ॥ ਦੇਵੀਆਂ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥** [੮੯੪]-੨੫-੩੬

ਭਾਵ, ਵੇਦਾਂ ਦੇ ਲਿਖਣ ਹਾਰੇ ਨੂੰ ਅਜੇਹੀਆਂ ਗੱਲਾਂ ਦਾ ਕੋਈ ਭੇਤ ਨਹੀਂ ਸੀ । ਜਿਸ ਬ੍ਰਹਮੇ ਨੂੰ ਸ੍ਰਿਸ਼ਟੀ ਦਾ ਰਚਨਹਾਰ ਦੱਸਿਆ ਹੈ, ਉਸ ਵਿਚਾਰੇ ਨੂੰ ਤਾਂ ਪ੍ਰਭੂ ਦੀ ਇਸ ਰਚਨਾਂ ਦੇ ਖਿਲਾਰੇ ਦਾ ਤਾਂ ਜ਼ਰਾ ਜਿੰਨਾ ਭੇਤ ਵੀ ਨਹੀਂ ਹੈ। ਅਵਤਾਰ ਅਥਵਾ ਰੱਬ ਮੰਨ ਕੇ ਜਿਨ੍ਹਾਂ ਦੀ ਤੁਸੀਂ ਪੂਜਾ ਕਰ ਰਹੇ ਹੋ, ਉਨ੍ਹਾਂ ਵਿਚੋਂ ਕਿਸੇ ਨੂੰ ਵੀ **ਬੇਅੰਤ ਪ੍ਰਭੂ** ਦੇ ਆਦਿ ਅੰਤ ਦਾ ਕੋਈ ਅਨੁਮਾਨ ਨਹੀਂ ਹੈ। ' ਨਾ ਲਖੇ ਜਾਣ ਵਾਲੇ ', ਪ੍ਰਭੂ ਦੇ ਇਸ ਵਿਸਥਾਰ ਨੂੰ ਕਥਿਤ ਦੇਵੀ ਦੇਵਤੇ ਕੀ ਜਾਨਣ ? ਪਰਮਾਤਮਾ ਆਪਣੇ ਵਿਸਥਾਰ ਦੇ ਆਦਿ ਅੰਤ ਨੂੰ ਆਪ ਹੀ ਜਾਣਦਾ ਹੈ । ਏਸੇ ਤਰ੍ਹਾਂ ਮਲਾਰ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:--**ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥** ਨਿਤ ਨੇਮ ਦੀ ਪਾਵਨ ਬਾਣੀ, ਜਪੁ ਸਾਹਿਬ ਵਿਚ ਵੀ ਸਤਿਗੁਰਾਂ ਨੇ ਵਾਹਿਗੁਰੂ ਦੀ ਅਗੰਮਤਾ ਬਾਰੇ, ਅਥਵਾ ਉਸ ਦੀ ਰਚਨਾਂ ਦੀ ਬੇਅੰਤਤਾਈ ਬਾਰੇ ਇਸ ਪ੍ਰਕਾਰ ਫ਼ੁਰਮਾਇਆ ਹੈ:--

੩੪- **ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ ॥**
**ਸਹਸ ਅਠਾਰਹ ਕਹਨਿ ਕਤੇਬਾ, ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ, ਲੇਖੈ ਹੋਇ ਵਿਣਾਸੁ ॥**
**ਨਾਨਕ, ਵਡਾ ਆਖੀਐ, ਆਪੈ ਜਾਣੈ ਆਪੁ ॥ ੨੨ ॥[ਜਪੁ]**

**ਭਾਵ,** ਲੱਖਾਂ ਹੀ ਪਾਤਾਲਾਂ ਹੇਠ ਹੋਰ ਲੱਖਾਂ ਪਾਤਾਲਾਂ ਅਤੇ ਲੱਖਾਂ ਹੀ ਆਕਾਸ਼ਾਂ ਉ ੱਤੇ ਹੋਰ ਆਕਾਸ਼ਾਂ ਦੀ ਭਾਲ ਕਰ ਕਰ ਕੇ ਥਕ ਬੈਠੇ ਵੇਦਾਂ (ਦੇ ਲਖਾਰੀਆਂ) ਨੇ ਇੱਕ ਜ਼ਬਾਨ ਹੋ ਕੇ ਏਹੀ ਕਿਹਾ ਹੈ ਕਿ ਪ੍ਰਭੂ ਦਾ ਓੜਕ ਨਹੀਂ ਲੱਭ ਸਕਦਾ । (ਇਨ੍ਹਾਂ ਦੀ ਗੱਲ ਛੱਡੀ, ਮੁਸਲਮਾਨ ਤੇ ਈਸਾਈ ਆਦਿਕ ਧਰਮਾ ਦੀਆਂ) ਕਿਤਾਬਾਂ ਆਖਦੀਆਂ ਹਨ (ਭਾਵ, ਉਨ੍ਹਾਂ ਗ੍ਰੰਥਾਂ ਵਿਚ ਲਿਖਿਆ ਹੈ ਕਿ) " ਕੁੱਲ ਅਠਾਰਾਂ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ ਵੀ ਇੱਕ ਅਕਾਲਪੁਰਖ ਹੀ ਹੈਂ ' (ਉਨ੍ਹਾਂ ਵਿਚੋਂ ਕੋਈ ਆਲਮ ਵੀ ਕੁਦਰਤ ਦੇ ਪਸਾਰੇ ਦਾ ਭੇਤ ਨਹੀਂ ਪਾ ਸਕਿਆ । ਸੱਚੀ ਗੱਲ ਏਹੀ ਹੈ ਕਿ ਸ੍ਰਿਸ਼ਟੀ ਦੇ ਪਸਾਰੇ ਦੀ ਗਿਣਤੀ ਕਰਨ ਲਈ ਸ਼ਬਦ ਲੱਖਾਂ ਅਤੇ ਹਜ਼ਾਰਾਂ ਵੀ ਨਹੀਂ ਵਰਤੇ ਜਾ ਸਕਦੇ) ਲੇਖਾ ਹੋ ਸਕਦਾ ਹੋਵੇਂ ਤਦ ਹੀ ਲਿਖਿਆ ਜਾ ਸਕੇ । (ਲੇਖਾ ਕਰਦਿਆਂ ਕਰਦਿਆਂ ) ਲੇਖੇ ਦਾ ਹੀ ਅੰਤ ਹੋ ਜਾਂਦਾ ਹੈ (ਗਿਣਤੀ ਦੇ ਹਿੰਦਸੇ ਹੀ ਮੁੱਕ ਜਾਂਦੇ ਹਨ) । (ਸਤਿਗੁਰਾਂ ਦਾ ਫ਼ੁਰਮਾਨ ਹੈ ਕਿ, (ਸਾਡੇ ਲਈ ਠੀਕ ਤਾਂ ਏਹੀ ਬਣਦਾ ਹੈ ਕਿ) ਅਕਾਲਪੁਰਖ ਨੂੰ ਵਡੇ ਤੋਂ ਵਡਾ ਹੀ ਕਹਿੰਦੇ ਰਹੀਏ, (ਕਉਂਕਿ) ਆਪਣੇ ਆਪ ਨੂੰ ਉਹ ਆਪ ਹੀ ਜਾਣਦਾ ਹੈ, (ਭਾਵ, ਆਪਣੀ ਵਡਿਆਈ ਪ੍ਰਭੂ ਆਪ ਹੀ ਜਾਣਦਾ ਹੈ, ਅਸੀਂ ਜੰਤ ਉਸ ਬਾਰੇ ਕੁਝ ਨਹੀਂ ਜਾਣ ਸਕਦੇ । ੨੨ ।

ਏਹ ਗੱਲ ਸਦਾ ਚੇਤੇ ਰੱਖਣੀ ਬਣਦੀ ਹੈ, ਕਿ ਪਰਮਾਤਮਾ ਦੀ ਵਡਿਆਈ ਨੂੰ, ਉਸ ਦੀ ਬੇਅੰਤਤਾਈ ਨੂੰ ਉਹੀ ਸਮਝ ਸਕਦਾ ਹੈ ਜਿਹੜਾ ਆਪ ਵੀ ਪਰਮਾਤਮਾ ਜਿੱਡਾ ਹੀ ਹੋਵੇ :---

੩੫- **ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ ਅੰਤੁ ਨ ਕਰਣੈ, ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**
**ਅੰਤੁ ਨ ਜਾਪੈ, ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥**
**ਅੰਤ ਕਾਰਣਿ ਕੇਤੇ, ਬਿਲਲਾਹਿ ॥ ਤਾ ਕੇ ਅੰਤ, ਨ ਪਾਏ ਜਾਹਿ ॥ ਏਹੁ ਅੰਤੁ ਨ ਜਾਂਣੈ ਕੋਇ ॥**
**ਬਹੁਤਾ ਕਹੀਐ, ਬਹੁਤਾ ਹੋਇ ॥ ਵਡਾ ਸਾਹਿਬੁ, ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥**
**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ, ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥**
**ਨਾਨਕ, ਨਦਰੀ ਕਰਮੀ ਦਾਤਿ ॥ ੨੪ ॥** [ਪੰਨਾ ੫]

ਭਵ, ਅਕਾਲਪੁਰਖ ਦੇ ਗੁਣਾ ਦਾ, ਉਸ ਦੀ ਬਣਾਈ ਹੋਈ ਰਚਨਾ ਦਾ, ਉਸ ਦੀਆਂ ਦਾਤਾਂ ਦੇ ਹੱਦ-ਬੰਨੇ ਦਾ ਕੋਈ ਅੰਤ, ਕਿਸੇ ਤਰ੍ਹਾਂ ਵੀ ਨਹੀਂ ਪਾਇਆ ਜਾ ਸਕਦਾ । ਉਸ ਦੇ ਮਨ ਦੀ ਸਲਾਹ ਦਾ ਕੋਈ ਪਤਾ ਨਹੀਂ ਹੈ । ਪ੍ਰਭੂ ਦੇ ਗੁਣਾ ਦਾ ਅੰਤ ਪਾਉਣਾ ਅਸੰਭਵ ਹੈ । ਜਿਉਂ ਜਿਉਂ ਉਸ ਦੇ ਗੁਣਾ ਵਲ ਧਿਆਨ ਮਾਰੀਏ, ਉਹ ਹੋਰ ਤੋਂ ਹੋਰ ਵੱਡਾ ਪਰਤੀਤ ਹੋਣ ਲੱਗ ਪੈਂਦਾ ਹੈ । ਜਗਤ ਵਿਚ ਪ੍ਰਭੂ ਜਿਡਾ ਵੱਡਾ ਹੋਰ ਦੂਜਾ ਕੋਈ ਹੀ ਨਹੀਂ ਜੋ ਇਹ ਦੱਸ ਸਕਦਾ ਕਿ ਪ੍ਰਭੂ ਕਿੰਨਾ ਵਡਾ ਹੈ । ਕਿਉਂਕਿ--**ਏਵਡ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਕਾਣੈ ਸੋਇ ॥** ਕੋਈ ਉਸ ਜਿੱਡਾ ਹੋਵੇ ਤਾਂ ਉਸ ਦੇ ਵਿਸਥਾਰ ਨੂੰ ਜਾਣ ਸਕੇ । ਪਰ ---**ਜੇ ਕੋ ਆਖੈ ਬੋਲੁ ਵਿਗਾੜੁ ॥ ਤਾ ਲਿਖੀਐ, ਸਿਰਿ ਗਾਵਾਰਾ ਗਾਵਾਰੁ ॥ ੨੬ ॥** ਪ੍ਰਭੂ ਦੀ ਸਿਰਜਣਾ ਦੇ ਕਿਸੇ ਵੀ ਪੱਖ ਦਾ ਹਿਸਾਬ ਦੱਸਣ ਦੀ ਗੱਪ ਮਾਰਨ ਵਾਲਾ ਮੂਰਖਾਂ ਸਿਰ ਮੂਰਖ ਸਮਝਿਆ ਜਾਂਦਾ ਹੈ । ਨਿਆਰੇ ਸਿੱਖੀ ਸਿਧਾਂਤ ਦੇ ਜਨਮ ਦਾਤਾ, ਨਿਆਰੇ ਸ੍ਰੀ ਗੁਰੁ ਨਾਨਕ ਸਾਹਿਬ ਜੀ ਨੇ, ਹਜ਼ਾਰਾਂ ਸਾਲਾਂ ਤੋਂ ਪਰਚਲਤ ਹੋ ਚੁੱਕੇ ਜਪਾਂ ਤਪਾਂ ਦੁਆਰਾ ਸਿੱਧੀਆਂ ਪ੍ਰਾਪਤ ਕਰਨ ਦੀ ਰੁਚੀ ਨੂੰ ਬੜੇ ਸੁੰਦਰ ਅਤੇ ਅਸਰਦਾਰ ਢੰਗ ਨਾਲ **ਖੰਡਨਾਂ** ਕਰਦਿਆਂ ਉਚੇਚਾ ਫੁਰਮਾਨ ਸਾਦਰ ਫ਼ੁਰਮਾਇਆ:--

੩੬- **ਕੋਟਿ ਕੋਟੀ ਮੇਰੀ ਆਰਜਾ, ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ, ਸੁਪਨੈ ਸਉਣ ਨ ਥਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥ ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸਣਿ ਆਖਣੁ**
**ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ ਕੁਸਾ ਕਟੀਆ ਵਾਰ ਵਾਰ, ਪੀਸਣਿ ਪੀਸਾ ਪਾਇ ॥ ਅਗੀ ਸੇਤੀ**
**ਜਾਲੀਆ, ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ, ਹਉ ਕੇਵਡੁ ਆਖਾ ਨਾਉ ॥ ੨ ॥ ਪੰਖੀ ਹੋਇ ਕੈ**
**ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ**
**ਹਉ ਕੇਵਡੁ ਆਖਾ ਨਾਉ ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ**
**ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੪ ॥**[੧੪]-੨

**ਅਰਥ**:--ਜੇ ਮੇਰੀ ਉਮਰ ਕ੍ਰੋੜਾਂ ਹੀ ਸਾਲਾਂ ਦੀ ਹੋ ਜਾਏ (ਜਿਵੇਂ--**ਜੇ ਜੁਗ ਚਾਰੇ ਆਰਜਾ, ਹੋਰ ਦਸੂਣੀ ਹੋਇ ॥** ਜਪੁ--ਪਉੜੀ-7) ਜੇ ਹਵਾ ਮੇਰਾ ਖਾਣਾ-ਪੀਣਾ ਹੋਵੇ (ਜੇ ਕੋਈ ਮਨੁੱਖ ਅੰਨ ਖਾਣਾ ਛੱਡ ਕੇ ਕੇਵਲ ਹਵਾ ਦੇ ਆਸਰੇ ਜੀਊਣ ਦੀ ਸ਼ਕਤੀ ਪ੍ਰਾਪਤ ਕਰ ਲਵੇ), ਜੇ (ਕਿਸੇ) ਗੁਫ਼ਾ ਵਿਚ (ਬੈਠਾ ਰਹਿ ਕੇ) ਚੰਦ ਅਤੇ ਸਦੂਰਜ ਦੋਹਾਂ ਨੂੰ ਹੀ ਕਦੇ ਨਾ ਵੇਖਾਂ (ਭਾਵ, ਜੇ ਕੋਈ ਅਖੰਡ ਸਮਾਧੀ ਲਈ ਰੱਖਣ ਵਾਲਾ ਬੜਾ ਵਡਾ ਤਪੀ ਵੀ ਬਣ ਜਾਵੇ), ਜੇ ਸੁਪਨੇ ਵਿਚ ਵੀ ਸੌਣ ਦੀ ਥਾਂ ਨਾ ਮਿਲੇ (ਜੇ ਕੋਈ, ਕਦੇ ਵੀ ਨਾਂ ਸੌਣ ਦੀ ਸ਼ਕਤੀ ਵਾਲਾ ਬਣ ਜਾਵੇ ਅਤੇ ਲਗਾਤਾਰ ਤੇਰੀ ਬੇਅੰਤਤਾਈ ਬਾਰੇ ਵਿਚਾਰਾਂ ਕਰਦਾ ਹੀ ਰਹੇ) ਤਾਂ ਵੀ (ਹੇ ਪ੍ਰਭੂ ! ਇਤਨੀਆਂ ਲੰਮੀਆਂ ਸਮਾਧੀਆਂ ਲਾ ਕੇ ਵੀ) ਮੈਥੋਂ ਤੇਰਾ ਮੁੱਲ ਨਹੀਂ ਪੈ ਸਕਦਾ (ਤੇਰੇ ਬਰਾਬਰ ਦਾ ਕੋਈ ਦੂਜਾ ਨਹੀਂ ਲੱਭਿਆ ਜਾ ਸਕਦਾ), ਮੈਂ ਤੇਰੀ ਕਿੰਨੀ ਕੁ ਵਡਿਆਈ ਦੱਸਾਂ ? (ਮੈਂ ਤੇਰੀ ਵਡਿਆਈ ਦੱਸਣ ਜੋਗਾ ਨਹੀਂ ਬਣ ਸਕਦਾ) **। ੧ ।** ਸਦਾ ਰਹਿਣ ਵਾਲਾ ਨਿਰਅਕਾਰ ਪਰਮਾਤਮਾ ਆਪਣੇ ਆਪ ਵਿਚ ਟਿਕਿਆ ਹੋਇਆ ਹੈ (ਉਸ ਨੂੰ ਕਿਸੇ ਹੋਰ ਦੇ ਆਸਰੇ ਦੀ, ਕਿਸੇ ਦੂਜੇ ਦੀ ਸਹਾਇਤਾ ਦੀ, ਕੋਈ ਮੁਥਾਜੀ ਨਹੀਂ ਹੈ।

ਅਸੀਂ ਜੀਵ ਇੱਕ ਦੂਜੇ ਤੋਂ) ਸੁਣ ਸੁਣ ਕੇ ਹੀ (ਉਸ ਦੀ ਬਜ਼ੁਰਗੀ ਦਾ) ਕਥਨ ਕਰ ਦਿੰਦੇ ਹਾਂ । (ਪਰ ਇਹ ਕੋਈ ਨਹੀਂ ਦੱਸ ਸਕਦਾ ਕਿ ਉਹ ਕਿਤਨਾ ਕੁ ਵੱਡਾ ਹੈ।) ਏਥੋਂ ਤੱਕ ਕਿ (ਜੀਵ ਦੇ ਅੰਦਰ ਆਪਣੀ ਸਿਫਤਿ-ਸਾਲਾਹ ਦੀ) ਤਾਂਘ ਵੀ ਉਹ ਆਪ ਹੀ ਪੈਦਾ ਕਰਦਾ ਹੈ **। ੧ । ਰਹਾਉ ।**

ਭਾਵ, ਸਤਿਗੁਰੂ ਨਾਨਕ ਸਾਹਿਬ ਜੀ ਦਾ ਸਪੱਸ਼ਟ ਫਤਵਾ ਹੈ ਕਿ ਜਿੰਨੀ ਮਰਜ਼ੀ ਹੈ ਸਾਂਇੰਸ ਤਰੱਕੀ ਕਰੀ ਜਾਵੇ ਉਸ ਸਿਰਜਣਹਾਰ ਦੀ ਸਿਰਜਣਾਂ ਦੇ ਵਿਸਥਾਰ ਦਾ ਅੰਤ ਨਾ ਕਿਸੇ ਨੇ ਲੱਭਾ ਹੈ ਅਤੇ ਨਾ ਹੀ ਉਸ ਅਪਾਰ ਦਾ ਪਾਰਲਾ ਬੰਨਾ ਕਦੇ ਕਿਸੇ ਨੂੰ ਲੱਭ ਹੀ ਸਕੇਗਾ ।

ਜੇ (ਤਪਾਂ ਦੇ ਕਸ਼ਟ ਦੇ ਦੇ ਕੇ ਆਪਣੇ ਸਰੀਰ ਨੂੰ ) ਮੈ ਕੁਹ ਸੁਟਾਂ, ਮੁੜ ਮੁੜ ਰਤਾ ਰਤਾ ਕਟਾ ਦਿਆਂ, ਚੱਕੀ ਵਿਚ ਪਾ ਕੇ ਪੀਹ ਦਿਆਂ, ਅੱਗ ਨਾਲ ਸਾੜ ਸੁੱਟਾਂ, ਤੇ (ਆਪਣੇ ਆਪ ਨੂੰ) ਸੁਆਹ ਨਾਲ ਰਲਾ ਦਿਆਂ । ਜੇ ਮੈਂ ਪੰਛੀ ਬਣ ਕੇ ਉੱਡ ਸਕਾਂ ਤੇ ਸੈਂਕੜੇ ਅਸਮਾਨਾਂ ਤਕ ਪਹੁੰਚ ਸਕਾਂ, ਜੇ ( ਉੱਡ ਕੇ ਇਤਨਾ ਉੱਚਾ ਚਲਾ ਜਾਵ ਕਿ) ਮੈਂ ਕਿਸੇ ਨੂੰ ਦਿੱਸ ਨਾ ਸਕਾਂ, ਖਾਵਾਂ ਪੀਵਾਂ ਵੀ ਕੁਝ ਨਾ। (ਇਤਨੀ ਪਹੁੰਚ ਰੱਖਦਾ ਹੋਇਆ) ਵੀ (ਹੇ ਪ੍ਰਭ ! ਮੈ ਤੇਰਾ ਮੁੱਲ ਨਹੀਂ ਪਾ ਸਕਦਾ, ਮੈ ਤੇਰੀ ਵਡਿਆਈ ਦੱਸਣ ਜੋਗਾ ਨਹੀਂ ਹਾਂ **।੨+੩।**

ਸਤਿਗੁਰਾਂ ਦੇ ਉਪਦੇਸ਼-ਢੰਗ ਦੀ ਨਿਆਰੀ ਸੁੰਦਰਤਾ ਹੈ ਕਿ, ਹਜ਼ਾਰਾਂ ਸਾਲਾਂ ਤੋਂ ਪਰਚਲਤ ਕਠਨ ਜਪਾਂ ਤਪਾਂ ਦੁਆਰਾ ਜਿੰਨ੍ਹਾਂ ਸਿੱਧੀਆਂ ਦੀ ਪਰਾਪਤੀ ਲਈ ਸਿੱਧ ਲੋਕ ਆਪਣੇ ਸਰੀਰ ਨੂੰ ਗਾਲ ਸਾੜ ਰਹੇ ਸਨ ਉਹ ਸਾਰਾ ਕੁਝ ਸਤਿਗੁਰਾਂ ਨੇ ਆਪਣੇ ਪਾਵਨ ਸਰੀਰ ਤੇ ਘਟਦਾ ਦਰਸਾ ਕੇ ਉਨ੍ਹਾਂ ਸਾਰੀਆਂ ਸਮਾਧੀਆਂ ਅਤੇ ਸਾਰੇ ਜਪਾਂ ਤਪਾਂ ਨੂੰ ਨਿਸਫਲ ਦਰਸਾਇਆ ਹੈ ਤਾਂ ਜੋ ਮੁਲਖ ਮਨੁੱਖ ਅਜੇਹੇ ਕੋਝੇ ਯਤਨਾਂ ਤੋਂ ਬਚਿਆ ਰਹੇ। ਨਾਲ ਹੀ ਸਤਿਗੁਰਾਂ ਨੇ ਫ਼ਤਵਾ ਦਿੱਤਾ ਹੈ ਕਿ ਪ੍ਰਭੂ ਦੀ ਬਰਾਬਰੀ ਦਾ ਸੁਪਨਾਂ ਲੈਣਾ ਤਾਂ ਦੂਰ ਦੀ ਗੱਲ ਹੈ, ਉਸ ਦੀ ਸਿਰਜਣਾ ਦੇ ਵਿਸਥਾਰ ਦਾ ਅਥਵਾ ਉਸ ਦੀ ਬੇਅੰਤਤਾਈ ਦਾ ਅੰਤ ਵੀ ਕਦੇ ਕੋਈ ਨਹੀਂ ਪਾ ਸਕਦਾ । ਅੰਤਲੀ ਤੁਕ:--

(ਸਤਿਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ)-- (ਹੇ ਪ੍ਰਭੂ ! ਜੇ ਮੇਰੇ ਪਾਸ ਤੇਰੀ ਵਡਿਆਈ ਨਾਲ ਭਰੇ ਹੋਏ) ਲੱਖਾਂ ਮਣਾਂ ਕਾਗ਼ਜ਼ ਹੋਣ, ਉਨ੍ਹਾਂ ਨੂੰ ਮੁੜ ਮੁੜ ਕੇ ਵਿਚਾਰ ਵੀ ਕੀਤੀ ਜਾਵੇ, ਜੇ (ਤੇਰੀ ਵਡਿਆਈ ਲਿਖਣ ਵਾਸਤੇ) ਮੈਂ ਹਵਾ ਨੂੰ ਕਲਮ ਬਣਾ ਲਵਾਂ (ਲਿਖਦਿਆਂ ਲਿਖਦਿਆਂ) ਸਿਆਹੀ ਦੀ ਵੀ ਤੋਟ ਨਾ ਆਵੇ, ਤਾਂ ਵੀ (ਹੇ ਪ੍ਰਭੂ !) ਮੈ ਤੇਰਾ ਮੁੱਲ ਨਹੀਂ ਪਾ ਸਕਦਾ, ਮੈ ਤੇਰੀ ਵਡਿਆਈ ਦੱਸਣ ਜੋਗਾ ਨਹੀਂ ਹਾਂ । ੪ ।

ਏਸੇ ਸੰਬੰਧ ਵਿਚ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ :--

੩੭- **... ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥**

**ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਨ ਸਰਨ ॥ ੪ ॥**[੪੫੮]-੫-੮

**ਅਰਥ**:--ਜੇ ਸਾਰੀ ਧਰਤੀ ਕਾਗ਼ਜ਼ ਬਣ ਜਾਏ, ਜੇ ਸਾਰੀ ਬਨਾਸਪਤੀ ਕਲਮ ਬਣ ਜਾਏ, ਤੇ ਜੇ ਹਵਾ ਲਿਖਣ ਵਾਸਤੇ (ਲਿਖਾਰੀ) ਬਣ ਜਾਏ, ਤਾਂ ਵੀ ਬੇਅੰਤ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ । (ਮੈਂ ਅਜੇਹੇ ਬੇਅੰਤ ਪ੍ਰਭੂ ਦੇ) ਚਰਨਾਂ ਦਾ ਆਸਰਾ ਲਿਆ ਹੋਇਆ ਹੈ । ੪ ।

ਪ੍ਰਭੂ ਦੀ ਬੇਅੰਤਤਾਈ ਦਰਸਾਉਣ ਲਈ ਕਬੀਰ ਸਾਹਿਬ ਜੀ ਦਾ ਫ਼ੁਰਮਾਨ ਵੀ ਲੱਗ ਪੱਗ ਏਸੇ ਤਰ੍ਹਾਂ ਦਾ ਹੀ ਹੈ:--

੩੮- **ਕਬੀਰ ਸਾਤ ਸਮੁੰਦਹਿ ਮਸੁ ਕਰਉ, ਕਲਮ ਕਰਉ ਬਨਰਾਇ ॥**

**ਬਸੁਧਾ ਕਾਗਦੁ ਜਉ ਕਰਉ, ਹਰਿ ਜਸੁ ਲਿਖਨੁ ਨ ਜਾਇ ॥ ੮੧ ॥**[੧੩੬੮]

**ਅਰਥ**:--ਜੇ ਮੈਂ ਸੱਤਾਂ ਸਮੁੰਦ੍ਰਾਂ (ਦੇ ਪਾਣੀ) ਨੂੰ ਸਿਆਹੀ ਬਣਾ ਲਵਾਂ, ਸਾਰੇ ਰੁੱਖਾਂ ਦੀਆ ਕਲਮਾਂ ਘੜ ਲਵਾਂ, ਸਾਰੀ ਧਰਤੀ ਨੂੰ ਕਾਗਜ਼ ਦੇ ਥਾਂ ਵਰਤਾਂ, ਤਾਂ ਵੀ ਪ੍ਰਭੂ ਦੇ ਗੁਣ (ਪੂਰਨ ਤੌਰ ਤੇ) ਲਿਖੇ ਨਹੀਂ ਜਾ ਸਕਦੇ ।

ਆਸਾ ਰਾਗ ਵਿਚ ਪ੍ਰਿਥਮ ਸਤਿਗੁਰੂ ਨਾਨਕ ਸਾਹਿਬ ਜੀ ਦਾ ਇਕ ਫ਼ੁਰਮਾਨ ਇਹ:--

੩੯- **ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥**

**ਕਥਨੀ ਬਦਨੀ ਪੜਿ੍ ਪੜਿ੍ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥ ੧ ॥**[੪੧੨]-੩

**ਅਰਥ**:--(ਪਰਮਾਤਮਾ ਦੇ ਸਰੂਪ ਬਾਰੇ) ਅਣਗਿਣਤ (ਵਿਚਾਰ-ਭਰੇ) ਲੇਖ ਲਿਖ ਲਿਖ ਕੇ (ਲਿਖਣ ਵਾਲਿਆਂ ਦੇ ਮਨ ਵਿਚ ਆਪਣੀ ਵਿਦਿਆ ਤੇ ਵਿਚਾਰਸ਼ਕਤੀ ਦਾ) ਮਾਣ ਹੀ (ਪੈਦਾ ਹੁੰਦਾ ਹੈ) । ਬੇਸ਼ੱਕ ਅਣਗਿਣਤ ਲੇਖ ਲਿਖੇ ਜਾਣ, ਪਰਮਾਤਮਾ ਦਾ ਸਰੂਪ ਬਿਆਨ ਤੋਂ, ਲੇਖ ਤੋਂ ਪਰੇ ਹੈ, ਉਸ ਦੇ ਗੁਣਾ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ । ਉਸ ਦੇ ਗੁਣ ਕਹਿਣ ਨਾਲ ਬੋਲਣ ਨਾਲ ਤੇ ਮੁੜ ਮੁੜ ਪੜ੍ਹ ਕੇ ਵੀ) ਮਨ ਉਤੇ ਹਉਮੈ ਦਾ) ਭਾਰ ਹੀ ਵਧਦਾ ਹੈ । (ਪਰ ਹਾਂ) ਜੇ ਮਨੁੱਖ ਦਾ ਮਨ ਪਰਮਾਤਮਾ ਦੀਆਂ ਵਡਿਆਈਆਂ ਦੀ ਯਾਦ ਵਿਚ ਗਿੱਝ ਜਾਏ, ਜੇ ਮਨੁੱਖ ਦੀ ਸੁਰਤਿ ਵਿਚ ਸਦਾ-ਥਿਰ ਪ੍ਰਭੂ ਟਿਕ ਜਾਏ ਤਾਂ ਬੱਸ ! ਇਹੀ ਹੈ ਅਸਲ ਲੇਖ ਹੈ (ਜੋ ਉਸ ਨੂੰ ਪਰਵਾਨ ਹੈ) । ੧ ।

ਗੁਰਮਤਿ ਦਾ ਅਟੱਲ ਸਿੱਧਾਂਤ ਹੈ ਕਿ, ਪ੍ਰਭੂ ਦੀਆਂ ਵਡਿਆਈ ਦੀ ਕੀਮਤ ਨਹੀਂ ਪਾਈ ਜਾ ਸਕਦੀ, ਉਸ ਦਾ ਜੱਸ ਲਿਖਿਆ ਨਹੀਂ ਜਾ ਸਕਦਾ ਹੈ--**ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ ।।**[੭੫੬] ਏਸੇ ਸਿਧਾਂਤ ਨੂੰ ਹੋਰ ਵੀ ਦ੍ਰਿੜ ਕਰ ਲਈਏ---

੪੦- **ਤੂ ਅਗਮ ਦਇਆਲੁ ਬੇਅੰਤੁ, ਤੇਰੀ ਕੀਮਤਿ ਕਹੈ ਕਉਣੁ ॥ ਤੁਧੁ ਸਿਰਜਿਆ ਸਭੁ ਸੰਸਾਰੁ ਤੂ ਨਾਇਕੁ ਸਗਲ ਭਉਣ ॥ ਤੇਰੀ ਕੁਦਰਤਿ ਕੋਇ ਨ ਜਾਣੈ ਮੇਰੇ ਠਾਕੁਰ ਸਗਲ ਰਉਣ ॥ ਤੁਧੁ ਅਪੜਿ ਕੋਇ ਨ ਸਕੈ ਤੂ ਅਬਿਨਾਸੀ ਜਗ ਉਧਰਣ ॥ ਤੁਧੁ ਥਾਪੇ ਚਾਰੇ ਜੁਗ ਤੂ ਕਰਤਾ ਸਗਲ ਧਰਣ ॥ ਤੁਧੁ ਆਵਣ ਜਾਣਾ ਕੀਆ ਤੁਧੁ ਲੇਪੁ ਨ ਲਗੈ ਤ੍ਰਿਣ ॥ ਜਿਸੁ ਹੋਵਹਿ ਆਪਿ ਦਇਆਲੁ ਤਿਸੁ ਲਾਵਹਿ ਸਤਿਗੁਰ ਚਰਣ ॥ ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ ॥ ੨ ॥**[੧੦੯੪-੯੫]-ਵਾ-੨

**ਅਰਥ**:--ਹੇ ਪ੍ਰਭੂ ! ਤੂੰ ਅਪਹੁੰਚ, ਦਇਆਲ ਅਤੇ ਬੇਅੰਤ ਹੈਂ । ਕੋਈ ਜੀਵ ਤੇਰਾ ਮੁੱਲ ਨਹੀਂ ਪਾ ਸਕਦਾ । ਇਹ ਸਾਰਾ ਜਗਤ ਤੂੰ ਹੀ ਪੈਦਾ ਕੀਤਾ ਹੈ, ਤੇ ਸਾਰੇ ਭਵਨਾਂ ਦਾ ਤੂੰ ਹੀ ਮਾਲਕ ਹੈਂ । ਹੇ ਮੇਰੇ ਸਰਬ-ਵਿਆਪਕ ਮਾਲਕ ! ਕੋਈ ਜੀਵ ਤੇਰੀ ਤਾਕਤ ਦਾ ਅੰਦਾਜ਼ਾ ਨਹੀਂ ਲਾ ਸਕਦਾ । ਹੇ ਪ੍ਰਭੂ ! ਸਾਰੀਆਂ ਧਰਤੀਆਂ ਤੂੰ ਹੀ ਬਣਾਈਆਂ ਹਨ ਇਹ ਚਾਰੇ ਜੁੱਗ (ਸਮਾ ਅਤੇ ਸਮੇਂ ਦੀ ਵੰਡ ਦੇ ਹਿਸਾਬ) ਤੇਰੇ ਹੀ ਬਣਾਏ ਹੋਏ ਹਨ । (ਜੀਵਾਂ ਵਾਸਤੇ) ਜਨਮ ਮਰਨ ਦਾ ਗੇੜ ਤੂੰ ਹੀ ਬਣਾਇਆ ਹੈ, (ਪਰ ਇਸ ਜਨਮ ਮਰਨ ਦੇ ਗੇੜ ਦਾ) ਰਤਾ ਵੀ ਪ੍ਰਭਾਵ ਤੇਰੇ ਉਤੇ ਨਹੀਂ ਪੈਂਦਾ । ਹੇ ਪ੍ਰਭੂ ! ਜਿਸ ਉਤੇ ਤੂੰ ਦਿਆਲ ਹੁੰਦਾ ਹੈਂ ਉਸ ਨੂੰ ਗੁਰੂ ਦੀ ਚਰਨੀ ਲਾਉਂਦਾ ਹੈ (ਕਿਉਂਕਿ) ਹੇ ਸ੍ਰਿਸ਼ਟੀ-ਕਰਤਾ ਅਬਿਨਾਸ਼ੀ ਪ੍ਰਭੂ ! (ਗੁਰੂ ਦੀ ਸਰਨ ਤੋਂ ਬਿਨਾ) ਹੋਰ ਕਿਸੇ ਵੀ ਉਪਾਵ ਨਾਲ ਤੂੰ ਮਿਲ ਨਹੀਂ ਸਕਦਾ । ੨ ।

ਸ੍ਰਿਸ਼ਟੀ ਦੀ ਸਿਰਜਣਾ ਅਤੇ ਖੈ ਆਦਿ ਕਰਨ ਵਿਚ ਕੇਵਲ ਪਰਮਾਤਮਾ ਦੀ ਸੱਤਿਆ ਦਾ ਵਿਸ਼ਵਾਸ਼ ਲੋਕਾਂ ਦੇ ਮਨਾਂ ਵਿਚ ਪੱਕਾ ਕਰਨ ਦੇ ਥਾਂ ਚਪਲ ਬੁੱਧੀ ਬ੍ਰਾਹਮਣ ਨੇ ਅਗਿਆਨੀ ਮਨੁੱਖ ਦੇ ਮਨ ਵਿਚ, ਬ੍ਰਹਮਾ ਬਿਸ਼ਨ ਮਹੇਸ਼ ਆਦਿ ਭਗਵਾਨਾਂ ਦੀਆਂ ਅੱਡ ਅੱਡ ਸ਼ਕਤੀਆਂ ਦਾ ਭਰਮ ਪੱਕਾ ਕਰ ਦਿੱਤਾ ਹੋਇਆ ਸੀ । ਹਜ਼ਾਰਾਂ ਸਾਲਾਂ ਤੋਂ ਬਣੇ ਹੋਏ ਅਤੇ ਕਈ ਪੀੜ੍ਹੀਆਂ ਤੋਂ ਸੰਸਕਾਰਾਂ ਦਾ ਹਿੱਸਾ ਬਣੀ ਆ ਰਹੇ ਉਸ ਭਰਮ ਨੂੰ ਦੂਰ

ਕਰਕੇ ਮਨੁੱਖ ਨੂੰ ਕੇਵਲ ਇੱਕ ਪਰਮਾਤਮਾ ਦੀ ਅਪਾਰ ਸ਼ਕਤੀ ਦਾ ਉਪਾਸ਼ਕ ਬਣਾਉਣ ਲਈ, ਸਤਿਗੁਰਾਂ ਨੇ ਬ੍ਰਾਹਮਣੀ ਵਿਸ਼ਵਾਸ਼ ਵਾਲੇ ਇੱਕ ਬ੍ਰਹਮਾ, ਇਕ ਵਿਸ਼ਨੂੰ, ਇੱਕ ਸ਼ਿਵ ਆਦਿ, ਦੇ ਥਾਂ ਕਰੋੜਾ ਅਜੇਹੇ ਦੇਵਤੇ ਅਤੇ ਕਥਿਤ ਭਗਵਾਨ ਉਸ ਪ੍ਰਭੂ ਦੀ ਸਿਰਜਣਾ ਵਿਚ ਵਿਚਰਦੇ ਦਰਸਾਏ ਹਨ । ਹੇ ਦੁਨੀਆਂ ਦੇ ਲੋਕੋ ! ਤੁਸੀ ਕਿਸ ਬਿਸ਼ਨ ਦੀ ਗੱਲ ਕਰਦੇ ਹੋ ? ਕਿਸ ਬ੍ਰਹਮਾ ਅਤੇ ਇੰਦਰ ਆਦਿ ਦੀ ਪੂਜਾ ਕਰ ਰਹੇ ਹੋ ? ਪ੍ਰਭੂ ਦੀ ਸਿਰਜਣਾ ਵਿਚ ਤਾਂ ਇਨ੍ਹਾਂ ਨਾਵਾਂ ਵਾਲੇ ਕ੍ਰੋੜਾਂ ਹੀ, ਪ੍ਰਾਣੀ ਸੇਵਾ ਵਿਚ ਲੱਗੇ ਹੋਏ ਵਿਚਰ ਰਹੇ ਹਨ । ਪ੍ਰਭੂ-ਰਚਨਾ ਦੀ ਬੇਅੰਤ-ਤਾਈ ਦਰਸਾਉਣ ਦੇ ਨਾਲ, ਭਗਵਾਨਾਂ ਅਥਵਾ ਦੇਵੀ ਦੇਵਤਿਆਂ ਦੀ ਅੱਡਰੀ ਹੋਂਦ ਨੂੰ ਮੰਨਣ ਵਾਲੇ ਭਰਮ ਦਾ ਨਾਸ ਕਰਨ ਲਈ, ਨਿਆਰਾ ਅਤੇ ਮਨਹੋਣਾ ਉਪਦੇਸ਼-ਢੰਗ ਵਰਤਦਿਆਂ ਸਤਿਗੁਰਾਂ ਨੇ ਇਸ ਪ੍ਰਕਾਰ ਫ਼ੁਰਮਾਨ ਕੀਤਾ :----

੪੧- **ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥ ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥ ੧ ॥ ਐਸੋ ਧਣੀ ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥ ੧ ॥ ਰਹਾਉ ॥ ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥ ਕੋਟਿ ਉਪਾਰਜਨਾ ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥ ੨ ॥ ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ ਹੈ ਦੁਆਰ ॥ ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥ ੩ ॥ ਕੋਟਿ ਪੂਰੀਅਤ ਹੈ ਜਾ ਕੈ ਨਾਦ ॥ ਕੋਟਿ ਅਖਾਰੇ ਚਲਿਤ ਬਿਸਮਾਦ ॥ ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥ ੪ ॥ ਕੋਟਿ ਤੀਰਥ ਜਾ ਕੇ ਚਰਨ ਮਝਾਰ ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥ ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥ ੫ ॥ ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥ ਕੋਟਿ ਪਰਲਉ ਓਪਤਿ ਨਿਮਖ ਮਾਹਿ ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥ ੬ ॥ ਕੋਟਿ ਗਿਆਨੀ ਕਥਹਿ ਗਿਆਨੁ ॥ ਕੋਟਿ ਧਿਆਨੀ ਧਰਤ ਧਿਆਨੁ ॥ ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੁੋਨਿ ਮਹਿ ਰਹਤੇ ॥ ੭ ॥ ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥ ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥ ੮ ॥**[੧੧੫੬-੫੭]-੨-੫

ਧਿਆਨ ਦੇਣ ਵਾਲੀ ਗੱਲ ਇਹ ਹੈ, ਕਿ ਬ੍ਰਾਹਮਣੀ ਲਿਖਤਾਂ ਅਨੁਸਾਰ ਬ੍ਰਹਮਾ ਕੇਵਲ ਇੱਕ ਹੈ, ਏਸੇ ਤਰ੍ਹਾਂ, ਮਹੇਸ਼, ਅੰਸਾ ਅਵਤਾਰ, ਇੰਦ੍ਰ, ਕਾਮਧੇਨ ਗਊ ਅਥਵਾ ਪਾਰਜਾਤ ਰੁੱਖ ਸਭ ਇੱਕ ਇੱਕ ਹੀ ਹਨ ਪਰ ਸਤਿਗੁਰਾਂ ਨੇ ਇਹ ਵੀ ਅਨੇਕਾਂ ਲਿਖੇ ਹਨ । ਏਸੇ ਤਰ੍ਹਾਂ ਪੁਰਾਣਕ ਲਿਖਤਾਂ ਵਿਚ ਸੂਰਜ ਚੰਦ ਧਰਤੀ ਅਕਾਸ਼ ਇੱਕ ਇੱਕ ਹਨ ਅਤੇ ਵੇਦ ਚਾਰ ਹਨ । ਪਰ ਗੁਰਦੇਵ ਜੀ ਅਨੁਸਾਰ ਅਗੰਮ ਪ੍ਰਭੂ ਦੀ ਅਥਾਹ ਰਚਨਾਂ ਵਿਚ ਇਨ੍ਹਾਂ ਦੀ ਗਿਣਤੀ ਦਾ ਪਤਾ ਕੋਈ ਨਹੀਂ ਲੱਗ ਸਕਦਾ । ( ਨੋਟ:--ਪੁਸਤਕ ਦੇ ਪਹਿਲੇ ਭਾਗ ਵਿਚ ਵੀ ਸਪੱਸ਼ਟ ਕੀਤਾ ਜਾ ਚੁੱਕਿਆ ਹੈ ਕਿ, ਗੁਰਬਾਣੀ ਵਿਚ ਆਏ ਹਿੰਦੂਆਂ ਦੇ ਅਵਤਾਰਾਂ ਨੂੰ ਜਾਂ ਦੇਵੀ ਦੇਵਤਿਆਂ ਦੀ ਅੱਡਰੀ ਹੋਂਦ ਨੂੰ ਗੁਰਮਤਿ ਨਹੀਂ ਮੰਨਦੀ । ਗੁਰਬਾਣੀ ਵਿਚ ਇਨ੍ਹਾਂ ਦੇ ਆਏ ਜ਼ਿਕਰ ਦੀ ਅਸਲੀਯਤ ਸਮਝਣ ਦਾ ਯਤਨ ਤਿਆਗ ਕੇ ਉਨ੍ਹਾਂ ਦੀ ਹੋਂਦ ਦੀ ਤਸਦੀਕ ਹੋਈ ਮੰਨ ਲੈਣੀ ਕੋਝੀ ਮਨ-ਮਤ ਹੈ । ਗਹੁ ਨਾਲ ਵਿਚਾਰੀਏ ਤਾਂ ਹਰ ਥਾਂ ਦੇਵੀ ਦੇਵਤਿਆਂ ਨੂੰ ਉਨ੍ਹਾਂ ਦੀਆਂ ਕਥਿਤ ਸ਼ਕਤੀਆਂ ਤੋਂ ਸੱਖਣੇ ਅਥਵਾ ਮਨੁੱਖ ਤੋਂ ਵੀ ਨੀਂਵੀ ਪੱਧਰ ਤੇ ਖੜੇ ਦਰਸਾਇਆ ਹੈ --**ਇਸ ਦੇਹੀ ਕਉ ਸਿਮਰੇ ਦੇਵ** । ਮਨੁਖਾ ਦੇਹੀ ਲਈ ਦੇਵਤੇ ਵੀ ਤਰਸਦੇ ਕਿਸ ਕਾਰਨ ਦਰਸਾਏ ਹਨ ? ਇਸ ਭੇਤ ਨੂੰ ਸਮਝਣਾ ਹੈ)

੪੨- **ਅਗਮ ਅਗਾਧਿ ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥ ੧ ॥ ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥ ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥ ੧ ॥ ਮਿਤਿ ਨਾਹੀ ਜਾ ਕਾ ਬਿਸਥਾਰੁ ॥ ਸੋਭਾ ਤਾ ਕੀ ਅਪਰ ਅਪਾਰ ॥ ਅਨਿਕ ਰੰਗ ਜਾ ਕੇ ਗਨੇ ਨਾ ਜਾਹਿ ॥ ਸੋਗ ਹਰਖ ਦੁਹਹੂ ਮਹਿ ਨਾਹਿ ॥ ੨ ॥ ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥ ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥ ੩ ॥ ਅਨਿਕ ਪਵਨ ਪਾਵਕ ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ ਖੀਰ ॥ ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥ ੪ ॥ ਅਨਿਕ ਬਸੁਧਾ ਅਨਿਕ ਕਾਮਧੇਨ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥ ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥ ੫ ॥ ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥ ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥ ੬ ॥ ਅਨਿਕ ਧਰਮ ਅਨਿਕ ਕੁਮੇਰ ॥ ਅਨਿਕ ਬਰਨ ਅਨਿਕ ਕਨਿਕ ਸੁਮੇਰ ॥ ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਰਬ੍ਰਹਮ ਕਾ ਅੰਤੁ ਨ ਤੇਹਿ ॥ ੭ ॥ ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥ ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥ ੮ ॥ ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥ ਅਨਿਕ ਪਰਲਉ ਅਨਿਕ ਉਤਪਾਤਿ ॥ ਅਨਿਕ ਜੀਅ ਜਾ ਕੇ ਗ੍ਰਿਹ ਮਹਿ ॥ ਰਮਤ ਰਾਮ, ਪੂਰਨ ਸ੍ਰਬ ਠਾਂਇ ॥ ੯ ॥ ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥ ਅਨਿਕ ਧੁਨਿਤ ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥ ੧੦ ॥ ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ ॥ ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥ ੧੧ ॥ ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥ ਅਪਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥ ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥ ੧੨ ॥**[੧੨੩੫/੩੬]-੧-੨-੨-੩-੭

**ਪਦ ਅਰਥ:**--ਅਗਮ ਕਥਾ=ਅਪਹੁੰਚ ਪ੍ਰਭੂ ਦੀ ਸਿਫ਼ਤਿ ਸਾਲਾਹ । ਅਗਾਧਿ=ਅਥਾਹ । ਸਭਾ--ਕਚਹਿਰੀ । **੧ । ਰਹਾਉ ।** ਪਰਗਾਸੁ=ਚਾਨਣ ।ਅੰਜਨੁ=ਆਤਮਕ ਜੀਵਨ ਦੀ ਸੂਝ ਦਾ ਸੁਰਮਾ **।੧।** ਮਿਤ=ਹੱਦ-ਬੰਨਾ, ਅੰਦਾਜ਼ਾ, ਮਾਪ । ਬਿਸਥਾਰੁ=ਜਗਤ-ਪਸਾਰਾ । ਅਪਰ=ਪਰੇ ਤੋਂ ਪਰੇ [ਅ-ਪਰ]। ਰੰਗ=ਕੌਤਕ, ਚੋਜ-ਤਮਾਸ਼ੇ । ਸੋਗ=ਗ਼ਮ । ਹਰਖ=ਖ਼ੁਸ਼ੀ **।੨** । ਬੈਸਿ=ਬੈਠ ਕੇ । ਅੰਸਾ ਅਵਤਾਰ=ਉਹ ਅਵਤਾਰ ਜਿੰਨ੍ਹਾਂ ਵਿਚ ਪਰਮਾਤਮਾ ਦੀ ਥੋੜ੍ਹੀ ਕੁ ਆਤਮਕ ਤਾਕਤ ਉਤਰੀ ਹੋਵੇ । ਊਭੇ=ਖਲੋਤੇ ਹੋਏ **।੩।** ਪਾਵਕ=ਅੱਗ । ਦਧਿ-ਦਹੀਂ । ਖੀਰ=ਦੁੱਧ । ਸੂਰ=ਸੂਰਜ । ਸਸੀਅਰ=ਚੰਦ੍ਰਮਾ । ਨਖਿਆਤਿ=ਤਾਰੇ **।੪।** ਬਸੁਧਾ=ਧਰਤੀ । ਕਾਮਧੇਨ=ਕਾਮਨਾਂ ਪੂਰੀਆਂ ਕਰਨ ਵਾਲੀਆਂ

ਗਾਈਆਂ । ਪਾਰਜਾਤ=ਸਵਰਗ ਦਾ ਇੱਕ ਰੁੱਖ ਜੋ ਮਨ-ਮੰਗੀਆਂ ਮੁਰਾਦਾਂ ਦਿੰਦਾ ਮੰਨਿਆਂ ਜਾਂਦਾ ਹੈ । ਮੁਖਿ ਬੇਨ= ਮੂੰਹ ਵਿਚ ਬੰਸਰੀ ਰੱਖਣ ਵਾਲਾ, ਕ੍ਰਿਸ਼ਨ । ਮੁਖੀ=ਮੂੰਹਾਂ ਨਾਲ ।੫। ਜੁਗਤਿ=ਤਰੀਕ, ਢੰਗ । ਸਰੋਤ=ਸੁਨਣ ਵਾਲੇ । ਨਿਧਾਨ=ਖ਼ਜ਼ਾਨਾ, ਹਰੀ । ਪੂਰਨ=ਵਿਆਪਕ ।੬। ਧਰਮ=ਧਰਮ ਰਾਜ । ਕੁਮੇਰ=ਕੁਬੇਰ, ਧਨ ਦਾ ਦੇਵਤਾ । ਬਰਨ=ਵਰਨ, ਸਮੁੰਦਰ ਦਾ ਦੇਵਤਾ । ਕਨਿਕ=ਸੋਨਾ । ਸੇਖ=ਸ਼ੈਸ਼ਨਾਗ । ਨਵਤਨ=ਨਵਾਂ । ੭ । ਖੰਡ=ਧਰਤੀਆਂ ਦੇ ਟੋਟੇ । ਬਨਾ=ਜੰਗਲ । ਸੂਖਮ=ਅਦ੍ਰਿਸ਼ਟ । ਅਸਥੂਲ=ਦ੍ਰਿਸ਼ਟਮਾਨ ।੮। ਪਰਲਉ=ਜਗਤ ਦਾ ਨਾਸ । ਉਪਾਿ=-ਉਤਪੱਤੀ, ਪੈਦਾਇਸ਼ । ਰਮਤ=ਵਿਆਪਕ ।੯। ਲਖੀ ਨ ਜਾਇ=ਸਮਝੀ ਨਹੀਂ ਜਾ ਸਕਦੀ । ਕਲਾ=ਤਾਕਤ । ਲਲਿਤ=ਸੁੰਦਰ । ਧੁਨਿਤ=ਧੁਨੀਆਂ ਹੋ ਰਹੀਆਂ ਹਨ । ਗੁਪਤ ਚੀਤ=ਚਿੱਤਰ ਗੁਪਤ । ਤਹ=ਉਥੇ, ਉਸ ਦਰਬਾਰ ਵਿਚ ।੧੦। ਰੰਗਿ=ਪ੍ਰੇਮ ਨਾਲ ।ਅਨਾਹਦ=ਬਿਨਾ ਵਜਾਏ ਵੱਜ ਰਹੇ । ਝੁਨਕਾਰ=ਮਿੱਠੀ ਆਵਾਜ਼ । ਉਆ ਕਾ=ਉਸ ਦਾ ।੧੧। ਸਤਿ=ਸਦਾ ਕਾਇਮ ਰਹਿਣ ਵਾਲਾ । ਨਿਰਬਾਨ=ਵਾਸਨਾ-ਰਹਿਤ । ਘਟਿ ਘਟਿ=ਹਰੇਕ ਹਿਰਦੇ ਵਿਚ । ਕ੍ਰਿਪਾ ਨਿਧਾਨ=ਹੇ ਕਿਰਪਾ ਦੇ ਖ਼ਜ਼ਾਨੇ ! ਨਿਹਾਲ=ਪ੍ਰਸੰਨ ਚਿਤ । ੧੨ ।

ਸੁਖਮਨੀ ਸਾਹਿਬ ਦੇ ਨਿਤਨੇਮੀਆਂ ਨੂੰ ਸ੍ਰਿਸ਼ਟੀ ਸਿਰਜਣਾ ਦੀ ਬੇਅੰਤਾਈ ਦਾ ਗਿਆਨ ਹੋਣਾ, ਸਤਿਗੁਰਾਂ ਦੀ ਮਹਾਨ ਕਿਰਪਾ ਹੈ:---

੪੩- **ਕਈ ਕੋਟਿ ਹੋਏ ਪੂਜਾਰੀ ॥ ਕਈ ਕੋਟਿ ਆਚਾਰ ਬਿਉਹਾਰੀ ॥ ਕਈ ਕੋਟਿ ਭਏ ਤੀਰਥ ਵਾਸੀ ॥ ਕਈ ਕੋਟਿ ਬਨ ਭ੍ਰਮਹਿ ਉਦਾਸੀ ॥ ਕਈ ਕੋਟਿ ਬੇਦ ਕੇ ਸ੍ਰੋਤੇ ॥ ਕਈ ਕੋਟਿ ਤਪੀਸੁਰ ਹੋਤੇ ॥ ਕਈ ਕੋਟਿ ਆਤਮ ਧਿਆਨੁ ਧਾਰਹਿ ॥ ਕਈ ਕੋਟਿ ਕਬਿ ਕਾਬਿ ਬੀਚਾਰਹਿ ॥ ਕਈ ਕੋਟਿ ਨਵਤਨ ਨਾਮ ਧਿਆਵਹਿ ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥ ੧ ॥ ਕਈ ਕੋਟਿ ਭਏ ਅਭਿਮਾਨੀ ॥ ਕਈ ਕੋਟਿ ਅੰਧ ਅਗਿਆਨੀ ॥ ਕਈ ਕੋਟਿ ਕਿਰਪਨ ਕਠੋਰ ॥ ਕਈ ਕੋਟਿ ਅਭਿਗ ਆਤਮ ਨਿਕੋਰ ॥ ਕਈ ਕੋਟਿ ਪਰ ਦਰਬ ਕਉ ਹਿਰਹਿ ॥ ਕਈ ਕੋਟਿ ਪਰ ਦੂਖਨਾ ਕਰਹਿ॥ ਕਈ ਕੋਟਿ ਮਾਇਆ ਸ੍ਰਮ ਮਾਹਿ ॥ ਕਈ ਕੋਟਿ ਪਰਦੇਸ ਭ੍ਰਮਾਹਿ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥**

**ਕਈ ਕੋਟਿ ਸਿਧ ਜਤੀ ਜੋਗੀ ॥ ਕਈ ਕੋਟਿ ਰਾਜੇ ਰਸ ਭੋਗੀ ॥ ਕਈ ਕੋਟਿ ਪੰਖੀ ਸਰਪ ਉਪਾਏ ॥ ਕਈ ਕੋਟਿ ਪਾਥਰ ਬਿਰਖ ਨਿਪਜਾਏ ॥ ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥ ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥ ੩ ॥**

**ਕਈ ਕੋਟਿ ਰਾਜਸ ਤਾਮਸ ਸਾਤਕ ॥ ਕਈ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥ ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ ਕਈ ਕੋਟਿ ਕੀਏ ਚਿਰ ਜੀਵੇ ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥ ਕਈ ਕੋਟਿ ਜਖ੍ਯ੍ਯ ਕਿਨੰਰ ਪਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ ਸਭ ਤੇ ਨੇਰੈ ਸਭਹੂ ਤੇ ਦੂਰਿ ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥**

**ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥ ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥ ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ ਘਾਲਹਿ ਥਕਿ ਪਾਹਿ ॥ ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥ ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥੫॥**

**ਕਈ ਕੋਟਿ ਭਏ ਬੈਰਾਗੀ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥ ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥ ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥ ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ॥ ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥**

**ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ॥ ਕਈ ਕੋਟਿ ਹੋਏ ਅਵਤਾਰ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥**

**ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥ ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥ ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥ ਕਈ ਕੋਟਿ ਨਾਮੁ ਗੁਨ ਗਾਵਹਿ ॥ ਆਤਮ ਰਸਿ ਸੁਖਿ ਸਹਜਿ ਸਮਾਵਹਿ॥ ਅਪਨੇ ਜਨ ਕਉ ਸਾਸਿ ਸਾਸਿ ਸਮਾਰੇ॥**ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥ [੨੭੫]-ਅ:-੧੦

੪੪- **ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥ ਅੰਤੋ ਨ ਪਾਇਆ ਕਿਨੈ ਤੇਰਾ, ਆਪਣਾ ਆਪੁ ਤੂ ਜਾਣਹੇ ॥ ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥ ਆਖਹਿ ਤ ਵੇਖਹਿ ਸਭ ਤੂ ਹੈ, ਜਿਨਿ ਜਗਤੁ ਉਪਾਇਆ ॥ ਕਹੈ ਨਾਨਕ ਤੂ ਸਦਾ ਅਗੰਮੁ ਹੈ, ਤੇਰਾ ਅੰਤੁ ਨ ਪਾਇਆ ॥ ੧੨ ॥** [੯੧੮]

**ਅਰਥ:**- ਹੇ ਅਪਹੁੰਚ ਹਰੀ ! ਹੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ ਪ੍ਰਭੂ ! (ਤੇਰੇ ਗੁਣਾਂ ਦਾ) ਕਿਸੇ ਨੇ ਅੰਤ ਨਹੀਂ ਪਾਇਆ । ਆਪਣੇ ਸਲ ਸਰੂਪ ਨੂੰ ਤੂੰ ਆਪ ਹੀ ਜਾਣਦਾ ਹੈਂ, ਹੋਰ ਕੋਈ ਜੀਵ ਤੇਰੇ ਗੁਣਾ ਦਾ ਅਖ਼ੀਰ ਨਹੀਂ ਲੱਭ ਸਕਦਾ । ਹੇ ਪ੍ਰਭੂ ! ਸਦਾ ਅਪਹੁੰਚ ਹੈਂ, (ਕਿਸੇ ਜੀਵ ਨੇ ਤੇਰੇ ਗੁਣਾਂ ਦਾ ਕਦੇ) ਅੰਤ ਨਹੀਂ ਲੱਭਾ । ੧੨ ।

## ੬

## ਭੰਨੇ ਘੜੇ ਸਵਾਰੇ ਸੋਈ ॥

ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਨ ਸਮੇਂ ਅਸੀਂ ਰੋਜ਼ ਪੜ੍ਹਦੇ ਹਾਂ--" **ਤੁਧ ਆਪੇ ਸ੍ਰਿਸਟਿ ਸਭ ਉਪਾਈ ਜੀ, ਤੁਧ ਆਪੇ ਸਿਰਜਿ ਸਭ ਗੋਈ ॥** " ਉਪਾਈ ਦਾ ਅਰਥ ਹੈ, ਪੈਦਾ ਕੀਤੀ, ਸਿਰਜੀ, ਅਤੇ ਗੋਈ ਦਾ ਅਰਥ ਹੈ, ਲੈ ਕੀਤੀ, ਨਾਸ ਕੀਤੀ । ਸੋ ਗੁਰਮਤਿ ਅਨੁਸਾਰ ਸਿਰਜਣਾ ਅਤੇ ਪਰਲੈ ਸਭ ਕੁਝ ਇੱਕ ਪ੍ਰਭੂ ਤੋਂ ਹੀ ਹੋ ਰਹੀ ਹੈ । ਆਪ ਹੀ ਥਾਪਦਾ ਹੈ, ਭਾਵ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ਅਤੇ ਆਪ ਹੀ ਉਥਾਪਦਾ ਹੈ, ਭਾਵ ਨਾਸ ਕਰਦਾ ਹੈ :--

੪੫- **ਆਪੇ ਆਪਿ ਨਿਰੰਜਨੁ ਸੋਈ ॥ ਜਿਨਿ ਸਿਰਜੀ ਤਿਨਿ ਆਪੇ ਗੋਈ ॥**
**ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ ॥ ੮ ॥**[੧੧੯]-੧੬-੧੭

**ਅਰਥ**:--ਮਾਇਆ ਦੇ ਪ੍ਰਭਾਵ ਤੋਂ ਉ ੱਚਾ ਰਹਿਣ ਵਾਲਾ ਪਰਮਾਤਮਾ ਹਰ ਥਾਂ ਆਪ ਹੀ ਆਪ ਵਿਆਪਕ ਹੈ । ਜਿਸ ਪ੍ਰਭੂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ ਉਹ ਆਪ ਹੀ ਇਸ ਨੂੰ ਨਾਸ ਕਰਦਾ ਹੈ । ਹੇ ਨਾਨਕ ! ਤੂੰ ਉਸ ਦਾ ਪਰਮਾਤਮਾ ਦਾ ਨਾਮ ਸਦਾ ਆਪਣੇ ਹਿਰਦੇ ਵਿਚ ਸਾਂਭ ਰੱਖ । (ਨਾਮ ਸਿਮਰਨ ਦੀ ਬਰਕਤਿ ਨਾਲ) ਆਤਮਕ ਅਡੋਲਤਾ ਵਿਚ ਟਿਕ ਕੇ ਉਸ ਸੱਚੇ ਪ੍ਰਭੂ ਵਿਚ ਸਦਾ ਲੀਨ ਰਹੀਦਾ ਹੈ । ੮ ।

੪੬- **ਆਪੇ ਕਰੇ ਕਰਾਏ ਆਪੇ ॥ ਆਪੇ ਥਪਿ ਉਥਾਪੇ ਆਪੇ ॥**
**ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥ ੬ ॥**[੧੨੫]-੨੬-੨੭

੪੭- **ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥**
**ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ, ਨਹੀ ਭ੍ਰਾਤਿ ॥ ੭ ॥**[੪੧੩]-੪

**ਅਰਥ**:--(ਜੀਵਾਂ ਦੇ ਅੰਦਰ ਪ੍ਰਭੂ ਵਿਆਪਕ ਹੋਣ ਕਰਕੇ), ਜਦੋਂ ਕੋਈ ਜੀਵ ਮਰਦਾ ਹੈ ਤਾਂ, ਪਰਮਾਤਮਾ (ਉਸ ਵਿਚ ਬੈਠਾ ਆਪ ਹੀ, ਮਾਨੋ) ਮਰਦਾ ਹੈ, ਉਸ ਜੀਵ ਨੂੰ ਮਾਰਦਾ ਵੀ ਆਪ ਹੈ । ਪ੍ਰਭੂ ਆਪ ਪੈਦਾ ਕਰਦਾ ਹੈ, ਪੈਦਾ ਕਰਕੇ ਨਾਸ ਵੀ ਆਪ ਹੀ ਕਰਦਾ ਹੈ । ਹੇ ਜੋਤ-ਰੂਪ ਪ੍ਰਭੂ ! ਤੂੰ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ, ਤੂੰ ਆਪ ਹੀ ਅਨੇਕਾਂ ਜਾਤੀਆਂ ਪੈਦਾ ਕਰ ਦਿੱਤੀਆਂ ਹਨ । ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ ਨੂੰ ਵਿਚਾਰ ਕੇ (ਮਨ ਵਿਚ ਟਿਕਾ ਕੇ) ਜੀਵ ਦਾ ਉਸ ਨਾਲ ਮਿਲਾਪ ਹੋ ਜਾਂਦਾ ਹੈ, ਜੀਵ ਨੂੰ (ਕਿਸੇ ਕਿਸਮ ਦੀ) ਭਟਕਣਾ ਨਹੀਂ ਰਹਿੰਦੀ । ੭ ।

੪੮- **ਆਪੇ ਹੀ ਸਭੁ ਆਪਿ ਹੈ ਪਿਆਰਾ, ਆਪੇ ਥਾਪਿ ਉਥਾਪੈ ॥ ਆਪੇ ਵੇਖਿ ਵਿਗਸਦਾ ਪਿਆਰਾ**
**ਕਰਿ ਚੋਜ ਵੇਖੈ ਪ੍ਰਭੁ ਆਪੈ ॥ ਆਪੇ ਵਣਿ ਤਿਣਿ ਸਭਤੁ ਹੈ ਪਿਆਰਾ ਆਪੇ ਗੁਰਮੁਖਿ ਜਾਪੈ ॥ ੧ ॥**[੬੦੫]-੩

੪੯- **ਭਨਿ ਭਨਿ ਘੜੀਐ, ਘੜਿ ਘੜਿ ਭਜੈ ਢਾਹਿ ਉਸਰੈ, ਉਸਾਰੇ ਢਾਹੈ ॥**
**ਸਰ ਭਰਿ ਸੋਖੈ, ਭੀ ਭਰਿ ਪੋਖੈ, ਸਮਰਥ ਵੇਪਰਵਾਹੈ ॥...... ੪੧ ॥** [੯੩੫]

**ਅਰਥ**:--(ਇਹ ਜਗਤ ਦੀ ਬਣਤਰ) ਮੁੜ ਮੁੜ ਭੱਜਦੀ ਹੈ ਤੇ ਘੜੀਦੀ ਹੈ, ਮੁੜ ਮੁੜ ਘੜੀਦੀ ਹੈ ਤੇ ਭੱਜਦੀ ਹੈ । (ਉਹ ਗੋਪਾਲ ਇਸ ਸੰਸਾਰ-) ਸਰੋਵਰ ਨੂੰ ਭਰ ਕੇ ਸੁਕਾ ਦਿੰਦਾ ਹੈ, ਫਿਰ ਹੋਰ ਨਕਾ-ਨਕ ਭਰਦਾ । ਉਹ ਗੋਪਾਲ ਪ੍ਰਭੂ ਸਭ ਕੁਝ ਕਰਨ-ਜੋਗਾ ਹੈ, ਵੇ ਪਰਵਾਹ ਹੈ ।

੫੦- **ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥ ੧ ॥** [੮੨੪]-੧੫-੧੦੧

## ਹਰਨ ਭਰਨ ਜਾ ਕਾ ਨੇਤ੍ਰ ਫੋਰੁ---

ਸਰਬ ਸ਼ਕਤੀਮਾਨ ਸਿਰਜਣਹਾਰ, ਸ੍ਰਿਸ਼ਟੀ ਦੀ ਸਿਰਜਣਾ ਅਤੇ ਪਰਲੈ, ਇੱਕ ਛਿਣ ਵਿਚ ਕਰ ਦੇਣ ਦੀ ਸਮਰਥਾ ਵਾਲਾ ਹੈ :--

੫੧- **ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ ਥਾਪਿ ਉਥਾਪਨਹਾਰਾ ॥**
**ਅੰਤੁ ਨਹੀ ਕਿਛੁ ਪਾਰਾਵਾਰਾ ॥ ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥**
**ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥ ਕਰਿ ਕਰਿ ਦੇਖੈ ਅਪਨੀ ਵਡਿਆਈ ॥**
**ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥**[੨੭੭]-ਅਸਟ-੧੧

**ਅਰਥ**:--ਪ੍ਰਭੂ (ਸਭ ਕੁਝ) ਕਰਨ ਦੀ ਸਮਰੱਥਾ ਰੱਖਦਾ ਹੈ, ਤੇ (ਜੀਆਂ ਨੂੰ) ਕੰਮ ਕਰਨ ਲਈ ਪ੍ਰੇਰਨ ਜੋਗ ਵੀ ਹੈ, ਓਹੀ ਕੁਝ ਹੁੰਦਾ ਹੈ ਜੋ ਉਸ ਨੂੰ ਚੰਗਾ ਲੱਗਦਾ ਹੈ । ਅੱਖ ਦੇ ਫੋਰ ਵਿਚ ਜਗਤ ਨੂੰ ਪੈਦਾ ਕਰ ਕੇ ਨਾਸ ਵੀ ਕਰਨ ਵਾਲਾ ਹੈ, (ਉਸ ਦੀ ਤਾਕਤ) ਦਾ ਕੋਈ ਹੱਦ-ਬੰਨਾ ਨਹੀਂ ਹੈ । (ਸ੍ਰਿਸ਼ਟੀ ਨੂੰ ਆਪਣੇ) ਹੁਕਮ ਵਿਚ ਪੈਦਾ ਕਰ ਕੇ ਬਿਨਾ ਕਿਸੇ ਆਸਰੇ ਟਿਕਾ ਰੱਖਦਾ ਹੈ, (ਜਗਤ ਉਸ ਦੇ) ਹੁਕਮ ਵਿਚ ਪੈਦਾ ਹੁੰਦਾ ਤੇ ਹੁਕਮ ਵਿਚ ਲੀਨ ਹੋ ਜਾਂਦਾ ਹੈ । ਉੱਚੇ ਤੇ ਨੀਵੇਂ ਬੰਦਿਆਂ ਦੀ ਵਰਤੋਂ ਵੀ ਹੁਕਮ ਵਿਚ ਹੀ ਹੈ, ਅਨੇਕਾਂ ਕਿਸਮਾਂ ਦੇ ਖੇਡ-ਤਮਾਸ਼ੇ ਉਸ ਦੇ ਹੁਕਮ ਵਿਚ ਹੋ ਰਹੇ ਹਨ । ਆਪਣੇ ਕੰਮ ਆਪ ਹੀ ਵੇਖ ਰਿਹਾ ਹੈ । ਹੇ ਨਾਨਕ ! ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ । ੧ ।

੫੨- **ਓਪਤਿ ਪਰਲਉ ਖਿਨ ਮਹਿ ਕਰਤਾ ॥ ਆਪਿ ਅਲੇਪਾ ਨਿਰਗੁਨੁ ਰਹਤਾ ॥ ੩ ॥**[੩੮੬]-੧੩-੬੪

**ਅਰਥ**:--ਪਰਮਾਤਮਾ ਇੱਕ ਖਿਨ ਵਿਚ ਸਾਰੇ ਜਗਤ ਦੀ ਉਤਪੱਤੀ ਤੇ ਨਾਸ ਕਰ ਸਕਦਾ ਹੈ, (ਸਾਰੇ ਜਗਤ ਵਿਚ ਵਿਆਪਕ ਹੁੰਦਾ ਹੋਇਆ ਵੀ) ਪ੍ਰਭੂ ਆਪ ਸਭ ਤੋਂ ਵੱਖਰਾ ਰਹਿੰਦਾ ਹੈ ਤੇ ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਤੋਂ ਅਛੋਹ ਰਹਿੰਦਾ ਹੈ । ੩ ।

੫੩- **ਜਿਨਿ ਕੀਏ ਰੰਗ ਅਨਿਕ ਪ੍ਰਕਾਰ ॥ ਓਪਤਿ ਪਰਲਉ ਨਿਮਖ ਮਝਾਰ ॥**
**ਜਾ ਕੀ ਗਤਿ ਮਿਤਿ ਕਹੀ ਨ ਜਾਇ ॥ ਸੋ ਪ੍ਰਭੁ ਮਨ ਮੇਰੇ ਸਦਾ ਧਿਆਇ ॥ ੨ ॥**[੮੬੨]-੧-੩

**ਅਰਥ**:--ਹੇ ਮੇਰੇ ਮਨ ! ਸਦਾ ਉਸ ਪ੍ਰਭੂ ਦਾ ਧਿਆਨ ਧਰਿਆ ਕਰ, ਜਿਸ ਨੇ (ਜਗਤ ਵਿਚ) ਅਨੇਕ ਕਿਸਮਾਂ ਦੇ ਰੰਗ (-ਰੂਪ) ਪੈਦਾ ਕੀਤੇ ਹੋਏ ਹਨ, ਜਿਹੜਾ ਆਪਣੀ ਪੈਦਾ ਕੀਤੀ ਰਚਨਾ ਨੂੰ ਅੱਖ ਦੇ ਫੋਰ ਵਿਚ ਨਾਸ ਕਰ ਸਕਦਾ ਹੈ, ਅਤੇ ਜਿਸ ਦੀ ਬਾਬਤ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਹੋ ਜਿਹਾ ਹੈ ਅਤੇ ਕਿਡਾ ਵਡ੍ਹਾ ਹੈ । ੨ ।

੫੪- **ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ ਕਰਨ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥**
**ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ**
**ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥ ੧ ॥**[੭੦੬]-ਵਾਰ

**ਦੂਜਾ ਰੂਪ**--ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲੀ ਅਥਵਾ ਉਸ ਨੂੰ ਲੈ ਕਰਨ ਵਾਲੀ ਪ੍ਰਭੂ ਦੀ ਕਿਰਿਆ ਨੂੰ ਹੀ ਸਤਿਗੁਰਾਂ " **ਥਾਪਿ ਉਥਾਪ** " ਕਰਨਾ ਨਹੀਂ ਕਿਹਾ ਸਗੋਂ, ਮਨੁੱਖ ਦੀ ਜਿੰਦਗੀ ਦੇ ਹਾਲਾਤ ਵਿਚ ਅਦਲਾ ਬਦਲੀ ਕਰ ਦੇਣ ਵਾਲੇ ਪ੍ਰਭੂ ਦੇ ਭਾਣੇ ਲਈ ਵੀ, ਸਤਿਗੁਰਾਂ ਨੇ ਏਹੀ ਸ਼ਬਦ ਵਰਤੇ ਹਨ । ਜਿਵੇ:--

੫੫- **ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥ ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥ ੧ ॥**
**ਸਿਆਨਪ ਕਾਹੂ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥ ੧ ॥ ਰਹਾਉ ॥**[੪੯੬]-੪-੫

**ਅਰਥ**:--ਮਨੁੱਖ ਪੱਛਮ ਵਲ ਜਾਣ ਦੀ ਸਲਾਹ ਬਣਾਉਂਦਾ ਹੈ, ਪਰਮਾਤਮਾ (ਅਜੇਹੇ ਹਾਲਾਤ ਬਣਾ ਦਿੰਦਾ ਹੈ ਕਿ) ਉਸ ਨੂ ਚੜ੍ਹਦੇ ਪਾਸੇ ਲੈ ਤੁਰਦਾ ਹੈ । ਪਰਮਾਤਮਾ ਇੱਕ ਕਿਣ ਵਿਚ ਪੈਦਾ ਕਰਕੇ ਨਾਸ ਕਰਨ ਦੀ ਤਾਕਤ ਰੱਖਣ ਵਾਲਾ ਹੈ । ਹਰੇਕ ਫ਼ੈਸਲਾ ਉਸ ਨੇ ਆਪਣੇ ਹਥ ਵਿਚ ਰਖਿਆ ਹੁੰਦਾ ਹੈ । ੧ ।

੫੬- **ਖਿਨ ਮਹਿ ਥਾਪਿ ਉਥਾਪਨਹਾਰਾ ਕੀਮਤਿ ਜਾਇ ਨ ਕਰੀ ॥**
**ਰਾਜਾ ਰੰਕੁ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ ॥ ੧ ॥**[੪੯੯]-੯-੧੯

**ਅਰਥ**:-ਪਰਮਾਤਮਾ (ਸੰਸਾਰਕ ਪਦਾਰਥਾਂ ਨੂੰ) ਖਿਨ ਵਿਚ ਪੈਦਾ ਕਰ ਕੇ ਖਿਨ ਵਿਚ ਹੀ ਨਾਸ ਕਰਨ ਦੀ ਸਮਰੱਥਾ ਰੱਖਣ ਵਾਲਾ ਹੈ, ਉਸ ਪਰਮਾਤਮਾ ਦੇ ਬਰਾਬਰ ਦੀ ਕਦਰ ਵਾਲਾ ਹੋਰ ਕੋਈ ਦੱਸਿਆ ਨਹੀਂ ਜਾ ਸਕਦਾ । ਪਰਮਾਤਮਾ ਰਾਜੇ ਨੂੰ ਖਿਨ ਵਿਚ ਕੰਗਾਲ ਬਣਾ ਦਿੰਦਾ ਹੈ ਅਤੇ ਨੀਵਾਂ ਅਖਵਾਉਣ ਵਾਲੇ ਦੇ ਅੰਦਰ ਆਪਣੀ ਜੋਤਿ ਦਾ ਪ੍ਰਕਾਸ਼ ਕਰ ਦਿੰਦਾ ਹੈ (ਜਿਸ ਕਰਕੇ ਉਹ ਰਾਜਿਆਂ ਵਾਲਾ ਆਦਰ-ਮਾਣ ਪ੍ਰਾਪਤ ਕਰ ਲੈਂਦਾ ਹੈ) । ੧ ।

੫੭- **ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ ॥ ਸਬਦੁ ਪਛਾਣੈ ਰਵਿ ਰਹੈ**
**ਨਾ ਤਿਸੁ ਕਾਲੁ ਸੰਤਾਇ ॥ ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥ ੫ ॥**[੫੮]-੯

## ੭

# ਜਗਤ ਸੁਪਨਾ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਦੀ ਸਟੇਜ ਤੋਂ, ਧਰਮ-ਉਪਦੇਸ਼ਕ, )ਖ਼ਾਸ ਕਰਕੇ ਡੇਰੇਦਾਰ-ਸਾਧ ਟੋਲਾ) ਜਗਤ ਨੂੰ, ਃ ਸੁਪਨਾ ਃ ਅਥਵਾ ਃ ਧੂੰਏ ਦਾ ਪਹਾੜ ਃ ਦੱਸ ਕੇ ਸਰੋਤਿਆਂ ਦੇ ਮਨਾ ਨੂੰ ਜਗਤ ਤੋਂ ਉਪਰਾਮ ਕਰਨ ਵਾਲੀਆਂ ਦਲੀਲਾਂ ਦਿੰਦੇ ਸੁਣੇ ਜਾਂਦੇ ਹਨ । ਆਪਣੀ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ, ਉਚੇਚੇ ਤੌਰ ਤੇ, ਨੌਵੇਂ ਗੁਰੂ ਨਾਨਕ, ਸ੍ਰੀ ਗੁਰੂ ਤੇਗ਼-ਬਹਾਦੁਰ ਸਾਹਿਬ ਜੀ ਦੇ ਪਾਵਨ ਸ਼ਬਦਾਂ ਵਿਚੋ, ਤੁਕਾਂ ਚੁਣ ਕੇ ਵਰਤ ਰਹੇ ਹੁੰਦੇ ਹਨ, ਜੋ ਇਸ ਇਸ ਪ੍ਰਕਾਰ ਹਨ---(੧) **ਜਗ ਝੂਠੇ ਕਉ ਸਾਚੁ ਜਾਨਿ ਕੈ, ਤਾ ਸਿਉ ਰੁਚਿ ਉਪਜਾਈ ॥** ਭਾਵ, ਝੂਠੇ ਜਗਤ ਨੂੰ ਸੱਚ ਮਨ ਕੇ, ਮਨੁੱਖ ਨੇ ਉਸੇ ਨਾਲ ਹੀ ਪ੍ਰੀਤ ਗੰਢ ਲਈ । (੨) **ਸਮ ਸੁਪਨੈ ਕੈ ਇਹੁ ਜਗੁ ਜਾਨੁ ॥ ਬਿਨਸੈ ਛਿਨ ਮਹਿ ਸਾਚੀ ਮਾਨੁ ॥ ੧ ॥** ਭਾਵ, ਇਹ ਜਗਤ ਤਾਂ ਸੁਪਨੇ ਨਿਆਈ (ਕੋਰਾ ਝੂਠ ਜਾਂ ਛਲਾਵਾ) ਹੈ । ਇਸ ਗੱਲ ਨੂੰ ਸਚ ਮੰਨੋ, ਕਿ, ਇਹ ਜਗਤ ਛਿਨ ਵਿਚ ਨਾਸ ਹੋ ਜਾਂਦਾ ਹੈ । (੩) **ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥** ਭਾਵ, ਜਿਵੇਂ ਰਾਤ ਦਾ ਸੁਪਨਾਂ ਹੁੰਦਾ ਹੈ ਤਿਵੇਂ ਜਗਤ ਮਿਥਿਆ ਹੈ, ਅਥਵਾ ਝੂਠ ਹੈ । (੪) **ਇਹ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥** ਸ਼ਬਦ-ਜੋੜ ਤੋਂ ਪ੍ਰਤੱਖ ਭਾਵ, ਇਹ ਸਾਰਾ ਜਗਤ ਸੁਪਨੇ ਵਾਂਗ ਝੂਠ ਹੈ ਪਤਾ ਨਹੀਂ (ਮਨੁੱਖ) ਕਿਉਂ ਲੋਭ ਵਿਚ ਫ਼ਸਦਾ ਹੈ । (੫) **ਇਹ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥** ਪ੍ਰਤੱਖ ਭਾਵ, ਇਹ ਜਗ ਤਾਂ ਐਵੇਂ ਛਾਈਂ-ਮਾਈਂ ਹੋ ਜਾਣ ਵਾਲਾ, ਕੇਵਲ ਧੂਏ ਦਾ ਪਹਾੜ, ਇੱਕ ਛਲਾਵਾ ਜਾਂ ਝੂਠ ਹੈ, (ਹੇ ਜੀਵ !) ਤੂੰ ਕਿਸ ਦਲੀਲ ਨਾਲ ਇਸ ਨੂੰ ਸੱਚ ਮੰਨ ਬੈਠਾ ਹੈਂ ?

ਅਜੇਹੀਆਂ ਗੁਰਬਾਣੀ ਤੁਕਾਂ ਦੀ ਕੁ-ਵਰਤੋਂ ਕਰਕੇ ਇਹ ਸਿੱਧ ਕੀਤਾ ਰਿਹਾ ਹੁੰਦਾ ਹੈ ਕਿ ਨੌਵੇਂ ਪਾਤਿਸ਼ਾਹ ਜੀ ਨੇ ਸੰਨਿਆਸ ਆਸ਼ਰਮ ਵਾਲੇ ਬਿੱਪ੍ਰੀ ਸਿਧਾਂਤ ਦੀ ਪੁਸ਼ਟੀ ਕੀਤੀ ਹੈ ? ਭਾਵ, ਸੰਸਾਰ ਨੂੰ ਧੂੰਏਂ ਦਾ ਪਹਾੜ, ਕੇਵਲ ਇੱਕ ਛਲਾਵਾ ਜਾਣ ਕੇ, ਇਸ ਦਾ ਤਿਆਗ ਕਰ ਕਰਕੇ ਜੰਗਲਾਂ ਵਿਚ ਬੈਠ ਕੇ ਪ੍ਰਭੂ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਹੋਣ ਦਾ ਭੁਲੇਖਾ ਪਾਇਆ ਜਾ ਰਿਹਾ ਹੁੰਦਾ ਹੈ । ਅਰਥਾਤ, ਗ੍ਰਿਹਸਤ ਦੇ ਤਿਆਗ ਨੂੰ ਗੁਰਮਤਿ ਕਹਿਣ * { * Foot note:--ਗ੍ਰਿਹਸਤ ਤਿਆਗ ਵਾਲੀ ਦਲੀਲ ਨੂੰ ਹੋਰ ਵੀ ਵੱਧ ਪੱਕੀ ਕਰਨ ਲਈ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਹਰਨਾਮ ਸਿੰਘ ਜੀ ਗੜ੍ਹਦੀ ਵਾਲੇ (ਹੁਸ਼ਿਆਰਪੁਰ),ਸੰਤ ਨੰਦ ਸਿੰਘ ਅਤੇ ਸੰਤ ਈਸ਼ਰ ਸਿੰਘ ਨਾਨਕ ਸਰੀਏ, ਸੰਤ ਈਸ਼ਰ ਸਿੰਘ ਰਾੜੇਵਾਲਾ ਆਦਿ ਆਦਿ ਡੇਰੇਦਾਰ ਸਾਧ ਸੰਤਾਂ ਦੇ ਹਠ-ਤਪਾਂ ਦੀ ਅਥਵਾ ਤਪ-ਜਾਪਾਂ ਨਾਲ ਕਰਾਮਾਤੀ ਚਮਤਕਾਰਾਂ ਦੀਆਂ ਕਹਾਣੀਆਂ ਸੁਨਾਉਣ ਦੇ ਨਾਲ ਗ੍ਰਿਸਤ ਦੇ ਤਿਆਗੀ ਹੋਣ ਦੀਆਂ ਵਡਿਆਈਆਂ ਕੀਤੀਆਂ ਜਾ ਰਹੀਆਂ ਹੁੰਦੀਆਂ ਹਨ (ਵਡੇ ਦੁਖ ਵਾਲੀ ਗੱਲ ਹੈ ਕਿ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਨਾਮਣੇ ਨਾਲ ਵੀ ਕਈ ਤਪ ਸਾਧਣ ਦੀ ਅਤੇ ਛੜੇ ਰਹਿਣ ਦਃ ਕੁ-ਵਡਿਆਈ ਜੋੜੀ ਹੋਈ ਪੜ੍ਹ ਕੇ ਵਡੀ ਪ੍ਰੇਸ਼ਾਨੀ ਹੁੰਦੀ ਹੈ। } ਵਾਲੀ ਸੋਚ ਗੁਰਮਤਿ ਦੇ ਅਨਕੂਲ ਨਹੀਂ ਹੈ । ਅਜੇਹੇ ਬਚਨ, ਨੌਵੇਂ ਸਤਿਗੁਰਾਂ ਨੂੰ ਗੁਰੂ ਨਾਨਕ ਜੀ ਤੋਂ ਅੱਡਰੇ ਵਿਚਾਰਾਂ ਵਾਲੇ ਕਹਿਣ ਦੀ ਭੁੱਲ ਹੈ। ਇਸ ਪੁਸਤਕ ਦੇ ਲਿਖਣ ਦਾ ਇੱਕ ਜ਼ਰੂਰੀ ਮੰਤਵ ਇਹ ਵੀ ਹੈ ਕਿ, ਅਸਾਂ ਹਰ ਪੱਖੋਂ ਇਸ ਸਚਾਈ ਨੂ ਦ੍ਰਿੜ ਕਰਨਾ ਹੈ ਕਿ, **ਆਦਿ ਤੋਂ ਲੈ ਕੇ ਅੰਤ ਤੱਕ ਗੁਰੂ ਬਾਣੀ ਦਾ ਸਿਧਾਂਤ ਇੱਕ ਹੈ** । ਸਿੱਖੀ ਸਿਧਾਂਤ ਦੇ ਜਨਮ ਦਾਤਾ, ਪ੍ਰਥਮ ਸਤਿਗੁਰੂ ਨਾਨਕ ਸਾਹਿਬ ਜੀ ਨੇ ਜਿਸ ਨਿਆਰੇ ਸਿਧਾਂਤ ਦੀ ਬਖ਼ਸ਼ਸ਼ ਕੀਤੀ ਸੀ, ਬਾਕੀ ਨੌਂ ਗੁਰੂ ਸਾਹਿਬਾਨ ਨੇ, ਬਿਲਕੁਲ ਉਸੇ ਹੀ ਸਿਧਾਂਤ ਨੂੰ ਦ੍ਰਿੜ ਕਰਾਇਆ ਹੈ। ਸੰਸਾਰ ਤੋਂ ਉਪਰਾਮਤਾ ਤੋਂ ਗੁਰਮਤਿ ਵਰਜਦੀ ਹੈ। ਗ੍ਰਿਹਸਤ ਵਿਚ ਰਹਿੰਦਿਆਂ ਨਿਰਬਾਨ ਪਦ ਦੀ ਪ੍ਰਾਪਤੀ ਕਰ ਲੈਣੀ ਗੁਰਮੁਖਤਾਈ ਹੈ। ਗ੍ਰਿਹਸਤ ਵਿਚ ਉਦਾਸ ਰਹਿ ਕੇ ਪ੍ਰਭੂ ਦੀ ਪਰਾਪਤੀ ਕਰਨੀ ਹੈ। ਸ੍ਰਿਸ਼ਟੀ ਦੀ ਸਿਰਜਣਾਂ, ਮਿਥਿਆ ਅਥਵਾ ਝੂਠ, ਜਾਂ ਛਲਾਵਾ ਕਦੇ ਨਹੀਂ ਹੋ ਸਕਦੀ। ਕਿਉਂਕਿ ਸਦਾ ਥਿਰ ਰਹਿਣ ਵਾਲੇ **ਸਤਿ** ਦਾ ਕੀਤਾ ਹੋਇਆ ਇਹ ਸੰਸਾਰ ਵੀ ਸਤਿ ਹੀ ਹੈ---**ਆਪਿ ਸਤਿ ਕੀਆ ਸਭੁ ਸਤਿ ॥** [੨੮੪] ਸੁਖਮਨੀ ਸਾਹਿਬ ਵਿਚ ਹੀ ਦੋ ਵਾਰੀ ਏਹੀ ਬਚਨ ਆਉਣੇ--**ਆਪਿ ਸਤਿ ਕੀਆ ਸਭੁ ਸਤਿ ॥** [੨੯੪] ਸਤਿਗੁਰਾਂ ਦੇ ਇਸ ਮੰਤਵ ਦੀ ਪੁਸ਼ਟੀ ਕਰ ਰਹੇ ਹਨ ਕਿ ਜਗਤ ਕੇਵਲ ਸੁਪਨਾ ਜਾਂ ਛਲਾਵਾ ਨਹੀਂ ਹੈ ।

ਹੈਰਾਨੀ ਹੈ ਕਿ ਨਿਰੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਨੂੰ ਹੀ ਵੈਰਾਗਮਈ ਕਹਿਣ ਦਾ ਅਪਰਾਧ ਨਹੀਂ ਕੀਤਾ ਜਾ ਰਿਹਾ, ਸਗੋਂ ਕਈ ਪਰਚਾਰਕ ਸੰਸਾਰ ਮਿਥਿਆ ਸਿੱਧ ਕਰਨ ਲਈ ਪ੍ਰਥਮ ਗੁਰੂ ਨਾਨਕ ਸਾਹਿਬ ਜੀ ਦੇ ਇਸ ਮਹਾਂ-ਵਾਕ ਦੀ ਵਰਤੋਂ ਕਰਦੇ ਵੀ ਸੁਣੇ ਜਾਂਦੇ ਹਨ:--**ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥ ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨ ਤਾਈ ॥ ੪ ॥**[੧੨੭੪]-੨[ਜ਼ਾਹਰਾ ਅਰਥ- <u>ਇਹ ਜਗਤ</u> ਵਿਚਾਰਾ (ਮਾਨੋ) ਕਾਗਦ ਦਾ ਕਿਲ੍ਹਾ ਹੈ ਜਿਸ ਨੂੰ (ਪ੍ਰਭੂ ਨੇ ਆਪਣੀ) ਸਿਆਣਪ ਨਾਲ ਸਜਾਵਟ ਤੇ ਰੂਪ-ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇੱਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਝੋਲਾ (ਕਾਗ਼ਜ਼ ਤੇ ਕਿਲ੍ਹੇ ਦੀ) ਸੋਭਾ ਗਵਾ ਦਿੰਦਾ ਹੈ, ਇਹ ਜਗਤ ਪਲ ਵਿਚ ਜੰਮਦਾ ਹੈ ਤੇ ਮਰਦਾ ਹੈ } ਗੁਰੂਬਾਣੀ ਵਿਚੋਂ

ਇੱਕ ਜਾਂ ਅੱਧੀ ਤੁਕ ਚੁਣ ਕੇ, ਨਿਜੀ ਦਲੀਲ ਨੂੰ ਸੱਚ ਸਿੱਧ ਕਰਨ ਦਾ ਯਤਨ ਭੁਲੇਖੇ ਵਿਚ ਆਪ ਪੈਣ ਦਾ ਜਾਂ ਦੂਜੇ ਨੂੰ ਗ਼ਲਤੀ ਵਿਚ ਪਾਉਣ ਦਾ ਕਾਰਨ ਬਣਦਾ ਹੈ। ਗੁਰਬਾਣੀ ਦੇ ਅਰਥ ਸਮਝਣ ਸਮੇ ਗੁਰਮਤਿ-ਸਿਧਾਂਤ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੁੰਦੀ ਹੈ।

ਗੁਰੂ-ਬਾਣੀ ਦੀਆਂ ਉਪ੍ਰੋਕਤ ਤੁਕਾਂ ਪੜ੍ਹਨ ਤੋਂ ਸ਼ੰਕਾ ਹੁੰਦਾ ਹੈ ਕਿ, ਸੰਸਾਰ ਰਚਨਾਂ, ਪਾਣੀ ਦੀ ਇੱਕ ਬੂੰਦ ਨਾਲ ਗਲ ਜਾਣ ਵਾਲੇ, ਕਾਗ਼ਜ਼ਾਂ ਦੇ ਕਿਲ੍ਹੇ ਤੁੱਲ ਹੈ ? ਇੱਕ ਬੂੰਦ ਦੀ ਗੱਲ ਤਾਂ ਕਿਤੇ ਰਹੀ, ਇਸ ਧਰਤੀ ਉਤਲਾ ਪਾਣੀ ਖ਼ੁਸ਼ਕੀ ਨਾਲੋਂ ਤਿੰਨ ਗੁਣਾਂ ਵੱਧ ਹੈ। ਭਾਵ, ਜਗਤ ਵਿਚਲੀ ਖ਼ੁਸ਼ਕੀ ਅਤੇ ਪਾਣੀ ਦਾ ੧ ਅਤੇ ਤਿੰਨ ਦਾ ਅਨੁਪਾਤ ਹੈ। ਏਨੇ ਪਾਣੀ ਵਿਚ ਧਰਤੀ ਦੀ ਸਾਰੀ ਮਿੱਟੀ ਗਲ ਕੇ, ਅਜੇਹਾ ਗੰਭੀਰ ਗਾਰਾ ਬਣ ਜਾਵੇ ਕਿ, ਉਸ ਵਿਚ ਸਾਰੇ ਪਹਾੜ ਅਤੇ ਜੰਗਲ ਡੁੱਬ ਕੇ ਗ਼ਰਕ ਹੋ ਜਾਣ। ਫਿਰ ਸ਼ੰਕਾ ਉਠਣਾ ਸੁਭਾਵਕ ਹੈ, ਕਿ ਸਤਿਗੁਰਾਂ ਨੇ ਜਗਤ-ਖੇਡ ਦਾ ਅੰਤ, ਕਾਗ਼ਜ਼ਾਂ ਦੇ ਕਿਲ੍ਹੇ ਨੂੰ ਪਾਣੀ ਦੀ ਬੂੰਦ, ਤੋਂ ਖ਼ਤਰਾ ਦਰਸਾ ਕੇ, ਕੀ ਸ੍ਰਿਸ਼ਟੀ ਦੀ ਹੋਂਦ ਮਿਥਿਆ ਸਿੱਧ ਕੀਤੀ ਹੈ ? ਨਹੀਂ, ਅਜੇਹੀ ਵਿਚਾਰ ਸਾਨੂੰ ਨਰਕੀ ਕੀੜਾ ਬਣਾ ਦੇਵੇਗੀ। ਸਾਰਾ ਸ਼ਬਦ ਪੜ੍ਹੀਏ ਤਾਂ ਸਤਿਗੁਰਾਂ ਦੇ ਅਸਲ ਭਾਵ ਦੀ ਸੋਝੀ ਆ ਜਾਂਦੀ ਹੈ, ਕਿ ਸਤਿਗੁਰਾਂ ਦਾ ਇਹ ਫ਼ੁਰਮਾਨ ਬੜੀ ਢੁੱਕਵੀ ਉਦਾਹਰਣ ਹੈ। ਪੂਰਾ ਗੁਰੂ-ਸ਼ਬਦ ਇਉਂ ਹੈ:--

੫੮- **ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥ ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ
ਢਰਿ ਪਾਂਹੀ ॥ ੧ ॥ ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥ ਬਿਨਸਤ ਬਾਰ ਨ ਲਾਗੈ ਬਵਰੇ ਹਉਮੈ
ਗਰਬਿ ਖਪੈ ਜਗੁ ਐਸਾ ॥ ੧ ॥ ਰਹਾਉ ॥ ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ ਜੇਤੀ ਹੈ ਤੇਤੀ
ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥ ੨ ॥ ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ
॥ ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥ ੩ ॥ ਕਾਗਦ ਕੋਟੁ ਇਹੁ ਜਗੁ ਹੈ
ਬਪੁਰੋ ਰੰਗਨਿ ਚਿਹਨ ਚਤੁਰਾਈ ॥ ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ ॥ ੪ ॥ ਨਦੀ
ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥ ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ
ਦੂਜਾ ਮਨ ਮਾਂਹੀ ॥ ੫ ॥ ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥ ਮਨ ਤਨ
ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥ ੬ ॥ ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ
ਦਇਆਲਾ ॥ ਤੁਮਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥ ੭ ॥ ਬਾਧੀ ਧੰਧਿ ਅੰਧ ਨਹੀ ਸੂਝੈ
ਬਧਿਕ ਕਰਮ ਕਮਾਵੈ ॥ ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥ ੮ ॥ ਨਿਰਗੁਣ ਦੇਹ
ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥ ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥**[੧੨੭੩-੭੪]-੨

**ਅਰਥ:**--ਰਹਾਉ ਦੀ ਤੁਕ ਵਿਚ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ, ਹੇ ਝੱਲੇ ਮਨੁੱਖ ! ਦੱਸ, ਇਸ ਸਰੀਰ ਦਾ, ਇਸ ਧਨ-ਦੌਲਤ ਦਾ ਕੀ ਮਾਣ ਕਰਨਾ ਹੋਇਆ ? ਇਨ੍ਹਾਂ ਦੇ ਨਾਸ ਹੁੰਦਿਆਂ ਚਿਰ ਨਹੀਂ ਲੱਗਦਾ ॥ ਜਗਤ (ਦਾ ਮਨੁੱਖ) [**ਨੋਟ:**-" ਜਗਤ " ਸ਼ਬਦ ਵਿਚ ਸਾਰਾ ਸੰਸਾਰ ਆ ਜਾਂਦਾ ਹੈ ਪਰ ਇਸ ਸ਼ਬਦ ਵਿਚ ਗੁਰਦੇਵ ਜੀ ਮਨੁੱਖੀ-ਜਗਤ ਅਥਵਾ ਮਨੁੱਖ ਦੀ ਗੱਲ ਕਰ ਰਹੇ ਹਨ] ਵਿਅਰਥ ਹੀ (ਸਰੀਰ ਦੀ) ਹਉਮੈ ਵਿਚ (ਧਨ ਦੇ) ਮਾਣ ਵਿਚ ਖ਼ੁਆਰ ਹੁੰਦਾ ਹੈ। ੧। ਰਹਾਉ।

ਪਰਮਾਤਮਾ ਦੀ ਜੋਤਿ ਤੋਂ ਬਿਨਾ ਸਾਡੇ ਸਰੀਰ ਦੀ ਕੋਈ ਪਾਂਇਆਂ ਨਹੀਂ ਹੈ, (ਜਦੋਂ ਜੋਤਿ ਨਿਕਲ ਜਾਏ ਤਾਂ) ਅਨੇਕਾਂ ਜਤਨ ਕਰਨ ਨਾਲ ਵੀ ਇਹ ਸਰੀਰ ਟਿਕਿਆ ਨਹੀਂ ਰਹਿ ਸਕਦਾ। ਜਿਵੇਂ ਅੱਗ ਦਾ ਸੇਕ ਕੱਚ ਨੂੰ ਢਾਲ ਦਿੰਦਾ ਹੈ, ਤਿਵੇਂ ਇਹ ਸਰੀਰ (ਜੋਤਿ ਤੋਂ ਬਿਨਾ) ਢਹਿ ਢੇਰੀ ਹੋ ਜਾਂਦੇ ਹਨ। ਉਸੇ ਮਨੁੱਖ ਦਾ ਜੀਵਨ ਸਫ਼ਲ ਹੈ ਜੋ ਗੁਰੂ ਦੀ ਦੱਸੀ ਸੇਵਾ ਵਿਚ ਤਤਪਰ ਰਹਿ ਕੇ (ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦਾ ਹੈ **। ੧ ।** ਹੇ ਜਗਤ ਦੇ ਮਾਲਕ ! ਹੇ ਪ੍ਰਭੂ ! ਹੇ ਜੀਵਾਂ ਦੇ ਰਾਖੇ ! ਤੇਰੀ (ਸਦਾ) ਜੈ ਹੋਵੇ ! (ਹੇ ਝੱਲੇ ਜੀਵ ! ਸਦਾ ਉਸ ਰੱਖਣਹਾਰ ਪ੍ਰਭੂ ਦਾ ਆਸਰਾ ਲੈ)। ਉਹ (ਜਗਦੀਸ਼) ਹੀ ਵਿਕਾਰਾਂ ਤੋਂ ਬਚਾਉਂਦਾ ਹੈ ਅਤੇ ਜੀਵਾਂ ਦੇ ਜੀਵਨ ਨੂੰ ਪੜਤਾਲਦਾ ਹੈ। ਹੇ ਪ੍ਰਭੂ ! ਜਿੰਨੀ ਵੀ ਲੁਕਾਈ ਹੈ, ਇਹ ਸਾਰੀ ਤੇਰੇ ਪਾਸੋਂ ਹੀ ਦਾਤਾਂ ਮੰਗਦੀ ਹੈ। ਤੇਰੇ ਵਰਗਾ ਹੋਰ ਕੋਈ ਨਹੀਂ ਹੈ। ੨। ਪਰਮਾਤਮਾ ਸਦਾ ਅਟੱਲ ਹੈ, ਉਸ ਦੇ ਉੱਪਰ ਹੋਰ ਕੋਈ ਖਸਮ ਨਹੀਂ, ਉਹ ਸਭ ਦਾ ਸ਼੍ਰੋਮਣੀ ਹੈ, ਜੀਵਾਂ ਦੇ ਜਨਮ ਮਰਨ ਦੇ ਗੇੜ, ਭਟਕਣਾ ਤੇ ਡਰ-ਸਹਮ ਨਾਸ ਵਾਲਾ ਹੈ। ਸਾਰੇ ਜੀਵ ਪੈਦਾ ਕਰਕੇ ਜੀਵਾਂ ਦੀ ਜੀਵਨ-ਜੁਗਤ ਉਸ ਨੇ ਆਪਣੇ ਵੱਸ ਵਿੱਚ ਰੱਖੀ ਹੋਈ ਹੈ, (ਸਹੀ ਆਤਮਕ ਜੀਵਨ ਦੀ ਸੂਝ ਵਾਸਤੇ) ਉਹ ਆਪ ਹੀ ਗੁਰੂ ਦੀ ਰਾਹੀਂ (ਗਿਆਨ ਦਾ) ਸੁਰਮਾ ਦਿੰਦਾ ਹੈ। ੩।

ਸ਼ਬਦ ਦੀ ਰਹਾਉ ਦੀ ਤੁਕ ਤੋਂ ਹੀ ਸਪੱਸ਼ਟ ਹੋ ਗਿਆ ਸੀ ਕਿ ਗੁਰਦੇਵ ਜੀ ਮਨੁੱਖਾ ਜੀਵਨ ਦੀ ਕਲਿਆਨ ਦਾ ਸਿਧਾਂਤ ਸਮਝਾ ਰਹੇ ਹਨ। ਇਸ ਪਾਵਨ ਸ਼ਬਦ ਵਿਚ ਸਾਰੇ ਸੰਸਾਰ ਦੀ ਓਪਤ ਪਰਲੈ ਦੀ ਗੱਲ ਨਹੀਂ ਹੈ। ਸੋ ਕੇਵਲ ਚੌਥੀ ਤੁਕ ਨੂੰ ਪੂਰੇ ਸ਼ਬਦ ਤੋਂ ਅੱਡ ਕਰ ਲੈਣ ਤੋਂ ਜਿਹੜਾ ਟਪਲਾ ਲੱਗਾ ਸੀ ਉਹ ਦੂਰ ਹੋ ਗਿਆ। ਇਸ ਤੁਕ ਵਿਚਲੇ " ਜਗਤ " ਪਦ ਦਾ ਅਰਥ " ਮਨੁੱਖਾ ਸਰੀਰ " ਸਮਝਣਾ ਹੈ। ਫਿਰ, ਮਨੁੱਖਾ ਸਰੀਰ ਦੀ ਮਿਆਦ ਤਾਂ ਕਾਗ਼ਜ਼ ਦੇ ਕਿਲ੍ਹੇ ਵਰਗੀ ਵੀ ਨਹੀਂ। ਪਤਾ ਹੀ ਨਹੀਂ ਕਦੋਂ ਕੀ ਭਾਣਾ ਵਰਤ ਜਾਣਾ ਹੈ ? ਹੁਣੇ ਹੱਸਦੇ ਖੇਡਦੇ ਸਨ ਤੇ ਹੁਣੇ ਢਾਹਾਂ ਵੱਜਣੀਆਂ ਅਰੰਭ ਹੋ ਜਾਂਦੀਆਂ ਹਨ :--

ਚੌਥੀ ਤੁਕ ਦੇ ਅਰਥ ਹੁਣ ਇਉਂ ਬਣੇ--ਇਹ ਮਨੁੱਖ ਵਿਚਾਰਾ (ਮਾਨੋ) ਕਾਗਦ ਦਾ ਕਿਲ੍ਹਾ ਹੈ, ਜਿਸ ਨੂੰ (ਪ੍ਰਭੂ ਨੇ ਆਪਣੀ) ਸਿਆਣਪ ਨਾਲ ਸਜਾਵਟ ਤੇ ਰੂਪ-ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇੱਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਝੋਲਾ (ਕਾਗ਼ਜ਼ ਤੇ ਕਿਲ੍ਹੇ ਦੀ) ਸੋਭਾ ਗਵਾ ਦਿੰਦਾ ਹੈ, ਇਹ ਸਰੀਰ-ਰੂਪੀ ਜਗਤ ਪਲ ਵਿਚ ਜੰਮਦਾ ਹੈ ਤੇ ਮਰਦਾ ਹੈ। ੪। ਇਸ ਤੋਂ ਅੱਗੇ---

ਜਿਵੇਂ ਕਿਸੇ ਨਦੀ ਦੇ ਕੰਢੇ ਉਤੇ ਕੋਈ ਘਰ ਹੋਵੇ ਜਾਂ ਰੁੱਖ ਹੋਵੇ ਜਦੋਂ ਨਦੀ ਦਾ ਵੇਗ ਉਲਟਦਾ ਹੈ ਤਾਂ ਨਾ ਉਹ ਘਰ ਰਹਿ ਜਾਂਦਾ ਹੈ ਅਤੇ ਨਾ ਹੀ ਉਹ ਰੁੱਖ ਰਹਿੰਦਾ ਹੈ, ਜਿਵੇਂ ਕਿਸੇ ਮਨੁੱਖ ਦੇ ਘਰ ਵਿਚ ਸਪਣੀ ਦਾ ਘਰ ਹੋਵੇ ਤਾਂ ਜਦੋਂ ਵੀ ਮੌਕਾ ਬਣਦਾ ਹੈ ਸਪਨੀ ਉਸ ਨੂੰ ਡੰਗ ਮਾਰ ਦਿੰਦੀ ਹੈ, ਏਸੇ ਤਰ੍ਹਾਂ ਮਨੁੱਖ ਦੇ ਮਨ ਵਿਚ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਹੈ (ਨਾਮ ਬਿਹੂਣੇ ਦੀ ਅਜੇਹੀ ਝਾਕ, ਨਦੀ ਦੇ ਉਲਟਦੇ ਹੋਏ ਹੜ ਵਾਂਗ ਹੈ, ਉਹ ਘਰ ਵਿਚ ਵੱਸਦੀ ਸਪਣੀ ਵਾਂਗ ਹੈ, ਇਹ ਦੂਜੀ ਝਾਕ ਆਤਮਕ ਮੌਤ ਲਿਆਉਂਦੀ ਹੈ) **। ੫ ।** ਗੁਰੂ ਤੋਂ ਮਿਲਿਆ ਹੋਇਆ ਗਿਆਨ, ਗੁਰੂ ਦੇ ਬਚਨਾਂ ਦੇ ਰਾਹੀਂ (ਪ੍ਰਭੂ-ਚਰਨਾਂ ਵਿਚ) ਜੁੜੀ ਸੁਰਤਿ, ਮਾਨੋ, ਸੱਪ ਨੂੰ ਕੀਲਣ ਵਾਲਾ ਮੰਤਰ ਹੈ। ਜਿਸ ਦੇ ਪਾਸ ਇਹ ਮੰਤਰ ਹੈ ਉਸ ਨੇ ਗੁਰੂ ਦੀ ਮਤਿ ਦੀ ਬਰਕਤਿ ਨਾਲ ਮਾਇਆ (ਸਪਣੀ ਦਾ ਜ਼ਹਰ) ਸਾੜ ਲਿਆ ਹੈ। (ਵੇਖੋ !) ਪਰਮਾਤਮਾ ਦੀ ਭਗਤੀ ਇੱਕ ਅਨੋਖੀ (ਦਾਤਿ) ਹੈ, ਜਿਸ ਜਿਸ ਮਨੁੱਖ ਨੇ ਪਰਮਾਤਮਾ ਦਾ ਸਦਾ ਥਿਰ ਰਹਿਣ ਵਾਲਾ ਨਾਮ (ਹਿਰਦੇ ਵਿਚ) ਵਸਾ ਲਿਆ ਉਸ ਦਾ ਮਨ ਉਸ ਦਾ ਸਰੀਰ (ਭਾਵ, ਇੰਦ੍ਰੇ) ਬਰਫ਼ ਵਰਗਾ ਸੀਤਲ ਹੋ ਜਾਂਦਾ ਹੈ **। ੬ ।** ਹੇ ਗੋਪਾਲ ! ਜਿੰਨੀ ਲੁਕਾਈ ਹੈ ਸਾਰੀ ਹੀ ਤੈਥੋਂ (ਸਭ ਪਦਾਰਥ) ਮੰਗਦੀ ਹੈ, ਤੂੰ ਸਭ ਜੀਵਾਂ ਉਤੇ ਦਇਆ ਕਰਨ ਵਾਲਾ ਹੈਂ। ਹੇ ਪ੍ਰਭੂ ! ਮੈਂ ਤੇਰੀ

ਸਰਨ ਪਿਆ ਹਾਂ,ਮੇਰੀ ਇੱਜ਼ਤ ਰੱਖ ਲੈ, (ਮਿਹਰ ਕਰ ਕਿ) ਮੈਨੂੰ ਤੇਰਾ ਸੱਚਾ ਨਾਮ ਮਿਲ ਜਾਏ **। ੭ ।** ਮਾਇਆ ਦੇ ਧੰਧੇ ਵਿਚ ਬੱਝੀ ਹੋਈ ਲੁਕਾਈ (ਆਤਮਕ ਜੀਵਨ ਵਲੋਂ) ਅੰਨ੍ਹੀ ਹੋਈ ਪਈ ਹੈ (ਸਹੀ ਜੀਵਨ-ਜੁਗਤਿ ਬਾਰੇ ਇਸ ਨੂੰ) ਕੁਝ ਵੀ ਨਹੀਂ ਸੁੱਝਦਾ, (ਤਾਹੀਏਂ) ਨਿਰਦਈ ਕੰਮ ਕਰਦੀ ਜਾ ਰਹੀ ਹੈ । ਜੇ ਜੀਵ ਗੁਰੂ ਨੂੰ ਮਿਲ ਪਏ ਤਾਂ ਇਹ (ਆਤਮਕ ਜੀਵਨ ਬਾਰੇ) ਸਮਝ ਆ ਜਾਂਦੀ ਹੈ, ਇਸ ਦੇ ਮਨ ਵਿਚ ਸਦਾ-ਥਿਰ ਪਰਮਾਤਮਾ ਦੀ ਜਾਣ-ਪਛਾਣ ਟਿਕ ਜਾਂਦੀ ਹੈ **। ੮ ।** ਹੇ ਨਾਨਕ ! ਸਦਾ-ਥਿਰ ਪ੍ਰਭੂ ਦੇ ਨਾਮ ਤੋਂ ਬਿਨਾ ਗੁਣ-ਹੀਨ ਮਨੁੱਖ ਸਰੀਰ ਕੱਚਾ ਹੀ ਰਹਿੰਦਾ ਹੈ (ਭਾਵ, ਜੀਵ ਨੂੰ ਜਨਮ ਮਰਨ ਮਿਲਦਾ ਰਹਿੰਦਾ ਹੈ), (ਇਸ ਵਾਸਤੇ ਸਹੀ ਜੀਵਨ-ਰਾਹ ਤੁਰਨ ਵਾਸਤੇ) ਮੈਂ ਆਪਣੇ ਗੁਰੂ ਤੋਂ ਸਿੱਖਿਆ ਲੈਂਦਾ ਹਾਂ, ਤੇ ਗੁਰੂ ਪਰਮਾਤਮਾ ਦਾ ਦੀਦਾਰ ਕਰਾ ਦਿੰਦਾ ਹੈ ।

ਸਦਾ-ਥਿਰ ਪ੍ਰਭੂ ਦੇ (ਭਾਵ, ਜਿਵੇਂਸੁਪਨੇ ਵਿਚ ਵੇਖੇ ਹੋਏ ਪਦਾਰਥ ਜਾਗ ਖੁਲ੍ਹਣ ਤੇ ਅਲੋਪ ਹੋ ਜਾਂਦੇ ਹਨ, ਇਸੇ ਤਰ੍ਹਾਂ ਦੁਨੀਆ ਵਿਚ ਇਕੱਠੇ ਕੀਤੇ ਹੋਏ ਸਾਰੇ ਪਦਾਰਥ ਅੰਤ ਵੇਲੇ ਖੁਸ ਜਾਂਦੇ ਹਨ । ਇਕ ਪ੍ਰਭੂ-ਨਾਮ ਹੀ ਪੱਲੇ ਰਹਿ ਜਾਂਦਾ ਹੈ) । ੯ ।

ਗੁਰੂ ਨਾਨਕ ਸਾਹਿਬ ਜੀ, (ਪਹਿਲੇ ਸਰੂਪ) ਦਾ ਏਹੀ ਸਿਧਾਂਤ ਕਿ " **ਨਾਮ ਤੋਂ ਬਿਨਾ ਜਗਤ ਸੁਪਨੇ ਵਾਂਗ ਹੀ ਹੈ** " ਹੀ, ਬਾਕੀ ਨੌਂ ਸਰੂਪਾਂ ਨੇ ਦ੍ਰਿੜ ਕਰਾਇਆ ਹੈ । ਨੌਵੇਂ ਪਾਤਸ਼ਾਹ ਜੀ ਦੀ ਬਾਣੀ ਵੀ ਮਨ ਨੂੰ ਵੈਰਾਗੀ ਬਣਾ ਕੇ ਜੰਗਲਾਂ ਨੂੰ ਨਹੀਂ ਤੋਰਦੀ, ਸਗੋਂ ਮਨ ਨੂੰ ਉਸ ਦੀ ਅਸਲੀਅਤ ਦਾ ਗਿਆਨ ਕਰਾ ਕੇ, ਸਦਾ ਨਾਲ ਨਿਭਨ ਵਾਲੇ, ਪ੍ਰਭੂ-ਨਾਮ ਦੇ ਸਿਮਰਨ ਨਾਲ ਜੋੜਦੀ ਹੈ । ਉਤੇ ਲਿਖੀਆਂ ਪੰਜ ਗੁਰਬਾਣੀ-ਸਤਰਾਂ ਦੇ ਠੀਕ ਅਰਥਾਂ ਦੀ ਸਮਝ ਅਵੱਲ ਤਾਂ ਪੂਰੀ ਤੁਕ ਤੋਂ ਸਪੱਸ਼ਟ ਹੋ ਜਾਂਦੇ ਹਨ, ਨਹੀਂ ਤਾਂ ਪੂਰੇ ਸ਼ਬਦ ਦੀ ਵਿਚਾਰ ਸਾਰੇ ਭਰਮ ਭੁਲੇਖੇ ਦੂਰ ਕਰ ਦਿੰਦੀ ਹੈ । ਦੂਜੇ ਪੈਰੇ ਵਿਚ ਲਿਖੇ ਗੁਰੂ ਫ਼ੁਰਮਾਨਾਂ ਦੀ ਕਰਮ ਵਾਰ ਵਿਚਾਰ ਇਸ ਪ੍ਰਕਾਰ ਹੈ:---

੫੯- **ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥**
**ਦੀਨਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥ ੧ ॥**[੭੧੮]-੧-੩੧

**ਅਰਥ:**--ਇਸ ਨਾਸਵੰਤ ਸੰਸਾਰ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਕੇ ਮੈਂ ਇਸ ਸੰਸਾਰ ਨਾਲ ਹੀ ਪ੍ਰੀਤਿ ਬਣਾਈ ਹੋਈ ਹੈ । ਮੈਂਉਸ ਪਰਮਾਤਮਾ ਦਾ ਨਾਮ ਕਦੇ ਨਹੀਂ ਸਿਮਰਿਆ ਜੋ ਨਿਮਾਣਿਆਂ ਦਾ ਸਨਬੰਧੀ ਹੈ ਅਤੇ ਜਿਹੜਾ (ਸਦਾ ਸਾਡੇ) ਨਾਲ ਸਹਾਈ ਹੋਣ ਵਾਲਾ ਹੈ । ੧ ।

ਪੂਰੀ ਤੁਕ ਤੋਂ ਹੀ ਸਪੱਸ਼ਟ ਹੋ ਗਿਆ ਕਿ ਮਾਇਆ ਦੇ ਮੋਹ ਨੂੰ ਤਿਆਗ ਕੇ ਪ੍ਰਭੂ-ਨਾਮ ਨਾਲ ਪ੍ਰੀਤ ਬਣਾਉਣ ਦਾ ਉਪਦੇਸ਼ ਹੈ ।

੬੦- **ਕਹਾ ਭੂਲਿਓ ਰੇ ਝੂਠੈ ਲੋਭ ਲਾਗ ॥ ਕਛੁ ਬਿਗਰਿਓ ਨਾਹਿਨ ਅਜਹੁ ਜਾਗੁ ॥ ੧ ॥ ਰਹਾਉ ॥ਸਮ ਸੁਪਨੈ ਕੈ**
**ਇਹੁ ਜਗੁ ਜਾਨੁ ॥ ਬਿਨਸੈ ਛਿਨ ਮੈ ਸਾਚੀ ਮਾਨੁ ॥ ੧ ॥ ਸੰਗਿ ਤੇਰੈ ਹਰਿ ਬਸਤ ਨੀਤ ॥ ਨਿਸ ਬਾਸੁਰ**
**ਭਜੁ ਤਾਹਿ ਮੀਤ ॥ ੨ ॥ ਬਾਰ ਅੰਤ ਕੀ ਹੋਇ ਸਹਾਇ ॥ ਕਹੁ ਨਾਨਕ ਗੁਨ ਤਾ ਕੇ ਗਾਇ ॥ ੩ ॥**[੧੧੮੭]-੫

ਮਾਇਆ ਦੇ ਲੋਭ ਵਿਚ ਫ਼ਸ ਕੇ ਜਿੰਦਗੀ ਬਰਬਾਦ ਕਰ ਰਹੇ ਮਨੁੱਖ ਨੂੰ ਸਤਿਗੁਰੂ ਜੀ ਸੁਚੇਤ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ, ਮਾਇਆ ਕਦੇ ਕਿਸੇ ਦੇ ਨਾਲ ਨਹੀਂ ਨਿਭੀ । ਅਜੇ ਵੀ ਕੁਝ ਨਹੀਂ ਵਿਗੜਿਆ, ਸੰਸਾਰ (-ਰੂਪ) ਮਾਇਆ ਦੇ ਮੋਹ ਨੂੰ ਸੁਪਨੇ ਸਮਾਨ ਜਾਣ ਕੇ, ਰਾਤ ਦਿਨ ਉਸ ਪ੍ਰਭੂ ਦੀ ਯਾਦ ਨਾਲ ਜੁੜੇ ਰਹਿਣਾ ਚਾਹੀਦਾ ਹੈ, ਜੋ ਲੋਕ ਅਤੇ ਪਰਲੋਕ ਵਿਚ ਜੀਵ ਦਾ ਸਹਾਈ ਹੈ ।

੬੧ **ਹਰਿ ਬਿਨੁ ਤੇਰੋ ਕੋ ਨ ਸਹਾਈ ॥ ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥ ੧ ॥**
**ਰਹਾਉ ॥ ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥ ਤਨ ਛੂਟੈ ਕਛੁ ਸੰਗਿ**
**ਨ ਚਾਲੈ ਕਹਾ ਤਾਹਿ ਲਪਟਾਈ ॥ ੧ ॥ ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ**
**ਬਢਾਈ ॥ ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥ ੨ ॥** [੧੨੩੧]-੧

ਭਾਵ,-ਪਰਮਾਤਮਾ ਤੋਂ ਬਿਨਾ ਜੀਵ ਦੀ ਸਹਾਇਤਾ ਕਰਨ ਵਾਲਾ ਹੋਰ ਕੋਈ ਨਹੀਂ ਹੈ । ਮਾਂ, ਪਿਉ, ਪੁੱਤਰ ਅਤੇ ਵਹੁਟੀ-- ਕੋਈ ਵੀ ਕਿਸੇ ਦਾ ਸਾਥੀ ਨਹੀਂ ਬਣਦਾ । ਧਨ, ਦੌਲਤ, ਧਰਤੀ ਦੀ ਮਾਲਕੀ ਅਥਵਾ ਹੋਰ ਸਾਰੀ ਮਾਇਆ, ਜਿਨ੍ਹਾਂ ਪਦਾਰਥਾਂ ਨੂੰ ਮਨੁੱਖ ਆਪਣੇ ਜਾਣ ਕੇ ਚੰਬੜਿਆ ਰਹਿੰਦਾ ਹੈ, ਸਰੀਰ ਨਾਲੋਂ ਸਾਥ ਮੁਕਦਿਆਂ ਹੀ ਸਭ ਕੁਝ ਪਰਾਇਆ ਹੋ ਜਾਂਦਾ ਹੈ । ਮਾਇਆ ਵਿਚ ਮਸਤ ਰਹਿ ਕੇ ਗੁਜ਼ਾਰਿਆ ਜੀਵਨ ਅੰਤ ਸਮੇ ਇੱਕ ਸੁਪਨਾ ਹੋ ਦਿਸਦਾ ਹੈ । ਹਾਏ ! ਅਜੇ ਕੱਲ੍ਹ ਮੈਂ ਬਾਲ ਸਾਂ, ਅਜੇ ਕੱਲ੍ਹ ਸਾਡਾ ਵਿਆਹ ਹੋਇਆ ਸੀ, ਅਜੇ ਕੱਲ ਦੀ ਹੀ ਤਾਂ ਗੱਲ ਹੈ ਜਦੋਂ ਮੈਂ ਕਾਰ ਖ਼ਰੀਦੀ ਸੀ, ਆਦਿ । ੪੦/੫੦ ਸਾਲ ਪਹਿਲਾਂ ਹੋ ਬੀਤੀਆਂ ਸਾਰੀਆਂ ਗੱਲਾਂ, ਸੁਪਨੇ ਵਾਂਗ ਅਖੀਆਂ ਅਗੋਂ ਲੰਘ ਰਹੀਆਂ ਹਨ, ਜਿੰਗਦੀ ਧੂੰਏ ਦਾ ਪਹਾੜ ਹੋ ਦਿੱਸੀ । ਸਤਿਗੁਰਾਂ ਦਾ ਉਪਦੇਸ਼ ਹੈ ਕਿ ਮਨੁੱਖ ਨੂੰ ਚਾਹੀਦਾ ਹੈ ਕਿ, ਆਪਣੀ ਜਿੰਦਗੀ ਵਿਚ ਉਸ ਪ੍ਰਭੂ ਨਾਲ ਪਿਆਰ ਬਣਾ ਲਵੇ ਜਿਹੜਾ, ਗ਼ਰੀਬਾਂ ਉਤੇ ਦਇਆ ਕਰਨ ਵਾਲਾ ਅਥਵਾ ਦੁਖਾਂ ਦਾ ਨਾਸ ਕਰਨ ਵਾਲਾ ਹੈ । ਮਾਇਕ ਪਦਾਰਥਾਂ ਦੇ ਭੋਗਾਂ ਵਿਚ ਲੰਘੇ ਸਮੇ ਵਾਂਗ, ਪ੍ਰਭੂ ਦੀ ਯਾਦ ਵਿਚ ਗੁਜ਼ਾਰਿਆ ਜਿੰਦਗੀ ਦਾ ਸਮਾ ਕਦੇ ਸੁਪਨਾ ਨਹੀਂ ਹੋ ਨਿੱਬੜਦਾ, ਸਗੋਂ ਅੰਤ ਸਮੇ ਵੀ ਉਸੇ ਦਾ ਚੇਤਾ ਕਰਾਉਂਦਾ ਹੈ। ਪ੍ਰਭੂ-ਪਿਆਰ ਵਿਚ ਬੀਤੇ ਸਮੇ ਦੀ ਯਾਦ ਮਾਇਆ ਮੋਹ ਦੇ ਸੁਪਨਿਆਂ ਦੇ ਦੁਖ ਵਿਚੋਂ ਬਾਹਰ ਕੱਢ ਲੈਂਦੀ ਹੈ । ਜਗਤ ਤੇ ਆਉਣਾ ਅਤੇ ਜਾਣਾ ਸੁਹਾਵਾਂ ਹੋ ਦਿਸਦਾ-- " **ਗੁਰਮੁਖਿ ਆਵੈ ਜਾਇ ਨਿਸੰਗ** " (੯੩੨):--

੬੨- **ਕਹਾ ਨਰ ਅਪਨੋ ਜਨਮੁ ਗਵਾਵੈ ॥ ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ**
**ਨਹੀ ਆਵੈ ॥ ੧ ॥ ਰਹਾਉ ॥ ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥**
**ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ ੧ ॥ ਮਿਥਿਆ ਤਨੁ ਸਾਚੋ ਕਰਿ ਮਾਨਿਓ**
**ਇਹ ਬਿਧਿ ਆਪੁ ਬੰਧਾਵੈ ॥ ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥ ੨ ॥**[੧੨੩੨]-੩

**ਅਰਥ:**--ਹੇ ਭਾਈ ! ਪਤਾ ਨਹੀਂ ਮਨੁੱਖ ਕਿਉਂ ਆਪਣਾ ਜੀਵਨ ਅਜਾਈਂ ਬਰਬਾਦ ਕਰਦਾ ਹੈ । ਮਾਇਆ ਦੀ ਮਸਤੀ ਵਿਚ ਪਿਆ, ਮਾਇਆ ਦੇ ਸੁਆਦ ਵਿਚ ਰੁੱਝਾ ਰਹਿੰਦਾ ਹੈ, ਤੇ, ਪਰਮਾਤਮਾ ਦੀ ਸਰਨ ਨਹੀਂ ਪੈਂਦਾ **। ੧ । ਰਹਾਉ ।** ਇਹ ਸਾਰਾ ਜਗਤ ਸੁਪਨੇ ਵਾਂਗ ਹੈ, (ਭਾਵ, ਸੰਸਾਰ ਅਥਵਾ ਸੰਸਾਰ ਦੇ ਪਦਾਰਥ ਮਨੁੱਖ ਦੇ ਸਦਾ ਦੇ ਸਾਥੀ ਨਹੀਂ ਹਨ) ਇਸ ਨੂੰ ਵੇਖ ਕੇ, ਪਤਾ ਨਹੀਂ, ਕਿਉਂ ਮਨੁੱਖ ਲੋਭ ਵਿਚ ਫਸਦਾ ਹੈ । ਇਥੇ ਤਾਂ ਜੋ ਕੋਈ ਜੰਮਦਾ ਹੈ ਉਹ ਹਰੇਕ ਹੀ ਨਾਸ ਹੋ ਜਾਂਦਾ ਹੈ, ਸਦਾ ਲਈ ਕੋਈ ਨਹੀਂ ਟਿਕ ਸਕਦਾ **। ੧**

। ਇਹ ਸਰੀਰ ਨਾਸਵੰਤ ਹੈ, ਪਰ ਜੀਵ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਰੱਖਦਾ ਹੈ, ਇਸ ਤਰ੍ਹਾਂ ਆਪਣੇ ਆਪ ਨੂੰ (ਮੋਹ ਦੀਆਂ ਫਾਹੀਆਂ ਵਿਚ) ਫਸਾਈ ਰੱਖਦਾ ਹੈ । ਹੇ ਨਾਨਕ ! ਉਹੀ ਮਨੁੱਖ ਮੋਹ ਦੇ ਬੰਧਨਾਂ ਤੋਂ ਸੁਤੰਤਰ ਰਹਿੰਦਾ ਹੈ, ਜਿਹੜਾ ਪਰਮਾਤਮਾ ਦੇ ਭਜਨ ਵਿਚ ਆਪਣਾ ਚਿੱਤ ਜੋੜੀ ਰੱਖਦਾ ਹੈ । ੨ ।

੬੩- **ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥ ੧ ॥ ਰਹਾਉ ॥ ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥ ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥ ੨ ॥ ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥ ੩ ॥**[੧੧੮੬-੮੭]-੪

**ਅਰਥ:**--ਹੇ ਮਨ ! ਤੂੰ ਪਰਮਾਤਮਾਂ ਦਾ ਨਾਮ ਕਿਉਂ ਭੁਲਾਈ ਬੈਠਾ ਹੈਂ ? (ਜਦੋਂ) ਸਰੀਰ ਨਾਸ ਹੋ ਜਾਂਦਾ ਹੈ, (ਤਦੋਂ ਪਰਮਾਤਮਾ ਦੇ ਨਾਮ ਤੋਂ ਬਿਨਾ) ਜਮਾਂ ਨਾਲ ਵਾਹ ਪੈਂਦਾ ਹੈ **। ੧ । ਰਹਾਉ ।** ਹੇ ਮਨ ! ਇਹ ਸੰਸਾਰ (ਤਾਂ, ਮਾਨੋਂ) ਧੂੰਏਂ ਦਾ ਪਹਾੜ ਹੈ (ਜਿਸ ਨੂੰ ਹਵਾ ਦਾ ਇੱਕੋ ਬੁੱਲਾ ਉਡਾ ਕੇ ਲੈ ਜਾਂਦਾ ਹੈ) । ਹੇ ਮਨ ! ਤੂੰ ਕੀ ਸਮਝ ਕੇ (ਇਸ ਜਗਤ ਨੂੰ) ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ ? **। ੧ ।** ਹੇ ਮਨ ! (ਚੰਗੀ ਤਰ੍ਹਾਂ ਸਮਝ ਲੈ ਕਿ) ਧਨ, ਇਸਤ੍ਰੀ, ਜਾਇਦਾਦ, ਘਰ--ਇਨ੍ਹਾਂ ਵਿਚੋਂ ਕੋਈ ਵੀ ਚੀਜ਼ (ਮੌਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ **। ੨ ।** ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਸਿਰਫ਼ ਪਰਮਾਤਮਾ ਦੀ ਭਗਤੀ ਹੀ ਮਨੁੱਖ ਦੇ ਨਾਲ ਰਹਿੰਦੀ ਹੈ (ਇਸ ਵਾਸਤੇ) ਸਿਰਫ ਪਰਮਾਤਮਾ ਦੇ ਪਿਆਰ ਵਿਚ ( ਟਿਕ ਕੇ ) ਉਸ ਦਾ ਭਜਨ ਕਰਿਆ ਕਰ । ੩ ।

ਸੰਸਾਰ ਯਾਤਰਾ ਤੇ ਆਉਣ ਦੇ ਅਸਲ ਮੰਤਵ ਨੂੰ ਵਿਸਾਰ ਕੇ ਪਦਾਰਥਾਂ ਦੇ ਮੋਹ ਦੇ ਨਸ਼ੇ ਦੀ ਮਸਤੀ ਵਿਚ **ਹੰਕਾਰੀ-ਮਨਮੁਖ** ਬਣ ਜਾਣ ਦੀ ਗੱਲ ਸਤਿਗੁਰਾਂ ਨੂੰ ਨਹੀਂ ਭਾਉਂਦੀ । ਉਪਰੋਕਤ ਗੁਰੂ-ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਸਤਿਗੁਰਾਂ ਨੇ ਸੰਸਾਰ ਨੂੰ ਮਿਥਿਆ ਕਹਿ ਕੇ ਇਸ ਤੋਂ ਉਪਰਾਮਤਾ ਦਾ ਉਪਦੇਸ਼ ਨਹੀਂ ਦਿੱਤਾ । ਆਪਣੇ ਅੰਦਰ ਲੱਗੇ ਪ੍ਰਭੂ ਦਰਬਾਰ ਦਾ ਸਦਾ ਭੈ ਮਨ ਵਿਚ ਟਿਕਾਈ ਰਖਣਾ ਅਤੇ ਸੰਸਾਰ ਵਿਚ ਰਹਿੰਦਿਆਂ ਮਾਇਆ ਦੇ ਮੋਹ ਤੋਂ ਨਿਰਲੇਪ ਰਹਿ ਕੇ, ਨੇਕ ਕਮਾਈ ਤੋਂ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ, ਪਰ-ਉਪਕਾਰੀ ਜੀਵਨ ਜੀਊਣ ਦੀ ਸਤਿਗੁਰਾਂ ਨੇ ਜਾਚ ਸਿਖਾਈ ਹੈ-- **ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥**[੪੭੨] ਫ਼ੁਰਮਾਉਣ ਵਾਲੇ ਗੁਰਦੇਵ ਜੀ ਨੇ, ਪਰਉਪਕਾਰੀ ਜੀਵਨ ਵਾਲੇ ਪ੍ਰਭੂ ਪਿਆਰੇ ਗੁਰਮੁਖ-ਗ੍ਰਿਹਸਤੀਆਂ ਦੇ ਘਰਾਂ ਵਿਚਲੇ, ਸੰਸਾਰਕ ਪਦਾਰਥਾਂ ਬਾਰੇ ਇਉਂ ਫ਼ੁਰਮਾਇਆ ਹੈ:----

੬੪- **ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮਿ ਹਰਿ ਰਾਤੇ ॥ ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥ ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥ ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥ ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥ ੧੬ ॥**[੬੪੮]-ਵਾਰ

## ੮
# ਇਹੁ ਜਗੁ ਸਚੈ ਕੀ ਹੈ ਕੋਠੜੀ.....॥

ਜਨਮ ਲੈਣ ਦੇ ਸਮੇ ਤੋਂ ਹੀ ਮਨੁੱਖ, ਪ੍ਰਭੂ ਦੀ ਬਣਾਈ ਅਦਭੁਤ ਮਾਇਆ-ਖੇਡ ਦੇ ਪ੍ਰਭਾਵ ਹੇਠ ਆਉਣਾ ਅਰੰਭ ਕਰ ਦਿੰਦਾ ਹੈ । ਪਹਿਲਾਂ ਮਾਤਾ ਦੇ ਥਣ-ਦੁਧ-ਪਦਾਰਥ ਨਾਲ ਪਿਆਰ ਬਣਦਾ ਹੈ । ਜ਼ਰਾ ਕੁ ਸੁਰਤ ਫੜਦਾ ਹੈ ਤੇ ਮਾਤਾ ਨਾਲ ਪਿਆਰ ਬਣ ਜਾਂਦਾ ਹੈ ਅਤੇ ਫਿਰ ਪਿਤਾ ਦੀ ਸੁੱਧ ਵੀ ਆ ਜਾਂਦੀ ਹੈ । ਜ਼ਰਾ ਹੋਰ ਸੋਝੀ ਆਉਂਦੀ ਹੈ ਤੇ ਭਰਾ, ਭਰਜਾਈ ਅਤੇ ਭੈਣ ਦੀ ਪਛਾਣ ਆ ਜਾਣ ਨਾਲ ਮੋਹ ਦਾ ਘੇਰਾ ਹੋਰ ਵੱਡਾ ਬਣਦਾ ਹੈ । ਫਿਰ ਬਾਲਪੁਣੇ ਦਾ ਸਮੇ ਵਿਚਲੀਆਂ ਖੇਡਾਂ ਦੇ ਮੋਹ-ਜਾਲ ਵਿਚ ਫਸ ਜਾਂਦਾ ਹੈ । ਜਿਉਂ ਜ਼ਰਾ ਹੋਰ ਵੱਡਾ ਹੁੰਦਾ ਹੈ ਤਾਂ ਫਿਰ ਖਾਣ ਪੀਣ ਅਤੇ ਪਹਿਨਣ ਦਾ ਸ਼ੌਕ ਆ ਘੇਰਦਾ ਹੈ। ਏਨੇ ਵਿਚ ਜਵਾਨੀ ਆਪਣਾ ਅਸਰ ਆ ਵਿਖਾਉਂਦੀ ਹੈ। ਮਨੁੱਖ ਕਾਮ-ਵਾਸਨਾਂ ਵਿਚ ਫ਼ਸ ਕੇ ਆਪਣੀ ਅਸਲੀਅਤ ਨੂੰ ਵਿਸਾਰ ਬੈਠਦਾ ਹੈ। ਚੰਗੇ ਤੋਂ ਚੰਗੇ ਘਰ ਬਣਾਉਂਣ ਦੀ ਅਤੇ ਮਾਇਆ ਇਕੱਠੀ ਕਰਨ ਦੀ ਦੌੜ ਸ਼ੁਰੂ ਹੋ ਜਾਂਦੀ ਹੈ । ਮਾਇਆ ਦੇ ਪ੍ਰਭਾਵ ਹੇਠ ਤ੍ਰਿਸਨਾ, ਲੋਭ, ਲਾਲਚ, ਠੱਗੀ, ਝੂਠ ਕਈ ਤਰ੍ਹਾਂ ਦੇ ਐਬ ਪੈਦਾ ਕਰਨ ਵਾਲਾ ਕਾਮ, ਕ੍ਰੋਧ, ਹੰਕਾਰ ਆਦਿ ਵਿਕਾਰ, ਮਨੁੱਖ ਨੂੰ ਬਾਂਦਰ ਵਾਂਗ ਨਿਚਾਈ ਰੱਖਦੇ ਹਨ । ਮਾਇਆ ਦਾ ਮੋਹ-ਪਿੰਜਰਾ ਏਨਾ ਪਿਆਰ ਬਣ ਜਾਂਦਾ ਹੈ, ਕਿ ਮਨੁੱਖਾ ਮਨ-ਪੰਛੀ ਉਸ ਵਿਚੋਂ ਬਾਹਰ ਨਿਕਲਣਾ ਨਹੀਂ ਚਾਹੁੰਦਾ । ਆਖ਼ਰ ਬੁੱਢਾ ਹੋ ਕੇ ਮਰ ਖਪ ਜਾਂਦਾ ਹੈ ਅਤੇ ਉਸ ਦੇ ਸੰਬੰਧੀ, ਲੋਕ-ਵਿਖਾਵੇ ਲਈ ਪਿਛੇ ਰੋਂਦੇ ਪਿੱਟਦੇ ਅਤੇ ਮ੍ਰਿਤਕ ਦਾ ਕਿਰਿਆ ਕਰਮ ਕਰਦੇ ਹਨ । ਮਾਝ ਕੀ ਵਾਰ ਵਿਚ ਗੁਰਦੇਵ ਜੀ ਨੇ ਮਨੁੱਖ ਦੀ ਇਸ ਹਾਲਤ ਦਾ ਨਕਸ਼ਾ ਇਉਂ ਫ਼ੁਰਮਾਨ ਕੀਤਾ ਹੈ:--

੬੫- **ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥ ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥ ੨ ॥**[੧੩੮]-ਵਾਰ

ਸਿਰ ਚਿੱਟਾ ਹੋ ਜਾਂਦਾ ਹੈ ਬੁਢੇਪਾ ਆ ਘੇਰਦਾ ਹੈ । ਭਾਵੇਂ ੧੦੦ ਸਾਲ ਦੀ ਉਮਰ ਵਿਚ ਜਾ ਅੱਪੜੇ ਪਰ ਜਦੋਂ ਪਿਛੇ ਧਿਆਨ ਮਾਰਦਾ ਹੈ ਤਾਂ ਇਸ ਤਰ੍ਹਾਂ ਅਨੁਭਵ ਹੁੰਦਾ ਹੈ ਕਿ ਜਿਵੇਂ ਅਜੇ ਕੱਲ੍ਹ ਸਕੂਲੇ ਪੜ੍ਹਦੇ ਸਾਂ, ਫੱਟੀ ਪੋਚਦੇ ਹੀ ਸੰਗੀਆਂ ਨਾਲ ਲੜ ਪੈਂਦੇ ਸਾਂ, ਝੱਟ ਹੀ ਫਿਰ ਸੁਲਾਹ ਕਰਕੇ ਬਾਹਾਂ ਇੱਕ ਦੂਜੇ ਦੇ ਸਰੀਰ ਦੁਆਲੇ ਜਾ ਲਿਪਟਦੀਆਂ ਸਨ । ਅਜੀਬ ਪਿਆਰਾ ਸਮਾਂ ਸੀ । ਪਤਾ ਹੀ ਨਾ ਲੱਗਾ ਇਹ ਸਭ ਕੁਝ ਕਦੋਂ ਅਤੇ ਕਿੱਧਰ ਚਲਾ ਗਿਆ ? ਹਾਏ ! ਅਜੇ ਕੱਲ ਮੈਂ ਰਾਜਾ ਮਹਾਰਾਜਾ, ਵਡਾ ਅਫ਼ਸਰ ਸਾਂ । ਮੇਰੀ ਬੱਧੀ ਕਿਸੇ ਕੋਲੋਂ ਨਹੀਂ ਸੀ ਛੁੱਟਦੀ । ਅਜੇ ਕੱਲ ਮੈ ਸੰਸਾਰ-ਜੇਤੂ, **ਜਰਨੈਲ** ਸਾਂ, ਅਜੇ ਕੱਲ੍ਹ ਮੈ, ਸੰਸਾਰ ਜੇਤੂ, **Boxer** ਸਾਂ, ਪਹਿਲਵਾਨ ਸਾਂ, ਦੌੜਾਕ ਸਾਂ, ਸੱਭ ਤੋਂ ਵੱਧ ਲੰਮੀ ਅਤੇ ਉੱਚੀ ਛਾਲ ਮਾਰਨ ਵਾਲਾ ਸਾਂ,, ਭਾਰ ਚੁੱਕਣ ਵਾਲਾ ਸਾਂ । ਕੋਈ ਮੇਰੇ ਜਿੰਨਾ Body Builder ਨਹੀਂ ਸੀ, ਮੈਨੂੰ ਵੇਖਣ ਲਈ ਲੱਖਾਂ ਬੰਦੇ ਵੱਧ ਤੋਂ ਵੱਧ

ਪੈਸਿਆਂ ਦੀ ਟਿਕਟ ਭਰਨ ਲਈ ਬੇਚੈਨ ਹੋ ਜਾਂਦੇ ਸਨ । ਰਾਹਾਂ ਤੇ ਖਲੋ ਖਲੋ ਕੇ ਲੋਕ ਮੈਨੂੰ ਸਲਾਮਾਂ ਕਰਨ ਵਿਚ ਆਪਣੀ ਵਡਿਆਈ ਮੰਨਦੇ ਸਨ । ਅਜੇ ਕੱਲ੍ਹ ਮੈਂ ਡੇਰੇ ਦਾ ਮਾਲਕ ਵਡੀ ਕਰਨੀ ਵਾਲਾ ਸਾਧ, ਮਹਾਂਪੁਰਖ ਮੰਨਿਆਂ ਜਾਂਦਾ ਸਾਂ । ਅੱਜ ਮੈਂ ਬਿਸਤਰੇ ਤੇ ਪਿਆ ਹਾਂ ਕੋਈ ਪੁੱਛਦਾ ਤੱਕ ਨਹੀਂ, ਆਪਣੇ ਹੀ ਸਰੀਰ ਤੇ ਬੈਠੀਆਂ ਮੱਖੀਆਂ ਉਡਾਉਣੀਆਂ ਵੀ ਭਾਰੂ ਬਣ ਰਹੀਆਂ ਹਨ। ਕਿਧਰ ਗਏ ਮਹਲ, ਮਾੜੀਆਂ, ਨੌਕਰ ਚਾਕਰ, ਸ਼ਰਧਾਲੂ-ਸੇਵਾਦਾਰ ? ਹਾਏ ! ਉਹ ਕਿੱਧਰ ਚਲੇ ਗਏ ਸਾਰੇ ਅੰਧ-ਵਿਸ਼ਵਾਸ਼ੀ ਮੂਰਖ ਸ਼ਰਧਾਲੂ, ਜਿਹੜੇ ਮੇਰੇ ਰਾਹਾਂ ਵਿਚ ਚਿੱਟੀਆਂ ਚਾਦਰਾਂ ਵਿਛਾਉਂਦੇ ਸਨ ? ਇਹ ਸਭ ਕੁਝ ਕਿੱਧਰ ਛਾਈ-ਮਾਈਂ ਹੋ ਗਿਆ । ਹਾਏ ! **ਕੀ ਇਸ ਸਾਰਾ ਧੂੰਏ ਦਾ ਮਹਲ ਹੀ ਸੀ ?** ਸਤਿਗੁਰਾਂ ਨੇ ਸੰਖੇਪ ਸ਼ਬਦਾਂ ਵਿਚ, ਮਨੁੱਖ ਦੀ ਏਸੇ ਹਾਲਤ ਵਲ ਝਾਤੀ ਮਰਵਾਈ ਹੈ:--

੬੬- **ਦਸ ਬਾਲਤਣਿ, ਬੀਸ ਰਵਣਿ, ਤੀਸਾ ਕਾ ਸੁੰਦਰੁ ਕਹਾਵੈ ॥ ਚਾਲੀਸੀ ਪੁਰੁ ਹੋਇ, ਪਚਾਸੀ ਪਗੁ ਖਿਸੈ, ਸਠੀ ਕੇ ਬੋਢੇਪਾ ਆਵੈ ॥ ਸਤਰਿ ਕਾ ਮਤਿ ਹੀਣੁ, ਅਸੀਹਾਂ ਕਾ ਵਿਉਹਾਰੁ ਨ ਪਾਵੈ ॥ ਨਵੈ ਕਾ ਸਿਹਜਾਸਣੀ, ਮੂਲਿ ਨ ਜਾਣੈ ਅਪ ਬਲੁ ॥ ਢੰਢੋਲਿਮੁ ਢੂਢਿਮੁ ਡਿਠੁ ਮੈ, ਨਾਨਕ ਜਗੁ ਧੂਏ ਕਾ ਧਵਲਹਰੁ ॥ ੩ ॥** [੧੩੮]-ਵਾਰ-੧

ਤ੍ਰਿਸ਼ਨਾਂ ਅਤੇ ਮੋਹ ਦੇ ਕਾਰਨ ਮਨੁੱਖ ਸੰਸਾਰੀ ਸੁਖਾਂ ਨੂੰ ਸਦਾ ਲਈ ਮਾਣਦਾ ਰਹਿਣਾ ਚਾਹੁੰਦਾ ਹੈ । ਮੌਤ ਨੂੰ ਬੜੀ ਦੂਰ ਧੱਕੀ ਰੱਖਣ ਵਿਚ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ । ਸਦਾ ਸੁਖੀ ਅਤੇ ਸਦਾ ਜਵਾਨ ਰਹਿਣਾ ਲੋਚਦਾ ਸੀ । ਪਰ ਜ਼ਿੰਦਗੀ ਵਿਚ ਆਏ ਸੁਖਾਂ ਦੇ ਸਮੇਂ ਮਦਾਰੀ ਦਾ ਖੇਡ ਹੀ ਹੋ ਦਿੱਸਦੇ ਹਨ । ਹੈਂ ਇਹ ਕੀ ਜਿਸ ਵਿਕਾਰੀ ਜੀਵਨ ਨਾਲ ਅਥਵਾ ਜਿਨ੍ਹਾਂ ਪਦਾਰਥਾਂ ਦੇ ਚਸਕੇ ਨੂੰ ਮਾਨਣ ਵਿਚ ਵਡਿਆਈ ਸਮਝਦਾ ਸਾਂ ਉਸੇ ਸਭ ਕੁਝ ਦੇ ਕਾਰਨ ਸਰੀਰ ਰੋਗੀ ਹੋ ਗਿਆ ? ਅਜੇ ਕੱਲ੍ਹ ਜਿਹੜੇ ਪਦਾਰਥਾਂ ਨੂੰ ਬੜੇ ਰਸ-ਦਾਇਕ ਕਹਿੰਦਾ ਸਾਂ ਅੱਜ ਉਹੀ ਭੋਗ, ਫਿੱਕੇ, ਕੌੜੇ ਅਤੇ ਬੇਸੁਆਦ ਹੋ ਗਏ ? ਸਾਰਾ ਸੰਸਾਰ ਸੁਪਨਾ ਨਜ਼ਰ ਆਉਣ ਲੱਗ ਪੈਂਦਾ ਹੈ । ਅਜੇਹੀ ਹਾਲਤ ਵਿਚ ਪੁੱਜੇ ਮਨੁੱਖ ਨੂੰ ਸੰਸਾਰ ਧੂੰਏ ਦਾ ਪਹਾੜ ਹੋ ਦਿੱਸਦਾ ਹੈ । ੧੦੦ ਸਾਲ ਬੀਤ ਚੁੱਕਾ ਹੁੰਦਾ ਹੈ ਪਰ ਸੁਖਾਂ ਦਾ ਉਹ ਸਮਾਂ, ਸੁਖਾਂ ਦੇ ਉਹ ਸਾਧਨ ਸਭ ਕੁਝ, ਕੱਲ੍ਹ ਦੀ ਗੱਲ ਹੋ ਦਿੱਸਦੇ ਹਨ । ਕੀ ਇਹ ਸਾਰੀ ਜ਼ਿੰਦਗੀ ਇੱਕ ਸੁਪਨਾ ਹੀ ਸੀ ? ਸਾਰਾ ਜਗਤ ਇੱਕ ਛਲਾਵਾ ਅਥਵਾ ਝੂਠ ਹੀ ਝੂਠ ਹੋ ਦਿੱਸਦਾ ਹੈ । ਸਤਿਗੁਰਾਂ ਨੇ ਅਪਾਰ ਮਿਹਰ ਕਰਕੇ ਇਸ ਤਰ੍ਹਾਂ ਬਣ ਗਏ ਸੰਸਾਰ-ਝੂਠ ਵੱਲ ਝਾਤੀ ਮਰਵਾ ਕੇ ਸਾਨੂੰ ਪ੍ਰਭੂ ਦੀ ਯਾਦ ਨਾਲ ਜੁੜ ਕੇ ਨੇਕ ਅਤੇ ਪਰਉਪਕਾਰੀ ਜ਼ਿੰਦਗੀ ਵਾਲੇ ਬਣਨ ਦਾ ਉਪਦੇਸ਼ ਦਿੱਤਾ ਹੈ:--

੬੭- **ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ ਹਾਰੁ ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ ੧ ॥**[੪੬੮]-ਵਾ-੧੦

**ਭਾਵ, ਅਰਥ:**--(ਮੌਤ ਸਾਹਮਣੇ ਖੜੀ ਹੈ ਪਰ, ਅਗਿਆਨੀ ਮਨਮੁੱਖ, ਸੁਖੀ ਜੀਵਨ ਨੂੰ ਤਰਸ ਰਿਹਾ ਹੈ, ਉਸ ਲਈ) ਇਹ ਸਾਰਾ ਜਗਤ ਛਲ ਰੂਪ ਹੈ (ਜਿਵੇਂ ਮਦਾਰੀ ਦਾ ਸਾਰਾ ਤਮਾਸ਼ਾ ਛਲ ਰੂਪ ਹੈ), ਰਾਜਾ ਪਰਜਾ ਸਾਰਾ ਸੰਸਾਰ ਸਭ ਕੁਝ ਝੂਠ ਹੀ ਝੂਠ (ਬਣ ਗਿਆ ?) ਰਾਜਿਆਂ ਦੇ ਮਹਲ ਮਾੜੀਆਂ, ਸ਼ਾਮੀਆਨੇ, ਅਤੇ ਇਨ੍ਹਾਂ ਵਿਚ ਵੱਸਣ ਵਾਲੇ ਸਭ ਕੁਝ ਇੱਕ ਭਰਮ (ਹੋ ਦਿੱਸਦਾ ਹੈ) । ਸੋਨਾ ਚਾਂਦੀ, ਇਨ੍ਹਾਂ ਨੂੰ ਪਹਿੰਨਣ ਵਾਲੇ ਸੋਹਣੇ ਸਰੀਰ ਸਭ ਕੁਝ ਛਲਾਵਾ । (ਤ੍ਰਿਸ਼ਨਾਲੂ ਮਨ ਜਿਨ੍ਹਾਂ ਦੀ ਪ੍ਰਾਪਤੀ ਲਈ ਕਈ ਉਪਦਰ ਕਰਦਾ ਫਿਰਦਾ ਸੀ) ਮਰਦ ਇਸਤ੍ਰੀ ਵਾਲੇ ਬੰਧਨ ਸਭ ਛਲਾਵਾ ਹਨ । (ਜੇ ਗੁਰੂ ਮਿਹਰ ਕਰੇ ਤਾਂ ਸਮਝ ਆ ਜਾਂਦੀ ਹੈ ਕਿ) ਇਨ੍ਹਾਂ ਦੇ ਮੋਹ ਵਿਚ ਫਸੇ ਮਨੁੱਖ ਆਪਣੇ ਪੈਦਾ ਕਰਨ ਵਾਲੇ ਪ੍ਰਭੂ ਨੂੰ ਭੁਲਾ ਕੇ ਖੱਜਲ ਖ਼ੁਆਰ ਹੋ ਰਹੇ ਹਨ । ਪ੍ਰਭੂ ਦੀ ਯਾਦ ਤੋਂ ਬਿਨਾਂ ਇਹ ਜਗਤ ਕੇਵਲ ਇੱਕ ਛਲ ਹੀ ਹੈ ।

ਪ੍ਰਭੂ ਦੀ ਇਸ ਸੰਸਾਰ-ਖੇਡ ਵਿਚ ਮਨੁੱਖ ਦੀ ਅਜੇਹੀ ਹਾਲਤ ਕੇਵਲ ਮਾਇਆ ਦਾ ਮੋਹ ਹੀ ਬਣਾਉਂਦਾ ਹੈ । ਮਾਇਆ ਦਾ ਮੋਹ ਪ੍ਰਭੂ ਦੀ ਯਾਦ ਭੁਲਾ ਦਿੰਦਾ ਹੈ ਅਤੇ ਸੰਸਾਰਕ ਪਦਾਰਥਾਂ ਦੇ ਰਸ ਪਿਆਰੇ ਲੱਗਣ ਲੱਗ ਪੈਂਦੇ ਹਨ--- **ਏਹ ਮਾਇਆ ਜਿਤੁ ਹਰਿ ਵਿਸਰੈ, ਮੋਹਿ ਉਪਜੈ, ਭਾਉ ਦੂਜਾ ਲਾਇਆ** ॥[੯੨੧} ਆਉ ਜੋਦੜੀ ਕਰੀਏ, ਹੇ ਸੱਚੇ ਪਿਤਾ ਜੀਓ ! ਸਾਨੂੰ ਭੁਲੜਾਂ ਨੂੰ ਰਾਹੇ ਪਾਉ। ਦਾਤਾਰ ਜੀਓ **!** ਅਸੀਂ ਮਾਇਆ ਦੇ ਮੋਹ ਵਿਚੋਂ ਕਿਵੇਂ ਨਿਕਲੀਏ ? ਸਾਡਾ ਮਨ ਪਾਪਾਂ ਤੋਂ ਸਾਫ਼ ਕਿਵੇਂ ਹੋਏ ? ਸਾਨੂੰ ਸੱਚ ਦੇ ਦਰਸ਼ਨ ਕਿਵੇਂ ਹੋਣ?---

੬੮- **ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾਂ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥** [੪੬੮]-ਵਾ-੧੦

**ਅਰਥ:**--(ਜਗਤ ਰੂਪ ਛਲ ਵਲੋਂ ਵਾਸ਼ਨਾ ਪਰਤਾ ਕੇ, ਜਗਤ ਦੇ) ਅਸਲੇ ਦੀ ਸਮਝ ਤਦੋਂ ਆਉਂਦੀ ਹੈ ਜਦੋਂ, ਮਨੁੱਖ ਦੇ ਹਿਰਦੇ ਵਿਚ ਅਸਲੀਅਤ ਦਾ ਮਾਲਕ ਉਹ ਪਰਮਾਤਮਾ ਆਪ ਆ ਟਿਕਦਾ (ਪ੍ਰਗਟ ਹੁੰਦਾ) ਹੈ । ਤਦੋਂ ਮਾਇਆ ਛਲ ਦਾ ਅਸਰ ਮਨ ਤੋਂ ਦੂਰ ਹੋ ਜਾਂਦਾ ਹੈ, (ਫਿਰ ਮਨ ਦੇ ਨਾਲ ਸਰੀਰ ਵੀ ਸੁੰਦਰ ਹੋ ਜਾਂਦਾ ਹੈ, ਸਰੀਰਕ ਇੰਦਰੇ ਵੀ ਗੰਦੇ ਪਾਸੇ ਵਲੋਂ ਹਟ ਜਾਂਦੇ ਹਨ, ਮਾਨੋ) ਸਰੀਰ ਧੁਪ ਕੇ ਸਾਫ਼ ਹੋ ਜਾਂਦਾ ਹੈ । (ਮਾਇਸ ਛਲ ਵਲੋਂ ਮਨ ਦੇ ਫੁਰਨੇ ਹਟ ਕੇ, ਕੁਦਰਤ ਦੇ) ਅਸਲੇ ਦੀ ਸਮਝ ਤਦੋਂ ਹੀ ਆਉਂਦੀ ਹੈ, ਜਦ ਮਨੁੱਖ ਉਸ ' ਸੱਚ ' ਵਿਚ ਮਨ ਜੋੜਦਾ ਹੈ, ਅਤੇ ਉਸ ਪ੍ਰਭੂ-ਸੱਚ ਦਾ ਨਾਮ ਸੁਣ ਕੇ ਮਨੁੱਖ ਦਾ ਮਨ ਖਿੜਦਾ ਹੈ ਤੇ ਉਸ ਨੂੰ (ਮਾਇਆ ਦੇ ਬੰਧਨ ਤੋਂ) ਸੁਤੰਤਰ ਹੋਣ ਦਾ ਰਾਹ ਮਿਲ ਜਾਂਦਾ ਹੈ । ਜਗਤ ਦੇ ਅਸਲੇ ਦੀ ਸਮਝ ਤਦੋਂ ਪੈਂਦੀ ਹੈ, ਜਦੋਂ ਮਨੁੱਖ (ਰੱਬੀ ਜੀਵਨ ਗੁਜ਼ਾਰਨ ਦੀ) ਜੁਗਤੀ ਜਾਣਦਾ ਹੋਵੇ, ਭਾਵ, ਸਰੀਰ ਰੂਪ ਧਰਤੀ ਨੂੰ ਤਿਆਰ ਕਰਕੇ ਇਸ ਵਿਚ ਪ੍ਰਭੂ ਦਾ ਨਾਮ ਬੀਜ ਦੇਵੇ । ਸੱਚ ਦੀ ਪਰਖ ਤਦੋਂ ਹੁੰਦੀ ਹੈ, ਜਦੋਂ ਸੱਚੀ ਸਿਖਿਆ (ਗੁਰੁ ਗ੍ਰੰਥ ਸਾਹਿਬ ਜੀ ਪਾਸੋਂ) ਲਏ ਅਤੇ (ਉਸ ਸਿਖਿਆ ਤੇ ਚੱਲ ਕੇ) ਸਭ ਜੀਵਾਂ ਉ ੱਤੇ

ਤਰਸ ਕਰਨ ਦੀ ਜਾਚ ਸਿੱਖੇ ਤੇ (ਲੋੜਵੰਦਾਂ ਨੂੰ) ਕੁਝ ਦਾਨ ਪੁੰਨ ਕਰੇ । ਉਸ ਧੁਰ ਅੰਦਰਲੀ ਅਸਲੀਅਤ (ਪ੍ਰਭੂ) ਨਾਲ ਤਦੋਂ ਹੀ ਜਾਣ-ਪਛਾਣ ਹੁੰਦੀ ਹੈ ਜਦੋਂ ਮਨੁੱਖ ਆਤਮਾ ਦੇ ਅੰਦਰਲੇ ਤੀਰਥ ਉ ੱਤੇ ਟਿਕੇ, ਆਪਣੇ ਗੁਰੂ (ਗ੍ਰੰਥ ਸਾਹਿਬ ਦੀ ਬਾਣੀ-ਵਿਚਾਰ) ਤੋਂ ਉਪਦੇਸ਼ ਗ੍ਰਹਣ ਕਰਕੇ ਅੰਤਰਗਤਿ ਬਣੇ ਉਸ ਤੀਰਥ ਉ ੱਤੇ ਨਿਵਾਸ ਰੱਖੇ " [ ਇਸ ਅੰਤਰਗਤਿ ਤੀਰਥ ਦੀ ਸੋਝੀ ਗੁਰਦੇਵ ਜੀ ਨੇ ਜਪੁ ਸਾਹਿਬ ਦੀ ੨੧ਵੀਂ ਪਉੜੀ ਵਿਚ ਕਰਾ ਦਿੱਤੀ ਹੋਈ ਹੈ--**ਸੁਣਿਆ ਮੰਨਿਆ, ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥ ਮਲਿ ਨਾਉ ॥** ]

ਨਾਨਕ ਅਰਜ਼ ਕਰਦਾ ਹੈ, ਜਿੰਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਅਸਲੀਅਤ ਦਾ ਮਾਲਕ ਪ੍ਰਭੂ ਟਿਕਿਆ ਹੋਇਆ ਹੈ, ਉਨ੍ਹਾਂ ਦੇ ਸਾਰੇ ਦੁਖਾਂ ਦਾ ਇਲਾਜ ਉਹ ਆਪ ਬਣ ਜਾਂਦਾ ਹੈ, (ਕਿਉਂਕਿ ਉਹ) ਸਾਰੇ ਵਿਕਾਰਾਂ ਨੂੰ (ਉਸ ਹਿਰਦੇ ਵਿਚੋਂ) ਧੋ ਕੇ ਕੱਢ ਦਿੰਦਾ ਹੈ । ੨ ।

ਅਤੇ ਜਦੋਂ ਸੱਚ ਦੀ ਪਛਾਣ ਆ ਜਾਵੇ, ਜਦੋਂ " **ਆਦਿ ਸਚੁ ਜੁਗਾਦਿ ਸਚੁ** " ਹਿਰਦੇ ਵਿਚ ਆ ਵਸੇ, ਜਦੋਂ ਮਾਇਆ ਅਥਵਾ ' ਲਛਮੀ ਦੇਵੀਂ " ਅਤੇ ਰਿਧੀਆਂ ਸਿਧੀਆਂ ਦਾਸੀਆਂ ਬਣ ਖਲੋਣ, ਤਾਂ ਫਿਰ ਇਹ ਸੰਸਾਰ ਨਾ ਛਲ ਰਹਿੰਦਾ ਹੈ, ਨਾ ਸੁਪਨਾ ਰਹਿੰਦਾ ਹੈ ਅਤੇ ਨਾ ਹੀ ਧੂੰਏਂ ਦਾ ਪਹਾੜ ਜਾਂ ਧੂੰਏ ਦਾ ਧੌਲਹਰ ਹੀ ਰਹਿੰਦਾ ਹੈ । ਫਿਰ ਇਹ ਜਗਤ ਹਰੀ ਦਾ ਮੰਦਰ ਹੋ ਦਿਸਦਾ ਹੈ । ਫਿਰ ਇਹ ਸੋਝੀ ਆ ਜਾਂਦੀ ਹੈ ਕਿ ਜਿਸ ਜਗਤ ਵਿਚ " ਸੱਚਾ " ਆਪ ਵੱਸਦਾ ਹੈ, ਜਿਹੜਾ ਸੰਸਾਰ ਪ੍ਰਭੂ ਦਾ ਆਪਣਾ ਮੰਦਰ ਹੈ, ਉਹ ਝੂਠ ਅਥਵਾ ਛਲਾਵਾ ਕਿਵੇਂ ਹੋਇਆ ?

੬੯- **ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥**
**ਵਿਚਿ ਵਰਤੈ ਨਾਨਕ ਆਪਿ, ਝੂਠੁ ਕਹੁ ਕਿਆ ਗਨੀ ॥ ੨ ॥** [੭੨੩]-੧

**ਅਰਥ**:--ਹੇ ਭਾਈ ! ਹਵਾ, ਪਾਣੀ ਧਰਤੀ ਆਕਾਸ- ਇਹ ਸਾਰੇ ਪਰਮਾਤਮਾ ਦੇ (ਰਹਿਣ ਵਾਸਤੇ) ਘਰ ਮੰਦਰ ਬਣੇ ਹੋਏ ਹਨ। ਹੇ ਨਾਨਕ ! ਇਨ੍ਹਾਂ ਸਭਨਾਂ ਵਿਚ ਪਰਮਾਤਮਾ ਆਪ ਵੱਸ ਰਿਹਾ ਹੈ। ਦੱਸੋ ਇਨ੍ਹਾਂ ਵਿਚੋਂ ਕਿਸ ਨੂੰ ਮੈਂ ਅਸੱਤ (ਝਠ, ਛਲਾਵ, ਸੁਪਨਾ ਅਥਵਾ ਧੂੰਏ ਦਾ ਪਹਾੜ ਆਦਿ) ਆਖਾਂ । ੨ ।

ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਨਾਲ ਜਦ ਇਹ ਪਤਾ ਲੱਗ ਗਿਆ ਕਿ, ਸਾਰੇ ਸੰਸਾਰ ਦੇ ਕਣ ਕਣ ਵਿਚ ਪ੍ਰਭੂ ਦੀ ਹੀ ਜੋਤਿ ਵਰਤ ਰਹੀ ਹੈ ਤਾਂ ਇਹ ਸਾਰਾ ਪਸਾਰਾ, ਇਹ ਦਿਸਦਾ ਸਭ ਕੁਝ ਸੱਚ ਹੋ ਦਿਸਦਾ ਹੈ--**ਸਭ ਜੋਤਿ ਤੇਰੀ ਜੋਤੀ ਵਿਚ ਕਰਤੇ ਸਭੁ ਸਚੁ ਤੇਰਾ ਪਾਸਾਰਾ ॥** [੧੩੧੪] ਫਿਰ ਇਹ ਨਿਸਚਾ ਹੋ ਜਾਂਦਾ ਹੈ ਕਿ-

੭੦- **ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥ ੧ ॥**[੪੬੩]-ਵਾਰ-੨

**ਅਰਥ**:--(ਸਦਾ ਅਟੱਲ ਰਹਿਣ ਵਾਲੇ ਸਿਰਜਣ ਹਾਰ ਜਦ ਇਹ ਸੱਚ ਹੈ ਕਿ ਸ੍ਰਿਸ਼ਟੀ ਦੇ ਕਣ-ਕਣ ਵਿਚ ਤੂੰ ਆਪ ਹੀ ਵਿਆਪਕ ਹੈਂ, ਫਿਰ) ਹੇ ਸੱਚੇ ਪਾਤਿਸ਼ਾਹ ! ਤੇਰੇ (ਪੈਦਾ ਕੀਤੇ ਹੋਏ) ਖੰਡ ਤੇ ਬ੍ਰਹਮੰਡ ਸੱਚੇ ਹਨ । ਤੇਰੇ (ਸਿਰਜੇ ਹੋਏ ਚੌਦਾਂ) ਲੋਕ ਤੇ (ਇਹ ਬੇਅੰਤ) ਅਕਾਰ ਵੀ ਸਦਾ ਥਿਰ ਰਹਿਣ ਵਾਲੇ ਹਨ, ਤੇਰੇ ਕੰਮ ਤੇ ਸਾਰੀਆਂ ਵਿਚਾਰਾਂ ਨਾਸ ਰਹਿਤ ਹਨ । ਹੇ ਪਾਤਿਸ਼ਾਹ ! ਤੇਰੀ ਪਾਤਿਸ਼ਾਹੀ ਤੇ ਤੇਰਾ ਦਰਬਾਰ ਅਟੱਲ ਹਨ, ਤੇਰਾ ਹੁਕਮ ਤੇਰਾ (ਸ਼ਾਹੀ) ਫੁਰਮਾਨ ਵੀ ਅਟੱਲ ਹਨ । ਤੇਰੀ ਬਖ਼ਸ਼ਸ਼ ਅਤੇ ਬਖ਼ਸ਼ਸ਼ਾਂ ਦੇ ਨਿਸ਼ਾਨ ਵੀ (ਭਾਵ, ਇਹ ਦਿਨ, ਰਾਤ, ਧੁੱਪ, ਚਾਂਦਨੀ, ਹਵਾ, ਪਾਣੀ, ਆਦਿ ਹੋਰ ਬੇਅੰਤ ਤਰ੍ਹਾਂ ਦੇ ਪਦਾਰਥ ਜੋ ਤੂੰ ਜੀਆਂ ਨੂੰ ਦੇ ਰਿਹਾ ਹੈਂ) ਸਦਾ ਵਾਸਤੇ ਕਾਇਮ ਹਨ । ਲਖਾਂ ਕਰੋੜਾਂ ਜੀਵ ਜੋ ਤੈਨੂੰ ਸਿਮਰ ਰਹੇ ਹਨ, ਸਭ ਸੱਚ ਹੈ, (ਭਾਵ, ਬੇਅੰਤ ਜੀਵਾਂ ਦਾ ਤੈਨੂੰ ਸਿਮਰਨਾ--ਇਹ ਵੀ ਤੇਰਾ ਇਕ ਅਜਿਹਾ ਚਲਾਇਆ ਹੋਇਆ ਕੰਮ ਹੈ ਜੋ ਸਦਾ ਲਈ ਥਿਰ ਹੈ) । (ਇਹ ਖੰਡ, ਬ੍ਰਹਿਮੰਡ, ਤੀਨੋ ਲੋਕ, ਦਿਸਦਾ ਅਣਦਿਸਦਾ ਆਕਾਰ, ਜੀਅ ਜੰਤ ਆਦਿਕ) ਸਾਰੇ ਹੀ ਸੱਚੇ ਹਰੀ ਦੇ ਤਾਣ ਤੇ ਜ਼ੋਰ ਵਿਚ ਹਨ (ਭਾਵ, ਇਨ੍ਹਾਂ ਸਭਨਾ ਦੀ ਹਸਤੀ, ਸਭਨਾਂ ਦਾ ਆਸਰਾ ਪ੍ਰਭੂ ਆਪ ਹੈ) । ਤੇਰੀ ਸਿਫ਼ਤਿ-ਸਾਲਾਹ ਕਰਨੀ ਤੇਰਾ ਇਕ ਅਟੱਲ ਸਿਲਸਲਾ ਹੈ, ਹੇ ਸੱਚੇ ਪਾਤਿਸ਼ਾਹ ! ਇਹ ਸਾਰੀ ਰਚਨਾ ਹੀ ਤੇਰਾ ਇਕ ਨਾ ਮੁੱਕਣ ਵਾਲਾ ਪਰਬੰਧ ਹੈ । ਹੇ ਨਾਨਕ ! ਜੋ ਜੀਵ ਉਸ ਅਬਿਨਾਸ਼ੀ ਪ੍ਰਭੂ ਨੂੰ ਸਿਮਰਦੇ ਹਨ, ਉਹ ਵੀ ਉਸ ਦਾ ਰੂਪ ਹਨ, ਪਰ ਜੋ ਜੰਮਣ ਮਰਨ ਦੇ ਗੇੜ ਵਿਚ ਪਏ ਹਨ, ਉਹ ਅਜੇ ਬਿਲਕੁਲ ਕੱਚੇ ਹਨ (ਭਾਵ, ਉਹ ਅਸਲ ਜੋਤ ਦਾ ਰੂਪ ਨਹੀਂ ਹੋਏ) । ੧ ।

੭੧- **ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ, ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥**[੪੬੩]-ਵਾਰ-੨

੯

## ਦੁਨੀ ਸੁਹਾਵਾ ਬਾਗੁ... ?

ਜਦ ਸਤਿਗੁਰਾਂ ਦੀ ਮਿਹਰ ਨਾਲ ਮਨੁੱਖ ਨੂੰ ਇਹ ਅੱਖਾਂ ਮਿਲ ਜਾਂਦੀਆਂ ਹਨ ਕਿ--**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥** [੯੨੨] ਜਦ ਸਾਰੀਆਂ ਠੰਡਾਂ ਦਾ ਸੋਮਾ ਹਿਰਦੇ ਵਿਚ ਪ੍ਰਗਟ ਹੋ ਗਿਆ, ਤਾਂ ਫਿਰ ਨਾ ਤ੍ਰਿਸ਼ਨਾਂ-ਅੱਗ ਦੀ ਤਪਸ਼ ਰਹੀ, ਨਾ ਕਾਮ ਅਗਨੀ ਅਤੇ ਨਾ ਕ੍ਰੋਧ ਅਗਨੀ ਹੀ ਸਾੜੇ, ਲੋਭ ਜਾਂਦਾ ਰਿਹਾ ਹਿਰਦਾ ਸੰਤੋਖ ਅਤੇ ਖਿਮਾ ਦੇ ਸ਼ੁਭ ਗੁਣਾ ਨਾਲ ਨਕਾ-ਨਕ ਭਰ ਗਿਆ । ਹਰ ਪਾਸੇ ਠੰਢ ਹੀ ਠੰਢ ਵਰਤ ਗਈ । ਜਦ--**ਨਾ ਕੋ ਬੈਰੀ ਨਾਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥** [੧੨੯੯] ਵਾਲੀ ਹਾਲਤ ਬਣ ਗਈ, ਤਾਂ ਫਿਰ ਜਗਤ ਨਾ ਦੁਖਾਂ ਦਾ ਘਰ ਲੱਗਦਾ ਹੈ, ਨਾ ਜਗਤ ਸੁਪਨਾ ਰਿਹਾ ਅਤੇ ਨਾ ਹੀ ਧੂੰਏ ਦਾ ਪਹਾੜ । ਸਗੋਂ ਇਹ ਧਰਤੀ " ਧਰਮਸਾਲ " ਪ੍ਰਤੀਤਿ ਹੋਣ ਲੱਗ ਪੈਦੀ ਹੈ, ਇਹ " ਜਗਤ ਫਿਰ ਸਦਾ ਥਿਰ ਪ੍ਰਭੂ ਦੀ ਆਪਣੀ ਕੋਠੜੀ ਹੋ ਦਿੱਸਦੀ ਹੈ । ਹਰ ਪਾਸੇ ਗੁਲਜ਼ਾਰ ਖਿੜਿਆ ਅਨੁਭਵ ਹੋਣ ਲੱਗ ਪੈਂਦਾ ਹੈ । ਫਿਰ ਇਸ ਪਾਸੇ ਵੀ ਸੁਰਤਿ ਪਰਤਦੀ ਹੈ, ਕਿ ਪਤਾ ਕਰਨਾ ਚਾਹੀਦਾ ਹੈ ਕਿ, ਕੀ ਭਲਾ ਸਤਿਗੁਰਾਂ ਨੇ ਵੀ ਇਸ ਸੰਸਾਰ ਨੂੰ, ਖਿੜਿਆ ਹੋਇਆ ਬਾਗ਼, ਫੁੱਲਾਂ ਦੀ ਬਾਗ਼ਾਤ ਅਥਵਾ ਫੁਲਵਾੜੀ ਫੁਰਮਾਨ ਕੀਤਾ ਹੈ ? :--

੧੨- **ਕਿਆ ਗਾਲਾਇਓ ਭੂਛ, ਪਰ ਵੇਲਿ ਨ ਜੋਹੇ ਕੰਤ ਤੂ ॥**
**ਨਾਨਕ ਫੁਲਾ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ॥ ੩ ॥**[੧੦੯੫]-ਵਾਰ-੪

[ਨੋਟ:--ਇਸ ਪਾਵਨ ਸਲੋਕ ਦੇ ਅਰਥ ਪੁਸਤਕ ਦੇ ਪਹਿਲੇ ਭਾਗ ਦੇ ਲੇਖ ਨੰ: ੫੪ ਵਿਚ ਕੀਤੇ ਜਾ ਚੁੱਕੇ ਹਨ]

ਅਗਲੇ ਗੁਰੂ-ਸ਼ਬਦ ਵਿਚ, ਸਤਿਗੁਰਾਂ ਨੇ ਸੰਸਾਰ ਨੂੰ ਬਗੀਚਾ ਅਤੇ ਪਰਮਾਤਮਾ ਨੂੰ ਮਾਲੀ ਕਹਿ ਕੇ, ਉੱਚਾ ਆਤਮਕ ਜੀਵਨ ਬਣਾ ਲੈਣ ਵਾਲਾ ਬੜਾ ਕੀਮਤੀ ਉਪਦੇਸ਼ ਮਨੁੱਖ ਨੂੰ ਦਿੱਤਾ ਹੈ:--

੧੩- **ਏਕੁ ਬਗੀਚਾ ਪੇਡ ਘਨ ਕਰਿਆ ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥ ੧ ॥ ਐਸਾ ਕਰਹੁ ਬੀਚਾਰੁ ਗਿਆਨੀ ॥ ਜਾ ਤੇ ਪਾਈਐ ਪਦੁ ਨਿਰਬਾਨੀ ॥ ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ॥ ੧ ॥ ਰਹਾਉ ॥ ਸਿੰਚਨਹਾਰੇ ਏਕੈ ਮਾਲੀ ॥ ਖਬਰਿ ਕਰਤੁ ਹੈ ਪਾਤ ਪਤ ਡਾਲੀ ॥ ੨ ॥ ਸਗਲ ਬਨਸਪਤਿ ਆਣਿ ਜੜਾਈ ॥ ਸਗਲੀ ਫੂਲੀ ਨਿਫਲ ਨ ਕਾਈ ॥ ੩ ॥ ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ ਨਾਨਕ ਦਾਸ ਤਰੀ ਤਿਨਿ ਮਾਇਆ ॥ ੪ ॥**[੩੮੫]-੫-੫੬

**ਅਰਥ:**--ਹੇ ਗਿਆਨਵਾਨ ਮਨੁੱਖ ! ਕੋਈ ਏਹੋ ਜਿਹੀ ਵਿਚਾਰ ਕਰ, ਜਿਸ ਦੀ ਬਰਕਤਿ ਨਾਲ ਉਹ (ਆਤਮਕ) ਦਰਜਾ ਪ੍ਰਾਪਤ ਹੋ ਜਾਏ ਜਿਥੇ ਕੋਈ ਵਾਸਨਾ ਨਾ ਪੋਹ ਸਕੇ । ਹੇ ਭਾਈ ! ਤੇਰੇ ਚੁਫ਼ੇਰੇ (ਮਾਇਆ ਦੇ ਮੋਹ ਦੇ) ਜ਼ਹਰ ਦੇ ਚਸ਼ਮੇ (ਚੱਲ ਰਹੇ ਹਨ ਜੋ ਆਤਮਕ ਮੌਤ ਲੈ ਆਉਂਦੇ ਹਨ, ਪਰ ਤੇਰੇ) ਅੰਦਰ (ਨਾਮ-) ਅੰਮ੍ਰਿਤ (ਦਾ ਚਸ਼ਮਾ ਚੱਲ ਰਿਹਾ) ਹੈ । ੧ । ਰਹਾਉ ।

ਇਹ ਜਗਤ ਇਕ ਬਗ਼ੀਚਾ ਹੈ ਜਿਸ ਵਿਚ (ਸਿਰਜਣਹਾਰ-ਮਾਲੀ ਨੇ) ਬੇਅੰਤ ਬੂਟੇ ਲਾਏ ਹੋਏ ਹਨ (ਰੰਗਾ ਰੰਗ ਦੇ ਜੀਵ ਪੈਦਾ ਕੀਤੇ ਹੋਏ ਹਨ, ਇਨ੍ਹਾਂ ਵਿਚੋਂ ਜਿਨ੍ਹਾਂ ਦੇ ਅੰਦਰ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ (ਸਿੰਜਿਆ ਜਾ ਰਿਹਾ) ਹੈ (ਉਨ੍ਹਾਂ ਨੂੰ ਆਤਮਕ ਜੀਵਨ ਦਾ) ਫਲ ਲੱਗ ਰਿਹਾ ਹੈ **। ੧ ।** (ਆਤਮਕ ਜੀਵਨ ਵਾਸਤੇ ਨਾਮ-ਜਲ) ਸਿੰਜਣ ਵਾਲੇ ਉਸ ਇਕ (ਸਿਰਜਣਹਾਰ-) ਮਾਲੀ ਨੂੰ (ਆਪਣੇ ਹਿਰਦੇ ਵਿਚ ਸੰਭਾਲ ਰੱਖੋ) ਜੋ ਹਰੇਕ ਬੂਟੇ ਦੇ ਪੱਤਰ ਪੱਤਰ ਡਾਲੀ ਡਾਲੀ ਦੀ ਸੰਭਾਲ ਕਰਦਾ ਹੈ (ਜੋ ਹਰੇਕ ਜੀਵ ਦੇ ਆਤਮਕ ਜੀਵਨ ਦੇ ਹਰੇਕ ਪੱਖ ਦਾ ਧਿਆਨ ਰੱਖਦਾ ਹੈ) **। ੨ ।** (ਉਸ ਮਾਲੀ ਨੇ ਇਸ ਜਗਤ-ਬਗੀਚੇ ਵਿਚ) ਸਾਰੀ ਬਨਾਸਪਤੀ ਲਿਆ ਕੇ ਸਜਾ ਦਿੱਤੀ ਹੈ (ਰੰਗਾ ਰੰਗ ਦੇ ਜੀਵ ਪੈਦਾ ਕਰ ਕੇ ਸੰਸਾਰ-ਬਗੀਚੇ ਨੂੰ ਸੋਹਣਾ ਬਣਾ ਦਿੱਤਾ ਹੈ) । ਸਾਰੀ ਬਨਾਸਪਤੀ ਫੁੱਲ ਰਹੀ ਹੈ, ਕੋਈ ਬੂਟਾ ਫਲ ਤੋਂ ਖ਼ਾਲੀ ਨਹੀਂ (ਹਰੇਕ ਜੀਵ ਮਾਇਆ ਦੇ ਆਹਰੇ ਲੱਗਾ ਹੋਇਆ ਹੈ) **। ੩ ।** ਗੁਰਦੇਵ ਜੀ ਫ਼ੁਰਮਾਨ ਕਰਦੇ ਹਨ-- ਜਿਸ ਮਨੁੱਖ ਨੇ ਗੁਰੂ ਪਾਸੋਂ ਆਤਮਕ ਜੀਵਨ ਦੇਣ ਵਾਲਾ ਨਾਮ ਫਲ ਪ੍ਰਾਪਤ ਕਰ ਲਿਆ ਹੈ, ਉਸ ਨੇ ਮਾਇਆ (ਦੀ ਨਦੀ) ਪਾਰ ਕਰ ਲਈ । ੪ ।

੧੪- **ਤਰਵਰੁ ਏਕੁ, ਅਨੰਤ ਡਾਰ ਸਾਖਾ, ਪੁਹਪ ਪਤ੍ਰ ਰਸ ਭਰੀਆ ॥ ਇਹ ਅੰਮ੍ਰਿਤ ਕੀ ਬਾੜੀ ਹੈ ਰੇ, ਤਿਨਿ ਹਰਿ ਪੂਰੈ ਕਰੀਆ ॥ ੧ ॥ ਜਾਨੀ ਜਾਨੀ ਰੇ, ਰਾਜਾ ਰਾਮ ਕੀ ਕਹਾਨੀ ॥ ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥ ੧ ॥ ਰਹਾਉ ॥ ਭਵਰੁ ਏਕੁ, ਪੁਹਪ ਰਸ ਬੀਧਾ, ਬਾਰਹ ਲੇ ਉਰਿ ਧਰਿਆ ॥ ਸੋਰਹ ਮਧੇ ਪਵਨੁ ਝਕੋਰਿਆ, ਆਕਾਸੇ ਫਰੁ ਫਰਿਆ ॥ ੨ ॥ ਸਹਜ ਸੁੰਨਿ ਇਕੁ ਬਿਰਵਾ ਉਪਜਿਆ, ਧਰਤੀ ਜਲਹਰੁ ਸੋਖਿਆ ॥ ੨ ॥ ਕਹਿ ਕਬੀਰ ਹਉ ਤਾ ਕਾ ਸੇਵਕੁ, ਜਿਨਿ ਇਹੁ ਬਿਰਵਾ ਦੇਖਿਆ ॥ ੩ ॥**[੯੭੦]-੬

**ਅਰਥ:**-- ਜੇ ਕੋਈ ਮਨੁੱਖ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰਦਾ ਹੈ, ਉਹ ਪ੍ਰਕਾਸ਼-ਰੂਪ ਪਰਮਾਤਮਾ ਦੇ ਮੇਲ ਦੀ ਅਵਸਥਾ ਨੂੰ ਸਮਝ ਲੈਂਦਾ ਹੈ, ਉਸ ਦੇ ਅੰਦਰ ਰਾਮ ਦਾ ਪ੍ਰਕਾਸ਼ ਹੋ ਜਾਂਦਾ ਹੈ । ਪਰ ਇਸ ਅਵਸਥਾ ਨਾਲ ਜਾਣ-ਪਛਾਣ ਕਰਨ ਵਾਲਾ ਹੁੰਦਾ ਕੋਈ ਵਿਰਲਾ ਹੈ । ੧ । ਰਹਾਉ ।

ਰਹਾਉ ਦੀ ਤੁਕ ਹੀ ਸਾਰੇ ਸ਼ਬਦ ਦਾ ਅੰਤ੍ਰੀਵ ਭਾਵ ਮੰਨਿਆਂ ਜਾਂਦਾ ਹੈ । ਏਥੇ ਸਮਝਾਇਆ ਗਿਆ ਹੈ ਕਿ ਜਿਹੜਾ ਮਨੁੱਖ ਆਪਾ-ਭਾਵ ਗੁਆ ਕੇ ਆਪਣੀ ਮਤਿ ਨੂੰ ਗੁਰੂ ਦੇ ਹਵਾਲੇ ਕਰ ਕੇ ਸਚੁ-ਨਾਮ ਵਿਚ ਜੁੜਨ ਦੀ ਕਮਾਈ ਕਰਦਾ ਹੈ, ਉਸ ਨੂੰ ਪ੍ਰਭੂ ਮਿਲਾਪ ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ । ਬਾਕੀ ਸਬਦ ਵਿਚ ਉਸ ਅਵਸਥਾ ਵਿਚ ਪੁੱਜੇ ਹੋਏ ਮਨੁੱਖ ਦੇ ਤਿੰਨ ਲੱਛਣ ਦੱਸੇ ਹਨ--

(ਗੁਰੂ ਦੇ ਸਨਮੁਖ ਹੋਏ ਅਜਿਹੇ ਮਨੁੱਖ ਨੂੰ ਇਹ ਸਮਝ ਆ ਜਾਂਦੀ ਹੈ ਕਿ) ਸੰਸਾਰ ਇੱਕ ਰੁੱਖ (ਸਮਾਨ) ਹੈ, (ਜਗਤ ਦੇ ਜੀਅ-ਜੰਤ, ਮਾਨੋ, ਉਸ ਰੁੱਖ ਦੀਆਂ) ਬੇਅੰਤ ਡਾਲੀਆਂ ਤੇ ਟਹਿਣੀਆਂ ਹਨ, ਜੋ ਫੁੱਲਾਂ, ਪੱਤਰਾਂ ਦੇ ਰਸ-ਭਰੇ ਫਲਾਂ ਨਾਲ ਲੱਦੀਆਂ ਹੋਈਆਂ ਹਨ । **ਇਹ ਸੰਸਾਰ ਅੰਮ੍ਰਿਤ ਦੀ ਇੱਕ ਬਗ਼ੀਚੀ ਹੈ**, ਜੋ ਉਸ ਪੂਰਨ ਪਰਮਾਤਮਾ ਨੇ ਬਣਾਈ ਹੈ [ ਸਦੀਵੀ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਇਸ ਸੰਸਾਰਕ ਜੀਵਨ ਤੋਂ ਹੀ ਪ੍ਰਾਪਤ ਹੋਣਾ ਹੈ । ਸੋ ਸੰਸਾਰ ਹੀ ਅਜੇਹੀ ਅੰਮ੍ਰਿਤ-ਬਾੜੀ ਹੈ ਜਿਥੇ ਮਨੁੱਖਾ ਜੀਵਨ ਗੁਜ਼ਾਰਨ ਵਾਲੇ ਗੁਰਮੁਖਿ " ਸੱਚ " ਦੀ ਪ੍ਰਾਪਤੀ ਕਰਕੇ " ਸਚੁ " ਵਿਚ ਅਭੇਤ ਹੋ ਕੇ " ਸਚੁ " ਦਾ ਰੂਪ ਹੋ ਜਾਂਦੇ ਹਨ । ਭਾਵ, ਅਜੇਹੇ ਗੁਰਮੁੱਖ ਸਦੀਵੀ ਆਤਮਕ ਜੀਵਨ ਵਾਲੇ ਬਣ ਜਾਂਦੇ ਹਨ । ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਅਟੱਲ ਸਚਾਈ ਹੈ ਕਿ ਸੰਸਾਰ--**ਇਹ ਅੰਮ੍ਰਿਤ ਕੀ ਬਾੜੀ ਹੈ ਰੇ ॥** ਭਵ, ਉਸ ਮਰਜੀਵੜੇ ਮਨੁੱਖ ਨੂੰ ਇਹ ਜਗਤ ਪ੍ਰਭੂ ਦੀ ਬਣਾਈ ਹੋਈ ਇੱਕ ਬਗ਼ੀਚੀ ਹੋ ਦਿੱਸਦਾ ਹੈ, ਜਿਸ ਵਿਚ ਇਹ ਜੀਅ ਜੰਤ, ਟਹਿਣੀਆਂ, ਪੱਤਰ ਅਥਵਾ ਫੁੱਲ ਆਦਿਕ ਹਨ ]**। ੧ ।** ਜਿਵੇਂ ਇੱਕ ਭੌਰਾ ਫੁੱਲ ਦੇ ਰਸ ਵਿਚ ਮਸਤ ਹੋ ਕੇ ਫੁਲ ਦੀਆਂ ਖਿੜੀਆਂ ਪੱਤੀਆਂ ਵਿਚ ਆਪਣੇ ਆਪ ਨੂੰ ਜਾ ਬਨ੍ਹਉਂਦਾ ਹੈ, (ਜਿਵੇਂ ਕੋਈ ਪੰਛੀ ਆਪਣੇ ਖੰਭਾਂ ਨਾਲ) ਹਵਾ ਨੂੰ ਹੁਲਾਰੇ ਦੇ ਕੇ ਆਕਾਸ਼ ਵਿਚ ਉੱਡਦਾ ਹੈ, ਤਿਵੇਂ ਉਹ ਗੁਰਮੁਖ ਨਾਮ ਰਸ ਵਿਚ ਮਸਤ ਹੋ ਕੇ ਪੂਰਨ ਖੇੜੇ ਨੂੰ ਆਪਣੇ ਹਿਰਦੇ ਵਿਚ ਟਿਕਾਉਂਦਾ ਹੈ, ਤੇ ਸੋਚ-ਮੰਡਲ ਵਿਚ ਹੁਲਾਰਾ ਦੇ ਕੇ ਪ੍ਰਭੂ-ਚਰਨਾਂ ਵਿਚ ਉਡਾਰੀਆਂ ਲਾਉਂਦਾ ਹੈ । ੨ । ਉਸ ਗੁਰਮੁਖ ਦੀ ਉਸ ਅਡੋਲ ਅਫੁਰ ਅਵਸਥਾ ਵਿਚ ਉਸ ਦੇ ਅੰਦਰ (ਕੋਮਲਤਾ-ਰੂਪ) ਮਾਨੋ, ਇੱਕ ਕੋਮਲ ਬੂਟਾ ਉੱਗਦਾ ਹੈ, ਜੋ ਉਸ ਦੇ ਸਰੀਰ ਦੀ ਤ੍ਰਿਸ਼ਨਾਂ ਨੂੰ ਸੁਕਾ ਦਿੰਦਾ ਹੈ । ਕਬੀਰ ਸਾਹਿਬ ਫ਼ੁਰਮਾਨ ਕਰਦੇ ਹਨ--ਮੈ ਉਸ ਗੁਰਮੁਖ ਦਾ ਦਾਸ ਹਾਂ, ਜਿਸ ਨੇ ( ਆਪਣੇ ਅੰਦਰ ਉਗਿਆ ਹੋਇਆ) ਇਹ ਕੋਮਲ ਬੂਟਾ ਪਛਾਣਿਆਂ ਹੈ । ੩ ।

੧੫- **ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ ਸਦਾ ਸਮਾਲੇ ਕੋ ਨਾਹੀ ਖਾਲੀ ॥**
**ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ॥ ੫ ॥**[੧੧੭]-੧੪-੧੫

**ਅਰਥ:**--(ਜੀਵਾਂ ਦੇ ਕੀ ਵੱਸ ?) ਇਹ ਜਗਤ ਫੁੱਲਾਂ ਦੀ ਬਗ਼ੀਚੀ (ਸਮਾਨ) ਹੈ, ਪ੍ਰਭੂ ਆਪ (ਇਸ ਬਗ਼ੀਚੀ ਦਾ) ਮਾਲੀ ਹੈ । ਹਰੇਕ ਦੀ ਸਦਾ ਸੰਭਾਲ ਕਰਦਾ ਹੈ, ਉਸ ਦੀ ਸੰਭਾਲ ਤੋਂ ਕੋਈ ਜੀਵ ਵਿਰਵਾ ਨਹੀਂ ਰਹਿੰਦਾ । (ਪਰ) ਜਿਹੋ ਜਿਹੀ ਸੁਗੰਧੀ (ਜੀਵ ਫੁੱਲਾਂ ਦੇ ਅੰਦਰ) ਮਾਲੀ ਪ੍ਰਭੂ ਪਾਉਂਦਾ ਹੈ ਉਹੋ ਜਿਹੀ ਉਸ ਦੇ ਅੰਦਰ ਕੰਮ ਕਰਦੀ ਹੈ । (ਪ੍ਰਭੂ ਮਾਲੀ ਵਲੋਂ ਜੀਵ ਫੁੱਲ ਦੇ ਅੰਦਰ ਪਾਈ) ਸੁਗੰਧੀ ਤੋਂ ਹੀ ਬਾਹਰ ਉਸ ਦੀ ਸੁਗੰਧੀ ਪਰਗਟ ਹੁੰਦੀ ਹੈ । ੫ ।

੧੬- **ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥ ੧ ॥** [੭੨੪]-੧

**ਅਰਥ:**--ਜਿਸ ਪ੍ਰਭੂ ਨੇ ਇਹ ਜਗਤ ਬਣਾਇਆ ਹੈ, ਉਸੇ ਨੇ ਹੀ (ਸਦਾ) ਇਸ ਦੀ ਸੰਭਾਲ ਕੀਤੀ ਹੈ । ਇਹ ਕਿਹਾ ਨਹੀਂ ਜਾ ਸਕਦਾ (ਕਿ ਉਹ ਕਿਵੇਂ ਸੰਭਾਲ ਕਰਦਾ ਹੈ) । ਜਿਸ ਨੇ ਇਹ ਜਗਤ-ਬਗ਼ੀਚੀ ਲਾਈ ਹੈ, ਉਹ ਆਪ ਹੀ (ਇਸ ਦੀਆਂ ਲੋੜਾਂ) ਜਾਣਦਾ ਹੈ, ਤੇ ਆਪ (ਉਹ ਲੋੜਾਂ ਪੂਰੀਆਂ) ਕਰਦਾ ਹੈ । ੧ ॥

੭੭- **ਸਤਿਗੁਰ ਬਾਣੀ ਸਬਦੁ ਸੁਣਾਏ ॥ ਇਹੁ ਜਗੁ ਹਰਿਆ ਸਤਿਗੁਰ ਭਾਏ ॥ ੨ ॥ਫਲ ਫੂਲ ਲਾਗੇ ਜਾਂ ਆਪੇ ਲਾਏ ॥ ਮੂਲਿ ਲਗੈ ਤਾਂ ਸਤਿਗੁਰੁ ਪਾਏ ॥ ੩ ॥ ਆਪਿ ਬਸੰਤੁ ਜਗਤੁ ਸਭੁ ਵਾੜੀ ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥ ੪ ॥**[੧੧੭੭]-੫-੧੭

**ਅਰਥ:**--ਜਦੋਂ ਇਹ ਜਗਤ ਗੁਰੂ ਦੀ ਬਾਣੀ, ਸ਼ਬਦ-ਗਿਆਨ ਵਿਚ ਸੁਰਤਿ ਜੋੜਦਾ ਹੈ ਤਾਂ ਆਤਮਕ ਜੀਵਨ ਨਾਲ ਹਰਾ-ਭਰਾ ਹੋ ਜਾਂਦਾ ਹੈ । (ਮਨੁੱਖਾ ਜੀਵਨ ਦੇ ਰੁੱਖ ਨੂੰ ਆਤਮਕ ਗੁਣਾਂ ਦੇ ਫੁੱਲ ਫਲ ਲਾਉਣ ਲਈ ਪਰਮਾਤਮਾ ਇਸ ਨੂੰ (ਸੱਚੇ) ਗੁਰੂ (ਨਾਨਕ ਸਾਹਿਬ ਜੀ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਨਾਲ ਮਿਲਾ ਦਿੰਦਾ ਹੈ । (ਆਪਾ-ਭਾਵ ਗੁਆ ਕੇ ਮਨੁੱਖ ਆਪਣੇ ਸਤਿਗੁਰਾਂ ਦੀ ਦੱਸੀ ਕਾਰ ਕਮਾਉਂਦਾ ਹੈ ) ਤਾਂ ਇਹ ਸਿਰਜਣਹਾਰ ਵਿਚ ਲੀਨ ਹੋ ਜਾਣ ਦਾ ਫਲ ਮਾਣਦਾ ਹੈ । ੩ । ਇਹ ਸਾਰਾ ਜਗਤ (ਪਰਮਾਤਮਾ ਦੀ) ਬਗ਼ੀਚੀ ਹੈ, (ਇਸ ਨੂੰ ਹਰਾ ਭਰਾ ਕਰਨ ਵਾਲਾ) ਬਸੰਤ ਵੀ ਉਹ ਆਪ ਹੀ ਹੈ। ਹੇ ਨਾਨਕ ! (ਮਾਇਆ ਦੇ ਮੋਹ ਤੋਂ) ਨਿਰਲੇਪ ਕਰਨ ਵਾਲੀ ਹਰਿ-ਭਗਤੀ ਵਡੀ ਕਿਸਮਤ ਨਾਲ ਹੀ (ਕਿਸੇ ਮਨੁੱਖ ਨੂੰ ਮਿਲਦੀ ਹੈ) । ੪ ।

ਅੰਤ ਸਮਾਂ ਯਾਦ ਕਰਵਾਉਣ ਲਈ ਗੰਭੀਰ ਤਰ੍ਹਾਂ ਦਾ ਉਪਦੇਸ਼ ਦੇਣ ਸਮੇ ਵੀ ਸਤਿਗੁਰਾਂ ਨੇ ਜਗਤ ਨੂੰ ਬਾਗ਼ ਜਾਂ ਫੂਲਾਂ ਦੀ ਬਾਗ਼ੀਚੀ ਫ਼ੁਰਮਾਨ ਕੀਤਾ ਹੈ:--

੭੮- **ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ ਕਿਆ ਤੂੰ ਰਤਾ ਗਿਰਸਤ ਸਿਉ, ਸਭ ਫੁਲਾ ਕੀ ਬਾਗ਼ਾਤਿ ॥ ੨ ॥**[੫੦]-੨੨-੯੨

**ਅਰਥ:**--ਜਿਵੇਂ ਰਾਤ ਵੇਲੇ (ਕਿਸੇ ਘਰ ਆਏ ਹੋਏ) ਪਰਾਹੁਣੇ ਦਿਨ ਚੜ੍ਹਨ ਤੇ (ਉਥੋਂ) ਉ ੱਠ ਕੇ ਤੁਰ ਪੈਣਗੇ (ਤਿਵੇਂ, ਹੇ ਜੀਵ ! ਜ਼ਿੰਦਗੀ ਦੀ ਰਾਤ ਮੁੱਕਣ ਤੇ ਤੂੰ ਵੀ ਇਸਜਗਤ ਤੋਂ ਚੱਲ ਪਏਂਗਾ) । ਤੂੰ ਇਸ ਗ੍ਰਿਹਸਤ ਨਾਲ (ਬਾਗ਼ ਪਰਵਾਰ ਨਾਲ) ਕਿਉਂ ਮਸਤ ਹੋਇਆ ਪਿਆ ਹੈਂ ? ਇਹ ਸਾਰਾ ਕੁਝ ਫੁਲਾਂ ਦੀ ਬਾਗ਼ੀਚੀ (ਸਮਾਨ) ਹੈ । ੨ ।

੭੯- **ਫਰੀਦਾ ਪੰਖ ਪਰਾਹੁਣੀ, ਦੁਨੀ ਸੁਹਾਵਾ ਬਾਗੁ॥ ਨਉਬਤਿ ਵਜੀ ਸੁਬਹ ਸਿਉ, ਚਲਣ ਕਾ ਕਰਿ ਸਾਜੁ ॥ ੭੯ ॥**[੧੩੮੨]

**ਅਰਥ:**--ਹੇ ਫ਼ਰੀਦ ! ਇਹ ਦੁਨੀਆ (ਇਕ) ਸੋਹਣਾ ਬਾਗ਼ ਹੈ (ਇਥੇ ਸਾਰੇ ਜੀਵ-ਰੂਪ) ਪੰਛੀਆਂ ਦੀ ਡਾਰ ਪਰਾਹੁਣੀ ਹੈ (ਭਾਵ, ਇਸ ਸੁਹਣੇ ਬਾਗ਼ ਵਿਚ ਕੋਈ ਅਜੇਹਾ ਕਰਮ ਨਾ ਕਰ ਜਿਹੜਾ ਕਿਸੇ ਦੇ ਦੁਖ ਦਾ ਕਾਰਨ ਬਣੇ) । ਜਦੋਂ ਸਵੇਰ ਦਾ ਧੌਂਸਾ ਵੱਜਾ (ਸਭ ਨੇ ਜ਼ਿੰਦਗੀ ਦੀ ਰਾਤ ਕੱਟ ਕੇ ਤੁਰ ਜਾਣਾ ਹੈ), ਤੂੰ ਵੀ ਤੁਰਨ ਦੀ ਤਿਆਰੀ ਕਰ (ਭਾਵ, ੭੫-

੮੦- **ਮਹਲਾ ੫ ॥ ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗੁ ॥ ਜੋ ਜਨ ਪੀਰਿ ਨਿਵਾਜਿਆ, ਤਿੰਨ੍ਹਾ ਅੰਚ ਨ ਲਾਗ ॥ ੮੨ ॥**[੧੩੮੨]

**ਅਰਥ:**--ਹੇ ਫ਼ਰੀਦ ! ਧਰਤੀ ਤਾਂ ਸੁਹਾਵਣੀ ਹੈ, (ਪਰ ਮਨੁੱਖੀ ਮਨ ਵਿਚਲੇ ਖੋਟ ਦੇ ਕਾਰਨ ਇਸ) ਵਿਚ ਵਿਹੁਲਾ ਬਾਗ਼ (ਲੱਗਾ ਹੋਇਆ) ਹੈ (ਜਿਸ ਵਿਚ ਦੁੱਖਾਂ ਦੀ ਅੱਗ ਬਲ ਰਹੀ ਹੈ) । ਜਿਸ ਜਿਸ ਮਨੁੱਖ ਨੂੰ ਸਤਿਗੁਰੂ ਨੇ ਉ ੱਚਾ ਕੀਤਾ ਹੈ, ਉਨ੍ਹਾਂ ਨੂੰ (ਦੁੱਖ-ਅਗਨਿ ਦਾ) ਸੇਕ ਨਹੀਂ ਲੱਗਦਾ । ੮੨ ।

੮੧- **ਪ੍ਰਾਨ ਸੁਖ ਦਾਤਾ ਜੀਅ ਸੁਖ ਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥ ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥ ੧ ॥**[੧੦੦੧]-੧-੧੦

੧੦

# ਰਾਖਾ ਏਕ ਹਮਾਰਾ ਸੁਆਮੀ ॥

ਹਿੰਦੂ ਧਰਮ ਦੇ ਵਿਸ਼ਵਾਸ਼ ਵਾਲੇ ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਵਾਲੇ ਵਿਸ਼ਵਾਸ਼ ਤੋਂ ਉਲਟ, ਗੁਰਮਤਿ ਨੇ ਇਹ, ਪੈਦਾ ਕਰਕੇ ਪਾਲਣਾ ਕਰਨਾ, ਅਤੇ ਖੈ ਕਰਨ ਦੀਆਂ ਤਿੰਨੇ ਸ਼ਕਤੀਆਂ ਕੇਵਲ ਇੱਕ ਪਰਮਾਤਮਾ ਵਿਚ ਹੀ ਮੰਨੀਆਂ ਹਨ । ਉ ੱਪਰ ਅਸਾਂ ਵੇਖ ਲਿਆ ਹੈ ਕਿ ਸ੍ਰਿਸ਼ਟੀ ਦਾ ਸਿਰਜਣਹਾਰ ਕੇਵਲ ਪਰਮਾਤਮਾ ਆਪ ਹੀ ਆਪ ਹੈ । ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਅਕਾਲਪੁਰਖ ਦੀ ਇਹ ਵਡਿਆਈ ਹੈ ਕਿ ਉਹ ਆਪਣੇ ਕੀਤੇ ਹੋਏ ਸੰਸਾਰ ਦੀ ਸੰਭਾਲ ਵੀ ਆਪ ਹੀ ਕਰਦਾ ਹੈ --**ਕਰਿ ਕਰਿ ਦੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ....੨੭ ॥** ਯਥਾ--**ਆਪਿ ਉਪਾਏ ਮੇਦਨੀ, ਆਪੇ ਕਰਦਾ ਸਾਰ ॥**[੧੨੮੮] ਅਤੇ ਅਸੀਂ ਰੋਜ਼ ਪੜ੍ਹਦੇ ਹਾਂ--**ਰਖੇ ਰਖਣਹਾਰਿ ਆਪਿ ਉਬਾਰਿਅਨੁ ॥** [੫੧੭]-੨

੮੨- **ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥ ੧ ॥ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥ ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥ ੨ ॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥**[੧੧੩੬]-੨

**ਅਰਥ:**--ਹੇ ਭਾਈ ! ਅਸਾਂ ਜੀਵਾਂ ਦਾ ਰਾਖਾ ਇਕ ਮਾਲਕ-ਪ੍ਰਭੂ ਹੀ ਹੈ । ਸਾਡਾ ਉਹ ਮਾਲਕ ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਹੈ **। ੧ । ਰਹਾਉ ।** ਜਦੋਂ ਕੋਈ ਮਨੁੱਖ ਇਉਂ ਸਮਝ ਲੈਂਦਾ ਹੈ (ਕਿ ਪਰਮਾਤਮਾ ਹੀ ਸਭ ਦਾ ਰਾਖਾ ਹੈ) ਤਦੋਂ ਉਸ ਨੂੰ ਕਿਸੇ ਕਿਸਮ ਦਾ ਕੋਈ (ਮੌਤ ਆਦਿਕ ਦਾ) ਡਰ ਪੋਹ ਨਹੀਂ ਸਕਦਾ, ਉਹ ਉਠਦਾ ਬੈਠਦਾ ਹਰ ਵੇਲੇ ਆਤਮਕ ਆਨੰਦ ਮਾਣਦਾ ਹੈ **। ੧ ।** (ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਇੱਕ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ, ਤਦੋਂ ਮਨੁੱਖ ਹਰ ਵੇਲੇ ਇਹ ਆਖਣ ਲੱਗ ਪੈਂਦਾ ਹੈ ਕਿ ਹੇ ਸੁਆਮੀ !) ਤੂੰ ਪ੍ਰਭੂ ਹੀ ਹਰ ਥਾਂ ਮੌਜੂਦ ਹੈਂ, ਤਾਂ ਉਹ ਮਨੁੱਖ ਨਿਸਚਿੰਤ ਹੋ ਕੇ ਸੌਂਦਾ ਹੈ ਨਿਸਚਿੰਤ ਹੋ ਕੇ ਜਾਗਦਾ ਹੈ । ੨ ।

੮੩- **ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥ ੧ ॥ ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥ ੧ ॥ ਰਹਾਉ ॥ ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥ ੨ ॥ ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥ ੩ ।**[੨੨੯]-੧-੧੭

**ਅਰਥ:**--ਹੇ ਦੀਨਾਂ ਤੇ ਦਇਆ ਕਰਨ ਵਾਲੇ ਪ੍ਰਭੂ ! ਲੋਕ ਪਰਲੋਕ ਵਿਚ (ਮੇਰੀ) ਰਖਿਆ ਕਰ । (ਮੈਂ) ਤੇਰੀ ਸਰਨ ਆਇਆ ਹਾਂ, ਮੇਰੇ ਤੇ ਮਿਹਰ ਦੀ ਨਜ਼ਰ ਕਰ **। ੧ । ਰਹਾਉ ।** ਜਿਵੇਂ ਗੁਆਲਾ ਗਾਈਆਂ ਦੀ ਰਖਿਆ ਕਰਦਾ ਹੈ, ਤਿਵੇਂ ਤੂੰ ਸੰਭਾਲ ਕਰ ਕੇ (ਜੀਵਾਂ ਦੀ) ਰਾਖੀ ਕਰਦਾ ਹੈਂ ਤੂੰ ਦਿਨ ਰਾਤ ਜੀਵਾਂ ਨੂੰ ਪਾਲਦਾ ਹੈਂ, ਰਾਖੀ ਕਰਦਾ ਹੈਂ ਤੇ ਆਤਮਕ ਸੁਖ ਬਖ਼ਸ਼ਦਾ ਹੈਂ **। ੧ ।** ਹੇ ਰੱਖਣਹਾਰ ਪ੍ਰਭੂ ! ਮੈਂ ਜਿਧਰ ਤੱਕਦਾ ਹਾਂ ਉਧਰ ਹੀ (ਹਰ ਥਾਂਤੂੰ ਮੌਜੂਦ ਹੈਂ, ਤੇ ਸਭ ਦਾ ਰਾਖਾ ਹੈਂ, ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ, ਤੇ (ਸਭ ਜੀਵਾਂ ਵਿਚ ਵਿਆਪਕ ਹੋ ਕੇ) ਆਪ ਹੀ ਭੋਗਣ ਵਾਲਾ ਹੈਂ, ਤੂੰ ਹੀ ਸਭ ਦੀ ਜ਼ਿੰਦਗੀ ਦਾ ਆਸਰਾ ਹੈਂ **। ੨ ।** (ਇਸ) ਗਿਆਨ, ਵਿਚਾਰ ਤੋਂ ਬਿਨਾਜੀਵ ਆਪਣੇ ਕੀਤੇ ਕਰਮਾ ਦੇ ਇਕੱਠੇ ਹੋਏ ਸੰਸਕਾਰਾਂ ਦੇ ਅਧੀਨ ਕਦੇ ਪਾਤਾਲ ਵਿਚ ਡਿੱਗਦਾ ਹੈ ਕਦੇ ਆਕਾਸ਼ ਵਲ ਚੜ੍ਹਦਾ ਹੈ ( ਕਦੇ ਦੁਖੀ ਕਦੇ ਸੁਖੀ ) । ਪ੍ਰਭੂ ਦੀ ਸਿਫ਼ਤਸਾਲਾਹ ਕਰਨ ਤੋਂ ਬਿਨਾ ਜੀਵ ਦੀ ਅਗਿਆਨਤਾ ਮਿਟਦੀ ਨਹੀਂ । ੩ ।

੮੪- **ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥ ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥ ੩ ॥**[੩੯੮-੯੯]-੧੦-੧੧੨

**ਅਰਥ:**--ਸਭਨਾ ਦੀ ਰਖਿਆ ਕਰਨ ਦੀ ਸਮਰਥਾ ਵਾਲਾ ਬੇਅੰਤ ਪਰਮਾਤਮਾ (ਮਾਂ ਦੇ ਪੇਟ ਦੀ) ਅੱਗ ਵਿਚ (ਹਰੇਕ ਜੀਵ ਦੀ) ਰਖਿਆ ਕਰਦਾ ਹੈ, ਉਸ ਪਰਮਾਤਮਾ ਦਾ ਨਾਮ ਠੰਢ ਪਾਉਣ ਵਾਲਾ ਹੈ, ਉਸ ਦਾ ਨਾਮ ਸਿਮਰਿਆਂ (ਮਨ ਵਿਚੋਂ ਤ੍ਰਿਸ਼ਨਾ ਦੀ ) ਤਪਸ਼ ਬੁੱਝ ਜਾਂਦੀ ਹੈ । ੩ ।

੮੫- **...ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥**
**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥... ੧ ॥** [੩੪੭]-੧

**ਅਰਥ:**--ਜਿਸ ਅਕਾਲਪੁਰਖ ਨੇ ਕਈ ਰੰਗਾਂ, ਕਿਸਮਾਂ ਅਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ, ਉਹ ਜਿਵੇਂ ਉਸ ਦੀ ਰਜ਼ਾ ਹੈ (ਭਾਵ, ਜੇਡਾ ਵਡ੍ਹਾ ਆਪ ਹੈ ਓਡੇ ਵਡ੍ਹੇ ਜਿਗਰੇ ਨਾਲ ਜਗਤ ਨੂੰ ਰਚ ਕੇ) ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਵੀ ਕਰ ਰਿਹਾ ਹੈ ।

ਆਪਣੀ ਕਿਰਤ ਦੀ ਸੰਭਾਲ ਆਪ ਕਰਨ ਵਾਲੇ ਦਇਆਵਾਨ ਪ੍ਰਭੂ ਬਾਰੇ ਪੰਚਮ ਪਾਤਿਸ਼ਾਹ ਜੀ ਦਾ ਇਕ ਫ਼ੁਰਮਾਨ ਇਉਂ ਵੀ ਹੈ:--

੮੬- **ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥ ਤੇਰੀ ਟੇਕ ਨ ਪੋਹੈ ਕਾਲੁ ॥**
**ਤੇਰੀ ਟੇਕ ਬਿਨਸੈ ਜੰਜਾਲੁ ॥ ੧ ॥ ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ**
**ਸਾਹਿਬੁ ਏਕ ॥ ੧ ॥ ਰਹਾਉ ॥ ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰਮੰਤ ॥**
**ਤੇਰੀ ਟੇਕ ਤਰੀਐ ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥ ੨ ॥** [੧੧੪੭]-੨੬-੩੯

**ਅਰਥ:**--ਹੇ ਪ੍ਰਭੂ ! ਇਸ ਵਿਕਾਰ-ਭਰੇ ਜਗਤ ਵਿਚ ਮੈਂ ਤੇਰੇ ਆਸਰੇ ਹੀ ਜੀਊਂਦਾ ਹਾਂ । ਹੇ ਪ੍ਰਭੂ ! (ਸਭ ਜੀਵ) ਤੇਰੇ ਹੀ ਸਹਾਰੇ ਹਨ, ਤੇਰੇ ਹੀ ਗੁਣ ਗਾ ਰਹੇ ਹਨ । ਹੇ ਪਭੂ ! ਜਿਸ ਮਨੁੱਖ ਨੂੰ ਤੇਰਾ ਆਸਰਾ ਹੈ, ਉਸ ਉਤੇ ਆਤਮਕ ਮੌਤ ਆਪਣਾ ਪ੍ਰਭਾਵ ਨਹੀਂ ਪਾ ਸਕਦੀ । ਤੇਰੇ ਆਸਰੇ (ਮਨੁੱਖ ਦੀ) ਮਾਇਆ ਦੇ ਮੋਹ ਦੀ ਫਾਹੀ ਟੁੱਟ ਜਾਂਦੀ ਹੈ । ੧ । --ਹੇ ਪ੍ਰਭੂ ! ਤੇਰੇ ਨਾਮ ਦਾ ਆਸਰਾ ਲੈ ਕੇ ਹੀ ਆਤਮਕ ਆਨੰਦ ਮਾਣਦਾ ਹਾਂ ਅਤੇ ਗੁਰੂ ਦਾ ਦਿੱਤਾ ਹੋਇਆ ਤੇਰਾ ਨਾਮ-ਮੰਤ੍ਰ ਜਪਦਾ ਰਹਿੰਦਾ ਹਾਂ । ਹੇ ਪ੍ਰਭੂ ! ਤੇਰੇ ਸਾਹਾਰੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਤੂੰ ਸਭ ਦੀ ਰੱਖਿਆ ਕਰਨ ਵਾਲਾ ਸੁਖਾਂ ਦਾ ਮਾਨੋ ਸਮੁੰਦਰ ਹੈਂ । ੨ ।

## ੧੧

# ਨਿਤ ਪ੍ਰਤਪਾਰੈ ਬਾਪ ਜੈਸੇ ਮਾਈ ॥

ਆਪਣੀ ਸਿਰਜਨਾ ਦਾ ਕੇਵਲ ਰਾਖਾ ਹੀ ਨਹੀਂ ਸਗੋਂ ਆਪਣੀ ਕਿਰਤ ਦੀ ਪਾਲਣਾ ਵੀ ਮਾਤਾ ਪਿਤਾ ਵਾਲੇ ਸਨੇਹ ਨਾਲ ਕਰਦਾ ਹੈ:---

੮੭- **ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥**
**ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥ ੧ ॥**[੭੮੩]-੬-੯

੮੮- **ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥ ਵਡਾ ਹੋਇ ਧਨੁ ਖਾਟਿ ਦੇਇ**
**ਕਰਿ ਭੋਗ ਬਿਲਾਸਾ ॥ ਤਿਉ ਹਰਿਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥ ੧ ॥**[੧੬੫-੬੬]-੨-੮-੪੬

**ਅਰਥ:**--ਜਿਵੇਂ ਕੋਈ ਮਾਂ ਪੁੱਤਰ (ਜੰਮਣ) ਦੀ ਆਸ ਰੱਖ ਕੇ (ਨੌ ਮਹੀਨੇ ਆਪਣੀ) ਕੁੱਖ ਦੀ ਸੰਭਾਲ ਕਰਦੀ ਰਹਿੰਦੀ ਹੈ (ਉਹ ਆਸ ਕਰਦੀ ਹੈ ਕਿ ਮੇਰਾ ਪੁੱਤਰ) ਵਡਾ ਹੋ ਕੇ ਧਨ ਖੱਟ ਕਮਾ ਕੇ ਸਾਡੇ ਸੁਖ ਆਨੰਦ ਵਾਸਤੇ ਸਾਨੂੰ (ਲਿਆ ਕੇ) ਦੇਵੇਗਾ, ਏਸੇ ਤਰ੍ਹਾਂ ਪਰਮਾਤਾਮਾ ਆਪਣੇ ਸੇਵਕਾਂ ਦੀ ਪ੍ਰੀਤਿ ਨੂੰ ਆਪ ਆਪਣਾ ਹੱਥ ਦੇ ਕੇ ਕਾਇਮ ਰੱਖਦਾ ਹੈ । ।

੮੯- **ਮਾਤ ਪਿਤਾ ਬੰਧਪ ਤੂ ਹੈ ਤੂ ਸਰਬ ਨਿਵਾਸੁ ॥ ਨਾਨਕ ਪ੍ਰਭ ਸਰਣਾਗਤੀ ਜਾ ਕੋ ਨਿਰਮਲ ਜਾਸੁ ॥ ੨ ॥**[੮੧੮]-੭-੭੧

**ਅਰਥ:**--ਹੇ ਪ੍ਰਭੂ--ਤੂੰ ਹੀ ਮੇਰੀ ਮਾਂ ਹੈਂ, ਤੂੰ ਹੀ ਮੇਰਾ ਪਿਉ ਹੈਂ, ਤੂੰ ਹੀ ਮੇਰਾ ਸਾਕ-ਸੈਣ ਹੈਂ, ਤੂੰ ਸਾਰੇ ਹੀ ਜੀਵਾਂ ਵਿਚ ਵੱਸਦਾ ਹੈਂ । ਹੇ ਨਾਨਕ ! ਜਿਸ ਪ੍ਰਭੂ ਦੀ ਸਿਫ਼ਤ ਸਾਲਾਹ (ਜੀਵਨ) ਪਵਿੱਤਰ ਕਰ ਦਿੰਦੀ ਹੈ, ਉਸ ਦੀ ਸਰਣ ਪਏ ਰਹਿਣਾ ਚਾਹੀਦਾ ਹੈ (ਭਾਵ, ਸਦਾ ਉਸ ਦੀ ਯਾਦ ਨਾਲ ਜੁੜੇ ਰਹਿਣਾ ਚਾਹੀਦਾ ਹੈ) । ੨ ।

੯੦- **ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ**
**ਕੇਹਾ ਕਾੜਾ ਜੀਉ ॥ ੧ ॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ ॥ ਤੁਝ ਬਿਨੁ**
**ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥ ੨ ॥ ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ**
**ਭਾਣਾ ਤਿਤੁ ਤਿਤੁ ਲਾਏ ॥ ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥ ੩ ॥**[੧੦੩]-੨੪-੩੧

ਪਦ ਅਰਥ:--ਬੰਧਪ--ਸਨਬੰਧੀ, ਰਿਸ਼ਤੇਦਾਰ । ਕਾੜਾ--ਚਿੰਤਾ । ੧ । ਪਛਾਣਾ--ਮੈਂ ਪਛਾਣਦਾ ਹਾਂ, ਮੈ ਸਾਂਝ ਪਾਉਂਦਾ ਹਾਂ । ਓਟ--ਆਸਰਾ । ਅਵਰੁ--ਹੋਰ । ਅਖਾੜਾ--ਪਿੜ, ਜਿਥੇ ਪਹਿਲਵਾਨ ਕੁਸ਼ਤੀਆਂ ਕਰਦੇ ਹਨ । ੨ । ਸਭਿ--ਸਾਰੇ । ਉਪਾਏ--ਪੈਦਾ ਕੀਤੇ ਹਨ । ਜਿਤ--ਜਿਸ ਪਾਸੇ, ਜਿਸ (ਕੰਮ) ਵਿਚ । ਅਸਾੜਾ--ਸਾਡਾ । ੩ ।

੯੧- **ਪ੍ਰਭੁ ਮੇਰੋ ਇਤ ਉਤ ਸਦਾ ਸਹਾਈ ॥ ਮਨਮੋਹਨੁ ਮੇਰੇ ਜੀਅ ਕੋ ਪਿਆਰੋ ਕਵਨ ਕਹਾ ਗੁਨ ਗਾਈ**
**॥ ੧ ॥ ਰਹਾਉ ॥ ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥ ਪ੍ਰਤਿਪਾਲੈ ਬਾਰਿਕ ਕੀ**
**ਨਿਆਈ ਜੈਸੇ ਮਾਤ ਪਿਤਾਈ ॥ ੧ ॥ ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ ਬਿਸਰਿ ਨ ਕਬਹੂ**
**ਜਾਈ ॥ ਕਹੁ ਨਾਨਕ ਮਿਲਿ ਸੰਤਸੰਗਤਿ ਤੇ ਮਗਨ ਭਏ ਲਿਵ ਲਾਈ ॥ ੨ ॥**[੧੨੧੩-੧੪]-੨੫-੪੮

**ਅਰਥ:**--ਮੇਰਾ ਪ੍ਰਭੂ ਇਸ ਲੋਕ ਵਿਚ ਅਤੇ ਪਰਲੋਕ ਵਿਚ ਸਦਾ ਸਹਾਇਤਾ ਕਰਨ ਵਾਲਾ ਹੈ । ਮੇਰੇ ਮਨ ਨੂੰ ਮੋਹਨ ਵਾਲਾ ਉਹ ਪ੍ਰਭੂ ਮੇਰੀ ਜਿੰਦ ਦਾ ਪਿਆਰਾ ਹੈ । ਮੈਂ ਉਸ ਦੇ ਕਿਹੜੇ ਕਿਹੜੇ ਗੁਣ ਗਾ ਕੇ ਦੱਸਾਂ ? **। ੧ । ਰਾਹਉ ।** ਜਿਵੇਂ ਮਾਂ ਪਿਉ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ, ਤਿਵੇਂ ਉਹ ਸਾਡੀ ਪਾਲਣਾ ਕਰਦਾ ਹੈ, ਉਹ ਸਾਨੂੰ (ਜਗਤ-) ਤਮਾਸ਼ੇ

ਵਿਚ ਖਿਡਾਉਂਦਾ ਹੈ, ਲਾਡ ਲਡਾਉਂਦਾ ਹੈ, ਉਹ ਸਦਾ ਹੀ ਸੁਖ ਦੇਣ ਵਾਲਾ ਹੈ । **੧** । ਹੇ ਭਾਈ ! (ਪਰਮਾਤਮਾ ਦੀ ਯਾਦ) ਤੋਂ ਬਿਨਾ ਅੱਖ ਝਮਕਣ ਜਿਤਨੇ ਸਮੇ ਲਈ ਵੀ ਰਿਹਾ ਨਹੀਂ ਜਾ ਸਕਦਾ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ । ਗੁਰਦੇਵ ਜੀ ਦਾ ਫ਼ੁਰਮਾਨ ਹੈ--ਜਿਹੜੇ ਮਨੁੱਖ ਸਾਧ ਸੰਗਤਿ ਵਿਚ ਮਿਲਦੇ ਹਨ, ਉਹ ਮਨੁੱਖ ਪਰਮਾਤਮਾ ਵਿਚ ਸੁਰਤਿ ਜੋੜ ਕੇ ਮਸਤ ਰਹਿੰਦੇ ਹਨ । ੨ ।

੯੨- **ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥ ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ ੧ ॥** [੪੬੭]

# ਦੂਜਾ ਕਾਂਡ

## ਸਿਰਜਣਾ ਵਿਚਲੇ ਦ੍ਰਿਸ਼ਟਮਾਨ ਪਦਾਰਥ ਅਤੇ ਗੁਰਬਾਣੀ

੧

### ਪਾਣੀ (=ਜਲ, ਨੀਰ, ਉਦਕ, ਸਲਲ ਅਥਵਾ ਅੰਭ)

ਸਿੱਖ ਜਗਤ ਵਿਚਲੇ ਸਨਮਾਨਤ ਪਰਚਾਰਕ, ਸੰਤ ਸਿੰਘ ਜੀ ਮਸਕੀਨ ਆਪਣੇ ਭਾਸ਼ਨਾਂ ਵਿਚ ਕਹਿੰਦੇ ਸੁਣੇ ਜਾਂਦੇ ਹਨ ਕਿ--" ਜਲ ਅਥਵਾ ਪਾਣੀ ਦੀ ਮਹਿਮਾਂ ਗੁਰੂ-ਬਾਣੀ ਵਿਚ ਬਹੁਤ ਹੈ " ? ਉਨ੍ਹਾਂ ਦਾ ਇਹ ਫ਼ੁਰਮਾਨ ਰੀਕਾਰਡ ਹੋਇਆ ਬਜ਼ਾਰ ਵਿਚੋਂ ਮਿਲਦਾ ਹੈ ਕਿ ਜਲ ਵਿਚ ਕਈ ਪ੍ਰਕਾਰ ਦੇ ਮੰਤ੍ਰਾਂ ਦਾ ਅਸਰ ਘੁਲ ਜਾਂਦਾ ਹੈ, ਜਿਸ ਤੋਂ ਜਲ ਵਿਚ ਕਰਾਮਾਤੀ ਸ਼ਕਤੀ ਆ ਜਾਂਦੀ ਹੈ ਅਤੇ ਮੰਤ੍ਰਿਆ ਹੋਇਆ ਅਜੇਹਾ ਜਲ, ਕਈ ਬਿਮਾਰੀਆਂ ਦਾ ਦਾਰੂ ਬਣ ਜਾਂਦਾ ਹੈ । ਏਸੇ ਅਸੂਲ ਤੇ ਨਿਰਧਾਰਤ ਉਨ੍ਹਾਂ ਦਾ ਫ਼ੁਰਮਾਨ ਹੈ ਕਿ, ਜਿਸ ਜਲ ਦੇ ਨੇੜੇ ਗੁਰਬਾਣੀ ਦਾ ਪਾਠ ਹੁੰਦਾ ਰਹੇ, ਅਥਵਾ ਜਿਸ ਜਲ ਦੇ ਕੋਲ ਗੁਰਬਾਣੀ ਦਾ ਅਥਵਾ ਪ੍ਰਭੂ-ਨਾਮ ਦਾ ਕੀਰਤਨ ਹੁੰਦਾ ਰਹੇ ਉਹ ਜਲ ਅੰਮ੍ਰਿਤ ਬਣ ਕੇ ਆਤਮਕ ਅਤੇ ਸਰੀਰਕ ਰੋਗਾਂ ਦਾ ਨਾਸ-ਕਰਤਾ ਬਣ ਜਾਂਦਾ ਹੈ । ਸਤਿਗੁਰਾਂ ਦੇ ਦਰਬਾਰ ਦੀ ਸਟੇਜ ਤੋਂ ਪਰਚਾਰਕਾਂ ਨੇ ਬਹੁਤੇ ਲੋਕਾਂ ਦੇ ਮਨਾਂ ਵਿਚ ਇਹ ਭਰੋਸਾ ਵੀ ਬਣਾ ਦਿੱਤਾ ਹੈ ਕਿ (ਸਭ ਕੁਝ ਆਪਣੇ ਵਿਚ ਸਮਾ ਲੈਣ ਵਾਲੇ ਸੁਭਾਅ ਅਨੁਸਾਰ) ਸੈਂਕੜੇ ਸਾਲਾਂ ਤੋਂ ਲਗਾਤਾਰ ਪ੍ਰਭੂ ਦਾ ਨਾਮ-ਅੰਮ੍ਰਿਤ ਆਪਣੇ ਵਿਚ ਸਮਾਈ ਜਾਂਦਾ ਰਹਿਣ ਦੇ ਕਾਰਨ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰ ਦੇ ਸਰੋਵਰ ਦਾ ਜਲ, ਪੂਰਨ ਤੌਰ ਤੇ ਕਰਾਮਾਤੀ ਅੰਮ੍ਰਿਤ ਬਣ ਚੁੱਕਾ ਹੈ । ਏਸੇ ਵਿਸ਼ਵਾਸ਼ ਵਾਲੇ ਗੁਰਸਿੱਖ, ਸਰੋਵਰ ਵਿਚੋਂ (ਹਰਿਮੰਦਰ ਸਾਹਿਬ ਦੇ ਚੜ੍ਹਦੇ ਬੰਨੇ ਬਣੀ " **ਹਰਿ ਕੀ ਪਉੜੀ** " ਨਾਮਕ ਖ਼ਾਸ ਥਾਂ ਤੋਂ) ਚੁਲੀਆਂ ਭਰ ਭਰ ਕੇ ਜਲ ਪਾਨ ਕਰਦੇ ਹਨ ਅਤੇ ਔਖੀ ਵੇਲੇ ਵਰਤਨ ਲਈ, ਜਲ ਦੀਆਂ ਬੋਤਲਾਂ ਭਰ ਕੇ ਨਾਲ ਵੀ ਲੈ ਜਾਂਦੇ ਹਨ ।

ਕੀ, ਅਜੇਹੇ ਵਿਸ਼ਵਾਸ਼ ਗੁਰਮਤਿ ਦੇ ਅਨਕੂਲ ਹਨ ? ਕੀ, ਇਸ ਵਿਸ਼ਵਾਸ਼ ਨੇ ਸਿੱਖ ਪੰਥ ਦਾ ਕੁਝ ਸੁਆਰਿਆ ਹੈ ? ਕੀ ਜਲ ਬਾਰੇ ਅਜੇਹੇ ਵਿਚਾਰ ਬਣ ਜਾਣ ਨਾਲ ਮਨੁੱਖ ਜਲ ਦੀ ਕਰਾਮਾਤੀ ਸ਼ਕਤੀ ਤੇ ਭਰੋਸਾ ਰੱਖ ਕੇ ਗੁਰੂ ਸ਼ਬਦ ਦੇ ਗਿਆਨ ਨੂੰ ਸਮਝਣਾਂ, ਬੇਲੋੜਾ ਤਾਂ ਨਹੀਂ ਮੰਨ ਬੈਠਦਾ ? ਕੀ ਅਜੇਹੇ ਵਿਚਾਰ ਨਾਲ ਦ੍ਰਿਸ਼ਟਮਾਨ ਪਦਾਰਥਾਂ ਪ੍ਰਤੀ ਮੋਹ, ਸ਼ਰਧਾ ਅਥਵਾ ਪੂਜਾ-ਭਾਵਨਾ ਤਾਂ ਨਹੀਂ ਬਣ ਜਾਂਦੀ ? ਅਤੇ ਸਭ ਤੋਂ ਵੱਧ ਗੰਭੀਰ ਪ੍ਰਸ਼ਨ ਇਹ ਹੈ ਕਿ, ਕੀ, ਅਜੇਹੀਆਂ ਗੱਲਾਂ ਨਾਸਤਕਤਾ ਫੈਲਾਉਂਣ ਵਿਚ ਸਹਾਈ ਤਾਂ ਨਹੀਂ ਹੋ ਰਹੀਆਂ ? ੦

ਸਿੱਖਾਂ ਦੇ ਇਸ ਵਿਸ਼ਵਾਸ਼ ਨੂੰ ਦੂਜੇ ਧਰਮਾਂ ਵਾਲੇ ਫੋਕਾ ਭਰਮ ਮੰਨਦੇ ਹਨ । ਬਿਬੇਕ ਬੁਧੀ ਵਾਲੇ ਗੁਰਮੁਖ ਤਾਂ ਅਜੇਹੇ ਵਿਚਾਰ ਨੂੰ ਉੱਕਾ ਹੀ ਹਾਸੋ ਹੀਣਾ ਕਹਿੰਦੇ ਹਨ । ਸਾਨੂੰ ਕਿਸੇ ਦੀ ਦਲੀਲ ਤੇ ਟੀਕਾ ਟਿਪਣੀ ਕਰਨ ਦੀ ਲੋੜ ਨਹੀਂ ਹੈ । ਹਾਜ਼ਰਾ-ਹਜ਼ੂਰ, ਸਮਰਥ ਗੁਰੂ ਨਾਨਕ ਸਾਹਿਬ ਜੀ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਅਸੀਂ ਕਿਸੇ ਭਟਕਣਾ ਵਿਚ ਕਿਉਂ ਪਈਏ ? ਆਉ, ਜਗਤ-ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਪਾਣੀ ਅਥਵਾ ਜਲ ਦੇ ਗੁਰਮਤਿ-ਰੂਪਾਂ ਦੇ ਦਰਸ਼ਨ ਕਰਦੇ ਹੋਏ ਸਤਿਗੁਰਾਂ ਦੇ ਅਨਮੋਲ ਗਿਆਨ ਨੂੰ ਸਮਝ ਕੇ ਹਿਰਦੇ ਵਿਚ ਵਸਾਉਣ ਦੇ ਯਤਨ ਵਿਚ ਜੁੱਟੇ ਰਹੀਏ:-----

੨

### ਨਾਮ ਜਲ

੧- **ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥ ੧ ॥**[੧੯੮]-੯੫-੧੬੪

**ਅਰਥ:**-ਪਰਮਾਤਮਾ ਦਾ ਨਾਮ ਪਵਿਤ੍ਰ ਜਲ ਹੈ, । ਇਸ (ਨਾਮ-ਜਲ ਵਿਚ) ਇਸ਼ਨਾਨ ਕਰਦਿਆਂ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ (ਸਭ ਵਾਸਨਾਂ ਮੁੱਕ ਜਾਂਦੀਆਂ ਹਨ ।

੨- **ਅਬ ਮੋਹਿ ਜਲਤ ਰਾਮ ਜਲੁ ਪਾਇਆ ॥ ਰਾਮ ਉਦਕਿ ਤਨੁ ਜਲਤ ਬੁਝਾਇਆ ॥ ੧ ॥ ਰਹਾਉ ॥ ਮਨੁ ਮਾਰਣ ਕਾਰਣਿ ਬਨ ਜਾਈਐ ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥ ੧ ॥ ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥ ੨ ॥ ਭਵ ਸਾਗਰ ਸੁਖ ਸਾਗਰ ਮਾਹੀ ॥ ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥ ਕਹਿ ਕਬੀਰ ਭਜੁ ਸਾਰਿੰਗਪਾਨੀ ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥ ੪ ॥**[੩੨੩]-੧

**ਅਰਥ**:--(ਭਾਲਦਿਆਂ ਭਾਲਦਿਆਂ) ਹੁਣ ਮੈਂ ਪ੍ਰਭੂ ਦੇ ਨਾਮ ਦਾ ਅੰਮ੍ਰਿਤ ਲੱਭ ਲਿਆ ਜੈ, ਉਸ ਨਾਮ-ਅੰਮ੍ਰਿਤ ਨੇ ਮੇਰੇ ਸੜਦੇ ਸਰੀਰ ਨੂੰ ਠੰਢ ਪਾ ਦਿੱਤੀ ਹੈ **। ੧ । ਰਹਾਉ ।** ਜੰਗਲਾਂ ਵਲ (ਤੀਰਥ ਆਦਿਕਾਂ ਤੇ) ਮਨ ਨੂੰ ਮਾਰਨ ਲਈ (ਸ਼ਾਂਤ ਕਰਨ ਲਈ) ਜਾਈਦਾ ਹੈ, ਪਰ ਉਹ ਨਾਮ-ਰੂਪ ਅੰਮ੍ਰਿਤ (ਜੋ ਮਨ ਨੂੰ ਸ਼ਾਂਤ ਕਰ ਸਕੇ) ਪ੍ਰਭੂ ਦੇ ਸਿਮਰਨ ਤੋਂ ਬਿਨਾਂ ਨਹੀਂ ਲੱਭ ਸਕਦਾ **। ੧ ।** (ਤ੍ਰਿਸ਼ਨਾਂ ਦੀ) ਜਿਸ ਅੱਗ ਨੇ ਦੇਵਤੇ ਤੇ ਮਨੁੱਖ ਸਾੜ ਸੁੱਟੇ ਸਨ, ਪ੍ਰਭੂ ਦੇ ਨਾਮ ਅੰਮ੍ਰਿਤ-ਜਲ ਨੇ ਭਗਤ ਜਨਾਂ ਨੂੰ ਉਸ ਸੜਨ ਤੋਂ ਬਚਾ ਲਿਆ ਹੈ **। ੨ ।** (ਉਹ ਭਗਤ ਜਨ ਜਿਨ੍ਹਾਂ ਨੂੰ ਰਾਮ-ਉਦਕ ਨੇ ਸੜਨ ਤੋਂ ਬਚਾਇਆ ਹੈ) ਇਸ ਸੰਸਾਰ-ਸਮੁੰਦਰ ਵਿਚ (ਜੋ ਉਨ੍ਹਾਂ ਭਗਤ ਜਨਾਂ ਲਈ) ਸੁਖਾਂ ਦਾ ਸਮੁੰਦਰ ਬਣ ਗਿਆ ਹੈ ਨਾਮ-ਅੰਮ੍ਰਿਤ ਲਗਾਤਾਰ ਪੀ ਰਹੇ ਹਨ ਪਰ ਉਹ ਨਾਮ-ਜਲ ਮੁੱਕਦਾ ਨਹੀਂ **। ੩ ।** ਕਬੀਰ ਜੀ ਫ਼ੁਰਮਾਨ ਕਰਦੇ ਹਨ--(ਹੇ ਮਨ !) ਪਰਮਾਤਮਾ ਦਾ ਸਿਮਰਨ ਕਰ, ਪ੍ਰਭੂ ਦੇ ਨਾਮ-ਜਲ ਨੇ ਮੇਰੀ ਮਾਇਆ ਦੀ ਤ੍ਰਿਸਨਾਂ ਮਿਟਾ ਦਿੱਤੀ ਹੈ । ੪ ।

੩- **ਸੁਰਿ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥ ੨ ॥ ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥ ੩ ॥ [੩੨੮]-੨੪**

**ਅਰਥ**:--(ਸਾਰੇ ਜਗਤ ਵਿੱਚ ਮਾਇਆ ਦੀ ਤ੍ਰਿਸਨਾਂ ਦੀ) ਅੱਗ ਲੱਗੀ ਹੋਈ ਹੈ (ਜਿਸ ਵਿਚ) ਦੇਵਤੇ ਤੇ ਮਨੁੱਖ ਸੜ ਰਹੇ ਹਨ । (ਇਸ ਅੱਗ ਨੂੰ ਸ਼ਾਂਤ ਕਰਨ ਲਈ ਨਾਮ-ਰੂਪ) ਪਾਣੀ ਵੀ ਨੇੜੇ ਹੀ ਹੈ, ਪਰ ਇਹ ਪਸ਼ੂ ਜੀਵ ਉ ੱਦਮ ਕਰਕੇ ਪੀਂਦਾ ਨਹੀਂ ਹੈ । ੨ । ਕਬੀਰ ਜੀ ਆਖਦੇ ਹਨ--(ਉਹ ਨਾਮ-ਰੂਪ) ਪਾਣੀ ਸਿਮਰਨ ਕਰਦਿਆਂ ਕਰਦਿਆਂ ਹੀ ਮਨੁੱਖ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਤੇ ਉਹ ਅੰਮ੍ਰਿਤ-) ਜਲ ਪਵਿੱਤਰ ਹੁੰਦਾ ਹੈ, (ਤ੍ਰਿਸ਼ਨਾਂ ਦੀ ਅੱਗ ਉਸੇ ਜਲ ਨਾਲ ਬੁਝ ਸਕਦੀ ਹੈ) । ੩ ।

੪- **ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥**[੫੯੮]-੯

**ਅਰਥ**:--ਜਿਸ ਅੰਮ੍ਰਿਤ ਦੇ ਖ਼ਜ਼ਾਨੇ ਦੀ ਖ਼ਾਤਰ ਤੁਸੀ ਜਗਤ ਚ ਆਏ ਹੋ ਉਹ ਅੰਮ੍ਰਿਤ ਗੁਰੂ ਪਾਸੋਂ ਮਿਲਦਾ ਹੈ, ਪਰ ਧਾਰਮਿਕ ਭੇਖ ਦਾ ਪਹਿਰਾਵਾ ਛਡੋ, ਮਨ ਦੀ ਚਲਾਕੀ ਵੀ ਛੱਡੋ (ਬਾਹਰੋਂ ਸ਼ਕਲ ਧਰਮੀਆਂ ਵਾਲੀ, ਤੇ ਅੰਦਰ ਦੁਨੀਆਂ ਨੂੰ ਠੱਗਣ ਦੀ ਚਲਾਕੀ), ਇਸ ਦੋ-ਰੁਖੀ ਚਾਲ ਵਿਚ ਪਿਆਂ ਇਹ ਅੰਮ੍ਰਿਤ-ਫਲ ਨਹੀਂ ਮਿਲ ਸਕਦਾ ।੧।

ਸਿਮ੍ਰਿਤੀਆਂ ਅਨੁਸਾਰ ਦਾਨ ਦਾ ਧਨ ਸਿਵਾਏ ਬ੍ਰਾਹਮਣ ਦੇ ਦੂਜਾ ਕੋਈ ਲੈ ਹੀ ਨਹੀਂ ਸੀ ਸਕਦਾ, ਇਸ ਲਈ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਅਜੇਹੇ " ਭੇਖੀ-ਧਰਮਾਤਮਾ," ਬ੍ਰਾਹਮਣ ਤੋਂ ਬਿਨਾਂ ਹੋਰ ਕੋਈ ਨਹੀਂ ਸੀ । ਪਰ ਉਪਰ ਵਿਚਾਰੇ ਸਤਿਗੁਰਾਂ ਦੇ ਬਚਨਾਂ ਵਿਚ ਕਿਸੇ ਬ੍ਰਾਹਮਣ ਵਲ ਕੋਈ ਇਸ਼ਾਰਾ ਨਹੀਂ ਹੈ । ਸਪੱਸ਼ਟ ਹੈ ਕਿ--**ਸਾਂਝੀ ਸਗਲ ਜਹਾਨੇ**--ਬਾਣੀ ਬੋਲਣ ਵਾਲੇ ਅੰਤਰਜਾਮੀ ਸਤਿਗੁਰਾਂ ਦਾ ਇਹ ਉਪਦੇਸ਼ ਉਨ੍ਹਾਂ ਭੇਖੀਆਂ (=ਸਿੱਖ-ਸਾਧਾਂ) ਵਾਸਤੇ ਵੀ ਹੈ ਜਿਨ੍ਹਾਂ ਨੇ ਬ੍ਰਾਹਮਣਾਂ ਦੇ ਜੂਲੇ ਹੇਠੋਂ ਨਿਕਲ ਕੇ ਆਪ ਹੀ ਸੰਤਤਾਈ ਦੇ ਭੇਖ ਧਾਰਨ ਕਰ ਲੈਣੇ ਸਨ । ਇਸ ਪੁਸਤਕ ਦੇ ਦੂਜੇ ਭਾਗ ਤੇ ਸਤਵੇਂ ਕਾਂਡ ਵਿਚ-**ਭੇਖ ਅਥਵਾ ਵੇਸ**--ਵਿਚ ਅਸਾਂ ਵਿਸਥਾਰ ਨਾਲ ਵਿਚਾਰ ਲਿਆ ਸੀ ਕਿ ਸਤਿਗੁਰਾਂ ਨੇ ਉਚੇਚੇ ਭੇਖ ਅਥਵਾ ਗ੍ਰਿਹਸਤੀਆਂ ਤੋਂ ਨਿਆਰੇ ਵੇਸ ਵਾਲਿਆਂ ਨੂੰ ਠੱਗ ਅਤੇ ਲੁਟੇਰੇ ਮੰਨਿਆਂ ਹੈ । ਅੱਜ ਗੁਰੂ ਨਾਨਕ ਜੀ ਦੀ ਸਿੱਖੀ ਨੂੰ ਜਿੱਡਾ ਗੰਭੀਰ ਖ਼ਤਰਾ ਸਿਖੀ ਸ਼ਕਲ ਵਾਲੇ, **ਸਾਧ-ਭੇਖੀਆਂ** ਅਥਵਾ **ਸੰਤ-ਡੇਰੇਦਾਰਾਂ** ਕੋਲੋਂ ਹੈ ਏਡਾ ਫ਼ੌਰੀ ਖ਼ਤਰਾ ਬ੍ਰਾਹਮਣ ਕੋਲੋਂ ਜਾਂ ਦੇਹਧਾਰੀ ਗੁਰੂਆਂ ਕੋਲੋਂ ਬਿੱਲਕੁਲ ਨਹੀਂ ਹੈ । ਬ੍ਰਾਹਮਣ ਨੰਗਾ ਹੋ ਚੁੱਕਾ ਹੈ ਅਤੇ ਦੇਹਧਰੀ ਉਂਜ ਹੀ ਅੱਡਰਾ ਹੋ ਬੈਠਾ ਹੈ । ਉਨ੍ਹਾਂ ਵਲੋਂ ਸੁਚੇਤ ਹੋ ਜਾਣਾਂ ਔਖੀ ਗੱਲ ਨਹੀਂ ਹੈ । ਸਾਧ-ਭੇਖਾਂ, ਭਗਤੀ ਭਾਵ ਵਾਲੀਆਂ ਮੀਸਣੀਆਂ ਸ਼ਕਲਾਂ ਅਤੇ ਉਚੇਚੀ ਮਿਠਾਸ ਵਾਲੇ ਬਚਨਾਂ ਦੇ ਹਥਿਆਰ ਵਰਤ ਕੇ ਬ੍ਰਹਮ-ਗਿਆਨੀ-ਮਹਾਂਪੁਰਖ ਬਣੇ ਹੋਏ ਇਨ੍ਹਾਂ ਡੇਰੇ ਦਾਰਾਂ ਦੇ ਅੰਦਰਲੇ ਘਾਤਕ ਜ਼ਹਿਰ ਦਾ ਅਨੁਭਵ ਹੀ ਨਹੀਂ ਹੋ ਰਿਹਾ । ਸਿੱਖੀ ਦੇ ਪਰਚਾਰ ਦੇ ਭਰਮ-ਪਰਦੇ ਦੇ ਪਿਛੇ ਲੁਕੇ ਹੋਏ ਇਨ੍ਹਾਂ ਕਥਿਤ ਮਹਾਂਪੁਰਖਾਂ ਦਾ ਸੰਗਠਨ ਸਿੱਖੀ ਨੂੰ ਨਿਗਲ ਜਾਣ ਵਾਲਾ ਪ੍ਰੋਹਿਤਵਾਦੀ-ਅਸਰਾਲ ਹੀ ਤਾਂ ਹੈ । ਸਿੱਖ ਧਰਮ ਦੀ ਵਾਗ-ਡੋਰ ਪੂਰੀ ਤਰ੍ਹਾਂ ਸਾਂਭ ਲੈਣ ਲਈ ਸੰਤ-ਸਮਾਜ-ਰੂਪ **ਜ਼ਹਿਰੀਲਾ ਬਾਸ਼ਕ-ਨਾਗ**, ਵਿੱਸ ਘੋਲ ਰਿਹਾ ਹੈ । ਬਹੁਤੀ ਬਦਕਿਸਮਤੀ ਇਹ ਹੈ ਕਿ ਅਜੋਕਾ ਜਥੇਦਾਰ ਵੀ ਇਨ੍ਹਾਂ ਡੇਰੇਦਾਰਾਂ ਦੀ ਛਤਰ-ਛਾਇਆ ਵਿਚ ਰਹਿ ਕੇ ਸਿਆਸੀ ਕੁਰਸੀ ਤੇ ਬੈਠ ਸਕਣ ਦੀ ਹਰਚੰਦਉਰੀ ਵਿਚ ਫਸ ਚੁੱਕਾ ਹੈ । ਸੱਚ ਦੇ ਬੁਰਕੇ ਵਿਚ ਲਪੇਟੇ, **ਝੂਠ** ਦੇ ਪਰਚਾਰਕ, ਇਹ **ਸਾਧ ਟੋਲੇ** ਨਿਸਚਿੰਤ ਹੋ ਕੇ ਗੁਰੂ ਨਾਨਕ ਜੀ ਦੀ ਮਰਯਾਦਾ ਦਾ ਭੋਗ ਪਾ ਕੇ ਸਿੱਖ ਨੂੰ ਬਿੱਪ੍ਰਨ ਕੀ ਰੀਤ ਨਾਲ ਜੋੜੀ ਤੁਰੇ ਜਾ ਰਹੇ ਹਨ । ਸਰਬੱਤ ਪੰਥ-ਦਰਦੀਆਂ ਨੂੰ ਇਸ ਖ਼ਤਰੇ ਦੇ ਵਿੱਰੁਧ ਝੂਝਣ ਲਈ ਲੱਕ ਬੰਨ੍ਹ ਲੈਣ ਦਾ ਸਮਾ ਹੈ । ਅਤੇ ਇਸ ਕਾਰਜ ਲਈ ਗੁਰਮਤਿ ਸਿਧਾਂਤ ਤੋਂ ਜਾਣੂੰ ਹੋਣਾ ਅਤੇ ਪੰਥ ਦੇ ਬੱਚੇ-ਬੱਚੀ ਨੂੰ ਗੁਰਮਤਿ ਸਿਧਾਂਤ ਤੋਂ ਜਾਣੂੰ ਕਰਾਉਣਾ ਬੜਾ ਜ਼ਰੂਰੀ ਹੈ । ਸ਼ਬਦ ਵਿਚਾਰ ਤੋਂ ਗਿਆਨ ਦੀ ਪ੍ਰਾਪਤੀ ਕਰਕੇ ਉਸ ਅਨੁਸਾਰ ਜੀਵਨ ਬਣਾ ਲੈਣਾ, ਸਤਿਗੁਰੂ ਗ੍ਰੰਥ ਸਾਹਿਬ ਦੀ ਕੇਵਲ ਮਾਤ੍ਰ ਸੇਵਾ ਹੈ । ਬਾਕੀ ਸਾਰੇ ਅਡੰਬਰ, ਹਉਮੈ ਨੂੰ ਪੱਠੇ ਪਾਉਣ ਹੀ ਹੈ ।

੫- **ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥ ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥ ੨ ॥**[੬੮੨]-੧੬-੪੭

**ਅਰਥ**:--(ਸਿਮਰਨ ਦੀ ਬਰਕਤ ਨਾਲ) ਮੈਂ ਵੀ ਜਿਧਰ ਜਿਧਰ ਵੇਖਦਾ ਹਾਂ, ਉਥੇ ਉਥੇ ਪਰਮਾਤਮਾ ਹੀ ਸਾਰੇ ਸਰੀਰਾਂ ਵਿਚ ਮੌਜੂਦ ਹੈ ਜਿਵੇਂ ਧਾਗਾ (ਸਾਰੇ ਮਨਕਿਆਂ ਵਿਚ ਪ੍ਰੋਇਆ ਹੁੰਦਾ ਹੈ । ਸਤਿਗੁਰੂ ਨਾਨਕ ਜੀ ਫ਼ੁਰਮਾਉਂਦੇ ਹਨ, ਪ੍ਰਭੂ ਦੇ ਦਾਸ ਉਸ ਉਸ ਦਾ ਨਾਮ-ਜਲ ਪੀਂਦਿਆਂ ਹੀ ਹੋਰ ਸਾਰੇ ਮੋਹ-ਪਿਆਰ ਛੱਡ ਦੇਂਦੇ ਹਨ । ੨ ।

## ੩- ਕ੍ਰਿਪਾ ਜਲ

੬- **ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ, ਅਨਦਿਨੋੁ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ, ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥** [੧੩]-੩

**ਪਦ ਅਰਥ:**--ਮਕਰੰਦ--ਫੁੱਲਾਂ ਦੀ ਵਿਚਲੀ ਧੂੜ, ਫੁੱਲਾਂ ,ਦਾ ਰਸ । ਮਨੋ--ਮਨ । ਅਨਦਿਨੋ--ਹਰ ਰੋਜ਼ । ਆਹੀ--ਹੈ, ਰਹਿੰਦੀ ਹੈ । ਸਾਰੰਗ--ਪਪੀਹਾ । ਕਉ--ਨੂੰ । ਜਾ ਤੇ--ਜਿਸ ਤੋਂ, ਜਿਸ ਨਾਲ । ਤੇਰੈ ਨਾਇ--ਤੇਰੇ ਨਾਮ ਵਿਚ । ੪ । [ ਇਹ ਤੁਕ, ਨਿਤਨੇਮ ਦੀ ਬਾਣੀ ਸੋਹਿਲੇ ਵਿਚੋਂ ਹੈ ਜਿਸ ਦੇ ਅਰਥਾਂ ਦਾ ਪਤਾ ਸਾਰੇ ਗੁਰਸਿਖਾਂ ਨੂੰ ਪਤਾ ਹੋਣਾ ਚਾਹੀਦਾ ਹੈ ]

ਥੋਹੜੇ ਜਿਹੇ ਫ਼ਰਕ ਨਾਲ ਧਨਾਸਰੀ ਰਾਗ ਵਿਚ ਏਹੀ ਗੁਰੂ ਫ਼ੁਰਮਾਨ ਦੋਬਾਰਾ ਆਇਆ ਹੈ । ਫ਼ਰਕ ਵਾਲੇ ਲਫ਼ਜ਼ ਮੋਟੇ ਕਰ ਦਿੱਤੇ ਹੋਏ ਹਨ:---

੭- **ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ, ਹੋਇ ਜਾ ਤੇ ਤੇਰੈ ਨਾਮਿ ਵਾਸਾ ॥ ੪ ॥** [੬੬੩]-੧-੭-੯

## ੪- ਆਤਮ ਜਲ

੮- **ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥**
**ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ ॥ ੨ ॥**[੧੨੭੩]-੭-੨੯

**ਅਰਥ:**--(ਗੁਰੂ ਦੀ ਕਿਰਪਾ ਨਾਲ ਆਤਮਕ ਪੈਂਡੇ ਦੇ) ਪਾਂਧੀ ਜੀਵ ਨੂੰ ਤਾਂਘ ਪੈਦਾ ਹੁੰਦੀ ਹੈ, ਉਸ ਦਾ ਚਿੱਤ (ਨਾਮ-ਜਲ) ਸਰੋਵਰ ਗੁਰੂ ਵਲ ਪਰਤਦਾ ਹੈ । ਗੁਰਦੇਵ ਦਾ ਫ਼ੁਰਮਾਨ ਹੈ ਕਿ, (ਜਦੋਂ ਨਾਮ-ਜਲ ਨਾਲ ਭਰਪੂਰ ਗੁਰੂ ਨਾਮ ਦੀ ਵਰਖਾ ਕਰਦਾ ਹੈ, ਤਦੋਂ) ਸੇਵਕਾਂ ਦੇ ਅੰਦਰ ਪਰਮਾਤਮਾ ਦੇ ਦਰਸਨ ਦੀ ਤਾਂਘ ਪੈਦਾ ਹੁੰਦੀ ਹੈ, ਪ੍ਰਭੂ ਮਿਹਰ ਕਰ ਕੇ ਉਨ੍ਹਾਂ ਨੂੰ ਇਹ ਦਾਤਿ ਦਿੰਦਾ ਹੈ । ੨ ।

## ੫- ਲੀਨਤਾ ਦਰਸਾਉਣ ਲਈ ਜਲ ਦਾ ਦ੍ਰਿਸ਼ਟਾਂਤ

੯- **ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥**
**ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥ ੪ ॥**[੧੦੨]-੧੯-੨੬

**ਅਰਥ:**--ਜਿਵੇਂ (ਨਦੀ ਆਦਿਕ ਦੇ) ਪਾਣੀ ਦੀ ਲਹਿਰ (ਉਸ ਨਦੀ ਵਿਚੋਂ ਉਠ ਕੇ ਮੁੜ ਉਸ) ਪਾਣੀ ਵਿਚ ਰਲ ਜਾਂਦੀ ਹੈ ਤਿਵੇਂ (ਗੁਰੂ ਦੀ ਸ਼ਰਨ ਪੈ ਕੇ ਸਿਮਰਨ ਕਰਨ ਨਾਲ ਮਨੁੱਖ ਦੀ) ਸੁਰਤਿ (ਜੋਤਿ) ਪ੍ਰਭੂ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ--(ਗੁਰੂ ਦੇ ਸਨਮੁਖ ਹੋ ਕੇ ਸਿਮਰਨ ਕੀਤਿਆਂ ਮਨੁੱਖ ਦੇ) ਭਟਕਣਾ ਰੂਪ ਤਖ਼ਤੇ ਜਾਂ ਭਿੱਤ (ਜਿੰਨ੍ਹਾਂ ਦੀ ਕੈਦ ਵਿਚ ਇਹ ਬੰਦ ਪਿਆ ਰਹਿੰਦਾ ਹੈ) ਖੁੱਲ ਜਾਂਦੇ ਹਨ, ਤੇ ਮੁੜ ਮਨੁੱਖ ਮਾਇਆ ਦੇ ਪਿੱਛੇ ਦੌੜ ਭੱਜ ਕਰਨ ਵਾਲੇ ਸੁਭਾਅ ਦਾ ਨਹੀਂ ਰਹਿੰਦਾ ।

## ੬- ਗੋਬਿੰਦ ਭਾਉ ਭਗਤ ਦਾ ਭੁਖਾ--

੧੦- **ਹਸਤੀ ਦੇਖਿ ਭਰਮ ਤੇ ਭੂਲਾ, ਸ੍ਰੀ ਭਗਵਾਨੁ ਨ ਜਾਨਿਆ ॥**
**ਤੁਮਰੋ ਦੂਧੁ ਬਿਦਰ ਕੋ ਪਾਨੋ, ਅੰਮ੍ਰਿਤੁ ਕਰਿ ਮੈ ਮਾਨਿਆ ॥ ੧ ॥** [੧੧੦੫]-੯

**ਅਰਥ:**-- (ਹੇ ਦਰਯੋਨ !) ਤੂੰ ਹਾਥੀ (ਆਦਿਕ) ਵੇਖ ਕੇ ਮਾਣ ਵਿਚ ਆ ਕੇ ਸਹੀ ਰਸਤੇ ਤੋਂ ਖੁੰਝ ਕੇ, ਪਰਮਾਤਮਾ ਨੂੰ ਭੁਲਾ ਬੈਠਾ ਹੈਂ । ਇੱਕ ਪਾਸੇ ਤੇਰਾ ਦੁੱਧ ਹੈ, ਦੂਜੇ ਪਾਸੇ (ਪਰਮਾਤਮਾ ਦੇ ਭਗਤ) ਬਿਦਰ ਦਾ ਪਾਣੀ ਹੈ, ਇਹ ਪਾਣੀ ਮੈਨੂੰ ਅੰਮ੍ਰਿਤ ਦਿੱਸਦਾ ਹੈ । ੧ ।

ਕਿਸ਼ਨ ਸਿੰਘ ਪਰ ਝੂਠ ਕਵੀਸ਼ਰਾਂ ਦਾ, ਮਹਿੰਗੇ ਮੁੱਲ ਵਿਕਾਂਵਦਾ ਆਇ ਕੇ ਜੀ ।

ਸਿਆਣੇ ਅਤੇ ਵਿਦਵਾਨ ਕਵੀ ਦਾ ਲਿਖਿਆ ਝੂਠ ਵੀ ਕਈ ਵਾਰੀ ਲੋਕਾਂ ਵਾਸਤੇ ਸੱਚ ਬਣ ਕੇ ਅਨਮੋਲ-ਰਤਨ ਬਣ ਜਾਂਦਾ ਹੈ । ਪਰਾਣਾ ਵਿਚਲੀ, ਬਿੱਪ੍ਰ ਦੀ ਸਾਰੀ ਲਿਖਤ ਮਿਥਿਹਾਸ ਹੈ । ਉਸ ਵਿਚਲਾ ਨਾਂ ਕੋਈ ਵਾਕਿਆ ਸੱਚਾ ਹੈ ਅਤੇ ਨਾ ਹੀ ਕਦੇ ਕਿਸੇ ਪਾਤਰ ਦੀ ਸੰਸਾਰ ਤੇ ਕੋਈ ਹੋਂਦ ਹੋਈ ਸੀ । ਪਰ ਲਿਖਣ ਢੰਗ ਦੇ ਕਮਾਲ ਨੇ ਝੂਠ ਦੀ ਪੂਜਾ ਕਰਵਾ ਲਈ, ਅਤੇ ਉਹ ਕੋਰਾ ਝੂਠ ਦਿਨੋ ਦਿਨ ਪੂਰਨ ਸੱਚ ਦਾ ਰੂਪ ਬਣਦਾ ਗਿਆ ਅਤੇ ਉਸ ਦੀ ਪੂਜਾ ਅੱਜ ਹੋਰ ਵੀ ਵਾਧੇ ਤੇ ਹੈ । ਮਨੁੱਖ ਨੂੰ ਨਿਆਰੇ ਆਚਰਣ ਵਾਲਾ ਬਨਾਉਣ ਆਏ ਸਤਿਗੁਰਾਂ ਨੇ ਸਤਿਕਾਰੀ ਜਾਣ ਵਾਲੀਆਂ ਇਨ੍ਹਾਂ ਪੁਰਾਣਕ ਕਥਾ ਕਹਾਣੀਆਂ ਦੀ ਵਰਤੋਂ " **ਪ੍ਰਥਾਇ ਸਾਖੀ** " ਦੇ ਤੌਰ ਤੇ ਕੀਤੀ ਹੈ ।

**ਹਉਮੈ ਦਾ** ਨਾਮ ਨਾਲ ਵਿਰੋਧ ਹੈ । ਹੰਕਾਰੀ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਕਦੇ ਨਿਵਾਸ ਨਹੀਂ ਕਰ ਸਕਦਾ । ਪਰ ਲੋਕਾਂ ਦੀ ਚਰਨ ਧੂੜ ਬਣਿਆਂ ਹਿਰਦਾ ਪ੍ਰਭ ਦੀ ਸੇਜ ਬਣ ਜਾਂਦਾ ਹੈ । ਵਾਸਤਵ ਵਿਚ ਨਾਂ ਕੋਈ ਕ੍ਰਿਸ਼ਨ ਹੋਇਆ ਹੈ ਅਤੇ ਨਾ ਹੀ ਰੋਟੀਉਂ ਆਤੁਰ ਅਥਵਾ ਕੰਗਾਲ, ਬਿਦਰ ਨਾਂ ਦਾ ਕੋਈ ਭਗਤ ਹੀ ਹੋਇਆ ਹੈ । ਜਿਸ ਬਿਦਰ ਨਾਲ ਇਹ ਗਾਥਾ ਜੁੜੀ ਹੋਈ ਹੈ, ਉਹ ਬਿਦਰ ਤਾਂ ਦਿੱਲੀ ਦੇ ਕਥਿਤ ਸਮਰਾਟ ਧਿਰਤਰਾਸ਼ਟਰ ਦਾ ਭਰਾ ਅਤੇ ਉਸ ਦਾ ਮੁੱਖ-ਮੰਤ੍ਰੀ ਸੀ । ਮਹਾਂ ਭਾਰਤ ਦੀ ਗਾਥਾ ਅਨੁਸਾਰ ਕਿਸੇ ਤਰ੍ਹਾਂ ਦੀ ਵੀ ਆਰਥਕ ਤੰਗੀ (ਪਾਂਡਵਾਂ ਦੇ ਚਾਚੇ) ਬਿਦਰ ਦੇ ਘਰ ਦੀਆਂ ਦਲੀਜਾਂ ਦੇ ਨੇੜੇ ਤੇੜੇ ਵੀ ਨਹੀਂ ਸੀ ਢੁੱਕ ਸਕਦੀ । ਪਰ ਇਸ ਕਹਾਣੀ ਤੋਂ ਮਿਲਦੀ ਸਿਖਿਆ ਗੁਰਮਤਿ ਦੇ ਆਸ਼ੇ ਦੇ ਅਨਕੂਲ ਹੈ । ਕਹਾਣੀ ਦਾ, ਜਾਂ ਉਸ ਵਿਚਲੇ ਪਾਤ੍ਰਾਂ ਦਾ ਗੁਰਬਾਣੀ ਨਾਲ ਦੂਰ ਦਾ ਕੋਈ ਵਾਸਤਾ ਨਹੀਂ ਹੈਂ । ਭਾਉ ਭਗਤ ਵਾਲੀ ਨਿਮਰਤਾ ਵਿਚ ਭਗਵਾਨ ਦੇ ਦਰਸ਼ਨ ਹੋ ਰਹੇ ਹਨ ।

## ੭- ਛਿਣ ਮਾਤ੍ਰ ਸਮਾਂ

੧੧- **ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥ ੪ ॥** [੪੭੪]-ਵਾ-੨੨

**ਅਰਥ:**---ਅੰਞਾਣ ਨਾਲ ਮਿਤੱਰਤਾ,, ਜਾਂ ਆਪਣੇ ਨਾਲੋਂ ਵੱਡੇ ਨਾਲ ਪਿਆਰ--ਇਹ ਇਉਂ ਹਨ ਜਿਵੇਂ ਪਾਣੀ ਵਿਚ ਲੀਕ ਹੈ, ਉਸ ਲੀਕ ਦਾ ਕੋਈ ਨਿਸ਼ਾਨ ਨਹੀਂ ਰਹਿੰਦਾ । ੪ ।

## ੮- ਜਿਵੇਂ ਪਿਆਸੇ ਲਈ ਨੀਰ

੧੨- **ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥ ੧ ॥ ਮੇਰੈ ਮਨਿ ਪ੍ਰੇਮੁ**
**ਲਗੋ ਹਰਿ ਤੀਰ ॥ ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਦਰ ਕੀ ਪੀਰ ॥ ੧ ॥ ਰਹਾਉ ॥**[੮੬੧]-੬-੧

## ੯- ਪ੍ਰਭੂ-ਵਿਆਪਕਤਾ ਦੇ ਰੰਗ

੧੩- **ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥**
**ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥ ੭ ॥**[੪੧੧]-੧

**ਅਰਥ:**--(ਸੂਰਜ ਅਤੇ ਚੰਦ੍ਰਮਾ ਸਰੋਵਰ ਆਦਿਕ ਦੇ) ਪਾਣੀ ਵਿਚ ਚਮਕਦਾ ਹੈ, ਪਰ ਉਸ ਪਾਣੀ ਤੋਂ ਬਹੁਤ ਦੂਰ ਹੈ, ਪਾਣੀ ਵਿਚ ਉਸ ਦੀ ਜੋਤਿ ਲਿਸ਼ਕਾਂ ਮਾਰਦੀ ਹੈ, ਇਸੇ ਤਰ੍ਹਾਂ ਪਰਮਾਤਮਾ ਦੀ ਜੋਤਿ ਸਭ ਜੀਵਾਂ ਵਿਚ ਹਰ ਥਾਂ ਵਿਆਪਕ ਹੈ (ਪਰ ਉਹ ਪਰਮਾਤਮਾ ਨਿਰਲੇਪ ਵੀ ਹੈ, ਸਭ ਦੇ ਨੇੜੇ ਵੀ ਹੈ ਤੇ ਦੂਰ ਵੀ ਹੈ) । ਮੈਂ ਇਹ ਨਹੀਂ ਦੱਸ ਸਕਦਾ ਕਿ ਉਹ ਕਿਸ ਦੇ ਨੇੜੇ ਹੈ ਤੇ ਕਿਸ ਦੇ ਦੂਰ ਹੈ । ਉਸ ਨੂੰ ਹਰ ਥਾਂ ਹਾਜ਼ਰ ਵੇਖ ਕੇ ਮੈਂ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਗੁਣ ਗਾਉਂਦਾ ਹਾਂ । ੭ ।

੧੪- **ਜਲ ਤਰੰਗ ਅਰੁ ਫੇਨ ਬੁਦਬੁਦਾ, ਜਲ ਤੇ ਭਿੰਨ ਨ ਹੋਈ ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ, ਬਿਚਰਤ ਆਨ ਨ ਹੋਈ ॥ ੨ ॥**[੪੮੫]-੧

**ਅਰਥ:**--ਪਾਣੀ ਦੀਆਂ ਠਿੱਲ੍ਹਾਂ, (ਪਾਣੀ ਤੇ ਆਈ) ਝੱਗ, ਅਤੇ ਬੁਲਬੁਲੇ--ਇਹ ਸਾਰੇ ਪਾਣੀ ਤੋਂ ਵੱਖਰੇ ਨਹੀਂ ਹੁੰਦੇ, ਤਿਵੇਂ ਹੀ ਇਹ ਦਿਸਦਾ ਤਮਾਸ਼ਾ-ਰੂਪ ਜਗਤ ਪਰਮਾਤਮਾ ਦੀ ਰਚੀ ਹੋਈ ਖੇਡ ਹੈ, ਗਹੁ ਨਾਲ ਸੋਚਿਆਂ (ਇਹ ਸਮਝ ਆ ਜਾਂਦੀ ਹੈ ਕਿ ਇਹ ਉਸ ਤੋਂ) ਵਖਰਾ ਨਹੀਂ ਹੈ । (ਸਭ ਗੋਬਿੰਦ ਹੀ ਗੋਬਿੰਦ ਹੈ)

੧੫- **ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ੧ ॥**[੨੯੬]

## ੧੦- ਅਚਰਜ ਖੇਡ

੧੬- **ਜਲ ਤੇ ਥਲ ਕਰਿ ਥਲ ਤੇ ਕੂਆ, ਕੂਪ ਤੇ ਮੇਰੁ ਕਰਾਵੈ ॥**
**ਧਰਤੀ ਤੇ ਆਕਾਸਿ ਚਢਾਵੈ, ਚਢੇ ਅਕਾਸਿ ਗਿਰਾਵੈ ॥ ੨ ॥**[੧੨੫੨]-੨

ਅਰਥ:--(ਪਰਮਾਤਮਾ ਦੀ ਖੇਡ ਅਸਚਰਜ ਹੈ) ਪਾਣੀ ਨਾਲ ਭਰੇ ਥਾਵਾਂ ਤੋਂ ਬਰੇਤੇ ਕਰ ਦਿੰਦਾ ਹੈ, ਬਰੇਤੇ ਤੋਂ ਖੂਹ ਬਣਾ ਦਿੰਦਾ ਹੈ, ਅਤੇ ਖੂਹ ਦੇ ਥਾਂ ਤੋਂ ਪਹਾੜ ਕਰ ਦਿੰਦਾ ਹੈ । ਜ਼ਮੀਨ ਉਤੇ ਪਏ ਨੂੰ ਅਸਮਾਨੀ ਚਾੜ੍ਹ ਦਿੰਦਾ ਹੈ, ਅਸਮਾਨਾ ਉਤੇ ਚੜ੍ਹੇ ਨੂੰ ਹੇਠਾਂ ਡੇਗ ਦਿੰਦਾ ਹੈ । ੨ ।

੧੭- **ਜੇਨ ਕਲਾ ਧਾਰਿਓ ਆਕਾਸੰ, ਬੈਸੰਤਰੰ ਕਾਸਟ ਬੇਸਟੰ ॥ ਜੇਨ ਕਲਾ ਸਸਿ ਸੂਰ ਨਖੵਤ੍ਰ ਜੋਤ੍ਹਿੰ ,**
**ਸਾਸੰ ਸਰੀਰ ਧਾਰਣੰ ॥ ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ ॥**
**ਤੇਨ ਕਲਾ ਅਸਥੰਭੰ ਸਰੋਵਰੰ ਨਾਨਕ, ਨਹ ਛਿਜੰਤਿ ਤਰੰਗ ਤੋਯਣਹ ॥ ੫੩ ॥** [੧੩੫੯]

**ਅਰਥ:**--ਜਿਸ ਪਰਮਾਤਮਾ ਨੇ ਆਪਣੀ ਸੱਤਿਆ ਨਾਲ ਆਕਾਸ਼ ਨੂੰ ਟਿਕਾਇਆ ਹੋਇਆ ਹੈ ਅਤੇ ਅੱਗ ਨੂੰ ਲੱਕੜ ਨਾਲ ਢੱਕਿਆ ਹੋਇਆ ਹੈ (ਭਾਵ, ਲੱਕੜੀ ਦੇ ਅੰਦਰ ਅੱਗ ਰੱਖੀ ਹੋਈ ਹੈ) । ਜਿਸ ਪ੍ਰਭੂ ਨੇ ਆਪਣੀ ਤਾਕਤ ਨਾਲ ਚੰਦ੍ਰਮਾ ਸੂਰਜ ਤਾਰਿਆਂ ਵਿਚ ਆਪਣਾ ਪ੍ਰਕਾਸ਼ ਟਿਕਾਇਆ ਹੈ ਅਤੇ ਸਭ ਸਰੀਰਾਂ ਵਿਚ ਸੁਆਸ ਟਿਕਾਏ ਹੋਏ ਹਨ । ਜਿਸ ਅਕਾਲ ਪੁਰਖ ਨੇ ਆਪਣੀ ਸੱਤਿਆ ਨਾਲ ਮਾਂ ਦੇ ਪੇਟ ਵਿਚ ਜੀਵਾਂ ਦੀ ਰਾਖੀ (ਦਾ ਪ੍ਰਬੰਧ ਕੀਤਾ ਹੋਇਆ ਹੈ) ਮਾਂ ਦੇ ਪੇਟ ਦੀ ਅੱਗ-ਰੂਪ ਰੋਗ ਜੀਵ ਦਾ ਨਾਸ ਨਹੀਂ ਕਰ ਸਕਦਾ । ਹੇ ਨਾਨਕ ! ਉਸ ਪ੍ਰਭੂ ਨੇ ਇਸ ਸੰਸਾਰ-ਸਰੋਵਰ ਨੂੰ ਆਪਣੀ ਤਾਕਤ ਨਾਲ ਆਸਰਾ ਦਿੱਤਾ ਹੋਇਆ ਹੈ, ਇਸ ਦੇ ਸਾਗਰ ਦੇ ਪਾਣੀ ਦੀਆਂ ਲਹਿਰਾਂ ਜੀਵਾਂ ਦਾ ਨਾਸ ਨਹੀਂ ਕਰ ਸਕਦੀਆਂ (ਹਾਲਾਂ ਕਿ ਪਾਣੀ ਧਰਤੀ ਨਾਲੋਂ ਤਿੰਨ ਗੁਣਾ ਹੈ, ਧਰਤੀ ਦੀ ਮਿੱਟੀ ਏਨੇ ਪਾਣੀ ਵਿਚ ਖੁਰ ਵੀ ਸਕਦੀ ਹੈ, ਪਰ ਕਾਦਰ ਦੀ ਸ਼ਕਤੀ ਨਾਲ ਸਭ ਥਾਉਂ ਥਾਂਈਂ ਟਿਕੇ ਹੁਕਮੀ ਦੇ ਹੁਕਮ ਦੀ ਪਾਲਣਾ ਕਰ ਰਹੇ ਹਨ)। ੫੩ ।

੧੮- **ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥ ੫੨ ॥** [੨੬੧]

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਜੇ ਪਰਮਾਤਮਾ ਨੂੰ ਚੰਗਾ ਲੱਗੇ ਤਾਂ ਉਹ (ਵਿਕਾਰਾਂ ਵਿਚ) ਪੱਥਰ-ਦਿਲ ਹੋ ਚੁਕੇ ਬੰਦਿਆਂ ਨੂੰ ਨਾਮ-ਅੰਮ੍ਰਿਤ ਜਲ ਦੀ ਦਾਤਿ ਦੇ ਕੇ (ਵਿਕਾਰਾਂ ਦੀਆਂ ਲਹਿਰਾਂ ਵਿਚ ਡੁੱਬਣੋਂ) ਬਚਾ ਲੈਂਦਾ ਹੈ । ੫੨ ।

ਲੋਕਾਂ ਦੇ ਮਨਾਂ ਵਿਚ ਕਰਾਮਾਤਾਂ ਦਾ ਉਚੇਚਾ ਭਰਮ ਪਾਉਣ ਵਾਲੇ ਮਾਇਆ ਗ੍ਰਸੇ ਬ੍ਰਾਹਮਣੀ ਚੇਲੇ, ਸਤਿਗੁਰਾਂ ਦੇ ਇਸ ਮਹਾਂ ਵਾਕ ਦਾ ਹਵਾਲਾ ਦੇ ਕੇ ਤਸਵੀਰਾਂ ਵਿਚ ਪੱਥਰਾਂ ਨੂੰ ਸਮੁੰਦਰ ਤੇ ਤਰਦਾ ਦਰਸਾਉਂਦੇ ਹਨ ਅਤੇ ਅਜੇਹੀ ਤਸਵੀਰ ਨੂੰ ਸ੍ਰੀ ਰਾਮ ਜੀ ਦੇ ਬਣਾਏ ਕਥਿਤ ਪੁਲ ਨਾਲ ਜਾ ਜੋੜਦੇ ਹਨ । ਇਸ ਤਰ੍ਹਾਂ ਗੁਰਬਾਣੀ ਤੋਂ ਮਿਲਦੇ ਵਡਮੁੱਲੇ ਉਪਦੇਸ਼ ਤੋਂ ਮਨੁੱਖ ਨੂੰ ਵਾਂਜਿਆ ਰੱਖਣ ਦਾ ਅਤੇ ਗੁਰਬਾਣੀ ਦੀ ਬੇਅਦਬੀ ਕਰਨ ਦਾ ਪਾਪ ਖੱਟਦੇ ਹਨ ।

## ੧੧
## ਡੂਬਿ ਮੁਏ ਵਿਣੁ ਪਾਣੀ... ॥

੧੯- **ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ॥**
**ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ ॥ ੧ ॥** [੬੦੨]-੭

**ਅਰਥ:**--ਸੱਚੇ ਗੁਰੂ ਦੀ ਸਰਨ ਵਿਚ ਆਏ ਬਿਨਾ ਭਗਤੀ ਨਹੀਂ ਹੋ ਸਕਦੀ (ਭਾਵ, ਸੱਚੇ ਗੁਰੂ ਤੋ ਬਿਨਾਂ ਸਹੀ ਜੀਵਨ ਜੁਗਤਿ ਦੀ ਸੋਝੀ ਨਹੀਂ ਆ ਸਕਦੀ) ਜੇਹੜੀ ਅੰਞਾਣੀ ਲੁਕਾਈ ਗੁਰੂ ਦੇ ਦਰ ਤੇ ਨਹੀਂ ਆਉਂਦੀ, ਉਹ ਕੁਰਾਹੇ ਪਈ ਰਹਿੰਦੀ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਭਟਕਦੇ ਫਿਰਦੇ ਹਨ, ਸਦਾ ਦੁੱਖੀ ਰਹਿੰਦੇ ਹਨ, ਉਹ, ਮਾਨੋਂ ਪਾਣੀ ਤੋਂ ਬਿਨਾ ਹੀ ਡੁੱਬ ਮਰਦੇ ਹਨ ।

੨੦- **ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ ॥ ਮਾਤ ਪਿਤਾ ਸੁਤ ਭਾਈ ਖਰੇ**
**ਪਿਆਰੇ ਜੀਉ, ਡੂਬਿ ਮੁਏ ਬਿਨੁ ਪਾਣੀ ॥ ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ**
**ਧਾਤੁ ਸੰਸਾਰੇ ॥ ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ ॥ ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ**
**ਆਪਿ ਤਰੈ ਕੁਲ ਤਾਰੇ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥ ੨ ॥**[੨੪੬]-੪

੨੧- **ਨਾਮੇ ਰਾਤਾ ਪਵਿਤੁ ਸਰੀਰਾ ॥ ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ ॥....੧੩ ॥** [੧੦੫੨]-ਸੋਲਹੇ-੮

ਅਰਥ:--ਜਿਹੜਾ ਮਨੁੱਖ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ, ਉਸ ਦਾ ਸਰੀਰ (ਵਿਕਾਰਾਂ ਦੀ ਮੈਲ ਤੋਂ) ਪਵਿੱਤਰ ਰਹਿੰਦਾ ਹੈ, ਪਰ ਜਿਹੜੇ ਮਨੁੱਖ ਨਾਮ ਤੋਂ ਸੱਖੇ ਰਹਿੰਦੇ ਹਨ ਉਹ ਮਾਨੋਂ ਪਾਣੀ ਤੋਂ ਬਿਨਾਂ ਹੀ ਡੁੱਬ ਮਰਦੇ ਹਨ, ਭਾਵ ਉਹ ਵਿਕਾਰਾਂ ਵਿਚ ਡੁੱਬ ਕੇ ਆਤਮਕ ਮੌਤ ਮਰਦੇ ਹਨ ।

## ੧੨- ਜਲਿ ਨਹੀ ਡੂਬੈ... ॥

੨੨- **ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥ ੧ ॥** [੨੦੧]-੧੦੯

**ਅਰਥ:**--ਪਰਮਾਤਮਾ ਦੀ ਯਾਦ ਵਿਚ ਮਸਤ ਰਿਹਾਂ ਮਨੁੱਖ ਸ਼ਮਸ਼ਰ-ਸਮੁੰਦਰ ਦੇ ਵਿਕਾਰਾਂ ਦੇ ਪਾਣੀਆਂ ਵਿਚ ਗ਼ਰਕ ਨਹੀਂ ਹੋ ਸਕਦਾ, ਮਨੁੱਖਾ ਜਨਮ ਦਾ ਸੋਹਣਾ ਮਨੋਰਥ ਪ੍ਰਾਪਤ ਕਰ ਲੈਂਦਾ ਹੈ । ੧ । (ਕਿਸੇ ਸਮੁੰਦਰ, ਦਰਿਆ ਅਥਵਾ ਸਰੋਵਰ ਦੇ ਪਾਣੀਆਂ ਦੀ ਗੱਲ ਨਹੀਂ ਹੈ, ਵਿਕਾਰ ਰੂਪ-ਪਾਣੀ ਦਾ ਜ਼ਿਕਰ ਹੈ) ।

੨੩- **ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥ ੧ ॥ ਰਹਾਉ ॥**[੬੭੯]-੧-੩੨

**ਅਰਥ:**--(ਪਰਮਾਤਮਾ ਦੀ ਸਿਫ਼ਤਿ ਸਾਲਾਹ ਨਾਲ ਭਰਪੂਰ) ਗੁਰੂ ਦਾ ਸ਼ਬਦ ਮੇਰੀ ਜਿੰਦ ਦੇ ਨਾਲ ਵੱਸਦਾ ਹੈ । (ਪਰਮਾਤਮਾ ਦਾ ਨਾਮ ਇੱਕ ਐਸਾ ਧਨ ਹੈ, ਜੇਹੜਾ) ਪਾਣੀ ਵਿਚ ਡੁੱਬਦਾ ਨਹੀਂ, ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਜਿਸ ਨੂੰ ਅੱਗ ਸਾੜ ਨਹੀਂ ਸਕਦੀ । ੧ । ਰਹਾਉ ।

੨੪- **ਐਸਾ ਹਰਿ ਧਨੁ ਸੰਚੀਐ ਭਾਈ ॥**
**ਭਾਹਿ ਨ ਜਾਲੈ, ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ ॥ ੧ ॥ ਰਹਾਉ ।**[੩੭੫]-੧੮

ਅਰਥ:--ਹੇ ਵੀਰ ! ਇਹੋ ਜਿਹਾ ਪਰਮਾਤਮਾ ਦਾ ਨਾਮ-ਧਨ ਇੱਕਠਾ ਕਰਨਾ ਚਾਹੀਦਾ ਹੈ ਜਿਸ ਨੂੰ ਅੱਗ ਸਾੜ ਨਹੀਂ ਸਕਦੀ, ਜੋ ਪਾਣੀ ਵਿਚ ਡੁੱਬਦਾ ਨਹੀਂ ਅਤੇ ਜੋ ਸਾਥ ਛੱਡ ਕੇ ਕਿਸੇ ਵੀ ਹੋਰ ਥਾਂ ਨਹੀਂ ਜਾਂਦਾ ।

## ੧੩- ਦੁਧ ਤੇ ਪਾਣੀ ਦੀ ਪ੍ਰੀਤ

੨੫- **ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ ॥----੧ ॥**[੪੫੪]-ਛੰਤ-੧-੪

**ਅਰਥ:**--ਪਰਮਾਤਮਾ ਤੇ ਜੀਵਾਤਮਾ ਦੇ ਪਿਆਰ ਦੀ ਮਰਯਾਦਾ ਪਾਣੀ ਤੇ ਦੁਧ ਦੇ ਪਿਆਰ ਵਰਗੀ ਹੈ । (ਜਦੋਂ ਪਾਣੀ ਦੁੱਧ ਨਾਲ ਇੱਕ-ਰੂਪ ਹੋ ਜਾਂਦਾ ਹੈ) ਤਦੋਂ ਪਾਣੀ ਦੁੱਧ ਨੂੰ ਸੇਕ ਨਹੀਂ ਲੱਗਣ ਦਿੰਦਾ । ਹੇ ਮਨ ! ਪਰਮਾਤਮਾ ਦਾ ਪਿਆਰ ਇਹੋ ਜਿਹਾ ਹੀ ਹੈ (ਉਹ ਜੀਵ ਨੂੰ ਵਿਕਾਰਾਂ ਦਾ ਸੇਕ ਨਹੀਂ ਲੱਗਣ ਦਿੰਦਾ) ।

## ੧੪- ਸੰਸਾਰ ਸਿਰਜਨਾਂ ਦਾ ਪ੍ਰਧਾਨ ਤੱਤ

੨੬- **ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ**
**ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩ ॥**[੧੯]-੧੫
[ ਇਸ ਮਹਾਂ ਵਾਕ ਦੀ ਵਿਚਾਰ ਸ੍ਰਿਸ਼ਟੀ ਰਚਨਾ ਲੇਖ ਵਿਚ ਕੀਤੀ ਗਈ ਹੈ]

੨੭- **ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥**
**ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥ ੬ ॥ [੧੩੪੫]-੭**

**ਅਰਥ:**--(ਗੁਰੂ ਦੀ ਰਾਹੀਂ ਇਹ ਸਮਝ ਆਉਂਦੀ ਹੈ ਕਿ) ਪਰਮਾਤਮਾ ਨੇ ਆਪ ਹੀ ਪਾਣੀ ਅੱਗ ਹਵਾ ਆਦਿਕ ਤੱਤ ਪੈਦਾ ਕੀਤੇ, ਪ੍ਰਭੂ ਦੇ ਹੁਕਮ ਵਿਚ ਹੀ ਇਨ੍ਹਾਂ ਨੇ ਮਿਲ ਕੇ ਜਗਤ ਪੈਦਾ ਕੀਤਾ । ਪਰਮਾਤਮਾ ਨੇ ਇਨ੍ਹਾਂ ਤਿੰਨਾਂ ਤੱਤਾਂ ਨੂੰ ਬੇਅੰਤ ਤਾਕਤ ਦਿੱਤੀ ਹੋਈ ਹੈ, ਪਰ ਆਪਣੇ ਹੁਕਮ ਨਾਲ ਇਨ੍ਹਾਂ ਨੂੰ (ਬੇ-ਥਵੀ ਤਾਕਤ ਵਰਤਨ ਵਲੋਂ) ਰੋਕ ਵੀ ਰਖਿਆ ਹੈ । ੬ ।

## ੧੫- ਪਾਣੀ ਜੀਉ ਹੈ

੨੮- **ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥---੧ ॥**[੪੭੨]-ਵਾਰ-੧੮

**ਅਰਥ:**--ਅੰਨ ਦਾ ਕੋਈ ਦਾਣਾ ਵੀ ਜਿੰਗਦੀ ਤੋਂ ਬਿਨਾ ਨਹੀਂ ਹੈ । ਪਾਣੀ ਇੱਕ ਅਜੇਹੀ ਜ਼ਿੰਦਗੀ ਹੈ ਜਿਸ ਦੇ ਕਾਰਨ ਹਰੇਕ ਜੀਵ (ਬਨਾਸਪਤੀ ਸਮੇਤ) ਹਰਾ ਹੈ (ਭਾਵ ਜਿੰਦ ਵਾਲਾ ਹੁੰਦਾ ਹੈ ।--੧ ।

## ੧੬- ਅਥਰੂ-ਰੂਪ ਨੀਰ

੨੯- **ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥**
**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥ ੩ ॥**[੯੪]-੧

**ਅਰਥ:**--ਪਰਮਾਤਮਾ ਹੀ ਮੇਰਾ ਅਸਲ ਸੱਜਣ ਹੈ, ਮੇਰਾ ਪਾਤਿਸ਼ਾਹ ਹੈ, ਏਹੀ ਮੇਰਾ ਪ੍ਰੀਤਮ ਹੈ, ਮੈਨੂੰ ਆਤਮਕ ਜੀਵਨ ਵੀ ਪਰਮਾਤਮਾ ਹੀ ਦੇਂਦਾ ਹੈ । (ਮੇਰੀ ਹਰ ਵੇਲੇ ਤਾਂਘ ਹੈ ਕਿ) ਕੋਈ (ਗੁਰਮੁਖ ਉਸ ਪ੍ਰੀਤਮ ਨੂੰ) ਲਿਆ ਕੇ ਮੈਨੂੰ ਮਿਲਾ ਦੇਵੇ । ਹੇ ਮੇਰੇ ਪ੍ਰੀਤਮ ਪ੍ਰਭੂ ! ਮੈਂ ਤੇਰਾ ਦਰਸ਼ਨ ਕਰਨ ਤੋਂ ਬਿਨਾ ਰਹਿ ਨਹੀਂ ਸਕਦਾ (ਤੇਰੇ ਵਿਛੋੜੇ ਵਿਚ ਮੇਰੀਆਂ ਅੱਖਾਂ ਵਿਚੋਂ ਬਿਰਹੋਂ ਦਾ) ਪਾਣੀ ਇੱਕ-ਸਾਰ ਚੱਲ ਰਿਹਾ ਹੈ । ੩ ॥

## ੧੭- ਜਿਵੇਂ ਨੀਰ ਬਿਨ ਮੱਛੀ ਮਰ ਜਾਂਦੀ ਹੈ

੩੦- **ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ ॥**
**ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ ॥ ੧ ॥**[੬੦੭]-੮

**ਅਰਥ:**--ਪਰਮਾਤਮਾ ਨਾਲ ਪਿਆਰ ਦੇ ਕਾਰਨ ਜਿਸ ਮਨੁੱਖ ਦਾ ਹਿਰਦਾ ਅਥਵਾ ਮਨ ਵਿੱਝ ਜਾਂਦਾ ਹੈ, ਉਸ ਪ੍ਰਭੂ ਦੀ ਯਾਦ ਤੋਂ ਬਿਨਾ ਰਹਿ ਨਹੀਂ ਸਕਦਾ । ਜਿਵੇਂ ਪਾਣੀ ਤੋਂ ਬਿਨਾ ਮੱਛੀ ਮਰ ਜਾਂਦੀ ਹੈ ਤਿਵੇਂ ਉਹ (ਪ੍ਰਭੂ-ਭਗਤ) ਪ੍ਰਭੂ ਦੇ ਨਾਮ ਤੋਂ ਬਿਨਾ ਆਪਣੀ ਆਤਮਕ ਮੌਤ ਆ ਗਈ ਸਮਝਦਾ ਹੈ । ੧ ।

## ੧੮- ਪਾਣੀ ਪਿਲਾਉਣ ਦੀ ਸੇਵਾ

੩੧- **ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥**

**ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩ ॥** [੯੯੧]-੬

**ਅਰਥ:**--(ਹੇ ਪ੍ਰਭੂ ! ਮੈਨੂੰ ਤਾਂ ਸਮਝ ਨਹੀਂ ਕਿ ਮੈਂ ਕਿਸ ਤਰ੍ਹਾਂ ਤਰਾ ਹੁਕਮ ਪੂਰੇ ਤੌਰ ਤੇ ਕਮਾ ਸਕਦਾ ਹਾਂ, ਪਰ ਜੇ ਤੂੰ ਮਿਹਰ ਕਰੇਂ ਤਾਂ) ਹੇ ਸਚੇ ਪਾਤਿਸ਼ਾਹ (ਮੀਰਾ) ! ਮੈਂ ਤੇਰੇ (ਬੰਦਿਆਂ ਲਈ) ਪੀਣ ਵਾਸਤੇ ਪਾਣੀ ਢੋਵਾਂ, ਤੇਰੇ (ਬੰਦਿਆਂ ਦੇ) ਖਾਣ ਵਾਸਤੇ ਚੱਕੀ ਪੀਹਾਂ, ਪੱਖਾ ਫੇਰਾਂ, ਤੇਰੇ (ਬੰਦਿਆਂ ਦੇ) ਪੈਰ ਘੁਟਾਂ ਤੇ ਸਦਾ ਤੇਰਾ ਨਾਮ ਜਪਦਾ ਰਹਾਂ । ੩ ।

੩੨- **ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥**

**ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪ ॥**[੭੪੯]-੭-੫੪

ਅਰਥ:--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ--ਮੇਰੀ ਪਰਮਾਤਮਾ ਅੱਗੇ ਸਦਾ ਏਹੀ ਬੇਨਤੀ ਹੋਵੇ ਕਿ--ਹੇ ਪ੍ਰਭੂ ! ਮੈਂ ਤੇਰੇ ਸੰਤ ਜਨਾਂ ਦਾ ਦਰਸ਼ਨ ਕਰਦਾ ਰਹਾਂ, ਉਨ੍ਹਾਂ ਨੂੰ ਪੱਖਾ ਝੱਲਦ ਰਹਾਂ, ਉਨ੍ਹਾਂ ਵਾਸਤੇ ਪਾਣੀ ਢੋਂਦਾ ਰਹਾਂ ਤੇ ਮੈਂ ਉਨ੍ਹਾਂ ਦੇ ਦਰ ਤੇ ਚੱਕੀ ਪੀਹ ਕੇ ਸੇਵਾ ਕਰਦਾ ਰਹਾਂ ।

## ੧੯- ਸੰਸਾਰ ਪਾਣੀ ਦਾ ਬੁਲਬੁਲਾ

੩੩- **ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥ ਜਿਉ ਜਲ ਊਪਰਿ ਫੇਨੁ**

**ਬੁਦਬੁਦਾ ਤੈਸਾ ਇਹੁ ਸੰਸਾਰਾ ॥ ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥ ੪ ॥**[੧੨੫੭]-੧

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ--ਹੇ ਭਾਈ ! ਤੁਸੀਂ ਗੁਰੂ ਦੀ ਕਿਰਪਾ ਨਾਲ ਹੀ (ਸਹੀ ਜੀਵਨ-ਰਾਹ) ਸਮਝ ਸਕਦੇ ਹੋ । (ਜਿਹੜਾ ਮਨੁੱਖ ਸਮਝਦਾ ਹੈ, ਉਹ ਜਗਤ ਦੀ ਅਸਲੀਅਤ ਬਾਰੇ ਆਪਣੇ) ਖਿਆਲ ਇਉਂ ਬਣਾਉਂਦਾ ਹੈ ਕਿ ਜਿਵੇਂ ਪਾਣੀ ਉਤੇ ਝੱਗ ਹੈ ਤੇ ਬੁਲਬੁਲਾ ਹੈ (ਜੋ ਝਬਦੇ ਹੀ ਮਿਟ ਜਾਂਦਾ ਹੈ) ਤਿਵੇਂ ਹੀ ਇਹ ਜਗਤ ਹੈ । ਜਿਸ ਪਰਮਾਤਮਾ ਤੋਂ ਇਹ ਜਗਤ ਪੈਦਾ ਹੁੰਦਾ ਹੈ ਜਦੋਂ ਉਸ ਵਿਚ ਹੀ ਲੀਨ ਹੋ ਜਾਂਦਾ ਹੈ, ਤਾਂ ਇਹ ਸਾਰਾ ਜਗਤ-ਖਿਲਾਰਾ ਮੁੱਕ ਜਾਂਦਾ ਹੈ । ੪ ।

## ੨੦- ਜਲ ਵਿਚ ਕਮਲ ਜਿਹੀ ਨਿਰਲੇਪਤਾ

੩੪- **ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥---੨ ॥** [੯੪੯]-ਵਾਰ-੭

**ਅਰਥ:**--(ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ) ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ ਇਉਂ ਉਪਰਾਮ ਜਿਹਾ ਰਹਿੰਦਾ ਹੈ ਜਿਵੇਂ ਪਾਣੀ ਵਿਚ (ਉਗਿਆ ਹੋਇਆ) ਕਉਲ ਫੁੱਲ ਪਾਣੀ ਦੇ ਅਸਰ ਤੋਂ ਬਚਿਆ ਰਹਿੰਦਾ ਹੈ ।

## ੨੧- ਪਾਣੀ ਪਿਤਾ

੩੫- **ਪਵਣੁ ਗੁਰੁ, ਪਾਣੀ ਪਿਤਾ,** ਮਾਤਾ ਧਰਤਿ ਮਹਤੁ ॥

**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**[੮]-ਜਪੁਜੀ

੩੬- **ਪਉਣੁ ਗੁਰੂ ਪਾਣੀ ਪਿਤਾ** ਮਾਤਾ ਧਰਤਿ ਮਹਤੁ ॥

**ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**[੧੪੬]-ਵਾਰ-੧੮

**ਅਰਥ:**--ਹਵਾ (ਜੀਵਾਂ ਦਾ ਮਾਨੋ ) ਗੁਰੂ ਹੈ (ਭਾਵ, ਹਵਾ ਸਰੀਰਾਂ ਲਈ ਇਉਂ ਹੈ, ਜਿਵੇਂ ਗੁਰੂ ਜੀਵਾਂ ਦੇ ਆਤਮਾ ਲਈ ਹੈ), ਪਾਣੀ (ਸਭ ਜੀਵਾਂ ਦਾ) ਪਿਉ ਹੈ, ਅਤੇ ਧਰਤੀ (ਸਭ ਦੀ) ਵਡੀ ਮਾਂ ਹੈ ।ਦਿਨ ਅਤੇ ਰਾਤ ਖਿਡਾ ਅਤੇ ਖਿਡਾਵੀ ਹਨ, (ਇਨ੍ਹਾਂ ਨਾਲ) ਸਾਰਾ ਸੰਸਾਰ ਖੇਡ ਰਿਹਾ ਹੈ, (ਭਾਵ, ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿਚ ਤੇ ਦਿਨੇ ਕਾਰ-ਵਿਹਾਰ ਵਿਚ ਪਰਚੇ ਪਏ ਹਨ ।

੩੭- **ਪਉਣੁ ਗੁਰੂ ਪਾਣੀ ਪਿਤ ਜਾਤਾ ॥ ਉਦਰ ਸੰਜੋਗੀ ਧਰਤੀ ਮਾਤਾ ॥**

**ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥**੧੦ ॥ [੧੦੨੧]-ਸਲਹੇ-੧

੩੮- **ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥**

**ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥ ੨ ॥**[੧੨੪੦]--ਵਾਰ-੭

**ਅਰਥ:**--ਪਾਣੀ ਨਾਲ (ਚੁਲੀ ਕੀਤਿਆਂ) ਮਨ ਨਹੀਂ ਧੁਪ ਸਕਦਾ, (ਹਾਂ) ਮੂੰਹ ਨਾਲ ਪਾਣੀ ਪੀਤਿਆਂ ਤ੍ਰਿਹ ਮਿਟ ਜਾਂਦੀ ਹੈ, ਪਾਣੀ ਤੋਂ ਸਾਰਾ ਸੰਸਾਰ ਪੈਦਾ ਹੁੰਦਾ ਹੈ ( **=ਜਲ ਤੇ ਤ੍ਰਿਭਵਣੁ ਸਾਜਿਆ** ) ਪਾਣੀ ਹੀ ਸਾਰੇ ਜਗਤ ਨੂੰ ਨਾਸ ਕਰਦਾ ਹੈ ।

## ੨੨- ਬੀਰਜ-ਰੂਪ ਪਾਣੀ

੩੯- **ਪਾਨੀ ਮੈਲਾ, ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥ ੧ ॥**

**ਮੈ ਨਾਹੀ, ਕਿਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ, ਗੋਬਿੰਦ ਤੋਰਾ ॥ ੨ ॥ [੩੩੬]-੧-੯**

**ਪਦ ਅਰਥ:**--ਪਾਨੀ--ਪਿਤਾ ਦਾ ਬੀਰਜ । ਮੈਲਾ--ਗੰਦਾ , ਮਾਟੀ ਗੋਰੀ--ਲਾਲ ਮਿੱਟੀ, ਮਾਂ ਦੀ ਰਕਤ-ਰੂਪ ਧਰਤੀ ਜਿਸ ਵਿਚ ਪਿਤਾ ਦੀ ਬੂੰਦ-ਰੂਪ ਬੀਜ ਉ ੱਗਦਾ ਹੈ । ਪੁਤਰੀ--ਪੁਤਲੀ । ਜੋਰੀ--ਜੋੜ ਦਿੱਤੀ, ਬਣਾ ਦਿਤੀ । ੧। ਮੈ ਨਾਹੀ--ਮੇਰੀ ਕੋਈ ਹਸਤੀ ਨਹੀ ।ਸਭ ਰਸੁ--ਸਾਰਾ ਰਸ, ਸਰੀਰ ਦਾ ਸਾਰਾ ਰਸ, ਸਰੀਰ ਵਿਚ ਜਿੰਦ । ੧ । ਰਹਾਉ ।

**ਅਥਥ:**-- (ਜੀਵ ਕਿਸ ਗੱਲ ਹੰਕਾਰ ਹੈ ?) ਪਿਉ ਦੀ ਗੰਦੀ ਬੂੰਦ ਅਤੇ ਮਾਂ ਦੀ ਰਕਤ--(ਇਨ੍ਹਾਂ ਦੋਹਾਂ ਤੋਂ ਤਾਂ ਪਰਮਾਤਮਾ ਨੇ) ਜੀਵ ਦਾ ਇਹ ਮਿੱਟੀ ਦਾ ਬੁੱਤ ਬਣਾਇਆ ਹੈ । ੧ । ਹੇ ਮੇਰੇ ਗੋਬਿੰਦ ! (ਤੈਥੋਂ ਵੱਖਰੀ) ਮੇਰੀ ਕੋਈ ਹਸਤੀ ਨਹੀਂ ਹੈ ਅਤੇ ਕੋਈ ਮੇਰੀ ਮਲਕੀਅਤ ਨਹੀਂ ਹੈ । ਇਸ ਸਰੀਰ, ਧਨ ਅਤੇ ਇਹ ਜਿੰਦ ਸਭ ਤੇਰੇ ਹੀ ਦਿੱਤੇ ਹੋਏ ਹਨ ।੧।

## ੨੩

# ਕੁੰਭ ਅਤੇ ਡੇਰਾਵਾਦ ?

ਪ੍ਰੋਹਿਤ ਜੀ ਦੇ ਲਿਖੇ ਪੁਰਾਣਕ ਗ੍ਰੰਥਾਂ ਵਿਚ ਇੱਕ ਕਲਪਤ ਕਹਾਣੀ ਲਿਖ ਦਿੱਤੀ ਕਿ, ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਸਮੁੰਦਰ ਰਿੜਕਿਆ ਤਾਂ ਉਸ ਵਿਚੋਂ ੧੪ ਰਤਨ ਨਿਕਲੇ ਸਨ। ਇਸ ਪੁਸਤਕ ਦੇ ਤੀਜੇ ਭਾਗ ਦੇ ਤੀਜੇ ਹੀ ਕਾਂਡ ਦੇ ਅਠਵੇਂ ਲੇਖ ਵਿਚ ਇਸ ਕਹਾਣੀ ਬਾਰੇ ਵਿਸਥਾਰ ਨਾਲ ਵਿਚਾਰ ਲਿਖੀ ਜਾ ਚੁੱਕੀ ਹੈ। ੧੪ ਰਤਨਾਂ ਵਿਚ ਅੰਮ੍ਰਿਤ ਦਾ ਘੜਾ ਨਿਕਲਿਆ ਵੀ ਮੰਨਿਆਂ ਜਾਂਦਾ ਹੈ। ਉਸ ਘੜੇ ਦਾ ਨਾਮ ਪ੍ਰੋਹਿਤ ਜੀ ਨੇ ਕੁੰਭ ਰਖਿਆ ਅਤੇ ਉਸ ਤੋਂ ਭਾਰਤ ਵਿਚ ਹਿੰਦੂ ਧਰਮ ਦੇ ਚਾਰ ਤੀਰਥ ਅਸਥਾਨਾ ਤੇ ਕੁੰਭ ਦੇ ਮੇਲੇ ਲੱਗਦੇ ਆ ਰਹੇ ਹਨ। ਕੁੰਭ ਸ਼ਬਦ ਦੀ ਧਾਰਮਿਕ ਮੁਹੱਤਾ ਸਮਝੀ ਜਾਣ ਲੱਗ ਪਈ। ਕਿਸੇ ਕੰਮ ਤੇ ਜਾਣ ਲੱਗੇ ਨੂੰ ਜੇ ਅੱਗੋਂ ਪਾਣੀ ਦਾ ਘੜਾ ਲਈ ਆਉਂਦੀ ਬੀਬੀ ਮਿਲ ਪਏ ਤਾਂ ਸ਼ੁੱਭ ਸ਼ਗੁਨ ਮੰਨਿਆਂ ਜਾਣ ਦਾ ਰਿਵਾਜ ਅੱਜ ਵੀ ਪ੍ਰਚਲਤ ਹੈ।

ਸਿੱਖ ਧਰਮ ਵਿਚ ਡੇਰੇਦਾਰ ਸਾਧਾ ਸੰਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਨਾਵਾਂ ਵਾਲੇ (ਅਖੰਡ, ਸਹਿਜ, ਸੰਪਟ ਆਦਿ) ਪਾਠਾਂ ਸਮੇਂ ਕੁੰਭ ਰੱਖਣ ਨੂੰ ਗੁਰਮਤਿ ਮਰਯਾਦਾ ਦੱਸ ਕੇ ਸਿੱਖ ਸ਼ਰਧਾਲੂਆਂ ਦੇ ਮਨਾਂ ਵਿਚ ਕੁੰਭ ਦੀਆਂ ਕਰਾਮਾਤਾਂ ਦਾ ਬੜਾ ਪੱਕਾ ਭਰਮ ਬਣਾ ਦਿੱਤਾ ਹੋਇਆ ਹੈ। ਭਿੰਡਰਾਂ ਕਲਾਂ ਦੇ ਸੰਤ ਗਿਆਨੀ ਮੋਹਨ ਸਿੰਘ ਨੇਂ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਦੀ ਲਿਖੀ ਦੋ ਹਿੱਸਿਆਂ ਵਾਲੀ " ਗੁਰਬਾਣੀ ਪਾਠ ਦਰਸ਼ਨ " ਪੁਸਤਕ ਛਪਵਾ ਕੇ ਪੰਥ ਵਿਚ ਵੰਡਣੀ ਅਰੰਭ ਕੀਤੀ ਹੋਈ ਹੈ। ਉਸ ਪੁਸਤਕ ਦੇ ਦੂਜੇ ਭਾਗ ਦੇ ੧੯੩ ਸਫ਼ੇ ਤੋਂ ਸ੍ਰੀ ਅਖੰਡ ਪਾਠ ਦੀ ਮਰਯਾਦਾ " ਲੇਖ ਅਰੰਭ ਹੁੰਦਾ ਹੈ। ਪੁਸਤਕ ਦੇ ੧੯੩ ਸਫ਼ੇ ਤੇ " ਸਮਗਰੀ ਕਥਨ " ਲੇਖ ਵਿਚ ਸੰਤਾਂ ਮਹਾਂ ਪੁਰਖਾਂ ਨੇ (ਪੁਸਤਕ ਦੇ ੧੯੫ ਸਫ਼ੇ ਤੇ) ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲ ਰੱਖੇ ਜਾਣ ਲਈ **ਕੁੰਭ** ਬਾਰੇ ਇਸ ਪ੍ਰਕਾਰ ਲਿਖਿਆ ਹੋਇਆ ਹੈ:--

**ਕੁੰਭ**--(੧) ਸਾਧ ਸੰਗਤ ਜੀ ! ਕੁੰਭ ਰੱਖਣ ਦਾ ਤਰੀਕਾ ਇਵੇਂ ਹੀ ਚਲਿਆ ਹੈ । ਜਿਵੇਂ ਜਿਸ ਵਕਤ ਸਟੇਸ਼ਨ ਤੇ ਕੋਈ ਅੱਗ ਦਾ ਖ਼ਤਰਾ ਹੋਵੇ। ਪਾਣੀ ਭਰ ਕੇ ਰੱਖੀਦਾ ਹੈ। ਇਸ ਪ੍ਰਕਾਰ ਕੁੰਭ ਰੱਖਣ ਦਾ ਮਤਲਬ ਹੈ। ਘੜਾ ਪਾਣੀ ਦਾ ਭਰ ਕੇ ਰੱਖਣ ਦਾ । ਜੇ ਅਚਨ ਚੇਤ ਅਗ ਕਰਕੇ ਵਿਘਨ ਪੈ ਜਾਏ, ਜੋਤਾਂ ਆਦਿ ਤੋਂ ਅੱਗ ਲੱਗ ਜਾਏ ਤਾਂ ਝਟ ਹੀ ਪਾਣੀ ਨਾਲ ਬੁਝਾ ਦੇਣੀ। ਪਰ ਰਖਿਆ ਸ੍ਰੀ ਅਖੰਡਪਾਠ ਦੇ ਨੇੜੇ ਹੋਵੇ।

ਸੰਤਾਂ ਦੀ ਇਸ ਲਿਖਤ ਤੋਂ ਪਾਣੀ ਦਾ ਘੜਾ ਅੱਗ ਲੱਗਣ ਸਮੇ ਫੌਰੀ ਕੰਮ ਆ ਜਾਣ ਲਈ ਬੜੀ ਜ਼ਰੂਰੀ ਅਤੇ ਲਾਹੇਵੰਦ ਮਰਯਾਦਾ ਹੋ ਦਿੱਸਦੀ ਹੈ। ਪਰ ਇਹ ਲੋੜ ਉਨ੍ਹਾਂ ਸਮਿਆਂ ਦੀ ਗੱਲ ਮੰਨੀ ਜਾ ਸਕਦੀ ਹੈ ਜਦ ਰੌਸ਼ਨੀ ਦਾ ਪ੍ਰਬੰਧ, ਮਿੱਟੀ ਦੇ ਦੀਵਿਆਂ ਵਿਚ ਘਿਉ ਨੂੰ ਰੂੰ ਦੀਆਂ ਵੱਟੀਆਂ ਦੁਆਰਾ ਬਾਲ ਕੇ ਕੀਤਾ ਜਾਂਦਾ ਸੀ। ਜ਼ਾਹਰ ਹੈ ਕਿ, ਪਾਣੀ ਦਾ ਭਰਿਆ ਘੜਾ ਪਾਠ ਦੇ ਨੇੜੇ ਰੱਖਣ ਵਾਲੇ ਰਿਵਾਜ ਨੇ ਬਿਜਲੀ ਦੇ ਯੁੱਗ ਵਿਚ ਆਪਣੇ ਆਪ ਖ਼ਤਮ ਹੋ ਜਾਣਾ ਸੀ। ਪਰ ਖੰਡ ਵਿਚ ਲਪੇਟ ਕੇ ਲੋਕਾਂ ਨੂੰ ਜ਼ਹਿਰ ਖੁਆਈ ਆ ਰਹੇ ਪ੍ਰੋਹਿਤ ਜੀ ਦੇ ਚੇਲੇ, **ਸਾਧ ਡੇਰੇਦਾਰ ਪਾਣੀ ਦਾ ਘੜੇ ਨੂੰ ਕਰਮਕਾਂਡੀ ਰੰਙਣ ਦੇਣੋ ਕਿਵੇਂ ਭੁੱਲ ਸਕਦੇ ਸਨ ?** ਅੱਗ ਬੁਝਾਉਣ ਵਾਲੀ ਲੋੜ ਪੂਰੀ ਕਰਨ ਦੇ ਬਹਾਨੇ, ਗੁਰੂ ਗ੍ਰੰਥ ਸਾਹਿਬ ਦੇ ਨੇੜੇ ਲੈ ਆਂਦੇ ਘੜੇ ਬਾਰੇ ਸੰਤ ਮਹਾਰਾਜ ਜੀ ਦੀ ਅਗਲੀ ਲਿਖਤ ਇਸ ਪ੍ਰਕਾਰ ਹੈ:--

(੨) ਸਾਰਾ ਪਾਠ ਹੋਣ ਕਰਕੇ ਪਾਣੀ **ਪਵਿੱਤ੍ਰ ਤੇ ਅੰਮ੍ਰਿਤ ਰੂਪ** ਹੋ ਜਾਂਦਾ ਹੈ । ਜੋ ਜਿਹੜੀ ਪਾਣੀ ਵਿਚ ਸ਼ੁਧਤਾ ਹੁੰਦੀ ਹੈ। ਪਾਣੀ ਉਹ ਵਿਗੜਦਾ ਨਹੀਂ ਹੈ, ਪਵਿੱਤਰ ਰਹਿੰਦਾ ਹੈ ਤੇ ਉਸ ਨਾਲ ਅੰਮ੍ਰਿਤ ਤਿਆਰ ਕਰਨ ਵਾਸਤੇ ਵੀ ਵਰਤਿਆ ਜਾਂਦਾ ਹੈ। ਇਸ ਅੰਮ੍ਰਿਤ ਰੂਪ ਜਲ ਦੇ ਛਕਣ ਕਰ ਕੇ ਰੋਗ ਕਸ਼ਟ ਆਦਿ ਦੂਰ ਹੁੰਦੇ ਹਨ। ਜਿਵੇਂ ਸ੍ਰੀ ਹਰਿਮੰਦਰ ਸਾਹਿਬ ਅੱਠ ਪਹਿਰ ਕੀਰਤਨ ਬਾਣੀ ਕਰ ਕੇ ਸਾਰਾ ਸਰੋਵਰ ਹੀ ਅੰਮ੍ਰਿਤ ਰੂਪ ਹੋ ਗਿਆ ਹੈ। ਇਸ਼ਨਾਨ ਕਰਨ ਕਰਕੇ ਰੋਗ, ਕਸ਼ਟ, ਕੋਹੜ, ਵਿਘਨ ਆਦਿ ਸਭ ਮਿਟ ਜਾਂਦੇ ਹਨ ਪਰ ਸ੍ਰੀ ਅੰਮ੍ਰਿਤ ਸਰੋਵਰ ਦਾ ਅੰਮ੍ਰਿਤ ਜਲ ਹਰ ਜਗ੍ਹਾ ਹਰ ਵਕਤ ਮਿਲ ਨਹੀਂ ਸਕਦਾ। ਸੋ ਇਸ ਅੰਮ੍ਰਿਤ ਰੂਪ ਜਲ ਸ੍ਰੀ ਅਖੰਪਾਠ ਵਾਲੇ ਅੰਮ੍ਰਿਤ ਦੀ ਪ੍ਰਾਪਤੀ ਕਰਕੇ ਛੋਟੇ ੨ ਕਾਰਜ ਰਾਸ ਹੋ ਜਾਂਦੇ ਹਨ ਪਰ ਜੇ ਕਰਕੇ ਪਾਠੀ ਸ਼ੁਧ ਪਾਠ ਕਰਨ ਤੇ ਰਹਿਤ ਵਾਲੇ ਹੋਣ ।

ਭਾਵ, ਸਾਰੀ ਕਰਮਾਤ ਪਾਠੀਆਂ ਦੀ ਰਹਿਤ ਅਤੇ ਬਾਣੀ ਸ਼ੁੱਧ ਪੜ੍ਹਨ ਵਿਚ ਹੈ ਗੁਰਬਾਣੀ ਵਿਚ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਨਿੱਜੀ ਕੋਡੀ ਮਹੱਤਤਾ ਨਹੀਂ ? **ਕੁੰਭ** ਬਾਰੇ ਅੱਗੇ ਹੋਰ ਹਦਾਇਤਾਂ ਇਸ ਪ੍ਰਕਾਰ ਹਨ---

ਕੁੰਭ ਭੀ ਸੁੱਚਾ ਹੋਵੇ । ਕੁੰਭ ਭਰਨ ਵੇਲੇ ਨਵਾਂ ਘੜਾ ਲਿਆਵੇ ਤੇ ਸਿੰਘ ਕੇਸੀ ਇਸ਼ਨਾਨ ਕਰਕੇ ਸ਼ੁਧ ਹੋ ਕੇ, ਸੁੱਚੇ ਰੇਤੇ ਨਾਲ ਬਰਤਨ ਮਾਂਜ ਕੇ ਖੂਹ ਦੇ ਸੁੱਚੇ ਪਾਣੀ ਨਾਲ ਥੋਵੇ। ਬਰਤਨ ਸਰਬਲੋਹ ਦੇ ਹੋਣੇ ਚਾਹੀਦੇ ਹਨ ਤੇ ਨਵੇਂ ਘੜੇ ਵਿਚ ਪਾਣੀ ਪੁਣ ਕੇ ਪਾ ਕੇ ਮਹਾਰਾਜ ਜੀ ਦੇ ਹਜ਼ੂਰ ਰੱਖਣ, ਥੱਲੇ ਰੇਤਾ ਪਾ ਕੇ ਉੱਪਰ ਲਪੇਟ ਦੇਣਾ (?) ਕਿਤੋਂ ਨੰਗਾ ਨਾ ਹੋਵ। ਤਾਂ ਕਿ ਕਿਸੇ ਦਾ ਜੂਠਾ ਹੱਥ ਨਾ ਲੱਗ ਜਾਏ। ਉਸ ਦੇ ਉੱਾਰ ਇਕ ਨਾਰੀਏਲ ਜਾਂ ਖੱਟੇ ਸੁਚੇ ਨਵੇ ਕੱਪੜੇ ਵਿਚ ਲਪੇਟ ਕੇ ਰੱਖੋ । (?)

ਇਸ ਤਰ੍ਹਾਂ ਸੰਤਾਂ ਮਹਾਂ ਪੁਰਖਾਂ ਨੇ ਸਾਰੀ ਕਰਾਮਾਤ ਕੁੰਭ ਨਾਮਕ ਪਾਣੀ ਦੇ ਘੜੇ ਵਿਚ ਦਰਸਾ ਕੇ ਸ੍ਰੀ ਅਖੰਡਪਾਠ ਸਾਹਿਬ ਦੀ ਬਾਣੀ ਨੂੰ ਸੁਣਨ ਦੀ ਜਾਂ ਸਮਝਣ ਦੀ ਲੋੜ ਮੁਕਾ ਦਿੱਤੀ। ਆਉ ਹੁਣ ਵੇਖੀਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੁੰਭ ਬਾਰੇ ਕੀ ਗਿਆਨ-ਉਪਦੇਸ਼ ਹੈ :--

੪੦- **ਕੁੰਭੇ ਬਧਾ ਜਲੁ ਰਹੈ ਜਲ ਬਿਨ ਕੁੰਭੁ ਨ ਹੋਇ ॥**

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥ ੪ ॥**[੪੬੯]

**ਅਰਥ**:--(ਜਿਵੇਂ) ਪਾਣੀ ਘੜੇ ( ਆਦਿਕ ਭਾਂਡੇ) ਵਿਚ ਹੀ ਬੱਝਾ ਹੋਇਆ (ਭਾਵ, ਪਿਆ ਹੋਇਆ ਇੱਕ ਥਾਂ) ਟਿਕਿਆ ਰਹਿ ਸਕਦਾ ਹੈ, (ਤਿਵੇਂ ਗੁਰੂ ਦੇ) ਗਿਆਨ (ਭਾਵ, ਉਪਦੇਸ਼) ਦਾ ਬੱਝਾ ਹੋਇਆ ਹੀ ਮਨ (ਇੱਕ ਥਾਂ) ਟਿਕਿਆ ਰਹਿ ਸਕਦਾ ਹੈ, (ਭਾਵ, ਮਨ ਵਿਕਾਰਾਂ ਵੱਲ ਦੌੜਨੋ ਵਰਜਿਆ ਜਾ ਸਕਦਾ ਹੈ) । (ਜਿਵੇ) ਪਾਣੀ ਤੋਂ ਬਿਨਾ ਘੜਾ ਨਹੀਂ ਬਣ ਸਕਦਾ (ਤਿਵੇਂ) ਗੁਰੂ ਤੋਂ ਬਿਨਾ ਗਿਆਨ ਪੈਦਾ ਨਹੀਂ ਹੋ ਸਕਦਾ । ੪ ।

੪੧- **ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥ ਨਾਮ ਬਿਨਾ ਕੈਸੇ ਪਾਰਿ ਉਤਰੈ ॥**

**ਕੁੰਭ ਬਿਨਾ ਜਲੁ ਨਾ ਟੀਕਾਵੈ ॥ ਸਧੂ ਬਿਨੁ ਐਸੇ ਅਬਗਤੁ ਜਾਵੈ ॥ ੧ ॥**[੭੯੨]-੬-੯

**ਅਰਥ**:-- ਜਿਵੇਂ ਘਰ ਵਿਚ ਸ਼ਤੀਰ ਤੋਂ ਬਿਨਾ (ਘਰ ਦਾ ਛੱਤ) ਨਹੀਂ ਠਹਿਰ ਸਕਦਾ ਇਸੇ ਤਰ੍ਹਾਂ ਪ੍ਰਭੂ ਦੇ ਨਾਮ ਤੋਂ ਬਿਨਾ (ਮਨੁੱਖ ਦਾ ਮਨ ਸੰਸਾਰ-ਸਮੁੰਦਰ ਦੇ ਘੁੰਮਣ-ਘੇਰਾਂ ਵਿਚੋ) ਪਾਰ ਨਹੀਂ ਲੰਘ ਸਕਦਾ। ਜਿਵੇਂ ਘੜੇ ਤੋਂ ਬਿਨਾ ਪਾਣੀ ਨਹੀਂ ਟਿਕ ਸਕਦਾ, ਤਿਵੇਂ ਗੁਰੂ ਤੋਂ ਬਿਨਾ (ਮਨੁੱਖ ਦਾ ਮਨ ਨਹੀਂ ਟਿਕਦਾ ਤੇ ਮਨੁੱਖ ਦੁਨੀਆ ਤੋਂ) ਭੈੜੇ ਹਾਲ ਹੀ ਜਾਂਦਾ ਹੈ । ੧ ।

੪੨- **ਜੈਸੇ ਅੰਭ ਕੁੰਭ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ ॥**

**ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ ॥ ੩ ॥**[੪੦੨]-੧-੧੨੩

**ਅਰਥ**:-(ਇਹ ਉਮਰ ਇਉਂ ਹੀ ਹੈ) ਜਿਵੇਂ ਅੰਭ (=ਪਾਣੀ) ਦਾ ਕੁੰਭ (=ਹੌਜ਼ਾ, ਟੋਆ) ਬਣਾ ਰਖਿਆ ਹੋਵੇ ਤੇ ਸਿੰਧੁ (=ਲੂਣ) ਉਸ ਵਿਚ ਪੈਂਦਿਆਂ ਹੀ ਗਲ ਜਾਂਦਾ ਹੈ। ਹੇ ਮਨ ! ਜਦੋਂ (ਜਿਸ ਨੂੰ) ਪਰਮਾਤਮਾ ਦਾ ਸਦਾ (=ਹੁਕਮ) ਆਵੇਗਾ, ਉਹ ਉਸੇ ਵੇਲੇ ਉਠ ਕੇ ਤੁਰ ਪਏਗ । ੩ ।

ਮੌਤ ਦਾ ਸਮਾ ਆ ਜਾਵੇ ਤਾਂ ਜਿੰਦਗੀ ਖ਼ਤਮ ਹੁੰਦਿਆਂ ਜ਼ਰਾ ਢਿੱਲ ਨਹੀਂ ਲੱਗਦੀ। --

## ਹਿਰਦਾ-ਕੁੰਭ--ਵਿਕਾਰ-ਰੂਪ ਪਾਣੀ--

੪੩- **ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥**

**ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨ ਮਾਨਿਆ ॥ ੨ ॥**[੬੫੬]-੧੦

**ਅਰਥ:--(**ਮੇਰਾ) ਹਿਰਦੇ-ਕਮਲ ਰੂਪ ਘੜਾ (ਪਹਿਲਾਂ ਵਿਕਾਰਾਂ ਦੇ) ਪਾਣੀ ਨਾਲ ਭਰਿਆ ਹੋਇਆ ਸੀ, (ਹੁਣ ਗੁਰੂ ਦੀ ਬਰਕਤਿ ਨਾਲ ਮੈ ਉਹ) ਪਾਣੀ ਡੋਲ੍ਹ ਦਿੱਤਾ ਹੈ ਤੇ (ਹਿਰਦੇ ਨੂੰ) ਉੱਚਾ ਕਰ ਦਿੱਤਾ ਹੈ। ਦਾਸ ਕਬੀਰ--ਮੈਂ (ਪ੍ਰਭੂ ਨਾਲ) ਜਾਣ-ਪਛਾਣ ਕਰ ਲਈ ਹੈ, ਤੇ ਜਦੋਂ ਇਹ ਸਾਂਝ ਪਾਈ ਹੈ, ਮੇਰਾ ਮਨ (ਉਸ ਪ੍ਰਭੂ ਵਿਚ ਹੀ) ਗਿੱਝ ਗਿਆ ਹੈ । ੨ ।

੪੪- **ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ**

**ਨਾਹੀ ਭਰਮੇ ਭੂਲਾ ਬੂਡਿ ਮਰੈ ॥ ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥**

**ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੇ ॥ ੧ ॥ [੧੩੪੩]-੩**

ਪ੍ਰਭਾਤੀ ਰਾਗ ਵਿਚ ਉਚਾਰੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਇਸ ਪੂਰੇ ਗੁਰੂ ਫ਼ੁਰਮਾਨ ਦੇ ਵਿਸਥਾਰ ਪੂਰਬਕ ਅਰਥ ਪੁਸਤਕ ਦੇ ਤੀਜੇ ਭਾਗ ਦੇ ਛੇਵੇਂ ਕਾਂਡ ਦੇ ਚੌਥੇ ਨੰਬਰ ਤੇ ਲਿਖੇ ਹੋਏ ਹਨ। **ਜੋਗੀਆਂ ਨੇ, ਰੇਚਕ ਪੂਰਕ** ਅਤੇ **ਕੁੰਭ** ਪ੍ਰਾਣਾ-ਯਾਮ ਦੇ ਸਾਧਨ ਮੰਨੇ ਹੋਏ ਹਨ । ਸੁਆਸਾਂ ਨੂੰ ਦਸਮ ਦੁਆਰ ਤੋਂ ਉਤਰਨਾ ਰੇਚਕ, ਸੁਆਸ ਚੜ੍ਹਾਉਣੇ ਪੂਰਕ, ਅਤੇ ਸੁਖਮਨਾ ਵਿਚ ਸੁਆਸ ਟਿਕਾ ਲੈਣ ਨੂੰ ਯੋਗੀਆਂ ਨੇ **ਕੁੰਭ** ਨਾਮ ਦਿੱਤਾ ਹੋਇਆ ਹੈ।

੪੫- **ਗੰਗਾ ਜਉ ਗੋਦਾਵਰੀ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਤਮੀ ਸਹਸ ਗਊ ਦਾਨੁ ਕੀਜੈ ॥**

**ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਉ ਨ ਪੂਜੈ ॥ ੨ ॥ [੯੭੩]-੪**

**ਅਰਥ:--ਕੁੰਭ ਦੇ ਮੇਲੇ** ਤੇ ਜੇ ਗੰਗਾ ਜਾਂ ਗੁਦਾਵਰੀ ਤੀਰਥ ਤੇ ਜਾਈਏ, ਕੇਦਾਰਾ ਤੀਰਥ ਤੇ ਇਸ਼ਨਾਨ ਕਰੀਏ ਜਾਂ ਗੋਮਤੀ ਨਦੀ ਦੇ ਕੰਢੇ ਹਜ਼ਾਰ ਗਊਆਂ ਦਾ ਦਾਨ ਕਰੀਏ, (ਹੇ ਮਨ !) ਜੇ ਕੋਈ ਕ੍ਰੋੜਾਂ ਵਾਰੀ ਤੀਰਥ-ਜਾਤ੍ਰਾ ਕਰੇ, ਜਾਂ **ਆਪਣਾ ਸਰੀਰ ਹਿਮਾਲੇ ਪਰਬਤ ਦੀ ਬਰਫ਼ ਵਿਚ ਗਾਲ ਦੇਵੇ,** ਤਾਂ ਵੀ ਸਾਰੇ ਕੰਮ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ **। ੨ ।**

ਗੁਰੂ ਬਾਣੀ ਅਨੁਸਾਰ **ਕੁੰਭ** ਸ਼ਬਦ ਦਾ ਅਰਥ ਘੜਾ ਅਥਵਾ ਭਾਂਡਾ ਹੈ। ਪਾਣੀ ਦਾ ਕੁੰਭ ਨਾਲ ਗੂੜ੍ਹਾ ਸੰਬੰਧ ਇਕ ਏਸੇ ਰੂਪ ਵਿਚ ਹੀ ਦਰਸਾਇਆ ਗਿਆ ਹੈ ਕਿ ਪਾਣੀ ਤੋਂ ਬਿਨਾਂ ਘੜਾ ਬਣ ਹੀ ਨਹੀਂ ਸਕਦਾ। ਘੜਾ ਬਨਾਉਣ ਲਈ ਮਿੱਟੀ ਨੂੰ ਕੇਵਲ ਪਾਣੀ ਵਰਤ ਕੇ ਹੀ ਤਿਆਰ ਕੀਤਾ ਜਾਂਦਾ ਹੈ। ਤਿਆਰ ਹੋ ਚੁੱਕੇ ਕੁੰਭ ਅਥਵਾ ਘੜੇ ਵਿਚ ਜ਼ਰੂਰੀ ਨਹੀਂ ਹੈ ਕਿ ਪਾਣੀ ਹੀ ਪਾਇਆ ਜਾਵੇ, ਘੜੇ ਅਥਵਾ ਕੁੰਭ ਵਿਚ ਦਾਣੇ ਆਦਿ ਪਾ ਕੇ ਵੀ ਘਰਾਂ ਵਿਚ ਰੱਖੇ ਵੇਖੇ ਜਾ ਸਲਦੇ ਹਨ। ਘੜਾ ਅਥਵਾ ਕੁੰਭ ਸ਼ਰਾਬ ਬਨਾਉਣ ਵਾਲਿਆਂ ਲਈ ਵੀ ਬੜੇ ਕੰਮ ਦਾ ਭਾਂਡਾ ਹੈ । ਪਰ ਜਿਹੜੇ ਗੁਰਮਤਿ ਵਿਰੋਧੀ ਅਰਥ ਡੇਰੇ ਦਾਸ ਸਾਧਾਂ ਸੰਤਾਂ ਨੇ ਪਰਚਾਰਨੇ ਅਰੰਭ ਕੀਤੇ ਹੋਏ ਹਨ ਉਨ੍ਹਾਂ ਤੋਂ (ਗੁਰਮਤਿ ਤੋਂ ਅਗਿਆਨੀ ਗੁਰਸਿੱਖਾਂ ਦੁਆਰਾ) ਪੰਥ ਵਿਚ ਬ੍ਰਾਹਮਣੀ ਸੋਚ ਵਾਲੇ ਭਰਮ ਪੈਦਾ ਹੋਣ ਦਾ ਸਬੱਬ ਬਣਾਇਆ ਹੈ ।

## ੨੪- ਗੰਗਾ ਜਲ ਤੇ ਸ਼ਰਾਬ ਦਾ ਦ੍ਰਿਸ਼ਟਾਂਤ

੪੬- **ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ ॥**

**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ ॥ ੧ ॥**[੧੨੯੩]-੧

**ਅਰਥ**:--ਗੰਗਾ ਦੇ ਪਾਣੀ ਤੋਂ ਬਣਾਈ ਹੋਈ ਸ਼ਰਾਬ ਗੁਰਮੁੱਖ ਲੋਕ ਨਹੀਂ ਪੀਂਦੇ (ਭਾਵ, ਉਹ ਸ਼ਰਾਬ ਗ੍ਰਹਿਣ-ਕਰਨ-ਜੋਗ ਨਹੀਂ, ਇਸੇ ਤਰ੍ਹਾਂ ਹੀ ਹੰਕਾਰ ਵੀ ਅਉਗਣ ਹੀ ਹੈ, ਚਾਹੇ ਉਹ ਉ ੱਚੀ ਜ਼ਾਤ ਦਾ ਹੀ ਕੀਤਾ ਜਾਏ), ਪਰ ਹੇ ਭਾਈ ! ਅਪਵਿਤ੍ਰ ਸ਼ਰਾਬ ਅਤੇ ਹੋਰ ਗੰਦੇ ਪਾਣੀ ਵੀ ਹੋਣ ਉਹ ਗੰਗਾ ਦੇ ਪਾਣੀ ਵਿਚ ਮਿਲ ਕੇ ਉਸ ਤੋਂ ਵੱਖਰੇ ਨਹੀਂ ਰਹਿ ਜਾਂਦੇ (ਇਸੇ ਤਰ੍ਹਾਂ ਨੀਵੀਂ ਕੁਲ ਦਾ ਬੰਦਾ ਵੀ ਪਰਮ ਪਵਿਤ੍ਰ ਪ੍ਰਭੂ ਵਿਚ ਜੁੜ ਕੇ ਉਸ ਤੋਂ ਵੱਖਰਾ ਨਹੀਂ ਰਹਿ ਜਾਂਦਾ) । ੧ ।

## ੨੫- ਪਾਣੀ ਕਿ ਸ਼ਰਾਬ ?

੪੭- **ਇਕਤੁ ਪਤਰਿ ਭਰਿ ਉਰਕਟ ਕੁਰਕਟ, ਇਕਤੁ ਪਤਰਿ ਭਰਿ ਪਾਨੀ ॥**

**ਆਸਿ ਪਾਸਿ ਪੰਚ ਜੋਗੀਆ ਬੈਠੇ, ਬੀਚਿ ਨਕਟ ਦੇ ਰਾਨੀ ॥ ੧ ॥**[੪੭੬]--੪

**ਅਰਥ**:--(ਮਾਇਆ ਦੀ ਉਪਜ) ਪੰਜ ਕਾਮਾਦਿਕਾਂ ਨਾਲ ਮੇਲ-ਜੋਲ ਰੱਖਣ ਵਾਲੇ ਮਨੁੱਖ ਇੱਕ ਭਾਂਡੇ ਵਿਚ ਕੁੱਕੜ (ਆਦਿਕ) ਦਾ ਰਿੰਨ੍ਹਿਆਂ ਹੋਇਆ ਮਾਸ ਪਾ ਲੈਂਦੇ ਹਨ, ਦੂਜੇ ਭਾਂਡੇ ਵਿਚ ਸ਼ਰਾਬ ਪਾ ਲੈਂਦੇ ਹਨ । ਆਪ ਸਾਰੇ (ਇਸ ਮਾਸ ਸ਼ਰਾਬ ਦੇ) ਆਲੇ-ਦੁਆਲੇ ਬੈਠ ਜਾਂਦੇ ਹਨ, ਇਨ੍ਹਾਂ (ਵਿਸ਼ਈ ਬੰਦਿਆਂ ਦੇ ਅੰਦਰ ਨਿਲੱਜ ਮਾਇਆ (ਦਾ ਪ੍ਰਭਾਵ ਹੁੰਦਾ ਹੈ । (ਭਾਵ, ਮਾਇਆ ਦੀ ਮਸਤੀ ਕਾਰਨ ਮਨੁੱਖ, ਅਜੇਹੇ ਭੈੜੇ ਅਤੇ ਖ਼ਰਚੀਲੇ ਵਿਕਾਰਾਂ ਵਿਚ ਪੈਂਦਾ ਹੈ,)

## ੨੬- ਵਿਆਰਥ ਦਾ ਕੰਮ--ਪਾਣੀ ਰਿੜਕਣਾ

੪੮- **ਕਾਇ ਜਪਹੁ ਰੇ, ਕਾਇ ਤਪਹੁ ਰੇ, ਕਾਇ ਬਿਲੋਵਹੁ ਪਾਣੀ ॥**

**ਲਖ ਚਉਰਾਸੀਹ ਜਿਨਿ ਉਪਾਈ, ਸੋ ਸਿਮਰਹੁ ਨਿਰਬਾਣੀ ॥ ੩ ॥**[੫੨੬]--੧

**ਅਰਥ**:--ਕਿਉਂ (ਗਿਣੇ ਮਿਥੇ) ਜਪ ਕਰਦੇ ਹੋ ? ਕਿਉ ਤਪ ਸਾਧਦੇ ਹੋ ? ਕਾਹਦੇ ਲਈ ਐਵੇਂ ਪਾਣੀ ਰਿੜਕ ਰਹੇ ਹੋ ? (ਹਠ ਨਾਲ ਕੀਤੇ ਹੋਏ ਇਹ ਸਾਧਨ ਤਾਂ ਪਾਣੀ ਰਿੜਕਣ ਸਮਾਨ ਹੀ ਹਨ), ਉਸ ਵਾਸਨਾ-ਰਹਿਤ ਪ੍ਰਭੂ ਨੂੰ (ਹਰ ਵੇਲੇ) ਯਾਦ ਕਰੋ, ਜਿਸ ਨੇ ਚੌਰਾਸੀ ਲੱਖ ਜੋਨਿ ਵਾਲੀ (ਸ੍ਰਿਸ਼ਟੀ) ਪੈਦਾ ਕੀਤੀ ਹੈ । ੩ ।

## ੨੭- ਪਾਣੀ ਵਿਚ ਦੀਵੇ ਤਾਰਨੇ

੪੯- **ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥ ੧ ॥ ਰਹਾਉ ॥**[੮੭੮]--੭

ਕੱਤਕ ਦੀ ਪੂਰਨਮਾਸ਼ੀ ਦੀ ਰਾਤ ਨੂੰ ਹਿੰਦੂ ਇਸਤ੍ਰੀਆਂ ਆਟੇ ਦੇ ਦੀਵੇ ਬਣਾ ਕੇ ਤੁਲਹੇ ਉਤੇ ਰੱਖ ਕੇ ਪਾਣੀ ਵਿਚ ਤਾਰਨ ਦਾ ਸ਼ਗਨ ਮਨਾਉਂਦੀਆਂ ਹਨ । ਭਰਮ ਗ੍ਰਸੀ ਉਸ ਰੀਤ ਪ੍ਰਤੀ ਬੜਾ ਅਨਮੋਲ ਉਪਦੇਸ਼ ਦਿੰਦਿਆਂ ਸਤਿਗੁਰੂ ਨਾਨਕ ਨਿਰੰਕਾਰੀ ਜੀ ਨੇ ਰਾਮਕਲੀ ਰਾਗ ਵਿਚ ਜੋ ਸ਼ਬਦ ਉਚਾਰਿਆ ਉਸ ਦੀ ਇਸ ਰਹਾਉ ਦੀ ਇਸ ਤੁਕ ਦੇ ਅਰਥ ਇਸ ਪ੍ਰਕਾਰ ਹਨ---

**ਅਰਥ:**---ਪਾਣੀ ਉਤੇ ਏਹੋ ਜਿਹਾ ਦੀਵਾ ਤਾਰੋ ਜਿਸ ਦੀਵੇ ਦੀ ਰਾਹੀਂ (ਜਿਸ ਦੀਵੇ ਦੇ ਚਾਨਣ ਨਾਲ) ਤੈਨੂੰ ਜੀਵਨ-ਸਫ਼ਰ ਦੀਆਂ ਸਾਰੀਆਂ ਗੁੰਝਲਾਂ ਦੀ ਸਮਝ ਆ ਜਾਵੇ । ੧ । ਰਹਾਉ । [ਨੋਟ--ਭਰਮ ਵਾਲੇ ਵਿਸ਼ੇ ਵਿਚ ਇਸ ਪੂਰੇ ਸ਼ਬਦ ਦੇ ਅਰਥ ਲਿਖੇ ਗਏ ਹਨ)

## ੨੮- ਪਾਣੀ ਵਾਰਨਾ (ਸ਼ਗੁਨ-ਰੂਪ ਭਰਮ)

੫੦- **ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ**
**ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥ ੨ ॥**[੪੧੭]-੧੧

**ਅਰਥ:**--ਜਦੋਂ ਸੁੰਦਰੀਆਂ ਵਿਆਹੀਆਂ ਆਈਆਂ ਸਨ, ਉਨ੍ਹਾਂ ਦੇ ਕੋਲ ਉਨ੍ਹਾਂ ਦੇ ਲਾੜੇ ਸੋਹਣੇ ਲੱਗ ਰਹੇ ਸਨ, ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ, (ਉਨ੍ਹਾਂ ਦੀਆਂ ਬਾਹਾਂ ਉਤੇ) ਹਾਥੀ-ਦੰਦ ਦੇ ਚੂੜੇ ਸਜੇ ਹੋਏ ਸਨ । (ਸਹੁਰੇ-ਘਰ ਆਈਆਂ ਦੇ) ਉਤੋਂ ਦੀ (ਸਗਨਾਂ ਦਾ) ਪਾਣੀ ਵਾਰਿਆ ਜਾਂਦਾ ਸੀ, (ਸ਼ੀਸ਼ਿਆਂ-ਜੜੇ) ਪੱਖੇ ਉਨ੍ਹਾਂ ਦੇ ਕੋਲ (ਉਨ੍ਹਾਂ ਦੇ ਹੱਥਾਂ ਵਿਚ) ਲਿਸ਼ਕਾਰੇ ਮਾਰ ਰਹੇ ਸਨ । ੨ ।

ਜਿਸ ਗੁਰੂ-ਸ਼ਬਦ ਦੀ ਇਹ ਤੁਕ ਹੈ ਉਸ ਵਿਚ ਸਤਿਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਅਮੀਰ ਹਾਕਮਾਂ ਦੀ ਉਸ ਸੁਖਾਂ ਭਰੀ ਜਿੰਦਗੀ ਦਾ ਜ਼ਿਕਰ ਕੀਤਾ ਹੈ ਜਿਸ ਦੇ ਹੰਕਾਰ ਵਿਚ ਅੰਨ੍ਹੇ ਹੋਏ ਗ਼ਰੀਬਾਂ ਤੇ ਜ਼ੁਲਮ ਕਰਦੇ ਸਮੇਂ ਉਹ ਕਦੇ ਨਹੀਂ ਸਨ ਸੰਗੇ । ਬਾਬਰ ਦੀ ਫ਼ੌਜ ਹੱਥੋਂ ਉਨ੍ਹਾਂ ਦੀ ਹੋਈ ਮਾਂਦੀ ਹਾਲਤ ਵੱਲ ਮਨੁੱਖ ਦੀ ਝਾਤੀ ਮਰਵਾ ਕੇ, ਸਤਿਗੁਰਾਂ ਨੇ, ਵਡਮੁੱਲਾ ਉਪਦੇਸ਼ ਦਿੱਤਾ ਹੈ । ਗੁਰੂ ਦੀ ਮਤਿ ਅਨੁਸਾਰ ਜੀਵਨ-ਜੁਗਤ ਬਣਾ ਕੇ ਸਦਾ ਪ੍ਰਭੂ ਦੇ ਨਿਰਮਲ ਭੈ ਵਿਚ ਰਹਿੰਦਿਆਂ, ਆਪਣਾ ਆਚਰਨ ਉਚਾ ਅਤੇ ਨੇਕੀ ਵਾਲਾ ਬਣਾਉਣਾ, ਅਤੇ ਸਦਾ ਨਿਤਾਣਿਆਂ, ਗ਼ਰੀਬਾਂ, ਲੋੜਵੰਦਾਂ ਦੇ ਹਮਦਰਦ ਅਤੇ ਸਹਾਇਕ ਬਣੇ ਰਹਿਣ ਤੋਂ ਸਦੀਵੀ ਆਤਮਕ ਸੁਖ ਮਿਲਦਾ ਹੈ ।

## ੨੯
# ਮੰਤ੍ਰਿਆ ਹੋਇਆ ਜਲ ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਣੀ ਜ਼ਿੰਦਗੀ ਦਾ ਸਭ ਤੋਂ ਵਡਾ ਸੋਮਾਂ ਹੈ ਅਤੇ ਹਵਾ ਤੋਂ ਦੂਜੇ ਨੰਬਰ ਤੇ ਜਲ ਹੀ ਜ਼ਿੰਦਗੀ ਦਾ ਸਭ ਤੋਂ ਵਡਾ ਆਸਰਾ ਵੀ ਹੈ । ਅੰਨ ਬਿਨਾਂ ਅਥਵਾ ਖ਼ੁਰਾਕ ਖਾਣ ਤੋਂ ਬਿਨਾਂ ੬੦/੭੦ ਦਿਨਾਂ ਤੱਕ ਜੀਵ ਜੀਉਂਦਾ ਰਹਿ ਸਕਦਾ ਹੈ ਪਰ ਪਾਣੀ ਤੋਂ ਬਿਨਾਂ ਦੋ ਦਿਨ ਜੀਉਣਾ ਵੀ ਕਠਨ ਹੋ ਜਾਂਦਾ ਹੈ । ਏਸੇ ਕਾਰਨ ਫ਼ਾਰਸੀ ਦੇ ਵਿਦਵਾਨਾਂ ਨੇ ਪਾਣੀ ਨੂੰ--**ਆਬੇ ਹਯਾਤ-ਭਾਵ,** ਜ਼ਿੰਦਗੀ (ਦੇਣਹਾਰ) ਪਾਣੀ, ਵੀ ਮੰਨਿਆ ਹੈ । ਸਦਾ ਜੀਉਂਦੇ ਰਹਿਣ ਦੀ ਲਾਲਸਾ ਦੇ ਕਾਰਨ ਮਨੁੱਖ ਅਜੇਹੇ ਉਚੇਚੇ **ਆਬੇ ਹਯਾਤ** ਅਥਵਾ **ਅੰਮ੍ਰਿਤ** ਦੀ ਭਾਲ ਵਿਚ ਲਗ ਗਿਆ, ਜਿਸ ਨੂੰ ਪੀ ਲੈਣ ਨਾਲ ਸਰੀਰਕ ਜੀਵਨ ਸਦਾ ਬਣਿਆ ਰਹੇ ਭਾਵ, ਜਿਸ ਨੂੰ ਪੀ ਲੈਣ ਵਾਲਾ ਮਨੁੱਖ ਕਦੇ ਨਾ ਮਰੇ । ਏਸੇ ਯਤਨ ਵਿਚ ਬ੍ਰਾਹਮਣ ਦੀ ਕਲਪਣਾ ਨੇ ਸਮੁੰਦਰ ਰਿੜਕ ਦਿੱਤਾ । ਇਹ ਤਸੱਲੀ ਕਰਾਉਣ ਲਈ ਕਿ, ਪਾਣੀ ਵਿਚ ਅਜੇਹੀ ਸਮਰਥਾ ਵੀ ਹੈ ਕਿ ਉਹ ਕਿਸੇ ਮੰਤ੍ਰ ਜਾਂ ਬਾਣੀ ਨੂੰ ਆਪਣੇ ਵਿਚ ਸਮਾ ਕੇ ਕਿਸੇ ਕਰਾਮਾਤੀ ਸ਼ਕਤੀ ਦਾ ਮਾਲਕ ਬਣ ਸਕਦਾ ਹੈ, ਜਾਂ ਕੋਲ ਬੈਠ ਕੇ ਗੁਰਬਾਣੀ ਪੜ੍ਹਦੇ ਰਹਿਣ ਨਾਲ ਕਿਸੇ ਭਾਂਡੇ ਵਿਚਲਾ ਜਾਂ ਕਿਸੇ ਸਰੋਵਰ ਵਿਚਲਾ ਪਾਣੀ, ਸਦੀਵੀ ਜ਼ਿੰਦਗੀ ਦੇਣ ਵਾਲਾ **ਅੰਮ੍ਰਿਤ** ਬਣ ਸਕਦਾ ਹੈ, ਜਾਂ ਕੋਈ ਪਾਣੀ, ਸਰੀਰਾਂ ਦੇ ਰੋਗ ਦੂਰ ਕਰ ਸਕਣ ਵਾਲਾ ਅਮੋਘ ਦਾਰੂ ਬਣ ਸਕਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਤੋਂ ਅਜੇਹਾ ਜ਼ਰਾ ਜਿੰਨਾਂ ਸੰਕੇਤ ਨਹੀਂ ਮਿਲਦਾ ।

ਪਾਣੀ ਵਿਚ ਮੰਤ੍ਰ ਫੂਕ ਕੇ ਉਸ ਨੂੰ ਕਿਸੇ ਕਰਾਮਾਤੀ ਸ਼ਕਤੀ ਵਾਲਾ ਬਣਾ ਸਕਣ ਦਾ ਭਰਮ ਬ੍ਰਾਹਮਣ ਨੇ ਹੀ ਚਾਲੂ ਕੀਤਾ ਹੋਇਆ ਹੈ । ਰਾਮਾਇਣ ਗਾਥਾ ਵਿਚ ਜਦ ਗ੍ਰਭ-ਵਤੀ ਸੀਤਾ ਜੀ ਬਾਲਮੀਕ ਰਿਸ਼ੀ ਦੀ ਕੁਟੀਆ ਤੇ ਪੁੱਜਦੀ ਵਿਖਾਈ ਜਾਂਦੀ ਹੈ ਤਾਂ ਬਾਲਮੀਕ ਰਿਸ਼ੀ ਮੰਤਰਿਆ ਹੋਇਆ ਪਾਣੀ ਆਸ਼ਰਮ ਦੀ ਸੇਵਕਾ ਨੂੰ ਦੇ ਕੇ ਕਹਿੰਦਾ ਹੈ ਕਿ, ਉਸ (ਮੰਤ੍ਰੇ ਹੋਏ) ਜਲ ਨੂੰ ਵਣ-ਦੇਵੀ (ਸੀਤਾ) ਦੀ ਕੁਟੀਆ ਦੇ ਚੁਫ਼ੇਰੇ ਛਿੜਕ ਦੇਵੇ ਤਾਂ ਜੋ ਕੋਈ ਭੈੜੀ ਆਤਮਾ ਜਾਂ ਕੋਈ ਹੋਰ ਦੁੱਖ ਕਲੇਸ਼ ਕੁਟੀਆ ਦੇ ਨੇੜੇ ਨਾ ਆਵੇ । ਏਸੇ ਤਰ੍ਹਾਂ ਪਰਸੂਤ ਦੀਆਂ ਪੀੜਾਂ ਸਮੇਂ ਜਾਂ ਹੋਰ ਦੁਖ ਦਰਦ ਦੇ ਸਮੇ ਰਿਸ਼ੀ ਬਾਲਮੀਕ ਮੰਤ੍ਰੇ ਹੋਏ ਪਾਣੀ ਨੂੰ ਵਰਤਦਾ ਦਰਸਾਇਆ ਹੋਇਆ ਹੈ । ਹਿੰਦੂ ਧਰਮ ਦੇ ਗਰੰਥਾਂ ਵਿਚ ਕਈ ਪ੍ਰਕਾਰ ਦੇ ਮੰਤ੍ਰਾਂ ਦੀ, ਅਥਵਾ ਮੰਤ੍ਰੇ ਹੋਏ ਜਲ ਦੀ ਕਈ ਥਾਂਈ ਮਹਿਮਾ ਹੈ । ਗੰਗਾ ਜਲ ਨੂੰ ਦੁਖ ਕਲੇਸ਼ਾਂ ਦੇ ਦੂਰ ਕਰਨ ਵਾਲਾ, ਅਤੇ ਮਰੇ ਪ੍ਰਾਣੀ ਨੂੰ ਨਰਕਾਂ ਵਿਚੋਂ ਬਚਾ ਕੇ ਸੁਰਗੀ ਪੁਚਾਉਂਣ ਦੀ ਸ਼ਕਤੀ ਵਾਲਾ, (ਪਰਮ ਪਵਿਤ੍ਰ ਅਤੇ ਪੂਜਨੀਕ) ਜਲ, ਹਜ਼ਾਰਾਂ ਸਾਲਾਂ ਤੋਂ ਮੰਨਿਆਂ ਜਾ ਰਿਹਾ ਹੈ ।

ਸਿੱਖੀ ਵਿਚੋਂ ਅਜੇਹਾ ਭਰਮ ਸਤਿਗੁਰਾਂ ਨੇ ਕੱਢ ਦਿੱਤਾ ਹੋਇਆ ਸੀ । ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੇ ਗਿਆਨ ਵਿਚ ਅਜੇਹੀ ਸ਼ਕਤੀ ਹੈ ਕਿ, ਇਸ ਅਨੁਸਾਰ ਜੀਵਨ ਢਾਲ ਲੈਣ ਵਾਲਾ **ਮਨੁੱਖ (ਕਥਿ ਸਮਾਨੀ) ਦੇਵਤਿਆਂ ਲਈ ਵੀ ਸਤਿਕਾਰ ਜੋਗ ਬਣ ਜਾਂਦਾ ਹੈ** । ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਅਨੁਸਾਰ ਜੀਵਨ ਢਾਲ ਲੈਣ ਦਾ ਅਰਥ ਰਿਧੀਆਂ ਸਿਧੀਆਂ ਨੂੰ ਦਾਸੀਆਂ ਬਣਾ ਲੈਣਾ ਹੈ--**ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ**--ਸਤਿਗੁਰਾਂ ਦੇ ਗਿਆਨ ਅਨੁਸਾਰ ਜਿਸ ਮਨੁੱਖ ਨੇ ਆਪਣੇ ਜੀਵਨ ਦੀ ਘਾੜਤ ਘੜ ਲਈ ਦੁਨੀਆਂ ਦਾ ਤਖ਼ਤ ਤਾਜ ਉਸ ਦੀ ਜੁੱਤੀ ਦੀਆਂ ਠੋਕਰਾਂ ਜੋਗ ਬਣ ਜਾਂਦਾ ਹੈ। ਹਿੰਦੂਆਂ ਦੇ ਗ੍ਰੰਥਾਂ ਵਾਲੀ ਮੁਕਤੀ ਵਿਚਾਰੀ ਵੀ ਸਾਹ ਘੁਟੀ ਗੁਰਮੁਖ ਦੀ ਸੇਵਾ

ਵਿਚ ਖਲੋਤੀ ਰਹਿੰਦੀ ਹੈ । ਸਰੀਰਕ ਮੌਤ ਦਾ ਭੈ ਨਹੀਂ ਰਹਿੰਦਾ । ਸਦੀਵੀ ਸਰੀਰਕ-ਜ਼ਿੰਦਗੀ ਲਈ ਲਾਲਸਾ ਨਹੀਂ ਰਹਿੰਦੀ ਅਤੇ ਆਤਮਕ ਮੌਤ (ਸੰਤ ਸੂਰਮੇ) ਗੁਰਮੁਖ ਦੇ ਨੇੜੇ ਨਹੀਂ ਆ ਸਕਦੀ ।

ਸਤਿਗੁਰਾਂ ਦੇ ਗਿਆਨ ਦੀ ਇਸ ਅਪਾਰ ਸ਼ਕਤੀ ਦਾ ਠੀਕ ਪਤਾ ਸਭ ਤੋਂ ਪਹਿਲਾਂ ਬ੍ਰਾਹਮਣ ਨੂੰ ਹੀ ਲੱਗਾ ਸੀ । ਉਹ ਨਹੀਂ ਸੀ ਚਾਹੁੰਦਾ ਕਿ ਸਿੱਖ ਇਸ ਗਿਆਨ ਨਾਲ ਜੁੜਿਆ ਰਹਿ ਕੇ ਲੋਕ ਅਤੇ ਪਰਲੋਕ ਦੇ ਸੁਖਾਂ ਨੂੰ ਮਾਣਦਾ ਹੋਇਆ ਲੋਕਾਂ ਵਾਸਤੇ ਅਜੇਹੀ ਮਿਸਾਲ ਬਣ ਜਾਏ ਕਿ, ਉਸ ਦਾ ਮਾਇਆ ਜਾਲ ਤਾਰ ਤਾਰ ਹੋ ਜਾਏ । ਸਤਿਗੁਰੂ ਜੀ ਦੇ ਗਿਆਨ ਕਾਰਨ ਬ੍ਰਾਹਮਣ ਨੂੰ ਆਪਣੀ ਗੱਦੀ ਸਦਾ ਲਈ ਜਾਂਦੀ ਨਜ਼ਰ ਆ ਗਈ ਸੀ। ਦ੍ਰਿਸ਼ਟਮਾਨ ਵਸਤੂਆਂ ਨਾਲ ਕਿਸੇ ਪ੍ਰਕਾਰ ਦਾ ਮੋਹ ਰੱਖਣ ਤੋਂ ਜਾਂ ਉਨ੍ਹਾਂ ਪ੍ਰਤੀ ਸ਼ਰਧਾ ਬਣਾ ਲੈਣ ਤੋ ਰੋਕ ਦੇਣ ਵਾਲੀ ਸਤਿਗੁਰਾਂ ਦੀ ਗੱਲ ਨੇ ਮਹਾਂ ਵਿਦਵਾਨ ਅਤੇ ਦੂਰ-ਦ੍ਰਿਸ਼ਟ ਬ੍ਰਾਹਮਣ ਨੂੰ ਉਚੇਚੀ ਘਬਰਾਹਟ ਵਿਚ ਪਾ ਦਿੱਤਾ ਸੀ। ਉਸ ਨੇ ਸਿੱਖ ਨੂੰ ਦ੍ਰਿਸ਼ਟਮਾਨ ਪਦਾਰਥਾਂ ਦੀ ਕਥਿਤ ਦੈਵੀ ਸ਼ਕਤੀ ਦੇ ਭਰਮ ਨਾਲ, ਮੁੜ ਜੋੜ ਦੇਣ ਲਈ ਜੋ ਸਫ਼ਲ ਚਾਲਾਂ ਚੱਲੀਆਂ ਉਨ੍ਹਾਂ ਦਾ ਵੇਰਵਾ ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਆ ਚੁੱਕਾ ਹੈ । ਰੁੱਖਾਂ, ਸਰੋਵਰਾਂ, ਸ਼ਹੀਦਾਂ ਦੇ ਅਸਥਾਨਾਂ ਆਦਿ ਨੂੰ ਕਰਾਮਾਤੀ ਸ਼ਕਤੀਆਂ ਵਾਲੇ ਸਮਝ ਕੇ ਉਨ੍ਹਾਂ ਪ੍ਰਤੀ ਸ਼ਰਧਾ ਬਣਾ ਲੈਣੀ, ਉਨ੍ਹਾਂ ਤੋਂ ਮਨ-ਇੱਛੇ ਫਲਾਂ ਦੇ ਪ੍ਰਾਪਤ ਹੋਣ ਦਾ ਭਰਮ ਬਣਾ ਲੈਣਾ ਵਾਸਤਵ ਵਿਚ ਉਨ੍ਹਾਂ (ਰੁਖਾਂ, ਜਲ ਆਦਿ) ਦੀ ਪੂਜਾ ਹੀ ਹੈ । ਕੌਣ ਕਹਿ ਸਕਦਾ ਹੈ ਕਿ ਸਿੱਖ ਨੇ ਇਸ ਸਭ ਕੁਝ ਦੀ ਪੂਜਾ ਅਰੰਭ ਨਹੀਂ ਕੀਤੀ ਹੋਈ ?

ਸੰਤ ਸਿੰਘ ਮਸਕੀਨ ਵਰਗੇ ਸਤਿਕਾਰੇ ਹੋਏ ਵਿਦਵਾਨ, ਮੰਤ੍ਰੇ ਹੋਏ ਪਾਣੀ ਦੀ ਸ਼ਕਤੀ ਦਾ ਭਰਮ ਸਿੱਖ ਸੰਗਤਾਂ ਵਿਚ ਨਿਝੱਕ ਹੋ ਪਾ ਰਹੇ ਹਨ । ਵਿਦੇਸ਼ੀਂ ਵੱਸਦੇ ਸਿੱਖਾਂ ਦੇ ਅਜੇਹੇ ਘਰ ਬੜੇ ਥੋਹੜੇ ਹੋਣਗੇ ਜਿਨ੍ਹਾਂ ਵਿਚ ਅਜੇਹੇ ਭਰਮਾਂ ਦੇ ਪਰਚਾਰ ਵਾਲੀਆਂ ਟੇਪਾਂ ਨਹੀਂ ਵਜਦੀਆਂ । ਜੇ ਕਿਸੇ ਵੀ ਬ੍ਰਾਹਮਣੀ-ਮੰਤ੍ਰ ਨਾਲ ਜਾਂ ਗੁਰਬਾਣੀ ਦੇ ਕਿਸੇ ਵੀ ਪਾਠ ਨਾਲ ਪਾਣੀ ਵਿਚ ਰੋਗਾਂ ਨੂੰ ਦੂਰ ਕਰਨ ਵਾਲੀ ਕੋਈ ਦੈਵੀ ਸ਼ਕਤੀ ਆ ਸਕਦੀ ਹੁੰਦੀ ਤਾਂ ਅੱਜ ਤਾਂਈ ਸਾਰੀ ਦੁਨੀਆਂ ਦੇ ਰੋਗ ਦੂਰ ਹੋ ਚੱਕੇ ਹੁੰਦੇ ਅਤੇ ਸਾਰੇ ਮਨੁੱਖ ਅਮਰ ਬਣ ਚੁੱਕੇ ਹੁੰਦੇ । ਕੋਈ ਕੁਰਹਿਤੀਆ ਜਾਂ ਭੈੜੇ ਆਚਰਨ ਵਾਲਾ ਮਨੁੱਖ ਕਿਤੇ ਨਜ਼ਰ ਨਾਂ ਆਉਂਦਾ । ਅਜੇਹੇ ਦ੍ਰਿਸ਼ਟਮਾਨ ਅੰਮ੍ਰਿਤ-ਜਲ (ਆਬੇ-ਹੱਯਾਤ) ਦਾ ਮਾਲਕ, ਸਾਰੀ ਦੁਨੀਆਂ ਦਾ ਰਾਜਾ ਬਣ ਚੁੱਕਾ ਹੁੰਦਾ ।

ਸਾਡੇ ਮਨਾਂ ਤੇ ਝੂਠੀਆਂ ਅਤੇ ਕੱਚੀਆਂ ਗੱਲਾਂ ਦਾ ਅਜੇਹਾ ਅਸਰ ਪੈ ਚੁੱਕਾ ਹੈ, ਅਤੇ ਅਸੀ ਝੂਠ ਨਾਲ ਅਜੇਹੇ ਜੁੜ ਚੁੱਕੇ ਹਾਂ ਕਿ ਸਾਡੀ ਇਸ ਬਦ-ਕਿਸਮਤੀ ਨੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਸੁਣਨ ਜੋਗੇ ਨਹੀਂ ਰਹਿਣ ਦਿੱਤਾ। ਮਾਇਆ ਠੱਗਣ ਲਈ ਹਰਲ-ਹਰਲ ਕਰਦੇ ਫਿਰਦੇ ਪਰਚਾਰਕਾਂ ਦੀਆਂ ਅਤੇ ਡੇਰੇ-ਦਾਰ ਭੇਖੀ ਸਾਧਾ ਦੀਆਂ ਝੂਠੀਆਂ ਗੱਪਾਂ ਵਿਚੋਂ ਸਾਨੂੰ ਅੰਮ੍ਰਿਤ ਦਾ ਰਸ ਆਉਂਦਾ ਹੈ । ਅਸੀਂ ਅੰਨ੍ਹੇ ਹੋਏ ਅਜੇਹੇ ਮਨੁਖਾਂ ਦੀ ਪੂਜਾ, ਆਪਣੇ ਸਤਿਗੁਰੂ ਦੇ ਦਰਬਾਰ ਵਿਚ ਨਿਲੱਜ ਹੋ ਕੇ ਕਰ ਰਹੇ ਹੁੰਦੇ ਹਾਂ । ਸਤਿਗੁਰਾਂ ਦੇ ਦਰਬਾਰ ਵਿਚ ਕਿਸੇ ਮਨੁੱਖ ਤੇ ਫੁੱਲ ਸੁਟਣੇ ਅਥਵਾ ਉਸ ਨੂੰ ਮਾਇਆ ਭੇਟ ਕਰਨੀ, ਸੂਖ਼ਸ਼ਮ-ਰੂਪ ਵਿਚ ਮਨੁਖ ਦੀ ਪੂਜਾ ਹੀ ਤਾਂ ਹੈ ।

ਗੁਰੂ ਦਾ ਸਿੱਖ ਕਰਮ-ਯੋਗੀ ਹੈ । ਸੁਕ੍ਰਿਤ ਕਰਕੇ ਵੰਡ ਛਕਣਾ ਇਸ ਦਾ ਸਿੱਖੀ-ਧਰਮ ਹੈ । ਕਿਸੇ ਦੂਜੇ ਦੀ ਕਮਾਈ ਖਾਣੀ ਮੁਰਦਾਰ ਖਾਣ ਤੁੱਲ ਹੈ । ਕਿਸੇ ਕਰਾਮਾਤੀ ਸ਼ਕਤੀ ਨਾਲ ਪ੍ਰਾਪਤ ਹੋਏ ਪਦਾਰਥ ਗ੍ਰਹਿਣ ਕਰਨੇ ਸਿੱਖ ਲਈ ਵਰਜਤ ਹਨ ਅਜੇਹਾ ਕਰਨਾ, ਨੀਚ ਕਿਸਮ ਦੀ ਹਰਾਮ ਖੋਰੀ ਹੀ ਹੈ । ਕਰਾਮਾਤਾਂ ਤੇ ਸ਼ਰਧਾ ਰੱਖਣੀਂ ਅਸਿੱਖੀ ਹੈ । ਪ੍ਰਭੂ ਦੇ ਨਾਮ ਦੀ ਥਾਂ ਜਲ ਅਥਵਾ ਪਾਣੀ ਨੂੰ ਕਲਿਆਣ ਕਾਰੀ ਮੰਨਣਾਂ ਜਾਂ ਦੁੱਖ-ਭੰਜਨ ਸਮਝਣਾ--**ਬਿਪ੍ਰਨ ਕੀ ਰੀਤ ਅਥਵਾ ਸੱਚ ਦੇ ਮਾਰਗ ਦਾ ਤਿਆਗ ਹੈ**। ਅਜੇਹਾ ਕਰਨਾਂ ਗੁਰੂ ਨੂੰ ਬੇਦਾਵਾ ਦੇਣ ਤੁੱਲ ਹੈ ।

੫੨- **ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ ॥**
**ਨਾਨਕ ਸੋ ਸਹੁ ਆਹਿ, ਜਾ ਕੈ ਆਢਲਿ ਹਭੁ ਕੋ ॥ ੨ ॥** [੫੨੧]-ਵਾਰ-੧੧

੩੦

## ਗੁਰਬਾਣੀ-ਉਪਦੇਸ਼ ਵਿਚ ਬਹੁਰੰਗੀ ਸ੍ਰਿਸ਼ਟੀ ਸਿਰਜਨਾਂ ਦੀ ਵਰਤੋਂ?

ਇਸ (ਉਪਰੋਕਤ) ਸਿਰਲੇਖ ਦਾ ਕੋਈ ਉਚੇਚਾ ਵਾਸਤਾ, ਗੁਰੂ-ਬਾਣੀ ਦੇ ਕਿਸੇ ਖ਼ਾਸ ਸਿਧਾਂਤ ਨੂੰ ਸਪੱਸ਼ਟ ਕਰਨ ਨਾਲ ਨਹੀਂ ਹੈ । ਪਾਠਕਾਂ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੀ ਵੱਧ ਤੋਂ ਵੱਧ, ਬਹੁਪੱਖੀ ਜਾਣਕਾਰੀ ਦੇਣ ਦੀ ਜੋ ਸੇਵਾ ਸਤਿਗੁਰਾਂ ਨੇ ਬਖ਼ਸ਼ੀ ਹੈ, ਇਹ ਲੇਖ ਉਸੇ ਸੇਵਾ ਦੀ ਪੂਰਤੀ ਦਾ ਨਿਮਾਣਾ ਯਤਨ ਹੈ । ਜਿਵੇਂ ਉੱਪਰ ੯੭ ਨੰਬਰ ਤੇ ਆਏ ਪਾਵਨ ਸਲੋਕ ਵਿਚ ਕੁਦਰਤੀ ਸੋਹਜ ਦਾ ਜ਼ਿਕਰ (=**ਪੁਰਖਾਂ ਬਿਰਖਾਂ ਤੀਰਥਾਂ**) ਆਇਆ ਹੈ, ਏਸੇ ਤਰ੍ਹਾਂ ਹੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਕਾਦਰ ਦੀ ਕੁਦਰਤ ਦੇ ਕਈ ਤਰ੍ਹਾਂ ਦੇ ਰੰਗ ਵੇਖ ਕੇ ਵਿਸਮਾਦੀ (ਅਸਚਰਜ, ਅਦਭੁਤ) ਰਸ ਮਾਣ ਰਹੇ ਹਨ:--

੫੩- **ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸਿਫ਼ਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ ੧ ॥**[੪੬੩/੬੪]-ਵਾ-੩

ਆਉ ਅਸੀਂ ਵੀ ਕੁਦਰਤ ਦੇ ਹਰ ਰੰਗ ਵਿਚੋਂ ਥਵਾ ਕਾਦਰ ਦੀ ਅਸਚਰਜ ਸੰਸਾਰ ਖੇਡ ਵਿਚੋਂ, ਉਸ ਦੀ ਵਿਆਪਕਤਾ ਦਾ ਅਨੰਦ ਮਾਣੀਏ । ਇਸ ਪ੍ਰਕਰਣ ਵਿਚ ਅਸਾਂ ਇਹ ਵੇਖਣਾ ਹੈ, ਸਮੁੰਦਰ, ਪਹਾੜ, ਬੱਦਲ, ਦਰਿਆ, ਰੁੱਖ, ਜੰਗਲ, ਜਲ, ਥਲ, ਅਗਨੀ ਹਵਾ, ਪਾਣੀ ਆਦਿ ਜਿਨ੍ਹਾਂ ਨੇ ਸ੍ਰਿਸ਼ਟੀ

ਦਾ ਰੂਪ ਪ੍ਰਤੱਖ ਕੀਤਾ ਹੋਇਆ ਹੈ, ਜੋ ਸ੍ਰਿਸ਼ਟੀ ਦਾ ਸੋਹਜ ਹਨ, ਅਥਵਾ ਜਿਨ੍ਹਾਂ ਦੇ ਕਾਰਨ ਪ੍ਰਭੂ ਦੀ ਇਹ ਸਿਰਜਣਾ ਸੁਹਾਵੀ ਬਣ ਰਹੀ ਹੈ ਅਤੇ ਜਿਨ੍ਹਾਂ ਦੀ ਸੁਮਿਲਤ ਸੇਵਾ ਦਾ ਸਦਕਾ, ਸੰਸਾਰ-ਖੇਡ ਇਕ-ਸਾਰ ਚੱਲ ਰਹੀ ਹੈ, ਸਤਿਗੁਰਾਂ ਨੇ ਉਨ੍ਹਾਂ ਦਾ ਜ਼ਿਕਰ ਕਰਕੇ ਗੁਰਬਾਣੀ ਦੁਆਰਾ ਸਾਨੂੰ ਕਿਸ ਕਿਸ ਪ੍ਰਕਾਰ ਦੀ ਸਿਖਿਆ ਦਿੱਤੀ ਹੈ । ਆਉ ! ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕਾਗਰ ਚਿੱਤ ਹੋ ਬੈਠੀਏ ਅਤੇ ਸਾਵਧਾਨੀ ਨਾਲ ਸ਼ਬਦ ਦੀ ਵਿਚਾਰ ਵਿਚ ਜੁੜੀਏ:----

### (ੳ) ਸਾਗਰ, ਅਥਵਾ ਸਮੁੰਦਰ ਅਤੇ ਡੂਗਰ ਆਦਿ--

੫੪- **ਸਲੋਕ ਮ: ੧ ॥ ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ ॥ ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹ ॥ ਆਪ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥ ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥ ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦੁਰਾਹੁ ॥ ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥ ੧ ॥**[੭੮੮]-ਵਾ-੧੦

**ਅਰਥ:**--ਹੇ ਖ਼ਸਮ ! ਤੂੰ ਧੰਨ ਹੈਂ ! ਤੂੰ ਧੰਨ ਹੈਂ ! ਜਿਸ ਨੇ ਜਗਤ-ਰਚਨਾ ਰਚ ਕੇ (ਹਮ ਕੀਏ-)ਸਾਨੂੰ (ਜੀਵਾਂ ਨੂੰ) ਪੈਦਾ ਕੀਤਾ । ਸਮੁੰਦਰ, ਅਤੇ ਸਮੁੰਦਰ ਦੀਆਂ ਲਹਿਰਾਂ, ਤਲਾਬ, ਹਰੀਆਂ ਵੇਲਾਂ, ਵਰਖਾ ਕਰਨ ਵਾਲੇ ਬੱਦਲ--(ਇਹ ਸਾਰੀ ਰਚਨਾ ਕਰਨ ਵਾਲਾ ਤੂੰ ਹੀ ਹੈਂ)। ਤੂੰ ਆਪ ਸਭ ਨੂੰ ਪੈਦਾ ਕਰਕੇ ਸਭ ਵਿਚ ਆਪ ਵਿਆਪਕ ਹੈਂ ਤੇ (ਆਪਾਹਾ=ਪਾਹ ਤੋਂ ਬਿਨਾ--) ਨਿਰਲੇਪ ਵੀ ਹੈਂ। ਉਨਮਨਿ=ਉਨਮਨ ਵਿਚ--)ਉਤਸ਼ਾਹ ਨਾਲ ਤੇਰੇ ਨਾਮ ਦੀ ਕਮਾਈ ਕਰਕੇ ਗੁਰਮੁਖਾਂ ਦੀ ਮਿਹਨਤਿ (ਤੇਰੇ ਦਰ ਤੇ) ਕਬੂਲ ਪੈਂਦੀ ਹੈ, ਉਹ ਬੰਦਗੀ ਦੀ ਘਾਲ ਘਾਲ ਕੇ, ਹੇ ਖ਼ਸਮ ! ਤੇਰੇ ਦਰ ਤੋਂ ਮੰਗ ਮੰਗ ਕੇ ਮਜੂਰੀ ਲੈਂਦੇ ਹਨ। (ਸਤਿਗੁਰੂ ਨਾਨਕ ਸਾਹਿਬ ਜੀ ਜੀ ਪ੍ਰਭੂ ਦੇ ਦਰ ਤੇ ਬੇਨਤੀ--) ਹੇ ਵੇਪਰਵਾਹ ਪ੍ਰਭੂ ! ਤੇਰੇ ਦਰ (ਬਰਕਤਾਂ ਨਾਲ ਭਰੇ ਹੋਏ ਹਨ, ਕੋਈ ਜੀਵ ਤੇਰੇ ਦਰ ਤੇ (ਆ ਕੇ) ਖ਼ਾਂਲੀ ਨਹੀਂ ਗਿਆ, ਤੂੰ ਸਦਾ ਕਾਇਮ ਰਹਣ ਵਾਲਾ ਤੇ ਬੇ=-ਮੁਥਾਜ ਹੈਂ । ੧ ।

੫੫- **ਭੂਲੀ ਭੂਲੀ ਥਲਿ ਚੜਾ, ਥਲਿ ਚੜਿ ਡੂਗਰਿ ਜਾਉ ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥ ੭ ॥**[੫੬]-੬

**ਅਰਥ:**--(ਆਤਮਕ ਗੁਣਾਂ ਦੇ ਵਣਜ ਤੋਂ ਖੁੰਝ ਕੇ, ਜੀਵਨ ਦੇ ਸਹੀ ਰਸਤੇ ਤੋਂ ) ਭੁੱਲ ਕੇ ਜੇ ਮੈਂ (ਦੁਨੀਆ ਛੱਡ ਕੇ ਵੀ) ਸਾਰੀ ਧਰਤੀ ਉਤੇ ਫਿਰਦਾ ਰਹਾਂ, ਧਰਤੀ ਉੱਤੇ ਭ੍ਰਮਣ ਕਰ ਕਰ ਫਿਰ ਮੈਂ ਪਹਾੜ ਤੇ ਵੀ ਜਾ ਚੜ੍ਹਾਂ (ਜੇ ਮੈਂ ਕਿਸੇ ਪਹਾੜ ਦੀ ਗੁਫ਼ਾ ਵਿਚ ਵੀ ਜਾ ਟਿਕਾਂ) (ਸਹੀ ਰਸਤੇ ਤੋਂ) ਖੰਝ ਕੇ ਜੇ ਮੈਂ ਜੰਗਲਾਂ ਵਿਚ ਭਟਕਦੀ ਫਿਰਾਂ, ਤਾਂ ਵੀ ਮੈਨੂੰ (ਆਤਮਕ ਰਸਤੇ ਦੀ) ਸਹੀ ਸਮਝ ਨਹੀਂ ਪੈ ਸਕਦੀ ਕਿਉਂਕਿ ਗੁਰੂ ਤੋਂ ਬਿਨਾ ਇਸ ਰਸਤੇ ਦੀ ਸੂਝ ਨਹੀਂ ਪੈਂਦੀ । ਜੇ ਮੈਂ ਪਰਮਾਤਮਾ ਦੇ ਨਾਮ ਤੋਂ ਖੰਝੀ ਹੋਈ (ਜੰਗਲਾਂ ਪਹਾੜਾਂ ਵਿਚ) ਫਿਰਦੀ ਰਹਾਂ, ਤਾਂ ਮੁੜ ਮੁੜ ਜਨਮ ਮਰਨ ਦਾ ਗੇੜ ਸਹੇੜ ਲਵਾਂਗੀ । ੭ ।

੫੬- **ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥** [ਧਰਦੇਵ--ਧਰਤੀ]
**ਕਹਿ ਕਬੀਰ, ਜਿਸੁ ਉਦਰੁ, ਤਿਸੁ ਮਾਇਆ ॥ ਤਬ ਛੂਟੇ, ਜਬ ਸਾਧੂ ਪਾਇਆ ॥ ੫ ॥**[੧੧੬੦]-੫-੧੩

**ਅਰਥ:**--(ਦੇਵਤਿਆਂ ਦੀ ਪੂਜਾ ਕਰਨ ਦੀ ਸਿਖਿਆ ਦੇਣ ਵਾਲੇ, ਬਿੱਪ੍ਰ ਜੀ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਹੀ) ਦੇਵਤੇ ਵੀ ਮਾਇਆ ਦੇ ਮੋਹ ਵਿਚ ਭਿੱਜੇ ਹੋਏ ਹਨ । ਸਮੁੰਦਰ, ਸ੍ਵਰਗ, ਧਰਤੀ ਇਨ੍ਹਾਂ ਸਭਨਾਂ ਦੇ ਜੀਵ ਮਾਇਆ ਵਿਚ ਹੀ ਹਨ । ਕਬੀਰ ਜੀ ਫ਼ੁਰਮਾਉਂਦੇ ਹਨ--(ਮੁਕਦੀ ਗੱਲ ਇਹ ਹੈ ਕਿ) ਜਿਸ ਨੂੰ ਢਿੱਡ ਲੱਗਾ ਹੋਇਆ ਹੈ, ਉਸ ਨੂੰ (ਭਾਵ, ਹਰੇਕ ਜੀਵ ਨੂੰ) ਮਾਇਆ ਵਿਆਪ ਰਹੀ ਹੈ । ਜਦੋਂ ਜੀਵ ਗੁਰੂ (-ਗ੍ਰੰਥ ਸਾਹਿਬ) ਨੂੰ ਮਿਲ ਪਏ ਤਦੋਂ ਹੀ ਜੀਵ ਮਾਇਆ ਦੇ ਪ੍ਰਭਾਵ ਤੋਂ ਬਚਦਾ ਹੈ । ੫ ।

੫੭- **ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥ ੧ ॥ ਰਹਾਉ ॥**[੧੧੯੬]-੩ [ਸਮੁੰਦੇ--ਸਮੁੰਦਰ ਵਿਚੋਂ ]

੫੮- **ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫ਼ਾ ਮਹਿ ਆਖਉ ਕੈਸਾ ॥**
**ਸਾਗਰਿ ਡੂਗਰਿ ਨਿਰਭਉ ਐਸਾ ॥ ੪ ॥**[੨੨੧]-੨ [ਪਡੂਗਰ--ਪਹਾੜ, । ਡੂਗਰਿ--ਪਹਾੜ ਦੇ ਵਿਚ (ਬਣੀ ਗੁਫਾ) ।

**ਅਰਥ:**-- (ਜੇ ਮਨ ਹਾਥੀ ਦੇ ਸਿਰ ਉਤੇ ਗੁਰੂ-ਕੁੰਡਾ ਨਹੀਂ ਹੈ ਤਾਂ) ਜਿਹੋ ਜਿਹਾ ਅਮੋੜ ਇਹ ਗ੍ਰਿਹਸਤ ਵਿਚ (ਰਹਿੰਦਿਆਂ) ਹੈ, ਉਹੋ ਜਿਹਾ (ਅਮੋੜ) ਹੀ ਇਹ ਬਾਹਰ (ਜੰਗਲਾਂ ਵਿਚ ਰਹੀਂਦਿਆਂ) ਹੁੰਦਾ ਹੈ । ਪਹਾੜ ਦੀ ਗੁਫ਼ਾ ਵਿਚ ਵੀ ਬੈਠ ਕੇ ਮੈਂ ਕੀ ਆਖਾਂ ਕਿ ਕਿਹੋ ਜਿਹਾ ਬਣ ਗਿਆ ਹੈ ? (ਭਾਵ, ਗੁਫ਼ਾ ਵਿਚ ਟਿਕਿਆਂ ਵੀ ਇਹ ਮਨ ਅਮੋੜ ਹੀ ਰਹਿੰਦਾ ਹੈ । ਸਮੁੰਦਰ ਵਿਚ ਵੜੇ (ਭਾਵ, ਚਾਹੇ ਤੀਰਥਾਂ ਵਿਚ ਚੁੱਭੀ ਲਾਏ ) ਪਹਾੜ (ਦੀ ਗੁਫ਼ਾ) ਵਿਚ ਬੈਠੇ ਇਹ ਇਕੋ ਜਿਹਾ ਨਿਡਰ ਰਹਿੰਦਾ ਹੈ । ੪ ।

### (ਅ) ਪਹਾੜ ਨਦੀਆਂ, ਧਰਤੀ, ਦਰਿਆ, ਜੰਗਲ, ਬਨ ਆਦਿ

੫੯- **ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥ ੨ ॥**[੭੪੨]-੨੨-੨੮

੬੦- **ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ ॥ ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ ॥ ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥ ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੧ ॥**[੧੪੧-੪੨]-ਵਾਰ-੯

੬੧- **ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥ ੯੯ ॥**[੧੩੮੩]

੬੨- **ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ ॥**
**ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥ ੨ ॥**[੫੧੯]-ਵਾਰ-੭

੬੩- **ਡੂੰਗਰੁ ਦੇਖਿ ਡਰਾਵਣੋ ਪੇਈਅੜੇ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥ ੧ ॥**[੬੩]-੧੬

੬੪- **ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ ॥ ਪਾਤਾਲਾ ਆਕਾਸ, ਪੂਰਨੁ ਹਭ ਘਟਾ ॥ ਨਾਨਕ ਪੇਖਿ ਜੀਓ, ਇਕਤੁ ਸੂਤਿ ਪਰੋਤਿਆ ॥ ੩ ॥**[੧੧੦੧]-ਵਾਰ-੨੧

੬੫- ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧ ॥ [੮੨੪]-੧੪-੧੦੦

੬੬- ਕਤ ਕੀ ਮਾਈ ਬਾਪੁ ਕਤ ਕੇਰਾ ਜਕਦੂ ਥਾਵਹੁ ਹਮ ਆਏ ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥ ੧ ॥[੧੫੬]-੫-੧੭

## (ੲ) ਬੱਦਲ , ਬਿਜਲੀ, ਮੀਂਹ, ਜਲ, ਥਲ ਆਦਿ

੬੭- ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ ॥ ਬਰਸਨਿ ਮੇਘ ਅਪਾਰ ਨਾਨਕ ਸੰਗਮਿ
ਪਿਰੀ ਸੁਹੰਦੀਆ ॥ ੨ ॥ ਮ: ੫ ॥ ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ ॥ ਸੇਜੜੀਆ
ਸੋਇੰਨ ਹੀਰੇ ਲਾਲ ਜੜੰਦੀਆ ॥ ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥ ੩ ॥[੧੧੦੨]-ਵਾਰ-੨੨

੬੮- ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥ ਮੋਹਿ ਦੀਨ ਕ੍ਰਿਪਾ
ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥ ੧ ॥ ਰਹਾਉ ॥[੧੨੬੬]-੧

## (ਸ) ਜਲ ਥਲ (-ਧਰਤੀ) ਪਉਣ ਪਾਣੀ ਧਰਤੀ ਆਕਾਸ਼, ਆਦਿ---

੬੯- ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ
ਆਪੁ ਕੀਆ ਕਰਤਾਰ ॥ ੨ ॥ ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥
ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥ ੩ ॥ ਪਵਣੁ ਪਾਣੀ ਅਗਨਿ ਤਿਨਿ
ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥ ੪ ॥[੫੦੩-੪]-੨

੭੦-- ਮਨ ਤਨ ਗਲਤੁ ਭਏ ਕਿਛੁ ਕਹਣੁ ਨ ਜਾਈ ਰਾਮ ॥ ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ ਰਾਮ ॥
ਮਿਲਿ ਬ੍ਰਹਮ ਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ ॥ ਜਲਿ ਥਲਿ ਮਹੀਅਲਿ ਏਕੁ
ਰਵਿਆ ਨਹ ਦੂਜਾ ਦ੍ਰਿਸਟਾਇਆ ॥ ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ਕੀਮਤਿ ਕਹਣੁ ਨ ਜਾਈ ॥
ਬਿਨਵੰਤਿ ਨਾਨਕ ਆਪਿ ਜਾਣੈ ਜਿਨਿ ਏਹ ਬਣਤ ਬਣਾਈ ॥ ॥ ੪ ॥[੫੪੫]-੨--੫

੭੧- ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥
ਵਿਚ ਵਰਤੈ ਨਾਨਕ ਆਪਿ ਝੂਠ ਕਹੁ ਕਿਆ ਗਨੀ ॥ ੨ ॥[੭੨੩]-੧

੭੨- ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ
ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥ ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ ॥
ਜੈਸੀ ਆਗਿਆ ਤੈਸਾ ਕਰਮੁ ॥ ਪਉਣ ਪਾਣੀ ਬੈਸੰਤਰਿ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥
ਤਿਸੁ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥[੨੯੪]

## (ਹ) ਚੰਦ, ਸੂਰਜ, ਤਾਰੇ ਆਦਿ--

੭੩- ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥ ਚਉਦਸਿ ਭਵਨ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥ ੧੮
॥ ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥
ਕਰਿ ਕਰਿ ਵੇਖੈ ਕਰਤਾ ਸੋਈ ॥ ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥ ੧੯ ॥[੮੪੦]

੭੪- ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਹਤ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ
ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ
ਗੁਣਹ ਅਮੋਲ ॥ ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥ ਗੁਰ
ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥ ੩ ॥[੨੯੪]-ਅਸਟ-੨੩

੭੬- ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ+ ਫੂਲੰਤ ਜੋਤੀ ॥ ੧ ॥ [੧੩]-੩

੭੬- ਕਈ ਕੋਟਿ ਪਵਣ ਪਾਣੀਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥
ਕਈ ਕੋਟਿ ਸਸੀਅਰ ਸੂਰ ਨਖ੍ਹਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥... ੩ ॥ [੨੭੫-੭੬]-ਅਸਟ-੧੦

## (ਕ) ਬਨਸਪਤਿ, ਜੰਗਲ, ਬਨ, ਰੁਖ, ਬਿਰਛ (Tree) ਆਦਿ

[ਬਨਸਪਤਿ=ਵਡੇ ਵਡੇ ਬਿਰਛ ਜੋ ਜੰਗਲ ਦੇ ਪ੍ਰਧਾਨ ਹਨ ੨- ਬਿਰਛ ਮਾਤ੍ --ਮਹਾਨ ਕੋਸ਼ ਸਫ਼ਾ ੮੩੭-੩੮]

੭੭- **ਬਨਸਪਤਿ** ਮਉਲੀ ਫਲ ਫੁਲ ਪੇਡੇ ॥ ਇਹ ਰਸ ਰਾਤੀ ਬਹੁਰਿ ਨ ਛੋਡੇ ॥
ਆਨ ਨ ਰਸ ਕਸ ਲਵੈ ਲਾਈ ॥ ਕਹੁ ਨਾਨਕ ਗੁਰ ਭਏ ਹੈ ਸਹਾਈ ॥ ੪ ॥[੧੯੦]-੧੫-੮੪
[ਅੱਗੇ ੧੪੨ ਨੰਬਰ ਤੇ ਇਹੀ ਗੁਰੂ ਵਾਕ ਅਰਥਾਂ ਸਮੇਤ ਲਿਖਿਆ ਹੈ]

੭੮- **ਬਨਸਪਤਿ** ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ੧ ॥[੧੧੭੬]-੨-੧੪

੭੯- ਫਰੀਦਾ **ਜੰਗਲੁ ਜੰਗਲੁ** ਕਿਆ ਭਵਹਿ, ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ, **ਜੰਗਲੁ** ਕਿਆ ਢੂੰਢੇਹਿ ॥ ੧੯ ॥[੧੩੭੮]

੮੦- **ਬਨਹਿ** ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ **ਬਨੁ** ਸਮਸਰਿ ਕੀਆ ਤੇ ਪੂਰੇ ਸੰਸਾਰੁ ॥ ੧ ॥[੧੧੦੩]-੨

੮੧- ਨਗਨ ਫਿਰਤ ਜੌ ਪਾਈਐ ਜੋਗੁ ॥ **ਬਨ** ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥[੩੨੪]-੫

੮੨- ਥਿਰ ਥਿਰ ਚਿਤ ਥਿਰ ਹਾਂ ॥ **ਬਨੁ** ਗ੍ਰਿਹ ਸਮਸਰਿ ਹਾਂ ॥ ਅੰਤਰਿ ਏਕ ਪਿਰ ਹਾਂ ॥
ਬਾਹਰਿ ਅਨੇਕ ਧਰਿ ਹਾਂ ॥ ਰਾਜਨ ਜੋਗੁ ਕਰਿ ਹਾਂ ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥ ੨ ॥[੪੦੯]-੧-੧੫੭

**ਪਦ ਅਰਥ**:--**ਥਿਰ**=ਅਡੋਲ, ਟਿਕਵਾਂ । **ਬਨੁ**=ਜੰਗਲ । **ਗ੍ਰਿਹ**=ਘਰ । **ਸਮਸਰਿ**=ਬਰਾਬਰ, ਇਕੋ ਜਿਹਾ। ਬਾਹਰਿ=ਜਗਤ ਵਿਚ। **ਅਨੇਕ ਧਰਿ**=ਅਨੇਕਾਂ ਕਿਰਤ-ਕਾਰ ਕਰ। **ਰਾਜਨ ਜੋਗੁ**=ਰਾਜ-ਜੋਗ। **ਲੋਗ ਅਲੋਗਨੀ**=ਸੰਸਾਰ ਤੋਂ ਨਿਰਾਲਾ । ੨ ।

੮੩- ਮਨ ਕਰਹਲਾ ਵੀਚਾਰੀਆ, ਵੀਚਾਰ ਦੇਖੁ ਸਮਾਲਿ ॥ **ਬਨ ਫਿਰਿ ਥਕੇ ਬਨ ਵਾਸੀਆ**
ਪਿਰੁ ਗੁਰਮਤਿ ਰਿਦੈ ਨਿਹਾਲਿ ॥ ੧ ॥ ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥ ੧ ॥ ਰਹਾਉ ॥[੨੩੪]-੨

੮੪- **ਬਨੁ ਬਨੁ** ਖੋਜਤ ਫਿਰਤ ਬੈਰਾਗੀ ॥ ਬਿਰਲੇ ਕਾਹੂ ਏਕੁ ਲਿਵ ਲਾਗੀ ॥
ਜਿਨਿ ਹਰਿ ਪਾਇਆ ਸੇ ਵਡਭਾਗੀ ॥ ੨ ॥[੨੦੩]-੧-੧੧੭

੮੫- **ਬਨੁ ਬਨੁ** ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥
ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥ ੧ ॥[੪੫੫]-ਛੰਤ

੮੬- ਚਾਤ੍ਰਿਕ ਚਿਤੁ ਸੁਚਿਤ ਸੁ ਸਾਜਨੁ ਚਾਹੀਐ ॥ ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥ **ਬਨੁ ਬਨੁ**
ਫਿਰਤ ਉਦਾਸ ਬੂੰਦ ਜਲ ਕਾਰਣੇ ॥ ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ ॥ ੧ ॥[੧੩੬੨]-ਫੁਨਹੇ

੮੭- **ਬਨੁ ਬਨੁ** ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ ॥
ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ ॥ ੩੬ ॥[੯੩੪]-ੴ

੮੮- ਅੰਤਰਿ ਵਾਸੁ ਬਹੁਤੁ ਮੁਸਕਾਈ, ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ ॥
**ਬਨੁ ਬਨੁ** ਢੂਢਿ ਢੂਢਿ ਫਿਰਿ ਥਾਕੀ, ਗੁਰਿ ਪੂਰੈ ਘਰਿ ਨਿਸਤਾਰੇ ॥ ੪ ॥[੯੮੨]-੪

੮੯- **ਬਨ ਮਹਿ ਪੇਖਿਓ** ਤ੍ਰਿਣ ਮਹਿ ਪੇਖਿਓ ਗ੍ਰਿਹ ਪੇਖਿਓ ਉਦਾਸਾਏ ॥
ਦੰਡਧਾਰ ਜਟਾਧਾਰੈ ਪੇਖਿਓ ਵਰਤ ਨੇਮ ਤੀਰਥਾਏ ॥ ੧ ॥[੧੧੩੯]-੨-੧੫

**ਰੁਖ ਬਿਰਖ**--

੯੦- ਕੇਤੇ **ਰੁਖ ਬਿਰਖ** ਹਮ ਚੀਨੇ ਕੇਤੇ ਪਸੂ ਉਪਾਇ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ੨ ॥[੧੫੬]-੫-੧੭
(ਏਹੀ ਗੁਰੁ-ਸ਼ਬਦ ਛੇਵੇਂ ਭਾਗ ਦੇ ਪੰਜਵੇ ਕਾਂਡ ਦੇ ੨੦ਵੇਂ ਲੇਖ ਵਿਚ ਅਰਥਾਂ ਸਮੇਤ ਆ ਚੁੱਕਾ ਹੈ)

੯੧- ਅਨਿਕ ਭਾਤਿ ਮਾਇਆ ਕੇ ਹੇਤ ॥ ਸਰਪਰ ਹੋਵਤ ਜਾਨੁ ਅਨੇਤ ॥
**ਬਿਰਖ ਕੀ ਛਾਇਆ** ਸਿਉ ਰੰਗੁ ਲਾਵੈ ॥ ਓਹ ਬਿਨਸੈ ਉਹੁ ਮਨਿ ਪਛੁਤਾਵੈ ॥... ੩ ॥ [੨੬੮]-੫

੯੨- **ਬਿਰਖ ਛਾਇਆ** ਜੈਸੇ ਬਿਨਸਤ ਪਵਨ ਝੂਲਤ ਮੇਹ ॥
ਹਰਿ ਭਗਤਿ ਦ੍ਰਿੜੁ ਮਿਲੁ ਸਾਧੁ ਨਾਨਕ, ਤੇਰੈ ਕਾਮਿ ਆਵਤ ਏਹ ॥ ੨ ॥[੧੦੦੬]-੨-੨੫

## (ਖ) ਸੰਸਾਰ ਬਿਰਖ

੯੩- ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ **ਸੰਸਾਰ ਬਿਰਖ** ਕਉ ਦੁਇ ਫਲ ਲਾਏ ॥
ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥ ੩ ॥[੧੧੭੨]-੧

੯੪- **ਬਿਰਖੈ** ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥ ੧ ॥[੧੦੧੯]-੨-੮-੧੨-੨੦

**ਅਰਥ**:--(ਜਿਵੇਂ ਸੂਰਜ ਡੁੱਬਣ ਵੇਲੇ ਅਨੇਕਾਂ ਪੰਛੀ ਕਿਸੇ ਰੁੱਖ ਉਤੇ ਆ ਬੈਠਦੇ ਹਨ, ਇਸੇ ਤਰ੍ਹਾਂ) ਇਸ ਆਕਾਸ਼-ਰੁੱਖ ਹੇਠ ਸਾਰੇ ਜੀਵ-ਜੰਤ ਆਥਸ ਇਕੱਠੇ ਹੋਏ ਹਨ, ਕਈ ਖਰ੍ਹਵੇ ਬੋਲਦੇ ਹਨ ਕਈ ਮਿੱਠੇ ਬੋਲ ਬੋਲਦੇ ਹਨ । ਡੁੱਬਾ ਹੋਇਆ ਸੂਰਜ ਜਦੋਂ ਆਕਾਸ਼ ਵਿਚ ਮੁੜ ਚੜ੍ਹ ਪੈਂਦਾ ਹੈ ਤਾਂ (ਪੰਛੀ ਰੁੱਖ ਉਤੋਂ) ਉੱਡ ਜਾਂਦੇ ਹਨ (ਤਿਵੇਂ ਹੀ) ਜਿਉਂ ਜਿਉਂ (ਜੀਵਾਂ ਦੀ) ਉਮਰ ਮੁੱਕ ਜਾਂਦੀ ਹੈ (ਪੰਛੀਆਂ ਵਾਂਗ ਇਥੋਂ ਇਸ ਸੰਸਾਰ ਰੁੱਖ ਤੋਂ ਕੂਚ ਕਰ ਜਾਂਦੇ ਹਨ) । ੧ ।

੯੫- **ਸਗਲ ਬਟਰੀਆ ॥ ਬਿਰਖ ਇਕਤਰੀਆ ॥ ਬਹੁ ਬੰਧਹਿ ਪਰੀਆ ॥ ੩ ॥**[੫੩੭]-੧

**ਅਰਥ**:--ਹੇ ਭਾਈ ! ਸਾਰੇ ਜੀਵ ਡ਼ੇਥੋ ਰਾਹੀ ਹੀ ਹਨ, (ਸੰਸਾਰ-)ਰੁੱਖ ਦੇ ਹੇਠ ਇਕੱਠੇ ਹੋਏ ਹਨ, ਪਰ (ਮਾਇਆ ਦੇ) ਬਹੁਤ ਬੰਧਨਾਂ ਵਿਚ ਦਸੇ ਹੋਏ ਹਨ। ੩ ।

੯੬- **ਰੇ ਮਨ ਤੇਰੋ ਕੋਇ ਨਹੀ, ਖਿੰਚਿ ਲੇਇ ਜਿਨਿ ਭਾਰੁ ॥**
**ਬਿਰਖ ਬਸੇਰੋ ਪੰਖਿ ਕੋ, ਤੈਸੋ ਇਹ ਸੰਸਾਰੁ ॥ ੧ ॥**[੩੩੭]-੧੩-੬੪

੩੧

## ਅਗਨਿ,ਅਗਨੀ, ਭਾਹਿ, ਪਾਵਕ, ਬੈਸੰਤਰ, ਅਨਲੁ

### (ੳ) ਅੱਗ, ਅਗਨੀ, ਬੈਸੰਤਰ--

੯੭- **ਅਗਨਿ ਨ ਦਹੈ, ਪਵਨੁ ਨਹੀ ਮਗਨੈ, ਤਸਕਰੁ ਨੇਰਿ ਨ ਆਵੈ ॥**
**ਰਾਮ ਨਾਮ ਧਨੁ ਕਰਿ ਸੰਚਉਨੀ, ਸੋ ਧਨੁ ਕਤ ਹੀ ਨ ਜਾਵੈ ॥ ੧** ॥ [੩੩੬]-੧-੭

**ਪਦ ਅਰਥ**:--ਦਹੈ=ਸਾੜਦੀ । ਮਗਨੈ=ਗੁੰਮ ਕਰਦੀ, ਲੋਪ ਕਰਦੀ, ਉਡਾ ਲੈ ਜਾਂਦੀ । ਤਸਕਰ=ਚੋਰ । ਨੇਰਿ=ਨੇੜੇ । ਸੰਚਉਨੀ ਕਰਿ=ਇਕੱਠਾ ਕਰ, ਜੋੜ। ਕਤਹੀ=ਕਿਤੇ ਵੀ । ੧ ।

੯੮- **ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ ॥**
**ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥ ੩ ॥**[੭੩੪]-੧-੧੨

੯੯- **ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥**
**ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥ ੧ ॥ ਰਹਾਉ ॥**[੮੦੮]-੨-੩੨

੧੦੦- **ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹਦਿਸ ਤਿਆਗੈ ॥**
**ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥ ੧ ॥**[੯੦੦]-੪੩-੫੪

੧੦੧- **ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨਿ ਮਿਲਿ ਜੀਆ ॥**
**ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥ ੪ ॥**[੧੦੨੬]-੧-੭

੧੦੨- **ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ**
**ਸੋ ਦਸਵਾ ਗੁਪਤੁ ਰਹਾਤਾ ਹੇ ॥ ੪ ॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ**
**ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥ ੫ ॥ [੫ ॥**[੧੦੩੧]-੫-੧੧

੧੦੩- **ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥**
**ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲਨਿਧਿ ਪਾਇਦਾ ॥ ੪ ॥**[੧੦੩੩]-੧-੧੩

੧੦੪- **ਕਲਾ ਉਪਾਇ ਧਰੀ ਜਿਨਿ ਧਰਣਾ ॥ ਗਗਨੁ ਰਹਾਇਆ ਹੁਕਮੇ ਚਰਣਾ ॥**
**ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ ॥ ੧ ॥**[੧੦੭੧]-੧

### (ਅ) ਸਰੀਰ ਦੇ ਨਿੱਘ ਰੂਪ ਅਗਨੀ-

੧੦੫- **ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥**
**ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥ ੨ ॥** [੬੬੧]-੩-੫

੧੦੬- **ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥**
**ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥ ੧ ॥** [੭੦੬]-੨

**ਅਰਥ**:--ਜੋ ਪਰਮਾਤਮਾ ਜੀਵਾਂ ਦੀ ਬਣਤਰ ਬਣਾਉਂਦਾ ਹੈ ਤੇ ਉਨ੍ਹਾਂ ਨੂੰ ਮਾਂ ਦੇ ਪੇਟ ਵਿਚ ਥਾਂ ਦਿੰਦਾ ਹੈ, ਹੇ ਨਾਨਕ ! ਜੀਵ ਉਸ ਨੂੰ ਹਰੇਕ ਸਾਹ ਨਾਲ ਨਾਲ ਯਾਦ ਕਰਦੇ ਰਹਿੰਦੇ ਹਨ ਤੇ (ਮਾਂ ਦੇ ਪੇਟ ਦੀ) ਵਡੀ (ਭਿਆਨਕ) ਅੱਗ ਉਨ੍ਹਾਂ ਦਾ ਨਾਸ ਨਹੀਂ ਕਰ ਸਕਦੀ । ੧ ।

੧੦੭- **ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ ਮੰਝਾਰਾ ॥**
**ਸੋ ਐਸਾ ਹਰਿ ਸੇਵਹੁ ਮੇਰੇ ਮਨ ਹਰਿ ਅੰਤਿ ਛਡਾਵਣਹਾਰਾ ॥ ੧ ॥**[੭੨੦]-੫

੧੦੮- **ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥ ਉਰਧ ਮੁਖੁ ਕੁਚੀਲ ਬਿਕਲੁ ਨਰਕਿ**
**ਘੋਰ ਗੁਬਾਰਿ ॥ ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ ॥ ਬਿਖਮ ਥਾਨਹੁ ਜਿਨਿ**
**ਰਖਿਆ ਤਿਸੁ ਤਿਲੁ ਨ ਵਿਸਾਰਿ ॥ ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥ ੨ ॥**[੭੦੬]-ਪਉੜੀ

### (ੲ) ਵਕਾਰ-ਰੂਪ ਪੰਜ ਅਗਨੀਆਂ--

੧੦੯- **ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥**
**ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥ ੪ ॥** [੯੦੫]-੫

੧੧੦- **...ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ, ਨਦਰੀ ਨਦਰਿ ਪਿਆਰੇ ॥ ੪੭ ॥** [੯੪੩]

### (ਸ) ਮੌਤ-ਰੂਪ ਅੱਗ

੧੧੧- **ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥**
**ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥ ੩ ॥** [੮੭੬]-੧

**ਪਦ ਅਰਥ**:--**ਮੰਡਲ**=ਜਗਤ, ਦੁਨੀਆ । **ਜੀਵਣੁ ਸਾਜਿਹ**=ਜੀਊਣ ਦੇ ਉਪਰਾਲੇ, ਜੀਊਂਦੇ ਰਹਿਣ ਦੇ ਬਾਨ੍ਹਣੂ ਬੰਨ੍ਹਣੇ । **ਮਾਈ**=ਹੇ ਮਾਂ ! । **ਏਕਿ**=ਅਨੇਕਾਂ ਜੀਵ। **ਚਲੇ**=ਤੁਰੇ ਜਾ ਰਹੇ ਹਨ। ਦੇਖੇਹ=ਅਸੀ ਵੇਖਦੇ ਹਾਂ, ਸਾਡੀਆਂ ਅੱਖਾਂ ਦੇ ਸਾਹਮਣੇ। **ਸੁਆਮੀ**=ਹੇ ਪ੍ਰਭੂ-ਪਤੀ ! **ਭਾਹਿ**=ਅੱਗ । **ਬਲੰਤੀ ਆਹੀ**=ਬਲ ਰਹੀ ਹੈ ।

### (ਹ) ਜੰਗਲ ਦੀ ਅੱਗ

੧੧੨- **ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥**
**ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ ॥ ੨ ॥**[੩੮੪]-੧੨-੫੧

੧੧੩- **ਦਾਵਾ ਅਗਨਿ ਰਹੇ ਹਰਿ ਬੂਟ ॥ ਮਾਤ ਗਰਭ ਸੰਕਟ ਤੇ ਛੂਟ ॥**
**ਜਾ ਕਾ ਨਾਮੁ ਸਿਮਰਤ ਭਉ ਜਾਇ ॥ ਤੈਸੇ ਸੰਤ ਜਨਾ ਰਾਖੈ ਹਰਿ ਰਾਇ ॥ ੧ ॥**[੯੧੪]-੪

### (ਕ) ਹਉਮੈ-ਅੱਗ

੧੧੪- **ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥ ੪੪ ॥** [੯੪੩]

## ਸੰਸਾਰ ਅਗਨ ਸਾਗਰ ?

੧੧੫- **ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥ ਤਾਰੇ ਰਤਨਾਗਰੁ ॥ ੨ ॥** [੩੭੭]-੨੬

੧੧੬- **ਗੁਰ ਕੇ ਚਰਨ ਰਿਦੈ ਉਰਿਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥**
**ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥ ੨ ॥**[੮੬੫]-੧੦-੧੨

### (ਖ) ਮਾਇਆ ਅਗਨੀ

੧੧੭- **ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹ ਚਲਤੁ ਦਿਖਾਇਆ ॥**
**ਗੂੜੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ ੪ ॥**[੬੭੩]-੧

੧੧੮- **ਮਾਇਆ ਅਗਨਿ ਜਲੈ ਸੰਸਾਰੇ ॥ ਗੁਰਮੁਖਿ ਨਿਵਰੈ ਸਬਦਿ ਵਿਚਾਰੇ ॥**
**ਅੰਤਰਿ ਸਾਂਤਿਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥ ੧੦ ॥**[੧੦੪੯]-੧

੧੧੯ - **ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥**
**ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥ ੧੪ ॥**[੧੦੬੦]-੩-੧੭

### (ਗ) ਅਨਲੁ (ਤ੍ਰਿਸ਼ਨਾ ਦੀ ਅੱਗ)

੧੨੦- **ਬੰਧਚਿ ਬੰਧਨੁ ਪਾਇਆ ॥ ਮੁਕਤੇ ਗੁਰਿ ਅਨਲੁ ਬੁਝਾਇਆ ॥**
**ਜਬ ਨਖ ਸਿਖ ਇਹੁ ਮਨੁ ਚੀਨਾ ॥ ਤਬ ਅੰਤਰਿ ਮਜਨੁ ਕੀਨਾ ॥ ੧ ॥**[੯੭੧]-੧-੧੦

**ਅਰਥ**:--(ਮਾਇਆ ਦੇ ਮੋਹ ਤੋਂ) ਮੁਕਤਿ ਗੁਰੂ ਨੇ ਮਾਇਆ ਨੂੰ ਰੋਕ ਪਾ ਦਿੱਤੀ ਹੈ, ਮੇਰੀ ਤ੍ਰਿਸ਼ਨਾ ਦੀ ਅੱਗ ਬੁਝਾ ਦਿੱਤੀ ਹੈ। ਹੁਣ ਜਦੋਂ ਆਪ[ਣੇ ਇਸ ਮਨ ਨੂੰ ਚੰਗੀ ਤਰ੍ਹਾਂ ਵੇਖਦਾ ਹਾਂ, ਤਾਂ ਆਪਣੇ ਅੰਦਰਿ ਹੀ (ਨਮ-ਜਲ ਨਾਲ) ਇਸ਼ਨਾਨ ਕਰਦਾ ਹਾਂ । ੧ ।

## ੩੨

# ਪਾਥਰ, ਪੱਥਰ, ਪਾਹਨ, ਪਾਖਾਣ

ਂ ਸ਼ਾਬਾਸ਼ ਪੱਥਰੋ ਤਰੱਕੀ ਇਸ ਕੋ ਕਹਿਤੇ ਹੈ । ਤਰਾਸ਼ੇ ਨ ਥੇ ਤੋ ਪੱਥਰ, ਜਬ ਤਰਾਸ਼ੇ, ਤੋਂ ਖ਼ੁਦਾ ਠਹਿਰੇ ?

ਉਰਦੂ ਜ਼ਬਾਨ ਦੇ ਕਵੀ ਦੇ ਇਹ ਬੋਲ ਅਸੀਂ ਪੁਸਤਕ ਦੇ ਤੀਜੇ ਭਾਗ ਵਿਚ ਵੀ ਲਿਖੇ ਸਨ। ਓਥੇ ਮੂਰਤੀ ਪੂਜਾ ਬਾਰੇ ਗੁਰਮਤਿ ਵਿਚਾਰ ਅਰੰਭ ਕਰਨੀ ਸੀ। ਕਵੀ ਦਾ ਇਹ ਬਚਨ ਪੂਰਾ ਸੱਚ ਨਹੀਂ ਹੈ, ਕਿ ਪੱਥਰ ਕੇਵਲ ਉਹੀ ਰੱਬ ਬਣ ਬੈਠਾ ਸੀ ਜਿਹੜਾ ਘੜਿਆ ਜਾਂਦਾ ਸੀ । ਜੰਮੂ ਵਿਚਲੇ ਰਘੂਨਾਥ ਮੰਦਰ ਦੀ ਅੱਖੀਂ ਵੇਖੀ ਗੱਲ ਅਸੀਂ ਲਿਖ ਚੁੱਕੇ ਹਾਂ। ਬ੍ਰਾਹਮਣ ਦੀ ਕਿਰਪਾ ਨਾਲ ਹਿੰਦੂਆਂ ਨੇ ਅਨਘੜੇ ਪੱਥਰਾਂ ਦੀ ਪੂਜਾ ਕਰਨੀ ਵੀ ਅਰੰਭੀ ਹੋਈ ਹੈ:--

੧੨੧- **ਮ: ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥**
**ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ੨ ॥** [੫੫੬]-ਵਾ:੨੦

**ਅਰਥ:**--ਹਿੰਦੂ ਉੱਕਾ ਹੀ ਭੁਲ ਕੇ ਔਝੜੇ ਪਏ ਹੋਏ ਹਨ, ਜੋ ਨਾਰਦ ਨੇ ਆਖਿਆ (ਭਾਵ, ਜਿਵੇਂ ਮਨ ਨੇ ਪ੍ਰੇਰਿਆ) ਉਹੀ ਪੂਜਾ ਕਰ ਕਰ ਰਹੇ ਹਨ। ਇਨ੍ਹਾਂ ਅੰਨ੍ਹਿਆਂ ਗੁੰਗਿਆਂ ਵਾਸਤੇ ਹਨੇਰਾ ਘੁਪ ਬਣਿਆ ਪਿਆ ਹੈ, (ਭਾਵ, ਨਾਹ ਇਹ ਸਹੀ ਰਸਤਾ ਵੇਖ ਰਹੇ ਹਨ ਤੇ ਨਾ ਮੂੰਹੋਂ ਪ੍ਰਭੂ ਦੇ ਗੁਣ ਗਾਉਂਦੇ ਹਨ), ਇਹ ਮੂਰਖ ਗਵਾਰ ਪੱਥਰ ਲੈ ਕੇ ਪੂਜ ਰਹੇ ਹਨ। (ਹੇ ਭਾਈ ਜਿਨ੍ਹਾਂ ਪੱਥਰਾਂ ਨੂੰ ਪੂਜਦੇ ਹੋ) ਜਦੋਂ ਉਹ ਆਪ (ਪਾਣੀ ਵਿਚ) ਡੁੱਬ ਜਾਂਦੇ ਹਨ (ਤਾਂ ਉਨ੍ਹਾਂ ਨੂੰ ਪੂਜ ਕੇ) ਤੁਸੀ (ਸੰਸਾਰ ਸਮੁੰਦਰ ਤੋਂ) ਕਿਵੇਂ ਤਰ ਸਕਦੇ ਹੋ ?

ਤੀਜੇ ਭਾਗ ਵਿਚ ਪੂਜਾ ਦਾ ਵਿਸ਼ਾ ਸੀ। ਪਰ ਏਥੇ ਪੱਥਰ ਸ਼ਬਦ ਦੀ ਗੁਰਬਾਣੀ ਵਿਚ ਵਰਤੋਂ ਦੀ ਗੱਲ ਹੈ। ਫਿਰ ਏਥੇ ਉਰਦੂ ਕਵਿਤਾ ਦੀ ਉਪ੍ਰੋਕਤ **ਤੁਕ** ਦੀ ਕੀ ਲੋੜ ? ਓਥੇ ਘਾੜਤ ਤੋਂ **ਪੱਥਰ** ਨੂੰ **ਖੁਦਾ** ਬਣਦਾ ਦਰਸਾਇਆ ਹੈ, ਏਥੇ ਹੁਣ ਅਸਾਂ **ਪੱਥਰ-ਚਿੱਤ-ਮਨੁੱਖ** ਨੂੰ ਗੁਰਮਤਿ ਦੀ ਘਾੜਤ ਨਾਲ **ਰੱਬ** (ਦਾ ਰੂਪ) ਬਣਦਾ ਵੇਖਣਾ ਹੈ। ਪੱਥਰ-ਚਿਤ ਕੌਣ ਹੈ ਅਤੇ ਫਿਰ ਉਹ ਰੱਬ-ਰੂਪ ਕਿਵੇਂ ਬਣ ਗਿਆ ? ਗੁਰਮਤਿ ਦੇ ਇਸ ਸਿਧਾਂਤ ਨੂੰ ਸਮਝਣਾ ਹੈ । ਆਉ ਪਹਿਲਾਂ ਇਹ ਵੇਖ ਲਈਏ ਕਿ ਗੁਰਬਾਣੀ ਵਿਚ ਪੱਥਰ ਪਦ ਕਿਨ੍ਹਾਂ ਕਿਨ੍ਹਾਂ ਅਰਥਾਂ ਵਿਚ ਆਇਆ ਹੈ:--

## (ੳ) ਪੱਥਰ--

੧੨੨-- **ਮੱਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥ ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥.....੧ ॥**[੧੪੩]-ਵਾ-੧੨

**੧੨੩-** **ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥**
**ਪਥਰ ਕੀ ਬੇੜੀ ਜੇ ਚੜੈ ਭਰਨਾਲਿ ਬੁਡਾਵੈ ॥ ੪ ॥**[੪੨੦]-੧੭ **[ਭਰਨਾਲਿ=**ਸਮੁੰਦਰ ਵਿਚ]

੧੨੪- **ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥**
**ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥ ੨ ॥**[੮੩੧]-੩

੧੨੫- ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
**ਸੈਲ ਪਥਰ** ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥[੧੦]-੫

੧੨੬- **..**ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ ॥
ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜਾਂਤਾ ॥ **..** ੨੦ ॥[੬੫੦]-ਵਾਰ

੧੨੭- ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ **ਵਿਚਿ ਪਾਥਰ ਕੀਟ ਪਖਾਣੀ** ਹੇ ॥ ੬ ॥[੧੦੭੦]-੨

੧੨੮- **ਪਾਥਰ ਕਉ ਬਹੁ ਨੀਰੁ ਪਵਾਇਆ** ॥ ਨਹ ਭੀਗੈ ਅਧਿਕ ਸੂਕਾਇਆ ॥ ੨ ॥ [੧੧੩੬-੩੭]-੫

**ਪਾਪ-ਵਿਕਾਰ-ਰੂਪ ਪੱਥਰ**--

੧੨੯- ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ **ਪਥਰ** ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥ **...** ੩ ॥[੫੦੯]-ਵਾਰ

**੧੩੦-** ਹਰਿ ਗੁਣ ਕਹਿ ਨ ਸਕਉ ਬਨਵਾਰੀ ॥ ਹਮ ਪਾਪੀ **ਪਾਥਰ**
**ਨੀਰਿ ਡੁਬਤ** ਕਰਿ ਕਿਰਪਾ ਪਾਖਣ ਹਮ ਤਾਰੀ ॥ ਰਹਾਉ ॥[੬੬੬]-੧

੧੩੧- ....ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ **ਗਲਿ ਪਾਥਰ** ਕੈਸੇ ਤਰੈ ਅਥਾਹ ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥ ੫ ॥[੨੬੭]-੪

**੧੩੨-** ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ ॥
ਅਵਗਨਿਆਰੇ **ਪਾਥਰ ਭਾਰੇ** ਹਰਿ ਤਾਰੇ ਸੰਗਿ ਜਨਖੇ ॥ ੩ ॥ [੯੭੬]-੩

**੧੩੩-** **ਬਿਕਾਰ ਪਾਥਰ ਗਲਹਿ ਬਾਧੇ** ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥ ੨ ॥ [੧੦੦੧]-੧੧

**੧੩੪-** ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ ਕਿਆ ਮੁਹੁ ਲੈ ਬੋਲਹ, ਨਾ ਹਮ ਗੁਣ ਨ ਸੇਵਾ ਸਾਧੀ ॥
**ਡੁਬਦੇ ਪਾਥਰ ਮੇਲਿ ਲੈਹੁ** ਤੁਮ ਆਪੇ, ਸਾਚੁ ਨਾਮੁ ਅਬਿਨਾਸੀ ਹੇ ॥ ੯ ॥[੧੦੪੮]-੫

**੧੩੫-** ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ **ਪਾਥਰੁ ਸੈਲੁ** ਨ ਭੀਜੈ ॥
ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥ ੧੨ ॥ [੧੦੨੮]-੩-੯

## ਹੇ ਪ੍ਰਭੂ ! ਪੱਥਰ ਬਣ ਚੁੱਕੇ ਮਨ ਵਾਲੇ ਦੀ ਮੇਰੀ ਬਹੁੜੀ ਕਰੋ--

੧੩੬- ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ **ਡੁਬਦਾ ਪਥਰੁ** ਲੀਜੈ ॥ ੪ ॥[੫੯੬]-੪

੧੩੭- ਹਰਿ ਦਇਆ ਪ੍ਰਭ ਧਾਰਹੁ **ਪਾਖਣ** ਹਮ ਤਾਰਹੁ, ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥ ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ॥ ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥ ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ॥ ਹਰਿ ਦਇਆ ਪ੍ਰਭ ਧਾਰਹੁ **ਪਾਖਣ ਹਮ ਤਾਰਹੁ** ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥[੪੪੬]-੫-੧੨

੧੩੮- ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ ਪ੍ਰਭ ਤਾਸ ॥
ਅਵਗਨੀਆਰੇ **ਪਾਥਰ ਭਾਰੇ** ਸਤ ਸੰਗਤਿ ਮਿਲਿ ਤਰੇ ਤਰਾਸ ॥ ੩ ॥[੧੨੯੫]-੩

੧੩੯- ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥ ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥ ਪਸੂ ਪਰੇਤ ਮੁਗਧ ਕਉ ਤਾਰੇ **ਪਾਹਨ ਪਾਰਿ ਉਤਾਰੈ** ॥ ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥ ੪ ॥[੮੦੨]-੧-੪

**ਅਰਥ**:--ਸਭ ਤੋਂ ਉੱਚੇ, ਅਪਾਰ ਅਤੇ ਬੇਅੰਤ ਮਾਲਕ-ਪ੍ਰਭੂ ! ਕੋਈ ਵੀ ਮਨੁੱਖ ਤੇਰੇ (ਸਾਰੇ) ਗੁਣ ਨਹੀਂ ਜਾਣ ਸਕਦਾ। ਜਿਹੜੇ ਮਨੁੱਖ (ਤੇਰੇ ਗੁਣ) ਗਾਉਂਦੇ ਹਨ, ਉਹ ਵਿਕਾਰਾਂ ਤੋਂ ਬਚ ਨਿਕਲਦੇ ਹਨ। ਜਿਹੜੇ ਮਨੁੱਖ (ਤੇਰੀਆਂ ਸਿਫ਼ਤਾਂ) ਸੁਣਦੇ ਹਨ, ਉਨ੍ਹਾਂ ਦੇ ਅਨੇਕਾਂ ਪਾਪ ਨਾਸ ਹੋ ਜਾਂਦੇ ਹਨ। ਹੇ ਭਾਈ ! ਪਰਮਾਤਮਾ ਪਸ਼ੂ-ਸੁਭਾਵ ਬੰਦਿਆਂ ਨੂੰ, ਅਤੇ ਮਹਾਂ ਮੂਰਖਾਂ ਨੂੰ (ਸੰਸਾਰ- ਸਮੁੰਦਰ ਤੋਂ) ਤਾਰ ਦਿੰਦਾ ਹੈ, ਬੜੇ ਬੜੇ ਕਠੋਰ-ਚਿੱਤ ਮਨੁਖਾਂ ਨੂੰ ਪਾਰ ਲੰਘਾ ਲੈਂਦਾ ਹੈ। ਹੇ ਪ੍ਰਭੂ ! ਤੇਰੇ ਦਾਸ ਤੇਰੀ ਸਰਨ ਪਏ ਰਹਿੰਦੇ ਹਨ, ਅਤੇ ਸਦਾ ਹੀ ਤੈਥੋਂ ਸਦਕੇ ਹੁੰਦੇ ਹਨ। ੪ ।

**੧੪੦-** ਰਾਮ **ਹਮ ਪਾਥਰ** ਨਿਰਗੁਨੀਆਰੇ ॥ ਕ੍ਰਿਪਾ ਕ੍ਰਿਪਾ ਕਰਿ
ਗੁਰੂ ਮਿਲਾਏ **ਹਮ ਪਾਹਨ** ਸਬਦਿ ਗੁਰ ਤਾਰੇ ॥ ੧ ॥ ਰਹਾਉ ॥[੯੮੧]-੨

੧੪੧- ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥
ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ **ਪਾਖਾਣੁ** ਹਰਿਓ ਮਨੁ ਮੂੜਾ ॥ ੪ ॥[੬੯੮]-੬

**ਅਰਥ**:--ਹੇ ਪ੍ਰਭੂ ! ਹੇ ਹਰੀ ! ਮੈਨੂੰ ਗੁਰੂ ਮਿਲਾ, ਮੈਨੂੰ ਗੁਰੂ ਮਿਲਾ, ਮੈ ਗੁਰੂ ਦੇ ਸੇਵਕਾਂ ਦਾ ਨਿਮਾਣਾ ਦਾਸ ਹਾਂ । (ਦਾਸ ਨਾਨਕ -) ਜਿਸ ਮਨੁੱਖ ਦੇ ਅੰਦਰ ਗੁਰੂ ਦੇ ਚੇਨਾਂ ਦਾ ਪਿਆਰ ਬਣ ਜਾਂਦਾ ਹੈ, ਗੁਰੂ ਨੂੰ ਮਿਲ ਕੇ ਉਸ ਦਾ ਮੂਰਖ ਅਭਿੱਜ ਮਨ ਹਰਾ ਹੋ ਜਾਂਦਾ ਹੈ। ੪ ।

੧੪੨- **ਹਮ ਪਾਥਰ** ਲੋਹ ਲੋਹ **ਬਡ ਪਾਥਰ** ਗੁਰ ਸੰਗਤਿ ਨਾਵ ਤਰਾਵੈਗੋ ॥
ਜਿਉ ਸਤ ਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥ ੪ ॥[੧੩੦੯]-੩

**੧੪੩-** ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤੁ ਰਸੁ ਪਾਇਆ ॥ ਬਿਸੀਅਰੁ ਮੰਤ੍ਰਿ ਬਹੁ ਦੂਧੁ ਪੀਆਇਆ ॥ ਮਨਮੁਖੁ ਅਭਿੰਨੁ ਨ ਭਿਜਈ **ਪਥਰੁ** ਨਾਵਾਇਆ ॥ ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ **ਫਲੁ** ਪਾਇਆ ॥ ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥ ੧੬ ॥[੧੨੪੪]-ਵਾਰ

## ੩੩

# ਧਾਤ ਨੂੰ ਸੋਨਾ ਬਣਾ ਦੇਣ ਵਾਲਾ ਕਥਿਤ ' ਪਾਰਸ '

ਕਾਮਧੇਨ, ਪਾਰਜਾਤ ਆਦਿ ਰੁਖਾਂ ਦੇ ਜਨਮ ਦਾਤਾ ਬ੍ਰਾਹਮਣ ਜੀ ਦੀ ਪਰਚਾਰ-ਵਿਧੀ ਦੁਆਰਾ ਇੱਕ ਅਜੇਹੇ ਖਿਆਲੀ ਪੱਥਰ ਦੀ ਗੱਲ ਆਮ ਭਾਰਤੀ ਲੋਕਾਂ ਵਿਚ ਵੀ ਬੜੀ ਪਰਚਲਤ ਹੋ ਚੁੱਕੀ ਸੀ, ਜਿਸ ਦੀ ਛੋਹ ਨਾਲ ਲੋਹਾ ਆਦਿਕ ਧਾਤ ਸੋਨਾ ਬਣ ਜਾਣ ਦਾ ਭਰਮ ਸੱਚ ਦਾ ਰੂਪ ਧਾਰ ਚੁੱਕਾ ਸੀ । ਪੁਰਾਤਨ ਬਿੱਪ੍ਰ ਜੀ ਦੇ ਲਿਖੇ ਗ੍ਰੰਥਾਂ ਵਿਚ ਉਸ ਅਦਭੁਤ ਖ਼ਿਆਲੀ ਪੱਥਰ ਦਾ ਨਾਮ **' ਪਾਰਸ ' ਲਿਖਿਆ ਮਿਲਦਾ ਹੈ। ਸਤਿਗੁਰਾਂ ਨੇ ਉਸੇ ਪਾਰਸ ਤੋਂ ਸੋਨਾ ਬਣਨ ਦੇ ਝੂਠ-ਭਰਮ ਨੂੰ ਸਾਖ਼ਸ਼ਾਤ ਸਚਾਈ ਸਮਝਾਉਣ ਲਈ ਵਰਤਿਆ ਹੈ**:--

**੧੪੪-** ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥**ਪਾਰਸਿ ਭੇਟਿਐ ਕੰਚਨੁ ਭਇਆ**
ਕੀਮਤਿ ਕਹੀ ਨ ਜਾਇ ॥ ੧੦ ॥ ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥ ੧੧ ॥ ੧ ॥[ਪੰਨਾ-੧੩੪੬]

**[ਨੋਟ**:--**ਇਸ ਪਾਵਨ ਗੁਰੂ ਸ਼ਬਦ ਦੀਆਂ ਪਹਿਲੀਆਂ ੯ ਤੁਕਾਂ ਅੱਗੇ ਏਸੇ ਪੁਸਤਕ ਦੇ ਚੌਥੇ ਕਾਂਡ ਦੇ ੯੩ ਨੰਬਰ ਤੇ ਅਰਥਾਂ ਸਮੇਤ ਲਿਖੀਆਂ ਹੋਈਆਂ ਹਨ]**

**ਅਰਥ**:--ਹੇ ਭਾਈ ! (ਜਿਹੜਾ ਮਨੁੱਖ) ਮਾਇਆ ਦੇ ਮੋਹ ਵਿਚ (ਫਸ ਕੇ ਆਤਮਕ ਜੀਵਨ ਦੀ ਰਾਸ-ਪੂੰਜੀ) ਲੁਟਾ ਬੈਠਦਾ ਹੈ, (ਉਸ ਦਾ) ਮਨ ਇਸ ਸਰੀਰ ਹਰਿ-ਮੰਦਰ ਵਿਚ ਲੋਹਾ (ਹੀ ਬਣਿਆਂ ਰਹਿੰਦਾ) ਹੈ। (ਪਰ, ਹਾਂ) ਜੇ ਉਸ ਨੂੰ ਗੁਰੂ-ਪਾਰਸ ਮਿਲ ਪਏ ( ਤਾਂ ਜੰਗਾਲੇ ਹੋਏ ਲੋਹੇ ਵਰਗਾ ਨਿਕੰਮਾ ਬਣਿਆਂ ਉਸ ਦਾ ਮਨ) ਸੋਨਾ ਹੋ ਜਾਂਦਾ ਹੈ (ਫਿਰ ਉਹ ਏਡੇ ਉੱਚੇ ਜੀਵਨ ਵਾਲਾ ਹੋ ਜਾਂਦਾ ਹੈ ਕਿ ਉਸ ਦਾ) ਮੁੱਲ ਨਹੀਂ ਦੱਸਿਆ ਜਾ ਸਕਦਾ । ੧੦ । (ਇਸ ਸਰੀਰ ਹਰਿ-ਮੰਦਰ ਵਿਚ ਪਰਮਾਤਮਾ (ਆਪ) ਵੱਸਦਾ ਹੈ । ਉਹੀ ਪਰਮਾਤਮਾ ਸਭ ਜੀਵਾਂ ਵਿਚ ਇਕ-ਰਸ ਵੱਸ ਰਿਹਾ ਹੈ । ਹੇ ਨਾਨਕ ! (ਸਰਬ-ਨਿਵਾਸੀ ਪ੍ਰਭੂ ਦੇ ਨਾਮ ਦਾ ਸੌਦਾ) ਗੁਰੂ ਦੀ ਰਾਹੀਂ ਵਣਜਿਆ ਜਾ ਸਕਦਾ ਹੈ। ਇਹ ਸੌਦਾ ਕਾਇਮ ਰਹਿਣ ਵਾਲਾ ਵੱਖਰ ਹੈ । ੧੧ ।

੧੪੫- **ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥**
**ਪਾਰਸੁ ਜਬੁ ਭੇਟੈ ਗੁਰੁ ਪੂਰਾ , ਤਾ ਪਾਰਸੁ ਪਰਸਿ ਦਿਖਾਇਣਾ** ॥ ੭ ॥ [੧੦੭੮]-**੨-੭**

**ਅਰਥ:**--ਹੇ ਪਿਆਰੇ ਮਨ ! ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਕਮਾਦਿਕ ਪੰਜੇ ਵਿਸ਼ੇ ਮਰ ਜਾਂਦੇ ਹਨ (ਭਵ, ਕਾਮ ਕ੍ਰੋਧ ਲੋਭ ਆਦਿ ਪੰਜੇ ਵਿਕਾਰ ਕਾਬੂ ਵਿਚ ਆ ਜਾਂਦੇ ਹਨ, ਮਨ ਇਨ੍ਹਾਂ ਦੇ ਪਿੱਛੇ ਭਕਣ ਦੀ ਖ਼ੁਆਰੀ ਤੋਂ ਬਚਿਆ ਰਹਿੰਦਾ ਹੈ),(ਗੁਰੂ ਦੇ ਸ਼ਬਦ-ਗਿਆਨ ਦੇ ਰਾਹੀਂ) ਪਰਮਾਤਮਾ ਦੇ ਡਰ-ਅਦਬ ਵਿਚ ਰਹਿ ਕੇ ਤੂੰ ਪਵਿੱਤਰ ਹੋ ਜੇਏਂਗਾ । (ਹੇ ਮਨ ! ਗੁਰੂ ਹੀ) ਪਾਰਸ ਹੈ। ਜਦੋਂ ਪੂਰਾ ਗੁਰੂ-ਪਾਰਸ ਮਿਲ ਪਏ ਤਾਂ ਉਸ ਪਾਰਸ ਨੂੰ ਛੁਹਿਆਂ (ਪਰਮਾਤਮਾ ਹਰ ਥਾਂ) ਦਿੱਸ ਪੈਂਦਾ ਹੈ । ੭ ।

੧੪੬- **ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥ [੧੧੬੭]-੧**

**ਅਰਥ:**--ਜਦੋਂ ਕੋਈ ਮਨੁੱਖ ਪਰਮਾਤਮਾ ਦਾ ਨਾਮ ਸਿਮਰਦਾ ਹੈ ਤਾਂ ਉਸ ਦਾ ਮਨ ਪ੍ਰਭੂ ਵਿਚ ਪਰਚ ਜਾਂਦਾ ਹੈ, ਜਦੋਂ ਪਾਰਸ-ਪ੍ਰਭੂ ਨੂੰ ਉਹ ਛੁਹੰਦਾ ਹੈ (ਉਹ, ਮਾਨੋ, ਸੋਨਾ ਬਣ ਜਾਂਦਾ ਹੈ), ਤੇ ਉਸ ਦੀ ਮੇਰ-ਤੇਰ (ਰੂਪੀ ਦੁਬਿਧਾ) ਮੁੱਕ ਜਾਂਦੀ ਹੈ । ੧ । ਰਹਾਉ ।

੧੪੭- **ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ ੩ ॥** [੪੮੧]-੭-੨੦

**ਅਰਥ:**--ਇਹ ਚੰਗੇ-ਮੰਦੇ ਕੰਮ ਦੀ ਪਰਖ ਕਰਨ ਵਾਲੀ ਅਕਲ ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) -ਸੰਗਤਿ ਵਿਚ ਬੈਠਿਆਂ ਹੀ ਆਉਣੀ ਹੈ, (ਭਾਵ, ਗੁਰਬਾਣੀ ਸ਼ਬਦ-ਵਿਚਾਰ ਵਿਚ ਜੁੜ ਬੈਠਣਾ ਅਤੇ ਗੁਰਮਤਿ ਗਿਆਨ ਅਨੁਸਾਰ ਜੀਵਨ ਢਾਲ ਲੈਣ ਨਾਲ ਹੀ ਕਪਾਟ ਖੁਲ੍ਹਦੇ ਹਨ, ਅਤੇ ਬੁਧ-ਪ੍ਰਗਾਸ਼ ਹੁੰਦੀ ਹੈ) । ਜਿਵੇਂ ਪਾਰਸ ਨੂੰ ਛੋਹ ਕੇ ਲੋਹਾ ਵੀ ਸੋਨਾ ਹੋ ਜਾਂਦਾ ਹੈ । ੩ ।

੧੪੮- **ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ ॥**

**ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥ ੬ ॥** [੫੦੫]-੪

**ਅਰਥ:**--ਦਇਆ ਦਾ ਸੋਮਾ ਪਰਮਾਤਮਾ, (ਸਭ ਜੀਵਾਂ ਤੇ) ਸਦਾ ਦਇਆ ਕਰਦਾ ਹੈ। ਜਿਹੜਾ ਮਨੁੱਖ ਗੁਰੂ ਦੀ ਮਤਿ ਲੈ ਕੇ ਉਸ ਨੂੰ ਸਿਮਰਦਾ ਹੈ, ਪ੍ਰਭੂ ਉਸ ਦੀ ਭਟਕਣਾ ਮਿਟਾ ਦਿੰਦਾ ਹੈ। ਜਿਵੇਂ (ਲੋਹਾ ਆਦਿਕ) ਧਾਤ ਪਾਰਸ ਨੂੰ ਛੁਹ ਕੇ ਸੋਨਾ ਬਣ ਜਾਂਦੀ ਹੈ ਤਿਵੇਂ ਸਾਧ (ਗੁਰੂ ਦੀ) ਸੰਗਤਿ ਵਿਚ ਵੀ ਏਹੀ ਬਰਕਤਿ ਹੈ । ੬ ।

੧੪੯- **ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥**

**ਗਗਨਿ ਨਿਵਾਸਿ ਸਮਾਧਿ ਲਗਾਵੈ ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥ ੨ ॥** [੪੧੧]-੧

**ਅਰਥ:**-- ਜਿਸ ਮਨੁੱਖ ਨੇ ਸਦਾ-ਥਿਰ ਪ੍ਰਭੂ (ਦੇ ਨਾਮ) ਨੂੰ ਆਪਣਾ ਨਿੱਤ ਦਾ ਪ੍ਰਣ ਬਣਾ ਲਿਆ ਹੈ, ਨਿੱਤ ਦੀ ਕਾਰ ਬਣਾ ਲਿਆ ਹੈ, ਉਸ ਨੂੰ ਮੌਤ ਦਾ ਸਹਸਾ ਨਹੀਂ ਸਤਾਉਂਦਾ (ਆਤਮਕ ਮੌਤ ਦਾ ਖ਼ਤਰਾ ਨਹੀਂ ਰਹਿੰਦਾ), ਗੁਰੂ ਦੇ ਸ਼ਬਦ-ਗਿਆਨ ਵਿਚ ਜੁੜ ਕੇ ਉਹ (ਆਪਣੇ ਅੰਦਰੋਂ) ਕ੍ਰੋਧ ਸਾੜ ਲੈਂਦਾ ਹੈ, **ਉੱਚੇ ਆਤਮਕ ਮੰਡਲ** (=ਗਗਨਿ) ਵਿਚ ਨਿਵਾਸ ਦੀ ਰਾਹੀਂ ਉਹ ਪ੍ਰਭੂ-ਚਰਨਾਂ ਵਿਚ ਜੁੜਿਆ ਰਹਿੰਦਾ ਹੈ (ਸਮਾਧੀ ਲਾਈ ਰੱਖਦਾ ਹੈ) । (ਗੁਰੂ) ਪਾਰਸ (ਦੇ ਚਰਨਾਂ) ਨੂੰ ਛੁਹ ਕੇ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ । ੨ ।

੧੫੦- **ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭਸੰਸਾਰ ॥**

**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫ ॥ [੩੪੬]-੧**

**ਅਰਥ:**--ਸਾਰਾ ਸੰਸਾਰ ਇਹ ਗੱਲ ਜਾਣਦਾ ਹੈ ਕਿ ਸੂਰਜ ਦੇ ਚੜ੍ਹਿਆਂ ਕਿਵੇਂ ਰਾਤ (ਦਾ ਹਨੇਰਾ) ਦੂਰ ਹੋ ਜਾਂਦਾ ਹੈ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਤਾਂਬੇ ਦੇ ਪਾਰਸ ਨਾਲ ਛੁਹੰਦਿਆਂ ਉਸ ਦੇ ਸੋਨਾ ਬਣਨ ਵਿਚ ਚਿਰ ਨਹੀਂ ਲੱਗਦਾ । ੫ ।

**ਪਾਰਸ ਬਾਰੇ** ਕਿਸੇ ਗ੍ਰੰਥ ਵਿਚ ਇਹ ਲਿਖਿਆ ਨਹੀਂ ਮਿਲਦਾ ਕਿ ਉਹ ਕਿਸੇ ਦੂਜੀ ਧਾਤ ਨੂੰ ਵੀ ਆਪਣੇ ਜਿਹਾ ਪਾਰਸ ਬਣਾ ਸਕਦਾ ਹੈ, ਪਰ ਆਉ ਆਪਣੇ ਸਤਿਗੁਰੂ-ਪਾਰਸ ਜੀ ਦੇ ਬਚਨ ਇਕਾਗਰਤਾ ਨਾਲ ਸਮਝ ਕੇ ਸਤਿਗੁਰਾਂ ਦੀ ਨਿਆਰੀ ਵਡਿਆਈ ਤੋਂ ਜਾਣੂੰ ਹੋਈਏ:--

**੧੫੧--** **ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥**

**ਪਾਰਸੁ ਭੇਟਿ ਭਏ ਸੇ ਪਾਰਸ** ਨਾਨਕ ਹਰਿ ਗੁਰ ਸੰਗਿ ਥੀਏ **॥ ੪ ॥ [੧੧੭੨]-੪-੧੨**

**ਅਰਥ:**--ਗੁਰੂ ਦੀ ਸਰਨ ਪੈ ਕੇ (ਭਾਵ, ਸਤਿਗੁਰਾਂ ਦੀ ਮਤਿ ਅਨੁਸਾਰ ਜੀਵਨ ਢਾਲ ਲੈਣ ਨਾਲ) ਜਿਨ੍ਹਾਂ ਬੰਦਿਆਂ ਨੂੰ ਹਿਰਦੇ-ਤਖ਼ਤ ਤੇ ਬੈਠੇ ਰਹਿਣ ਦੀ (ਭਾਵ, ਮਾਇਆ ਦੇ ਪਿੱਛੇ ਭਟਕਣ ਤੋਂ ਬਚੇ ਰਹਿਣ ਦੀ) ਇੱਜ਼ਤ ਮਿਲਦੀ ਹੈ, ਉਨ੍ਹਾਂ ਨੂੰ ਪਰਮਾਤਮਾ ਜਗਤ ਵਿਚ ਉੱਘਾ ਕਰ ਦਿੰਦਾ ਹੈ। ਹੇ ਨਾਨਕ ! ਗੁਰੂ ਪਾਰਸ ਨੂੰ ਮਿਲ ਕੇ ਉਹ ਆਪ ਵੀ ਪਾਰਸ ਹੋ ਜਾਂਦੇ ਹਨ (ਉਨ੍ਹਾਂ ਦੇ ਅੰਦਰ ਵੀ ਇਹ ਸਮਰੱਥਾ ਆ ਜਾਂਦੀ ਹੈ ਕਿ ਮਾਇਆ-ਗ੍ਰਸੇ ਮਨਾਂ ਨੂੰ ਪ੍ਰਭੂ-ਚਰਨਾਂ ਵਿਚ ਜੋੜ ਸਕਣ), ਉਹ ਬੰਦੇ ਸਦਾ ਲਈ ਪਰਮਾਤਮਾ ਤੇ ਗੁਰੂ ਦੇ ਸਾਥੀ ਬਣ ਜਾਂਦੇ ਹਨ (ਉਨ੍ਹਾਂ ਦੀ ਸੁਰਤਿ ਸਦਾ ਸਤਿਗੁਰੂ-ਪ੍ਰਭੂ ਜੀ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ) । ੪ ।

੧੫੨- **ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ**

**ਮਿਲੈ ਸੇਵਾ ਪਵੈ ਸਭ ਥਾਇ ॥ ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥**

**ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥ ੪ ॥**[੨੭]-੩-੩੬

**ਅਰਥ:**--ਗੁਰੂ ਦੀ ਸੇਵਾ ਬੜੀ ਔਖੀ ਹੈ, ਆਪਾ ਭਾਵ ਗੁਆ ਕੇ ਸਿਰ ਦੇਣਾ ਪੈਂਦਾ ਹੈ। ਫਿਰ ਜਦੋਂ (ਅਜੇਹੇ ਤਿਆਗੀ ਸੇਵਕ) ਗੁਰੂ ਦੇ ਸ਼ਬਦ (-ਗਿਆਨ ਅਨੁਸਾਰ ਆਪਣਾ ਜੀਵਨ ਬਨਾਉਣ) ਵਿਚ ਜੁੱਟਦੇ ਹਨ ਤਾਂ ਉਨ੍ਹਾਂ ਦੀ ਸੇਵਾ ਕਬੂਲ ਹੁੰਦੀ ਹੈ ਅਤੇ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ (ਉਨ੍ਹਾਂ ਦੇ ਹਿਰਦੇ ਘਰ ਵਿਚ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ) । (ਗੁਰੂ-) ਪਾਰਸ ਨੂੰ ਮਿਲਿਆਂ ਪਾਰਸ ਹੀ ਹੋ ਜਾਈਦਾ ਹੈ (ਸਤਿਗੁਰੂ ਜੀ ਦੀ ਸਹਾਇਤਾ ਨਾਲ) ਪਰਮਾਤਮਾ ਦੀ ਜੋਤਿ ਵਿਚ (ਅਜੇਹੇ ਸੇਵਕ) ਮਨੁੱਖ ਦੀ ਜੋਤਿ ਮਿਲ ਜਾਂਦੀ ਹੈ। ਪਰ ਗੁਰੂ ਵੀ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ (ਬਖ਼ਸ਼ਸ਼ ਦਾ ਲੇਖ) ਲਿਖਿਆ ਹੁੰਦਾ ਹੋਵੇ । ੪ ।

**ਸ੍ਰੀ ਰਾਗ ਵਿਚਲੇ ਇਸ ਪਾਵਨ ਗੁਰੂ ਫ਼ੁਰਮਾਨ ਤੋਂ ਥੋਹੜੇ ਜਿਹੇ ਫ਼ਰਕ ਨਾਲ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਹੀ,** ਇਕ ਸਲੋਕ ਸੋਰਠ ਮਹਲਾ ੪ ਦੀ ੧੯ਵੀਂ ਪਉੜੀ ਨਾਲ ਲਿਖਿਆ, ਇਸ ਪ੍ਰਕਾਰ ਹੈ:--

**੧੫੩-** **ਸਤਿਗੁਰ ਕੀ ਸੇਵਾ ਗਾਖੜੀ ਸਿਰ ਦੀਜੈ ਆਪੁ ਗਵਾਇ ॥ ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਥਾਇ ॥**

**ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ॥ ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ**

**ਆਇ ॥ ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ ॥ ੧ ॥**[੬੪੯]-ਵਾ-੧੯

**ਏਵੇਂ ਹੀ:--**

੧੫੪- **ਪਾਰਸ ਪਰਸੇ ਫਿਰਿ ਪਾਰਸੁ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ ॥ ੨ ॥**[੯੧੧]-੪-੧੩

**ਅਰਥ**:--ਜਿਸ ਮਨੁੱਖ ਉਤੇ ਪ੍ਰਭੂ ਆਪਣੀ ਕਿਰਪਾ ਕਰਦੇ ਹਨ, ਉਹ ਮਨੁੱਖ-ਪਾਰਸ ਨੂੰ ਛੁਹ ਕੇ ਆਪ ਵੀ ਪਾਰਸ ਬਣ ਜਾਂਦਾ ਹੈ । ੨ ।

ਬਾਬਾ ਲਹਿਣਾ ਜੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ, ਨੌਂ ਦੇ ਨੌਂ ਗੁਰਸਿੱਖ, ਪਾਰਸ ਸਤਿਗੁਰਾਂ ਨਾਨਕ ਜੀ ਦੀ ਛੋਹ ਨਾਲ ਉਸੇ ਤਰ੍ਹਾਂ ਦੇ **ਸਤਿਗੁਰੂ-ਪਾਰਸ** ਬਣਦੇ ਰਹੇ ਸਨ, ਜਿਨਹਾਂ ਦੀ ਛੋਹ ਨਾਲ ਕਈ ਗੁਰਸਿੱਖਾਂ ਦੀ **ਆਤਮਕ ਅਵਸਥਾ** ਅਥਵਾ **ਜੀਵਨ**, ਪਾਰਸ ਬਣਦਾ ਰਿਹਾ:--

੧੫੫- **ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਯ੍ਯਉ**
**ਅਛਰੁ ਮਸਤਕਿ ਧੁਰਿ ॥ ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ॥ਪਾਰਸੁ**
**ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥ ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ**
**ਚਿਤੁ ਸਨਮੁਖ ਰਹਹੁ ॥ ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਟਿ ਲਗਿ ਬਿਤਰਹੁ ॥੨॥[੧੪੦੮]**

**ਅਰਥ**--(ਗੁਰੂ ਅਰਜਨ ਦੇਵ ਜੀ ਨੇ) ਸਤ ਸੰਤੋਖ ਹਿਰਦੇ ਵਿਚ ਧਾਰਨ ਕੀਤਾ ਹੈ, ਤੇ ਉਸ ਹਰੀ ਨੂੰ ਆਪਣੇ ਅੰਦਰ ਟਿਕਾਇਆ ਹੈ ਜਿਸ ਦਾ ਰੂਪ ਸਤਿ ਹੈ ਤੇ ਨਾਮ ਸਦਾ-ਥਿਰ ਹੈ। ਪਰਤੱਖ ਤੌਰ ਤੇ ਅਕਾਲ ਪੁਰਖ ਨੇ ਧੁਰੋਂ ਹੀ ਆਪ ਦੇ ਮੱਥੇ ਤੇ ਲੇਖ ਲਿਖਿਆ ਹੈ। (ਆਪ ਦੇ ਅੰਦਰ) ਪਰਗਟ ਤੌਰ ਤੇ (ਹਰੀ ਦੀ) ਜੋਤਿ ਜਗਮਗ ਜਗਮਗ ਕਰ ਰਹੀ ਹੈਮ (ਆਪ ਦਾ) ਤੇਜ ਧਰਤੀ ਉਤੇ ਛਾਇਆ ਹੋਇਆ ਹੈ। **ਪਾਰਸ ਗੁਰੂ ਨੂੰ ਪਰਸਣ-ਜੋਗ** (ਗੁਰੂ ) ਨੂੰ ਛੁਹ ਕੇ (ਆਪ) ਗੁਰੂ ਤੋਂ ਗੁਰੂ ਅਖਵਾਏ । ਹੇ ਮਥੁਰਾ ! ਆਖ--(ਗੁਰੂ ਅਰਜੁਨ ਦੇਵ ਜੀ ਦੇ) ਸਰੂਪ ਵਿਚ ਮਨ ਭਲੀ ਪ੍ਰਕਾਰ ਜੋੜ ਕੇ ਸਨਮੁਖ ਰਹੁ । ਗੁਰੂ ਅਰਜੁਨ ਕਲਜੁਗ ਵਿਚ ਜਹਾਜ਼ ਹੈ। ਹੇ ਦੁਨੀਆ ਦੇ ਲੋਕੋ ! ਉਸ ਦੀ ਚਰਨੀਂ ਲੱਗ ਕੇ (ਸੰਸਾਰ-ਸਾਗਰ) ਤੋਂ ਸਹੀ ਸਲਾਮਤ ਪਾਰ ਲੰਘੋ । ੨ ।

੧੫੬- **ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥ ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ**
**ਜੀਉ ॥ ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥ ਪਾਰਸਿ ਪਰਸਿਐ**
**ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥ ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ**
**ਵੀਚਾਰੀ ॥ ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥ ੪ ॥** [੬੮੮]-੨

## ੩੪

# ਫਲ ਕਾਰਨ ਫੂਲੀ ਬਨਰਾਇ ॥

ਸੰਸਾਰ ਬਗੀਚੇ ਵਿਚ ਕਿਹੋ ਜਿਹੇ ਫੁਲ ਅਤੇ ਫਲ ਲੱਗਦੇ ਹਨ ? ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਨਾਲ ਇਸ ਪੱਖ ਦੇ ਦਰਸ਼ਨ ਵੀ ਕਰ ਲਈਏ:--

### (ੳ) ਬਨਸਪਤੀ ਦੇ ਫੁੱਲਾਂ ਫਲਾਂ ਤੋਂ ਗੁਰਮਤਿ-ਉਪਦੇਸ਼---

੧੫੭- ਬਨਸਪਤਿ ਮਉਲੀ ਫਲ ਫੁਲ ਪੇਡੇ ॥ ਇਹ ਰਸ ਰਾਤੀ ਬਹੁਰਿ ਨ ਛੋਡੇ ॥
**ਆਨ ਨ ਰਸ ਕਸ ਲਵੈ ਲਾਈ ॥ ਕਹੁ ਨਾਨਕ ਗੁਰ ਭਏ ਹੈ ਸਹਾਈ ॥ ੪ ॥**[੧੯੦]-੧੫-੮੪

ਅਰਥ:--(ਪਰਮਾਤਮਾ ਦੀ ਕੁਦਰਤਿ ਵਿਚ ਦਿਲ ਲੁਭਾਉਣੀ) ਬਨਾਸਪਤਿ ਖਿੜੀ ਰਹਿੰਦੀ ਹੈ, ਰੁੱਖਾਂ ਬੂਟਿਆਂ ਨੂੰ ਫੁੱਲ ਫਲ ਲੱਗੇ ਹੁੰਦੇ ਹਨ, ਪਰ ਜਿਸ ਮਨੁੱਖ ਦੀ ਜੀਭ ਨਾਮ-ਰਸ ਵਿਚ ਮਸਤ ਹੈ ਉਹ (ਬਾਹਰ-ਦਿੱਸਦੀ ਸੁੰਦਰਤਾ ਨੂੰ ਤੱਕ ਕੇ ਨਾਮ-ਰਸ ਨੂੰ) ਕਦੇ ਨਹੀਂ ਛੱਡਦਾ। ਗੁਰੂ ਨਾਨਕ ਜੀ--ਜਿਸ ਮਨੁੱਖ ਦਾ ਸਹਾਈ ਸਤਿਗੁਰੂ ਬਣਦਾ ਹੈ, (ਉਸ ਦੀਆਂ ਨਜ਼ਰਾਂ ਵਿਚ ਦੁਨੀਆਂ ਵਾਲੇ) ਹੋਰ ਕਿਸਮ ਦੇ ਰਸ (ਪਰਮਾਤਮਾ ਦੇ ਨਾਮ-ਰਸ ਦੀ) ਬਰਾਬਰੀ ਨਹੀਂ ਕਰ ਸਕਦੇ। ੪ ।

੧੫੮- ਚੇਤ ਬਸੰਤੁ ਭਲਾ ਭਵਰ ਸੁਹਾਵੜੇ ॥ **ਬਨ ਫੂਲੇ** ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ ॥ ਕੋਕਿਲ
ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥ ਭਵਰੁ ਭਵੰਤਾ **ਫੂਲੀ ਡਾਲੀ** ਕਿਉ ਜੀਵਾ
ਮਰੁ ਮਾਏ ॥ ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥ ੫ ॥[੧੧੦੮]

੧੫੯- ਬਿਰਖੁ ਜਮਿਓ ਹੈ ਪਾਰਜਾਤ ॥ **ਫੂਲ ਲਗੇ ਫਲ** ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ੪ ॥ **[੧੧੮੦]-੧**

### ਗੰਨੇ

੧੬੦- ਮਃ ੫ ॥ ਪਿਰੀਆ ਸੰਦੜੀ ਭੁਖ, ਮੂ ਲਾਵਣ ਥੀ ਵਿਥਰਾ ॥
ਜਾਣੁ ਮਿਠਾਈ **ਇਖ,** ਬੇਈ ਪੀੜੇ ਨਾ ਹੁਟੈ ॥ ੨ ॥[੧੦੯੯]-੧੩

### ਨਿਰਮਾਣਤਾ-

੧੬੧- ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ
ਜਾਹਿ ਨਿਰਾਸੇ ਕਿਤੁ ॥ **ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥**
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ **... ੧ ॥** [੪੭੦]-ਵਾਰ-੧੪

**ਅਰਥ**:--ਸਿੰਮਲ ਦਾ ਰੁੱਖ ਕਡਾ ਸਿੱਧਾ, ਲੰਮਾ ਤੇ ਮੋਟਾ ਹੁੰਦਾ ਹੈ। (ਪਰ) ਉਹ ਪੰਛੀ ਜੋ (ਫਲ ਖਾਣ ਦੀ) ਆਸ ਰੱਖ ਕੇ (ਇਸ ਉਤੇ) ਆ ਬੈਠਦੇ ਹਨ, ਉ ਨਿਰਾਸ ਹੋ ਕੇ ਕਿਉਂ ਜਾਂਦੇ ਹਨ ? ਇਸ ਦਾ ਕਾਰਨ ਇਹ ਹੈ ਕਿ ਰੁੱਖ ਭਾਵੇਂ ਏਡਾ ਉੱਚਾ ਲੰਮਾ ਤੇ ਮੋਟਾ ਹੈ, ਪਰ (ਇਸ ਦੇ) ਫੱਲ ਫਿੱਕੇ ਹਨ, ਫੱਲ ਬੇਸੁਆਦੇ ਹਨ, ਪੱਤਰ ਵੀ ਕਿਸੇ ਕੰਮ ਨਹੀਂ ਆਉਂਦੇ ।

(ਗੁਰੂ ਨਾਨਕ ਜੀ ਦਾ ਫ਼ੁਰਮਾਨ-) ਨੀਵੇਂ ਰਹਿਣ ਵਿਚ ਮਿਠਾਸ ਹੈ, ਗੁਣ ਹਨ, ਨੀਵਾਂ (ਹਰ ਪ੍ਰਕਾਰ ਦੇ ਹੰਕਾਰ ਤੋਂ ਬਚੇ ਰਹਿ ਕੇ ਸਦਾਨਿਰਮਾਣ) ਰਹਿਣਾ, ਸਾਰੇ ਗੁਣਾਂ ਦਾ ਸਾਰ ਹੈ, ਭਾਵ, ਸਭ ਤੋਂ ਚੰਗਾ ਗੁਣ ਹੈ । .. ੧ ॥ -

੧੬੨- **ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥**
**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ**
**ਵਿਚਿ ਸੁਆਹ ॥ ੩ ॥** [੪੬੩]-ਵਾ-੧

**ਅਰਥ**:--ਹੇ ਨਾਨਕ ! (ਜੋ ਮਨੁੱਖ) ਗੁਰੂ ਨੂੰ ਚੇਤੇ ਨਹੀਂ ਕਰਦੇ ਆਪਣੇ ਆਪ ਵਿਚ ਚਤਰ (ਬਣੇ ਹੋਏ) ਹਨ, ਉਹ ਇਉਂ ਹਨ ਜਿਵੇਂ ਕਿਸੇ ਸੁੰਞੀ ਪੈਲੀ ਵਿਚ ਅੰਦਰੋਂ ਸੜੇ ਤਿਲ ਨਿਖਸਮੇ (ਛੱਡੇ ਹੋਏ) ਹਨ।

**ਭਾਵ, ਜਿਵੇਂ ਖਸਮ ਵਲੋਂ ਛੱਡੇ ਹੋਏ ਬੂਆੜ ਤਿਲਾਂ ਦੇ ਬੂਟਿਆਂ ਦਾ ਜਿਹੜਾ ਮਰਜ਼ੀ ਖਸਮ ਆ ਬਣਦਾ ਹੈ, ਏਵੇ ਹੀ ਸਤਿਗੁਰਾਂ ਦੀ ਮਤਿ ਵਲੋਂ ਮੂੰਹ ਫੇਰ ਕੇ ਆਪਣੇ ਆਪ ਵਿਚ ਸਿਆਣੇ ਬਣੀ ਬੈਠੇ ਮਨੁੱਖ, ਕਾਮ ਕ੍ਰੋਧ ਆਦਕ ਵਿਕਾਰ-ਰੂਪੀ ਕਈ ਖ਼ਸਮ ਆ ਬਣਦੇ ਹਨ। ਗੁਰੂ ਦੇ ਗਿਆਨ ਅੰਕੁਸ ਤੋਂ ਹੀਣਾ ਰਹਿਆ ਮਨ-ਹਾਥੀ ਕਦੇ ਕਿਸੇ ਵਿਕਾਰ-ਰਸ ਵਿਚ ਅਤੇ ਕਦੇ ਕਿਸੇ ਵਿਕਾਰ-ਰਸ ਵਿਚ ਫਸ ਕੇ ਆਤਮਕ ਜੀਵਨ ਦਾ ਨਾਸ ਕਰਨ ਵਿਚ ਲੱਗਾ ਰਹਿੰਦਾ ਹੈ ।**

## (ਅ) ਆਪਣੇ ਕੀਤੇ ਦਾ ਫਲ

੧੬੩- **ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ ਕੂੜਾ ਲਾਲਚੁ ਛਡੀਐ ਹੋਇ**
**ਇਕ ਮਨਿ ਅਲਖੁ ਧਿਆਈਐ ॥ ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥**
**ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ ॥ ਮਤਿ ਥੋੜੀ ਸੇਵ ਗਵਾਈਐ ॥ ੧੦ ॥** [੪੬੮]

**ਅਰਥ**:--ਮੇਰੇ ਲਈ ਤਾਂ (ਅਸਲੀ) ਦਾਨ ਗੁਰਮੁਖਾਂ ਦੇ ਚਰਨਾਂ ਦੀ ਧੂੜ ਹੀ ਹੈ। ਜੇ ਇਹ ਦਾਨ ਮਿਲ ਜਾਵੇ ਤਾਂ ਮੱਥੇ ਤੇ ਲਾ ਲੈਣਾ ਚਾਹੀਦਾ ਹੈ। (ਹੋਰ(ਹੋਰ ਸਭ ਤਰ੍ਹਾਂ ਦਾ) ਲਾਲਚ ਜੋ ਮਾਇਆ ਦੇ ਮੋਹ ਵਿਚ ਫ਼ਸਾਉਂਦਾ ਹੈ, ਛੱਡ ਦੇਣਾ ਚਾਹੀਦਾ ਹੈ, ਅਤੇ ਮਨ ਨੂੰ ਕੇਵਲ ਪ੍ਰਭੂ ਭਗਤੀ ਵਿਚ ਜੋੜ ਕੇ ਉਸ ਅਲੱਖ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ। ਕਿਉਂਕਿ ਮਨੁੱਖ ਜਿਸ ਤਰ੍ਹਾਂ ਦੀ ਕਾਰ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ। ਗੁਰਮੁਖਾਂ ਦੇ ਪੈਰਾਂ ਦੀ ਖ਼ਾਕ ਚੰਗੇ ਭਾਗਾਂ ਦੁਆਰਾ ਹੀ ਮਿਲਦੀ ਹੈ। (ਗੁਰਮੁਖਾਂ ਦਾ ਆਸਰਾ ਛੱਡ ਕੇ (ਜੇ ਆਪਣੀ ਮਤ ਦੀ ਟੇਕ ਰੱਖੀਏ ਤਾਂ (ਇਸ ਥੁਹੜੀ ਮਤਿ ਹੋਛੀ ਮਨਮਤਿ-ਦੇ ਆਸਰੇ) ਕੀਤੀ ਹੋਈ ਘਾਲ-ਕਮਾਈ ਵਿਅਰਥ ਜਾਂਦੀ ਹੈ। ੧੦ ।

## (ੲ) ਫਲ ਪ੍ਰਾਪਤੀ ਲਈ ਖ਼ਾਸ ਦਿਨ ਤੇ ਵਰਤ ਰੱਖਣ ਲਈ ਫਲ (Fruit) ਖਾਣੇ--

੧੬੪- **ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥**
**ਪਾਖੰਡਿ ਰਾਚਿ ਤਤੁ ਨਹੀ ਬੀਨੈ ॥ ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥ ੧੩ ॥**
**ਜਹ ਦੇਖਉ ਤਹ ਏਕੋ ਏਕਾ ॥ ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ ਜਾਇ ॥**
**ਰਸ ਕਸ ਖਾਏ ਸਾਦੁ ਗਵਾਇ ॥ ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥ ੧੪ ॥**[੮੪੦]-ਥਿਤੀ

**ਅਰਥ:**--ਜਿਹੜਾ ਮਨੁੱਖ ਇੱਕੋ (ਪਰਮਾਤਮਾ) ਨੂੰ (ਆਪਣੇ) ਹਿਰਦੇ ਵਿਚ ਵਸਾਉਂਦਾ ਹੈ, (ਉਹ ਆਪਣੇ ਅੰਦਰੋਂ) ਨਿਰਦਇਤਾ, ਮਾਇਆ ਦੀ ਮਮਤਾ (-ਅਪਣੱਤ) ਅਤੇ ਮਾਇਆ ਦਾ ਮੋਹ ਦੂਰ ਕਰ ਲੈਂਦਾ ਹੈ। (ਜਿਹੜਾ ਮਨੁੱਖ ਹਿੰਸਾ ਮੋਹ ਆਦਿਕ ਤੋਂ ਬਚੇ ਰਹਿਣ ਵਾਲਾ ਇਹ) ਵਰਤ (ਰੱਖਦਾ ਹੈ, ਉਹ ਇਸ ਵਰਤ ਦਾ ਇਹ) **ਫਲ ਪ੍ਰਾਪਤ** ਕਰਦਾ ਹੈ ਕਿ (ਸਦਾ) ਆਪਣੇ ਆਤਮਕ ਜੀਵਨ ਨੂੰ ਪਰਖਦਾ ਰਹਿੰਦਾ ਹੈ। ਪਰ ਵਿਖਾਵੇ (ਦੇ ਵਰਤ) ਵਿਚ ਪਤੀਜ ਕੇ ਮਨੁੱਖ (ਸਾਰੇ ਜਗਤ ਦੇ) ਮੂਲ (ਪਰਮਾਤਮਾ ਨੂੰ) ਨਹੀਂ ਪਾ ਸਕਦਾ ।

(ਹਰ ਪਰਕਾਰ ਦੀ ਮੈਲ ਤੋਂ ਰਹਿਤ) ਨਿਰਮਲ ਪਰਮਾਤਮਾ ਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ (ਉਹ ਹਰ ਵੇਲੇ ਹੀ ਬ੍ਰਤ-ਧਾਰੀ ਹੈ), ਉਹ ਸ਼ੁੱਧ ਸਰੂਪ ਹੈ, (ਜਿਹੜੇ ਮਨੁੱਖ ਉਸ) ਪਵਿੱਤਰ ਪ੍ਰਭੂ (ਦੀ ਨਿਰਮਲ ਯਾਦ) ਵਿਚ (ਚਿੱਤ ਜੋੜ ਕੇ) ਉਸ ਅਬਿਨਾਸ਼ੀ ਪ੍ਰਭੂ ਦਾ ਰੂਪ ਹੋ ਜਾਂਦੇ ਹਨ, ਉਨ੍ਹਾਂ ਨੂੰ (ਵਿਕਾਰਾਂ ਦੀ) ਮੈਲ ਨਹੀਂ ਲੱਗਦੀ । ੧੩ । ਮੈਂ ਜਿੱਧਰ ਵੇਖਦਾ ਹਾਂ, ਉਧਰ ਇਕ ਪਰਮਾਤਮਾ ਹੀ ਪਰਮਾਤਮਾ ਦਿੱਸਦਾ ਹੈ। (ਉਸੇ ਨੇ ਹੀ ਇਹ) ਭਾਂਤ ਭਾਂਤ ਦੇ ਸਾਰੇ ਜੀਵ ਪੈਦਾ ਕੀਤੇ ਹੋਏ ਹਨ। (ਆਪਣੇ ਸਿਰਜਣਹਾਰ ਨੂੰ ਵਿਸਾਰ ਕੇ ਕਈ ਤਰ੍ਹਾਂ ਦੇ ਵਰਤ ਆਦਿਕ ਰੱਖਣ ਦੇ ਭਰਮਾਂ ਵਿਚ ਨਹੀਂ ਪੈਣਾ ਚਾਹੀਦਾ)। (ਏਕਾਦਸੀ ਵਾਲੇ ਦਿਨ ਅੰਨ ਛੱਡ ਕੇ) ਨਿਰੇ **ਫਲ ਖਾਧਿਆਂ** (ਵਰਤ ਦਾ ਅਸਲ) **ਫਲ ਨਹੀਂ ਮਿਲਦਾ** (ਅਸਲ ਵਰਤ ਹੈ ਵਿਕਾਰਾਂ ਵਲੋਂ ਪਰਹੇਜ਼, ਉਸ ਦਾ **ਫਲ** ਹੈ ਉੱਚਾ ਆਤਮਕ ਜੀਵਨ) । (ਅੰਨ ਦੇ ਥਾਂ) ਕਈ ਸੁਆਦਾਂ ਵਾਲੇ ਫਲ ਆਦਿਕ ਪਦਾਰਥ (ਜੋ ਮਨੁੱਖ) ਖਾਂਦਾ ਹੈ, (ਉਹ ਤਾਂ ਉਂਵ ਹੀ ਵਰਤ ਦਾ) ਮਜ਼ਾ ਗਵਾ ਲੈਂਦਾ ਹੈ। (ਫਲ ਦੀ ਪ੍ਰਾਪਤੀ ਦੀ ਆਸ ਨਾਲ ਵਰਤ ਰੱਖਣ ਵਾਲਾ ਮਨੁੱਖ) ਮਾਇਆ ਦੇ ਲਾਲਚ ਵਿਚ ਹੀ ਫਸਿਆ ਰਹਿੰਦਾ ਹੈ । (ਇਸ ਲਾਲਚ ਤੋਂ ਉਹੀ ਮਨੁੱਖ) ਖ਼ਲਾਸੀ ਹਾਸਲ ਕਰਦਾ ਹੈ ਜਿਹੜਾ ਗੁਰੂ ਦੀ ਸਰਨ ਪੈਕੇ (ਭਾਵ, ਸਤਿਗੁਰਾਂ ਦੀ ਦੱਸੀ ਕਾਰ ਕਮਾਉਂਦਿਆਂ) ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨ ਵਿਚ ਲੀਨ ਰਹਿੰਦਾ ਹੈ (ਭਾਵ, **ਹਾਥਿ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ** --ਵਾਲੀ ਅਵਸਥਾ ਵਿਚ ਮਸਤ ਰਹਿੰਦਾ ਹੈ) । ੧੪ ।

## (ੲ) ਨਾਮ ਅੰਮ੍ਰਿਤ ਫਲ

੧੬੫-- **ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥**
**ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥ ੨ ॥ ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਿਜ**
**ਸੁਭਾਇ ॥ ਸਾਖਾ ਤੀਨਿ ਨਿਵਾਰੀਆ ਏਕੁ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ**
**ਖਵਾਇ ॥ ੩ ॥ ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ**
**ਗਿਰਾਉ ॥ ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥ ੪ ॥**[੬੬]-੩-੨੦

**ਅਰਥ:**--ਜਿਹੜੇ ਜੀਵ ਪੰਛੀ (ਆਪੋ ਆਪਣੇ) ਸਰੀਰ ਰੁੱਖਾਂ ਉੱਤੇ (ਬੈਠੇ, ਵੇਖਣ ਨੂੰ ਤਾਂ) ਸੋਹਣੇ ਲੱਗਦੇ ਹਨ (ਪਰ ਮਾਇਕ ਪਦਾਰਥਾਂ ਦੇ ਚੋਗੇ ਪਿੱਛੇ) ਉੱਡਦੇ ਫਿਰਦੇ ਚੌਹੀਂ ਪਾਸੀਂ ਭਟਕਦੇ ਹਨ, ਉਹ ਜਿਤਨਾਂ ਹੀ (ਇਸ ਮਾਇਕ ਚੋਗੇ ਪਿੱਛੇ) ਉੱਡਦੇ ਹਨ, ਉਤਨਾ ਹੀ ਵਧੀਕ ਦੁੱਖ ਸਹਾਰਦੇ, ਸਦਾ ਖਿੱਝਦੇ ਅਤੇ ਵਿਲਕਦੇ ਹਨ। ਗੁਰੂ ਦੀ ਸਰਨ ਤੋਂ ਬਿਨਾ ਉਨ੍ਹਾਂ ਨੂੰ (ਪਰਮਾਤਮਾ ਦਾ) ਟਿਕਾਣਾ ਨਹੀਂ ਦਿੱਸਦਾ, ਅਤੇ ਨਾਂ ਹੀ ਉਹ ਆਤਮਕ ਜੀਵਨ ਦੇਣ ਵਾਲਾ **ਨਾਮ-ਅੰਮ੍ਰਿਤ-ਫਲ** ਪ੍ਰਾਪਤ ਕਰ ਸਕਦੇ ਹਨ **। ੨ ।** ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ, ਮਾਨੋ, ਉਹ ਇੱਕ ਹਰਾ ਭਰਾ ਰੁੱਖ ਹੈ। (ਉਹ ਵਡਭਾਗੀ ਮਨੁੱਖ) ਅਬਿਨਾਸ਼ੀ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ, ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਪ੍ਰਭੂ ਦੇ ਪ੍ਰੇਮ ਵਿਚ ਮਗਨ ਰਹਿੰਦਾ ਹੈ। ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਸ਼ਬਦ ਵਿਚ ਸੁਰਤਿ ਜੋੜ ਕੇ (ਮਾਇਆ ਦੇ ਤਿੰਨ ਰੂਪ) ਤਿੰਨ ਟਹਣੀਆਂ

ਉਸ ਨੇ ਦੂਰ ਕਰ ਲਈਆਂ ਹਨ, ਉਸ ਨੂੰ ਆਤਮਕ ਜੀਵਨ ਦੇਣ ਵਾਲਾ ਉਸ ਇੱਕ ਦਾ **ਨਾਮ-ਫਲ** ਲੱਗਦਾ ਹੈ। (ਪ੍ਰਭੂ ਮਿਹਰ ਕਰ ਕੇ) ਆਪ ਹੀ (ਉਸ ਨੂੰ ਇਹ **ਫਲ)** ਚਖਾ ਦੇਂਦਾ ਹੈ **। ੩ ।** ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ, ਮਾਨੋ, ਉਹ ਰੁੱਖ ਹਨ ਜੋ ਖਲੋਤੇ ਖਲੋਤੇ ਹੀ ਸੁੱਕ ਗਏ ਹਨ, ਉਨ੍ਹਾਂ ਨੂੰ ਨਾਹ ਹੀ **ਫਲ** ਲੱਗਦਾ ਹੈ, ਨਾਹ ਹੀ ਉਨ੍ਹਾਂ ਦੀ ਛਾਂ ਹੁੰਦੀ ਹੈ, (ਭਾਵ, ਨਾ ਹੀ ਉਨ੍ਹਾਂ ਕੋਲ ਪ੍ਰਭੂ ਦਾ ਨਾਮ ਹੈ, ਤੇ ਨਾ ਹੀ ਉਹ ਕਿਸੇ ਦੀ ਸੇਵਾ ਕਰਦੇ ਹਨ) । ਉਨ੍ਹਾਂ ਦੇ ਪਾਸ ਬੈਠਣਾ ਨਹੀਂ ਚਾਹੀਦਾ, ਉਨ੍ਹਾਂ ਦਾ ਕੋਈ ਘਰ ਘਾਟ ਨਹੀਂ ਹੈ (ਉਨ੍ਹਾਂ ਨੂੰ ਕੋਈ ਆਤਮਕ ਸਹਾਰਾ ਨਹੀਂ ਮਿਲਦਾ)। **ਅਜੇਹੇ (ਮਨੁੱਖ-ਰੁੱਖ) ਸਦਾ ਕੱਟੀਦੇ ਹਨ ਤੇ ਸਾੜੀਦੇ ਹਨ (ਭਾਵ, ਮਾਇਆ ਦੇ ਮੋਹ ਦੇ ਕਾਰਨ ਉਹ ਸਦਾ ਦੁਖੀ ਹੀ ਰਹਿੰਦੇ ਹਨ), ਉਨ੍ਹਾਂ ਪਾਸ ਨਾ ਪ੍ਰਭੂ ਦੀ ਸਿਫ਼ਤਿ ਸਾਲਾਹ ਹੈ ਨਾ ਪ੍ਰਭੂ ਦਾ ਨਾਮ ਹੈ । ੪ ।**

**੧੬੬-** **ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥**
**ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥**
**ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥ ੧ ॥**[੧੧੯੩]-ਵਾਰ

੧੬੭- **ਜਲ ਤੇ ਉਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥**
**ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੪੨ ॥** [੭੩੬]-੧

੧੬੮- **ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ਫਲ ਲਾਗੇ ਹਰਿ ਰਸਕ ਰਸਾਈ ॥ ੧ ॥ [੩੬੭]-੭-੫੯**

**ਅਰਥ**:--(ਪਰਮਾਤਮਾ ਦਾ ਨਾਮ, ਮਾਨੋ ਵੇਲ ਹੈ) ਗੁਰੂ ਦੇ ਹੁਕਮ ਤੇ ਚੱਲਣ ਵਾਲੇ (ਗੁਰਮੁਖਿ) ਨੇ ਇਸ ਹਰਿ-ਨਾਮ-ਵੇਲ ਨੂੰ (ਸਿਮਰਨ ਦਾ ਜਲ ਸਿੰਜ ਸਿੰਜ ਕੇ ਆਪਣੇ ਅੰਦਰ) ਵਡੀ ਕਰ ਲਿਆ ਹੈ, (ਉਨ੍ਹਾਂ ਦੇ ਆਤਮਕ ਜੀਵਨ ਵਿਚਲੀ ਇਸ ਵੇਲ ਨੂੰ) ਰਸ ਦੇਣ ਵਾਲੇ ਸੁਆਦਲੇ) ਆਤਮਕ ਗੁਣਾਂ ਦੇ) ਫਲ ਲੱਗਦੇ ਹਨ। ੧ ।

੧੬੯- **ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥ ਫਲੁ ਪਾਇਆ ਜਪਿ ਸਤਿਗੁਰ ਮੰਤਾ ॥ ੨ ॥**
**ਸੋਈ ਸਤਿ ਸਤਿ ਹੈ ਸੋਈ ॥ ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥ ੩ ॥**
**ਕਹੁ ਨਾਨਕ ਕਉਨ ਉਹ ਕਰਮਾ ॥ ਜਾ ਕੈ ਮਨਿ ਵਸਿਆ ਹਰਿ ਨਾਮਾ ॥ ੪ ॥**[੩੮੮]-੨੧-੭੨

੧੭੦- **ਮਨਿ ਬਸੰਤੁ ਹਰੇ ਸਭਿ ਲੋਇ ॥ ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥ ੨ ॥ ਸਦਾ ਬਸੰਤੁ**
**ਗੁਰ ਸਬਦੁ ਵੀਚਾਰੇ ॥ ਰਾਮ ਨਾਮੁ ਰਾਖੈ ਉਰ ਧਾਰੇ ॥ ੩ ॥ ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥**
**ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥ ੪ ॥** [੧੧੭੬]-੩-੧੫

**ਅਰਥ:--(**ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਸਦਾ ਖੇੜੇ ਵਿਚ ਰਹਿਣ ਵਾਲਾ ਪ੍ਰਭੂ ਆ ਵੱਸਦਾ ਹੈ, ਉਹ ਸਾਰੇ ਹੀ ਇਸ ਜਗਤ ਵਿਚ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ, ਉਹ ਮਨੁੱਖ ਦੁਨੀਆ ਵਿਚ ਵੀ ਕਾਮਯਾਬ ਹੁੰਦੇ ਹਨ, ਪਰਮਾਤਮਾ ਦੇ ਨਾਮ ਦੀ ਬਰਕਤਿ ਨਾਲ ਉਨ੍ਹਾਂ ਦੇ ਅੰਦਰ ਆਤਮਕ ਆਨੰਦ ਵੀ ਬਣਿਆਂ ਰਹਿੰਦਾ ਹੈ **।੨।** ਜਿਹੜਾ ਮਨੁੱਖ ਗੁਰੂ ਦੇ ਸ਼ਬਦ-ਗਿਆਨ ਨੂੰ ਮਨ ਵਿਚ ਵਸਾਉਂਦਾ ਹੈ (ਸਤਿਗੁਰਾਂ ਦੀ ਸਿਖਿਆ ਅਨੁਸਾਰ ਜੀਵਨ-ਜੁਗਤਿ ਬਣਾ ਲੈਂਦਾ ਹੈ) ਅਤੇ ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਟਿਕਾਈ ਰੱਖਦਾ ਹੈ ਉਸ ਦੇ ਅੰਦਰ ਸਦਾ ਆਤਮਕ ਖਿੜਾਉ ਬਣਿਆ ਰਹਿੰਦਾ ਹੈ **। ੩ ।** ਜਿਸ ਮਨੁੱਖ ਦੇ ਮਨ ਵਿਚ ਸਦਾ ਖੇੜੇ ਵਿਚ ਰਹਿਣ ਵਾਲਾ ਹਰੀ ਆ ਵੱਸਦਾ ਹੈ, ਉਸ ਦਾ ਤਨ ਅਤੇ ਮਨ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ। ਹੇ ਨਾਨਕ ! ਇਹ ਸਰੀਰ (ਮਾਨੋ) ਰੁੱਖ ਹੈ, (ਜਿਸ ਦੇ ਮਨ ਵਿਚ ਬਸੰਤ ਆ ਜਾਂਸਾ ਹੈ) ਉਸ ਮਨੁੱਖ ਦਾ ਇਹ ਸਰੀਰ-ਰੁੱਖ ਹਰਿ-ਨਾਮ-ਫਲ ਪ੍ਰਾਪਤ ਕਰ ਲੈਂਦਾ ਹੈ। ੪ ।

੧੭੧- **ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥ ਫਲ ਪਾਵਹਿ**
**ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥ ੧ ॥**[੧੭੬]-੪-੭੩

੧੭੨- **ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ ॥ ਫਲ ਪਾਵਹਿ ਮਨ**
**ਬਾਛਤੇ ਤਪਤਿ ਤੁਹਾਰੀ ਜਾਇ ॥ ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥**
**ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥**[੨੫੬-੫੭]-੩੨

੧੭੩- **ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ**
**ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥**[੧੧੬੭]-੧

# ਤੀਜਾ ਕਾਂਡ

੧

## ਜੀਵਾਂ ਦੇ ਪੈਦਾ ਹੋਣ ਬਾਰੇ ਗੁਰਮਤਿ ਸਿਧਾਂਤ

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਅਜੇਹੇ ਸਾਰੇ ਮਸਲੇ ਸ੍ਰੀ ਜਪੁਜੀ ਸਾਹਿਬ ਵਿਚ ਹੀ ਹੱਲ ਕਰ ਦਿੱਤੇ ਹੋਏ ਹਨ। ਦੂਜੀ ਪਉੜੀ ਵਿਚ ਹੀ ਪ੍ਰਭੂ ਦੇ ਹੁਕਮ ਦੀ ਸੋਝੀ ਕਰਾਉਂਦੇ ਹੋਏ ਫ਼ੁਰਮਾਨ ਕੀਤਾ ਹੈ:--

੧- **ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥**.. ੨ ॥[ਜਪੁ]

ਭਾਵ, ਅਕਾਲ ਪੁਰਖ ਦੇ ਹੁਕਮ (ਰੂਪੀ ਬੱਝੇ ਨਿਯਮ) ਅਨੁਸਾਰ ਸਾਰੇ ਸਰੀਰ (ਭਾਵ, ਸਾਰੇ ਦਿਸਦੇ ਜਾਂ ਅਣ-ਦਿਸਦੇ ਜਗਤ-ਅਕਾਰ) ਬਣਦੇ ਹਨ, (ਪਰ ਪ੍ਰਭੂ ਦੇ ਇਸ ਹੁਕਮ ਦੇ ਪੂਰੇ ਭੇਤ ਨੂੰ ਜੇ ਕੋਈ ਸਮਝਣ ਦਾ ਯਤਨ ਕਰੇ ਤਾਂ ਇਹ) ਹੁਕਮ ਦੱਸਿਆ ਨਹੀਂ ਜਾ ਸਕਦਾ ਕਿ ਕਿਹੋ ਜਿਹਾ ਹੈ। ਰੱਬ ਦੇ ਇਸ ਹੁਕਮ ਰੂਪ ਅਟੱਲ ਨੀਯਮ ਅਨੁਸਾਰ ਹੀ ਸਾਰੇ ਜੀਵ (ਸੰਸਾਰ ਵਿਚਲੀਆਂ ਸਾਰੀਆਂ ਜੂਨਾਂ ਦੇ ਜੀਵ-ਜੰਤ) ਜੰਮ ਪੈਂਦੇ ਹਨ ਅਤੇ ਹੁਕਮ ਅਨੁਸਾਰ ਹੀ (ਰੱਬ ਦੇ ਦਰ ਤੇ) ਸੋਭਾ ਮਿਲਦੀ ਹੈ।

ਫਿਰ ਤੀਸਰੀ ਪਉੜੀ ਵਿਚ ਵੀ ਪੈਦਾ ਕਰਕੇ ਖੈ ਕਰ ਸਕਣ ਵਾਲੀ ਪ੍ਰਭੂ ਦੀ ਸ਼ਕਤੀ ਬਾਰੇ ਵੀ ਜ਼ਿਕਰ ਹੈ ।--

**ਗਾਵੈ ਕੋ, ਸਾਜਿ ਕਰੇ ਤਨੁ ਖੇਹ ॥ ਗਾਵੈ ਕੋ, ਜੀਅ ਲੈ ਫਿਰਿ ਦੇਹ ॥ ... ੩ ॥ [ਜਪੁ ]**

ਫਿਰ ਜਪੁਜੀ ਸਾਹਿਬ ਦੀ ੧੬ਵੀਂ ਪਉੜੀ ਵਿਚ ਸਤਿਗੁਰਾਂ ਦਾ ਫ਼ੁਰਮਾਨ ਹੈ--

੨- **ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਇਹੁ ਲੇਖਾ ਲਿਖਿ ਜਾਣੈ ਕੋਇ ॥**
**ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ, ਸੁਆਲਿਹੁ ਰੂਪੁ ॥ ਕੇਤੀ ਦਾਤਿ, ਜਾਣੈ ਕੌਣੁ ਕੂਤੁ ॥**

**ਭਾਵ**, ਸ੍ਰਿਸ਼ਟੀ ਵਿਚ ਕਈ ਕਿਸਮਾਂ ਦੇ ਅਤੇ ਕਈ ਨਾਵਾਂ ਦੇ ਜੀਵ ਹਨ । ਇਨ੍ਹਾਂ ਸਭਨਾਂ ਨੂੰ ਇਕ ਸਦਾ ਚਲ ਰਹੀ ਕਲਮ ਨੇ ਹੀ ਲਿੰਖਿਆ ਹੈ (ਭਾਵ ਇਨ੍ਹਾਂ ਦਾ ਲੇਖਾ ਕਰਤਾਰ ਆਪ ਹੀ ਜਾਣਦਾ ਹੈ, ਹੋਰ) ਇਹ ਲੇਖਾ ਲਿਖਣਾ ਹੋਰ ਕੋਈ ਨਹੀਂ ਜਾਣ ਸਕਦਾ । ਪ੍ਰਭੂ ਦਾ ਕਿਤਨਾ ਬਲ ਹੈ, ਕਿਤਨਾ ਸੋਹਣਾ ਰੂਪ ਹੈ, ਕਿੰਨੀ ਦਾਤ ਹੈ, ਇਸ ਬੇਅੰਤਤਾਈ ਦੀ ਗਿਣਤੀ ਮਿਣਤੀ ਕੋਈ ਨਹੀਂ ਕਰ ਸਕਦਾ ।

**ਕੀਤਾ ਪਸਾਉ, ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥.... ੧੬ ॥** [ਜਪੁ]

ਭਾਵ, ਸਿਰਜਣਹਾਰ ਪਰਮਾਤਮਾ ਨੇ ਇਕ ਹੁਕਮ-ਰੂਪ ਬਚਨ (-ਕਵਾਉ-ਪੱਕੇ ਨਿਯਮ) ਅਨੁਸਾਰ ਹੀ ਸਾਰਾ ਪਸਾਰਾ ਪਸਾਰਿਆ ਲਿਆ । ਉਸੇ ਕਵਾਉ (ਬਜ਼ਵੇਂ ਨਿੱਯਮ ਰੂਪ ਬਚਨ) ਦੀ ਅਪਾਰ ਸ਼ਕਤੀ ਨਾਲ ਹੀ ਸ੍ਰਿਸ਼ਟੀ ਵਿਚ ਲਖਾਂ ਤਰ੍ਹਾਂ ਦੇ ਜੀਵਨ-ਦਰਿਆ ਚੱਲ ਪਏ । ਰਚਨਹਾਰ ਕਰਤਾਰ ਦੀ ਇਸ ਵਡੀ ਅਸਚਰਜ ਵਡਿਆਈ ਨੂੰ ਵੀ ਕਦੇ ਨਹੀਂ ਵਿਸਾਰਨਾ ਚਾਹੀਦਾ ਕਿ ਉਹ ਆਪਣੀ ਕਿਰਤ ਦੇ ਵਿਚ ਹੀ ਸਮਾਇਆ ਹੋਇਆ ਹੈ । । ਜੀਵ ਲਈ ਜ਼ਰੂਰੀ ਬਣਦਾ ਹੈ ਕਿ ਆਪਣੇ ਪੈਦਾ ਕਰਨ ਵਾਲੇ ਸਿਰਜਣਹਾਰ ਨੂੰ, ਕਦੇ ਆਪਣੇ ਤੋਂ ਦੂਰ ਨਾ ਸਮਝੇ---**ਸਦਾ ਹਜੂਰ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ ॥ ੫ ॥** [੯੦੯]--**ਜਿਸ ਰਚਨਹਾ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਸਤਿਗੁਰਾਂ ਵਲੋਂ ਉਸ ਨੂੰ ਸਦਾ ਧਿਆਉਂਣ ਦੀ ਤਾਕੀਦ ਹੈ---ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥ ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥** ੪੬ ॥ [੯੩੬]

ਮਨੁੱਖ ਦੇ ਨਾਲ ਹੋਰ ਵੀ ਬੇਅੰਤ ਕਿਸਮਾਂ ਦੀਆਂ ਜੋਨੀਆਂ ਦੇ ਪਸ਼ੂ ਪੰਛੀ, ਕੀੜੇ ਮਕੌੜੇ ਸ੍ਰਿਸ਼ਟੀ ਦੀ ਰੌਣਕ ਬਣੇ ਹੋਏ ਹਨ । ਜੇ ਪ੍ਰੋਹਿਤ ਜੀ ਦੇ ਕਹਿਣ ਅਨੁਸਾਰ ਸਾਰੀਆਂ ਜੂੰਨਾ ਦੀ ਗਿਣਤੀ ੮੪ ਲੱਖ ਮੰਨ ਲਈਏ ਤਾਂ ਉਨ੍ਹਾਂ ਵਿਚ ਮਨੁੱਖ ਦੀ ਗਿਣਤੀ ਐਵੇਂ ਨਾਮ ਮਾਤ੍ਰ ਹੀ ਬਣਦੀ ਹੈ । ਪਰ ਇਉਂ ਅਨੁਭਵ ਹੁੰਦਾ ਹੈ ਜਿਵੇਂ ਜੀਵਾਂ ਦੇ ਇਸ ਅਪਾਰ ਪਸਾਰੇ ਵਿਚੋਂ, ਸਿਰਜਣਹਾਰ ਨੂੰ ਕੇਵਲ ਅਤੇ ਕੇਵਲ ਮਨੱਖ ਦਾ ਹੀ ਬਹੁਤਾ ਖ਼ਿਆਲ ਰਹਿੰਦਾ ਹੈ । ਸਤਿਗੁਰੂ ਨਾਨਕ ਸਾਹਿਬ ਜੀ ਸਮੇਤ, ਸੰਸਾਰ ਵਿਚ ਜਿੰਨੇ ਵੀ ਧਾਰਮਿਕ ਅਥਵਾ ਸਮਾਜ ਸੁਧਾਰਕ ਰਹਿਬਰ ਹੋਏ ਹਨ, ਸਾਰੇ ਦੇ ਸਾਰੇ ਕੇਵਲ ਮਨੁੱਖ ਨੂੰ ਹੀ ਨੇਕੀ ਦਾ ਰਸਤਾ ਸਿਖਾਉਣ ਆਉਂਦੇ ਰਹੇ ਸਿੱਧ ਹੋ ਰਹੇ ਹਨ । ਜੂਨਾਂ ਦੇ ਬੇਅੰਤ ਪਸਾਰੇ ਵਿਚੋਂ, ਸੰਸਾਰ ਦੇ ਸਾਰੇ ਧਾਰਮਿਕ ਅਸਥਾਨ ਵੀ ਕੇਵਲ ਮਨੁੱਖ ਲਈ ਹੀ ਬਣੇ ਹਨ । ਇਸ ਕਾਂਡ ਵਿਚ ਅਸਾਂ ਇਹ ਸਮਝਣਾ ਹੈ ਕਿ, ਜੀਵਾਂ ਦੀ ਸਿਰਜਣਾਂ ਦੇ ਅਰੰਭ ਤੋਂ ਹੀ ਸਿਜਣਹਾਰ ਨੂੰ ਕੇਵਲ ਮਨੁੱਖ ਨੂੰ ਹੀ ਸਿੱਧੇ ਰਸਤੇ ਪਾਈ ਰੱਖਣ ਦਾ ਉਚੇਚਾ ਧਿਆਨ ਕਿਸ ਕਾਰਨ ਬਣਿਆ ਹੋਇਆ ਹੈ ? ਇਸ ਪ੍ਰਸ਼ਨ ਦਾ ਗੁਰਮਤਿ-ਉੱਤਰ ਵਿਚਾਰਨ ਤੋਂ ਪਹਿਲਾਂ, ਸ੍ਰਿਸ਼ਟੀ ਸਿਰਜਣਾ ਦੇ ਬੜੇ ਵਿਸ਼ਾਲ ਭਾਗ, ਧਰਤੀ ਦੇ ਸ਼ਿੰਗਾਰ, ਪਸ਼ੂ ਪੰਖੀਆਂ ਅਤੇ ਕੀੜੇ ਮਕੌੜਿਆਂ ਬਾਰੇ ਗੁਰਬਾਂਣੀ ਦੇ ਫ਼ੁਰਮਾਨ ਵਿਚਾਰ ਲਈਏ ---

## ੨

## ਪਸ਼ੂ ਪੰਖੀਆਂ ਆਦਿ ਜੀਵਾਂ ਦਾ ਗੁਰਬਾਣੀ ਵਿਚ ਜ਼ਿਕਰ-

ਗੁਰਬਾਣੀ ਦੇ ਇਸ ਪੱਖ ਤੋਂ ਜਾਣਕਾਰੀ ਕਰਨ ਦਾ ਅਸਲ ਭਾਵ ਵੀ ਸਤਿਗੁਰਾਂ ਦੀ ਮਿਹਰਾਂ ਭਰੀ ਉਸ ਖੇਚਲ ਤੋਂ ਜਾਣੂੰ ਹੋਣ ਦਾ ਹੀ ਹੈ ਜਿਹੜੀ ਉਨ੍ਹਾਂ ਨੇ ਸਾਨੂੰ ਬਹੁ-ਪੱਖੀ ਉਪਦੇਸ਼ ਦੇ ਕੇ ਉਚੇ ਅਤੇ ਸੁੱਚੇ ਆਚਰਨ ਵਾਲੇ ਮਨੁੱਖ ਬਣਾਉਣ ਲਈ ਕੀਤੀ ਹੈ । ਪਹਿਲਾਂ ਅਸੀਂ ਗੁਰਬਾਣੀ ਦੇ ਉਹ ਪਾਵਨ ਸ਼ਬਦ ਕਰਮ ਵਾਰ ਲਿਖ ਰਹੇ ਹਾਂ ਜਿਨ੍ਹਾਂ ਵਿਚ ਕਈ ਪ੍ਰਕਾਰ ਦੇ ਜੀਵਾਂ ਦਾ ਜ਼ਿਕਰ ਕਰਕੇ ਵਡਮੁੱਲਾ ਉਪਦੇਸ਼ ਦਿੱਤਾ ਹੈ । ਹੇਠ ਲਿਖੇ ਗੁਰੁ-ਸ਼ਬਦ ਵਿਚ **੨੧ ਪ੍ਰਕਾਰ ਦੇ ਜੀਵਾਂ** ਦਾ ਜ਼ਿਕਰ ਕਰਕੇ ਮਾਇਆ ਦੇ ਕਈ ਰੰਗਾਂ ਵਾਲੇ ਪ੍ਰਭਾਵ ਦਾ ਗਿਆਨ ਬਖ਼ਸ਼ ਕੇ ਮਾਇਆ ਦੇ ਮੋਹ ਵਿਚ ਫਸ ਕੇ ਖ਼ੁਆਰ ਹੋਣ ਤੋਂ ਬਚੇ ਰਹਿਣ ਦਾ ਗਿਆਨ ਬਖ਼ਸ਼ਿਆ ਹੈ:--

੩- **ਜਲ ਮਹਿ ਮੀਨ ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ ॥ ਕਾਮ ਮਾਇਆ ਕੁੰਚਰ ਕਉ ਬਿਆਪੈ**
**॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥ ੧ ॥ ਮਾਇਆ ਐਸੀ ਮੋਹਨੀ, ਭਾਈ ॥ ਜੇਤੇ ਜੀਅ ਤੇਤੇ**
**ਡਹਿਕਾਈ ॥ ੧ ॥ ਰਹਾਉ ॥ ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ ਸਾਕਰ ਮਾਖੀ ਅਧਿਕ ਸੰਤਾਪੇ ॥**
**ਤੁਰੇ ਉਸਟ ਮਾਇਆ ਮਹਿ ਭੇਲਾ ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥ ੨ ॥ ਛਿਅ ਜਤੀ ਮਾਇਆ ਕੇ ਬੰਦਾ ॥**
**ਨਵੈ ਨਾਥ ਸੂਰਜ ਅਰੁ ਚੰਦਾ ॥ ਤਪੇ ਰਖੀਸਰ ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥ ੩ ॥**
**ਸੁਆਨ ਸਿਆਲ ਮਾਇਆ ਮਹਿ ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥ ਮਾਂਜਾਰ ਗ਼ਾਡਰ ਅਰੁ ਲੂਬਰਾ ॥**
**ਬਿਰਖ ਮੂਲ ਮਾਇਆ ਮਹਿ ਪਰਾ ॥ ੪ ॥ ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥**
**ਕਹਿ ਕਬੀਰ, ਜਿਸੁ ਉਦਰੁ, ਤਿਸੁ ਮਾਇਆ ਤਬ ਛੂਟੇ, ਜਬ ਸਾਧੂ ਪਾਇਆ ॥ ੫ ॥**[੧੧੬੦]-੫-੧੩

ਪਦ ਅਰਥ:-- (੧) ਮੀਨ (-ਮੱਛੀਆਂ) (੨) ਪਤੰਗੇ (-ਭੰਬਟ) (੩) ਕੁੰਚਰ (-ਹਾਥ) (੪) ਭੁਇਅੰਗਮ (-ਸੱਪ), (੫) ਭਿਰੰਗ (-ਭੌਰੇ), (੬) ਪੰਛੀ, (੭) ਮ੍ਰਿਗ (-ਜੰਗਲ ਦੇ ਪਸ਼ੂ) (੮) ਸਾਕਰ ਮਾਖੀ (-ਮੱਖੀ ਜੋ ਸ਼ੱਕਰ ਦੇ ਮਿੱਠੇ ਵਿਚ ਫਸ ਮਰਦੀ ਹੈ), (੯) ਤੁਰੇ (-ਘੋੜੇ) (੧੦) ਉਸਟ (-ਊਠ), ਛਿਅ ਜਤੀ (੧- **ਹਨੂਮਾਨ, ੨- ਭੀਸ਼ਮ ਪਿਤਾਮਾ**, ੩- ਲਛਮਨ, ੪-ਭੈਰਵ, ੫-**ਗੋਰਖ, ੬-ਦੱਤਾਤ੍ਰੇਯ**) ਰਖੀਸੁਰ (-ਵਡੇ ਵਡੇ ਰਿਖੀ) । (੧੧) ਸੁਆਨ (-ਕੁੱਤੇ), (੧੨) ਸਿਆਲ (-ਗਿੱਦੜ), (੧੩) ਬੰਤਰ (-ਬਾਂਦਰ), (੧੪) ਚਿੱਤ੍ਰੇ, (੧੫) ਸਿੰਘਾਤਾ (-ਸ਼ੇਰ), (੧੬) ਮਾਜਾਰ (-ਬਿੱਲੇ), (੧੭) ਗਾਡਰ (-ਭੇਡਾਂ), ਅਤੇ (੧੮) ਲੂਬਰਾ (-ਲੂੰਬੜ), (੧੯) ਸਾਗਰ (ਮੱਛੀਆਂ ਤੋਂ ਛੁੱਟ ਹੋਰ ਬੇਅੰਤ ਜੀਵ ਜੋ ਸਮੁੰਦਰ ਵਿਚ ਵੱਸਦੇ ਹਨ) । (੨੦) ਇੰਦ੍ਰਾ (ਇੰਦ੍ਰ ਪੁਰੀ, ਭਾਵ ਸ੍ਵਰਗ ਵਿਚ ਰਹਿਣ ਵਾਲੇ ਦੇਵਤੇ ਆਦਿਕ) । (੨੧) ਧਰਦੇਵ (ਧਰਤੀ ਦੇ ਜੀਵ, ਉਪਰ ਵਰਣਨ ਸ਼ੇਰ, ਚਿੱਤੇ ਗਿੱਦੜ ਆਦਿ ਤੋਂ ਛੁੱਟ ਹੋਰ ਬੇਅੰਤ ਤਰ੍ਹਾਂ ਦੇ ਜੀਵ), ਇਹ ਸਾਰੇ ਦੇ ਸਾਰੇ ਮਾਇਆ ਦੇ ਮੋਹ ਵਿਚ ਫ਼ਸੇ ਖੁਆਰ ਹੋ ਰਹੇ ਹਨ ।

ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ, ਦੇਵਤੇ ਆਦਿ ਵੀ ਪਸ਼ੂ ਪੰਖੀਆਂ ਦੀ ਪੱਧਰ ਤੇ ਹੀ ਖਲੋਤੇ ਦਰਸਾਏ ਗਏ ਹਨ । ਸਪੱਸ਼ਟ ਹੈ ਕਿ ਦੇਵਤਿਆਂ ਦੀ ਕਿਸੇ ਅੱਡਰੀ ਅਤੇ ਵਿਸ਼ੇਸ਼ ਹਸਤੀ ਨੂੰ ਗੁਰੂ-ਬਾਣੀ, ਮੁਢੋਂ ਹੀ ਨਹੀਂ ਮੰਨਦੀ । ਮਨ ਲਉ ਜੇ ਕੋਈ ਅਜੇਹੀ ਹਸਤੀ ਹੈ ਵੀ, ਤਾਂ ਉਹ ਕੁੱਤੇ, ਬਾਂਦਰ ਅਥਵਾ ਲੂੰਬੜ ਆਦਿਕ ਪਸ਼ੂਆਂ ਦੀ ਪੱਧਰ ਤੇ ਹੀ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਕਸੇ ਦੇਵੀ ਦੇਵਤੇ ਪ੍ਰਤੀ ਕਿਸੇ ਪ੍ਰਕਾਰ ਦੀ ਵੀ ਜੇ ਸ਼ਰਧਾ ਬਣਾਉਂਦਾ ਹੈ ਤਾਂ ਉਹ ਬਿੱਪ੍ਰਨ ਦੀ ਰੀਤ ਦਾ ਧਾਰਨੀ ਹੋਣ ਦਾ ਅਪਰਾਧ ਕਰਦਾ ਹੈ ।

## ੧੪ ਪ੍ਰਕਾਰ ਦੇ ਜੀਵ--

੪- **ਫੀਲੁ ਰਬਾਬੀ ਬਲਦੁ ਪਖਾਵਜ, ਕਊਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ, ਭੈਸਾ, ਭਗਤਿ ਕਰਾਵੈ ॥ ੧ ॥ ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥ ੧ ॥ ਰਹਾਉ ॥ ਬੈਠਿ ਸਿੰਘੁ ਘਰਿ ਪਾਨ ਲਗਾਵੈ, ਘੀਸ ਗਲਉਰੇ ਲਿਆਵੈ ॥ ਘਰਿ ਘਰਿ ਮੁਸਰੀ ਮੰਗਲੁ ਗਾਵਹਿ, ਕਛੂਆ ਸੰਖੁ ਬਜਾਵੈ ॥ ੨ ॥ ਬੰਸ ਕੋ ਪੂਤੁ ਬੀਆਹਨ ਚਲਿਆ, ਸੁਇਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ, ਸਸੈ ਸਿੰਘ ਗੁਨ ਗਾਏ ॥ ੩ ॥ ਕਹਤ ਕਬੀਰ ਸੁਨਹੁ ਰੇ ਸੰਤਹੁ, ਕੀਟੀ ਪਰਬਤੁ ਖਾਇਆ ॥ ਕਛੂਆ ਕਹੈ ਅੰਗਾਰ ਭਿ ਲੋਰਉ, ਲੂਕੀ ਸਬਦੁ ਸੁਨਾਇਆ ॥ ੪ ॥** [੪੭੭]-੬

**ਅਰਥ:**-- ਹੇ ਮੇਰੇ ਸੁਹਣੇ ਰਾਮ ! ਅੱਕਾਂ ਦੀਆਂ ਖੱਖੜੀਆਂ ਹੁਣ ਪੱਕੇ ਅੰਬ ਬਣ ਗਏ ਹਨ, ਪਰ ਖਾਧੇ ਕਿਸੇ ਵਿਰਲੇ ਵਿਚਾਰ ਵਾਲੇ ਨੇ ਹਨ । (ਭਾਵ, ਜਿਵੇਂ ਅੱਕਾਂ ਦੀਆਂ ਖੱਖੜੀਆਂ ਵੇਖਣ ਨੂੰ ਅੰਬਾਂ ਵਾਂਗ ਜਾਪਦੀਆਂ ਹਨ, ਪਰ ਅੰਦਰੋਂ ਅੰਬ ਨਹੀਂ ਹੁੰਦੀਆਂ, ਤਿਵੇਂ ਮਨ ਪਹਿਲਾਂ ਸਾਰੇ ਕੰਮ ਵਿਖਾਵੇ ਵਾਲੇ ਕਰਦਾ ਸੀ । ਹੁਣ ਸਿਰਜਣਹਾਰ ਦੀ ਮਿਹਰ ਨਾਲ ਖੱਖੜੀਆਂ ਸਚ-ਮੁਚ ਪੱਕੇ ਅੰਬ ਬਣ ਗਏ ਹਨ, ਭਾਵ ਮਨ ਵਿਚ ਸੁਆਦ ਤੇ ਮਿਠਾਸ ਅਤੇ ਅਸਲੀਅਤ ਆ ਗਈ ਹੈ । ਇਹ ਸੁਆਦ ਵਿਰਲੇ ਭਾਗਾਂ ਵਾਂਲੇ ਬੰਦਿਆਂ ਨੂੰ ਮਿਲਦਾ ਹੈ । ੧ । ਰਹਾਉ ।

(ਮਨ ਦਾ) ਫੀਲੁ (-ਹਾਥੀ ਵਾਲਾ ਸੁਭਾਉ) ਰਬਾਬੀ (-ਕੀਰਤਨੀਆਂ ਬਣ ਗਿਆ), ਬਲਦ (ਵਾਲਾ ਸੁਭਾਉ) ਪਖਾਵਜ (ਜੋੜੀ ਵਜਾਉਣ ਵਾਲਾ ਹੋ ਗਿਆ), ਅਤੇ (ਸਦਾ ਕਾਂ ਕਾਂ ਕਰਦਾ ਰਹਿਣ ਵਾਲੇ ਅਤੇ ਸਦਾ ਗੰਦ ਵਿਚ ਚੁੰਝ ਮਾਰਦੇ ਰਹਿਣ ਵਾਲੇ, " **ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ, ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ** - -੪੯੩) ਕਊਏ (-ਕਾਂ ਵਾਲਾ ਸੁਭਾਉ) ਤਾਲ ਵਜਾ ਰਿਹਾ ਹੈ । ਖੋਤਾ (-ਖੋਤੇ ਵਾਲਾ ਸੁਭਾਉ) (ਪ੍ਰੇਮ ਰੂਪੀ) ਚੋਲਾ ਪਾ ਕੇ ਨੱਚ ਰਿਹਾ ਹੈ, ਅਤੇ ਭੈਂਸਾ (ਭਾਵ, ਭੈਂਸੇ ਵਾਲਾ ਸੁਭਾਉ) ਭਗਤੀ ਕਰਦਾ ਹੈ **। ੧ ।** (ਮਨ-) ਸ਼ੇਰ ਆਪਣੇ ਸ੍ਵੈ-ਸਰੂਪ ਵਿਚ ਟਿਕ ਕੇ, (ਭਾਵ, ਮਨ ਦਾ ਨਿਰਦਾਇਤਾ ਵਾਲਾ ਸੁਭਾਉ ਹਟਾ ਕੇ ਹੁਣ ਇਹ) ਸੇਵਾ ਦਾ ਆਹਰ ਕਰਦਾ ਹੈ ਤੇ (ਮਨ-) ਘੀਸ ਪਾਨਾਂ ਦੇ ਬੀੜੇ ਵੰਡ ਰਹੀ ਹੈ, (ਭਾਵ, ਮਨ ਤ੍ਰਿਸ਼ਨਾ ਛੱਡ ਕੇ ਹੋਰਨਾਂ ਦੀ ਸੇਵਾ ਕਰਦਾ ਹੈ) । ਸਾਰੀਆਂ ਇੰਦ੍ਰੀਆਂ ਆਪੋ ਆਪਣੇ ਗੋਲਕ-ਅਸਥਾਨ ਵਿਚ ਰਹਿ ਕੇ ਹਰੀ-ਜਸ ਰੂਪ ਮੰਗਲ ਗਾ ਰਹੀਆਂ ਹਨ ਤੇ ਉਹੀ ਮਨ (ਜੋ ਪਹਿਲਾਂ) ਕਛੂ-ਕੁੰਮਾ (ਸੀ, ਭਾਵ, ਜੋ ਪਹਿਲਾਂ ਸਤਸੰਗ ਤੋਂ ਦੂਰ ਭੱਜਦਾ ਸੀ, ਹੁਣ) ਹੋਰਨਾਂ ਨੂੰ ਉਪਦੇਸ਼ ਕਰ ਰਿਹਾ ਹੈ **। ੨ ।** ਜੋ ਪਹਿਲਾਂ) ਮਾਇਆ ਵਿਚ ਵੇੜ੍ਹਆ ਹੋਇਆ (ਸੀ, ਉਹ) ਮਨ (ਸੁਅੱਛ ਬ੍ਰਿਤੀ) ਵਿਆਹੁਣ ਤੁਰ ਪਿਆ ਹੈ, ਹੁਣ ਅੰਦਰ ਖੇੜਾ ਹੀ ਖੇੜਾ ਬਣ ਗਿਆ ਹੈ । ਉਸ ਮਨ ਨੇ (ਹਰੀ ਨਾਲ ਜੁੜੀ ਉਹ ਬ੍ਰਿਤੀ-ਰੂਪ) ਸੁੰਦਰੀ ਵਿਆਹ ਲਈ ਹੈ ਜੋ ਵਿਕਾਰਾਂ ਵਲੋਂ ਕੁਆਰੀ ਹੈ (ਅਤੇ ਹੁਣ ਉਹ ਮਨ ਜੋ ਪਹਿਲਾਂ ਵਿਕਾਰਾਂ ਵਿਚ ਪੈਣ ਦੇ ਕਾਰਨ) ਸਹਿਆ (ਸੀ, ਭਾਵ, ਸਹਮਿਆ ਰਹਿੰਦਾ ਸੀ) ਨਿਰਭਉ ਹਰੀ ਦੇ ਗੁਣ ਗਾਉਂਦਾ ਹੈ **। ੩ ।** ਕਬੀਰ ਸਾਹਿਬ ਦਾ ਫ਼ੁਰਮਾਨ--ਹੇ ਸੰਤ ਜਨੋਂ ! ਸੁਣਹੁ (ਹੁਣ ਮਨ ਦੀ) ਨਿੰਮ੍ਰਤਾ ਨੇ ਹਉਮੈ ਨੂੰ ਮੁਕਾ ਦਿੱਤਾ ਹੈ । (ਮਨ ਦਾ) ਕੋਰਾਪਨ (ਹਟ ਗਿਆ ਹੈ, ਤੇ ਮਨ) ਕਹਿੰਦਾ ਹੈ, ਮੈਨੂੰ ਨਿੱਘ ਚਾਹੀਦਾ ਹੈ, (ਭਾਵ, ਹੁਣ ਮਨ ਇਨਸਾਨੀ ਹਮਦਰਦੀ ਦੇ ਗੁਣ ਦਾ ਚਾਹਵਾਨ ਹੈ) । (ਮਨ ਦੀ) ਅਗਿਆਨਤਾ ਉਲਟ ਕੇ ਗਿਆਨ ਬਣ ਗਿਆ ਹੈ, ਤੇ ਹੁਣ ਮਨ ਹੋਰਨਾਂ ਨੂੰ) ਗੁਰੂ ਦਾ ਸ਼ਬਦ ਸੁਣਾ ਰਿਹਾ ਹੈ । ੪ ।

**੮ ਪ੍ਰਕਾਰ ਦੇ ਪਸ਼ੂ ਪੰਖੀਆਂ** ਦੇ ਜ਼ਿਕਰ ਦੁਆਰਾ ਪਰਮਾਤਮਾ ਨਾਲ ਦਿਲੀ ਪਿਆਰ ਦਾ ਨਮੂਨਾ ਸਮਝਾਇਆ ਹੈ--

੫- **ਮਾਰਵਾੜਿ ਜੈਸੇ ਨੀਰੁ ਬਾਲਹਾ, ਬੇਲਿ ਬਾਲਹਾ ਕਰਹਲਾ ॥ ਜਿਉ ਕੁਰੰਕ ਨਿਸਿ ਨਾਦੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥ ੧ ॥ ਤੇਰਾ ਨਾਮੁ ਰੂੜੋ, ਰੂਪੁ ਰੂੜੋ, ਅਤਿ ਰੰਗ ਰੂੜੋ ਮੇਰੋ ਰਾਮਈਆ ॥ ੧ ॥ ਰਹਾਉ ॥ ਜਿਉ ਧਰਣੀ ਕਉ ਇੰਦ੍ਰੁ ਬਾਲਹਾ, ਕੁਸਮ ਬਾਸੁ ਜੈਸੇ ਭਵਰਲਾ ॥ ਜਿਉ ਕੋਕਿਲ ਕਉ ਅੰਬੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥ ੨ ॥ ਚਕਵੀ ਕਉ ਜੈਸੇ ਸੂਰੁ ਬਾਲਹਾ, ਮਾਨਸਰੋਵਰ ਹੰਸੁਲਾ ॥ ਜਿਉ ਤਰੁਣੀ ਕਉ ਕੰਤੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥ ੩ ॥ ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥ ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੪ ॥**[੬੯੩]-੩

**ਪਦ ਬਰਥ:**--ਮਾਰਵਾੜਿ--ਮਾਰਵਾੜ (ਵਰਗੇ ਰੇਤਲੇ ਦੇਸ) ਵਿਚ । ਨੀਰੁ--ਪਾਣੀ । ਬਾਲਹਾ--ਪਿਆਰਾ । ਕਰਹਲਾ--ਊਠ ਨੂੰ । ਕੁਰੰਕ--ਹਰਨ । ਨਿਸਿ--ਰਾਤ ਵੇਲੇ । ਨਾਦੁ-- (ਘੰਡੇਹੇੜੇ ਦੀ) ਆਵਾਜ਼ । ਮਨਿ--ਮਨ ਵਿਚ । ਰਾਮਈਆ--ਸੋਹਣਾ ਰਾਮ । ੧ । ਰੂੜੋ--ਸੋਹਣਾ । ੧ । ਰਹਾਉ । ਧਰਣੀ--ਧਰਤੀ । ਇੰਦ੍ਰ--(ਭਾਵ) ਮੀਂਹ । ਕੁਸਮ ਬਾਸੁ--ਫੁੱਲ ਦੀ ਸੁਗੰਧੀ । ਭਵਰਲਾ--ਭੌਰੇ ਨੂੰ । ੨ । ਸੂਰ--ਸੂਰਜ । ਹੰਸੁਲਾ--ਹੰਸ ਨੂੰ । ਤਰਣੀ--ਜੁਆਨ ਇਸਤ੍ਰੀ । ਕੰਤ--ਪਤੀ । ੩ । ਖੀਰ--ਦੁੱਧ । ਚਾਤ੍ਰਿਕ--ਪਪੀਹਾ । ਜਲਧਰਾ--ਬਲਦ । ੪ ।

## ੭ ਪ੍ਰਕਾਰ ਦੇ ਪਸ਼ੂ ਪੰਖੀ ਇੱਕ ਸ਼ਬਦ ਵਿਚ--

੬-- **ਪਹਿਲਾ ਪੂਤੁ, ਪਿਛੈ ਰੀ ਮਾਈ ॥ ਗੁਰੁ ਲਾਗੋ ਚੇਲੇ ਕੀ ਪਾਈ ॥ ੧ ॥ ਏਕੁ ਅਚੰਭਉ ਸੁਨਹੁ ਤੁਮ ਭਾਈ ॥ ਦੇਖਤ ਸਿੰਘੁ ਚਰਾਵਤ ਗਾਈ ॥ ੧ ॥ ਰਹਾਉ ॥ ਜਲ ਕੀ ਮਛੁਲੀ, ਤਰਵਰਿ ਬਿਆਈ ॥ ਦੇਖਤ ਕੁਤਰਾ ਲੈ ਗਈ ਬਿਲਾਈ ॥ ੨ ॥ ਤਲੈ ਰੇ ਬੈਸਾ ਊਪਰਿ ਸੂਲਾ ॥ ਤਿਸ ਕੈ ਪੇਡਿ ਲਗੇ ਫਲ ਫੂਲਾ ॥ ੩ ॥ ਘੋਰੈ ਚਰਿ, ਭੈਸ ਚਰਾਵਨ ਜਾਈ ॥ ਬਾਹਰਿ ਬੈਲੁ, ਗੋਨਿ ਘਰਿ ਆਈ ॥ ੪ ॥**

**ਕਹਤ ਕਬੀਰ, ਜੁ ਇਸ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥ ੫ ॥**[੪੮੧]-੯-੨੨

**ਪਦ ਅਰਥ**:--ਸਿੰਘੁ--ਸ਼ੇਰ, ਭਾਵ, (ਨਿਰਭਉ ਅਕਾਲ-ਪੁਰਖ ਦੀ ਅੰਸ਼ ਹੋਣ ਕਰਕੇ, ਨਿਡਰ ਅਸਲੇ ਵਾਲਾ) ਜੀਵ । ਗਾਈ--ਗਾਈਆਂ, ਇੰਦ੍ਰੀਆਂ । ਚਰਾਵਤ--ਚਾਰ ਰਿਹਾ ਹੈ, ਸੰਤੁਸ਼ਟ ਕਰ ਰਿਹਾ ਹੈ । ੧ । ਰਹਾਉ ।

**ਅਰਥ**:--ਹੇਭਾਈ ! ਸੁਣੋ ਇਕ ਅਚਰਜ ਖੇਡ (ਜੋ ਜਗਤ ਵਿਚ ਵਰਤ ਰਹੀ ਹੈ) ਸਾਡੇ ਵੇਖਦਿਆਂ ਇਹ ਨਿਡਰ ਅਸਲੇ ਵਾਲਾ ' ਜੀਵ ' ਇੰਦ੍ਰੀਆਂ ਨੂੰ ਪ੍ਰਸੰਨ ਕਰਦਾ ਫਿਰਦਾ ਹੈ, ਮਾਨੋ, ਸ਼ੇਰ ਗਾਈਆਂ ਚਾਰਦਾ ਫਿਰਦਾ ਹੈ । ੧ । ਰਹਾਉ ।

**ਪਦ ਅਰਥ**:--ਪਹਿਲਾ--ਪਹਿਲਾਂ । ਪੂਤ--ਪਵਿੱਤਰ (ਪ੍ਰਭੂ ਦੀ ਅੰਸ) ਸੀ । ਮਾਈ--ਮਾਇਆਵੀ, ਮਾਇਆ ਦੇ ਅਸਰ ਵਾਲਾ । ਗੁਰੁ--ਜੀਵ (ਜੋ ਵਡ੍ਹੇ ਅਸਲੇ ਵਾਲਾ ਸੀ) । ਚੇਲੇ ਕੀ ਪਾਈ, ਮਨ-ਰੂਪ ਚੇਲੇ ਦੀ ਪੈਰੀਂ । ੧ ।

**ਅਰਥ**:--ਜੀਵਾਤਮਾ ਤਾਂ ਪਵਿੱਤਰ (ਪਰਮਾਤਮਾ ਦੀ ਅੰਸ) ਸੀ, ਪਰ ਇਸ ਉ ੱਤੇ ਮਾਇਆ ਦਾ ਪ੍ਰਭਾਵ ਪੈ ਗਿਆ, ਤੇ ਵੱਡੇ ਅਸਲੇ ਵਾਲਾ ਜੀਵ (ਆਪਣੇ ਹੀ ਬਣਾਏ ਹੋਏ) ਮਨ ਚੇਲੇ ਦੀ ਪੈਰੀ ਲੱਗਣ ਲੱਗ ਪਿਆ (ਭਾਵ, ਮਨ ਦਾ ਮੁਰੀਦ ਹੋ ਗਿਆ, ਮਨ ਦੇ ਪਿਛੇ ਤੁਰਨ ਲੱਗ ਪਿਆ) । ੧ ।

**ਪਦ ਅਰਥ**:--ਜਲ ਕੀ ਮਛੁਲੀ--ਪਾਣੀ ਦੇ ਆਸਰੇ ਜੀਊਣ ਵਾਲੀ ਮੱਛੀ, ਸਤਸੰਗ ਦੇ ਆਸਰੇ ਜੀਊਣ ਵਾਲੀ ਜਿੰਦ । ਤਰਵਰਿ--ਰੁੱਖ ਉ ੱਤੇ, ਇਸ ਸੰਸਾਰ ਵਿਚ ਜਿੱਥੇ ਵਸੇਬਾ ਇਉਂ ਹੀ ਹੈ ਜਿਵੇਂ ਪੰਛੀਆਂ ਦਾ ਰੁੱਖ ਉ ੱਤੇ । ਬਿਆਈ--ਸੂ ਪਈ, ਰੁੱਝ ਗਈ । ਕੁਤਰਾ--ਕਤੂਰੇ ਨੂੰ, ਸੰਤੋਖ ਨੂੰ [ ਨੋਟ:-- ਰਾਤ ਉਠ ਕੇ ਭਗਤੀ ਕਰਨ ਦਾ ਪਖੰਡ ਰਚਾ ਕੇ, ਚੇਲਿਆਂ-ਬਾਲਕਿਆਂ, ਸੇਵਾਦਾਰ ਸ਼ਰਧਾਲੂਆਂ, ਅਤੇ ਹੋਰ ਕਈ ਸਹੂਲਤਾਂ ਨਾਲ ਨਕਾ ਨਕ ਭਰੇ ਹੋਏ " ਡੇਰੇ " ਦੇ ਮਾਲਕ ਬਣੇ ਬੈਠੇ " ਪੀਰ ਜੀ " (ਡੇਰੇਦਾਰ " ਸੰਤ ਜੀ " ਮਹਾਂਪੁਰਖ ਜੀ " ਬਾਬਾ ਜੀ " ) ਦੀ ਹਾਲਤ ਨੂੰ, ਸੂਫ਼ੀ ਫ਼ਕੀਰ ਬਾਬਾ ਬੁਲ੍ਹੇ ਸ਼ਾਹ ਨੇ ਉਸ ਸੰਤੋਖੀ ਕੁੱਤੇ ਨਾਲੋਂ ਨੀਵੀਂ ਦਰਸਾਈ ਹੈ ਜਿਹੜਾ, ਸਾਰੀ ਰਾਤ ਮਾਲਕ ਦੇ ਘਰ ਦੇ ਪਹਿਰੇ ਤੇ ਰਹਿੰਦਾ ਹੈ ਅਤੇ ਫਿਰ ਰੜੇ ਮੈਦਾਨ ਲੇਟ ਕੇ ਥਕੇਵਾਂ ਲਾਹ ਲੈਂਦਾ । ਸਯੱਦ ਬੁਲ੍ਹੇ ਸ਼ਾਹ ਦਾ ਫ਼ੁਰਮਾਨ ਹੈ--

ਰਾਤੀਂ ਜਾਗੇਂ ਤੇ ਪੀਰ ਸਦਾਵੇਂ, ਰਾਤੀਂ ਜਾਗਣ **ਕੁੱਤੇ** । ਸਾਰੀ ਰਾਤ ਉਹ ਪਹਿਰਾ ਦਿੰਦੇ ਤੇ ਫਿਰ ਰੌੜੀਂ ਜਾ ਸੁੱਤੇ ।
ਆਪਣੇ ਸਾਈਂ ਦਾ ਦਰ ਨਹੀਂ ਛੱਡਦੇ ਭਾਵੇਂ ਲੱਖ ਲੱਖ ਖਾਵਣ ਜੁੱਤੇ । ਉ ੱਠ ਬੁਲ੍ਹਿਆ ਤੂੰ ਵੀ ਯਾਰ ਮਨਾ ਲੈ ਬਾਂਜ਼ੀ ਲੈ ਗਏ **ਕੁੱਤੇ** । ]

ਬਿਲਾਈ--ਬਿੱਲੀ, ਤਿਸ਼ਨਾ [ ਇਹ ਵੀ ਚੇਤੇ ਵਿਚ ਰੱਖਣਾ ਹੈ ਕਿ ਗੁਰਬਾਣੀ ਵਿਚ ਲੋਭੀ ਮਨੁੱਖ ਨੂੰ ਕੁੱਤੇ ਵਰਗਾ ਵੀ ਕਿਹਾ ਹੈ ਵੇਖੋ ਸ਼ਬਦ ਨੰ: ੧੧੫] । ੨ । ਰੇ-ਹੇ ਭਾਈ ! । ਬੈਸਾ--ਟਹਿਣੀਆਂ, ਸ਼ਾਖਾਂ (ਰਾਜਪੁਰੇ ਅੰਬਾਲੇ ਵਲ ਦੀ ਬੋਲੀ) । ਬੈਸਾ ਤਲੇ--ਟਹਿਣੀਆਂ (ਆਪਣੇ ਪੈਰਾਂ ਦੇ) ਹੇਠ ਕਰ ਲਈਆਂ, ਸੰਸਾਰਕ ਪਸਾਰੇ ਨੂੰ ਹੀ ਆਪਣਾ ਆਸਰਾ ਬਣਾ ਲਿਆ । ਸੂਲਾ--ਸੂਲ, ਮੁੱਢ, ਅਸਲੀ ਮੂਲ-ਪ੍ਰਭੂ । ਊਪਰਿ--ਉਤਾਂਹ, ਬਾਹਰ ਕੱਢ ਦਿੱਤਾ । ਪੇਡਿ--ਤਨ ਉ ੱਤੇ । ੩ । ਚਰਿ--ਚੜ੍ਹ ਕੇ । ਘੋਰੇ--ਮਨ-ਘੋੜੇ ਉਤੇ । ਭੈਸ--ਮੱਝਾਂ, ਵਾਸ਼ਨਾਂ । ਬੈਲੁ--ਬਲਦ (ਦਾ ਧੀਰਜ ਵਾਲਾ ਸੁਭਾਉ) । ਗੋਨਿ--(ਤ੍ਰਿਸ਼ਨਾ ਦੀ) ਛੱਟ । ਘਰਿ--ਹਿਰਦੇ-ਘਰ ਵਿਚ । ੪ । ਪਦ--ਅਵਸਥਾ । ਬੂਝੈ--ਸਮਝ ਲਏ।

**ਅਰਥ**:--ਸਤਸੰਗ ਦੇ ਆਸਰੇ ਜੀਊਣ ਵਾਲੀ ਜਿੰਦ ਸੰਸਾਰਕ ਕੰਮਾ ਵਿਚ ਰੁੱਝ ਗਈ ਹੈ, ਤ੍ਰਿਸ਼ਨਾ-ਬਿੱਲੀ ਇਸ ਦੇ ਸੰਤੋਖ ਨੂੰ ਸਾਡੇ ਵੇਖਦਿਆਂ ਹੀ ਫੜ ਕੇ ਲੈ ਗਈ ਹੈ **। ੨ ।** ਇਸ ਜੀਵ ਨੇ ਸੰਸਾਰਕ ਪਸਾਰੇ ਨੂੰ ਆਪਣਾ ਆਸਰਾ ਬਣਾ ਲਿਆ ਹੈ ਤੇ ਅਸਲੀ ਮੂਲ-ਪ੍ਰਭੂ ਨੂੰ ਆਪਣੇ ਅੰਦਰੋਂ ਬਾਹਰ ਕੱਢ ਦਿੱਤਾ ਹੈ । ਹੁਣ ਇਹੋ ਜਿਹੇ (ਜੀਵ-ਰੁੱਖ) ਦੇ ਪੇੜ ਨੂੰ ਫੁੱਲ ਫਲ ਵੀ ਅਜਿਹੀ ਵਾਸਨਾ ਦੇ ਹੀ ਲੱਗ ਰਹੇ ਹਨ **। ੩ ।** (ਜੀਵਾਤਮਾ ਦੇ ਕਮਜ਼ੋਰ ਪੈ ਜਾਣ ਕਰਕੇ) ਵਾਸ਼ਨਾ-ਭੈਂਸ ਮਨ-ਘੋੜੇ ਉ ੱਤੇ ਸਵਾਰ ਹੋ ਕੇ ਇਸ ਨੂੰ ਵਿਸ਼ੇ ਭੋਗਣ ਲਈ ਭਜਾਈ ਫਿਰਦੀ ਹੈ । (ਹੁਣ ਹਾਲਤ ਇਹ ਬਣ ਗਈ ਹੈ ਕਿ) ਧੀਰਜ-ਰੂਪ ਬਲਦ ਬਾਹਰ ਨਿਕਲ ਗਿਆ ਹੈ (ਭਾਵ, ਧੀਰਜ ਨਹੀਂ ਰਹਿ ਗਈ), ਤੇ ਤ੍ਰਿਸ਼ਨਾਂ ਦੀ ਛੱਟ ਜੀਵ ਉਤੇ ਆ ਪਈ ਹੈ **। ੪ ।** ਕਬੀਰ ਸਾਹਿਬ ਦਾ ਫ਼ੁਰਮਾਨ--ਜੋ ਮਨੁੱਖ ਇਸ (ਵਾਪਰਨ ਵਾਲੀ) ਹਾਲਤ ਨੂੰ ਸਮਝ ਲੈਂਦਾ ਹੈ, ਪਰਮਾਤਮਾ ਦਾ ਸਿਮਰਨ ਕਰ ਕੇ ਉਸ ਨੂੰ ਜੀਵਨ ਦੇ ਸਹੀ ਰਸਤੇ ਦੀ ਸਾਰੀ ਸੂਝ ਪੈ ਜਾਂਦੀ ਹੈ (ਤੇ, ਉਹ ਇਸ ਤ੍ਰਿਸ਼ਨਾ-ਜਾਲ ਵਿਚ ਨਹੀਂ ਫਸਦਾ) । ੫ ।

**੬ ਅਤੇ ਫਿਰ ੧੧ ਕਿਸਮਾਂ ਦੇ ਪਸ਼ੂ, ਪੰਖੀ, ਆਦਿ ਜੀਵਾਂ ਦੇ** ਜ਼ਿਕਰ ਤੋਂ ਮਨੁੱਖ ਵਾਸਤੇ ਸ੍ਰੀ ਗੁਰੂ ਨਾਨਕ ਜੀ ਦਾ ਵਡਮੁੱਲਾ ਉਪਦੇਸ਼ ਹੈ ਕਿ ਮਾਇਆ ਦਾ ਹੰਕਾਰ ਤਿਆਗ ਕੇ ਨਿਮਰਤਾ ਅਤੇ ਗ਼ਰੀਬੀ ਭਾਵਨਾ ਨਾਲ ਪ੍ਰਭੂ ਨੂੰ ਸਦਾ ਯਾਦ ਰਖਣ ਨਾਲ ਹੀ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ ਅਤੇ ਫਿਰ ਬੇਅੰਤ ਜੂਨੀਆਂ ਵਿਚੋਂ ਕੇਵਲ ਮਨੁਖਾ ਦੇਹ ਹੀ ਪ੍ਰਭੂ ਪ੍ਰਾਪਤੀ ਦਾ ਅਵਸਰ ਹੈ:----

੭- **ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥**
**ਅੰਧੀ ਫੂਕਿ ਮੁਈ ਦੇਵਾਨੀ ॥ ਖਸਮਿ ਮਿਟੀ ਫਿਰਿ ਭਾਨੀ ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥**
**ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥**
**ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਹਿ ॥ ਅੰਧਾ ਕਿਸ ਨੋ ਬੁਕਿ ਸੁਣਾਵੈ ॥ ਖਸਮੈ ਮੂਲਿ ਨ ਭਾਵੈ ॥**
**ਅਕ ਸਿਉ ਪ੍ਰੀਤਿ ਕਰੇ ਅਕਤਿਡਾ ਅਕਡਾਲੀ ਬਹਿ ਖਾਇ ॥ ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥**
**ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥**
**ਮਖੀ ਮਿਠੈ ਮਰਣਾ ॥ ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥ ੨ ॥**[੧੨੮੬]-ਵਾਰ-੧੯

**ਅਰਥ**:--ਹਾਥੀ ਕਿਤਨਾ ਹੀ ਘਿਉ ਗੁੜ ਤੇ ਕਈ ਮਣਾ ਦਾਣਾ ਖਾਂਦਾ ਹੈ, (ਰੱਜ ਕੇ) ਡਕਾਰਦਾ ਹੈ, ਸ਼ੂਕਦਾ ਹੈ, ਮਿੱਟੀ (ਸੁੰਡ ਨਾਲ) ਉਡਾਉਂਦਾ ਹੈ, ਪਰ ਜਦੋਂ ਸਾਹ ਨਿਕਲ ਜਾਂਦਾ ਹੈ ਤਾਂ ਉਸ ਦਾ ਡਕਾਰਨਾ ਸ਼ੂਕਣਾ ਮੁੱਕ ਜਾਂਦਾ ਹੈ । (ਧਨ-ਪਦਾਰਥ ਦੇ ਮਾਣ ਵਿਚ) ਅੰਨ੍ਹੀ ਕਮਲੀ (ਹੋਈ ਦੁਨੀਆ ਵੀ ਹਾਥੀ ਵਾਂਗ) ਫੂਕਾਂ ਮਾਰ ਕੇ ਮਰਦੀ ਹੈ, (ਆਤਮਕ ਮੌਤ ਸਹੇੜਦੀ ਹੈ) ਜੇ (ਹੰਕਾਰ ਗਵਾ ਕੇ) ਖਸਮ ਵਿਚ ਸਮਾਏ ਤਾਂ ਹੀ ਖਸਮ ਨੂੰ ਭਾਉਂਦੀ ਹੈ । ਚਿੜੀ ਦੀ ਚੋਗ ਹੈ ਅੱਧਾ ਦਾਣਾ (ਭਾਵ, ਬਹੁਤ ਥੋੜ੍ਹੀ ਜਿਹੀ), (ਇਹ ਥੋੜ੍ਹੀ ਜਿਹੀ ਚੋਗ ਚੁਗ ਕੇ) ਉਹ ਆਕਾਸ਼ ਵਿਚ ਉ ੱਡਦੀ ਹੈ ਤੇ ਬੋਲਦੀ ਹੈ, ਜੇ ਉਹ ਮਾਲਕ-ਪ੍ਰਭੂ ਨੂੰ ਯਾਦ ਕਰਦੀ ਹੈ ਤੇ ਉਸ ਨੂੰ ਭਾਉਂਦੀ ਹੈ ਤਾਂ ਉਹ ਚਿੜੀ ਚੰਗੀ ਹੈ ।

ਇਕ ਬਲੀ ਸ਼ੇਰ ਸੈਂਕੜੇ ਮਿਰਗਾਂ ਨੂੰ ਮਾਰਦਾ ਹੈ, ਉਸ ਸ਼ੇਰ ਦੇ ਪਿੱਛੇ ਕਈ ਹੋਰ ਜੰਗਲੀ ਪਸ਼ੂ-ਪੰਛੀ ਵੀ ਪੇਟ ਭਰਦੇ ਹਨ, ਤਾਕਤ ਦੇ ਮਾਣ ਵਿਚ ਉਹ ਸ਼ੇਰ ਆਪਣੇ ਘੁਰਣੇ ਨਹੀਂ ਸਮਾਉਂਦਾ, ਪਰ ਜਦੋਂ ਉਸ ਦਾ ਸਾਹ ਨਿਕਲ ਜਾਂਦਾ ਹੈ ਤਾਂ ਉਸ ਦਾ ਬੁੱਕਣਾ ਮੁੱਕ ਜਾਂਦਾ ਹੈ । ਉਹ ਅੰਨ੍ਹਾਂ ਕਿਸ ਨੂੰ ਬੁੱਕ ਬੁੱਕ ਕੇ ਸੁਣਾਉਂਦਾ ਹੈ ? ਖ਼ਸਮ-ਪ੍ਰਭੂ ਨੂੰ ਤਾਂ ਉਸ ਦਾ ਬੁੱਕਣਾ ਚੰਗਾ ਨਹੀਂ ਲੱਗਦਾ । (ਇਸ ਸ਼ੇਰ ਦੇ ਟਾਕਰੇ ਤੇ ਵੇਖੋ) ਅੱਕ-ਤਿੱਡਾ ਅੱਕ ਨਾਲ ਪਿਆਰ ਕਰਦਾ ਹੈ, ਅੱਕ ਦੀ ਡਾਲੀ ਉਤੇ ਬੈਠ ਕੇ ਅੱਕ ਹੀ ਖਾਂਦਾ ਹੈ ਤਾਂ (ਬੁੱਕ ਬੁੱਕ ਕੇ ਹੋਰਨਾਂ ਨੂੰ ਡਰਾਉਣ ਵਾਲੇ ਸ਼ੇਰ ਨਾਲੋਂ) ਉਹ ਅੱਕ ਤਿੱਡਾ ਹੀ ਚੰਗਾ ਹੈ । ਹੇ ਨਾਨਕ ! ਦੁਨੀਆ (ਵਿਚ ਜੀਉਣ) ਚਾਰ ਦਿਨਾ ਦਾ ਹੈ, ਇਥੇ ਮੌਜ ਮਾਣਿਆਂ ਦੁੱਖ ਹੀ ਨਿਕਲਦਾ ਹੈ, (ਇਹ ਦੁਨੀਆ ਦੀ ਮਿਠਾਸ ਐਸੀ ਹੈ ਕਿ ਜ਼ਬਾਨੀ ਗਿਆਨ ਦੀਆਂ) ਗੱਲਾਂ ਕਰਨ ਵਾਲੇ ਤਾਂ ਬੜੇ ਹਨ ਪਰ (ਇਸ ਮਿਠਾਸ ਨੂੰ) ਕੋਈ ਛੱਡ ਨਹੀਂ ਸਕਦਾ । ਮੱਖੀਆਂ ਇਸ ਮਿਠਾਸ ਉਤੇ ਮਰਦੀਆਂ ਹਨ । ਪਰ, ਹੇ ਪ੍ਰਭੂ ! ਜਿੰਨ੍ਹਾਂ ਨੂੰ ਤੂੰ ਬਚਾਏਂ ਉਨ੍ਹਾਂ ਦੇ ਇਹ ਮਿਠਾਸ ਨੇੜੇ ਨਹੀਂ ਢੁੱਕਦੀ, ਉਹ ਸੰਸਾਰ-ਸਮੁੰਦਰ ਤੋਂ (ਸਾਫ਼) ਤਰ ਕੇ ਲੰਘ ਜਾਂਦੇ ਹਨ । ੨ ।

ਇਸ ਪਾਵਨ ਸ਼ਬਦ ਤੋਂ ਸਿਖਿਆ ਇਹ ਮਿਲਦੀ ਹੈ ਕਿ, ਜਿਵੇਂ ਹਾਥੀ ਅਤੇ ਚਿੜੀ ਦੀ ਸ਼ਕਤੀ ਦਾ ਫ਼ਰਕ ਹੈ, ਜਿਵੇਂ ਜੰਗਲ ਦੇ ਬਾਦਸ਼ਾਹ ਸ਼ੇਰ ਅਤੇ ਅਕ-ਤਿੱਡੇ ਦਾ ਫ਼ਰਕ ਹੈ ਏਵੇਂ ਹੀ, ਵਡੀ ਤੋਂ ਵੱਡੀ ਸਰੀਰਕ ਸ਼ਕਤੀ ਵਾਲੇ, ਵਡੇ ਤੋਂ ਵਡੇ ਧਨਵਾਨ, ਸ਼ਾਹ, ਬਾਦਸ਼ਾਹ ਜੇ ਪ੍ਰਭੂ ਨੂੰ ਵਿਸਾਰ ਕੇ ਹੰਕਾਰੀ ਅਤੇ ਵਿਕਾਰੀ ਬਣ ਚੁੱਕੇ ਹਨ ਤਾਂ ਉਹ, ਉਸ ਗ਼ਰੀਬੜੇ ਅਤੇ ਕਮਜ਼ੋਰ ਸਰੀਰ ਵਾਲੇ ਮਨੁੱਖ ਦੇ ਬਰਾਬਰ ਦੇ ਨਹੀਂ ਸਮਝੇ ਜਾ ਸਕਦੇ ਜਿਸ ਦੇ ਹਿਰਦੇ ਵਿਚ ਪ੍ਰਭੂ ਦੀ ਯਾਦ ਟਿਕੀ ਹੋਈ ਹੈ । ਜਪੁਜੀ ਸਾਹਿਬ ਦੀ ੨੩ਵੀ ਪਉੜੀ ਵਿਚ ਵੀ ਅਜੇਹੇ ਹੀ ਗਿਆਨ ਦੀ ਬਖ਼ਸ਼ਸ਼ ਹੋਈ ਹੈ--

**ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ, ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥**

ਭਾਵ, ਸਮੁੰਦਰਾਂ ਦੇ ਪਾਤਸ਼ਾਹ ਤੇ ਸੁਲਤਾਨ (ਜਿਨ੍ਹਾਂ ਦੇ ਖ਼ਜ਼ਾਨਿਆਂ ਵਿਚ) ਪਹਾੜ ਜਿਡੇ ਧਨ ਪਦਾਰਥਾਂ (ਦੇ ਢੇਰ ਹੋਣ) (ਪ੍ਰਭੂ ਦੀ ਸਿਫ਼ਤ-ਸਾਲਾਹ ਕਰਨ ਵਾਲੇ ਦੀਆਂ ਨਜ਼ਰਾਂ ਵਿਚ) ਇੱਕ ਕੀੜੀ ਦੇ ਵੀ ਬਰਾਬਰ ਨਹੀਂ ਹੁੰਦੇ, ਜੇ (ਹੇ ਅਕਾਲਪੁਰਖ !) ਉਸ ਕੀੜੀ ਦੇ ਮਨ ਵਿਚੋਂ ਤੂੰ ਨਾ ਵਿਸਰ ਜਾਏਂ ।

## ਭੁਲੇਖੇ ਵਿਚ ਨਹੀਂ ਪੈਣਾ--

ਅਜੇਹੇ ਗੁਰੂ-ਸ਼ਬਦਾਂ ਤੋਂ ਇਹ ਵਿਚਾਰ ਬਣਾ ਲੈਣੀ ਗ਼ਲਤ ਹੈ, ਕਿ ਹਾਥੀ ਅਤੇ ਸ਼ੇਰ ਪਰਮਾਤਮਾ ਨੂੰ ਵਿਸਾਰ ਕੇ ਹੰਕਾਰੀ ਹੋ ਜਾਂਦੇ ਹਨ ਅਤੇ ਚਿੜੀ ਜਾਂ ਅੱਕ ਦਾ ਟਿੱਡਾ ਜਾਂ ਕੀੜੀ ਪ੍ਰਭੂ ਦੇ ਨਾਮ ਦਾ ਸਿਮਰਨ ਕਰ ਸਕਦੇ ਹਨ । ਅਜੇਹਾ ਵਿਸ਼ਵਾਸ਼ " ਬਿੱਪ੍ਰੀ ਮਤਿ " ਹੈ । ਗੁਰਮਤਿ ਅਨੁਸਾਰ, ਪਸ਼ੂ ਪੰਖੀਆਂ ਜਾਂ ਕੀੜੇ ਮਕੌੜਿਆਂ ਨੂੰ ਬ੍ਰਹਮ ਬਾਰੇ ਨਾ ਕੋਈ ਗਿਆਨ ਹੁੰਦਾ ਹੈ ਅਤੇ ਨਾ ਹੀ ਉਹ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਕਰ ਸਕਦੇ ਹਨ । ਪਰਮਾਤਮਾ ਦੀ ਹੋਂਦ ਦੀ ਸੋਝੀ ਕੇਵਲ ਮਨੁੱਖ ਨੂੰ ਹੀ ਆ ਸਕੀ ਹੈ । ਕੇਵਲ ਮਨੁੱਖਾ ਸਰੀਰ ਨੂੰ ਹੀ ਪ੍ਰਭੂ ਨਾਲ ਅਭੇਤ ਹੋ ਸਕਣ ਦਾ ਸਮਾ ਹੈ--**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**[੧੨] ਚੌਰਾਸੀਹ ਲੱਖ ਜੂਨ ਵਿਚੋਂ ਕੇਵਲ ਮਨੁਖਾ ਦੇਹ ਹੀ ਪ੍ਰਭੂ-ਮਿਲਾਪ ਦਾ ਅਵਸਰ ਹੈ--

੮- **ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥ ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਉ ॥ ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥ ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥ ੩ ॥ ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥ ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥ ੪ ॥**[੧੭੬]-੩-੭੨

**ਅਰਥ:**--(ਹੇ ਭਾਈ !) ਚਿਰ ਪਿਛੋਂ ਤੈਨੂੰ ਇਹ (ਮਨੁੱਖਾ-) ਸਰੀਰ ਮਿਲਿਆ ਹੈ, ਜਗ ਦੇ ਮਾਲਕ ਪ੍ਰਭੂ ਨੂੰ ਹੁਣ ਮਿਲ, (ਇਹ ਮਨੁੱਖਾ ਜਨਮ ਪ੍ਰਭੂ ਨੂੰ) ਮਿਲਣ ਦਾ ਸਮਾ ਹੈ **। ੧ । ਰਹਾਉ ।** (ਹੇ ਭਾਈ !) ਤੂੰ ਕਈ ਜਨਮਾਂ ਵਿਚ ਕੀੜੇ ਪਤੰਗੇ ਬਣਦਾ ਰਿਹਾ, ਕਈ ਜਨਮਾਂ ਹਾਥੀ, ਮੱਛੀ ਹਿਰਨ ਬਣਦਾ ਰਿਹਾ । ਕਈ ਜਨਮਾਂ ਵਿਚ ਤੂੰ ਪੰਛੀ ਤੇ ਸੱਪ ਬਣਿਆਂ, ਕਈ ਜਨਮਾ ਵਿਚ ਤੂੰ ਘੋੜੇ ਬਲਦ ਬਣ ਕੇ ਜੋਇਆ ਗਿਆ **। ੧ ।** ਕਈ ਜਨਮਾਂ ਵਿਚ ਤੈਨੂੰ ਪੱਥਰ ਚਿਟਾਨਾਂ ਬਣਾਇਆ ਗਿਆ, ਕਈ ਜਨਮਾਂ ਵਿਚ ਤੇਰੀ ਮਾਂ ਦਾ ਗਰਭ ਛਣਦਾ ਰਿਹਾ । ਕਈ ਜਨਮਾਂ ਵਿਚ ਤੈਨੂੰ (ਕਿਸਮ ਕਿਸਮ ਦਾ, ਬਨਾਸਪਤੀ ਦੇ ਬੂਟੇ) ਰੁੱਖ ਬਣਾ ਕੇ ਪੈਦਾ ਕੀਤਾ ਗਿਆ, ਤੇ ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਵਿਚ ਤੈਨੂੰ ਭਵਾਇਆ ਗਿਆ **। ੨ ।** (ਹੇ ਭਾਈ ! ਹੁਣ ਤੈਨੂੰ) ਮਨੁੱਖਾ ਜਨਮ ਮਿਲਿਆ ਹੈ, ਸਾਧ ਸੰਗਤਿ ਵਿਚ ਆ, ਗੁਰੂ ਦੀ ਮਤ ਲੈ ਕੇ ਖ਼ਲਕਤ ਦੀ) ਸੇਵਾ ਕਰ ਤੇ ਪਰਮਾਤਮਾ ਦਾ ਭਜਨ ਕਰ । ਮਾਣ, ਝੂਠ ਤੇ ਹੰਕਾਰ ਛੱਡ ਦੇਹ । ਤੂੰ (ਪਰਮਾਤਮਾ ਦੀ) ਦਰਗਾਹ ਵਿਚ (ਤਦੋਂ ਹੀ) ਕਬੂਲ ਹੋਵੇਂਗਾ ਜੇ ਤੂੰ ਇਹ ਜੀਵਨ ਜੀਊਂਦਾ ਹੀ ਆਪਾ-ਭਾਵ ਵਲੋਂ ਮਰੇਂਗਾ **। ੩ ।** ਹੇ ਨਾਨਕ ! (ਪ੍ਰਭੂ ਅੱਗੇ ਅਰਦਾਸ ਕਰ ਤੇ) ਆਖ--ਹੇ ਪ੍ਰਭੂ ! ਤੇਰਾ ਸਿਮਰਨ ਕਰਨ ਦੀ ਜੀਵ ਨੂੰ ਕੀ ਸਮਰੱਥਾ ਹੋ ਸਕਦੀ ਹੈ ?) ਜੋ ਕੁਝ (ਜਗਤ ਵਿਚ) ਹੁੰਦਾ ਹੈ ਉਹ ਤੇਰੇ ਹੁਕਮ ਤੋਂ ਹੀ ਹੁੰਦਾ ਹੈ । (ਤੈਥੋਂ ਬਿਨਾਂ ਕੋਈ ਵੀ ਕੁਝ ਕਰਨ ਦੀ ਸਮਰੱਥਾ ਵਾਲਾ ਨਹੀਂ ਹੈ । ਹੇ ਪ੍ਰਭੂ ! ਤੈਨੂੰ ਤਦੋਂ ਹੀ ਮਿਲਿਆ ਜਾ ਸਕਦਾ ਹੈ ਜੇ ਤੂੰ ਆਪ ਜੀਵ ਨੂੰ (ਆਪਣੇ ਚਰਨਾਂ ਵਿਚ) ਮਿਲਾ ਲਏਂ, ਤਦੋਂ ਹੀ ਜੀਵ ਹਰਿ-ਗੁਣ ਗਾ ਸਕਦਾ ਹੈ । ੪ ।

ਅਤੇ ਫਿਰ--**ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥**[੩੨੬] ਭਾਵ, ਅਸਥਾਵਰ--ਇਕ ਥਾਂ ਤੇ ਖਲੋਤੇ ਰਹਿਣ ਵਾਲੇ ਰੁੱਖ ਆਦਿਕ, ਜੰਗਮ--ਤੁਰਨ ਵਾਲੇ ਪਸ਼ੂ-ਪੰਛੀ, ਕੀਟ--ਕੀੜੇ, ਪਤੰਗਾ--ਖੰਭਾ ਵਾਲੇ ਕੀੜੇ, ਬਹੁ ਰੰਗਾ--ਬਹੁਤ ਕਿਸਮਾਂ ਦੇ, ਕੀਏ--ਅਸਾਂ ਕੀਤੇ, ਅਸਾਂ ਧਾਰੇ, ਪਰ ਆਖ਼ਰ ਅਕਾਲਪੁਰਖ ਦੀ ਮਿਹਰ ਹੋਈ ਅਤੇ ਸਾਨੂੰ ਮਨੁੱਖਾ ਸਰੀਰ ਮਿਲਿਆ । ਸਾਰੀਆਂ ਬੇਅੰਤ ਜੂਨਾਂ ਵਿਚੋਂ ਕੇਵਲ ਅਤੇ ਕੇਵਲ ਇੱਕ ਏਹੀ ਮਨੁੱਖਾ ਜਨਮ ਦਾ ਹੀ ਸਮਾ ਹੈ ਜੋ ਅਸੀਂ ਉਸ ਜੋਤੀ ਵਿਚ ਆਪਣੀ ਜੋਤਿ ਸਮਾ ਸਕਦੇ ਹਾਂ । ਪਸ਼ੂ ਪੰਖੀਆਂ ਦੀਆਂ ਉਦਾਹਰਣਾਂ ਸਚਾਈ ਦੀ ਸੋਝੀ ਕਰਾਉਣ ਲਈ ਹਨ । ਅੱਖਰੀ ਅਰਥਾਂ ਨਾਲ ਜੁੜ ਕੇ ਭੁਲੇਖੇ ਵਿਚ ਨਹੀਂ ਪੈਣਾ ।

**ਛੇ ਤਰ੍ਹਾਂ ਦੇ ਹੀ ਜਾਨਵਰਾਂ ਦੇ ਜ਼ਿਕਰ** ਤੋਂ ਸਤਿਗੁਰਾਂ ਨੇ ਹਰੀ ਦੇ ਭਗਤ ਅਤੇ ਸਾਕਤ ਵਿਚਲੀ ਅਜੋੜਤਾ ਸਮਝਾਈ ਹੈ--

੯- **ਹਰਿ ਕੇ ਦਾਸ ਸਿਉ ਸਾਕਤ ਨਹੀਂ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥ ੧ ॥ ਰਹਾਉ ॥ ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ ਪੁਚਾਰੈ ਨਾਰੀ ॥ ੧ ॥ ਬੈਲ ਕਉ ਨੇਤ੍ਰਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥ ੨ ॥ ਗਾਡਰ ਲੇ ਕਾਮ-ਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥ ੩ ॥ ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥ ੪ ॥**[੧੯੮]-੯੧-੧੬੦

**ਅਰਥ:**--ਪਰਮਾਤਮਾ ਦੇ ਭਗਤ ਨਾਲ ਮਾਇਆ-ਵੇੜ੍ਹੇ ਮਨੁੱਖ ਦਾ ਜੋੜ ਨਹੀਂ ਬਣਦਾ (ਕਿਉਂਕਿ) ਉਹ ਸਾਕਤ ਵਿਸ਼ਿਆਂ ਦਾ ਪਿਆਰਾ ਹੁੰਦਾ ਹੈ ਤੇ ਉਸ ਭਗਤ ਨੂੰ ਪਰਮਾਤਮਾ ਦਾ ਪ੍ਰੇਮ-ਰੰਗ ਚੜ੍ਹਿਆ ਹੁੰਦਾ ਹੈ । ੧ । ਰਹਾਉ ।

(ਹੇ ਭਾਈ ! ਹਰੀ ਦੇ ਦਾਸ ਵਾਸਤੇ ਸਾਕਤ ਦਾ ਸੰਗ ਇਉਂ ਹੀ ਹੈ) ਜਿਵੇਂ ਕਿਸੇ ਅਨਾੜੀ ਅਸਵਾਰ ਵਾਸਤੇ ਇਕ ਸਜਾਈ ਹੋਈ ਘੋੜੀ ਹੋਵੇ, ਜਿਵੇਂ ਕੋਈ ਖੁਸਰਾ ਇਸਤ੍ਰੀ ਨੂੰ ਪਿਆਰ ਕਰਦਾ ਹੋਵੇ **। ੧ ।** ਜਿਵੇਂ ਕੋਈ ਮਨੁੱਖ ਨਿਆਣਾ ਪਾ ਕੇ ਬਲਦ ਨੂੰ ਚੋਣ ਲੱਗ ਪਏ, ਜਿਵੇਂ ਕੋਈ ਮਨੁੱਖ ਗਾਂ ਉਤੇ ਚੜ੍ਹ ਕੇ ਉਸ ਨੂੰ ਸ਼ੇਰ ਦੇ ਪਿੱਛੇ ਦੁੜਾਵੇ **। ੨ ।** (ਹਰੀ ਦੇ ਭਗਤ ਅਤੇ ਸਾਕਤ ਦਾ ਜੋੜ ਇਉਂ ਹੈ) ਜਿਵੇਂ ਕੋਈ ਮਨੁੱਖ ਭੇਡ ਲੈ ਕੇ ਉਸ ਨੂੰ ਕਾਮਧੇਨ ਮਿਥ ਕੇ ਪੂਜਣ ਲੱਗ ਪਏ, ਜਿਵੇਂ ਕੋਈ ਮਨੁੱਖ ਸਰਮਾਏ ਤੋਂ ਬਿਨਾ ਹੀ ਸੌਦਾ ਖ਼ਰੀਦਣ ਉਠ ਦੌੜੇ **। ੩ ।** ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ (ਹਰੀ ਦੇ ਦਾਸਾਂ ਦੀ ਸੰਗਤਿ ਵਿਚ ਟਿਕ ਕੇ) ਪਰਮਾਤਮਾ ਦਾ ਨਾਮ ਆਪਣੇ ਚਿਤ ਵਿਚ ਸਿਮਰ, ਪਰਮਾਤਮਾ ਵਰਗੇ ਮਾਲਕ ਤੇ ਮਿੱਤਰ ਦਾ ਸਿਮਰਨ ਕਰਿਆ ਕਰ । ੪ ।

੧੦- **ਗਊ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥ ਬਕਰੀ ਕਉ ਹਸਤੀ ਪ੍ਰਤਿਪਾਲੇ ॥ ਅਪਨਾ ਪ੍ਰਭੁ ਨਦਰਿ ਨਿਹਾਲੇ ॥ ੧ ॥ ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਬਰਨਿ ਨ ਸਾਕਉ ਬਹੁ**

**ਗੁਨ ਤੇਰੇ ॥ ੧ ॥ ਰਹਾਉ ॥ ਦੀਸਤ ਮਾਸੁ ਨ ਖਾਇ ਬਿਲਾਈ ॥ ਮਹਾ ਕਸਾਬਿ ਛੁਰੀ ਸਟਿ ਪਾਈ ॥**
**ਕਰਣਹਾਰ ਪ੍ਰਭੁ ਹਿਰਦੈ ਵੂਠਾ ॥ ਫਾਥੀ ਮਛੁਲੀ ਕਾ ਜਾਲਾ ਤੂਟਾ ॥ ੨ ॥ ਸੂਕੇ ਕਾਸਟ ਹਰੇ ਚਲੂਲ ॥**
**ਊਚੈ ਥਲਿ ਫੂਲੇ ਕਮਲ ਅਨੂਪ ॥ ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕ ਅਪਨੀ ਲਾਇਓ ਸੇਵ ॥ ੩**॥[੮੯੮]-੩੯-੫੦

**ਅਰਥ**:--ਹੇ ਮੇਰੇ ਪ੍ਰੀਤਮ ਪ੍ਰਭੂ ! ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ ! ਤੇਰੇ ਅਨੇਕਾਂ ਗੁਣ ਹਨ ਮੈਂ ਸਾਰੇ ਕਥਨ ਨਹੀਂ ਕਰ ਸਕਦਾ । ੧। ਰਹਾਉ ।

(ਹੇ ਭਾਈ ! ਦੁਨੀਆ ਦੇ ਧਨ-ਪਦਾਰਥ ਦੇ ਕਾਰਨ ਮਨੁੱਖ ਦਾ ਮਨ ਆਮ ਤੌਰ ਤੇ ਹੰਕਾਰ ਨਾਲ ਹਾਥੀ ਬਣਿਆ ਰਹਿੰਦਾ ਹੈ, ਪਰ) ਜਦੋਂ ਪਿਆਰਾ ਪ੍ਰਭੂ ਮਿਹਰ ਦੀ ਨਿਗਾਹ ਨਾਲ ਤੱਕਦਾ ਹੈ ਾਂ (ਪਹਿਲਾ ਹੰਕਾਰੀ) ਹਾਥੀ (ਮਨ) ਬੱਕਰੀ (ਵਾਲੇ ਗ਼ਰੀਬ ਸੁਭਾਉ) ਵਾਲਾ ਬਣ ਜਾਂਦਾ ਹੈ । (ਪ੍ਰਭੂ ਦੀ ਕਿਰਪਾ ਨਾਲ ਵਿਕਾਰਾਂ ਦੀ ਮਾਰ ਤੋਂ ਬਚ ਕੇ) ਸਾਰਦੂਲ (-ਸ਼ੇਰ ਹੋਇਆ ਮਨ) ਗਊ ਨੂੰ ਭਾਵ, -ਗਿਆਨ ਇੰਦ੍ਰਿਆਂ ਨੂੰ ਆਪਣੇ ਵੱਸ ਵਿਚ ਰੱਖਣ ਲੱਗ ਪੈਂਦਾ ਹੈ । (ਵਿਕਾਰਾਂ ਵਿਚ ਫਸਿਆ ਜੀਵ ਪਹਿਲਾਂ) ਕੌਡੀ (ਸਮਾਨ ਤੁੱਛ ਹਸਤੀ ਵਾਲਾ ਹੋ ਗਿਆ ਸੀ, ਹੁਣ ਉਸ) ਦਾ ਮੁੱਲ (ਮਾਨੋ) ਲੱਖਾਂ ਰੁਪਏ ਹੋ ਗਿਆ **। ੧ ।** (ਜਦੋਂ ਆਪਣਾ ਪ੍ਰਭੂ ਮਿਹਰ ਦੀ ਨਿਗਾਹ ਕਰਦਾ ਹੈ ਤਾਂ) ਬਿੱਲੀ ਦਿੱਸ ਰਿਹਾ ਮਾਸ ਵੀ ਨਹੀਂ ਖਾਂਦੀ (ਮਨ ਦੀ ਤ੍ਰਿਸ਼ਨਾਂ ਮੁੱਕ ਜਾਂਦੀ ਹੈ, ਮਨ ਮਾਇਕ ਪਦਾਰਥਾਂ ਵਲ ਨਹੀਂ ਤੱਕਦਾ ) । ਪ੍ਰਭੂ (ਦੀ ਕਿਰਪਾ ਨਾਲ) ਵਡੇ ਕਸਾਈ (ਨਰਦਈ ਮਨ) ਨੇ ਆਪਣੇ ਹੱਥੋਂ ਛੁਰੀ ਸੁੱਟ ਦਿੱਤੀ (ਨਿਰਦਾਇਤਾ ਦਾ ਸਭਾਉ ਤਿਆਗ ਦਿੱਤਾ) । ਸਭ ਕੁਝ ਕਰ ਸਕਣ ਵਾਲਾ ਪ੍ਰਭੂ ਜਦੋਂ (ਆਪਣੀ ਕਿਰਪਾ ਨਾਲ ਜੀਵ ਦੇ) ਹਿਰਦੇ ਵਿਚ ਆ ਵੱਸਿਆ, ਤਦੋਂ (ਮਾਇਆ ਦੇ ਮੋਹ ਦੇ ਜਾਲ ਵਿਚ) ਫਸੀ ਹੋਈ (ਜੀਵ-) ਮੱਛੀ ਦਾ ਮਾਇਆ ਦੇ ਮੋਹ ਦਾ) ਜਾਲ ਟੁੱਟ ਗਿਆ **। ੨ ।** (ਜਦੋਂ ਮਿਹਰ ਹੋਈ ਤਾਂ) ਸੁੱਕੇ ਹੋਏ ਕਾਠ ਚੁਹ-ਚੁਹ ਕਰਦੇ ਹਰੇ ਹੋ ਗਏ (ਮਨ ਦਾ ਰੁੱਖਾਪਨ ਦੂਰ ਹੋ ਕੇ ਜੀਵ ਦੇ ਅੰਦਰ ਦਇਆ ਪੈਦਾ ਹੋ ਗਈ), ਉਚੇ ਟਿੱਬੇ ਉ ੱਤੇ ਸੋਹਣੇ ਕੌਲ-ਫੁੱਲ ਖਿੜ ਪਏ (ਜਿਸ ਆਕੜੇ ਹੋਏ ਮਨ ਉਤੇ ਪਹਿਲਾਂ ਹਰਿ-ਨਾਮ ਦੀ ਵਰਖਾ ਦਾ ਕੋਈ ਅਸਰ ਨਹੀਂ ਸੀ ਹੁੰਦਾ, ਹੁਣ ਉਹ ਖਿੜ ਪਿਆ) । ਪਿਆਰੇ ਸਤਿਗੁਰੂ ਨੇ ਤ੍ਰਿਸ਼ਨਾ ਦੀ ਅੱਗ ਦੂਰ ਕਰ ਦਿੱਤੀ, ਸੇਵਕ ਨੂੰ ਆਪਣੀ ਸੇਵਾ ਵਿਚ ਜੋੜ ਲਿਆ । ੩ ।

**ਪਸ਼ੂ ਪੰਛੀਆਂ** ਦੇ ਜ਼ਿਕਰ ਨਾਲ ਬਖ਼ਸ਼ਿਆ ਗਿਆਨ:--

੧੧- **ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥ ੧ ॥ ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥ ੧ ॥ ਰਹਾਉ ॥ ਬਾਝੁ ਥੂਨੀਆ ਛਪਰਾ ਥਾਮਿ੍ਆ ਨੀਘਰਿਆ ਘਰੁ ਪਾਇਆ ਰੇ ॥ ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥ ੨ ॥ ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥ ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥ ੩ ॥ ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥ ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥ ੪ ॥**[੩੮੧]-੫-੪੪

**ਅਰਥ**:--ਜਿਸ ਮਨੁੱਖ ਨੂੰ ਗੁਰੂ ਨੇ ਨਾਮ-ਅੰਮ੍ਰਿਤ ਪਿਲਾ ਦਿੱਤਾ ਉਸ ਦੀ ਪਹਿਲੀ) ਸੰਤੋਖ-ਹੀਣ ' ਬਿਰਤੀ ਬਿੱਲੀ ', ਹੁਣ ਹੋਰ ਕਿਸਮ ਦੀ ਸਿਖਿਆ ਲੈਂਦੀ ਹੈ ਉਹ ਦੁਨੀਆ ਦੇ ਪਦਾਰਥ (ਚੂਹਾ) ਵੇਖ ਕੇ ਲਾਲਚ ਕਰਨੋਂ ਸੰਗਦੀ ਹੈ । ਗੁਰੂ ਨੇ ਉਸ ਦੇ ਹੰਕਾਰ-ਸ਼ੇਰ ਨੂੰ ਨਿਮ੍ਰਤਾ-ਬੱਕਰੀ ਦੇ ਅਧੀਨ ਕਰ ਦਿੱਤਾ, ਉਸ ਦੇ ਤਮੋਗੁਣੀ ਇੰਦ੍ਰਿਆਂ) ਨੂੰ ਸੰਤੋ ਗੁਣੀ ਪਾਸੇ ਲਾ ਦਿੱਤਾ **। ੧ । ਰਹਾਉ ।** ਨਾਮ ਅੰਮ੍ਰਿਤ ਦੀ ਬਰਕਤ ਨਾਲ ਅੱਤ ਨੀਚ " ਚੰਡਾਲਣ ਬ੍ਰਿਤੀ " (ਮਾਨੋ) ਬ੍ਰਾਹਮਣੀ ਬਣ ਗਈ ਤੇ ਸ਼ੂਦਰਾਨੀ ਤੋਂ ਉ ੱਚੀ ਕੁਲ ਵਾਲੀ ਹੋ ਗਈ । ਜੇਹੜੀ ਬਿਰਤੀ ਪਹਿਲਾਂ ਪਤਾਲ ਤੋਂ ਲੈ ਕੇ ਅਕਾਸ਼ ਤਕ ਸਾਰੀ ਦੁਨੀਆ ਦੇ ਪਦਾਰਥ ਲੈ ਕੇ ਵੀ ਭੁੱਖੀ ਰਹਿੰਦੀ ਸੀ ਉਸ ਦੀ ਤ੍ਰਿਸ਼ਨਾ-ਅੱਗ ਦੀ ਲਾਟ ਬੁੱਝ ਗਈ **। ੧ ।** (ਜਿਸ ਮਨੁੱਖ ਨੂੰ ਸਤਿਗੁਰਾਂ ਨੇ ਨਾਮ ਅੰਮ੍ਰਿਤ ਪਿਲਾ ਦਿੱਤਾ ਉਸ ਦੇ ਮਨ ਦਾ) ਛੱਪਰ (ਛੱਤ) ਦੁਨੀਆਵੀ ਪਦਾਰਥਾਂ ਦੀਆਂ ਆਸਾਂ ਦੀਆਂ ਥੰਮੀਆਂ ਤੋਂ ਬਿਨਾ ਹੀ ਥੰਮਿਆ ਗਿਆ, ਉਸ ਦੇ ਭਟਕਦੇ ਮਨ ਨੇ (ਪ੍ਰਭੂ-ਚਰਨਾ ਵਿਚ) ਟਿਕਾਣਾ ਲੱਭ ਲਿਆ । ਕਾਰੀਗਰ ਸੁਨਿਆਰਿਆਂ ਦੀ ਸਹਾਇਤਾ ਤੋਂ ਬਿਨਾ ਹੀ (ਉਸ ਦੇ ਮਨ ਦਾ) ਜੜਾਊ ਗਹਿਣਾ ਤਿਆਰ ਹੋ ਗਿਆ ਤੇ ਉਸ ਮਨ-ਗਹਿਣੇ ਵਿਚ ਪਰਮਾਤਮਾ ਦੇ ਨਾਮ ਦਾ ਸੁੰਦਰ ਨਗ ਜੜ ਦਿੱਤਾ ਗਿਆ **। ੨ ।** (ਪਰਮਾਤਮਾ ਦੇ ਚਰਨਾਂ ਤੋਂ ਵਿੱਛੜ ਕੇ ਨਿੱਤ) ਗਿਲ੍ਹੇ ਕਰਨ ਵਾਲਾ (ਆਪਣਾ ਮਨ-ਇੱਛਤ) ਇਨਸਾਫ਼ ਕਦੇ ਵੀ ਪ੍ਰਾਪਤ ਨਹੀਂ ਸੀ ਕਰ ਸਕਦਾ (ਪਰ ਹੁਣ ਜਦੋਂ ਨਾਮ ਅੰਮ੍ਰਿਤ ਮਿਲ ਗਿਆ ਤਾਂ) ਸ਼ਾਂਤ-ਚਿਤ ਹੋਏ ਨੂੰ ਇਨਸਾਫ਼ ਮਿਲਣ ਲੱਗ ਪਿਆ (ਇਹ ਯਕੀਨ ਬਣ ਗਿਆ ਕਿ ਪਰਮਾਤਮਾ ਜੋ ਕੁਝ ਕਰਦਾ ਹੈ ਉਹ ਠੀਕ ਕਰਦਾ ਹੈ) । (ਨਾਮ ਅੰਮ੍ਰਿਤ ਦੀ ਬਰਕਤ ਨਾਲ ਮਨੁੱਖ ਦਾ ਪਹਿਲਾ) ਹੋਰਨਾਂ ਨੂੰ ਘੂਰਨ ਵਾਲਾ ਸੁਭਾਉ ਮੁੱਕ ਗਿਆ, ਦੁਲੀਚੇ ਮੱਲ ਕੇ ਬੈਠਣ ਵਾਲੀ (ਹੰਕਾਰ-ਭਰੀ ਬਿਰਤੀ) ਉਸ ਨੂੰ ਹੁਣ ਮਰੀ ਹੋਈ ਦਿੱਸਣ ਲੱਗ ਪਈ ਹੈ । ੩ । ਜਿਹੜਾ ਮਨੁੱਖ (ਨਿਰਾ ਜ਼ਬਾਨੀ ਜ਼ਬਾਨੀ) ਆਖਦਾ ਹੈ ਕਿ ਮੈਂ (ਆਤਮਕ ਜੀਵਨ ਦੇ ਭੇਤ ਨੂੰ) ਸਮਝ ਲਿਆ ਹੈ ਉਹ ਅਜੇ ਮੂਰਖ ਹੈ, ਜਿਸ ਨੇ (ਸਚਮੁਚ ਆਤਮਕ ਜੀਵਨ ਦੇ ਸਹਾਰੇ ਨਾਮ-ਰਸ ਨੂੰ) ਸਮਝ ਲਿਆ ਹੈ ਉਹ ਕਦੇ ਗੁੱਝਾ ਨਹੀਂ ਰਹਿੰਦਾ । ਪੰਚਮ ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ-ਜਿਸ ਗੁਰੂ ਨੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪਿਲਾ ਦਿੱਤਾ ਹੈ, ਉਹ ਇਸ ਨਾਮ-ਜਲ ਦਾ ਸੁਆਦ ਮਾਣ ਕੇ ਸਦਾ ਖਿੜਿਆ ਰਹਿੰਦਾ ਹੈ।੪।

੧੨- **ਮਨ ਗੁਰਮਤਿ ਚਾਲ ਚਲਾਵੈਗੋ ॥ ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ ॥ ੧ ॥ ਰਹਾਉ ॥ ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥ ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਸਬਦੁ ਮੁਖਿ ਚੁਆਵੈਗੋ ॥ ੧ ॥ ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥ ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥ ੨ ॥ ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥ ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥ ੩ ॥**[੧੩੧੦]-੫

੧੩- **ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥ ੧੨ ॥**[੭੦੮]

ਇਸੇ ਤਰ੍ਹਾਂ ਦੇ ਹੋਰ ਵੀ ਸ਼ਬਦ ਹਨ । ਐਥੇ ਅਰਥਾਂ ਵਾਲੇ ਗੁਰੂ ਸ਼ਬਦ ਵਿਚਾਰ ਲਏ ਗਏ ਹਨ। ਅੱਗੇ ਬਾਕੀ ਸ਼ਬਦਾਂ ਦੀ ਸੂਚੀ ਦਿੱਤੀ ਜਾ ਰਹੀ ਹੈ।

ੳ

## ੳ, ਅ, ਅੱਖਰਾਂ ਅਨੁਸਾਰ ਜੀਵਾਂ ਦੇ ਜ਼ਿਕਰ ਵਾਲੇ ਸ਼ਬਦਾਂ ਦੀ ਸੂਚੀ--

**ਉਸਟ,** (=ਊਠ) **ਸਾਂਡੀ (**=ਊਠਣੀ**) ਕਰਹਲਾ** (=ਊਠ ਦਾ ਬੱਚਾ),

੧੪- **ਪਸੁ ਪ੍ਰੇਤ ਉਸਟ ਗਰਧਭ ਅਨਿਕ ਜੋਨੀ ਲੇਟ ॥ ਭਜੁ ਸਾਧ ਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ ।**[੧੨੨੪]-੮੧-੧੦੪

੧੫- **ਕੁੰਭਾਰ ਕੇ ਘਰ ਹਾਂਡੀ ਆਛੈ, ਰਾਜਾ ਕੈ ਘਰ ਸਾਂਡੀ ਗੋ ॥**
**ਬਾਂਮਨ ਕੇ ਘਰ ਰਾਂਡੀ ਆਛੈ, ਰਾਂਡੀ। ਸਾਂਡੀ, ਹਾਂਡੀ ਗੋ ॥ ੧ ॥**[੭੧੮]-੩

੧੬- **ਮਨ ਕਰਹਲਾ ਵੀਚਾਰਿਆ ਹਰਿ ਰਾਮ ਨਾਮ ਧਿਆਇ ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥ ੨ ॥**[੨੩੪]-੧

## (ਅ) ਅਕ ਟਿੱਡਾ, ਅਖਲੀ (=ਲਮਢੀਂਗ) ਆੜ (=ਬਗੁਲੇ ਦੀ ਕਿਸਮ ਦਾ ਪੰਛੀ ਜੋ ਪਾਣੀ ਵਿਚੋਂ ਮੱਛੀਆਂ ਆਦਿ ਫੜ ਕੇ ਖਾਂਦਾ ਹੈ)

੧੭- **ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥**
**ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥.. ੨ ॥** [੧੨ ੮੬]-ਵਾ-੧੯

੧੮- **ਅਖਲੀ ਊਂਡ ਜਲੁ ਭਰਨਾਲਿ ॥ ਡੂਗਰੁ ਊਚਉ ਗੜੁ ਪਾਤਾਲਿ ॥**
**ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥ ਮਾਰਗੁ ਮੁਕਤਾ ਹਉਮੈ ਮਾਰਿ ॥ ੧ ॥**[੧੨੭੪/੭੫]-੧-੪

**ਅਰਥ:**--ਜੇ ਲਮਢੀਂਗ (ਆਦਿਕ ਪੰਛੀ) ਉੱਚੇ ਆਕਾਸ਼ ਵਿਚ ਉੱਡ ਰਿਹਾ ਹੈ (ਤਾਂ ਉਥੇ ਉੱਡਦੇ ਨੂੰ ਪਾਣੀ ਨਹੀਂ ਮਿਲ ਸਕਦਾ ਕਿਉਂਕਿ) ਪਾਣੀ ਸਮੁੰਦਰ ਵਿਚ ਹੈ (ਆਤਮਕ ਸ਼ਾਂਤੀ ਸੀਤਲਤਾ ਨਿਮ੍ਰਤਾ ਵਿਚ ਹੈ। ਇਹ ਉਸ ਮਨੁੱਖ ਨੂੰ ਪ੍ਰਾਪਤ ਨਹੀਂ ਹੋ ਸਕਦੀ ਜਿਸ ਦਾ ਦਿਮਾਗ਼ ਮਾਇਆ ਆਦਿਕ ਦੇ ਹੰਕਾਰ ਵਿਚ ਅਸਮਾਨੀਂ ਚੜ੍ਹਿਆ ਹੋਇਆ ਹੋਵੇ)। ਕਿਲ੍ਹਾ (ForT) ਤਾਂ ਪਾਤਾਲ ਵਿਚ (ਪਹਾੜ ਦੇ ਟਾਕਰੇ ਤੇ ਬੜਾ ਹੀ ਨੀਵੇ ਥਾਂ ਤੇ) ਹੈ (ਜੇ ਕੋਈ ਮਨੁੱਖ ਕਾਮਾਦਿਕ ਵੈਰੀਆਂ ਤੋਂ ਬਚਣ ਲਈ ਕੋਈ ਸਤਸੰਗ ਆਦਿਕ ਆਸਰਾ ਲੋੜਦਾ ਹੈ, ਪਰ ਚੜ੍ਹਿਆ ਜਾ ਰਿਹਾ ਹੈ ਹਉਮੈਂ ਹੰਕਾਰ ਦੇ ਪਹਾੜ ਤੇ, ਤਾਂ ਉਸ ਰਾਹੇ ਪਿਆਂ ਵੈਰੀਆਂ ਦੀ ਮਾਰ ਤੋਂ ਨਹੀਂ ਬਚ ਸਕਦਾ)। ਗੁਰੂ ਦੇ ਸ਼ਬਦ ਦੀ ਵਿਚਾਰ ਕੀਤਿਆਂ ਸੰਸਾਰ-ਸਮੁੰਦਰ (ਜੋ ਵਿਕਾਰਾਂ ਦੀ ਅੱਗ ਨਾਲ ਤਪ ਰਿਹਾ ਹੈ) ਠੰਡਾ-ਠਾਰ ਹੋ ਜਾਂਦਾ ਹੈ। (ਸਤਿਗੁਰਾਂ ਦੇ ਸ਼ਬਦ-ਗਿਆਨ ਅਨੁਸਾਰ ਜੀਵਨ ਬਣਾ ਲੈਣ ਨਾਲ) ਹਉਮੈ ਮਾਰਿਆਂ ਜੀਵਨ ਦਾ ਰਸਤਾ ਖੁਲ੍ਹਾ ਹੋ ਜਾਂਦਾ ਹੈ (ਭਾਵ, ਵਿਕਾਰਾਂ ਦੀ ਰੁਕਾਵਟ ਨਹੀਂ ਰਹਿੰਦੀ । ੧ ॥

੧੯- **ਮਰਣ ਮੁਕਤਿ ਗਤਿ ਸਾਰ ਨ ਜਾਨੈ ॥ ਕੰਠੇ ਬੈਠੀ ਗੁਰ ਸਬਦਿ ਪਛਾਨੈ ॥ ੧ ॥**
**ਤੂ ਕੈਸੇ ਆੜਿ ਫਾਥੀ ਜਾਲਿ ॥ ਅਲਖੁ ਨ ਜਾਚਹਿ ਰਿਦੈ ਸਮਾਲਿ ॥ ੧ ॥ ਰਹਾਉ ॥**[੧੨੭੫]-੨-੫

**ਅਰਥ:**--ਹੇ ਆੜਿ ! (ਪੰਥੀ ਆੜਿ ਵਾਂਗ ਦੂਜਿਆਂ ਉਤੇ ਅਧੀਕੀ ਕਰਨ ਵਾਲੀ ਹੇ ਜਿੰਦੇ !) (ਤੂੰ ਮਾਇਆ ਦੇ ਮੋਹ ਦੇ) ਜਾਲ ਵਿਚ ਕਿਵੇਂ ਫਸ ਗਈ ? ਤੂੰ ਆਪਣੇ ਹਿਰਦੇ ਵਿਚ ਅਦ੍ਰਿਸ਼ਟ ਪ੍ਰਭੂ ਦਾ ਨਾਮ ਸੰਭਾਲ ਕੇ ਉਸ ਪਾਸੋਂ (ਆਤਮਕ ਜੀਵਨ ਦੀ ਦਾਤਿ) ਕਿਉਂ ਨਹੀਂ ਮੰਗਦੀ ? ੧ ॥ ਰਹਾਉ ॥ ਅੰਞਾਣ ਜਿੰਦ ਉੱਚੀ ਆਤਮਕ ਅਵਸਥਾ ਦੀ ਕਦਰ ਨਹੀਂ ਸਮਝਦੀ, ਆਤਮਕ ਮੌਤ ਤੋਂ ਬਚਣ (ਦਾ ਉਪਾਉ) ਨਹੀਂ ਜਾਣਦੀ। ਗੁਰੂ ਦੇ ਸ਼ਬਦ ਦੀ ਰਾਹੀਂ ਸਮਝਣ ਦਾ ਜਤਨ ਤਾਂ ਕਰਦੀ ਹੈ ਪਰ (ਗੁਰੂ-ਸ਼ਬਦ ਤੋਂ) ਲਾਂਭੇ ਹੀ ਬੈਠੀ ਹੋਈ (ਗੁਰੂ ਦੇ ਸ਼ਬਦ ਵਿਚ ਜੁੜਦੀ ਨਹੀਂ, ਲੀਨ ਨਹੀਂ ਹੁੰਦੀ । ੧ ।

## (ੲ) ਇੱਲ -

੨੦- **ਫਿਰਦੀ ਫਿਰਦੀ ਦਹਦਿਸਾ ਜਲ ਪਰਬਤ ਬਨਰਾਇ ॥**
**ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥ ੨ ॥**[੩੨੨]-ਵਾਰ-੧੭

## (ਸ) ਸੱਪ, ਸਰਪ, ਸਾਪ, ਸਾਪਨ, ਬਿਸੀਅਰ, ਭੁਇਅੰਗਾ, ਭੁਇਅੰਗਮ, ਕਾਲੀ, ਨਾਗ, ਬਿਆਲ--

੨੧- **ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ॥ ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ ॥ ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥ .... ੨ ॥**[੫੮੮]-ਵਾਰ-੬

੨੨- **ਬਿਨੁ ਸਿਮਰਨ ਜੋ ਜੀਵਨ ਬਲਨਾ ਸਰਪ ਜੈਸੇ ਅਰਜਾਰੀ ॥**
**ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ ੧ ॥[੭੧੨]-੨**

੨੩- **ਬਿਨੁ ਗੁਰ ਬਿਸੀਅਰੁ ਡਸੈ, ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥ ੩੮॥ [੯੪੨]-੩੮**

੨੪- **ਮਨਮੁਖ ਹੀਅਰਾ ਅਤਿ ਕਠੋਰੁ ਹੈ ਅੰਤਰਿ ਕਾਰ ਕ ਰੀਠਾ ॥**
**ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਜੋਲਿ ਫੁਲੀਠਾ ॥ ੩ ॥**[੧੭੧]-੯-੨੩-੬੧

੨੫- **ਦੂਤਨ ਸੰਗਰੀਆ ॥ ਭੁਇਅੰਗਨਿ ਬਸਰੀਆ ॥ ਅਨਿਕ ਉਪਰੀਆ ॥ ੧ ॥**[੫੩੭]-੧

੨੬- **ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥**
**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥ ੩ ॥**[੬੫੮]-੧

**ਅਰਥ:**--ਜਿਵੇਂ ਰਾਜ (-ਰੱਸੀ ਤੋਂ) ਸੱਪ (ਦਾ ਭੁਲੇਖਾ ਲੱਗਣ ਦਾ ਦ੍ਰਿਸ਼ਟਾਂਤ ਹੈ, ਜਿਵੇਂ (ਸੋਨੇ ਦੇ ਬਣੇ ਹੋਏ) ਅਨੇਕਾਂ ਕੜੇ ਵੇਖ ਕੇ ਭੁਲੇਖਾ ਪੈ ਜਾਇ (ਕਿ ਸੋਨਾ ਕਈ ਕਿਸਮ ਦਾ ਹੁੰਦਾ ਹੈ, ਤਿਵੇਂ ਸਾਨੂੰ ਭੁਲੇਖਾ ਬਣਿਆਂ ਪਿਆ ਹੇ ਹੈ ਕਿ ਇਸ ਜਗਤ ਤੈਥੋਂ ਵੱਖਰਾ ਹੈ), ਪਰ ਮੈਨੂੰ ਹੁਣ ਕੁਝ ਕੁਝ ਭੇਤ ਜਣਾ ਦਿੱਤਾ ਹੈ। ਹੁਣ ਉਹ ਪੁਰਾਣੀ ਵਿਤਕਰੇ ਵਾਲੀ ਗੱਲ ਮੈਥੋਂ ਆਖੀ ਨਹੀਂ ਜਾਂਦੀ (ਭਾਵ, ਹੁਣ ਮੈਂ ਇਹ ਨਹੀਂ ਆਖਦਾ ਕਿ ਜਗਤ ਤੈਥੋਂ ਵੱਖਰੀ ਹਸਤੀ ਹੈ । ੩ ।

ਮਾਇਆ ਨੂੰ ਵੀ ਭੁਇਅੰਗ ਲਿਖਿਆ ਹੈ। ਉਸ ਗੁਰੂ ਸ਼ਬਦ ਮਾਇਆ ਦੇ ਲੇਖ ਵਿਚ ਆ ਚੁੱਕੇ ਹਨ।

੨੭- **ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥ ੨ ॥**[੧੨੭੯]-ਵਾਰ-੨

ਅਰਥ:--ਹੇ ਨਾਨਕ ! ਜੇ ਸਾਵਣ ਦੇ ਮਹੀਨੇ ਮੀਂਹ ਪਏ ਤਾਂ ਚਾਰ ਧਿਰਾਂ ਨੂੰ ਚਾਉ ਹੁੰਦਾ ਹੈ, ਸੱਪਾਂ ਨੂੰ ਹਰਨਾਂ ਨੂੰ, ਪਛੀਆਂ ਨੂੰ ਤੇ ਰਸਾਂ ਦੇ ਆਸ਼ਕਾਂ ਨੂੰ ਜਿਨ੍ਹਾਂ ਦੇ ਘਰ (ਰਸ ਮਾਨਣ ਲਈ) ਧਨ ਹੋਵੇ । ੧ ।

**ਕਾਲੀ ਨਾਗ**-- (ਇਕ ਹਾਸੋ-ਹੀਣਾ ਭਰਮ)-ਪੁਰਾਣਕ ਗਾਥਾ ਅਨੁਸਾਰ ਕ੍ਰਿਸ਼ਣ ਨੇ ਬਾਲ ਉਮਰ ਵਿਚ ਹੀ ਜਮੁਨਾ ਨਦੀ ਵਿਦ ਵੜ ਕੇ ਕਾਲੀ ਨਾਮੀ ਨਾਗ ਨੂੰ ਨਥਿਆ ਸੀ ? ਇਸ ਭਰਮ ਬਾਰੇ ਨੌਵੇਂ ਭਾਗ ਵਿਚ ਬੜੇ ਵਿਸਥਾਰ ਨਾਲ ਗੁਰਮਤ ਵਿਚਾਰ ਲਿਖੀ ਗਈ ਹੈ ।

੨੮- **ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥**

**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥ ੨ ॥**[੩੫੦]-੭

**ਅਰਥ**:--(ਹੇ ਅਕਾਲਪੁਰਖ !) ਸ੍ਰਿਸ਼ਟੀ ਦੇ ਸਾਰੇ ਪੈਦਾ ਕਰ ਕੇ ਸਭਨਾਂ ਦੀ ਜੀਵਨ-ਜੁਗਤ ਤੂੰ ਆਪਣੇ ਹੱਥ ਵਿਚ ਰੱਖੀ ਹੋਈ ਹੈ, (ਭਾਵ, ਤੂੰ ਸਭ ਨੂੰ ਨੱਥਿਆ ਹੋਇਆ ਹੈ) ਨਿਰਾ ਕਾਲੀ-ਨਾਗ ਨੂੰ ਨੱਥ ਕੇ ਤੂੰ ਵਡ੍ਹਾ ਨਹੀਂ ਹੋ ਗਿਆ । ਨਾ ਤੂੰ ਕਿਸੇ ਖ਼ਾਸ ਇਸਤ੍ਰੀ ਦਾ ਖ਼ਸਮ ਹੈਂ, ਨਾ ਕੋਈ ਇਸਤ੍ਰੀ ਤੇਰੀ ਵਹੁਟੀ ਹੈ ਤੂੰ ਤਾਂ ਸਭ ਜੀਵਾਂ ਦੇ ਅੰਦਰ ਇੱਕ ਰਸ ਮੌਜੂਦ ਹੈਂ । (ਭਾਵ, ਕ੍ਰਿਸ਼ਨ ਅਤੇ ਉਸ ਦੀਆਂ ੧੬੧੦੮ ਵਹੁਟੀਆਂ ਇੱਕ **ਕੋਰਾ ਝੂਠ** ਹੈ, ਜੋ ਬਿੱਪ੍ਰ ਦੀ ਕਹਾਣੀ ਕਲਾ ਦੀ ਕਰਾਮਾਤ ਦੇ ਕਾਰਨ, **ਸਚੁ** ਬਣ ਕੇ ਮੰਦਰਾਂ ਵਿਚ ਪੂਜਿਆ ਜਾ ਰਿਹਾ ਹੈ) । ੨ ।

ਕਾਲੀ ਨਾਗ ਕੇਵਲ ਬ੍ਰਾਹਮਣ ਦੀ ਕਲਪਣਾ ਦੀ ਉਪਜ ਸੀ । ਕ੍ਰਿਸ਼ਨ ਦੀ ਮਹਿਮਾਂ ਵਧਾਉਣ ਦੇ ਸੰਬੰਧ ਇਸ ਫ਼ਰਜ਼ੀ ਨਾਗ ਨੂੰ ਪੈਦਾ ਕੀਤਾ ਗਿਆ ਸੀ । ਕ੍ਰਿਸ਼ਨ ਜੀ ਨੂੰ ਸਿਰਜਣ-ਹਾਰ ਵਾਹਿਗੁਰੂ ਅਥਵਾ ਸਰਬਸ਼ਕਤੀ-ਮਾਨ ਰੱਬ ਕਹਿ ਕੇ ਉਸ ਦੀ ਸ਼ਕਤੀ ਦਾ ਮੌਜੂ ਇਹ ਕਹਿ ਕੇ ਉਡਾਇਆ ਜਾ ਰਿਹਾ ਹੈ ਕਿ ਉਸ ਨੇ ਇੱਕ ਨਾਗ ਨੂੰ ਨੱਥ ਲਿਆ ਸੀ। ਸੱਪਾਂ ਦੇ ਮਾਂਦਰੀ, ਬੰਗਾਲੇ ਅਤੇ ਸਾਂਸੀ ਆਦਿ, ਵਡੇ ਤੋਂ ਵਡੇ ਜ਼ਹਿਰੀ ਨਾਗਾਂ ਨੂੰ ਨਿਰਾ ਪਟਾਰੀ ਵਿਚ ਹੀ ਨਹੀ ਪਾਈ ਫਿਰਦੇ ਸਗੋਂ, ਉਨ੍ਹਾਂ ਨੂੰ ਘਰ ਘਰ ਨਚਾ ਕੇ ਪੈਸੇ ਉਗ੍ਰਾਹ ਰਹੇ ਹੁੰਦੇ ਹਨ । ਰੱਬ ਤਾਂ ਅਜੇਹਾ ਪਰਮ-ਨਾਥ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਦਾ ਕਣ ਕਣ ਆਪਣੇ ਵਜੂਦ ਵਿਚ ਨੱਥਿਆ ਹੋਇਆ ਹੈ-**ਆਪਿ ਨਾਥੁ, ਨਾਥੀ ਸਭ ਜਾ ਕੀ** " । ਕਾਲੀ ਨਾਗ ਨੂੰ ਨੱਥਣ ਵਾਲੀ ਗੱਲ ਸਰਬਸ਼ਕਤੀ ਮਾਨ ਭਗਵਾਨ ਨਾਲ ਜੋੜਨੀ ਪਰਮਾਤਮਾ ਦੀ ਵਡਿਆਈ ਨਹੀਂ ਹੈ ਸਗੋਂ ਉਸ ਦੀ ਨਿਰਾਦਰੀ ਹੈ । ਏਹੀ ਗੱਲ ਸਤਿਗੁਰਾਂ ਨੇ ਉਪ੍ਰੋਕਤ ਪਾਵਨ ਸ਼ਬਦ ਵਿਚ ਸਮਝਾਈ ਹੈ । {ਨੋਟ:--ਪੁਸਤਕ ਦੇ ਪਹਿਲੇ ਭਾਗ ਦੇ ਕ੍ਰਿਸ਼ਨ ਅਵਤਾਰ ਲੇਖ ਵਿਚ ਇਸ ਪੂਰੇ ਸ਼ਬਦ ਦੀ ਵਿਚਾਰ ਵਿਸਥਾਰ ਨਾਲ ਲਿਖੀ ਹੋਈ ਹੈ]

**ਬਿਆਲ** (ਸੱਪ)

੨੯- **ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ ਕਾਲ ਬਿਆਲ ਜਿਉ**

**ਪਰਿਓ, ਡੋਲੈ ਮੁਖ ਪਸਾਰੇ ਮੀਤ ॥ ੧ ॥ ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ**

**ਰਾਖਹੁ ਚੀਤਿ ॥ ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥ ੨ ॥**[੬੩੧]-੧

**ਅਰਥ**:- ਹੇ ਭਾਈ ! ਗੁਰਮੁਖਾਂ ਦੀ ਸੰਗਤਿ ਕਰਿਆ ਕਰ, ਪਰਮਾਤਮਾ ਦਾ ਸਿਮਰਨ ਕਰਦਾ ਰਹੁ । (ਸਿਮਰਨ ਦੀ ਬਰਕਤਿ ਨਾਲ) ਵਿਕਾਰੀ ਵੀ ਪਵਿਤ੍ਰ ਬਣ ਜਾਂਦੇ ਹਨ। ਹੇ ਮਿੱਤਰ ! (ਇਸ ਕੰਮ ਵਿਚ ਆਲਸ ਨਾਂਹ ਕਰ, ਵੇਖ) ਮੌਤ ਸੱਪ ਵਾਂਗ ਮੂੰਹ ਖੋਲ੍ਹ ਕੇ ਪਈ ਫਿਰਦੀ ਹੈ । ੧ । ਆਪਣੇ ਚਿਤ ਵਿਚ ਸਮਝ ਰੱਖ ਕਿ (ਇਸ ਮੌਤ) ਤੈਨੂੰ ਵੀ ਛੇਤੀ ਹੀ ਹੜੱਪ ਕਰ ਲਏਗੀ । ਨਾਨਕ (ਤੈਨੂੰ) ਆਖਦਾ ਹੈ--(ਹੁਣ ਅਜੇ ਵੇਲਾ ਹੈ) ਪਰਮਾਤਮਾ ਦਾ ਭਜਨ ਕਰ ਲੈ, ਇਹ ਵੇਲਾ ਲੰਘਦਾ ਜਾ ਰਿਹਾ ਹੈ । ੨ ।

ਸਵੇਰ ਦੇ ਸਮੇ ਨੂੰ ਵੀ ਬਿਆਲ ਲਿਖਿਆ ਹੈ:--

੩੦- **ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥ ੩ ॥**[੧੫੪]-੧੧

**ਅਰਥ**:--ਜਿਨ੍ਹਾਂ ਮਨੁਖਾਂ ਨੂੰ ਪਰਭੂ ਹਰ ਵੇਲੇ (ਸਵੇਰ ਸ਼ਾਮ) ਮਾਇਆ ਦੀ ਨੀਂਦ ਵਿਚ ਹੀ ਸੁੱਤੇ ਰੱਖਦਾ ਹੈ, ਉਹ ਸਦਾ ਆਪ[ਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਲੋਕ ਪਰਲੋਕ ਵਿਚ ਮੌਤ ਦੇ ਸਹਮ ਨਾਲ ਬੱਝੇ ਰਹਿੰਦੇ ਹਨ (ਜਿਤਨਾ ਚਿਰ ਇਹ ਏਥੇ ਹਨ ਮੌਤ ਦਾ ਸਹਮ ਉਨ੍ਹਾਂ ਦੇ ਸਿਰ ਉਤੇ ਸਵਾਰ ਰਹਿੰਦਾ ਹੈ, ਇਸ ਤੋਂ ਪਿੱਛੋਂ ਵੀ ਜਨਮ ਮਰਨ ਦੇ ਗੇੜ ਵਿਚ ਧੱਕੇ ਖਾਂਦੇ ਹਨ) । ੩ ।

## ਸਹਸਫਨੀ, ਸ਼ੇਖਨਾਗ, ਅਥਵਾ ਸ਼ੇਸ਼ਨਾਗ

" ਸੱਪ " ਨੂੰ ਦਿੱਤੇ ਇਹ ਨਾਮ, ਬਿੱਪ੍ਰੀ ਦਿਮਾਗ਼ ਦੀ ਉਪਜ ਹਨ । ਜੋ ਕੇਵਲ ਪੁਰਾਨਕ ਗ੍ਰੰਥਾਂ ਦੁਆਰਾ ਪ੍ਰਗਟ ਹੋ ਕੇ ਹਿੰਦੂਆਂ ਲਈ ਪੂਜਨੀਕ ਅਤੇ ਵਰਾਂ ਸਰਾਪਾਂ ਦੀ ਅਪਾਰ ਸ਼ਕਤੀ ਦੇ ਮਾਲਕ ਬਣ ਚੁੱਕੇ ਹਨ। ਪੁਰਾਣਾ ਵਿਚ ਕਥਾ ਹੈ ਕਿ ਇਸ ਨਾਗ ਦੇ ੧੦੦੦ (ਇਕ ਹਜ਼ਾਰ) ਸਿਰ ਹਨ, ਜੋ ਵਿਸ਼ਨੂੰ ਭਗਵਾਨ ਦੇ ਸਿਰ ਤੇ ਛਤਰ ਦਾ ਕੰਮ ਦਿੰਦੇ ਹਨ, ਭਾਵ ਵਿਸ਼ਨੂੰ ਜੀ ਦੇ ਸਿਰ ਤੇ ਛਾਂ ਕਰੀ ਰੱਖਦੇ ਹਨ। ਇਸ ਨਾਗ ਬਾਰੇ ਇਹ ਵੀ ਪ੍ਰਚਲਤ ਹੈ ਕਿ ਉਹ ਵਿਸ਼ਨੂੰ-ਰੱਬ ਜੀ ਦਾ ਰੋਜ਼ ਨਵਾਂ ਨਾਮ ਜਪਦਾ ਹੈ। ਪੁਰਾਣਾ ਵਿਚ ਇਹ ਵੀ ਲਿਖਿਆ ਹੈ ਕਿ ਸਤ ਪਤਾਲ ਇਸ ਦੇ ਸਿਰ ਉਤੇ ਹਨ । ਬਿੱਪ੍ਰ ਜੀ ਦਾ ਕਹਿਣਾ ਹੈ ਕਿ ਧਰਤੀ ਨੂੰ ਇਸ ਨਾਗ ਨੇ ਆਪਨੇ ਸਿਰ ਤੇ ਧਾਰਨ ਕੀਤਾ ਹੋਇਆ ਹੈ ਇਸ ਲਈ ਹਿੰਦੂ ਵੀਰ ਇਸ ਨੂੰ **ਧਾਰਨ-ਹਾਰ** ਅਤੇ ਵਿਸ਼ਨੂੰ ਜੀ ਨੂੰ **ਤਾਰਨਹਾਰ** ਕਹਿੰਦੇ ਹਨ । ਸ੍ਰਿਸ਼ਟੀ ਸਿਰਜਣਾ ਵਾਲੇ ਇਸ ਲੇਖ ਵਿਚ ਇਸ ਨਾਗ ਦਾ ਜ਼ਿਕਰ ਪਹਿਲਾਂ ਵੀ ਆ ਚੁੱਲਾ ਹੈ । ਸੋ ' ਇਛਿਆਧਾਰੀ ਝੂਠ-ਸੱਪਾਂ ਨਾਲ, (ਸੱਚ ਦੇ ਪੁਜਾਰੀ ਗੁਰੂ ਨਾਨਕ ਜੀ ਦੇ) ਸਿੱਖ ਦਾ ਕੋਈ ਵਾਸਤਾ ਨਹੀਂ ਹੋਣਾ ਚਾਹੀਦਾ । ਅਜੇਹੇ ਕਿਸੇ **ਨਾਗ** ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ ਹੈ । ਸਾਰੇ ਜਹਾਨ ਨੂੰ ਸਾਂਝੀ ਗੱਲ ਸਮਝਾਉਣ ਲਈ, ਗੁਰਬਾਣੀ ਵਿਚ ਇਨ੍ਹਾਂ ਦਾ ਜ਼ਿਕਰ ਕੇਵਲ **" ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ "** ਹੀ ਹੈ । ਇਸ ਨਾਗ ਦੀ ਅਸਲੀਅਤ ਸਿਵਾਏ ਭਰਮ ਦੇ ਹੋਰ ਕੁਝ ਨਹੀਂ ਹੈ । ਹੋਰ ਜਾਣਕਾਰੀ ਲਈ ਪੜ੍ਹੋ ਪੁਸਤਕ ਦਾ ਨੌਵਾਂ ਭਾਗ।

੩੧- **ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ ॥**

**ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ ॥ ੨ ॥**[੧੩੨੨]-੩

**ਅਰਥ**:--ਜੋਗੀ, ਗਿਆਨੀ, ਧਿਆਨੀ, ਸ਼ੇਸ਼ਨਾਗ (ਆਦਿਕ ਇਹ) ਸਾਰੇ ਉਸ ਅਨੇਕਾਂ ਚੋਜਾਂ ਦੇ ਮਾਲਕ-ਪ੍ਰਭੂ ਦਾ ਨਾਮ ਜਪਦੇ ਰਹਿੰਦੇ ਹਨ । (ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ) ਕਿ ਮੈਂ ਉਨ੍ਹਾਂ ਸੰਤ ਜਨਾਂ ਤੋਂ ਕੁਰਬਾਨ ਜਾਂਦਾ ਹਾਂ, ਜਿਹੜੇ ਪਰਮਾਤਮਾ ਦੇ ਸਦਾ ਸਾਥੀ ਬਣੇ ਰਹਿੰਦੇ ਹਨ । ੨ ।

੩੨- **ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥ ੧ ॥** [੬੯੧]-੧

**ਅਰਥ:**--ਹੇ ਪ੍ਰਭੂ (ਕਥਿਤ ਬ੍ਰਹਮਾ ਦੇ ਕਥਿਤ ਪੁੱਤਰਾਂ) ਸਨਕ, ਸਨੰਦ ਅਤੇ ਸ਼ਿਵ ਜੀ ਵਰਗਿਆਂ ਨੇ ਤੇਰਾ ਭੇਤ ਨਹੀਂ ਪਾਇਆ, ਸ਼ੇਸ਼ਨਾਗ ਨੇ ਤੇਰਾ ਭੇਤ ਨਹੀਂ ਸਮਝਿਆ । ੧ ।

੩੩- **ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥**

**ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥ ੧੬ ॥**[੧੦੮੩]-੨-੧੧

**ਅਰਥ:**-ਹੇ ਪ੍ਰਭੂ ! (ਮੇਰੀ) ਇੱਕ ਜੀਭ ਤੇਰੇ ਕਿਹੜੇ ਗੁਣ ਕਥਨ ਕਰ ਸਕਦੀ ਹੈ ? ਹਜ਼ਾਰਾਂ ਫਨਾਂ ਵਾਲਾ (ਕਥਿਤ) ਸ਼ੇਸ਼ਨਾਗ ਵੀ (ਤੇਰੇ ਗੁਣਾਂ ਦਾ) ਅੰਤ ਨਹੀਂ ਜਾਣਦਾ । ਉਹ ਦਿਨ ਰਾਤ ਤੇਰੇ ਨਵੇਂ ਨਵੇਂ ਨਾਮ ਜਪਦਾ ਹੈ, ਪਰ, ਹੇ ਪ੍ਰਭੂ ! ਉਹ ਤੇਰਾ ਇੱਕ ਵੀ ਗੁਣ ਕਥਨ ਨਹੀਂ ਕਰ ਸਕਦਾ । ੧੬ ।

੩੪- **ਸਹਸ ਫਨੀ ਜਪਿਓ ਸੇਖਨਾਗੈ ॥ ਹਰਿ ਜਪਤਿਆ ਅੰਤੁ ਨ ਪਾਵੈਗੋ ॥**

**ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥ ੧ ॥**[੧੩੦੯]-੩

**ਅਰਥ:**--ਹਜ਼ਾਰਾਂ ਫਨਾਂ ਵਾਲੇ (ਕਥਿਤ) ਸ਼ੇਸ਼ ਨਾਗ ਨੇ (ਹਰਿ-ਨਾਮ) ਜਪਿਆ ਹੈ ਪਰ ਉਸ ਦੇ ਗੁਣਾਂ ਦਾ ਅੰਤ ਨਹੀਂ ਲੱਭ ਸਕਦਾ । ਹੇ ਪ੍ਰਭੂ ! ਤੂੰ ਅਥਾਹ ਸਮੁੰਦਰ ਹੈਂ, ਤੂੰ ਸਦਾ ਅਪਹੁੰਚ ਹੈਂ । ਗੁਰੂ ਦੀ ਮਤਿ (ਅਨੁਸਾਰ ਜੀਵਨ ਬਣਾ ਲੈਣ ਵਾਲੇ ਮਨੁੱਖ ਦਾ) ਮਨ ਭਟਕਣੋਂ ਹਟ ਜਾਂਦਾ ਹੈ । ੧ ।

੩੫- **ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥**

**ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥ ੧ ॥** [੧੩੨੬]-੬ ॥ ਛਕਾ ੧ ॥

**ਅਰਥ:**--ਸ਼ਿਵ, ਨਾਰਦ, ਸ਼ੇਸ਼ਨਾਗ (ਆਦਿਕ ਹਰੇਕ ਰਿਸ਼ੀ-)ਮੁਨੀ ਸੰਤ-ਜਨਾਂ ਦੇ ਚਰਨਾਂ ਦੀ ਧੂੜ ਦੀ ਤਾਂਘ ਕਰਦਾ ਰਿਹਾ ਹੈ । ਜਿੱਥੇ ਸੰਤ-ਜਨ ਚਰਨ ਰੱਖਦੇ ਹਨ, ਉਹ ਸਾਰੇ ਭਵਨ ਸਾਰੇ ਥਾਂ ਪਵਿੱਤਰ ਹੋ ਜਾਂਦੇ ਹਨ । ੧ ।

੩੬- **ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥**

**ਸਮੁੰਦ ਕੋਟਿ ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥ ੩ ॥**[੧੧੬੨]-੨-੧੮-੨੦

**ਅਰਥ:**--(ਮੈਂ ਕੇਵਲ ਉਸ ਪ੍ਰਭੂ ਦੇ ਦਰ ਦਾ ਮੰਗਤਾ ਹਾਂ) ਜਿਸ ਦੇ ਚੁਬਾਰੇ ਉ `ਤੇ ਕ੍ਰੋੜਾਂ ਹਵਾਵਾਂ ਚਲਦੀਆਂ ਹਨ, ਕ੍ਰੋੜਾਂ ਸ਼ੇਸ਼ਨਾਗ ਜਿਸ ਦੀ ਸੇਜ ਵਿਛਾਉਂਦੇ ਹਨ ਕ੍ਰੋੜਾਂ ਸਮੁੰਦਰ ਜਿਸ ਦੇ ਪਾਣੀ ਭਰਨ ਵਾਲੇ ਹਨ, ਅਤੇ ਬਨਸਪਤੀ ਦੇ ਕ੍ਰੋੜਾਂ ਹੀ ਅਠਾਰਾਂ ਭਾਰ ਜਿਸ ਦੇ ਜਿਸਮ ਦੇ, ਮਾਨੋ ਰੋਮ ਹਨ । ੩ ।

## ਸ਼ੇਰ, ਸੀਂਹ ਜਾਂ ਸਿੰਘ, ਕੇਹਰ

੩੭- **ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥ ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੈਰੁ ॥ ੧ ॥**[੫੧੮]-ਵਾ-੩

੩੮- **ਸਕਤਾ ਸੀਹੁ ਮਾਰੈ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ**

**ਕੁਤੀਂ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥ ੨ ॥**[੩੬੦]-੫-੩੯

੩੯- **ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ ੩ ॥**[੮੧੦]-੭-੩੭

੪੦- **ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰੇ ॥ ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤ ॥੪੧॥**[੧੩੫੭]

**ਸੀਚਾਨ**-- (ਸ਼ਿਕਾਰੀ ਪਰਿੰਦਾ)

੪੧- **ਸੀਚਾਨੇ ਜਿਉ ਪੰਖੀਆ, ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ**

**ਹੋਰਿ ਫਾਥੇ ਚੋਗੈ ਸਾਥਿ ॥ ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥ ੩ ॥**[੫੫]-੪

**ਅਰਥ:**--ਜਿਵੇ ਸ਼ਿਕਾਰੀ ਪੰਛੀ ਅਤੇ ਫ਼ਾਂਧੀ ਦੇ ਹੱਥ ਵਿਚ ਫੜੀ ਹੋਈ ਜਾਲੀ ਪੰਛੀਆਂ ਵਾਸਤੇ (ਮੌਤ ਦਾ ਸੁਨੇਹਾ ਹਨ, ਤਿਵੇਂ ਮਾਇਆ ਦਾ ਮੋਹ ਮਨੁੱਖਾਂ ਵਾਸਤੇ ਆਤਮਕ ਮੌਤ ਦਾ ਕਾਰਨ ਹੈ), ਜਿਨ੍ਹਾਂ ਦੀ ਗੁਰੂ ਨੇ ਰੱਖਿਆ ਕੀਤੀ, ਉਹ ਮਾਇਆ-ਜਾਲ ਵਿਚੋਂ ਬਚ ਨਿਕਲੇ, ਬਾਕੀ ਦੇ ਸਾਰੇ ਮਾਇਆ ਦੇ ਚੋਗੇ ਨਾਲ ਮੋਹ ਦੀ ਜਾਲੀ ਵਿਚ ਫਸ ਗਏ । ਜਿੰਨ੍ਹਾਂ ਦੇ ਪੱਲੇ ਨਾਮ ਨਹੀਂ, ਉਹ ਚੁਣ ਚੁਣ ਕੇ ਮਾਇਆ-ਜਾਲ ਵਿਚ ਸੁੱਟੇ ਜਾਂਦੇ ਹਨ, ਉਨ੍ਹਾਂ ਦਾ ਕੋਈ ਵੀ ਐਸਾ ਸੰਗੀ ਸਾਥੀ ਨਹੀਂ ਬਣਦਾ (ਜੋ ਉਨ੍ਹਾਂ ਨੂੰ ਇਸ ਜਾਲ ਵਿਚੋਂ ਕੱਢ ਸਕੇ) ।

**ਸੂਕਰ (ਸੂਰ) ਬਰਾਹ**

੪੨- **ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ ॥**

**ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ ॥ ੩ ॥**[੪੯੩]-੩

੪੩- **ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥ ਖਗ ਤਨ ਮੀਨ ਤਨ**

**ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਰੇ ॥ ੧ ॥ ਰਹਉ ॥** [੧੨੬੯]-੧੩

## (ਹ) ਗਜ, ਹਸਤੀ, ਹਾਥੀ, ਹਸਤ, ਹਸਤੀ, ਮੈਗਲ, ਸਕੁੰਚਰ, ਨਾਗ, ਸਾਰੰਗ ਅਥਵਾ ਫ਼ਲਿ--

੪੪- **ਕਰ ਧਰੇ ਚਕ੍ਰ ਬੈਕੁੰਠ ਤੇ ਆਏ, ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥**

**ਦੁਹਸਾਸਨ ਕੀ ਸਭਾ ਦ੍ਰੋਪਤੀ, ਅੰਬਰ ਲੇਤ ਉਬਾਰੀਅਲੇ ॥ ੧ ॥**[੯੮੮]-੨

੪੫- **ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥**

**ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥ ੪ ॥** [੩੩੬]-੧-੭-੫੮

੪੬- .. **ਤਾਜੀ ਰਥ ਤੁਖਾਰ ਹਾਥੀ ਪਾਖਰੇ ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥**

**ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥ ਨਾਨਕ ਸਚ ਦਾਤਾਰੁ ਸਿਨਲਖਤੁ ਕੁਦਰਤੀ ॥ ੮ ॥**[੧੪੧]-ਵਾਰ-੮

**ਮਨੁ ਤਉ ਮੈਗਲੁ** ਹੋਇ ਰਹਾ ਨਿਕਸਿਆ ਕਿਉਕਰਿ ਜਾਇ " ਗੁਰੂ ਬਾਣੀ ਦੀ ਇਹ ਪਾਵਨ ਪੰਗਤੀ ਉਦਾਹਰਣ ਵਜੋਂ ਹੀ ਲਿਖੀ ਹੈ। ਉਂਜ ਮਨ ਨੂੰ ਕਈ ਵਾਰ ਮੈਗਲ ਲਿਖਿਆ ਹੈ। ਪੜ੍ਹੋ ਏਸੇ ਭਾਗ ਦਾ ਸਤਵਾਂ ਕਾਂਡ ੧੪ਵਾਂ ਲੇਖ।

੪੭- ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥ ਜਿਉ **ਕੁੰਚਰੁ** ਨਾਇ ਖਾਕੁ ਸਿਰਿ ਛਾਣੈ ॥ ੩ ॥ [੩੬੭]-੭-੫੯

੪੮- ਤਲੈ **ਕੁੰਚਰੀਆ** ਸਿਰਿ ਕਨਿਕ ਛਤਰੀਆ ॥ ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥ ੨ ॥[੩੮੫]-੫੫
ਹੋਰ ਵੀ ਕਈ ਸ਼ਬਦ ਹਨ ।

੪੯- ਜਬ ਹੀ ਸਰਨਿ ਗਹੀ ਕਿਰਪਾਨਿਧਿ **ਗਜੁ ਗਰਾਹ ਤੇ ਛੂਟਾ** ॥
ਮਹਿਹਮਾ ਨਾਮ ਕਹਾ ਲਉ ਬਰਨਉ ਰਾਮੁ ਕਹਤ ਬੰਧਨ ਤਿਹ ਤੂਟਾ ॥ ੨ ।[੬੩੨]-੪

੫੦- ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ **ਗਜ ਜਿਉ ਹੋਹੁ ਸਹਾਇ** ॥ ੫੩ ॥[੧੪੨੯]

ਏਸੇ ਤਰ੍ਹਾਂ ਹੋਰ ਵੀ ਕਈ ਥਾਈਂ ਹਾਥੀ ਲਈ ਗਜ ਪਦ ਲਿਖਿਆ ਮਿਲਦਾ ਹੈ। ਦਾਨ ਪ੍ਰਥਾ ਵਾਲੇ ਲੇਖ ਵਿਚ **ਵੀ ਗਜ ਦਾਨ ਦਾਨ** ਦਾ ਜ਼ਿਕਰ ਆ ਚੁੱਕਾ ਹੈ ਅਤੇ।

੫੧- ਸੈਨਾ ਸਾਧ ਸਮੂਹ ਸੂਰ ਅਜਿਤੰ, ਸੰਨਾਹੰ ਤਨਿ ਨਿੰਮ੍ਰਤਾਹ ॥ ਆਵਧਹ ਗੁਨ ਗੋਬਿੰਦ ਰਮਣੰ, ਓਟ ਗੁਰ ਸਬਦ ਕਰ ਚਰਮਣਹ ॥ ਆਰੂੜਤੇ ਅਸ੍ਵ ਰਥ **ਨਾਗਹ,** ਬੁਝੰਤੇ ਪ੍ਰਭ ਮਾਰਗਹ ॥ ਬਿਚਰਤੇ ਨਿਰਭਯੰ ਸਤ੍ਰ ਧਾਯੰਤੇ ਗੋੁਪਾਲ ਕੀਰਤਨਹ ॥ ਜਿਤਤੇ ਬਿਸ੍ਵ ਸੰਸਾਰਹ, ਨਾਨਕ ਵਸੰ੍ਯ ਕਰੋਤਿ ਪੰਚ ਤਸਕਰਹ ॥ ੨੯ ॥[੧੩੫੬]
{ਨੌਂਵੇਂ ਭਾਗ ਦੇ ਨਿਰਵੈਰਤਾ ਵਾਲੇ ਲੇਖ ਵਿਚ ਇਸ ਗੁਰੂ ਫ਼ੁਰਮਾਨ ਨੂੰ ਗੁਰਮਤਿ ਵਿਚਾਰ ਅਤੇ ਅਰਥਾਂ ਸਮੇਤ ਲਿਖਿਆ ਹੋਇਆ ਹੈ]

੫੨- ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ ਕੁਹਕਨਿ ਕੋਕਿਲ ਤਰਲ ਜੁਆਣੀ ਆਪ ਭਾਣੀ ਇਛ ਮਨ ਕੀ ਪੂਰੀਏ ॥ **ਸਾਰੰਗ** ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ ॥ ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ॥ ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ ੮ ॥[੫੬੭]-੨
{ਨੌਵਾਂ ਭਾਗ--ਬੁਝਾਰਤ ਸਿਰਲੇਖ ਵਾਲਾ ਲੇਖ)

੫੩- ਫੀਲੁ ਰਬਾਬੀ, ਬਲਦੁ ਪਖਾਵਜ, ਕਊਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਰਾ ਨਾਚੈ ਭੈਸਾ ਭਗਤਿ ਕਰਾਵੈ ॥ ੧ ॥ [੪੭੭]-੬
[ਉੱਪਰ ੪ ਨੰਬਰ ਤੇ ਅਰਥਾਂ ਸਮੇਤ ਸਾਰਾ ਗੁਰੂ ਸ਼ਬਗ ਲਿਖਿਆ ਹੋਇਆ ਹੈ]

**(ਸ) ਸਿਆਲ (-ਗਿੱਦੜ)--**

੫੪- ਜਾ ਕੈ ਨਾਮਿ ਸੁਨੀਐ ਜਮੁ ਛੋਡੈ ਤਾ ਕੀ ਸਰਣਿ ਨ ਪਾਵਸਿ ਰੇ ॥
ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ ॥ ੨ ।[੧੦੦੦]-੭

**(ਹ) ਹਰਨ, ਕੁਰੰਕ ਮਿਰਗ--**

੫੫- ਤੂੰ ਸੁਣਿ **ਹਰਣਾ** ਕਾਲਿਆ ਕੀ ਵਾੜੀਐ ਰਾਤਾ ਰਾਮ ॥
ਬਿਖ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ॥ ... ੧ ॥ [੪੩੮]-੧-੫

੫੬- ਕਬੀਰ **ਹਰਨਾ** ਦੂਬਲਾ, ਇਹੁ ਹਰੀਆਰਾ ਤਾਲੁ ॥ ਲਾਖੁ ਅਹੇਰੀ ਏਕੁ ਏਕੁ ਜੀਉ, ਕੇਤਾ ਬੰਚਉ ਕਾਲੁ ॥ ੫੩ ॥[੧੩੬੭]

੫੭- **ਕੁਰੰਕ** ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ ਜਨ ਜੀਵਨਾ ਸਤਸੰਗਿ ॥
ਗੋਬਿੰਦੁ ਭਜਨਾ ਰੰਗਿ ॥ ਰਸਨਾ ਬਖਾਨਰ ਨਾਮੁ ॥ ਨਾਨਕ ਦਰਸਨ ਦਾਨੁ ॥ ੯ ॥[੮੩੮]-੨

੫੮- ਨਾਦ ਭ੍ਰਮੇ ਜੈਸੇ **ਮਿਰਗਾਏ** ॥ ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ ॥ ੧ ॥[੮੭੩]-੨

੫੯- ਜੋ ਬੋਲਤ ਹੈ **ਮ੍ਰਿਗ** ਮੀਨ ਪੰਖੇਰੂ ਸੁ ਬਿਨੁ ਹੁਰਿ ਜਾਪਤ ਹੈ ਨਹੀ ਹੋਰ ॥ ੩ ।[੧੨੬੫]

**ਹੰਸ**

੬੦-- **ਹੰਸਾ** ਸਰਵਰੁ ਕਾਲੁ ਸਰੀਰ ॥ ਰਾਮ ਰਸਾਇਨ ਪੀਉ ਰੇ ਕਬੀਰ ॥ ੪ ।[੩੨੫]-੮

**ਅਰਥ:**--ਜਿਵੇਂ ਹੰਸਾਂ ਨੂੰ ਸਰੋਵਰ ਹੈ (ਭਾਵ, ਜਿਵੇਂ ਹੰਸ ਸਰੋਵਰ ਦੇ ਨੇੜੇ ਹੀ ਉੱਡਦੇ ਰਹਿੰਦੇ ਹਨ) ਤਿਵੇਂ ਮੌਤ ਦਰੀਰਾਂ (ਲਈ) ਹੈ। ਤਾਂ ਤੇ ਹੇ ਕਬੀਰ ! ਸਭ ਰਸਾਂ ਤੋਂ ਸ੍ਰੇਸ਼ਟ ਨਾਮ-ਰਦ ਪੀ । ੪ ।

ਜੀਵ ਆਤਮਾ ਨੂੰ ਵੀ ਹੰਸ ਕਿਹਾ ਹੈ:--

੬੧- ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥
ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ **ਹੰਸੁ** ਅਕੇਲਾ ॥ ੩ ॥ [੬੫੪]-੨
[ਹੰਸ ਪਦ ਹੋਰ ਵੀ ਕਈ ਗੁਰੂ ਸ਼ਬਦਾਂ ਵਿਚ ਆਇਆ ਹੈ]

**ਗੁਰਮੁਖ ਹੰਸ ?---**

੬੨- ਏਕੋ ਸਰਵਰੁ ਕਮਲ ਅਨੂਪ ॥ ਸਦਾ ਬਿਗਾਸੈ ਪਰਮਲ ਰੂਪ ॥
ਊਜਲ ਮੋਤੀ ਚੂਗਹਿ **ਹੰਸ** ॥ ਸਰਬ ਕਲਾ ਜਗਦੀਸੈ ਅੰਸ ॥ ੧ ॥ [੩੫੨]-੧੨

**ਅਰਥ**:--(ਸਤਸੰਗਤ ਭਾਵ, ਨਿਰੋਲ ਸਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤਿ, ਅਰਥਾਤ--ਗੁਰੂ-ਬਾਣੀ ਵਿਚਾਰ ਨਾਲ ਜੁੜੀ ਸੰਗਤਿ) ਇਕ ਸਰੋਵਰ ਹੈ (ਜਿਸ ਵਿਚ) ਸੰਤ ਜਨ ਸੋਹਣੇ ਕੌਲ-ਫੁੱਲ ਹਨ। (ਅਜੇਹਾ ਸੰਤ ਸੰਗ ਉਨ੍ਹਾਂ ਨੂੰ ਨਾਮ ਜਲ ਦੇ ਕੇ) ਸਦਾ ਖਿੜਿਆ ਰੱਖਦਾ ਹੈ (ਉਨ੍ਹਾਂ ਨੂੰ ਆਤਮਕ ਜੀਵਨ ਦੀ) ਸੁਗੰਧੀ ਤੇ ਸੁੰਦਰਤਾ ਦਿੰਦਾ ਹੈ। **ਸੰਤ-ਹੰਸ** (ਉਦ ਸਤਸੰਗ-ਸਰੋਵਰ ਵਿਚ ਰਹਿ ਕੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ) ਸੋਹਣੇ ਮੋਤੀ ਚੁਗ ਕੇ ਖਾਂਦੇ ਹਨ (ਤੇ ਇਕ ਤਰ੍ਹਾਂ) ਦਾਰੀਆਂ ਤਾਕਤਾਂ ਦੇ ਮਾਲਕ ਜਗਦੀਸ਼ ਦਾ ਹਿੱਸਾ (ਬਣੇਂ ਰਹਿੰਦੇ ਹਨ, ਜਗਦੀਸ਼ ਨਾਲ ਇੱਕ ਰੂਪ ਹੋਏ ਰਹਿੰਦੇ ਹਨ। ੧ ।

੬੩- **ਹਰਿ ਕੀ ਕਥਾ ਅਨਾਹਦ ਬਾਨੀ ॥ ਹੰਸੁ ਹੁਇ ਹੀਰਾ ਲੇਇ ਪਛਾਨੀ ॥ ੧ ॥ ਰਹਾਉ ॥** [੪੮੩]-੧-੩੧

੬੪- **ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥**
**ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥ ੭ ॥** [੫੦੮]-੫-੧

**ਅਰਥ**:--ਹੇ ਮਨ ! ਜੀਵਨ-ਮੁਕਤ ਕਰਨ ਵਾਲੇ ਜਗਦੀਸ਼ ਦਾ ਨਾਮ ਜਪ । ਹੇ ਭਾਈ ! ਹਿਰਦੇ ਵਿਚ ਉਸ ਵਾਤੇ ਸ਼ਰਧਾ ਟਿਕਾਮ ਸਭ ਜੀਆਂ ਨਾਲ ਦਇਆ [ਆਰ ਕਰਨ ਵਾਲਾ ਦਲੂਕ ਰੱਖ। ਪਰਮਾਤਮਾ ਨੂੰ ਅਰਬ ਵਿਆਪਕ ਜਾਣਪ=- ਉੱਚੇ ਜੀਵਨ ਵਾਲੇ ਹੰਸ(-ਮਨੁੱਖਾਂ) ਦੀ ਇਹੀ ਜੀਵਨ ਜੁਗਤਿ ਹੈ। ੭ ।

## (ਕ) ਕੁੱਤਾ ਕੂਕਰ, ਕੂਕਰੀ--ਕਊਆ, ਕਾਉ, ਕਾਗ, ਕਾਕ--ਕੂੰਜ, ਊਡੈ,-- ਕੋਇਲ ਕੋਕਿਲ

੬੫- **ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥ ੧ ॥ ਰਹਾਉ ॥**[੬੬੨]-੪-੬

੬੬ **ਤੀਨਿ ਸੰਙਿਆ ਦੇਹੀ ਕੀਨੀਜਲ ਕੂਕਰ ਭਸਮਾਹੀ ॥**
**ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ ॥ ੨ ॥**[੬੦੯]-੪

੬੭- **ਸੁਆਨ ਪੂਛ ਜਿਉ ਹੋਇ ਨ ਸੂਧੋ, ਕਹਿਓ ਨ ਕਾਨ ਧਰੈ ॥**
**ਕਹੁ ਨਾਨਕ ਭਜੁ ਰਾਮਨਾਮ ਨਿਤ ਜਾ ਤੇ ਕਾਜੁ ਸਰੈ ॥ ੨ ॥**[੫੩੬]-੧

੬੮- **ਆਦਿ ਅੰਤ ਮਧਿ ਆਸਾ ਕੂਕਰੀ ਬਿਕਰਾਲ ॥**
**ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥ ੨ ॥**[੫੦੨]-੪-੩੦

੬੯- **ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**
**ਪਿਤਰ ਭੀ ਬਪੁਰਾ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ ੧ ॥** [੩੩੨]-੧-੪੫
[ਏਹੀ ਗੁਰੁਫ਼ੁਰਮਾਨ ਛੇਵੇ ਭਾਗ ਦੇ ਚੌਥੇ ਕਾਂਡ ਦੇ ਪੰਜਵੇ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੋਇਆ ਹੈ]

੭੦- **ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥ ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥੧॥**[੫੨੨]-੧੫

੭੧- **ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥ ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥**
**ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥ ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ**
**ਖਾਣਾ ॥ ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ ॥ ਨਾਨਕ ਤਿਨ ਕੋ ਸਤਿਗੁਰੁ ਮਿਲਿਆ ਜਿਨਾ**
**ਧੁਰੇ ਪੈਯਾ ਪਰਵਾਣਾ ॥ ੧ ॥** [੯੫੬]-ਵ-੨੧

੭੨- **ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥ ੧ ॥** [੩੩੦]-੩੫

੭੩- **ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ ਪ੍ਰਭੁ ਭਗਤਿ ਵਛਲੁ ਨਹ**
**ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥ ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਮਾ ਰਾਮ ॥**
**ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਨਾ ਰਾਮ ॥ ੩ ॥**[੮੪੮]-ਛੰਤ--੧-੪
(ਹੋਰ ਵੀ ਕਈ ਗੁਰੂ ਸ਼ਬਦ ਹਨ ਜਿਨ੍ਹਾਂ ਵਿਚ ਕਾਂ ਦਾ ਜ਼ਿਕਰ ਆਇਆ ਹੈ)

੭੪- **ਮਨ ਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਣੀ ਖੇਤੀ ਰਾਖਿ ਲੈ ਕੂੰਜ ਪੜੈਗੀ ਖੇਤਿ ॥ ੧ ॥ ਰਹਾਉ ॥**[੩੪]-੨੧-੫੪
[ਕੂੰਜ ਦਾ ਅਰਥ ਬਿਰਧ ਅਵਸਥਾ ਲਿਖਿਆ ਹੈ]

੭੫- **ਅੰਬਰਿ ਕੂੰਜਾਂ ਕੁਰਲੀਆ ਬਗ ਬਹਿਠੇ ਆਇ ਜੀਉ ॥**
**ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥ ॥॥ ੧ ॥ [੭੬੨]**
**(ਨੋਟ:--ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਪੰਜਵੀਂ ਪੋਥੀ ਦੇ ੫੧੭ ਸਫ਼ੇ ਉਪ੍ਰੋਕ ਕੂੰਜਾ ਲਫ਼ਜ਼ ਦਾ ਅਰਥ**
**ਸ਼ੁਭ ਗੁਣ ਲਿਖਿਆ ਹੈ। ਪੂਰਾ ਗੁਰੂ ਸ਼ਬਦ ਅੱਗੇ ਛੇਵੇਂ ਕਾਂਡ ਦੇ ੭੪ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੈ]**

ਕੂੰਜ ਪੰਛੀ ਲਈ ਕੂੰਜ ਪਦ ਦੇ ਥਾਂ ਗੁਰੂਬਾਣੀ ਵਿਚ ਊਡੈ-ਊਡ ਅਤੇ ਜਾਂ ਬਗੇ ਕੱਪੜੇ ਵਾਲੀ ਲਿਖਿਆ ਮਿਲਦਾ ਹੈ:--

੭੬- **ਊਡੇ ਊਡਿ** ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ **[ਊਡੇ ਊਡਿ**=ਸੈਕੜੇ ਮੀਲ ਨਿਰੰਤਰ ਉਡਦੀ ਰਹਿਣ ਵਾਲੀ (ਕੂੰਜ) **]**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥ ੩ ॥**[੧੦]-੫

**ਏਥੇ ' ਮਨ ਮਹਿ ਸਿਮਰਨੁ ਕਰਿਆ '** ਤੋਂ ਪਰਮਾਤਮਾ ਦੀ ਯਾਦ ਸਮਝਣਾ ਗ਼ਲਤ ਹੈ। ਪ੍ਰਮਾਤਮਾਂ ਦੀ ਸੋਝੀ ਕਰਾ ਕੇ ਉਸ ਦੀ ਯਾਦ ਨਾਲ ਜੋੜਨ ਲਈ ਖ਼ੁਦਾ ਦਾ ਬੇਟਾ ਅਖਵਾਉਣ ਵਾਲੇ ਹਜ਼ਰਤ ਸਮੇਤ, ਅੱਲਾਹ ਦੇ ਪੈਗ਼ੰਬਰ, ਵਲੀਅੱਲਾਹ, ਪੀਰ, ਫਕੀਰ, ਸਾਧ ਸੰਤ, ਰੱਬੀ ਗੁਣਾ ਭਰਪੂਰ ਅਨੇਕਾਂ ਮਹਾਂਪੁਰਖ ਸੰਸਾਰ ਵਿਚ ਹੋ ਗੁਰਜ਼ਰੇ ਹਨ ਪਰ ਉਸ ਅਪਾਰ ਅਤੇ ਅਗੰਮ ਪ੍ਰਭੂ ਦੀ ਸੂਝੀ ਸਰਬ ਜੂੰਨਾਂ ਦੇ ਸਰਦਾਰ ਮਨੁੱਖਾਂ ਵਿਚੋਂ

ਵੀ ਕਿਸੇ ਵਿਰਲੇ ਨੂੰ ਹੀ ਆਈ ਹੈ। ਸਗੋਂ ਸੰਸਾਰ ਦੇ ਕਈ ਦੇਸ਼ ਉਂਜ ਹੀ ਨਾਸਤਕ ਹਨ । ਪਸ਼ੂ ਪੰਖੀਆਂ ਨੂੰ ਬ੍ਰਹਮ ਦੀ ਵਿਚਾਰ ਕਿੱਥੋ ਆ ਸਕਦੀ ਹੈ। ਸਤਿਗੁਰਾਂ ਨੇ ਵੀ (ਕੂੰਜ ਬਾਰੇ) ਪਿੱਛੇ ਛੱਡ ਆਈ ਆਪਣੇ ਨਿੱਕੇ ਨਿੱਕੇ ਬੱਚਿਆਂ ਦੀ ਯਾਦ ਦੀ ਗੱਲ ਕਹੀ ਹੈ। ਅਗਲੇ ਗੁਰੂ ਫ਼ੁਰਮਾਨ ਵਿਚ ਸਪੱਸ਼ਟ ਕਰ ਦਿੱਤਾ ਹੈ:---ਜਿਵੇਂ ਚਿੱਟੇ

੭੭- **ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਤਿਨ ਹਿਰਦੈ**
**ਸਾਰਿ ਧਸਮਾਲੀ ॥ ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਗੁਰਿ ਸਿਖ ਰਖੈ ਜੀਅ ਨਾਲੀ ॥ ੨ ॥**[੧੬੮]-੧੩-੫੧

**ਅਰਥ:**--ਜਿਵੇਂ ਚਿੱਟੇ ਖੰਭਾ ਵਾਲੀ (ਕੂੰਜ) ਆਸਮਾਬ ਵਿਚ ਉੱਡਦੀ ਫਿਰਦੀ ਹੈ, ਪਰ ਉਹ (ਪਿੱਛੇ ਰਹੇ ਹੋਏ ਆਪਣੇ) ਨਿੱਕੇ ਨਿੱਕੇ ਬੱਚਿਆਂ ਵਿਚ ਆਪਣਾ ਚਿੱਤ ਰੱਖਦਫੀ ਹੈ, ਸਦਾ ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਸਾਂਭਦੀ ਹੈ, ਏਸੇ ਤਰ੍ਹਾਂ ਗੁਰੂ ਤੇ ਸਿੱਖ ਦੀ ਪ੍ਰੀਤਿ ਹੈ, ਗੁਰੂ ਆਪਣੇ ਸਿੱਖ ਨੂੰ ਹਰੀ ਦੀ ਪ੍ਰੀਤਿ ਦੇ ਕੇ ਉਨ੍ਹਾਂ ਨੂੰ ਆਪਣੀ ਜਿੰਦ ਨਾਲ ਰੱਖਦਾ ਹੈ । ੨ । [ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ--ਦੂਜੀ ਪੋਥੀ ਸਫ਼ਾ ੬੧]

੭੮- **ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ ॥ ੧੨੩ ॥** [੧੩੭੧]

ਮਨ ਦੀ ਪਕੜ ਮਾਇਆ ਨਾਲ ਉਵੇਂ ਹੀ ਦਰਸਾਈ ਹੈ ਜਿਵੇ ਕੂੰਜ ਦੇ ਅੰਦਰ ਆਪਣੇ ਬਚਿਆਂ ਦੀ ਯਾਦ (ਰੱਬ ਦੀ ਨਹੀਂ) ਟਿਕੀ ਹੋਈ ਹੁੰਦੀ ਹੈ । ਇਹ ਕਹਿਣਾ ਗ਼ਲਤ ਹੈ ਕਿ ਕੂੰਜ ਪ੍ਰਭੂ ਦਾ ਸਿਮਰਨ ਕਰਦੀ ਹੈ ਜਿਸ ਕਾਰਨ ਉਸ ਦੇ ਬੱਚੇ ਮਰਨੋ ਬਚੇ ਰਹਿੰਦੇ ਹਨ।

੭੯- **ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥**
**ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥ ੨ ॥**[੭੯੪]-੧

੮੦- **ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ ॥**
**ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ ॥ ... ੩ ॥**[੪੫੫]-ਛੰਤ-੧-੪

੮੧- **ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰ ॥**
**ਸਹਿਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥ ੨ ॥**[੧੫੭]-੨-੧੯

## ਕੀਰੇ, ਕਿਰਮ, ਕੀੜੀ, ਕੀਰੀ, ਕੀੜਾ, ਚੀਟੀ,

੮੨- **ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸੁ ॥ ੧ ॥**[੧੦]-੪

੮੩- **ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥**
**ਦਇਆ ਕਰਹੁ ਕਿਰਮ ਅਪਨੇ ਕਉ ਇਹੈ ਮਨੋਰਥੁ ਸੁਆਉ ॥ ੨ ॥** [੪੦੬]-੪-੧੩੯

੮੪- **ਤੇਰਾ ਕੀਆ ਕਿਰਮ ਜੰਤੁ ॥ ਦੇਹਿ ਤ ਜਾਪੀ ਆਦਿ ਮੰਤੁ ॥ ੧ ॥** [੧੧੭੬]-੧-੧੩

ਇਨ੍ਹਾਂ ਗੁਰੂ ਫ਼ੁਰਮਾਨਾ ਵਿਚ ਕਿਰਮ ਤੋਂ ਭਾਵ, ਮਾਮੂਲੇ ਕੀੜੇ ਵਰਗਾ, ਨਾਚੀਜ਼ ਬੰਦਾ, ਨਿਮਾਣਾ ਸੇਵਕ, ਤੁੱਛ ਜੀਵ ਹੈ ਪਰ ਅਗਲੇ ਗੁਰੂ ਵਾਕ ਵਿਚਲੇ ਕਿਰਮ ਦਾ ਅਰਥ ਮੁਰਦਾ ਲਾਸ਼ ਨੂੰ ਖਾ ਰਹੇ ਕੀੜਿਆਂ ਦਾ ਦਲ ਹੈ।

੮੫- **ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਂਈ ॥**
**ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ ॥ ੧ ॥**[੬੫੪]-੨

ਪਰਮਾਤਮਾ ਦੀ ਯਾਦ ਨਾਲ ਜੁੜਿਆ ਕੀੜਾ (=ਤੁੱਛ ਜੀਵ) ਵਡੇ ਤੋਂ ਵਡੇ ਧਨਾਢ ਮਹਾਰਾਜੇ ਨਾਲੋ ਵੀ ਉੱਚਾ ਹੈ। ਪੰਚਮ ਪਾਤਸ਼ਾ ਜੀ ਦਾ ਫ਼ੁਰਮਾਨ--**ਹੇ ਪਪੀਲਕਾ ਗ੍ਰਸਟੇ, ਗੋਬਿਨਦ ਸਿਮਰਣ ਤਯੰ ਧਨੇ**-[੧੩੫੯]-ਹੇ ਕੀੜੀ !(ਹੇ ਨਿਮਾਣੀ ਕਮਜ਼ੋਰ ਜੀਵ ਇਸਤ੍ਰੀ !) ਜੇ ਗੋਬਿੰਦ ਦਾ ਸਿਮਰਨ ਤੇਰਾ ਧਨ ਹੈ, (ਤਾਂ ਤੂੰ ਨਿੱਕੀ ਜਿਹੀ ਹੁੰਦਿਆਂ ਵੀ ਵਡੀ) ਭਾਰੀ ਹੈਂ (ਤੇਰੇ ਮੁਕਾਬਲੇ ਤੇ ਵਡੇ ਤੋਂ ਵਡਾ ਬਲਵਾਨ ਮਨੁੱਖ ਤੀਲੇ ਸਮਾਨ ਹੈ)

੮੬- **ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**
**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥** [੫]-ਜਪੁ

੮੭- **ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥ ... ੪ ॥** [੨੮੫]-੧੭

੮੮- **ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥** [੪੭੨]-ਵਾਰ-੧੮(੧)

੮੯- **ਹਰ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀਂ ਚੁਨਿਓ ਨ ਜਾਈ ॥**
**ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥ ੨ ॥** [੯੭੨]-੩-੧੨

੯੦- **ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥ ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ ॥**
**ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥ ਮੀਤ ਸਖਾ ਸੁਤ ਬੰਧਪੋ ਸਭਿ ਤਿਸ ਦੇ ਜਣਿਆ ॥**
**ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ ॥ ੭ ॥**[੩੧੯]-ਵਾਰ

੯੧- **ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥**[੨੭੭]-ਅਸਟ-੧੧ (੪)

੯੨- **ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ **ਕੀਰੇ** ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ੪ ॥[੧੬੭]-੫-੧੧-੪੯

**(ਖ) ਖਰ, ਖੋਤ (ਖੋਤਾ) ਗਧਾ, ਗਰਧਭ,ਖਗ-- (ਪੰਛੀ) ਗਰੁੜ--**

੯੩- ਭੈਰਉ ਭੂਤ ਸੀਤਲਾ ਧਾਵੈ ॥ **ਖਰ** ਬਾਹਨੁ ਉਹੁ ਛਾਰੁ ਉਡਾਵੈ ॥ ੧ ॥[੮੭੪]-੨-੬
੯੪- ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ **ਖੋਤ** ॥
ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ ॥ ੧ ॥[੧੧੨੧]-੫-੧੪
੯੫- ਹਰੀ ਅੰਗੂਰੀ **ਗਦਹਾ** ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥ ੧ ॥[੩੨੬]-੧-੧੪
੯੬-- ਚੰਦਨ ਲੇਪ ਹੋਤ ਦੇਹ ਕਉ, ਸੁਖੁ **ਗਰਧਭ** ਭਸਮ ਸੰਗੀਤਿ ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥ ੨ ॥[੬੭੩]-੯
੯੭- ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥
**ਖਗ** ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ ॥ ਰਹਾਉ ॥[੧੨੬੯]-੯-੧੩

**(ਗ) ਗਾਈਂ**, ਗਊ, ਗਾਇ, ਧੇਨ, ਸੁਰਹ-

੯੮- ਜਿਉ **ਗਾਈ** ਕਉ ਗੋਇਲੀ ਰਾਖਹਿ ਕਰਿ ਸਾਰਾ ॥
ਅਹਿ ਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥ ੧ ।[੨੨੮]-੧-੧੭
੯੯- **ਗਊ** ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥ਧੋਤੀ ਟਿਕਾ
ਤੈ ਜਪਮਾਲੀ ਧਾਨੁ ਮਲੇਛਾ ਖਾਈ ॥੧॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ
ਤੁਰਕਾ ਭਾਈ ॥ ਛੋਡੀਲੇ ਪਾਖੰਡਾ ॥ ਨਾਮਿ ਲਈਐ ਜਾਹਿ ਤਰੰਦਾ ॥[੪੭੧]-ਵਾ-੧੬
੧੦੦- ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ੍ ਫੁਰਮਾਈ **ਗਾਇ** ॥ ੧੯੭॥ [੧੩੭੫]
**੧੦੧-** **ਧੇਨੁ** ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥ .... ੧ ॥[੧੩੩]-ਬਾਰਹ ਮਾਹਾ
**੧੦੨-** ਸੁਰਹ ਕੀ ਜੈਸੀ ਤੇਰੀ ਚਾਲ ॥ ਤੇਰੀ ਪੂੰਛਟ ਊਪਰਿ ਝਮਕ ਬਾਲ ॥ ੧ ।[੧੧੯੬]-੧
੧੦੩- ਪਾਖੰਤਣ ਬਾਜ ਬਜਾਇਲਾ ॥ **ਗਰੁੜ** ਚੜੇ ਗੋਬਿੰਦੁ ਆਇਲਾ ॥ ੧੫ ॥[੧੧੬੫]-੧-੧੦
੧੦੪- ਹਨੂਮਾਨ ਸਰਿ **ਗਰੁੜ** ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥ ੨ ।[੬੯੧]-੧

**(ਘ) ਘੋੜਾ, ਅਸ, ਅਸਵ, ਹੈ, ਹੈਵਰ, ਤੁਰੀ, ਤੁਰੇ, ਤਾਜੀ, ਤੁਰੰਗ** (=ਸਭ ਘੋੜੇ ਦੇ ਹੀ ਨਾਮ ਹਨ) **ਘੀਸ---**

੧੦੫- ਮਨ ਰਤਾ ਗੋਬਿੰਦ ਸੰਗਿ ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ **ਘੋੜੇ** ॥
ਰਾਜ ਮਿਲਖ ਖੁਸੀਆਂ ਘਣੀ ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥
ਨਾਨਕ ਮਨਿ ਤਨਿ ਚਾਉ ਏਹੁ ਨਤ ਪ੍ਰਭ ਕਉ ਲੋੜੇ ॥ ੨੧॥[-੩੨੩]-ਵਾਰ
੧੦੬- **ਅਸੁ** ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥
ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥[੧੭੯]-੧੨-੮੧
੧੦੭-- ਹਸਤਿ ਰਥ **ਅਸਵ** ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥
ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥ ੩ ॥[੭੦੦]-੧
੧੦੮- ਕਬੀਰ **ਹੈ** ਗਇ ਬਾਹਨ ਸਘਨ ਘਰ ਲਾਖ ਧਜਾ ਫਹਰਾਹਿ ॥
ਇਆ ਸੁਖ ਤੇ ਭਿਖਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥ ੧੧੨ ॥[੧੩੭੦]
੧੦੯- ਸੁਇਨਾ ਰੂਪਾ ਫੁਨਿ ਨਹੀ ਦਾਮ ॥ **ਹੈਵਰ** ਗੈਵਰ ਆਪਨ ਨਹੀ ਕਾਮ ॥ ੩ ॥[੧੮੭]-੩੭-੧੯੬
੧੧੦- ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਇ ਸਾਖਤੀ ਫਿਰਿ ਆਪਿ ਕਰਾਏ ਮਾਰ ॥
ਇਕਨ੍ਹਾ ਗਲੀ ਜੰਜੀਰੀਆ ਇਕਿ **ਤੁਰੀ** ਚੜਹਿ ਬਿਸੀਆਰ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ
ਕਰੀ ਪੁਕਾਰੁ ॥ ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥ ੨੩ ॥[੪੭੫]-ਵਾਰ
੧੧੧- ਤਿਨ ਕੇ **ਤੁਰੇ** ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾ ਸੰਤ ਚੜਿ ਜਾਤੇ ॥[੬੪੮]-ਪਉ:੧੬
(ਪਹਿਲੇ ਕਾਂਡ ਦੇ ੬੪ ਨੰਬਰ ਤੇ ਦਾਰੀ ਪਉੜੀ ਅਰਥਾਂ ਸਮੇਤ ਹੈ}
੧੧੨- **ਤਾਜੀ** ਰਥ ਤੁਖਾਰ ਹਾਥੀ ਪਾਖਰੇ ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥

ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥ ੮ ॥ [੧੪੧]

੧੧੩- ਕਬਹੂ ਤੁਰੇ **ਤੁਰੰਗ** ਨਚਾਵੈ ॥ ਕਬਹੂ ਪਾਇ ਪਨੀਓ ਨ ਪਾਵੈ ॥ ੨ ॥ [੧੧੬੪]-੫

**ਘੀਸ-** ਉਪ੍ਰੋਕਤ ੪ ਨੰਬਰ ਸ਼ਬਦ ਵਿਚ ਘੀਸ ਦਾ ਜ਼ਿਕਰ ਆਇਆਹੈ-- **ਘੀਸ ਗਲਉਰੇ ਲਿਆਵੈ** ॥

**(ਚ) ਚਾਤ੍ਰਿਕ** ਬਾਬੀਹਾ, ਸਾਰਿੰਗ, ਚਕਵੀ ਚਕੋਰ, ਚਿੜੀ, ਚੂਹਾ (=ਮੂਸਾ)-

੧੧੪- ਸੁਣਿ ਸੁਣਿ ਮੇਰੇ ਪ੍ਰੀਤਮ ਭਾਈ ਮੈ ਮੇਲਹੁ ਮਿਤ੍ਰੁ ਸੁਖਦਾਤਾ ॥ ਓਹ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ ॥ ਹਉ ਇਕ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ **ਚਾਤ੍ਰਿਕੁ** ਜਲ ਕਉ ਬਿਲਲਾਤਾ ॥ ਹਉ ਕਿਆ ਗੁਣ ਤੇਰੇ ਸਲਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ ॥ ੨ ॥[੫੬੪]-੧-੯

੧੧੫- ਹਰਿ ਹਰਿ ਬੂੰਦ ਭਏ ਹਰਿ ਸੁਆਮੀ **ਹਮ ਚਾਤ੍ਰਿਕ** ਬਿਲਲ ਬਿਲਲਾਤੀ ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ ॥ ੧ ॥[੬੬੮]-੫

੧੧੬- **ਚਾਤ੍ਰਿਕ** ਚਿਤਵਤ ਬਰਸਤ ਮੇਂਹ ॥ ਕ੍ਰਿਪਾ ਸਿੰਧੁ ਕਰਣਾ
ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥ ੧ ॥ ਰਹਾਉ ॥[੭੦੨]-੬-੧੯ [ਚਾਤ੍ਰਿਕ ਪਦ ਵਾਲੇ ਹੋਰ ਕਈ ਗੁਰੂ ਸ਼ਬਦਾਂ ਦੀ ਸੂਚੀ ਮਿਲ ਸਕਦੀ ਹੈ]

੧੧੭- **ਬਾਬੀਹਾ** ਜਿਦ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭੁ ਕੋਇ ॥ ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ ॥ ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ ॥ ਬਹਿਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ ॥ ਨਾਨਕ ਅੰਮ੍ਰਿਤੁ ਸਦ ਹੀ ਵੇਸਦਾ ਗੁਰਮੁਖਿ ਦੇਵੈ ਹਰਿ ਸੋਇ ॥ ੧ ॥[੧੨੮੧]--੭

੧੧੮- ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ **ਸਾਰਿੰਗ** ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥[੧੩]-੪

੧੧੯- **ਚਕਵੀ** ਪ੍ਰੀਤਿ ਸੂਰਜੁ ਮੁਖਿ ਲਾਗੈ ॥ ਮਿਲੈ ਪਿਆਰੇ ਸਭ ਦੁਖ ਤਿਆਗੈ ॥
ਗੁਰਸਿਖ ਪ੍ਰੀਤਿ ਗੁਰੁ ਮੁਖਿ ਲਾਗੈ ॥ ੨ ॥ [੧੬੪]-੪

੧੨੦- ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈ **ਚਕੋਰਾ** ॥ ੧ ॥ [੬੫੮]-੫

੧੨੧- **ਚਿੜੀ ਚੁਹਕੀ** ਪਹੁ ਫੁਟੀ ਵਗਨਿ ਬਹੁਤੁ ਤਰੰਗ ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ੧ ॥[੩੧੯]-ਵਾ-੬
**ਚੂਹਾ** ਜਿਸ ਨੂੰ ਗੁਬਰਾਣੀ ਵਿਚ ਬਹੁਤਾ ਕਰਕੇ " **ਮੂਸਾ** " ਲਿਖਿਆ ਹੈ--

੧੨੨- ਅਨਦਿਨੁ **ਮੂਸਾ** ਲਾਜੁ ਟੁਕਾਈ ॥ ਗਿਰਤ ਕੂਪ ਮਹਿ ਖਾਹਿ ਮਿਠਾਈ ॥ ੧ ॥[੩੯੦]-੩੦-੮੧

**ਅਰਥ**:-(ਜਿਸ ਉਮਰ-ਰੂਪੀ ਲੱਜ ਦੇ ਆਸਰੇ ਮਨੁੱਖ ਮਾਇਆ ਦੇ ਮੋਹ ਦੇ ਖੂਹ ਵਿਚ ਲਮਕਿਆ ਹੋਇਆ ਹੈ) ਉਸ (ਉਮਰ-)ਲੱਜ ਨੂੰ ਰੋਜ਼ ਚੂਹਾ ਟੁੱਕ ਰਿਹਾ ਹੈ, ਪਰ ਇਹ ਖੂਹ ਵਿਚ ਡਿੱਗਾ ਹੋਇਆ ਵੀ ਮਿਠਿਆਈ ਖਾ ਰਿਹਾ ਹੈ (ਭਾਵ, ਦੁਨੀਆ ਦੇ ਪਦਾਰਥ ਮਾਨਣ ਵਿਚ ਰੁੱਝ ਹੋਇਆ ਹੈ) ।੧ ।

[ਹੋਰ ਗੁਰਸ਼ਬਦਾ ਵਿਚ ਵੀ ਮੂਸਾ ਲਫ਼ਜ਼ ਆਇਆ ਹੈ]

**(ਜ) ਜੋਕ**, ਅਤੇ **ਜੂੰ**-

੧੨੩- ਸਿਆਮ ਸੁੰਦਰ ਤਜਿ, ਆਨ ਜੁ ਚਾਹਤ ਜਿਉ **ਕੁਸਟੀ ਤਨਿ ਜੋਕ** ॥
ਸੂਰ ਦਾਸਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥ ੨ ॥[੧੨੫੩]-੧-੮(੨)

ਅਰਥ:--(ਹੇ ਸੂਰਦਾਸ !) ਜੋ ਮਨੁੱਖ ਸੋਹਣੇ ਸਾਂਵਲੇ ਸੱਜਣ ਪ੍ਰਭੂ ਨੂੰ ਵਿਸਾਰ ਕੇ ਹੋਰ ਹੋਰ ਪਦਾਰਥਾਂ ਦੀ ਲਾਲਸਾ ਕਰਦੇ ਹਨ, ਉਹ ਉਸ ਜੋਕ ਵਾਂਗ ਹਨ, ਜੋ ਕਿਸੇ ਕੋਹੜੀ ਦੇ ਸਰੀਰ ਤੇ (ਲੱਗ ਕੇ ਗੰਦ ਹੀ ਚੂਸਦੀ ਹੈ) । ਪਰ ਹੇ ਸੂਰਦਾਸ ! ਜਿਨ੍ਹਾਂ ਦਾ ਮਨ ਪ੍ਰਭੂ ਨੇ ਆਪ ਆਪਣੇ ਹਥ ਵਿਚ ਲੈ ਲਿਆ ਹੈ ਉਨ੍ਹਾਂ ਨੂੰ ਉਸ ਨੇ ਇਹ ਲੋਕ ਤੇ ਪਰਲੋਕ ਦੋਵੇਂ ਬਖ਼ਸ਼ੇ ਹਨ (ਭਾਵ, ਉਹ ਲੋਕ ਪਰਲੋਕ ਦੋਹੀਂ ਥਾਂਈਂ ਅਨੰਦ ਵਿਚ ਰਲਹੰਦੇ ਹਨ । ੨ ।

੧੨੪- ਮਲੁ **ਜੂਈ** ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥...੧ ॥[੩੦੬]-ਵਾਰ-੧੨

**(ਡ) ਡੱਡੂ** - ਗੁਰਬਾਣੀ ਵਿਚ **ਮੇਂਡਕ** ਅਥਵਾ **ਦਾਦਰ** ਲਿਖਿਆ ਹੈ--

੧੨੫- ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ **ਮੇਂਡੁਕ** ਨਾਵਹਿ ॥
ਜੈਸੇ **ਮੇਂਡੁਕ** ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ ੨ ॥[੪੮੪]-੪-੩੭

੧੨੬- ਸੰਧਿਆ ਪ੍ਰਾਤ ਇਸਨਾਨੁ ਕਰਹੀ ॥ ਜਿਉ ਭਏ **ਦਾਦੁਰ** ਪਾਨੀ ਮਾਹੀ ॥ ੧ ॥ [੩੨੪-੫

**(ਤ) ਤੋਤਾ, ਮੈਜਨ, ਸੂਆ, ਸੂਅਟਾ-- ਤਦੂਆ**

੧੨੭- ਸਿੰਮਲ ਰੁਖੁ ਸਰੀਰੁ ਮੈ **ਮੈਜਨ** ਦੇਖਿ ਭੁਲੰਨਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥ ੪ ॥[੭੨੯]-੩

੧੨੮- ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ **ਸੂਆ** ॥ ੨ ॥ [੪੦੭]-੮-੧੪੯

੧੨੯- ਤੂੰ ਪਿੰਜਰੁ ਹਉ **ਸੂਅਕਾ** ਤੋਰ ॥ ਜਮ ਮੰਜਾਰੁ ਕਹਾ ਕਰੈ ਮੋਰ ॥ ੨ ॥ [੩੨੩]-੩

੧੩੦- ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥
ਜਿਉ ਕੁੰਚਰੁ **ਤਦੂਐ** ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ ॥ ੧ ॥ ਰਹਾਉ ॥[੯੮੨]-੪

## (ਪ) ਪਸੁ, ਪਸੂ-- **ਪਖੀ**, ਪੰਖਣੂੰ--ਪਤੰਗ, ਪਪੀਲਕਾ

੧੩੧- ਨਰੂ ਮਰੈ, ਨਰੁ ਕਾਮਿ ਨ ਆਵੈ ॥ **ਪਸੂ** ਮਰੈ, ਦਸ ਕਾਜ ਸਵਾਰੈ ॥ ੧ ॥ [੮੭੦]-੨

੧੩੨- **ਪਸੂ** ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ ੩ ॥[੪੮੯]-੨

੧੩੩- ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ **ਪਸੁ** ਤੈਸੇ ਓਇ ਨਰਾ ॥ ੨ ॥ [੧੧੬੩]-੨

੧੩੪- ਕਰਤੂਤਿ **ਪਸੂ** ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥ **...** ੫ ॥**[੨੬੭]-ਅ:-੪**

੧੩੫- ਅਠ ਦਸ ਬੇਦ ਸੁਨੇ ਕਹ ਡੋਰਾ ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ ॥
ਪਸੂ ਪਰੀਤਿ ਘਾਸ ਸੰਗਿ ਰਚੈ ॥ ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ ॥ ੨ ॥ [੮੯੨]-੧੯-੩੦

੧੩੬- ਕਬੀਰ ਦਾਤਾ ਤਰਵਰੁ ਦਯਾ ਫਲ ਉਪਕਾਰੀ ਜੀਵੰਤ ॥ **ਪੰਖੀ** ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥ ੨੩੦ ॥[੧੩੭੬]

੧੩੭- ਫਰੀਦਾ ਹਉ ਬਲਿਹਾਰੀ ਤਿਨ੍ਹ **ਪੰਖੀਆ** ਜੰਗਲਿ ਜਿੰਨ੍ਹਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਹਿ ਪਾਸੁ ॥ ੧੦੧ ॥[੧੩੮੩]

੧੩੮- ਖੇਲਿ ਗਏ ਸੇ **ਪੰਖਣੂੰ** ਜੋ ਚੁਗਦੇ ਸਰ ਤਲਿ ॥ ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ ॥ [੬੦]-੧੦-੧੧(੮)।

**੧੩੯-** ਨੈਨ ਦੇਖਿ **ਪਤੰਗੁ** ਉਰਝੈ, ਪਸੁ ਨ ਦੇਖੈ ਆਗਿ ॥ ਕਾਲ ਫਾਸ ਨ ਮੁਗਧੁ ਚੇਤੈ, ਕਨਿਕ ਕਾਮਨਿ ਲਾਗਿ ॥ ੨ ॥[੪੮੨]-੫-੨੭

**੧੪੦-** ਕਬਹੂ ਹੋਇ ਪੰਡਿਤੁ ਕਰੇ ਬਖ੍ਯ੍ਯਾਨੁ ॥ ਕਬਹੂ ਮੋਨਿਧਾਰੀ ਲਾਵੈ ਧਿਆਨੁ ॥ ਕਬਹੂ ਤਟ ਤੀਰਥ
ਇਸਨਾਨ ॥ ਕਬਹੂ ਸਿਧ ਸਸਿ ਸਾਧਿਕ ਮੁਖਿ ਗਿਆਨ ॥ ਕਬਹੂ ਕੀਟ ਹਸਤਿ **ਪਤੰਗ** ਹੋਇ
ਜੀਆ ॥ ਅਨਿਕ ਜੋਨਿ ਭਰਮੈ ਭਰਮੀਆ ॥ ..... ੭ ॥ [੨੭੮]-੧੧

੧੪੧- ਮਸਕੰ ਭਗਨੰਤ ਸੈਲੰ ਕਰਦਮੰ ਤਰੰਤ **ਪਪੀਲਕਹ** ॥ ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ
ਅੰਧਕਾਹ ॥ ਸਾਧ ਸੰਗੇਣਿ ਦਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ ॥ ੫੫ ॥[੧੩੫੯]

**ਪਦ ਅਰਥ:**-ਮਸਕੰ=ਮੱਛਰ (ਕਮਜ਼ੋਰ ਜੀਵ)। ਭਗਨੰਤ=ਤੋੜ ਦਿੰਦਾ ਹੈ। ਸੈਲੰ=ਪਹਾੜ, ਪੱਥਰ (ਅਹੰਕਾਰ) । ਕਰਦੰ=ਚਿੱਕੜ (ਮੋਹ) । ਪਪੀਲਕਹ= (ਖੰਭਾਂ ਵਾਲੀ) ਕੀੜੀ । ਪਿਗੰ=ਪਿੰਗਲਾ, ਲੂਲ੍ਹਾ (ਸ਼ੁਭ ਕਰਮਾ ਤੋਂ ਸੱਖਣਾ)। ਤਮ=ਹਨੇਰਾ । ਅੰਧਕਾਰ=ਅੰਨਾ । (ਅਗਿਆਨੀ) । ਤਰੰਤ=ਪਾਰ ਲੰਘ ਜਾਂਦਾ ਹੈ । ਸਾਧ ਸੰਗੇਨ=ਸਾਧ ਸੰਗਤਿ ਦੀ ਰਾਹੀ। -

## (ਬ) ਬਰਦ, ਬਲਦ, ਬੈਲ, ਬ੍ਰਿਖ ਧੌਲ, ਬਾਛਰ, ਬਛਰੈ, ਬਾਛ, ਬੱਕਰੀ, ਅਜਾ, ਬਿਲਾਈ, ਬਿਲਕ, ਬਿਲਾਸੁ, ਮੰਜਾਰ (-ਬਿੱਲੀ) ਬੰਤਰ, ਕਪਿਕ, ਬਾਜ਼, ਬਾਸਾ, ਬਗੁਲਾ, ਬਗੁ -

੧੪੨- ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ **ਬਰਦ** ਚਢੇ ਡਉਰੂ ਢਮਕਾਵੈ ॥ ੨ ॥ [੮੭੪]-੨-੬

੧੪੩- ਪਾਂਡੇ ਤੁਮਰਾ ਮਹਾਦੇਉ, ਧਉਲੇ **ਬਲਦ** ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ, ਵਾ ਕਾ ਲੜਕਾ ਮਾਰਿਆ ਥਾ ॥ ੨ ॥[੮੭੪]-੩-੭

੧੪੪- ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ, ਉਠਿ **ਬੈਲ** ਗਏ ਚਰਿ ਬੇਲ ॥ ੨ ॥ [੩੬੮]-੯-੬੧

੧੪੫- ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ **ਬ੍ਰਿਖ** ਜੋਇਓ ॥ ੧ ॥ [੧੭੬]-੩

੧੪੪- **ਧੌਲੁ** ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ॥। ੧੬ ॥[੩]

੧੪੬- ਸਾਗਰੁ ਤਰਿਓ ਬਾਛਰ **ਬਾਛਰ** ਖੋਜ ॥ ਖੇਦੁ ਨ ਪਾਇਓ ਨਹ ਫੁਨਿ ਰੋਜ ॥ **[ਬਛਰ**=ਵੱਛਾ, ਗਉ-ਜਾਇਆ**]**
ਸਿੰਧੁ ਸਮਾਇਓ ਘਟੁਕੇ ਮਾਹਿ ॥ ਕਰਣਹਾਰ ਕਉ ਕਿਛੁ ਅਚਰਜ ਨਾਹਿ ॥ ੩ ॥[੮੯੯]-੪੦-੫੧

੧੪੭- ਦੂਧ ਤ **ਬਛਰੈ** ਥਨਹੁ ਬਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ੧ ॥[੫੨੫]-੧

੧੪੮- ਜਿਉ ਮਧੁ ਮਾਖੀ ਸੰਚੈ ਅਪਾਰ ॥ ਮੁ ਲੀਓ ਮੁਖਿ ਦੀਨੀ ਛਾਰੁ ॥
ਗਉ **ਬਾਛ** ਕਉ ਸੰਚੈ ਖੀਰੁ ॥ ਗਲਾ ਬਾਂਧਿ ਦੁਹਿ ਲੇਇ ਅਹੀਰੁ ॥ ੨ ॥[੧੨੫੨]-੨

੧੪੮- ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥
ਆਪੇ ਹੀ ਭਉ ਪਾਇਦਾ ਪਿਆਰਾ ਬੰਨਿ **ਬਕਰੀ** ਸੀਹੁ ਹਢਾਇਆ ॥ ੨ ॥[੬੦੫]-੪

੧੪੯- **ਅਜਾ** ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰੇ ॥ ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤ ॥੪੧॥[੧੩੫੭]

੧੫੦- ਘਰ ਕੀ **ਬਿਲਾਈ** ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ [ਬਿਲਾਈ=ਬਿੱਲੀ । ਮੂਸਾ=ਚੂਹਾ]
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਿਹਿ ਲਗਾਈ ਰੇ ॥ ੧ ॥ ਰਹਾਉ ॥[੩੬੧]-੫-੪੪

੧੫੧- ਧਨ ਹਰਿ ਪ੍ਰਭਿ ਪਿਆਰੈ ਰਾਵਿਆ ਜਾਂ ਹਰਿ ਪ੍ਰਭ ਭਾਈ ਰਾਮ ॥ ਅਖੀ ਪ੍ਰੇਮ ਕਸਾਈਆ
ਜਿਉ **ਬਿਲਕ ਮਸਾਈ** ਰਾਮ ॥ ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਅਘਾਈ ਰਾਮ ॥ (ਬਿਲਕ ਮਸਾਇ=**ਜਿਉ ਬਿੱਲੀ ਮਾਸ ਨੂੰ**)
ਜਨ ਨਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥ ੩ ॥[੮੪੫]-੨-੪

੧੫੨- ਗਰੁੜ ਮੁਖਿ ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ ਨਹੀਂ ਖਾਈ **ਬਿਲਾਸੁ** ॥
ਜੈਸੋ ਆਂਡੋ ਹਿਰਦੇ ਮਾਹਿ ॥ ਜੈਸੋ ਦਾਨੋ ਚਕੀ ਦਰਾਹਿ ॥ ੩ ॥[੯੮੬]-੩

੧੫੩- ਮਿਰਤੁ **ਮੰਜਾਰ** ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੁਖ ਭੁਖਨਾ ॥
ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ ॥ ੪ ॥[੧੩੮੮]-੧੧-੨੦
(ਅਠਵੇਂ ਭਾਗ ਦੇ ਛੇਵੇ ਕਾਂਡ ਦੇ ਅਰੰਭ ਵਿਚ ਪੰਜਮ ਗੁਰੂ ਨਾਨਕ ਪਾਤਸ਼ਾਹ ਜੀ ਦੇ ਇਹ ਪੂਰਾ ਮੁੱਖਵਾਕ ਅਰਥਾਂ ਸਮੇਤ ਲਿਕਿਆ ਹੈ ]

੧੫੪- ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ ॥ **ਬੰਤਰ** ਕੀ ਸੈਨਾ ਸੇਵੀਐ
ਮਨਿ ਤਨਿ ਜੁਝੁ ਅਪਾਰੁ ॥ ਸੀਤਾ ਲੈ ਗਇਆ ਦਹਿਸਿਰੋ ਲਛਮਣੁ ਮੂਓ ਸਰਾਪਿ ॥
ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ ॥ ੨੫ ॥੧੪੧੨]
{ਇਹੀ ਸਲੋਕ ਪੁਸਤਕ ਦੇ ਪਹਿਲੇ ਭਾਗ ਦੇ ਚੌਥੇ ਕੰਡ ਦੇ ੧੧ ਨੰਬਰ ਅਰਥਾਂ ਸਮੇਤ ਆ ਚੁੱਕੀ ਹੈ ]
ਉੱਪਰ ਤੀਜੇ ਨੰਬਰ ਤੇ ਲਿਖੇ ਪੂਰੇ ਗੁਰੂ ਸ਼ਬਦ ਵਿਚ ਬਾਂਦਰ ਲਈ ਬੰਤਰ ਪਦ ਆ ਚੁੱਕਿਆ ਹੈ-"**ਬੰਤਰ ਚੀਤੇ ਅਰੁ ਸਿੰਘਾਤਾ** ॥"

੧੫੫- ਫਾਕਿਓ ਮੀਨ **ਕਪਿਕ** ਕੀ ਨਿਆਈ ਤੂ ਉਰਝਿ ਰਹਿਓ ਕੁਸੰਭਾਇਲੇ ॥
ਪਗ ਧਾਰਹਿ ਸਾਸੁ ਲੇਖੈ ਲੈ ਤਉ ਉਧਰਹਿ ਹਰਿ ਗੁਣ ਗਾਇਲੇ ॥ ੧ ॥[੯੬੨]-੨

੧੫੬- ਹਰਣਾਂ **ਬਾਜਾਂ** ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥.. ੨॥ [੧੨੮੮]-ਵਾ-੨੨

੧੫੭- ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ **ਬਾਸਾ** ਮਾਸ ਦੇਤ ਝਾਟੁਲੀ ॥
ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ ਉਦਰ ਭਰੈ ਬਹਿ ਹਾਟੁਲੀ ॥ ੧ ॥[੧੨੧੬]-੩੮-੬੧

੧੫੮- ਫਰੀਦਾ ਦਰਿਆਵੈ ਕੰਨ੍ਹੈ **ਬਗੁਲਾ** ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥ ੯੯ ॥[੧੩੮੩]

੧੫੯- ਹੰਸਾ ਦੇਖਿ ਤਰੰਦਿਆ **ਬਗਾ** ਆਇਆ ਚਾਉ ॥ ਡੁਬਿ ਮੁਏ **ਬਗ** ਬਪੁੜੇ ਸਿਰੁ ਤਲਿ ਉਪਰਿ ਪਾਉ ॥ **੧੨੨** ॥[੧੩੮੪]

**(ਭ) ਭੈਸਾ, ਭੇਡ, <u>ਲੇਲਾ ਛੇਲ</u>-**(ਭੇਡ, ਬੱਕਰੀ ਦੇ ਬੱਚੇ ਨੂੰ ਪੰਜਾਬ ਵਿਚ ਲੇਲਾ ਅਥਵਾ ਛੇਲਾ ਕਹਿੰਦੇ ਹਨ) **ਗਾਡਰ**- (ਭੇਡ), **ਭਵਰ, ਭੌਰਾ, ਮਧੁਕਰ, ਅਲਿ, ਅਲੀਅਲ, ਭਾਂਭੀਰੀ**--

ਉਪਰ ੪ ਨੰਬਰ ਗੁਰੂ ਸ਼ਬਦ ਵਿਚ ਭੈਸਾ ਪਦ ਆ ਚੁਲਕਾ ਹੈ---ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥ [੪੭੭]-੬(੧) ਅਤੇ ਹੋਰ--**ਮਾਤਾ ਭੈਸਾ,** ਅੰਮੁਹਾ ਜਾਇ ॥ [੩੨੬]-੧-੧੪(੨) -

੧੬੦- ਕਹੁ ਕਬੀਰ ਪਰਗਟੁ ਭਈ ਖੇਡ ॥ **ਲੇਲੇ** ਕਉ ਚੂਘੈ ਨਿਤ **ਭੇਡ** ॥ ੩ ॥ [੪੨੬]-੧-੧੪
{ਨੌਵੇਂ ਭਾਗ ਵਿਚ ਪੂਰਾ ਗੁਰੂ ਸ਼ਬਦ ਅਰਥਾਂ ਸਮੇਤ ਲਿਖਿਆ ਹੈ]

੧੬੧- ਨਾ ਤਨੁ ਤੇਰਾ ਨਾ ਮਨੁ ਤੋਹਿ ॥ ਮਾਇਆ ਮੋਹਿ ਬਿਆਪਿਆ ਧੋਹਿ ॥
ਕੁਦਮ ਕਰੈ **ਗਾਡਰ** ਜਿਉ **ਛੇਲ** ॥ ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ ॥ ੧ ॥[੯੯੯]-੪੧-੫੨
(ਚੌਥੇ ਕਾਂਡ ਦੇ ੧੨੬ ਨੰਬਰ ਤੇ ਅਰਥਾਂ ਸਮੇਤ ਵੀ ਪੜ੍ਹੋ)

੧੬੨- **ਗਾਡਰ** ਲੇ ਕਾਮਧੇਨ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥ ੩ ॥[੧੯੮]-੯੧-੧੬੦

੧੬੩- ਆਪੇ **ਭਵਰੁ** ਫੁਲੁ ਫਲੁ ਤਰਵਰੁ ॥ ਆਪੇਜਲੁ ਥਲੁ ਸਾਗਰੁ ਸਰਵਰੁ ॥
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਰੇ ॥ ੬ ॥[੧੦੨੦]-੧

੧੬੪- ਅਲਗਉ ਜਾਇ **ਮਧੁਕੜਉ** ਸਾਰੰਗਪਾਣਿ ਸਬਾਇ ॥ ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥ ੨ ॥[੧੦੯੦]-ਵਾ-੧੨

੧੬੫- ਜੈਸੇ **ਅਲਿ** ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥ ੧ ॥[੩੭੦]-੩੯-੧੩-੧੫-੬੭

੧੬੬- **ਅਲੀਅਲ** ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ ॥ [੪੬੨]-੧-੧੪

੧੬੭- ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
**ਭਾਂਭੀਰੀ** ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥[੬੨੪]-੧੧-੬੧

**ਅਰਥ:**--ਮੈ ਸਣਿਆ ਤਾਂ ਇਹ ਹੈ ਕਿ (ਉਹ ਪਤੀ ਪ੍ਰਭੂ) ਮੇਰੇ ਹਿਰਦੇ-ਦੇਸ ਵਿਚ ਮੇਰੇ ਨੇੜੇ ਹੀ ਵੱਸਦਾ ਹੈ, ਪਰ (ਮੇਰੇ ਤੇ ਉਸ ਦੇ) ਵਿਚਕਾਰ ਮੇਰੀ ਹਉਮੈ ਦੀ ਕੰਧ ਖੜੀ ਹੋ ਗਈ ਹੈ, (ਕਹਿੰਦੇ ਹਨ) ਭੰਭੀਰੀ ਦੇ ਖੰਭ ਵਾਂਗ (ਬੜਾ ਬਰੀਕ) ਪਰਦਾ (ਮੇਰੇ ਤੇ ਉਸ ਪਤੀ ਦੇ ਵਿਚਕਾਰ ਹੈ), ਪਰ ਉਸ ਦਾ ਦਰਸ਼ਨ ਕਰਨ ਤੋਂ ਬਿਨਾ ਉਹ ਕਿਤੇ ਦੂਰ ਵੱਸਦਾ ਜਾਪਦਾ ਹੈ । ੩ ।

## (ਮ) ਮਛਲੀ, ਡੀਹਰ-- ਮੁਰਗ਼ਾਈ, ਮੁਰਗ਼ਾ, (ਕੁਰਕੁਟ) ਮੋਰ, ਮੱਖੀ--ਮੱਛਰ, ਮਸਕ-

ਮੱਛੀ ਦੇ ਜ਼ਿਕਰ ਵਾਲੇ ਗੁਰੂ ਸ਼ਬਦਾਂ ਦੀ ਲਿਸਟ ਹੋਰ ਪਸ਼ੂ ਪੰਖੀਆਂ ਦੇ ਜ਼ਿਕਰ ਵਾਲੇ ਗੁਰੂ ਸ਼ਬਦਾਂ ਤੋਂ ਵੱਡੀ ਹੈ। ਉਪਰ ਪਾਣੀ ਅਥਵਾ ਜਲ ਵਾਲੇ ਲੇਖਾਂ ਵਿਚ ਵੀ ਮਛਲੀ ਦਾ ਜਿਕਰ ਆਇਆ ਅਸਾਂ ਪੜ੍ਹਿਆ ਹੈ। **ਵਣਗੀ ਮਾਤ੍ਰ ਪੰਗਤੀਆਂ:--**

੧੬੮- **ਆਪੇ ਜਾਲੁ ਵਰਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ ॥**
**ਆਪਿ ਅਭੁੱਲੁ ਨ ਭੁਲਈ ਪਿਆਰਾ ਅਵਰੁ ਨ ਦੂਜਾ ਜਾਪੈ ॥ ੨ ॥[੬੦੫]-**

੧੬੯- **ਗਰਬਿ ਗਹਿਲੜੋ ਮੂੜੜੋ ਹੀਓ ਰੇ ॥ ਹੀਓ ਮਹਰਾਜ ਰੀ ਮਾਇਓ ॥**
**ਡੀਹਰ ਨਿਆਈ ਮੋਹਿ ਫਾਕਿਓ ਰੇ ॥ ਰਹਾਉ ॥** [੭੧੫]-੨-੨੯ \

**ਡੀਹਰ**--ਮਹਾਨ ਕੋਸ਼ ਵਿਚ ਡੀਹਰ ਦਾ ਅਰਥ ਡਾਇਨ ਲਿਖਿਆ ਹੈ ਪਰ ਪ੍ਰੋ:ਸਾਹਿਬ ਸਿੰਘ ਜੀ ਨੇ ੨੭੯/੫ ਤੇ ਮੱਛੀ ਅਰਥ ਲਿਖੇ ਹਨ ॥

**(ਮ) ਮੁਰਗਾਈ** --੧=[੯੩੯]-੫(੫) ੨=[੧੩੨੪]-੨(੨)

੧੭੦- **ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ ॥**
**ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ ॥ ੨ ॥** [੧੩੨੪]-੨

੧੭੧- **ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ**
**ਤਰੀਐ ਨਾਨਕ ਨਾਮੁ ਵਖਾਣੇ ॥ ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ**
**ਨਿਰਾਸੋ ॥ ਅਗਮੁ ਅਗੋਚਰ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥ ੫ ॥**[੯੩੮]-ਸਿ:ਗੋ

੧੭੨- **ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥**
**ਆਸਿ ਪਾਸਿ ਪੰਜ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥ ੧ ॥**[੪੭੬]-੩
[**ਉਰਕਟ**=ਤਿਆਰ ਕੀਤਾ, ਪਕਾਇਆ, ਰਿੰਨ੍ਹਿਆਂ ਹੋਇਆ ॥ **ਕੁਰਕਟ**=ਕੁੱਕੜ, ਮੁਰਗ਼ਾ ॥ ਵਾਮ ਮਾਰਗੀਆਂ ਨੇ ਇਕ ਭਾਂਡੇ ਵਿਚ ਪਾਣੀ ਭਾਵ ਸ਼ਰਾਬ ਪਾਈ ਅਤੇ ਇਕ ਵਿਚ ਭੁਜਿਆ ਹੋਇਆ ਮੁਰਗ਼ਾ ਪਾ ਲਿਆ (-ਮਹਾਨ ਕੋਸ਼)]

੧੭੩- **ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ**
**ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭੁ ਲੁਭਾਇਆ ॥ .... ੧ ॥** [੫੫੭/੫੮]-੩

੧੭੪- **ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥**
**ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥ ੨ ॥**[੧੧੯੭]-੨

੧੭੫- **ਮੇਘ ਸਮੇ ਮੋਰ ਨਿਰਤਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥**
**ਮਾਤਾ ਬਾਰਿਕ ਦੇਖਿ ਅਨੰਦ ॥ ਤਿਉ ਜਨ ਜੀਵਹਿ ਜਪਿ ਗੋਬਿੰਦ ॥ ੨ ॥**[੧੧੮੦]-੨

੧੭੬- **ਘਨਘੋਰ ਪ੍ਰੀਤਿ ਮੋਰ ॥ ਚਿਤੁ ਚਾਤ੍ਰਿਕ ਬੂੰਦ ਓਰ ॥ ਐਸੋ ਹਰਿ ਸੰਗੇ**
**ਮਨ ਮੋਹ ॥ ਤਿਆਗਿ ਮਾਇਆ ਧੋਹ ਮਿਲਿ ਸੰਤ ਨਾਨਕ ਜਾਗਿਆ ॥ ੨ ॥**[੧੨੭੧]-੫-੨੭

੧੭੭- **ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ ॥**
**ਮਰਤੀ ਬਾਰ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ ॥ ੨ ॥ [੬੫੪]-੨** [**ਸਠੋਰ**=ਲੁਚਾ, ਧੂਰਤ, ਮੂਰਖ]
[ਚੌਥੇ ਭਾਗ ਦੇ ਪਹਿਲੇ ਕਾਂਡ ਵਿਚ ਏਹੀ ਗੁਰੂਸ਼ਬਦ ੧੦੮ ਨੰਬਰ ਤਧ ਆ ਚੁੱਕਾ ਹੈ]

੧੭੮- **ਮਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ ॥**
**ਨਾਨਕ ਪੂਛਿ ਚਲਉ ਗੁਰ ਅਪਨੇ ਜਹ ਪ੍ਰਭੁ ਤਹ ਹੀ ਜਾਈਐ ॥ ੧੦ ॥** [੧੧੦੮]

੧੭੯- **ਮਸਕੰ ਭਗਨੰਤ ਸੈਲੰ ਕਰਦੰ ਤਰੰਤ ਪਪੀਲਕਹ ॥ ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ ॥ ੨ ॥**[੧੩੫੯]- ੫੫

੧੮੦- **ਮਾਧਉ, ਜਲ ਕੀ ਪਿਆਸ ਨ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ ॥ ੧ ॥ ਰਹਾਉ ॥**
**ਤੂੰ ਜਲਨਿਧਿ, ਹਉ ਜਲ ਕੀ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥**
**ਤੂੰ ਪਿੰਜਰੁ, ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥ ੨ ॥**
**ਤੂੰ ਤਰਵਰੁ, ਹਉ ਪੰਖੀ ਆਹਿ ॥ ਮੰਦਭਾਗੀ ਤੇਰੋ ਦਰਸਨੁ ਨਾਹਿ ॥ ੩ ॥**
**ਤੂੰ ਸਤਿਗੁਰੁ, ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥ ੪ ॥** [੩੨੪]-੨

੪

# ਕੀ ਇਹ ਕੁਝ ਵੀ, ਸ੍ਰਿਸ਼ਟੀ ਸਿਰਜਣਾ ਦਾ ਹੀ ਹਿੱਸਾ ਹਨ ?

## ( ਪਾਰਜਾਤ ਰੁੱਖ ਅਥਵਾ ਕਲਿਪ ਬਿਰਛ, ਅਤੇ ਕਾਮਧੇਨ ਗਊ )--

ਕਥਿਤ ਤੌਰ ਤੇ, ਮਨੁੱਖ ਦੇ ਮਨ ਦੀਆਂ ਸਾਰੀਆਂ ਕਾਮਨਾਂ ਪੂਰੀਆਂ ਕਰ ਸਕਣ ਦੀ ਸ਼ਕਤੀ ਵਾਲੇ ਇਹ ਕਥਿਤ ਪਾਰਜਾਤ ਰੁੱਖ ਅਤੇ ਕਾਮਧੇਨ ਗਊ ਦੋਵੇਂ ਹੀ ਮਨੁੱਖ ਦੇ ਤ੍ਰਿਸ਼ਨਾਲੂ ਮਨ ਤੋਂ ਪੈਦਾ ਹੋਏ ਹਨ । ਇਨ੍ਹਾਂ ਦੋਹਾਂ ਕਲਪਤ ਪਦਾਰਥਾਂ ਦੀ ਕਦਰ ਮਾਣ ਵਧਾ ਕੇ ਇਨ੍ਹਾਂ ਦੀ ਹੋਂਦ ਨੂੰ ਸੱਚ ਦਾ ਰੂਪ ਦੇਣ ਲਈ, ਬਿੱਪ੍ਰੀ ਗ੍ਰੰਥਾਂ ਵਿਚ ਬੜੀਆਂ ਕਹਾਣੀਆਂ ਨਾਲ ਜੋੜ ਕੇ ਪਰਚਾਰਿਆ ਹੋਇਆ ਹੈ । ਦੋਵੇਂ ਹੀ ਹਿੰਦੂ ਧਰਮ ਦਾ ਅੰਗ ਬਣ ਚੁੱਕੇ ਹੋਏ ਹਨ ਅਤੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਦੀ ਸ਼ਰਧਾ ਦਾ ਕੇਂਦਰ ਬਣ ਕੇ ਮੰਦਰਾਂ ਵਿਚ ਪੂਜਾ ਕਰਵਾ ਰਹੇ ਹਨ । ਸੋ ਇਨ੍ਹਾਂ ਦੋਹਾਂ ਬਾਰੇ ਹਿੰਦੂ ਗ੍ਰੰਥਾਂ ਵਿਚਲੀਆਂ ਲਿਖਤਾਂ ਦੇ ਸੰਖੇਪ ਜ਼ਿਕਰ ਤੋਂ ਉਪ੍ਰੰਤ ਇਨ੍ਹਾਂ ਬਾਰੇ ਵੀ ਅੱਡਰੀ ਗੁਰਮਤਿ ਵਿਚਾਰ --

ਪਾਰਜਾਤ ਰੁੱਖ ਨੂੰ ਕਲਪ ਬ੍ਰਿਖ ਵੀ ਲਿਖਿਆ ਹੈ । ਪੁਰਾਣਾ ਵਿਚ ਸਾਖੀ ਹੈ ਕਿ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ (ਪਤਾ ਨਹੀਂ ਕਦੋਂ ਅਤੇ ਕਿਹੜਾ) ਸਮੁੰਦਰ ਰਿੜਕਿਆ, ਤਾਂ ਉਸ ਵਿਚੋਂ ਕੁੱਲ ੧੪ ਰਤਨ ਸਨ । ਉਨ੍ਹਾਂ ੧੪ ਰਤਨਾਂ ਵਿਚ ਦੋ ਰਤਨ, ਪਾਰਜਾਤ ਰੁੱਖ (-ਕਲਪ ਬ੍ਰਿਛ) ਅਤੇ " ਕਾਮਧੇਨ ਗਾਂ ਵੀ ਸਨ । ਸਮੁੰਦਰ ਰਿੜਕਣ ਵਾਲੀ ਇਸ ਮਿਥਿਹਾਸਕ ਸਾਖੀ ਦਾ ਜ਼ਿਕਰ ਸਤਿਗੁਰੂ ਨਾਨਕ ਜੀ ਨੇ ਆਸਾ ਰਾਗ ਦੇ ਉਸੇ ਗੁਰੂ-ਬਾਣੀ ਸ਼ਬਦ ਵਿਚ ਹੀ ਕੀਤਾ ਹੈ, ਜਿਸ ਵਿਚ (ਪੁਰਾਣਕ ਕਹਾਣੀਆਂ ਨੂੰ ਸੱਚ ਸਿੱਧ ਕਰਨ ਵਾਲਿਆਂ ਦੀ) ਉਸ ਭੁੱਲ ਵਲ ਧਿਆਨ ਦਿਵਾਇਆ ਹੋਇਆ ਹੈ ਜਿਹੜੀ ਸਰਬ ਸ਼ਕਤੀਮਾਨ ਪਰਮਾਤਮਾਂ ਦੀ ਉਸਤਤ ਤੇ ਥਾਂ ਨਿੰਦਿਆ ਕਰਨ ਵਿਚ ਕੀਤੀ ਜਾ ਰਹੀ ਹੈ । ਪੂਰੇ ਗੁਰੂ-ਸ਼ਬਦ ਦੀ ਵਿਸਥਾਰ ਸਹਿਤ ਵਿਚਾਰ ਇਸ ਪੁਸਤਕ ਦੇ ਪਹਿਲੇ ਭਾਗ ਦੇ ਲੇਖ ਨੰ: ੫੧ ਵਿਚ, (ਪੁਸਤਕ ਦੇ ੩੭੬ ਸਫ਼ੇ ਤੋਂ ੩੭੮ ਤੱਕ) ਲਿਖੀ ਜਾ ਚੁੱਕੀ ਹੈ । ਉਸ ਸ਼ਬਦ ਵਿਚੋਂ, ਸਮੁੰਦਰ ਰਿੜਕਣ ਅਤੇ ਰਤਨਾਂ ਦੀ ਵੰਡ ਨਾਲ ਸੰਬੰਧਤ ਤੁਕ (ਪਾਠਕਾਂ ਦੀ ਸਹੂਲਤ ਲਈ) ਇਸ ਪ੍ਰਕਾਰ ਹੈ--

੧੮੧- **ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥**
**ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥ ੪ ॥**[੩੫੦]--੭

**ਅਰਥ:**--(ਪੁਰਾਣਾ ਵਿਚ ਇੱਕ ਗਾਥਾ ਇਹ ਵੀ ਹੈ ਕਿ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ) ਸਮੁੰਦਰ ਰਿੜਕਿਆ ਤੇ (ਉਸ ਵਿੱਚੋਂ ੧੪) ਰਤਨ ਕੱਢੇ, (ਵੰਡਣ ਸਮੇ ਉਹ ਦੋਵੇਂ ਧੜੇ) ਗੁੱਸੇ ਵਿੱਚ ਆ ਕੇ ਇਹ ਹੱਕ ਜਿਤਾਉਂਣ ਲਗ਼ ਪਏ ਕਿ ਰਤਨ ਉਨ੍ਹਾਂ ਦੇ ਧੜੇ ਨੇ ਕੱਢੇ ਸਨ ।(ਆਪਣੇ ਵਲੋਂ ਪਰਮਾਤਮਾ ਦੀ ਵਡਿਆਈ ਦੱਸਣ ਲਈ ਬ੍ਰਾਹਮਣ ਨੇ ਗਾਥਾ ਵਿੱਚ ਇਹ ਲਿਖਿਆ ਹੈ ਕਿ ਪਰਮਾਤਮਾ ਨੇ ਮੋਹਣੀ ਅਵਤਾਰ ਭਾਵ, ਬਹੁਤ ਮਨਮੋਹਣੀ ਇਸਤ੍ਰੀ ਦਾ ਰੂਪ ਧਾਰ ਕੇ ਦੈਂਤਾਂ ਨੂੰ ਆਪਣੇ ਰੂਪ ਤੇ ਭਰਮਾ ਲਿਆ ਅਤੇ) ਰਤਨ ਇੱਕ ਇੱਕ ਕਰ ਕੇ ਵੰਡ ਦਿੱਤੇ, । (ਆਪਣੇ ਇਸਤ੍ਰੀ-ਰੂਪ ਨਾਲ ਦੈਂਤਾਂ ਨੂੰ ਧੋਖੇ ਵਿੱਚ ਪਾ ਕੇ, ਠੱਗ਼-ਨੀਤੀ ਨਾਲ ਰਤਨ ਵੰਡਣ ਵਿੱਚ ਪਰਮਾਤਮਾਂ ਦੀ ਵਡਿਆਈ ਹੈ ਕਿ ਉਸ ਦੀ ਬਦਨਾਮੀ ਕੀਤੀ ਹੈ ? ਅਜੇਹੀ ਬਦਨਾਮੀ ਵਾਲੀ ਝੂਠੀ ਗਾਥਾ ਬਣਾ ਕੇ ਭਗਵਾਨ ਦੀ ਸ਼ਕਤੀ ਦਾ ਮਖੌਲ ਉਡਾਇਆ ਹੈ, ਭਾਵ ਮੋਹਨੀ ਅਵਤਾਰ ਵਾਲੀ ਗੱਲ ਵੀ ਮਨ-ਘੜਤ ਅਤੇ ਝੂਠ ਹੈ)

ਸਮੁੰਦਰ ਰਿੜਕਣ ਵਾਲੀ ਗਾਥਾ ਵਿਚ, ਪੁਰਾਣਾ ਦੇ ਲਿਖਾਰੀ, ਬਿੱਪ੍ਰ ਜੀ ਨੇ ਲਿਖਿਆ ਹੈ ਕਿ, ਸ਼ੇਸ਼ਨਾਗ ਦਾ ਨੇਤ੍ਰਾ ਪਾ ਕੇ ਜਦ ਦੇਵਤਿਆਂ ਅਤੇ ਦੈਂਤਾਂ ਨੇ, ਪਹਾੜ ਦੀ ਬਣਾਈ ਮਧਾਣੀ ਨੂੰ ਜ਼ੋਰ ਨਾਲ ਫੇਰਿਆ ਤਾਂ ਉਹ ਧਰਤੀ ਵਿਚ ਧਸਣੀ ਅਰੰਭ ਹੋ ਗਈ । ਇਸ ਔਕੜ ਨੂੰ ਦੂਰ ਕਰਨ ਲਈ ਵਿਸ਼ਨੂੰ ਭਗਵਾਨ ਜੀ ਨੇ ਕੱਛੂ ਬਣ ਕੇ ਆਪਣੀ ਪਿੱਠ ਉਸ ਪਹਾੜ-ਮਧਾਣੀ ਦੇ ਹੇਠਾ ਜਾ ਦਿੱਤੀ । ਭਾਵ, ਜਿਸ ਵਿਸ਼ਨੂੰ ਭਗਵਾਨ ਨੂੰ ਸਿਰਜਣਹਾਰ, ਵਿਧਾਤਾ ਅਤੇ ਆਦਿ ਪੁਰਖ ਲਿਖਿਆ ਹੈ, ਜਿਸ ਬਾਰੇ ਇਹ ਵੀ ਲਿਖਿਆ ਹੈ ਕਿ ਬ੍ਰਹਮਾਂ ਉਸ ਦੀ ਧੁੰਨੀ ਵਿਚੋਂ ਉ ੱਗੇ ਕੌਲ ਫੁੱਲ ਦੀ ਨਾਲੀ ਵਿਚੋਂ ਜਨਮਿਆਂ ਸੀ, ਅਤੇ ਜਿਸ ਭਗਵਾਨ ਦੀ ਕੰਨਾ ਦੀ ਮੈਲ ਤੋਂ ਬਣੇ ' ਮਧ " ਦੈਂਤ ਦੇ ਮੇਦੇ ਤੋਂ ਮੇਦਨੀ (ਧਰਤੀ) ਬਣੀ ਲਿਖੀ ਹੈ, ਜਿਸ ਭਗਵਾਨ ਨੂੰ ਆਪਣੀ ਸਿਰਜਨਾਂ ਦੇ ਕਣ ਕਣ ਵਿਚ ਸਮਾਇਆ ਹੋਇਆ ਵੀ ਲਿਖਿਆ ਹੈ, ਉਸੇ ਭਗਵਾਨ ਨੂੰ, ਸਮੁੰਦਰ ਦੀ ਰੇਤ ਅਥਵਾ ਗਾਰੇ ਵਿਚ ਮੂੰਹ ਪਰਨੇ ਪਏ ਪਹਾੜ ਦੀ ਮਧਾਣੀ ਦੇ ਰਗੜੇ ਸਹਾਰਦਾ ਦਰਸਾ ਕੇ ਸਰਬ-ਸ਼ਕਤੀਮਾਨ ਅਕਾਲਪੁਰਖ ਨਾਲ ਘਟੀਆ ਕਿਸਮ ਦਾ ਮਜ਼ੌਲ ਕੀਤਾ ਹੋਇਆ ਹੈ ।

ਬੇਹਸਾਬੀ ਮਾਇਆ ਦੇ ਪੱਕੇ ਸਾਧਨ ਬਣਾਉਣ ਲਈ ਫਿਰ ਇਹ ਲਿਖ ਦਿੱਤਾ ਕਿ, ਸਮੁੰਦਰ ਵਿਚੋਂ ਨਿਕਲੇ ਅੰਮ੍ਰਿਤ ਦੇ ਘੜੇ ਦੀ ਵੰਡ ਤੇ ਦੇਵਤਿਆਂ ਅਤੇ ਦੈਂਤਾਂ ਵਿਚ ਜੰਗ ਛਿੜ ਗਈ ਜੋ ੧੨ ਸਾਲ ਚਲਦੀ ਰਹੀ । ਪਹਿਲਾਂ ਤਾਂ ਭਗਵਾਨ ਨੂੰ ਕੱਛੂ ਬਣਾ ਕੇ ਘਟੀਆ ਕਿਸਮ ਦਾ ਮਖੌਲ ਕਰ ਲਿਆ ਸੀ, ਪਰ ਦੈਂਤਾਂ ਅਤੇ ਦੇਵਤਿਆਂ ਦੀ ਇਸ ਲੜਾਈ ਹਟਾਉਣ ਲਈ ਸਿਰਜਣ ਹਾਰ ਪ੍ਰਭੂ ਨੂੰ ਉਸ ਤੋਂ ਵੀ ਭੈੜੇ ਰੂਪ ਵਿਚ ਵਿਚਰਦਾ ਦਰਸਾ ਦਿੱਤਾ । ਜਿਸ ਅਕਾਲਪੁਰਖ ਦੇ ਸੱਚੇ ਅਤੇ ਅਟੱਲ ਨਿਆਉਂ ਬਾਰੇ, ਗੁਰਮਤਿ ਵਿਚ ਇਹ ਵਿਸ਼ਵਾਸ਼ ਹੈ " **ਸਚਾ ਸਾਹਿਬੁ ਸਚੁ ਨਿਆਉ** " ਉਸ ਪਰਮਾਤਮਾਂ ਨੂੰ ਨਿਰਾ ਇੱਕ ਠੱਗ-ਰੂਪ ਮੋਹਨੀ ਇਸਤ੍ਰੀ ਹੀ ਨਹੀ ਬਣਾਇਆ ਸਗੋਂ ਉਸ ਨੂੰ ਵਡਾ ਬੇਇਨਸਾਫ ਅਤੇ ਧੱਕੇ ਖੋਰ ਦਰਸਾਉਣ ਵਿਚ ਬ੍ਰਾਹਮਣ ਦਾ ਹਿਰਦਾ ਜ਼ਰਾ ਨਹੀਂ ਕੰਬਿਆ । ਪ੍ਰਭੂ ਦਾ ਮੌਜੂ ਉਡਾਉਣ ਵਾਲੀ ਅਗਲੀ ਵਿਥਿਆ ਇਸ ਪ੍ਰਕਾਰ ਹੈ---

ਕਹਾਣੀ ਕਾਰ ਬ੍ਰਾਹਮਣ ਨੇ, ਸਿਰਜਣਹਾਰ ਤੋਂ ਬੜੀ ਮਨਮੋਹਣੀ ਕਾਮਿਨੀ, ਭਾਵ ਬੜੀ ਸੁੰਦਰ ਇਸਤ੍ਰੀ ਬਣਾ ਕੇ ਉਸ ਨੂੰ " ਮੋਹਣੀ ਅਵਤਾਰ " ਘੋਸ਼ਤ ਕਰ ਦਿੱਤਾ । ਦੇਵਤਿਆਂ ਅਤੇ ਦੈਂਤਾਂ ਵਿਚ ੧੨ ਸਾਲ ਤੋਂ ਚੱਲ ਰਿਹਾ ਝਗੜਾ ਖ਼ਤਮ ਕਰਨ ਲਈ ਮੋਹਨੀ-ਰੂਪ ਪ੍ਰਭੂ ਜੀ ਨੂੰ ਸਾਲਸ ਥਾਪ ਦਿੱਤਾ । ਅਤੇ ਫਿਰ " ਪਰਮਾਤਮਾ " ਦੇ ਹੱਥੋ ਇਨਸਾਫ਼ ਇਹ ਕਰਵਾਇਆ, ਕਿ, ੧੪ ਰਤਨਾਂ ਵਿਚੋਂ ਪੰਜ ਰਤਨ ਉਸ ਨੇ ਆਪ ਹੀ ਸਾਂਭ ਲਏ, ਪਰੀਆਂ ਦੇ ਅਤੇ ਸਰਗਾਂ ਦੇ ਇਨਚਾਰਜ, " ਇੰਦ੍ਰ ਦੇਵਤੇ " ਦੇ ਹਵਾਲੇ ਤਿੰਨ ਰਤਨ ਕਰ ਦਿੱਤੇ । ਸ਼ਿਵ ਜੀ ਨੂੰ ਭੋਲਾ ਨਾਥ ਦਰਸਾ ਕੇ ਉਸ ਨੂੰ ਕਾਲਕੂਟ ਭਾਵ ਜ਼ਹਿਰ ਦਾ ਮਾਲਕ ਬਣਾ ਕੇ ਉਸ ਦੇ ਮੱਥੇ ਤੇ ਅਰਧ-ਚੰਦ ਟਿਕਾ ਦਿੱਤਾ, ਸੂਰਜ ਨੇ ਕਿਉਂਕਿ ਸੰਸਾਰ ਤੇ ਲੋ ਕਰਨ ਲਈ ਬੜੇ ਸਫ਼ਰਾਂ ਵਿਚ ਰਹਿਣਾ ਹੁੰਦਾ ਹੈ ਇਸ ਲਈ ਘੋੜਾ ਉਸ ਨੂੰ ਬਖ਼ਸ਼ ਦਿੱਤਾ । ਦੇਵਤਿਆਂ ਨੂੰ ਅੰਮ੍ਰਿਤ ਪਿਲਾ ਕੇ ਅਮਰ ਬਣਾ ਦਿੱਤਾ ਅਤੇ ਦੈਂਤਾਂ ਨੂੰ ਸ਼ਰਾਬ

ਪਿਲਾ ਕੇ ਮਦਹੋਸ਼ ਬਣਾ ਦਿੱਤਾ । ਇਹ ਸੀ ਭਗਵਾਨ ਦਾ ਇਨਸਾਫ਼ ਜੋ ਬਿੱਪ੍ਰ ਦੀ ਕਲਮ ਨੇ ਦਰਸਾਇਆ ਹੈ । ਧਨੰਤਰ-ਵੈਦ ਤਾਂ ਆਪਣੇ ਆਪ ਵਿਚ ਹੀ ਇੱਕ ਰਤਨ ਸੀ । ਸਮੁੰਦਰ ਵਿਚ ਡੁੱਬੇ ਹੋਏ ਨੂੰ ਬਾਹਰ ਕੱਢ ਦੇਣ ਵਾਲਾ ਉਪਕਾਰ ਹੀ, ਧਨੰਤਰ-ਰਤਨ ਲਈ ਕਾਫ਼ੀ ਬਣਾ ਦਿੱਤਾ। ਰਤਨਾਂ ਦੀ ਇਸ ਵੰਡ-ਗਾਥਾ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ੨੬ਵੀ ਵਾਰ ਦੀ ੨੩ਵੀਂ ਪਉੜੀ ਵਿਚ ਇਸ ਪ੍ਰਕਾਰ ਕੀਤਾ ਹੈ:--

ਖੀਰ ਸਮੁੰਦੁ ਵਿਰੋਲਕੇ ਕਢਿ ਰਤਨ ਚਉਦਹ ਵੰਡਿ ਲੀਤੇ । **ਮਣੀ ਲਖਮੀ ਪਾਰਜਾਤ ਸੰਖ ਸਾਰੰਗ-ਧਣਖੁ** ਬਿਸਨੁ ਵਸਿ ਕੀਤੇ ।
**ਕਾਮਧੇਨਣੁ** ਤੇ **ਅਪਛਰਾਂ ਐਰਾਪਤਿ** ਇੰਦ੍ਰਾਸਣਿ ਸੀਤੇ । **ਕਾਲਕੂਟ** ਤੇ **ਅਰਧ-ਚੰਦੁ** ਮਹਾਂਦੇਵ ਮਸਤਕਿ ਧਰਿ ਪ੍ਰੀਤੇ ।
**ਘੋੜਾ** ਮਿਲਿਆ ਸੂਰਜੇ, **ਮਦ ਅੰਮ੍ਰਿਤ** ਦੇਵ ਦਾਨਵ ਰੀਤੇ । ਕਰੇ **ਧਨੰਤਰੁ** ਵੈਦਗੀ ਡਸਿਆ ਤੱਛਕਿ ਮਤਿ ਬਿਪਰੀਤੇ ।
ਗੁਰ ਉਪਦੇਸੁ ਅਮੋਲਕਾ, ਰਤਨ ਪਦਾਰਥ ਨਿਧਿ ਅਗਣੀਤੇ । ਸਤਿਗੁਰ ਸਿਖਾ ਸਚੁ ਪਰੀਤੇ ॥ ੨੩ ॥

ਏਥੇ ਸਾਡਾ ਸੰਬੰਧ ਪਾਰਜਾਤ ਅਤੇ ਕਾਮਧੇਣ ਨਾਲ ਹੈ । ਭਾਈ ਗੁਰਦਾਸ ਜੀ ਦੀ ਲਿਖਤ ਵਿਚ ਅਸਾਂ ਵੇਖਿ ਲਿਆ ਹੈ ਪਾਰਜਾਤ ਰੁਖ ਵਿਸ਼ਨੂੰ ਜੀ ਨੇ ਸਾਂਭ ਲਿਆ ਸੀ ਅਤੇ ਕਾਮਧੇਨ ਗਊ ਸੁਰਗਾਂ ਦੇ ਚਾਬੀ-ਬਰਦਾਰ, ' ਦੇਵਰਾਜ ਇੰਦ੍ਰ " ਦੇ ਹਿੱਸੇ ਆਈ ਲਿਖੀ ਹੈ । ਭਾਈ ਗੁਰਦਾਸ ਜੀ ਨੇ ਇਹ ਨਹੀਂ ਲਿਖਿਆ ਕਿ ਪਾਰਜਾਤ ਰੁੱਖ ਇੰਦਰ ਦੇ ਬਾਗ਼ ਵਿਚ ਕਿਵੇਂ ਜਾ ਲੱਗਾ ਸੀ । ਮਹਾਨ ਕੋਸ਼ ਅਨੁਸਾਰ ਇਹ ਰੁੱਖ ਮਿਲਿਆ ਹੀ ਇੰਦ੍ਰ ਨੂੰ ਸੀ । ਮਹਾਨ ਕੋਸ਼ ਦੇ ੭੬੫ ਸਫ਼ੇ ਤੇ ਪਾਰਜਾਤ ਬਾਰੇ ਇਸ ਪ੍ਰਕਾਰ ਲਿਖਿਆ ਹੋਇਆ ਹੈ :--

" ਪੁਰਾਨਕ ਕਥਾ ਹੈ ਕਿ ਸਮੁੰਦਰ ਰਿੜਕਣ ਸਮੇਂ ਇਹ ਦਰਖਤ ਨਿਕਲਿਆ ਅਤੇ ਇੰਦ੍ਰ ਨੂੰ ਦੇ ਦਿੱਤਾ ਗਿਆ । ਇੰਦਰ ਦੀ ਇਸਤ੍ਰੀ " ਸਚੀ " ਇਸ ਨੂੰ ਵਡਾ ਪਸੰਦ ਕਰਦੀ ਸੀ । ਕ੍ਰਿਸ਼ਨ ਜੀ ਇੰਦ੍ਰ ਨੂੰ ਮਿਲਣ ਲਈ ਜਦ ਸਵਰਗਲੋਕ ਗਏ, ਤਾਂ ਉਨ੍ਹਾਂ ਦੀ ਰਾਣੀ ਸਤਯਭਾਮਾ ਨੇ ਪਤਿ ਨੂੰ ਪਾਰਜਾਤ ਰੁੱਖ ਦ੍ਵਾਰਿਕਾ ਲੈ ਜਾਣ ਲਈ ਪ੍ਰੇਰਿਆ, ਜਿਸ ਤੋਂ ਇੰਦ੍ਰ ਅਤੇ ਕ੍ਰਿਸ਼ਨ ਜੀ ਦਾ ਘੋਰ ਯੁੱਧ ਹੋਇਆ, ਅੰਤ ਨੂੰ ਇੰਦ੍ਰ ਹਾਰ ਗਿਆ ਅਤੇ ਕ੍ਰਿਸ਼ਨ ਜੀ ਨੇ ਪਾਰਜਾਤ ਲਿਆ ਕੇ ਸਤਯਭਾਮਾ ਦੇ ਵੇਹੜੇ ਵਿੱਚ ਲਾ ਦਿੱਤਾ । ਕ੍ਰਿਸ਼ਨ ਜੀ ਦੇ ਦੇਹਾਂਤ ਪਿਛੋਂ ਇਹ ਬਿਰਛ ਆਪ ਹੀ ਇੰਦ੍ਰਲੋਕ ਨੂੰ ਚਲਾ ਗਿਆ "--

ਇਸ ਗਾਥਾ ਦਾ ਜ਼ਿਕਰ ਗੁਰਬਾਣੀ ਵਿਚ ਇਉਂ ਹੈ--**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾ ਬਨ ਮਹਿ ਰੰਗੁ ਕੀਆ ॥** [੪੭੦]

[ਨੋਟ:--ਆਸਾ ਰਾਗ ਵਿਚਲੀ ਵਾਰ ਦੇ ਇਸ ਪੂਰੇ ਪਾਵਨ ਸਲੋਕ ਦੀ ਵਿਸਥਾਰ ਪੂਰਬਕ ਵਿਚਾਰ ਪੁਸਤਕ ਦੇ ਪਹਿਲੇ ਭਾਗ ਦੇ ਕ੍ਰਿਸ਼ਨ ਅਵਤਾਰ ਲੇਖ ਵਿਚ ਕੀਤੀ ਜਾ ਚੁੱਕੀ ਹੈ ]

**ਕਾਮਧੇਨ ਗਊ** ਬਾਰੇ ਮਹਾਨ ਕੋਸ਼ ਦੇ ੩੨੦ ਸਫ਼ੇ ਤੇ ਲਿਖਿਆ ਹੈ :- " ਕਾਲਕਾ ਪੁਰਾਣ ਵਿੱਚ ਕਥਾ ਹੈ ਕਿ ਦਕਸ਼ ਦੀ ਕੰਨਿਆ ਸਰਭਿ ਦੇ ਉਦਰ ਤੋਂ ਕਸ਼ਯਪ ਦੀ ਬੇਟੀ ਰੋਹਣੀ ਜੰਮੀ । ਰੋਹਣੀ ਦੇ ਗਰਭ ਤੋਂ ਸੁਰਸੈਣ ਵਸੁ ਦੇ ਵੀਰਯ ਕਰਕੇ ਕਾਮਧੇਨ (ਇਸਤ੍ਰੀ ਦੇ ਗਰਭ ਵਿੱਚੋਂ ਗਊ) ਦਾ ਜਨਮ ਹੋਇਆ । ਇੱਕ ਵਿਸ਼ਈ ਬੇਤਾਲ (ਭੂਤ) ਕਾਮ ਧੇਨ ਦੀ ਸੁੰਦਰਤਾ ਦੇਖ ਕੇ ਮੋਹਤ ਹੋ ਗਿਆ ਅਤੇ ਬੈਲਦਾ ਰੂਪ ਧਾਰ ਕੇ ਉਸ ਨੇ ਕਾਮ ਧੇਨ ਨਾਲ ਭੋਗ ਕੀਤਾ, ਜਿਸ ਤੋਂ ਇੱਕ ਵਡੇ ਕੱਦ ਦਾ ਬੈਲ ਜੰਨਮਿਆਂ ਜੋ ਸ਼ਿਵ ਦਾ ਵਾਹੁਨ ਹੋਇਆ । (ਭਾਵ, ਸ਼ਿਵ ਜੀ ਦੀ ਸਵਾਰੀ ਬਣਿਆਂ) ।

ਭਾਈ ਗੁਰਦਾਸ ਜੀ ਨੇ ਵੀ ਪੁਰਾਣਾ ਦੀਆਂ ਲਿਖਤਾਂ ਦੇ ਅਧਾਰ ਤੇ ਹੀ ਲਿਖਿਆ ਹੈ ਕਿ ਕਾਮਧੇਨ ਗਊ ਸਮੁੰਦਰ ਵਿਚੋਂ ਨਿਕਲੀ ਇੱਕ ਰਤਨ ਹੈ ਜੋ ਦੇਵਤਿਆਂ ਦੇ ਰਾਜੇ ਇੰਦ੍ਰ ਦੇ ਹਿੱਸੇ ਆਈ ਸੀ। ਸੋ ਇਨ੍ਹਾਂ ਪੁਰਾਣਕ ਗ੍ਰੰਥਾਂ ਦੀਆਂ ਲਿਖਤਾਂ ਆਪਸ ਵਿਚ ਇੱਕ ਦੂਜੇ ਨੂੰ ਕੱਟ ਰਹੀਆਂ ਹੋਣ ਕਰਕੇ, ਸਿੱਧ ਹੁੰਦਾ ਹੈ ਕਿ ਵਾਸਤਵ ਵਿਚ ਪਾਰਜਾਤ ਰੁੱਖ ਅਤੇ ਕਾਮਧੇਨ ਗਊ ਵੀ, ਮੂਰਖਾਂ ਦੇ ਹੀ ਸੁਰਗ ਵਾਲੀ ਹੀ ਗੱਪ ਹੈ । ਕਿੱਥੋਂ ਪਤਾ ਲੱਗੇ ਕਿ ਮਨੋਕਾਮਨਾਂ ਪੂਰੀਆਂ ਕਰਨ ਵਾਲਾ ਪਾਰਜਾਤ ਰੁੱਖ ਅਥਵਾ ਕਾਮਧੇਨ ਗਊ, ਅਸਲ ਵਿਚ ਕੋਣ ਹਨ ? ਇਸ ਭੇਤ ਨੂੰ ਸਮਝਣ ਲਈ ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਹਾਜ਼ਰ ਹੋਈਏ:--

੧੮੨- **ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥ ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ**
**ਪੂਰਨ ਹੋਈ ਆਸਾ ਜੀਉ ॥ ੩ ॥ ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥**
**ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣ ਗਿਰਸਤ ਉਦਾਸਾ ਜੀਉ ॥ ੪ ॥**[੧੦੮]-੪੦=੪੭

**ਅਰਥ**:--ਪਰਮਾਤਮਾ ਦੀ ਸੇਵਾ ਭਗਤੀ ਹੀ (ਦੁਨੀਆ ਦੇ ਪ੍ਰਸਿਧ) ਚਾਰ ਪਦਾਰਥ ਹਨ । (ਹੇ ਭਾਈ !) ਅਲੱਖ ਅਭੇਵ ਦਾ ਨਾਮ ਜਪ, ਇਹੀ ਪਾਰਜਾਤ (-ਰੁਖ ਮਨੋਕਾਮਨਾ ਪੂਰੀਆਂ ਕਰਨ ਵਾਲਾ ਹੈ । ਜਿਸ ਮਨੁੱਖ (ਦੇ ਅੰਦਰ) ਗੁਰੂ ਨੇ ਕਾਮ ਕ੍ਰੋਧ ਦੂਰ ਕਰ ਦਿੱਤਾ, ਜਿਸ ਦੇ ਸਾਰੇ ਪਾਪ ਗੁਰੂ ਨੇ ਕੱਟ ਦਿੱਤੇ ਹਨ, ਉਸ ਦੀ (ਹਰੇਕ ਕਿਸਮ ਦੀ) ਆਸਾ ਪੂਰੀ ਹੋ ਗਈ । ੩ । ਜਿਸ ਮਨੁੱਖ ਦੇ ਪੂਰੇ ਭਾਗ ਜਾਗ ਪੈਣ, ਉਸ ਨੂੰ ਸਾਧ (-ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਪਰਮਾਤਮਾ ਮਿਲ ਪੈਂਦਾ ਹੈ, ਉਹ ਘਰ-ਬਾਰੀ ਹੁੰਦਾ ਹੋਇਆ ਹੀ, ਮਾਇਆ ਤੋਂ ਨਿਰਲੇਪ ਰਹਿੰਦਾ ਹੈ ਤੇ ਉਹ ਪ੍ਰਭੂ ਦੇ ਦਰ ਤੇ ਕਬੂਲ ਹੁੰਦਾ ਹੈ । ੪ ।

੧੮੩- **ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥**
**ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥**[੨੬੫]-੨(੮)

ਪ੍ਰਭੂ ਦਾ ਨਾਮ ਹੀ ਪਾਰਜਾਤ ਅਤੇ ਕਾਮਧੇਨ ਗਊ ਹੈ । ਪ੍ਰਭੂ-ਨਾਮ ਦੀ ਕਥਾ ਸਾਰੇ ਪਦਾਰਥਾਂ ਤੋਂ ਉ ੱਤਮ ਹੈ । ਪ੍ਰਭੂ ਨਾਮ ਵਿਚ ਸੁਰਤ ਜੋੜਦਿਆ ਆਤਮਕ ਰੋਗ ਨਾਸ ਹੋ ਜਾਂਦੇ ਹਨ । ਸਪੱਸ਼ਟ ਹੈ ਕਿ, ਪ੍ਰਭੂ ਨਾਮ ਤੋਂ ਬਿਨਾ ਕਿਸੇ ਹੋਰ ਨੂੰ ਮਨੋ ਕਾਮਨਾਂ ਪੂਰੀਆਂ ਕਰਨ ਵਾਲਾ ਸਮਝਣਾ , ਬਿੱਪ੍ਰ-ਵਾਦ ਹੈ ।

੧੮੪- **ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥**
**ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥ ੨ ॥**[੭੧੭]-੧੦-੨੯

**ਅਰਥ**:--ਚਾਰ ਪਦਾਰਥ (ਦੇਣ ਵਾਲਾ), ਅੱਠ ਵਡੀਆਂ ਕਰਾਮਾਤੀ ਤਾਕਤਾਂ (ਦੇਣ ਵਾਲਾ) ਪਰਮਾਤਮਾ ਆਪ ਹੀ ਹੈ । ਪਰਮਾਤਮਾ ਹੀ ਪਾਰਜਾਤ ਰੁੱਖ ਹੈ । ਗੁਰੂ ਨਾਨਕ ਜੀ--(ਜਿਸ ਮਨੁੱਖ ਨੇ) ਸੁਖਾਂ ਦੇ ਸਮੁੰਦਰ ਪਰਮਾਤਮਾ ਦਾ ਆਸਰਾ ਲੈ ਲਿਆ, ਉਸ ਨੂੰ ਜਨਮ ਮਰਨ ਦੇ ਗੇੜ ਦਾ ਫ਼ਿਕਰ, (ਅਥਵਾ) ਗਰਭ-(ਜੂਨਾਂ) ਵਿਚ ਪੈਣ ਦਾ ਫ਼ਿਕਰ ਨਹੀਂ ਰਹਿੰਦਾ ।

੫੨- **ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥ ੩ ॥**[੫੦੩]-੧

**ਅਰਥ:**--(ਇਹ ਸਾਰਾ ਜਗਤ ਜਿਸ ਪਾਰਜਾਤ-ਪ੍ਰਭੂ ਦਾ) ਫੁੱਲ ਪੱਤਰ ਡਾਲੀਆਂ ਆਦਿਕ ਪਸਾਰਾ ਹੈ, ਜੋ ਪ੍ਰਭੂ ਜਗਤ ਦਾ ਮੂਲ ਹੈ, ਜਿਸ ਦੀ ਜੋਤਿ ਸਭ ਜੀਵਾਂ ਵਿਚ ਪਸਰ ਰਹੀ ਹੈ, ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ, (ਉਹ ਸਰਬ-ਇੱਛਾ-ਪੂਰਕ) ਪਾਰਜਾਤ(ਪ੍ਰਭੂ) ਮੇਰੇ ਹਿਰਦੇ-ਆਂਗਨ ਵਿਚ ਪਰਗਟ ਹੋ ਗਿਆ ਹੈ (ਤੇ ਮੇਰੇ ਅੰਦਰੋਂ ਮਾਇਆ ਵਾਲੇ ਜੰਜਾਲ ਮੁੱਕ ਗਏ ਹਨ) । (ਹੇ ਭਾਈ ! ਤੁਸੀਂ ਵੀ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਉ, ਇਸ ਤਰ੍ਹਾਂ) ਮਾਇਆ ਦੇ ਬਹੁਤੇ ਜੰਜਾਲ ਛੱਡ ਸਕੋਗੇ ।

੧੮੫- **ਭਾਈ ਰੇ ਸੰਤ ਜਨਾ ਕੀ ਰੇਣੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥ ੧ ॥ ਰਹਾਉ ॥** [੧੮]-੧੨

**ਅਰਥ:**--ਹੇ ਭਾਈ ! (ਜੇ ਪ੍ਰਭੂ ਦਾ ਦਰਸ਼ਨ ਕਰਨਾ ਹੈ ਤਾਂ) ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣ । ਸੰਤ ਜਨਾਂ ਦੀ ਸਭਾ ਵਿਚ ( ਸਤਸੰਗਤ ਵਿਚ) ਗੁਰੂ ਮਿਲਦਾ ਹੈ ਜੋ (ਮਾਨੋ) ਕਾਮਧੇਨ ਹੈ, ਜਿਸ ਪਾਸੋਂ ਨਾਮ-ਪਦਾਰਥ ਮਿਲਦਾ ਹੈ ਜੋ ਵਕਾਰਾਂ ਤੋਂ ਬਚਾ ਲੈਂਦਾ ਹੈ । ੧ । ਰਹਾਉ ।

੧੮੬- **ਸੁਖ ਸਾਗਰੁ ਸੁਰਿਤਰੁ, ਚਿੰਤਾਮਨਿ, ਕਾਮਧੇਨ ਬਸਿ ਜਾ ਕੇ ਰੇ ॥**

**ਚਾਰਿ ਪਦਾਰਥ ਅਸਟ ਮਹਾ ਸਿੱਧ ਨਵ ਨਿਧਿ ਕਰ ਤਲ ਤਾ ਕੈ ॥ ੧ ॥**[੧੧੦੬]-੨-੧੫

**ਅਰਥ:**--ਜੋ ਪ੍ਰਭੂ ਸੁਖਾਂ ਦਾ ਸਮੁੰਦਰ ਹੈ, ਜਿਸ ਪ੍ਰਭੂ ਦੇ ਵੱਸ ਵਿਚ ਸੁਰਤਰ* (ਭਾਵ, ਦੇਵਤਿਆਂ ਦੇ ਰੁੱਖ) ਚਿੰਤਾਮਣਿ ਅਤੇ ਕਾਮਧੇਨ ਹਨ, ਧਰਮ ਅਰਥ ਕਾਮ ਮੋਖ ਚਾਰੇ ਪਦਾਰਥ , ਅੱਠ ਵੱਡੀਆਂ ਸਿੱਧੀਆਂ ਅਤੇ ਨੌ ਨਿਧੀਆਂ ਇਹ ਸਭ ਉਸੇ ਦੇ ਹੱਥ ਦੀਆਂ ਤਲੀਆਂ ਉਤੇ ਹਨ । ੧ ।

[Foot note:--ਸੁਰਤਰ ਬਾਰੇ ਮਹਾਨ ਕੋਸ਼ ਦੇ ੨੧੯ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ--ਦੇਵਤਿਆਂ ਦੇ ਬਿਰਛ । ਸੰਸਕ੍ਰਿਤ ਗ੍ਰੰਥਾਂ ਵਿਚ ਪੰਜ ਸੁਰਤਰੁ ਲਿਖੇ ਹਨ--ਮੰਦਾਰ, ਪਾਰਜਾਤ, ਸੰਤਾਨ, ਕਲਪਵ੍ਰਿਖਸ਼, ਹਰਿਚੰਦਨ । ਇਸ ਲਿਖਤ ਤੋਂ ਇਹ ਸੰਕਾ ਪੈਦਾ ਹੁੰਦਾ ਹੈ ਕਿ ਸਮੁੰਦਰ ਰਿੜਕਣ ਤੋਂ ਨਿਕਲੇ ਪਾਰਜਾਤ ਰੁੱਖ ਵਾਲੀ ਗੱਲ ਸੱਚੀ ਹੈ ਕਿ ਇਹ ਪੰਜ ਸੁਰਤਰਾਂ ਵਾਲੀ ਗੱਲ ਸੱਚੀ ਹੈ ? ]

੧੮੭- **ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨ ਸੋਹੀ ਦਰਬਾਰੇ ॥**

**ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥ ੬ ॥**[੧੦੭੮]-੨-੭

**ਅਰਥ:**---ਹੇ ਪਿਆਰੇ ਮਨ ! ਜੇ ਤੂੰ (ਸੁਰਗ ਦਾ) ਪਾਰਜਾਤ ਰੁੱਖ ਪ੍ਰਾਪਤ ਕਰਨਾ ਚਾਹੁੰਦਾ ਹੈਂ, ਜੇ ਤੂੰ ਚਾਹੁੰਦਾ ਹੈਂ ਕਿ ਕਾਮਧੇਨ ਤੇਰੇ ਬੂਹੇ ਤੇ ਸੋਭ ਰਹੀ ਹੋਵੇ, ਤਾਂ ਪੂਰੇ ਗੁਰੂ ਦੀ ਸਰਨ ਪਿਆ ਰਹੁ, ਗੁਰੂ ਪਾਸੋਂ ਪੂਰਨ ਸੰਤੋਖ ਪ੍ਰਾਪਤ ਕਰ (ਗੁਰੂ ਦੇ ਰਾਹੇ ਤੁਰ ਕੇ) ਨਾਮ-ਸਿਮਰਨ ਦੀ ਕਮਾਈ ਕਰ, ਹਰਿ-ਨਾਮ ਹੀ ਸਾਰੇ ਰਸਾਂ ਦਾ ਸੋਮਾ ਹੈ । ੬ ।

ਹਿੰਦੂ ਧਰਮ ਦਾ ਅੰਗ ਬਣ ਚੁੱਕੇ, ਅਤੇ ਦੇਵੀ ਦੇਵਤਿਆਂ ਵਾਂਗ ਹੀ, ਸਤਿਕਾਰੇ ਜਾਣ ਵਾਲੀ ਇਹ " ਕਾਮ-ਧੇਨ ਗਊ " ਅਤੇ ਪਾਰਜਾਤ ਰੁੱਖ, ਮਨੁੱਖ ਦੇ ਮਨ ਦੀ ਡੂੰਘੀ ਸ਼ਰਧਾ ਦਾ ਭਾਗ ਬਣ ਚੁੱਕੇ ਸਨ । ਏਹੀ ਕਾਰਨ ਹੈ ਕਿ, ਸਤਿਗੁਰਾਂ ਨੇ ਜਿਵੇਂ ਦੇਵੀ ਦੇਵਤਿਆਂ ਦਾ ਅਤੇ ਸ਼ੇਸ਼ ਨਾਗ ਦਾ ਜ਼ਿਕਰ, ਪ੍ਰਥਾਇ ਸਾਖੀ ਦੇ ਤੌਰ ਤੇ ਕੀਤਾ ਹੈ, ਉਵੇਂ ਹੀ ਪਾਰਜਾਤ ਰੁਖ ਦਾ ਅਤੇ ਕਾਮਧੇਨ ਗਊ ਦਾ ਜ਼ਿਕਰ ਵੀ ਕੀਤਾ ਹੈ । ਇਕਾਗਰਤਾ ਅਤੇ ਬਿਬੇਕਤਾ ਨਾਲ ਕੀਤੀ ਗੁਰਬਾਣੀ ਦੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਸੁਰਗ, ਨਰਕ, ਦੇਵੀ ਦੇਵਤੇ, ਸ਼ੇਸ਼ ਨਾਗ, ਅਥਵਾ ਪਾਰਜਾਤ ਰੁੱਖ ਅਤੇ ਕਾਮਧੇਨ ਗਊ ਆਦਿ ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ ਹੈ ।

੧੮੮- **ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥**

**ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥ ੧੩ ॥**[੧੦੭੬]-੧-੫

# ਚੌਥਾ ਕਾਂਡ

## ਜੂਨਾਂ ਦੇ ਸਰਦਾਰ ਮਨੁੱਖ ਦੇ ਧਰਤੀ ਤੇ ਆਉਣ ਦੀ ਜਨਮ ਗਾਥਾ---

**ਮਨੁੱਖ ' ਧਰਤੀ ਤੇ ਕਦੋ ਆਇਆ ?** ਸ੍ਰਿਸ਼ਟੀ ਸਿਰਜਣਾ ਵਾਂਗ, ਇਹ ਵੀ ਸਾਰੇ ਸੰਸਾਰ ਲਈ ਇੱਕ ਬੁਝਾਰਤ ਹੀ ਹੈ । ਈਸਾਈ ਧਰਮ ਵਾਲਿਆਂ ਦਾ ਵਿਸ਼ਵਾਸ਼ ਹੈ ਕਿ God ਨੇ ਪਹਿਲਾਂ " **ਆਦਮ** " ਬਣਾਇਆ ਅਤੇ ਫਿਰ ਛੇਤੀ ਹੀ ਆਦਮ ਦੀ ਪੱਸਲੀ ਦੀ ਹੱਡੀ ਤੋਂ, ਉਸ ਦੀ ਸਾਥਨ " **ਹੱਵਾ** " ਵੀ ਬਣਾ ਦਿੱਤੀ । ਉਨ੍ਹਾਂ ਦੀ ਰਹਾਇਸ਼ ਸੁਰਗਾਂ ਵਿਚ ਬਣੇ ਇੱਕ ਬਾਗ਼ ਵਿਚ ਕਰਾਈ । ਨਾਲ ਸ਼ਰਤ ਲਾ ਦਿੱਤੀ ਕਿ ਉਹ ਬਾਗ਼ ਵਿਚਲੇ ਖ਼ਾਸ ਸੇਬਾਂ ਦੇ ਬੂਟੇ ਤੋਂ ਕਦੇ ਸੇਬ ਨਾ ਖਾਣ । ਪਰ ਸ਼ੈਤਾਨ ਦੇ ਭਾਰੇ ਵਿਚ ਆ ਕੇ " ਹੱਵਾ " ਅਤੇ " ਆਦਮ " ਨੇ, ਵਰਜਿਆ ਹੋਇਆ ਫਲ (Prohibited Fruit) ਖਾਣ ਦੀ ਭੁੱਲ ਕਰ ਲਈ । God ਨੇ ਨਰਾਜ਼ ਹੋ ਕੇ ਉਨ੍ਹਾਂ ਨੂੰ ਧਰਤੀ ਤੇ ਵਗਾਹ ਮਾਰਿਆ । ਈਸਾਈ ਮਤ ਦਾ ਵਿਸ਼ਵਾਸ਼ ਹੈ ਕਿ ਸਾਰੀ ਮਨੁੱਖ ਜਾਤੀ ਉਨ੍ਹਾਂ ਦੋਹਾ ਦੀ ਔਲਾਦ ਹੈ । (ਇਸ ਨਾਤੇ ਸੰਸਾਰ ਦੇ ਸਾਰੇ ਮਨੁੱਖ ਇੱਕ ਪ੍ਰਵਾਰ ਵਿਚੋਂ ਸਕੇ ਭੈਣ ਭਾਈ ਸਮਝੇ ਜਾਣੇ ਚਾਹੀਦੇ ਹਨ । ਪਰ, ਵੇਖਿਆ ਇਹ ਜਾਂਦਾ ਹੈ ਕਿ, ਸਾਰੇ ਮਨੁੱਖਾਂ ਨਾਲ ਇੱਕ ਜਿਹਾ ਪਿਆਰ ਕਰਨ ਦੀ ਗੱਲ ਤਾਂ ਛੱਡੀ, ਗੋਰੇ ਈਸਾਂਈ ਕਾਲੇ ਈਸਾਈਆਂ ਨੂੰ ਵੀ ਆਪਣੇ ਤੁੱਲ ਨਹੀਂ ਜਾਣਦੇ) । ਇਸਲਾਮ ਧਰਮ ਦਾ ਵੀ ਲਗ-ਪਗ ਏਹੀ ਵਿਸ਼ਵਾਸ਼ ਹੈ । ਉਹ ਵੀ ਸਾਰਿਆਂ ਨੂੰ ਆਦਮ ਦੀ ਔਲਾਦ ਹੀ ਮੰਨਦੇ ਹਨ । (ਤੰਗ ਦਿਲੀ ਅਤੇ ਦੂਜੇ ਧਰਮਾ ਲਈ ਘਿਰਣਾ, ਏਧਰ ਸਗੋਂ ਹੋਰ ਵੀ ਵੱਧ ਹੈ । ਇਸਲਾਮ ਤੋਂ ਬਿਨਾਂ, ਲਗ-ਪਗ ਹੋਰ ਸਾਰੇ ਧਰਮਾਂ ਵਾਲੇ, ਮੁਸਲਮਾਨਾਂ ਦੀ ਨਜ਼ਰ ਵਿਚ ਕਾਫ਼ਰ ਹਨ) ਸੋ ਇੱਕ ਪਿਤਾ ਦੀ ਔਲਾਦ ਹੋਣ ਵਾਲਾ ਇਨ੍ਹਾਂ ਦੋਹਾਂ ਕੌਮਾਂ ਦਾ ਵਿਸ਼ਵਾਸ਼ ਫੋਕਾ ਅਤੇ ਹਾਸੋ ਹੀਣਾ ਹੈ । ਮਨੁੱਖ ਦੀ ਪੈਦਾਇਸ਼ ਬਾਰੇ, ਸਾਇੰਸਦਾਨਾਂ ਦਾ ਕਥਨ ਨਿਤ ਬਦਲਦਾ ਰਹਿੰਦਾ ਹੈ ।

ਹਿੰਦੂ ਧਰਮ ਦੇ ਗ੍ਰੰਥਾਂ ਵਿਚ ਮਨੁਖ ਦੇ ਧਰਤੀ ਤੇ ਜਨਮ ਲੈਣ ਦੀਆਂ ਕਈ ਕਹਾਣੀਆਂ ਹਨ । ਬ੍ਰਾਹਮਣ ਵਰਗ ਨੇ ਸ੍ਰੀ ਮਦ ਭਾਗਵਤ ਪੁਰਾਣ ਦੀ ਗੱਲ ਨੂੰ ਬਹੁਤਾ ਠੀਕ ਦੱਸ ਕੇ ਉਸ ਨੂੰ ਆਮ ਲੋਕਾਂ ਵਿਚ ਪਰਚਾਰਿਆ ਹੋਇਆ ਹੈ । ਉਨ੍ਹਾਂ ਦਾ ਕਥਨ ਹੈ ਕਿ ਵੈਰਾਟ-ਰੂਪ ਵਿਸ਼ਨੂੰ ਦੀ ਧੁੰਨੀ ਵਿਚੋਂ ਉਗੇ ਕੰਵਲ ਫੁੱਲ ਦੀ ਨਾਲੀ ਵਿਚੋਂ ਪੈਦਾ ਹੋਏ " ਬ੍ਰਹਮਾਂ ਜੀ " ਦੇ ਮੂੰਹ ਵਿਚੋਂ ਬ੍ਰਾਹਮਣ ਪੈਦਾ ਹੋਏ, ਬਾਹਾਂ ਵਿਚੋਂ ਖੱਤਰੀ, ਲੱਤਾਂ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੋਏ ਸਨ । (ਭਾਗਵਤ ਪੁਰਾਣ-ਸਕੰਦ ੩, ਅਧਿਆਇ ੭) ਬ੍ਰਹਮਾਂ ਦੇ ਸਿਰ ਮੜ੍ਹੀ, ਇਸ ਵਰਣ ਵੰਡ ਵਾਲੀ ਪੈਦਾਇਸ਼ ਨੇ ਭਾਰਤੀਆਂ ਨੂੰ ਅੱਜ ਤੱਕ ਰਲ ਕੇ ਨਹੀਂ ਬੈਠਣ ਦਿੱਤਾ ।

ਇਸ ਸਚਾਈ ਨੂੰ ਬਾਰ ਬਾਰ ਸਪੱਸ਼ਟ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ ਕਿ ਖ਼ਾਲਸਾ ਪੰਥ ਲਈ, " ਗਿਆਨ ਦਾਤੇ " ਕੇਵਲ ਅਤੇ ਕੇਵਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ । ਪਰ ਸ੍ਰਿਸ਼ਟੀ ਸਿਰਜਣਾਂ ਦਾ ਹਾਲ ਲਿਖਣ ਵਾਂਗ ਹੀ, ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ

ਹਾਜ਼ਰ ਹੋਣ ਤੋਂ ਪਹਿਲਾਂ, (ਸਿੱਖੀ ਦੇ ਦੂਜੇ ਧਰਮ-ਗੁਰੂ-ਗ੍ਰੰਥ ਬਣੀ ਜਾ ਰਹੇ) ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੋਂ ਜਾਣੂੰ ਹੋ ਲੈਣਾ ਜ਼ਰੂਰੀ ਬਣਦਾ ਹੈ ।

ਅਸਾਂ ਸ੍ਰਿਸ਼ਟੀ ਸਿਰਜਣਾ ਬਾਰੇ ਬਚਿਤ੍ਰ ਨਾਟਕ ਦੀਆਂ ਚੋਪਈਆਂ ਅਰਥਾਂ ਸਮੇਤ ਪਿੱਛੇ ਪੜ੍ਹ ਆਏ ਹਾਂ । ਸੇਖ ਸਾਈਂ ਦੀ ਕੰਨ ਦੀ ਮੈਲ ਤੋ ਜਨਮੇ **ਮਧ** ਅਤੇ ਕੈਟਭ ਦੈਂਤਾਂ ਦੀ ਚਰਬੀ ਤੋ ਮੇਧਨੀ, ਭਾਵ ਧਰਤੀ ਬਣੀ, ਦੱਸ ਕੇ, ਬਚਿਤ੍ਰ ਨਾਟਕ ਨੇ ਸ੍ਰਿਸ਼ਟੀ ਸਿਰਜਣਾ ਵਾਲੀ ਗੱਲ ਮੁਕਾ ਦਿੱਤੀ ਸੀ । ਇਸ ਕਾਰਨ ੧੪ਵੀਂ ਚੌਪਈ ਤੋਂ ਅੱਗਲੀ ਚੌਪਈ ਲਿਖਣ ਦੀ ਲੋੜ ਨਹੀਂ ਸੀ ਸਮਝੀ ਗਈ । ਪਰ ਹੁਣ ਅਸਾਂ ਮਨੁੱਖ ਦੇ ਪੈਦਾ ਹੋਣ ਪ੍ਰਤੀ ਗਿਆਨ ਦੀ ਵਿਚਾਰ ਕਰਨੀ ਹੈ । ਇਸ ਲਈ, ਬਚਿੱਤ੍ਰ ਨਾਟਕ ਦੀ, ਉਸ ਤੋਂ ਅਗਲੀਆਂ (ਜੀਵ-ਸ੍ਰਿਜਣਾ ਵਾਲੇ ਵਿਸ਼ੇ ਨਾਲ ਸੰਬੰਧਤ) ਚੌਪਈਆਂ ਵਿਚਾਰਨੀਆਂ ਹਨ ਜੋ ਇਸ ਪ੍ਰਕਾਰ ਹਨ:--

ਬਹੁ ਬਿਥਾਰ ਕਹਾ ਲਗੈ ਬਖਾਨੀਅਤ ॥ ਗ੍ਰੰਥ ਬਢਨ ਤੇ ਅਤਿ ਡਰੁ ਮਾਨੀਅਤ ॥
ਤਿਨ ਤੇ ਹੋਤ ਬਹੁਤ ਨਿਰਪ ਆਏ ॥ ਦੱਛ ਪ੍ਰਜਾਪਤਿ ਜਿਨ ਉਪਜਾਏ ॥ ੧੬ ॥

**ਅਰਥ:**--ਵਿਸਥਾਰ ਬਹੁਤਾ ਹੈ, ਕਿਥੋਂ ਤੱਕ ਕਹਾਂ ? ਗ੍ਰੰਥ ਵਧ ਜਾਣ ਦਾ ਬਹੁਤਾ ਡਰ ਮੰਨਦਾ ਹਾਂ । (ਇਸ ਲਈ ਵਿਸਥਾਰ ਨਹੀਂ ਕਰਦਾ) ਉਨ੍ਹਾਂ (ਕਾਲ ਸੈਣ ਆਦਿਕਾਂ) ਤੋਂ ਬਹੁਤੇ ਰਾਜੇ ਹੁੰਦੇ ਆਏ ਹਨ । (ਜਿਨ੍ਹਾਂ ਨੂੰ ਇਤਿਹਾਸ ਨਹੀਂ ਜਾਣਦਾ ? ਅਥਵਾ ਜਿਨ੍ਹਾਂ ਦਾ ਸੰਬੰਧ ਕੋਈ ਨਹੀਂ ਸੀ ?) ਜਿਨ੍ਹਾਂ ਨੇ ' ਦੱਛ ਪ੍ਰਜਾਪਤਿ " ਨੂੰ ਪੈਦਾ ਕੀਤਾ ਸੀ । ੧੬ ।

ਇਸ ਤੋਂ ਸਪੱਸ਼ਟ ਏਹੀ ਹੁੰਦਾ ਹੈ ਕਿ, ਕਾਲ ਸੈਣ ਆਦਿ ਰਾਜਿਆਂ ਦੇ ਚਲਾਣਾ ਕਰ ਜਾਣ ਉਪ੍ਰੰਤ,' ਹੋਰ ਕਈ ਰਾਜੇ ਹੁੰਦੇ ਰਹੇ ਸਨ । ਪਰ ਉਨ੍ਹਾਂ ਨੇ ਆਪਣੀ ਜਿੰਦਗੀ ਵਿਚ ਅਜੇਹਾ ਵਿਸ਼ੇਸ਼ ਕੰਮ ਨਾ ਕੀਤਾ ਹੋਵੇਗਾ, ਜਿਸ ਤੋਂ ਉਨ੍ਹਾਂ ਦਾ ਜ਼ਿਕਰ ਕਰਨ ਦੀ ਲੋੜ ਨਾ ਸਮਝੀ ਗਈ। ਗਾਥਾ ਤੋਂ ਇਉਂ ਟੋਹ ਮਿਲਦੀ ਹੈ ਕਿ ਉਨ੍ਹਾਂ ਗੁੰਮਨਾਮ ਰਾਜਿਆਂ ਨੇ ਰਲ ਮਿਲ ਕੇ " ਦੱਛ ਪ੍ਰਜਾਪਤਿ " ਨੂੰ ਪੈਦਾ ਕਰਨ ਵਾਲਾ ਹੀ ਇੱਕੋ ਇੱਕ ਵੱਡਾ ਕੰਮ ਕੀਤਾ ਸੀ । ਬਿਚਿਤ੍ਰ ਨਾਟਕ ਦੀ ਬਿਚਿਤ੍ਰ ਲੀਲ੍ਹਾ ਵਿਚ "ਦੱਛ ਪ੍ਰਜਾਪਤਿ" ਦਾ ਅਤੇ ਉਸ ਦੀ ਬਿਚਿਤ੍ਰ ਵਿਸ਼ੇਸ਼ਤਾ ਦਾ ਜ਼ਿਕਰ ਇਸ ਪ੍ਰਕਾਰ ਹੈ:--

ਦਸ ਸਹੰਸ੍ਰ ਤਿਹਿ ਗ੍ਰਿਹ ਭਈ ਕੰਨਿਆਂ ॥ ਜਿਹ ਸਮਾਨ ਕਹ ਲਗੈ ਨ ਅੰਨਿਆ ॥
ਕਾਲ ਕ੍ਰਿਆ ਐਸੀ ਤਹ ਭਈ ॥ ਤੇ ਸਭ ਬਿਆਹਿ ਨਰੇਸਨ ਦਈ ॥ ੧੭ ॥

**ਅਰਥ:**--(ਉਸ ਦੱਛ ਪ੍ਰਜਾਪਤਿ ਦੇ ਘਰ) ਦਸ ਹਜ਼ਾਰ ਲੜਕੀਆਂ ਪੈਦਾ ਹੋਈਆਂ ਸਨ, (ਜੋ ਅਜੇਹੀਆਂ ਸੁੰਦਰ ਸਨ) ਜਿਨ੍ਹਾਂ ਦੇ ਸਮਾਣ ਹੋਰ ਕੋਈ (ਅੰਨਿਆਂ) ਨਹੀਂ ਲੱਗ ਸਕਦੀ ਸੀ । ਉਸ ਵੇਲੇ (ਕੁਝ) ਕਾਲ ਦੀ ਅਜੇਹੀ (ਕ੍ਰਿਆ) ਖੇਡ ਹੋਈ, ਜੋ ਉਸ ਨੇ ਸਭ (ਲੜਕੀਆਂ) ਰਾਜਿਆਂ ਨੂੰ ਵਿਆਹ ਦਿਤੀਆਂ ਸਨ । ੧੭ ।

ਧਿਆਨ ਰਹੇ ਕਿ ਹੋਰ ਜੀਵਾਂ ਦੀ ਪੈਦਾਇਸ਼ ਤੋਂ ਪਹਿਲਾਂ ਭਾਰਤ ਵਿਚ ਦਸ ਹਜ਼ਾਰ ਰਾਜੇ (ਕਿਥੋਂ ਅਤੇ ਕਿਸ ਪਰਜਾ ਤੇ ਰਾਜ ਕਰਨ ਲਈ ? ) ਬਣ ਚੁੱਕੇ ਸਨ ਜਿਨ੍ਹਾਂ ਨਾਲ ਪ੍ਰਜਾਪਤਿ ਜੀ ਨੇ ਆਪਣੀਆਂ ਲੜਕੀਆਂ ਵਿਆਹੀਆਂ ਸਨ । ਸਾਰੀਆਂ ਕੁੜੀਆਂ ਰਾਜਿਆਂ ਨਾਲ ਵਿਆਹੀ ਜਾਣ ਵਾਲੀ ਆਪਣੀ ਹੀ ਗੱਲ ਨੂੰ ਬਦਲਦੇ ਹੋਏ " ਬਚਿੱਤ੍ਰ ਨਾਟਕ " ਦੇ ਲਿਖਾਰੀ ਜੀ ਅੱਗੇ ਇਉਂ ਲਿਖਦੇ ਹਨ--

ਦੋਹਰਾ ॥

ਬਨਤਾ ਕਦਰੂ ਦਿਤਿ ਅਦਿਤਿ ਏ ਰਿਖ ਬਰੀ ਬਨਾਇ ॥ ਨਾਗ ਨਾਗਰਿਪੁ ਦੇਵ ਸਭ ਦਈਤ ਲਏ ਉਪਜਾਇ ॥ ੧੮ ॥

**ਅਰਥ:**--ਬਨਤਾ, ਕਦਰੂ, ਦਿਤੀ ਤੇ ਅਦਿਤੀ, (ਪਰਜਾ ਪਤਿ ਦੀ ਇਹ ਚਾਰ ਲੜਕੀਆਂ) (ਕਸ਼ਯਪ) ਰਿਖੀ ਨੇ ਵਿਆਹ ਲਈਆਂ ਸਨ । (ਕਦਰੂ ਤੋਂ) ਸੱਪ (ਬਨਿਤਾ ਤੋਂ) ਗਰੁੜ, (ਆਦਿਤੀ ਤੋਂ) ਸਾਰੇ ਦੇਵਤੇ (ਅਤੇ ਦਿਤੀ ਤੋਂ) ਸਾਰੇ ਦੈਂਤ (ਰਿਖੀ ਨੇ) ਪੈਦਾ ਕਰ ਲਏ । ੧੮ ।

ਕਿਹੜੇ ਵਿਦਵਾਨ ਕੋਲੋਂ ਪੁੱਛੀਏ ਕਿ, ਕੀ, ਇਹ ਦਸ਼ਮੇਸ਼ ਜੀ ਦਾ ਹੀ ਫ਼ੁਰਮਾਨ ਹੈ, ਕਿ ਧਰਤੀ ਨਾਲੋਂ ਲੱਖਾਂ ਗੁਣਾ ਵੱਡਾ ਅਤੇ, ਲੱਖਾਂ ਮੀਲਾਂ ਤੋਂ ਸਾੜ ਕੇ ਸੁਆਹ ਕਰ ਦੇਣ ਦੀ ਗਰਮੀ ਵਾਲਾ ਸੂਰਜ, ਕਸ਼ਯਪ ਰਿਖੀ ਅਤੇ ਬੀਬੀ ਅਦਿਤੀ ਦਾ ਸਪੁੱਤ੍ਰ ਹੈ ?

ਚੌਪਈ ॥

ਤਾਤੇ ਸੂਰਜ ਰੂਪ ਕੋ ਧਰਾ ॥ ਜਾਤੇ ਬੰਸ ਪ੍ਰਚੁਰ ਰਵਿ ਕਰਾ ॥
ਜੌ ਤਿਨਕੇ ਕਹਿ ਨਾਮ ਸੁਨਾਊਂ ॥ ਕਥਾ ਬਢਨ ਤੇ ਅਧਿਕ ਡਰਾਊ ॥ ੧੯ ॥

**ਅਰਥ:**--(ਦੇਵਤਿਆਂ ਨੂੰ ਜਨਮ ਦੇਣ ਵਾਲੀ ਓਸੇ ਅਦਿਤੀ) ਤੋਂ ਸੂਰਜ ਨੇ (ਰੂਪ ਧਰਾ) ਜਨਮ ਲਿਆ । ਜਿਸ ਤੋਂ (ਬੰਸ ਰਵਿ) ਸੂਰਜ ਬੰਸ ਨੇ (ਪ੍ਰਚੁਰ) ਵਿਸਥਾਰ (ਵਾਧਾ) ਕੀਤਾ ਹੈ । ਜੇਕਰ ਉਨ੍ਹਾਂ (ਸੂਰਜ ਬੰਸੀ ਪੁਰਸ਼ਾਂ) ਦੇ ਨਾਮ ਹੀ ਕਹਿਕੇ ਸੁਣਾਵਾਂ, (ਤਾਂ) ਗ੍ਰੰਥ ਵਧ ਜਾਏਗਾ, ਇਸ (ਗੱਲ) ਤੋਂ ਬਹੁਤ ਡਰਦਾ ਹਾਂ । ੧੯ ।

ਬਚਿੱਤ੍ਰ ਨਾਟਕ ਦੇ ਟੀਕਾਕਾਰ ਪੰਡਿਤ ਨਰੈਣ ਸਿੰਘ ਗਿਯਾਨੀ ਵਿਦਿਆ ਮਾਰਤੰਡ ਜੀ ਨੇ ਆਪਣੇ ਗ੍ਰੰਥ ਦੇ ੩੬ ਸਫ਼ੇ ਤੇ ਸੰਪ੍ਰਦਾਈ ਗਿਆਨੀਆਂ ਦਾ ਹਵਾਲਾ ਦੇ ਕੇ, ਉਪਰ ਵਿਚਾਰੀਆਂ ਗਈਆਂ ਦੋ ਚੋਪਈਆਂ, ੧੦ਵੀਂ ਅਤੇ ੧੧ਵੀਂ ਦਾ, ਸਾਰੰਸ ਇਉਂ ਲਿਖਿਆ ਹੈ---

" ਪਹਿਲੇ ਕਾਲ ਨੇ " ਓਅੰ " (ਫੁਰਨਾ) ਕੀਤਾ, ਕਿ " ਮੈ ਇਕ ਤੋਂ ਅਨੇਕ ਹੋਵਾਂ," ਤਾਂ ਪਸਾਰਾ ਪੈਦਾ ਹੋ ਗਿਆ, ਅਰਥਾਤ ਪਹਿਲਾਂ **(ਕਾਲਸੈਣ) ਵਿਸ਼ਨੂੰ (ਰਾਜਾ)** ਪ੍ਰਗਟ ਹੋਇਆ ਜੋ ਅਤੁਲ ਬਲ ਤੇ ਵਡੇ ਸੁੰਦਰ ਸਰੂਪ ਵਾਲਾ ਸੀ । ਉਸ ਦੀ ਧੁੰਨੀ ਵਿਚੋਂ ਕਮਲ ਹੋਯਾ, (ਜਿਸ ਤੋਂ) ਦੂਜਾ **(ਕਾਲਕੇਤ)** ਬ੍ਰਹਮਾ (ਭੂਅ) ਪੈਦਾ ਹੋਯਾ । ਤੀਜਾ ਜਗਤ ਉਤੇ **ਸ਼ਿਵ ਜੀ** ਸਥਿਰ ਹੋਯਾ । ਚੋਥਾ ਰਾਜਾ **ਪ੍ਰਜਾਪਤੀ ਹੋਯ**ਾ (ਜਿਸ ਦੀਆਂ) ਹਜ਼ਾਰਾਂ ਲੜਕੀਆਂ ਹੋਈਆਂ ਜਿਨ੍ਹਾਂ ਤੋਂ ਜਗ ਪੈਦਾ ਹੋਇਆ ਹੈ "

ਇਸ ਨੋਟ ਤੋਂ ਮਗਰੋਂ ਉਤਲੀਆਂ ੧੬ਵੀਂ, ੧੭ਵੀ, ਅਤੇ ੧੮ਵੀ ਚੌਪਈ ਦੇ ਅਰਥਾਂ ਨੂੰ ਸਪੱਸ਼ਟ ਕਰਨ ਲਈ ਪੰਡਿਤ ਨਰੈਣ ਸਿੰਘ ਜੀ ਨੇ ਗ੍ਰੰਥ ਦੇ ੩੮ ਸਫ਼ੇ ਦੀ ਟੂਕ ਵਿਚ ਇਸ ਪ੍ਰਕਾਰ ਲਿਖਿਆ ਹੋਇਆ ਹੈ:---

" ਦਖਯ (-ਦਛ) ਪ੍ਰਜਾਪਤੀ ਦਾ ਜ਼ਿਕਰ ਰਿਗਵੇਦ ਵਿਚ ਭੀ ਹੈ । ਗਰੁੜ ਪੁਰਾਣ ਆਨੁਸਾਰ **ਬ੍ਰਹਮਾ** ਦੇ ਸੱਜੇ ਅੰਗੂਠੇ ਵਿਚੋਂ **ਦੱਖਯ** ਤੇ ਖੱਬੇ ਵਿਚੋਂ ਉਸਦੀ ਇਸਤ੍ਰੀ ਪੈਦਾ ਹੋਈ । ਭਾਗਵਤ ਵਿਚ ਦੱਖਯ ਨੂੰ ਬ੍ਰਹਮਾ ਦਾ **ਮਾਨਸ ਪੁੱਤਰ** ਲਿਖਿਆ ਹੈ ਅਤੇ ਉਸ ਦੀ ਇਸਤ੍ਰੀ ਮਨ ਦੀ ਪੁਤਰੀ **ਪ੍ਰਸੂਤਿ** ਹੈ । ਵਿਸ਼ਨੂੰ ਪੁਰਾਣ ਤੇ ਮਹਾਂਭਾਰਤ ਵਿਚ ਲਿਖਿਆ ਹੈ ਕਿ ਪ੍ਰਜਾਪਤੀ **ਪ੍ਰਚੇਤਾ** ਦਾ ਪੁੱਤਰ ਦਖਯ ਹੈ । ਪਰ ਇਸ ਗਲ ਵਿਚ ਸਾਰੇ ਇਕ ਮੱਤ ਹਨ, ਕਿ ਦਖਯ ਸੰਸਾਰ

ਰਚਨਾ ਦਾ ਵਡਾ ਸਹਾਇਕ ਸੀ । ਇਸ ਨੇ ਬਹੁਤ ਕੰਨਯਾਂ ਪੈਦਾ ਕੀਤੀਆਂ, ਜਿਨ੍ਹਾਂ ਵਿਚੋਂ, **ਦਸ** ਧਰਮਰਾਜ ਨੂੰ, ਤੇਰਾਂ ਕੱਸ਼ਪ ਨੂੰ, ਅਠਾਈ ਚੰਦ੍ਰਮਾ ਨੂੰ ਅਤੇ ਇੱਕ ਸਤੀ ਸ਼ਿਵਜੀ ਨੂੰ ਵਿਆਹੀ । ਜਦ ਪਿਤਾ ਦੇ ਘਰ ਵਿਚ ਸਤੀ ਨੇ ਪਤੀ ਦੀ ਨਿਰਾਦਰੀ ਵੇਖੀ ਤਾਂ ਉਸਦੇ ਯੱਗ ਨੂੰ ਭ੍ਰਸ਼ਟ ਕਰਨ ਲਈ ਹਵਨ ਕੁੰਡ ਵਿਚ ਛਾਲ ਮਾਰਕੇ ਸੜ ਮੋਈ । ਇਸ ਲਈ ਸ਼ਿਵਜੀ ਨੇ ਕ੍ਰੋਧ ਵਿਚ ਆ ਕੇ ਦਖਯ ਦਾ ਸਿਰ ਵੱਡ ਦਿਤਾ । ਮਗਰੋਂ ਦੇਵਤਿਆਂ ਦੀ ਬੇਨਤੀ ਸੁਣ ਕੇ ਬੱਕਰੇ ਦਾ ਸਿਰ ਧੜ ਨਾਲ ਜੋੜ ਦਿੱਤਾ । (ਇਹ ਸਾਰਾ ਪ੍ਰਸੰਗ ਅਗੇ ਚਵ੍ਹੀ ਅਵਤਾਰਾਂ ਵਿਚੋਂ ' ਸ਼ਿਵ-ਅਵਤਾਰ ' ਪ੍ਰਸੰਗ ਵਿਚ ਵਿਸਥਾਰ ਨਾਲ ਲਿਖਿਆ ਹੈ)

ਇਨ੍ਹਾਂ ਲਿਖਤਾਂ ਤੋਂ ਸ਼ੰਕਾ ਉਪਜਦਾ ਹੈ, ਕਿ " ਜਿਸ ਦਸ਼ਮੇਸ਼ ਜੀ ਵਲੋਂ ਇਹ ਬਚਨ ਪਰਚਲਤ ਹਨ ਕਿ, **" ਜਬ ਇਹ ਗਹੇ ਬਿੱਪ੍ਰਨ ਕੀ ਰੀਤ ਮੈਂ ਨਾ ਕਰੂੰ ਇਨ ਕੀ ਪਰਤੀਤ ॥** ਕੀ ਉਹ ਦਸ਼ਮੇਸ਼ ਜੀ ਆਪ ਹੀ, ਖ਼ਾਲਸੇ ਨੂੰ ਬਿੱਪ੍ਰਨ ਦੀ ਵਿਦਿਆ ਪੜ੍ਹਾ ਕੇ ਬ੍ਰਾਹਮਣੀ ਮੱਤ ਦੇ ਧਾਰਨੀ ਬਣਨ ਦਾ ਉਤਸ਼ਾਹ ਦੇ ਰਹੇ ਹਨ ? ਇਸ ਲਿਖਤ ਨੂੰ ਕਿਸੇ ਦੋਖੀ ਬ੍ਰਾਹਮਣ ਦੀ ਲਿਖਤ ਵੀ ਕਿਵੇਂ ਮੰਨੀਏ ? ਕਿਉਂਕਿ ਏਸੇ ਬਚ੍ਰਿਨਾਟਕ ਦਾ ਹੀ ਇਸ ਤੋਂ ਅਗਲਾ ਹਿੱਸਾ, ਦਸ਼ਮੇਸ਼ ਜੀ ਦੀ ਹੇਮ ਕੁੰਡ ਤੇ ਤਪ ਕਰਦਿਆਂ ਅਕਾਲਪੁਰਖ ਨਾਲ ਦੋ ਤੋਂ ਇੱਕ ਰੂਪ ਹੋ ਜਾਣ ਦੀ ਗਲ, ਅਤੇ ਮਾਤ ਲੋਕ ਵਿਚ ਆਉਣ ਦਾ ਪ੍ਰਸੰਗ ਹੈ ।

## ਹੁਣ ਤੱਕ ਦੇ ਲਿਖੇ ਤੇ ਵਿਚਾਰ–

੧) ਈਸਾਈ ਧਰਮ ਅਤੇ ਮੁਸਲਮਾਨ ਧਰਮ ਨੇ ਸੰਸਾਰ ਦੇ ਮਨੁੱਖ ਮਾਤ੍ਰ ਦਾ ਪਿਤਾ ਆਦਮ ਮੰਨਿਆਂ ਹੈ । ਇਨ੍ਹਾਂ ਦੋਹਾਂ ਧਰਮਾਂ ਨੇ ਮਨੁਖਾਂ ਦੇ ਪੈਦਾ ਹੋਣ ਦੀ ਗਲ ਕੀਤੀ ਹੈ ।

੨) ਫਿਰ ਹਿੰਦੂ ਧਰਮ ਦੇ ਭਾਗਵਤ ਪੁਰਾਣ ਅਨੁਸਾਰ ਵਿਸ਼ਨੂੰ ਦੀ ਧੁੰਨੀ ਵਿਚੋਂ ਪੈਦਾ ਹੋਏ ਕਮਲ ਵਿਚੋ ਉਤਪੰਨ ਹੋ ਕੇ ਬ੍ਰਮਾ ਜੀ ਨੇ ਮਨੁਖਾਂ ਦੀ ਵਰਣ ਵੰਡ ਕਰਕੇ ਹੀ ਧਰਤੀ ਦੀ ਰੌਣਕ ਵਧਾਈ । ਮਨੁੱਖ ਦੀ ਪੈਦਾਇਸ਼ ਦੀ ਗੱਲ ਹਿੰਦੂ ਧਰਮ ਨੇ ਵੀ ਕੀਤੀ ਹੈ ।

੩) ਦਸਮਗੁਰੂ ਗ੍ਰੰਥ ਸਾਹਿਬ ਦੇ ਬਚਿਤ੍ਰ ਨਾਟਕ ਭਾਗ ਦੀ ਵਿਸ਼ੇਸ਼ਤਾ ਇਹ ਹੈ ਕਿ ਇਸੇ ਵਿਚ ਹੀ ਦਸ ਗੁਰੂ ਸਾਹਿਬਾਨ ਦੇ ਜਨਮ ਦੀ, ਖ਼ਾਸ ਕਰਕੇ ਦਸ਼ਮੇਸ਼ ਜੀ ਦੇ ਜਨਮ ਅਤੇ ਉਨ੍ਹਾਂ ਦੇ ਜੀਵਨ ਦੀ ਕਥਾ ਹੈ । ਇਸ ਅਦਭੁਤ ਕਥਾ ਵਿਚ ਦੋ ਥਾਈਂ ਸ੍ਰਿਸ਼ਟੀ ਸਿਰਜਣਾ ਦੀ ਗੱਲ ਆਈ ਹੈ । ਪਰ ਦੋਹੀਂ ਥਾਈਂ ਮਨੁੱਖ ਦੇ ਜਨਮ ਦੀ ਗੱਲ ਨਹੀਂ ਲਿਖੀ ਗਈ :--

(ੳ) ਬਚਿਤ੍ਰ ਨਾਟਕ ਦੇ ਦੂਜੇ ਅਧਿਆਇ ਵਿਚ ਸਿਰਜਣਾ ਦੇ ਪਸਾਰੇ ਦੀ ਗੱਲ ਅਰੰਭ ਕੀਤੀ ਹੈ ਪਰ ਮਨੁੱਖ ਦੇ ਪੈਦਾ ਹੋਣ ਦੀ ਗੱਲ ਕਰਨ ਦੇ ਥਾਂ ਬ੍ਰਹਮਾ, ਬਿਸ਼ਨ ਮਹੇਸ਼ ਅਤੇ ਚੌਥਾ ਦੱਖਯ ਪ੍ਰਜਾਪਤ ਦੇ ਪੈਦਾ ਹੋਣ ਦਾ ਹੀ ਗਿਆਨ ਬਖ਼ਸ਼ਸ਼ ਕੀਤਾ ਹੈ । ਫਿਰ ਉਸ ਇਕੋ ਦੱਖਯ ਦੀਆਂ ਦਸ ਹਜ਼ਾਰ ਪੁਤਰੀਆਂ ਹੋਈਆਂ ਦੱਸ ਕੇ ਉਨ੍ਹਾਂ ਵਿਚੋਂ ਕੇਵਲ ਚਾਰ ਕੁੜੀਆਂ ਦੀ ਕਸ਼ਯਪ ਰਿਖੀ ਨਾਲ ਸ਼ਾਦੀ ਹੋਣੀ ਦਰਸਾਈ । ਉਨ੍ਹਾਂ ਸਕੀਆਂ ਭੈਣਾਂ ਤੋਂ ਜਨਮੀ ਔਲਾਦ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ:--

**੧)** ਬੀਬੀ ਕਦਰੂ ਨੇ ਸਾਰੇ ਸੰਸਾਰ ਦੇ ਕੇਵਲ **ਸੱਪ** ਹੀ ਪੈਦਾ ਕੀਤੇ । ਪੁਰਾਣਾ ਅਨੁਸਾਰ ਸ਼ੇਸ਼ਨਾਗ ਵੀ ਏਸੇ ਬੀਬੀ ਦਾ ਪੁੱਤਰ ਹੈ।

**੨)** ਬੰਨਤਾ ਨੇ, ਤਾਂ ਇੱਕ (ਵਿਸ਼ਨੂੰ ਦੀ ਸੁਆਰੀ ਲਈ) ਗਰੁੜ ਨੂੰ ਹੀ ਜਨਮ ਦਿੱਤਾ ।

**੩)** ਅਦਿਤੀ ਬੀਬੀ ਨੇ ਸਾਰੇ ਦੇਵਤੇ ਪੈਦਾ ਕਰਕੇ ਫਿਰ ਸੂਰਜ ਨੂੰ ਜਨਮ ਦਿੱਤਾ, ਜਿਸ ਤੋਂ ਸੂਰਜਬੰਸੀਆਂ ਦੀ ਜੱਦ ਤੁਰੀ । ਉਨ੍ਹਾਂ ਵਿਚ ਰਾਜਾ 'ਰਘੂ ' ਪੈਦਾ ਹੋਇਆ, ਜਿਸ ਦੀ ਔਲਾਦ ਰਘੁਬੰਸੀ ਅਖਵਾਈ । ਜਿਨ੍ਹਾਂ ਵਿਚ ਰਾਜਾ ਦਸ਼ਰਥ ਦੇ ਘਰ, ਰਘੁਕੁਲ ਰਾਜਾ, ਸ੍ਰੀ ਰਾਮ ਜੀ ਜਨਮੇ, ਉਨ੍ਹਾਂ ਦੇ ਦੋ ਸੁਪੁਤੱਰ " ਲਵ " ਅਤੇ ' ਕੁਸ਼ ' ਹੋਏ । ਰਾਮਾਇਣ ਦੀ ਕਥਾ ਏਥੇ ਆ ਕੇ ਮੁੱਕਦੀ ਹੈ । ਪਰ ਬਚਿਤ੍ਰ ਨਾਟਕ ਦੇ ਲਿਖਾਰੀ ਨੇ, ' ਲਵ ' ਦੀ ਔਲਾਦ ਬੇਦੀ ਬਣਾ ਕੇ ਉਸ ਵਿਚ ਸ੍ਰੀ ਗੁਰੂ ਨਾਨਕ ਜੀ ਪ੍ਰਗਟੇ ਦਰਸਾਏ ਹਨ । ਰਾਮਜੀ ਦੇ ਦੂਜੇ ਪੁੱਤਰ ' ਕੁਸ਼ ' ਦੀ ਔਲਾਦ ਨੂੰ **ਸੋਢੀ** ਬਣਾ ਕੇ ਉਨ੍ਹਾਂ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਅਤੇ ਅਖ਼ੀਰ ਦਸ਼ਮੇਸ਼ ਜੀ ਦੀ ਤੱਕ ਪੁਚਾ ਕੇ ਸੋਢੀ ਬੰਸ ਦੇ ਅੱਗੇ ਤੁਰਨ ਦਾ ਜ਼ਿਕਰ ਨਹੀਂ ਹੈ । ਭਾਵ, ਦਸ਼ਮੇਸ਼ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਜਨਮ ਦਾ ਜ਼ਿਕਰ ਵੀ ਬਚਿੱਤ੍ਰ ਨਾਟਕ ਵਿਚ ਕਿਤੇ ਨਹੀਂ ਹੈ । ਦਸਮ ਗ੍ਰੰਥ ਅਨੁਸਾਰ, ਸਾਡੇ ਗੁਰੂ ਸਾਹਿਬਾਨ ਦੀ ਪੀੜ੍ਹੀ ਸੱਪਾਂ ਨਾਲ ਵੀ ਜਾ ਜੁੜਦੀ ਹੈ ।

**੪)** ਚੌਥੀ ਦਿਤੀ ਨੇ ਸਾਰੇ ਦੈਂਤ ਪੈਦਾ ਕੀਤੇ । ਇਸ ਤਰ੍ਹਾਂ ਬਚਿੱਤ੍ਰ ਨਾਟਕ ਦੇ ਲਿਖਾਰੀ ਨੇ ਦਸਾਂ ਗੁਰੂ ਸਾਹਿਬਾਨ ਦੇ ਖ਼ਾਨਦਨ ਦੀ ਗੂੜ੍ਹੀ ਰਿਸ਼ਤੇਦਾਰੀ ਦੈਂਤਾਂ ਨਾਲ ਵੀ ਜੋੜ ਦਿੱਤੀ ।

ਬਿਚਿਤ੍ਰ ਨਾਟਕ ਦੀ ਇਹ ਗੱਲ ਵੀ ਕਿਡੀ ਬਿਚਿਤ੍ਰ ਹੈ ਕਿ ਇਕੋ ਰਿਖੀ ਦੀਆਂ ਇਸਤ੍ਰੀਆਂ, ਸਕੀਆਂ ਭੈਣਾਂ ਨੇ, ਅੱਡ ਅੱਡ ਨਸਲਾਂ ਪੈਦਾ ਕੀਤੀਆਂ । ਪਰ ਪਤਾ ਨਹੀਂ ਕਿਸ ਕਾਰਨ ਉਨ੍ਹਾਂ ਚੌਹਾਂ ਵਿਚੋਂ ਕਿਸੇ ਨੇ ਵੀ, ਕਿਸੇ " ਮਨੁੱਖ " ਨੂੰ ਜਨਮ ਨਹੀ ਸੀ ਦਿੱਤਾ । ਇਹ ਅਨੁਮਾਨ ਲਾਉਣਾ ਪਾਠਕਾਂ ਦੇ ਹਿੱਸੇ ਦੀ ਗੱਲ ਹੈ ਕਿ, ਧਰਤੀ ਤੋਂ ਕ੍ਰੋੜਾ ਮੀਲ ਦੂਰ ਅਸਮਾਨਾਂ ਵਿਚ ਵੱਸਦੇ, ਅੱਗ ਦੇ ਗੋਲੇ, " ਸੂਰਜ " ਤੋਂ ਕੀ ਮਨੁੱਖ ਹੀ ਪੈਦਾ ਹੋਏ ਹੋਣਗੇ, ਜਿਹੜੇ ਸੂਰਜਵੰਸ਼ੀ ਅਖਵਾਏ । ਪਰ ਬਾਕੀ ਅਣਗਿਣਤ ਵੰਸ਼ ਕਿਥੋਂ ਤੁਰੇ ? ਅਜੇਹਿਆਂ ਪ੍ਰਸ਼ਨਾਂ ਦੇ ਉ ੱਤਰ ਦੇਣੇ ਬਚਿਤ੍ਰ ਨਾਟਕ ਦੇ ਵੱਸ ਦੀ ਗੱਲ ਨਹੀਂ ਹੈ । ਏਸੇ ਕਰਕੇ ਸਾਧ ਟੋਲਾ ਦੁਹਾਈ ਦੇਈ ਜਾ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਕਰਨ ਦਾ ਭਾਵ ਉਨ੍ਹਾਂ ਨੂੰ ਨੰਗਾ ਕਰਨਾ ਹੈ । ਇਹ ਦੋਵੇਂ ਪਾਵਨ ਗ੍ਰੰਥ ਸਾਹਿਬ ਪੂਜਣ ਲਈ ਅਤੇ ਕੇਵਲ (ਵਿਧੀ-ਵਿਧਾਨ ਵਿਚ ਜਕੜੀ) ਮਰਯਾਦਾ ਨਾਲ ਪਾਠ ਕਰੀ ਜਾਣ ਲਈ ਹੀ ਹਨ । ਬਸ ਸ਼ਰਧਾ ਨਾਲ ਪਾਠ ਕਰੀ ਜਾਣ ਵਿਚ ਹੀ ਸਿੱਖੀ ਦੀ ਕਲਿਆਣ ਦੱਸੀ ਜਾ ਰਹੀ ਹੈ।

**(ਅ)** ਫਿਰ ਚਉਥੇ ਅਧਿਆਇ ਵਿਚ ਅਕਾਲ ਪੁਰਖ ਜੀ ਦਾ ਆਪਣਾ ਬਚਨ ਹੈ । ਸ੍ਰਿਸ਼ਟੀ ਪੈਦਾ ਕਰਨ ਦੀ ਗੱਲ ਅਰੰਭ ਕਰਕੇ ਰੱਬ ਜੀ ਨੇ ਪਹਿਲਾਂ ਦੈਂਤ ਪੈਦਾ ਕਰਕੇ ਉਨ੍ਹਾਂ ਨੂੰ ਮਾਰ ਦੇਣ ਦੀ ਗੱਲ ਕੀਤੀ ਹੈ । ਫਿਰ ਦੇਵਤੇ ਅਤੇ ਸੂਰਜ ਸਮੇਤ ਅਸ਼ਟ ਸਾਖੀ ਪੈਦਾ ਕੀਤੇ । ਅਤੇ ਵਿਚ ਸਿੱਧ ਔਲੀਏ ਅਥਵਾ ਅਰਬ ਦੇਸ਼ ਵਿਚ ਮੁਹੰਮਦ ਸਾਹਿਬ ਆਦਿ ਨੂੰ ਭੇਜਣ ਦਾ ਜ਼ਿਕਰ ਹੈ । ਜਿਨ੍ਹਾਂ ਸਾਰਿਆਂ ਨੇ ਆਪਣੇ ਧਰਮ ਚਲਾ ਕੇ ਆਪਣਾ ਹੀ ਨਾਮ ਜਪਾਇਆ ਲਿਖਿਆ ਹੈ । ਅਰੰਭ ਤੋਂ ਅਖੀਰ ਤੱਕ ਦਸ਼ਮ ਗ੍ਰੰਥ ਦੇ ਲਿਖਾਰੀ ਜੀ ਨੇ **ਸੱਪਾਂ ਅਤੇ ਗੁਰੁੜ ਤੋ ਬਿਨਾ** ਹੋਰ ਪਸ਼ੂ ਪੰਖੀ ਅਤੇ ਇਨਸਾਨ " ਦੇ ਪੈਦਾ ਹੋਣ ਦੀ ਗੱਲ, ਕਿਤੇ ਨਹੀਂ ਲਿਖੀ ।

**ਗੰਭੀਰ ਸ਼ੰਕੇ :--**

(੧) ਉਹ ਖ਼ਲਕਤ ਕਿਹੜੀ ਸੀ ਅਤੇ ਉਸ ਨੂੰ ਪੈਦਾ ਕਿਸ ਨੇ ਕੀਤਾ ਸੀ ਜਿਸ ਕੋਲੋਂ ਦੇਵਤੇ ਅਤੇ ਆਉਲੀਆ ਆਦਿ ਆਪਣਾ ਨਾਮ ਜਪਾਉਂਦੇ ਰਹੇ ਸਨ ?

(੨) ਪਹਿਲਾਂ ਲਿਖਿਆ ਹੈ ਕਿ ਸੂਰਜ ਭਗਵਾਨ ਨੂੰ ਜਨਮ ਆਦਿਤੀ ਨੇ ਦਿੱਤਾ ਸੀ ਫਿਰ ਦੂਜੇ ਥਾਂ ਅਕਾਲਪੁਰਖ ਇਹ ਕਹਿ ਰਹੇ ਹਨ ਕਿ ਅਸ਼ਟ ਸਾਖੀਆਂ ਵਿਚ ਸੂਰਜ ਉਨ੍ਹਾਂ ਨੇ ਆਪ ਉਚੇਚਾ ਪੈਦਾ ਕੀਤਾ ਸੀ । ਬਿਚਿਤ੍ਰ ਨਾਟਕ ਦੇ ਲਿਖਾਰੀ ਜੀ ਦੀ ਇਹ ਲੀਲ੍ਹਾ ਬੜੀ ਬਿਚਿਤ੍ਰ ਹੈ ਕਿ ਆਪਣਾ ਲਿਖਿਆ ਆਪ ਹੀ ਰੱਦ ਕਰੀ ਜਾ ਰਹੇ ਹਨ ।

(੩) ਕੀ ਪਾਠਕਾਂ ਵਿਚੋਂ ਕੋਈ ਸੁਜਾਨ ਸੱਜਣ (ਗੁਰਮਤਿ ਤੇ ਅਧਾਰਤ, ਕਿਸੇ ਠੋਸ ਦਲੀਲ ਨਾਲ) ਬਿਚਿਤ੍ਰ ਨਾਟਕ ਦੀ ਉਪ੍ਰੋਕਤ ਲਿਖਤ, ਸੱਚੀ ਸਿੱਧ ਕਰਨ ਦੀ ਕਿਰਪਾ ਕਰ ਸਕਦਾ ਹੈ ?

(੪) ਇਹ ਨਿਰਣਾ ਪਾਠਕਾਂ ਨੇ ਆਪ ਹੀ ਕਰਨਾ ਹੈ ਕਿ, ਏਡੀਆਂ ਕੱਚੀਆਂ, ਅਤੇ ਕੁਦਰਤੀ ਨਿਯਮਾਂ ਦੀ ਖੰਡਨਾਂ ਕਰਨ ਵਾਲੀਆਂ ਅਤੇ ਜ਼ਾਹਰਾ ਤੌਰ ਤੇ ਝੂਠੀਆਂ ਗੱਲਾਂ, ਕੀ ਦਸ਼ਮੇਸ਼ ਜੀ ਨੇ ਹੀ ਲਿਖੀਆਂ ਹੋਣਗੀਆਂ ?

[ ਨੋਟ:--ਜੇ ਇਹ ਕਿਹਾ ਜਾਵੇ ਕਿ ਉਪ੍ਰੋਕਤ ਨਾਟਕ ਵਿਚ ਲਿਖੇ ਕਿਸੇ ਵੀ ਸੱਚ ਝੂਠ ਨਾਲ ਕਲਗੀਧਰ ਜੀ ਦਾ ਨਿੱਜੀ ਕੋਈ ਸੰਬੰਧ ਨਹੀ ਹੈ, ਉਨ੍ਹਾਂ ਨੇ ਤਾਂ, ਬ੍ਰਾਹਮਣੀ ਗ੍ਰੰਥਾਂ ਦੇ ਉਲਥੇ ਕਰਕੇ ਖਾਲਸੇ ਨੂੰ ਕੇਵਲ ਉਨ੍ਹਾਂ ਦੀ ਜਾਣਕਾਰੀ ਹੀ ਦਿੱਤੀ ਹੈ, ਤਾਂ " **ਫਿਰ ਬਚਿਤ੍ਰ ਨਾਟਕ ਵਿਚਲੀ ਹੀ " ਆਪਣੀ ਕਥਾ " ਮਨਘੜਤ ਸਮਝੀ ਜਾਣੋਂ ਕਿਵੇਂ ਬਚੀ ਰਹੀ ? ਉਸੇ ਨਾਟਕ ਦਾ ਜੇ ਇਕ ਹਿੱਸਾ ਮਿਥਿਹਾਸ ਹੈ ਅਥਵਾ ਕਲਪਤ ਜਾਂ ਝੂਠ ਹੈ, ਤਾਂ ਦੂਜਾ ਹਿੱਸਾ ਸੱਚ ਕਿਵੇਂ ਬਣ ਗਿਆ ?** ਕੀ ਇਸ ਸਾਰਾ ਬਿੱਪ੍ਰੀ ਮਾਇਆ-ਜਾਲ ਹੀ ਤਾਂ ਨਹੀਂ ਹੈ ਜੀ ? ਭਰਮੀ ਮਨੁੱਖਾਂ ਨੂੰ ਕਿਹੜਾ ਕੱਢੇ ਇਨ੍ਹਾਂ ਭਰਮ-ਗੜ੍ਹਾਂ ਵਿਚੋਂ ?

੧- **ਬਾਬਾ, ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ, ਨਾ ਤਿਸੁ ਇਹੁ ਨ ਓਹੁ ॥ ੧ ॥**
**ਰਹਾਉ ॥ ਜੀਵਣ ਮਰਣਾ ਜਾਇ ਕੈ, ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ**
**ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥ ੨ ॥**
**ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ**
**ਨ ਵਡਾ ਹੋਇ ॥ ਸਾਚਾ ਸਾਹਿਬੁ ਏਕੁ ਤੂ, ਹੋਰਿ ਜੀਆ ਕੇਤੇ ਲੋਅ ॥ ੩ ॥**[੧੫]-੩

ਸੁਹਿਰਦ ਪਾਠਕ ਜੀਓ ! ਆਉ ਅਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਉਨ੍ਹਾਂ ਦੇ ਉਪਦੇਸ਼ ਵਿਚ ਆਪਣਾ ਮਨ ਜੋੜੀਏ:--

੨

# ਤਿਸ ਤੇ ਹੋਏ ਲਖ ਦਰੀਆਉ ॥

ਜੀਵਨ ਨੂੰ ਸਤਿਗੁਰਾਂ ਨੇ ਨਿਰੰਤਰ ਵਗ ਰਿਹਾ ਦਰਿਆ ਫ਼ੁਰਮਾਨ ਕੀਤਾ ਹੈ । ਜਿੰਗਦੀ ਦਾ ਜੋ, ਪਲ ਪਲ ਲੰਘ ਰਿਹਾ ਹੈ ਉਹ ਦਰਿਆ ਦੇ ਪਾਣੀ ਵਾਂਗ ਵਾਪਸ ਨਹੀਂ ਮੁੜਦਾ । ਅੱਜ ਸੰਸਾਰ ਦੇ ਵਿਗਿਆਨਕ ਪੂਰੇ ਜ਼ੋਰ ਨਾਲ ਦਲੀਲਾਂ ਦੇ ਰਹੇ ਹਨ, ਕਿ ਨਿਰਾ ਜੀਵਨ ਹੀ ਨਹੀਂ ਸਗੋਂ ਇਹ ਦਿਸਦਾ ਮਨੁਖਾ ਸਰੀਰ ਵੀ ਸਾਰੇ ਦਾ ਸਾਰਾ, ਬੜੀ ਤੇਜ਼ੀ ਨਾਲ ਵਗ ਰਿਹਾ, ਇੱਕ ਦਰਿਆ ਹੈ । ਇਸ ਸੰਬੰਧ ਵਿਚ ਡਾ: ਦੀਪਕ ਚੋਪੜੇ ਦੇ ਭਾਸ਼ਨ, ਅਮੀਰਕਾ ਦੇ T.V. ਤੇ ਬੜੇ ਯੋਜਨਾਂ ਬੱਧ ਢੰਗ ਨਾਲ ਸੁਣਾਏ ਜਾ ਰਹੇ ਹਨ । ਡ: ਦੀਪਕ ਚੋਪੜੇ ਦਾ ਕਥਨ ਹੈ ਕਿ ਮਨ ਦੇ ਵਿਚਾਰਾਂ ਵਾਂਗ, ਹਰ ਸੈਕੰਡ ਵਿਚ ਮਨੁੱਖੀ ਸਰੀਰ ਵੀ ਬਦਲ ਰਿਹਾ ਹੈ । ਪੁਰਾਣਾ ਸਰੀਰ ਮੁੱਕ ਰਿਹਾ ਹੈ ਅਤੇ ਨਵਾਂ ਜਨਮ ਲੈ ਰਿਹਾ ਹੈ । ਇਹ ਤੁਰੀ ਰਹਿਣ ਵਾਲੀ ਕਿਰਿਆ-ਨਦੀ ਸਾਰੇ ਸਰੀਰਾਂ ਵਿਚ ਬੜੇ ਤਿਖੇ ਵੇਗ ਨਾਲ ਨਿਰੰਤਰ ਚਲ ਰਹੀ ਹੈ । ਪਰ ਵਿਗਿਆਨ ਦੀ ਇਸ ਕਾਢ ਤੋਂ ਸੈਂਕੜੇ ਸਾਲ ਪਹਿਲਾਂ ਦਾ ਗੁਰੂ ਬੀਣੀ ਦਾ ਸਪੱਸ਼ਟ ਫ਼ੁਰਮਾਨ ਹੈ ਕਿ, --**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥** (ਪੰਨਾ-੩, ਪਉੜੀ-੧੬) ਸਿਰਜਣਹਾਰ ਦੇ ਹੁਕਮ ਨਾਲ ਬੇਅੰਤ ਜੀਵਨ ਦਰਿਆ ਚਲ ਪਏ ਸਨ ।

ਮਨੁਖਾ ਸਰੀਰ ਕਿਵੇਂ ਬਣਿਆ ? ਮਨੁਖਾ-ਜੀਵਨ ਵਿਚ ਨਦੀਆਂ ਕਿਸ ਪ੍ਰਕਾਰ ਦੀਆਂ ਚੱਲ ਰਹੀਆਂ ਹਨ ? ਮਨੁਖਾ ਜੀਵਨ ਦੀ ਕਲਿਆਣ ਦਾ ਕੀ ਭੇਤ ਹੈ ? ਇਹੋ ਜਿਹੇ ਕਈ ਪ੍ਰਸ਼ਨਾਂ ਦਾ ਉਤਰ ਸਾਨੂੰ ਸਤਿਗੁਰਾਂ ਦੀ ਬਾਣੀ ਵਿਚੋਂ ਮਿਲ ਰਿਹਾ ਹੈ ਪਰ ਜਿੰਨ੍ਹਾਂ ਨੇ ਗੁਰਬਾਣੀ ਨੂੰ ਸਮਝਣ ਦੀ ਲੋੜ ਮੁਕਾ ਦਿੱਤੀ ਹੋਵੇ ਉਹ ਕੀ ਜਾਨਣ ਪਿਉਦਾਦੇ ਦੇ ਇਸ ਰਤਨਾ ਭਰਪੂਰ ਖ਼ਜ਼ਾਨੇ ਦੀ ਕਦਰ ?

੩

# ਪੰਜ ਤੱਤਾਂ ਦੀ ਮਨੁੱਖਾ ਦੇਹ ?

ਜਗਤ ਦੇ ਸਾਰੇ ਗਿਆਨੀਆਂ ਵਗਿਆਨੀਆਂ, ਨੇ ਇੱਕ ਜ਼ਬਾਨ ਹੋ ਕੇ ਮੰਨਿਆਂ ਹੈ ਕਿ ਪ੍ਰਭੂ ਦੀ ਸਿਰਜਣਾ ਵਿਚ " ਮਨੁੱਖ ' ਸ਼੍ਰੋਮਣੀ " ਜੀਵ ਹੈ । ਉਰਦੂ ਜ਼ਬਾਨ ਦੇ ਵਿਦਵਾਨਾ ਨੇ ਇਸ ਨੂੰ " ਅਸ਼ਰਫ਼ੁਲ ਮਖ਼ਲੂਕਾਤ " ਕਿਹਾ ਹੈ । ਸਾਰੀਆਂ ਜੂਨਾਂ ਵਿਚੋਂ, ਮਨੁੱਖਾ ਸਰੀਰ, ਤਰੱਕੀ ਦਾ ਸਭ ਤੋਂ ਉਤਲਾ ਡੰਡਾ ਹੈ । ਕੋਈ ਧਰਮ ਜਾਂ ਧਰਮ ਗ੍ਰੰਥ, ਕੋਈ ਮਤ ਮਤਾਂਤ ਮਨੁੱਖ ਤੋਂ ਬਿਨਾਂ ਹੋਂਦ ਵਿਚ ਨਹੀਂ ਆ ਸਕਦਾ । ਸੋ ਓਨਾ ਚਿਰ ਕੋਈ ਧਰਮ ਜਾਂ ਫ਼ਲਸਫਾ ਮੁਕੰਮਲ ਨਹੀਂ ਹੈ ਜਿੰਨਾ ਚਿਰ ਮਨੁੱਖ ਦੇ ਮੁਢ ਬਾਰੇ ਕੋਈ ਤਸੱਲੀ ਨਹੀਂ ਕਰਾਉਂਦਾ । ਜੀਵ ਦੇ ਪੈਦਾ ਹੋਣ ਬਾਰੇ ਗੁਰਮਤਿ ਦਾ

ਸਿਧਾਂਤ ਉਪਰ ਪੜ੍ਹ ਆਏ ਹਾਂ। ਆਉ ਹੁਣ ਮਨੁੱਖਾ ਸਰੀਰ ਦੀ ਬਨਾਵਟ ਬਾਰੇ ਅਤੇ ਇਸ ਸਰੀਰ ਦੇ ਹੋਰ ਭੇਤਾਂ ਬਾਰੇ ਕਰਮਵਾਰ ਗੁਰਮਤਿ ਵਿਚਾਰ ਕਰੀਏ । ਸਰੀਰ ਦੀ ਬਨਾਵਟ ਬਾਰੇ ਅਤੇ ਇਸ ਵਿਚ ਵਗਦੀਆਂ ਚਾਰ ਨਦੀਆਂ ਦਾ ਜ਼ਿਕਰ ਸਤਿਗੁਰਾਂ ਨੇ ਇਸ ਪ੍ਰਕਾਰ ਕੀਤਾ ਹੈ:---

੨- **ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥ ੫ ॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥ ੬ ॥ ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥ ੭ ॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥ ੮ ॥**[੧੦੩੧]-੫-੧੧

ਸ਼ਬਦ ਤੋਂ ਮਿਲਦੇ ਗਿਆਨ ਦਾ ਵੇਰਵਾ:-

(੧) ਜਗਤ ਰਚਨਾ ਪ੍ਰਭੂ ਦੀ ਖੇਡ ਹੈ । ਜਿਸ ਵਿਚ--

(੨) ਪਾਣੀ ਅੱਗ ਹਵਾ ਧਰਤੀ ਤੇ ਆਕਾਸ਼-ਇਨ੍ਹਾਂ ਪੰਜਾਂ ਦੇ ਮੇਲ ਦੀ ਰਾਹੀਂ ਪਰਮਾਤਮਾਂ ਨੇ ਪੰਜ-ਤੱਤੀ ਮਨੁੱਖਾ ਦੇਹ ਬਣਾ ਕੇ ਉਸ ਵਿਚ ਜਿੰਦ ਪਾ ਦਿੱਤੀ ,

(੩) ਇਸ ਸਰੀਰ-ਨਗਰੀ ਨੂੰ ਉਸ ਨੇ ਨੌਂ ਦਰਵਾਜ਼ੇ (ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਇੱਕ ਮੂੰਹ, ਗੁਦਾ ਅਤੇ ਲਿੰਗ--ਤਾਂ ਪਰਗਟ ਤੌਰ ਤੇ) ਲਾ ਦਿੱਤੇ ਹਨ, (ਜਿਸ ਦਰਵਾਜ਼ੇ ਰਾਹੀਂ ਉਸ ਦੇ ਘਰ ਵਿਚ ਪਹੁੰਚਦਾ ਹੈ) ਉਹ ਦਸਵਾਂ ਦਰਵਾਜ਼ਾ (ਭਾਵ, ਸੁਰਤਿ, ਚਿਤ, ਮਨ, ਬੁੱਧੀ) ਉਸ ਨੇ ਗੁਪਤ ਰੱਖਿਆ ਹੈ,

(੪) ਇਸ ਜਗਤ ਵਿਚ, ਨਿਰਦਾਇਤਾ, ਮੋਹ, ਲੋਭ, ਤੇ ਕ੍ਰੋਧ, ਚਾਰ ਅੱਗ ਦੀਆਂ ਭਿਆਨਕ ਨਦੀਆਂ ਹਨ । ਮਾਇਆ-ਵੇੜ੍ਹੇ ਜੀਵ ਭੈੜੀ ਮਤੇ ਲੱਗ ਕੇ ਇਨ੍ਹਾਂ ਨਦੀਆਂ ਵਿਚ ਗੋਤੇ ਖਾਂਦੇ ਹਨ । ਕੋਈ ਵਿਰਲਾ ਮਨੁੱਖ, ਜੋ ਗੁਰੂ ਦੀ ਸਰਨ ਪੈਂਦਾ ਹੈ ਅਤੇ ਉਸ ਦੇ ਸ਼ਬਦ-ਗਿਆਨ ਵਿਚ ਚਿਤ ਜੋੜ ਕੇ ਇਸ ਗੱਲ ਨੂੰ ਸਮਝਦਾ ਹੈ, ਉਹ ਗੁਰੂ ਦੀ ਮਿਹਰ ਨਾਲ ਇਨ੍ਹਾਂ ਅੱਗ-ਨਦੀਆਂ ਵਿਚ ਡੁਬਣੋਂ ਬਚ ਨਿਕਦਾ ਹੈ । ੲ

(੫) ਮਾਇਆ ਦੇ ਮੋਹ ਵਿਚ ਫਸੇ ਹੋਏ ਮਨੁੱਖ ਦੇ ਅੰਦਰ ਰੌਲਾ ਪਾਉਣ ਵਾਲੇ ਡਰਾਉਣੇ ਭੂਤਾਂ ਵਰਗੇ ਕਾਮਾਦਿਕ ਵੈਰੀ ਵਾਸਾ ਕਰ ਲੈਂਦੇ ਹਨ ਅਤੇ ਮਨੁੱਖ ਦੇ ਮਨ ਨੂੰ ਵਿਕਾਰਾਂ ਵਾਲੇ ਪਾਸੇ ਹੀ ਖਿੱਚੀ ਰੱਖਦੇ ਹਨ । ਅਜੇਹਾ ਮਨੁੱਖ ਗੁਰੂ ਦੇ ਸ਼ਬਦ ਦੀ ਸੁਰਤਿ-ਸੂਝ ਤੋਂ ਵਾਂਜਿਆ ਰਹਿ ਕੇ ਆਪਣੀ ਇਜ਼ੱਤ ਗਵਾ ਲੈਂਦਾ ਹੈ, ਤੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ

(੬) ਮਾਇਆ-ਵੇੜ੍ਹੇ ਮਨੁੱਖ ਦਾ ਵਿਕਾਰੀ ਮਨ-ਚੋਰ, ਉਸ ਦਾ ਆਤਮਕ ਜੀਵਨ-ਸਰਮਾਇਆ ਚੁਰਾਈ ਰੱਖਦਾ ਹੈ ਪਰ ਗੁਰੂ ਦੀ ਮਤਿ ਤੋਂ ਖੁੰਝਿਆ ਹੋਇਆ ਜੀਵ, ਇਸ ਚੋਰ ਨੂੰ ਨਹੀਂ ਪਛਾਣ ਦਾ ਅਤੇ ਸਦਾ ਖ਼ੁਆਰ ਹੁੰਦਾ ਹੈ ।

(੭) ਜਿਹੜੇ ਜੀਵ ਸਤਿਗੁਰੂ ਦੇ ਸ਼ਬਦ ਵਿਚ ਜੁੜਦੇ ਹਨ ਉਹ ਮਾਇਆ ਦੀ ਖ਼ਾਤਰ ਭਟਕਣਾ ਛੱਡ ਕੇ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ । ਜਿਸ ਮਨੁੱਖ ਦਾ ਮਨ ਗੁਰੂ ਦੇ ਸ਼ਬਦ-ਗਿਆਨ ਵਿਚ ਭਿੱਜ ਜਾਂਦਾ ਹੈ (ਖ਼ੁਸ਼ ਹੋ ਕੇ ਸ਼ਬਦ ਵਿਚ ਜੁੜਦਾ ਹੈ) ਉਹ ਪਰਮਾਤਮਾ ਦੇ ਨਾਮ ਵਿਚ ਜੁੜ ਕੇ ਪ੍ਰਸੰਨ ਹੁੰਦਾ ਹੈ, ਪਰਮਾਤਮਾ ਦੇ ਨਾਮ ਤੋਂ ਬਿਨਾ ਉਹ ਕੋਈ ਆਸਰਾ ਨਹੀਂ ਭਾਲਦਾ । ਸਤਿਗੁਰਾਂ ਦੀ ਸਿਖਿਆ ਅਨੁਸਾਰ ਆਪਣੇ ਆਚਰਨ ਨੂੰ ਸੁਆਰਦੇ ਰਹਿਣ ਦੇ ਯਤਨ ਵਿਚ ਰੁੱਝੇ ਹੋਏ ਅਜੇਹੇ ਮਨੁੱਖ, ਵਿਚਾਰਾਂ ਦੇ ਭਟਕਣ ਦੀ ਬਿਮਾਰੀ ਤੋਂ ਛੁਟਕਾਰਾ ਪਾ ਕੇ ਪਰਮਾਤਮਾਂ ਦੇ ਪਿਆਰ-ਰੰਗ ਦੁਆਰਾ ਆਪਣਾ ਲੋਕ ਪਰਲੋਕ ਸੁਆਰਦੇ ਹਨ ।

੩- **ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥ ੨ ॥**[੮੮੪]-੭

**ਅਰਥ:**--(ਸਭ ਮਨੁੱਖਾਂ ਦੇ ਮਨਾਂ ਦੀ ਭਟਕਣਾ ਦੇ ਕਾਰਨ) ਸਾਰੀ ਧਰਤੀ ਅਖਾੜਾ ਬਣੀ ਹੋਈ ਹੈ, ਇਸ ਦੇ ਉਪੱਰ ਅਕਾਸ਼-ਚੰਦੋਆ ਤਣਿਆ ਹੋਇਆ ਹੈ । (ਜਿਹੜਾ ਸਰੀਰ) ਪਾਣੀ ਤੋਂ ਪੈਦਾ ਹੁੰਦਾ ਹੈ (ਉਸ ਦਾ ਅਤੇ ਜਿੰਦ ਦਾ) ਮਿਲਾਪ ਕਰਾਈ ਰੱਖਣ ਵਾਲਾ (ਹਰੇਕ ਜੀਵ ਦੇ ਅੰਦਰ ਚਲ ਰਿਹਾ ਸੁਆਸ ਹੈ । ਪੰਜ ਤੱਤਾਂ ਨੂੰ ਮਿਲਾ ਕੇ (ਪਰਮਾਤਮਾ ਨੇ ਹਰੇਕ ਜੀਵ ਦਾ) ਸਰੀਰ ਬਣਾਇਆ ਹੋਇਆ ਹੈ । (ਜੀਵ ਦੇ ਪਿਛਲੇ ਕੀਤੇ ਹੋਏ) ਕਰਮਾਂ ਅਨੁਸਾਰ ਸਰੀਰ ਦਾ ਮਿਲਾਪ ਪ੍ਰਾਪਤਿ ਹੋਇਆ ਹੈ । ੨ ।

੪- **ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥ ੪ ॥**[੧੧੨੮]-੧

**ਅਰਥ:**--ਪੰਜ ਤੱਤ ਮਿਲ ਕੇ ਸਰੀਰ ਦੀ ਸ਼ਕਲ ਬਣਦੀ ਹੈ । ਕੋਈ ਇਹ ਨਹੀਂ ਆਖ ਸਕਦਾ ਕਿ ਕਿਸੇ (ਵਰਨ ਵਾਲੇ) ਵਿਚ ਬਹੁਤੇ, ਤੇ, ਕਿਸੇ (ਵਰਨ ਵਾਲੇ) ਵਿਚ ਥੋੜ੍ਹੇ ਤੱਤ ਹਨ । ੪ ।

੫- **ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸੁ ਮਹਿ ਰਾਮ ਰਤਨੁ ਲੈ ਚੀਨੀ ॥ ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥ ੭ ॥**[੧੦੩੦]-੪-੧੦

**ਅਰਥ:**--(ਹੇ ਭਾਈ ! ਇਸ ਸਰੀਰ ਵਿਚ, ਜੋ ਪਰਮਾਤਮਾ ਨੇ ਪੰਜ (ਵਿਰੋਧੀ) ਤੱਤ ਰਲਾ ਕੇ ਬਣਾਇਆ ਹੈ, (ਇਸ ਦੇ ਅੰਦਰੋਂ ਵੀ) ਪਰਮਾਤਮਾ ਦਾ ਨਾਮ ਖੋਜ ਕੇ ਲੱਭ ਲੈ। (ਜਿਉਂ ਜਿਉਂ) ਗੁਰੂ ਦੇ ਸ਼ਬਦ ਦੇ ਰਾਹੀਂ ਵਿਚਾਰ ਕਰੀਏ, (ਤਿਉਂ ਤਿਉਂ ਇਸ ਸਮਝ ਆਉਂਦੀ ਹੈ ਕਿ) ਆਤਮਾ ਤੇ ਪਰਮਾਤਮਾ ਇੱਕ ਰੂਪ ਹਨ। ੭ ।

## ਮਨੁਖਾ ਦੇਹ ਦੀ ਸਰਿਜਣਾ ਦਾ ਇੱਕ ਇਹ ਪੱਖ---

੬- **ਕਾਮ ਕ੍ਰੋਧੁ ਅਹੰਕਾਰ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੇ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥ ਮਾਂ ਕੀ ਰਕਤ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥ ੪ ॥**[੧੦੨੨]-੩

ਅਰਥ:--(ਗੁਰੂ ਦੀ ਸਰਨ ਪੈ ਕੇ ਜਿਹੜੇ ਮਨੁੱਖ ਅੰਦਰੋਂ) ਕਾਮ ਕ੍ਰੋਧ ਅਹੰਕਾਰ ਨੂੰ ਦੂਰ ਕਰਦਾ ਹੈ, ਗੁਰੂ ਦੇ ਸ਼ਬਦ ਵਿਚ ਜੁੜ ਕੇ ਕਾਮਾਦਿਕ ਪੰਜ ਚੋਰਾਂ ਨੂੰ ਮਾਰਦਾ ਹੈ, ਗੁਰੂ ਤੋਂ ਮਿਲੇ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਲੜਾਈ ਕਰਦਾ ਹੈ, ਉਸ ਦੇ ਮਨ ਦਾ ਮਾਇਕ ਫੁਰਨਾ ਮਨ ਦੇ ਵਿਚ ਹੀ ਮੁੱਕ ਜਾਂਦਾ ਹੈ (ਭਾਵ, ਮਨ ਵਿਚ ਮਾਇਕ ਫੁਰਨੇ ਉੱਠਦੇ ਹੀ ਨਹੀਂ) । ੩ । ਹੇ ਅਪਾਰ ਪ੍ਰਭੂ ! ਮਾਂ ਦੇ ਲਹੂ ਤੇ ਪਿਉ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਤੂੰ ਮਨੁੱਖ ਦਾ ਬੁੱਤ ਬਣਾ ਦਿੱਤਾ, ਸੋਹਣੀ ਸ਼ਕਲ ਬਣਾ ਦਿੱਤੀ। ਹਰੇਕ ਜੀਵ ਦੇ

ਅੰਦਰ ਤੇਰੀ ਜੋਤਿ ਹੈ, ਜਿਹੜੀ ਭੀ ਪਦਾਰਥਾਂ ਦੀ ਬਖ਼ਸ਼ਸ਼ ਹੈ ਸਭ ਤੇਰੀ ਹੀ ਹੈ, ਤੂੰ ਸਿਰਜਣਹਾਰ ਹਰ ਥਾਂ ਮੌਜੂਦ ਹੈਂ । ੪ ।

੭- **ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥ ੧ ॥ ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥ ੧ ॥ ਰਹਾਉ ॥ ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥ ੨ ॥ ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥ ੩ ॥ ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥**[੩੩੭]-੧

**ਅਰਥ:**--(ਹੇ ਅਹੰਕਾਰੀ ਜੀਵ ! ਕਿਸ ਗੱਲ ਦਾ ਮਾਣ ਕਰਦਾ ਹੈਂ ?) ਪਿਉ ਦੀ ਗੰਦੀ ਬੂੰਦ ਅਤੇ ਮਾਂ ਦੀ ਰਕਤ--(ਇਨ੍ਹਾਂ ਦੋਹਾਂ ਤੋਂ ਤਾਂ ਪਰਮਾਤਮਾ ਨੇ) ਜੀਵ ਦਾ ਇਹ ਮਿੱਟੀ ਦਾ ਬੁੱਤ ਬਣਾਇਆ ਹੈ। **੧** । ਹੇ ਮੇਰੇ ਗੋਬਿੰਦ ! (ਤੈਥੋਂ ਵੱਖਰੀ) ਮੇਰੀ ਕੋਈ ਹਸਤੀ ਨਹੀਂ ਹੈ ਅਤੇ ਕੋਈ ਮੇਰੀ ਮਲਕੀਅਤ ਨਹੀਂ ਹੈ। ਇਹ ਸਰੀਰ, ਧਨ ਅਤੇ ਇਹ ਜਿੰਦ ਸਭ ਤੇਰੇ ਹੀ ਦਿੱਤੇ ਹੋਏ ਹਨ । **੧** । **ਰਹਾਉ** । ਇਸ ਮਿੱਟੀ (ਦੇ ਪੁਤਲੇ) ਵਿਚ (ਇਸ ਨੂੰ ਖੜਾ ਰੱਖਣ ਲਈ) ਪ੍ਰਾਣ ਟਿਕੇ ਹੋਏ ਹਨ, (ਪਰ ਇਸ ਕਮਜ਼ੋਰ ਜਿਹੀ ਥੰਮ੍ਹੀ ਦੀ ਅਸਲੀਅਤ ਨੂੰ ਨਾਹ ਸਮਝਦਾ ਹੋਇਆ) ਜੀਵ ਝੂਠਾ ਖਿਲਾਰਾ ਖਿਲਾਰ ਬੈਠਦਾ ਹੈ । **੨** । ਜਿਨ੍ਹਾਂ ਜੀਵਾਂ ਨੇ ਪੰਜ ਪੰਜ ਲੱਖ ਜਾਇਦਾਦ ਜੋੜ ਲਈ ਹੈ, ਮੌਤ ਆਇਆਂ ਉਨ੍ਹਾਂ ਦਾ ਭੀ ਸਰੀਰ-ਰੂਪ ਭਾਂਡਾ ਭੱਜ ਜਾਂਦਾ ਹੈ । **੩** । ਕਬੀਰ ਆਖਦਾ ਹੈ--ਹੇ ਅਹੰਕਾਰੀ ਜੀਵ ! ਤੇਰੀ ਤਾਂ ਜੋ ਨੀਂਹ ਹੀ ਖੜੀ ਕੀਤੀ ਗਈ ਹੈ ਉਹ ਇਕ ਪਲਕ ਵਿਚ ਨਾਸ ਹੋ ਜਾਣ ਵਾਲੀ ਹੈ । ੪ ।

੮- **ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ** ॥੪ ॥ [੧੦੨੬]-੧-੭

ਅਰਥ:--(ਸਿਰਜਣਹਾਰ ਦੇ ਹੁਕਮ ਵਿਚ ਹੀ) ਪਿਤਾ ਦੇ ਵੀਰਜ ਦੀ ਬੂੰਦ ਤੇ ਮਾਂ ਦੇ ਪੇਟ ਦੇ ਲਹੂ ਨੇ ਮਿਲ ਕੇ (ਮਨੁੱਖਾ) ਸਰੀਰ ਬਣਾ ਦਿੱਤਾ। ਹਵਾ ਪਾਣੀ ਅੱਗ (ਆਦਿਕ ਤੱਤਾਂ) ਨੇ ਰਲ ਕੇ ਰਚਨਾ ਕਰ ਦਿੱਤੀ । ਹਰੇਕ ਸਰੀਰ ਵਿਚ ਬੈਠਾ ਪਰਮਾਤਮਾ ਆਪ ਹੀ ਚੋਜ ਤਮਾਸ਼ੇ ਕਰ ਰਿਹਾ ਹੈ, ਉਸ ਨੇ ਆਪ ਹੀ ਮਾਇਆ ਦੇ ਮੋਹ ਦਾ ਖਿਲਾਰਾ ਖਿਲਾਰਿਆ ਹੋਇਆ ਹੈ। ੪ ।

ਏਵੇਂ ਹੀ ਪਿਤਾ ਦੇ ਵੀਰਜ ਦੀ ਇੱਕ ਬੂੰਦ ਤੋਂ ਬਣੇ ਸਰੀਰ ਦੀ ਅਸਲੀਅਤ ਦਰਸਾ ਕੇ ਸਦਾ ਮੌਤ ਨੂੰ ਚੇਤੇ ਵਿਚ ਰਖਦਿਆਂ ਸਾਨੂੰ ਨੇਕੀ ਦੇ ਰਾਹੇ ਤੋਰਨ ਦੇ ਯਤਨ ਵਿਚ ਸਤਿਗੁਰਾਂ ਦਾ ਫ਼ੁਰਮਾਨ--**ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥ ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥** [੪੮੧]-੧-੨੩

੯- **ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥ ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰ ਗੁਬਾਰਿ ॥ ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ॥ ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥ ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮ ਹਾਰਿ ॥ ੨ ॥**[੭੦੬]-ਵਾਰ

੧੦- **ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ ਰਕਤ ਕਿਰਮ ਮਹਿ ਨਹੀ ਸੰਘਾਰਿਆ ॥ ਅਪਨਾ ਸਿਮਰਨੁ ਦੇ ਪ੍ਰਤਿਪਾਲਿਆ ਓਹੁ ਸਗਲ ਘਟਾ ਕਾ ਮਾਲਕਾ ॥ ੨ ॥**[੧੦੮੪]-੪-੧੩

੧੧- **ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ, ਅਗਨੀ ਪਾਸਿ ਪਿਰਾਣੁ ॥ ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥ ੫ ॥**[੬੩]-੧੫

**ਅਰਥ**:--ਹੇ ਗੁਣ-ਹੀਨ ਸਾਕਤ ਮਨੁੱਖ ! (ਤੂੰ ਮਾਣ ਕਰਦਾ ਹੈ ਆਪਣੇ ਸਰੀਰ ਦਾ) ਆਪਣਾ ਅਸਲਾ ਤਾਂ ਪਛਾਣ । ਇਹ ਸਰੀਰ ਮਾਂ ਦੇ ਲਹੂ ਤੇ ਪਿਤਾ ਦੇ ਵੀਰਜ ਤੋਂ ਬਣਿਆ ਹੈ, ਚੇਤੇ ਰੱਖ (ਆਖ਼ਰ ਇਸ ਨੇ) ਅੱਗ ਵਿਚ (ਪੈ ਜਾਣਾ ਹੈ) । ਹਰੇਕ ਜੀਵ ਦੇ ਮੱਥੇ ਤੇ ਇਹ ਅਟੱਲ ਹੁਕਮ ਹੈ, ਕਿ ਇਹ ਸਰੀਰ ਸੁਆਸਾਂ ਦੇ ਅਧੀਨ ਹੈ (ਹਰੇ ਦੇ ਸੁਆਸ ਗਿਣੇ ਮਿਥੇ ਹਨ--ਸੁਆਸਾਂ ਦੇ ਆਸਰੇ ਸਰੀਰ ਕੰਮ ਕਰ ਰਿਹਾ ਹੈ) । ੫ ।

ਆਪਣੀ ਮਤਿ ਸਾਰੇ ਪੰਥ ਤੇ ਥੋਪਣ ਦੀ ਧੁੰਨ ਵਿਚ ਬਿਬੇਕਤਾ ਨੂੰ ਤਿਲਾਂਜਲੀ ਦਈ ਬੈਠੇ, ਦੂਜਿਆਂ ਨੂੰ ਮੂਰਖ ਅਤੇ ਨਾਸਮਝ ਕਹਿ ਰਹੇ, ਸੰਤ ਸਿੰਘ ਮਸਕੀਨ ਜੀ, ਜਿਹੇ ਸਿੱਖ ਧਰਮ ਦੇ (ਕਥਿਤ) ਪਰਚਾਰਕ ਇਨ੍ਹਾਂ ਗੁਰੂ ਸ਼ਬਦਾਂ ਨੂੰ ਚਰਿਤ੍ਰੋਪਖਿਯਾਚ ਗ੍ਰੰਥ ਵਾਲੀ ਨੰਗੀ ਆਸ਼ਲੀਲਤਾ ਨਾਲ ਮਿਲਾ ਰਹੇ ਹੁੰਦੇ ਹਨ । ਸਤਿਗੁਰਾਂ ਨੇ ਇਨ੍ਹਾਂ ਗੁਰੂ-ਬਾਣੀ ਸ਼ਬਦਾਂ ਦੁਆਰਾ ਜਿਵੇ ਮਨੁੱਖਾ ਸਰੀਰ ਦੀ ਅਸਲੀਯਤ ਦੇ ਦਰਸ਼ਨ ਕਰਾ ਕੇ ਫੋਕੇ ਹੰਕਾਰ ਤੇ ਬਚੇ ਰਹਿਣ ਦਾ ਭੇ ਸਮਝਾਇਆ ਅਤੇ ਨਿਮਰਤਾ ਨਾਲ ਪ੍ਰਭੂ ਯਾਦ ਵਿਚ ਟਿਕੇ ਰਹਿ ਕੇ ਮਨੁੱਖਾ ਜੀਵਨ ਦਾ ਲੋਕ ਪਰਲੋਕ ਸੁਆਰਨ ਦਾ ਅਨਮੋਲ ਉਪਦੇਸ਼ ਦੇਣ ਦਾ ਉਪਕਾਰ ਕੀਤਾ ਹੈ। ਸਤਿਗੁਰਾਂ ਦੇ ਉਸ ਯਤਨ ਨੂੰ ਨਿਸਫਲ ਨਾ ਕਰਦੇ ਹੋਏ ਆਪਣੇ ਗੁਰਦੇਵ ਜੀ ਦੇ ਬਚਨਾਂ ਅਨੁਸਾਰ ਆਪਣੀ ਜੀਵਨ-ਜੁਗਤ ਢਾਲੀਏ । ਮਨੁੱਖਾ ਸਰੀਰ ਦੀ ਅਸਲੀਅਤ ਸਮਝਾ ਰਹੇ ਸਤਿਗੁਰਾਂ ਦਾ ਇਕ ਇਹ ਫ਼ੁਰਮਾਨ:--

੧੨- **ਸਲੋਕ ॥ ਨਿਰਗੁਨੀਆਰ ਇਆਨਿਆ ਸੋ ਪ੍ਰਭ ਸਦਾ ਸਮਾਲਿ ॥**
**ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥ ੧ ॥**
**ਅਸਟਪਦੀ ॥ ਰਮਈਆ ਕੇ ਗੁਨ ਚੇਤ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸ਼ਟਾਨੀ ॥**
**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ਗਰਭ ਅਗਨਿ ਮਹਿ ਜਿਨਹਿ ਉਬਾਰਿਆ॥**
**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਦ ॥**
**ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥**
**ਇਹ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥[੨੬੬]-ਅ-੪**

## ਸਰੀਰ ਸਿਰਜਣਾ ਦਾ ਜ਼ਰੂਰੀ ਪੱਖ:--

ਪ੍ਰਭੂ ਦੇ ਬਣਾਏ ਪੱਕੇ ਨਿਯਮ ਅਨੁਸਾਰ, ਪੰਜ ਤੱਤਾਂ ਦੇ ਮੇਲ ਦੁਆਰਾ ਮਾਤਾ ਦੇ ਉਦਰ ਵਿਚ ਸਰੀਰ ਬਣਦਾ ਹੈ । ਪਰ ਜਿਸ ਦੀ ਸ਼ਕਤੀ ਦੁਆਰਾ ਇਹ ਸਰੀਰ ਜਗਤ ਵਿਚ ਆਉਂਦਾ ਹੈ ਅਤੇ ਏਥੇ ਵਿਚਰਦਾ ਹੈ, ਉਹ ਜੀਵਾਤਮਾ ਪਰਮਾਤਮਾ ਦਾ ਅੰਸ਼ ਹੋਣ ਕਰਕੇ ਕਿਸੇ ਤੱਤ ਆਦਿ ਦੀ

ਬਣੀ ਹੋਈ ਨਹੀਂ ਹੁੰਦੀ। ਇਹ ਪੰਜ ਭੂਤਕ ਮਨੁੱਖਾ ਦੇਹ, ਜਗਤ ਵਿਚ ਤਦ ਹੀ ਆਉਂਦਾ ਹੈ ਜਦ ਪਰਮ-ਸੂਰਜ ਉਸ ਪਰਮਾਤਮਾ ਦੀ ਜੋਤਿ-ਰੂਪ ਕਿਰਣ " ਜੀਵਾਤਮਾ " ਇਸ ਵਿਚ ਆ ਟਿਕਦੀ ਹੈ :--

੧੩- **ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚ, ਤਾ ਤੂ ਜਗ ਮਹਿ ਆਇਆ ॥ ਹਰਿ ਆਪੇ ਮਾਤਾ
ਆਪੇ ਪਿਤਾ ਜਿਨਿ ਜੀਉ ਉਪਾਇ ਜਗਤ ਦਿਖਾਇਆ ॥ ਗੁਰ ਪਰਸਾਦੀ
ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥ ਕਹੈ ਨਾਨਕੁ
ਸ੍ਰਿਸਟਿ ਕਾ ਮੂਲੁ ਰਚਿਆ, ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥ ੩ ੩ ॥** [੯੨੧]

੪

## ਮਨੁੱਖਾ ਦੇਹ ਦੇ ਅੱਡ ਅੱਡ ਨਾਂ ਅਤੇ ਵਡਮੱਲਾ ਉਪਦੇਸ਼

### (ੳ) ਸੀਰਰ--

੧੪- **ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥ ੫ ॥**[੧੩੪੩]-੩

**ਅਰਥ:**--ਇਹ ਸਰੀਰ ਹੈ ਹੀ ਤ੍ਰੈ ਗੁਣੀ ਮਾਇਆ ਦਾ ਸਰੂਪ । (ਭਾਵ, ਇਸ ਦੇਹ ਦੇ ਇੰਦ੍ਰੇ ਸੁਤੇ ਹੀ ਮਾਇਆ ਦੇ ਮੋਹ-ਜਾਲ ਵਿਚ ਫਸ ਜਾਂਦੇ ਹਨ, ਜਿਸ ਕਾਰਨ) ਸਰੀਰ ਨੂੰ ਚਿੰਤਾ-ਫ਼ਿਕਰ ਅਤੇ ਦੁੱਖ-ਕਲੇਸ਼ ਦਬਾਈ ਰੱਖਦੇ ਹਨ । (ਹੇ ਭਾਈ !) ਉਸ ਪਰਮਾਤਮਾ ਸਾ ਸਿਮਰਨ ਕਰੋ, ਜਿਸ ਦਾ ਨਾ ਕੋਈ ਪਿਉ ਹੈ ਨਾ ਕੋਈ ਮਾਂ ਹੈ, (ਸਿਮਰਨ ਦੀ ਬਰਕਤਿ ਨਾਲ) ਅੰਦ੍ਰੋਂ ਮਾਇਆ ਦੀ ਤ੍ਰਿਸਨਾ ਹਉਮੈ ਹੰਕਾਰ ਮੁੱਕ ਜਾਂਦਾ ਹੈ । ੫ ।

### (ਅ) ਕਾਇਆ--

੧੫- **ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥ ਸਤਿਗੁਰੁ ਮਿਲੈ ਤਾ ਨਿਰਮਲ ਹੋਵੈ
ਹਰਿ ਨਾਮੋ ਮੰਨਿ ਵਸਾਇ ॥ ਨਾਨਕ ਨਾਮੁ ਧਿਆਇਆ ਸੁਖਦਾਤਾ ਦੁਖੁ ਵਿਸਰਿਆ ਸਹਿਜ ਸੁਭਾਇ ॥ ੨ ॥**[੫੮੮]-ਵਾ-੭

### (ੲ) " ਕਪੜਾ "-

ਸਤਿਗੁਰਾਂ ਨੇ ਜਪੁ ਜੀ ਸਾਹਿਬ ਦੀ ਚੌਥੀ ਪਉੜੀ ਵਿਚ ਮਨੁੱਖਾ ਦੇਹ ਨੂੰ ਬਖਸ਼ਸ਼ ਨਾਲ ਮਿਲਣ ਵਾਲਾ ਕਪੜਾ ਫੁਰਮਾਨ ਕੀਤਾ ਹੈ--" **ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ ॥**" ਅਤੇ ਫਿਰ ਗੁਰਬਾਣੀ ਵਿਚ ਇਸ ਨੂੰ ਚੋਲਾ ਅਥਵਾ ਚੋਲੀ ਕਈ ਵਾਰੀ ਲਿਖਿਆ ਹੈ:--ਸੰਨ ੧੫੨੧ ਵਿਚ ਜਦ ਐਮਨਾਂਬਾਦ ਵਿਚ ਭਾਈ ਲਾਲੋ ਨੂੰ ਸੰਬੋਧਨ ਕਰਕੇ ਤਿਲੰਗ ਰਾਗ ਵਿਚ ਸ਼ਬਦ ਉਚਾਰਿਆ ਤਾਂ ਬਾਬਰ ਦੀ ਫ਼ੌਜ ਦੇ ਹੱਥੋ ਹੋਏ ਅਤਿਆਚਾਰਾਂ ਦਾ ਜਿਕਰ ਕਰਦੇ ਸਮੇ ਮਨੁੱਖਾ **ਸਰੀਰ-ਕਪੱੜੇ** ਦੇ ਟੁਕੜੇ ਟੁਕੜੇ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ :--

੧੬- **ਸਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ, ਸਚੜਾ ਨਿਆਉ ਕਰੇਗੁ ਮਸੋਲਾ ॥
<u>ਕਾਇਆ ਕੱਪੜੁ ਟੁਕੁ ਟੁਕੁ ਹੋਸੀ</u> ਹਿਦੁਸਤਾਨੁ ਸਮਾਲਸੀ ਬੋਲਾ ॥ .... ੨ ॥** [੭੨੩]--੩-੫

**ਪਦ ਅਰਥ:**---ਮਾਸਪੁਰੀ--ਉਹ ਸ਼ਹਰ ਜਿਥੇ ਮਨੁਖਾ ਮਾਸ ਥਾਂ ਥਾਂ ਖਿਲਰਿਆ ਪਿਆ ਸੀ, ਜਿਥੇ ਲੋਥਾਂ ਦੇ ਢੇਰ ਲੱਗੇ ਪਏ ਸਨ, ਲੋਥਾਂ ਭਰਿਆ ਸ਼ਹਰ । ਆਖੁ--(ਹੇ ਭਾਈ ਲਾਲੋ ਤੂੰ ਵੀ) ਕਹੁ । ਮਸੋਲਾ--ਮਸਅਲਾ, ਅਸੂਲ ਦੀ ਗੱਲ, ਅਟੱਲ ਨਿਯਮ । ਜਿਨਿ--ਜਿਸ (ਮਾਲਕ-ਪ੍ਰਭੂ) ਨੇ । ਰੰਗਿ--ਰੰਗ ਵਿਚ, ਮਾਇਆ ਦੇ ਮੋਹ ਵਿਚ । ਰਵਾਈ--ਰਚਾਈ, ਪਰਵਿਰਤ ਕੀਤੀ । ਵਖਿ--ਵੱਖਰਾ ਹੋ ਕੇ, ਨਿਰਲੇਪ ਰਹਿ ਕੇ । ਇਕੇਲਾ--ਨਿਵੇਕਲਾ ਹੋ ਕੇ । ਸਚਾ--ਸਦਾ-ਥਿਰ, ਅਟੱਲ ਨਿਯਮ ਵਾਲਾ । ਤਪਾਵਸੁ--ਇਨਸਾਫ, ਨਿਆਂ । ਕਰੇਗੁ--ਕਰੇਗਾ, ਕਰ ਰਿਹਾ ਹੈ ।<u>ਕਾਇਆ ਕਪੜੁ--ਮਨੁੱਖਾ ਦੇਹ ਰੂਪ ਕੱਪੜਾ ।</u> ਟੁਕ ਟੁਕ--ਟੁਕੜੇ ਟੁਕੜੇ ।

### (ਸ) " ਚੋਲਾ "--

੧੭- **ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉਹੁਲਾ ॥ ਦਿਨ ਥੋੜੜੇ ਥਕੇ, ਭਇਆ ਪੁਰਾਣਾ ਚੋਲਾ ॥ ੧ ॥ ਰਹਾਉ ॥** [੨੩]-੨੪

**ਅਰਥ:**--ਹੇ ਪਿਆਰੇ ! ਜਦ ਤਕ ਨਵੀਂ ਜੁਆਨੀ ਹੈ ਤਦ ਤਕ ਆਤਮਕ ਆਨੰਦ ਲੈ ਲੈ, ਜਦੋਂ ਉਮਰ ਦੇ ਦਿਨ ਥੋਹੜੇ ਰਹਿ ਗਏ, ਸਰੀਰਕ ਚੋਲਾ ਪੁਰਾਣਾ ਹੋ ਜਾਇਗਾ (ਫਿਰ ਸਿਮਰਨ ਨਹੀਂ ਹੋ ਸਕੇਗਾ) । ੧ । ਰਹਾਉ ॥

੧੮- **ਸੰਜੋਗਿ ਮਿਲਾਏ ਸਾਧ ਸੰਗਾਏ ॥ ਕਤਹੂ ਨ ਜਾਏ ਘਰਹਿ ਬਸਾਏ ॥
ਗੁਨ ਨਿਧਾਨੁ ਪ੍ਰਗਟਿਓ <u>ਇਹ ਚੋਲੈ</u> ॥ ੧ ॥** [੧੩੦੭]-੧-੪੬

ਪਦ ਅਰਥ:---ਸੰਜੋਗਿ--ਸੰਜੋਗਾਂ ਨੇ । ਸਾਧ ਸੰਗਾਏ--ਸਾਧ ਸੰਗਤਿ ਵਿਚ । ਕਤਹੂ--ਕਿਸੇ ਵੀ ਹੋਰ ਪਾਸੇ । ਘਰਹਿ--ਘਰ ਵਿਚ ਹੀ । ਗੁਣ ਨਿਧਾਨੁ--ਗੁਣਾ ਦਾ ਖ਼ਜ਼ਾਨਾ ਪ੍ਰਭੂ ।<u>ਇਹ ਚੋਲੈ--ਇਸ ਸਰੀਰ ਵਿਚ ।</u>

੧੯- **ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ
ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥ ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ
ਭਾਇ ॥ ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥ ੧੭ ॥** [੧੪੧੪]

**ਅਰਥ:**--ਹੇ ਭਾਈ ! ਸਾਰੇ ਜੀਵ ਕਾਮ ਕ੍ਰੋਧ (ਆਦਿਕ ਵਿਕਾਰਾਂ) ਦੇ ਰੰਗ ਵਿਚ ਰੰਗਿਆ ਜਾ ਸਕਣ ਵਾਲਾ **ਸਰੀਰ-ਚੋਲਾ** ਪਹਿਨ ਕੇ ਜਗਤ ਵਿਚ ਆਉਂਦੇ ਹਨ, ਕਈ ਜੰਮਦੇ ਹਨ ਕਈ ਮਰਦੇ ਹਨ, (ਸਾਰੀ ਲੁਕਾਈ ਪਰਮਾਤਮਾਂ ਦੇ) ਹੁਕਮ ਵਿਚ ਹੀ ਜਨਮ ਮਰਨ ਦੇ ਗੇੜ ਵਿਚ ਪਈ ਹੋਈ ਹੈ । (ਜਿਤਨਾ ਚਿਰ ਜੀਵ ਦੀ) ਮਾਇਆ ਦੇ ਮੋਹ ਵਿਚ ਪ੍ਰੀਤ ਲੱਗੀ

ਹੋਈ ਹੈ (ਉਤਨਾ ਚਿਰ ਇਸ ਦਾ) ਜਨਮ ਮਰਨ ਦਾ ਗੇੜ ਮੁੱਕਦਾ ਨਹੀਂ । ਪਰਮਾਤਮਾ ਨੇ ਆਪ ਹੀ ਮੋਹ ਦੀ ਰੱਸੀ ਨਾਲ ਬੰਨ੍ਹ ਕੇ (ਸਾਰੀ ਲੁਕਾਈ ਜਨਮ ਮਰਨ ਦੇ ਗੇੜ ਵਿਚ) ਪਾਈ ਹੋਈ ਹੈ । (ਇਸ ਵਿਚੋਂ ਨਿਕਲਣ ਲਈ ਉਸ ਦੀ ਮਿਹਰ ਤੋਂ ਬਿਨਾਂ ਹੋਰ) ਕੋਈ ਉਪਾਅ ਕੀਤਾ ਨਹੀਂ ਜਾ ਸਕਦਾ । ੧੭ ।

੨੦- **ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥**
**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥ ੧ ॥**[੭੨੧]-੧-੩

**ਅਰਥ:**--ਜਿਸ ਜੀਵ-ਇਸਤ੍ਰੀ ਦੇ ਇਸ ਸਰੀਰ (-ਚੋਲੇ) ਨੂੰ ਮਾਇਆ (ਦੇ ਮੋਹ) ਦੀ ਪਾਹ ਲੱਗੀ ਹੋਵੇ, ਤੇ ਫਿਰ ਉਸ ਨੇ ਇਸ ਨੂੰ ਲੱਬ (-ਜੀਭ ਦੇ ਚਸਕੇ) ਨਾਲ ਰੰਗ ਲਿਆ ਹੋਵੇ, ਉਹ ਜੀਵ-ਇਸਤ੍ਰੀ ਖਸਮ ਪ੍ਰਭੂ ਦੇ ਚਰਨਾਂ ਵਿਚ ਨਹੀਂ ਪਹੁੰਚ ਸਕਦੀ, ਕਿਉਂਕਿ (ਜਿੰਦ ਦਾ) ਇਹ ਸਰੀਰ-ਚੋਲਾ (ਇਸ ਜੀਵਨ) ਖ਼ਸਮ-ਪ੍ਰਭੂ ਨੂੰ ਪਸੰਦ ਨਹੀਂ ਆਉਂਦਾ ।

੨੧- **ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥ ੧ ॥** [੨੩]-੨੫
ਏਥੇ " ਚੋਲੜਾ " ਦਾ ਅਰਥ ਇਸਤ੍ਰੀ ਹੈ । ਪ੍ਰਭੂ ਆਪ ਹੀ ਇਸਤ੍ਰੀ, ਆਪ ਹੀ ਸੇਜ ਹੈ ਅਤੇ ਆਪ ਹੀ ਰਾਵਣ ਵਾਲਾ ਪਤੀ ਹੈ।

**(ਹ) " ਚੋਲੀ "**

੨੨- **ਹਰਿ <u>ਚੋਲੀ ਦੇਹ</u> ਸਵਾਰੀ ਕਢਿ ਪੈਧੀ ਭਗਤਿ ਕਰਿ ॥ ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ ॥ ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥ ਸੋ ਬੂਝੈ ਇਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥ ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ ॥ ੧੧ ॥**[੬੪੬]

**ਅਰਥ:**--(ਇਹ ਮਨੁੱਖਾ) **ਸਰੀਰ, ਮਾਨੋ, ਚੋਲੀ** ਹੈ ਜੋ ਪ੍ਰਭੂ ਨੇ ਬਣਾਈ ਹੈ ਤੇ ਭਗਤੀ (-ਰੂਪ ਕਸੀਦਾ ਕੱਢ ਕੇ ਇਹ ਚੋਲੀ ਪਹਿਨਣ-ਜੋਗ ਬਣਦੀ ਹੈ । (ਇਸ ਚੋਲੀ ਨੂੰ) ਬਹੁਤ ਤਰ੍ਹਾਂ ਕਈ ਵਣਗੀਆਂ ਦਾ ਹਰੀ-ਨਾਮ ਪੱਟ ਲਗਾ ਹੋਇਆ ਹੈ, (ਇਸ ਭੇਤ ਨੂੰ) ਮਨ ਵਿਚ ਵਿਚਾਰ ਕਰ ਕੇ ਕੋਈ ਵਿਰਲਾ ਸਮਝਣ ਵਾਲਾ ਸਮਝਦਾ ਹੈ । ਇਸ ਵਿਚਾਰ ਨੂੰ ਉਹ ਸਮਝਦਾ ਹੈ, ਜਿਸ ਨੂੰ ਹਰੀ ਆਪ ਸਮਝਾਏ । ਦਾਸ ਨਾਨਕ ਇਹ ਵਿਚਾਰ ਦੱਸਦਾ ਹੈ ਕਿ ਪਰਮਾਤਮਾ ਗੁਰੂ ਦੀ ਰਾਹੀਂ (ਸਿਮਰਿਆ ਜਾ ਸਕਦਾ ਹੈ ।

**(ਕ) " ਕੱਛ "--**

੨੩- **ਕਰਿ ਸੰਜੋਗੁ ਬਨਾਈ ਕਾਛਿ ॥ ਤਿਸੁ ਸੰਗਿ ਰਹਿਓ ਇਆਨਾ ਰਾਚਿ ॥**
**ਪ੍ਰਤਿਪਾਰੈ ਨਿਤ ਸਾਰਿ ਸਮਾਰੈ ॥ ਅੰਤ ਕੀ ਬਾਰ ਊਠਿ ਸਿਧਾਰੈ ॥ ੧ ॥**[੮੯੦]-੧੩-੨੪

**(ਖ) " ਤਰਵਰ, ਰੁਖ ਅਥਵਾ ਬਿਰਖੁ "--**

੨੪- **ਤਰਵਰੁ ਕਾਇਆ, ਪੰਖਿ ਮਨੁ, ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ, ਤਿਨ ਕਉ ਫਾਸ ਨ ਰੰਚ ॥**
**ਉਡਹਿ ਤ ਬੇਗੁਲ ਬੇਗੁਲੇ, ਤਾਕਹਿ ਚੋਗ ਘਣੀ ॥ ਪੰਖ ਤੁਟੇ, ਫਾਹੀ ਪੜੀ, ਅਵਗੁਣਿ ਭੀੜ ਬਣੀ ॥**
**ਬਿਨੁ ਸਾਚੇ ਕਿਉ ਛੂਟੀਐ, ਹਰਿ ਗੁਣ ਕਰਮਿ ਮਣੀ ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥**
**ਗੁਰ ਪਰਸਾਦੀ ਛੂਟੀਐ, ਕਿਰਪਾ ਆਪਿ ਕਰੇਇ ॥ ਆਪਣੈ ਹਾਥਿ ਵਡਾਈਆ, ਜੈ ਭਾਵੈ ਤੈ ਦੇਇ ॥੩॥**[੯੩੪]-ਓ

**ਅਰਥ:**--(ਮਨੁੱਖਾ) ਸਰੀਰ ਰੁੱਖ (ਸਮਾਨ) ਹੈ, (ਇਸ) ਰੁੱਖ ਉਤੇ ਮਨ ਪੰਖੀ ਦੇ ਪੰਜ (ਗਿਆਨ ਇੰਦ੍ਰੇ) ਪੰਛੀ ਬੈਠੇ ਹਨ । (ਜੰਨ੍ਹਾਂ ਮਨੁੱਖਾਂ ਦੇ ਇਹ ਇੰਦ੍ਰੇ-ਰੂਪ ਪੰਛੀ) ਇਕ ਪ੍ਰਭੂ ਨਾਲ ਮਿਲ ਕੇ ਨਾਮ-ਰੂਪ ਫਲ ਖਾਂਦੇ ਹਨ, ਉਨ੍ਹਾਂ ਨੂੰ ਰਤਾ ਵੀ (ਮਾਇਆ ਦੀ) ਫਾਹੀ ਨਹੀਂ ਪੈਂਦੀ । (ਪਰ ਜੋ) ਕਾਹਲੀ ਕਾਹਲੀ ਉੱਡਦੇ ਹਨ ਤੇ ਬਹੁਤੇ ਚੋਗ (ਭਾਵ, ਬਹੁਤੇ ਪਦਾਰਥ) ਤੱਕਦੇ ਫਿਰਦੇ ਹਨ, (ਉਨ੍ਹਾਂ ਦੇ) ਖੰਭ ਟੁੱਟ ਜਾਂਦੇ ਹਨ (ਉਨ੍ਹਾਂ ਨੂੰ ਮਾਇਆ ਦੀ) ਫਾਹੀ ਆ ਪੈਂਦੀ ਹੈ ਤੇ (ਘਣੀ ਚੋਗ ਵਲ ਤੱਕਣ ਦੇ) ਔਗੁਣ ਬਦਲੇ ਉਨ੍ਹਾਂ ਉਤੇ ਇਹ (ਮਾਇਆ ਦੀ ਫਾਹੀ ਵਲੀ--) ਬਿਪਤਾ ਆ ਬਣਦੀ ਹੈ ।

(ਇਸ ਭੀੜ ਤੋਂ) ਪ੍ਰਭੂ (ਦੇ ਗੁਣ ਗਾਉਣ) ਤੋਂ ਬਿਨਾ ਬਚ ਨਹੀਂ ਸਕੀਦਾਂ, ਤੇ ਪ੍ਰਭੂ ਦੇ ਗੁਣਾਂ ਦਾ ਮੱਥੇ ਉਤੇ ਲੇਖ (ਪ੍ਰਭੂ ਦੀ) ਬਖ਼ਸ਼ਸ਼ ਨਾਲ ਹੀ (ਲਿਖਿਆ ਜਾ ਸਕਦਾ) ਹੈ । ਉਹ ਆਪ ਸਭ ਤੋਂ ਵਡਾ ਮਾਲਕ ਹੈ, ਆਪ ਹੀ ਮਿਹਰ ਕਰੇ ਤਾਂ ਸਤਿਗੁਰੂ ਦੀ ਕਿਰਪਾ ਨਾਲ (ਇਸ ਫਾਹੀ ਤੋਂ) ਨਿਕਲ ਸਕੀਦਾ ਹੈ । (ਗੁਣ ਗਾਉਣ ਦੀਆਂ) ਇਹ ਬਖ਼ਸ਼ਸ਼ਾਂ ਉਸ ਦੇ ਆਪਣੇ ਹੱਥ ਵਿਚ ਹਨ, ਉਸੇ ਨੂੰ ਹੀ ਦੇਂਦਾ ਹੈ ਜੋ ਉਸ ਨੂੰ ਭਾਉਂਦਾ ਹੈ । ੩੩ ।

੨੫- **ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥**
**ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ ॥ ੧੩ ॥**[੧੦੬੮]-੨-੨੪

**ਅਰਥ:**--(ਜਿਵੇਂ ਰਾਤ ਬਸੇਰੇ ਲਈ ਪੰਛੀ ਕਿਸੇ ਰੁੱਖ ਉਤੇ ਆ ਟਿਕਦੇ ਹਨ, ਇਸੇ ਤਰਹਾਂ ਇਹ) ਸਰੀਰ (ਮਾਨੋਂ) ਇਕ ਰੁੱਖ ਹੈ, (ਇਸ ਸਰੀਰ) ਵਿਚ (ਜੀਵ) ਪੰਛੀ ਦਾ ਨਿਵਾਸ ਹੈ । ਜਿਹੜੇ ਜੀਵ-ਪੰਛੀ ਗੁਰੂ ਦੇ ਸ਼ਬਦ-ਗਿਆਨ ਅਨੁਸਾਰ ਟਿਕ ਕੇ ਆਤਮਕ ਜੀਵਨ ਦੇਣ ਵਾਲੀ ਨਾਮ ਚੋਗ ਚੁਗਦੇ ਹਨ, ਉਹ ਬਿਲਕੁਲ ਬਾਹਰ ਨਹੀਂ ਭਟਕਦੇ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ, ਉਹ ਸਦਾ ਪ੍ਰਭੂ ਚਰਨਾਂ ਵਿਚ ਿ

**੨੬-** ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥
ਨਾਨਕ ਇਹੁ ਤਨੁ **ਬਿਰਖੁ** ਰਾਮ ਨਾਮੁ ਫਲੁ ਪਾਏ ਸੋਇ ॥ ੪ ॥ [੧੧੭੬]-੩-੧੫

੨੭--- **ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥**
**ਬਿਨ ਗੁਰੁ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥ ੨ ॥ [੬੬]-੩-੨੦**
(ਇਸ ਗੁਰੂ ਫ਼ੁਰਮਾਨ ਦੇ ਅਰਥ ਉੱਪਰ ਦੂਜੇ ਕਾਂਡ ਵਿਚ ਆ ਚੁੱਕੇ ਹਨ)

**(ਗ) " ਘਟ "**

੨੮- **ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ, ਘਟਿ ਕਬਹਿ ਨ ਹੋਈ ॥**
**ਤਾ ਘਟ ਮਹਿ, ਘਾਟ ਜਉ ਪਾਵਾ ॥ ਸੋ ਘਟੁ ਛਾਡਿ, ਅਵਘਟ ਕਤ ਧਾਵਾ ॥ ੧੦ ॥** [੩੪੦]-ਬਾ-ਅੱਖਰੀ

**ਅਰਥ**:--ਹਰੇਕ ਸਰੀਰ ਵਿਚ ਉਹ ਪ੍ਰਭੂ ਹੀ ਵੱਸਦਾ ਹੈ । ਜੇ ਕੋਈ ਸਰੀਰ (-ਰੂਪ ਘੜਾ) ਭੱਜ ਜਾਏ ਤਾਂ ਕਦੇ ਪ੍ਰਭੂ ਦੀ ਹੋਂਦ ਵਿਚ ਕੋਈ ਘਾਟਾ ਨਹੀਂ ਪੈਂਦਾ । ਜਦੋਂ (ਕੋਈ ਜੀਵ) ਇਸ ਸਰੀਰ ਦੇ ਅੰਦਰ ਹੀ (ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ) ਪੱਤਣ ਲੱਭ ਲੈਂਦਾ ਹੈ, ਤਾਂ ਇਸ ਪੱਤਣ ਨੂੰ ਛੱਡ ਕੇ ਉਹ ਖੱਡਾਂ ਵਿਚ ਕਿਤੇ ਨਹੀਂ ਭਟਕਦਾ ਫਿਰਦਾ ।੧੦।

੨੯- **ਕਾ ਕੀ ਮਾਤ ਪਿਤਾ ਕਹੁ ਕਾ ਕੋ, ਕਵਨ ਪੁਰਖ ਕੀ ਜੋਈ ॥**
**ਘਟ ਫੂਟੇ ਕੋਊ ਬਾਤ ਨ ਪੂਛੈ, ਕਾਢਹੁ ਕਾਢਹੁ ਹੋਈ ॥ ੨ ॥**[੪੭੮]-੯

੩੦- **ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ**
**ਨਾਮੁ ਨ ਜਪੈ ਰਸਾਇ ॥ ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥ ੫ ॥** [੫੯]-੧੦

**ਅਰਥ**:--ਜਦੋਂ ਇਕ ਰਤਾ ਜਿੰਨੇ ਸਮੇਂ ਵਾਸਤੇ ਵੀ ਪ੍ਰਭੂ ਦੀ ਯਾਦੋਂ ਭੁੱਲ ਜਾਂਦਾ ਹੈ, ਤਾਂ ਦੁਖ ਆ ਘੇਰਦਾ ਹੈ ਤੇ ਜੀਵ ਦਾ ਸੁਖ ਅਨੰਦ ਜਾਂਦਾ ਰਹਿੰਦਾ ਹੈ । ਸੜ ਜਾਏ ਉਹ ਸੜਨ ਜੋਗੀ ਜੀਭ ਜੋ ਸੁਆਦ ਨਾਲ ਪ੍ਰਭੂ ਦਾ ਨਾਮ ਨਹੀਂ ਜਪਦੀ । (ਸਿਮਰਨ ਹੀਨ ਬੰਦੇ ਦਾ ਜਦੋਂ) ਸਰੀਰ ਨਾਸ ਹੁੰਦਾ ਹੈ, ਤਾਂ ਉਸ ਨੂੰ ਬਹੁਤ ਦੁਖ ਵਿਆਪਦਾ ਹੈ, ਜਮਾਂ ਦੇ ਆਉਣ ਤੇ (ਭਾਵ, ਮੌਤ ਦਾ ਸਮਾ ਨੇੜੇ ਆਇਆ ਵੇਖ ਕੇ) ਉਹ ਪਛਤਾਉਂਦਾ ਹੈ,(ਪਰ ਉਸ ਵੇਲੇ ਪਛਤਾਉਂਣ ਦਾ ਕੀ ਲਾਭ ?

੩੧- ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ **ਘਟ ਘਟ ਅੰਤਰਿ** ਪਾਰਬ੍ਰਹਮੁ ਨਮਸਕਾਰਿਆ ॥
ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ, ਨਾਨਕ ਇਹ ਮਤਿ ਸਾਰੀ ਜੀਉ ॥ ੪ ॥[੧੦੮]-੩੯-੪੬

੩੨- **ਘਟਿ ਘਟਿ** ਰਮਈਆ ਰਮਤ ਰਾਮਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥
ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥ ੨ ॥[੧੭੨]-੧੦-੨੪-੬੨

੩੩- **ਘਟ ਘਟ ਮੈ ਹਰਿ ਜੂ ਬਸੈ** ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥ ੧੨ ॥[੧੪੨੭]

**(ਘ) ਨਗਰ ਜਾਂ ਨਗਰੀ**--

੩੪- ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ
ਮੇਰਾ ॥ ੧ ॥ ਰਹਾਉ ॥ **ਨਗਰ** ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ
ਬਸੇਰਾ ॥ ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰ ਕਹ ਕਹ ਚੇਰਾ ॥ ੧ ॥[੮੨੭]-੨-੧੧੭

੩੫- **ਕਾਇਆ ਨਗਰਿ** ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ ਕਰਪਫਾ ॥
ਹਲਤਿ ਪਲਤਿ ਜਨ ਭਏ ਸੁਹੇਲੇ ਮੁਖ ਊਜਲ ਗੁਰਮੁਖਿ ਤਰਫਾ ॥ ੨ ॥[੧੩੩੬]-੫

੩੬- **ਕਾਂਇਆ ਨਗਰਿ** ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥ ੧ ॥[੧੧੯੧]-੧-੯

੩੭- ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
**ਕਾਇਆ ਨਗਰੁ** ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥ ੩ ॥[੧੦੨੧]-੨

੩੮- **ਕਾਇਆ ਨਗਰੁ** ਢਹੈ ਢਹਿ ਢੇਰੀ ॥ ਬਿਨੁ ਸਬਦੈ ਚੂਕੈ ਨਹੀ ਫੇਰੀ ॥
ਸਾਚੁ ਸਲਾਹੇ ਸਾਚਿ ਸਮਾਵੈ , ਜਿਨਿ ਗੁਰਮੁਖਿ ਏਕੋ ਜਾਤਾ ਹੇ ॥ ੧੫ ॥[੧੦੫੨]-੮

੩੯- **ਨਗਰੀ ਨਾਇਕੁ** ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ
ਸਾਚਉ ਚਤੁਰੁ ਸਰੂਪ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥ ੭ ॥[੧੦੧੦]-੩

੪੦- **ਕਾਇਆ ਨਗਰੀ** ਸਬਦੇ ਖੋਜੇ ਨਾਮੁ ਨਵੰਨਿਧਿ ਪਾਈ ॥ ੨੨ ॥ [੯੧੦]-੨

੪੧- **ਨਗਰੀ ਨਾਇਕ** ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ
ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥ ੭ ॥[੧੦੧੦]-੩

੪੨- **ਨਗਰੀ ਏਕੈ** ਨਉ ਦਰਵਾਜੇ, ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ, ਦਸਵਾ ਦਰੁ ਖੂਲੈ, ਤਾ ਮਨੁ ਖੀਵਾ ਭਾਈ ॥ ੩ ॥ [੧੧੨੩]-੩

੪੩- ਛਪਨ ਕੋਟਿ ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥
ਲਟ ਛੂਟੀ ਵਰਤੈ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥ ੫ ॥ [੧੧੬੩]-੨-੧੮-੨੦

**੪੪-** ਕਬੀਰਾ ਧੂਰਿ ਸਕੇਲ ਕੈ, **ਪੁਰੀਆ ਬਾਂਧੀ ਦੇਹ** ॥ ਦਿਵਸ ਚਾਰਿ ਕੋ ਕੇਖਨਾ, ਅੰਤਿ ਖੇਹ ਕੀ ਖੇਹ ॥ ੧੭੮ ॥[੧੩੭੪]

**(ਙ)** ਗੁਫ਼ਾ--

੪੫- ਇਸੁ **ਗੁਫਾ** ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥ ੧ ॥[੧੨੪]-੨੪-੨੫

**(ਚ) ਘਰੁ**-

੪੬- **ਘਰੈ** ਅੰਦਰਿ ਕੋ ਘਰੁ ਪਾਏ ॥ ਗੁਰ ਕੈ ਸਬਦੇ ਸਹਜਿ ਸੁਭਾਏ ॥

ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥ ੧੦ ॥[੧੦੬੮]-੨-੨੪

(ਛ) ਗ੍ਰਿਹ-

੪੭- ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥[੧੯੨]-੨੦-੮੯

(ਜ) ਮੜਾ-

੪੮- ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ ॥ ਖਿਨੁ ਆਵੈ ਖਿਨੁ ਜਾਵੈ ਦੁਰਗੰਧ <u>ਮੜੈ</u> ਚਿਤੁ ਲਾਇਆ ਰਾਮ ॥ ਲਾਇਆ ਦੁਰਗੰਧ <u>ਮੜੈ</u> ਚਿਤ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ ॥ ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ ॥ ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ ॥ ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥ ੨ ॥[੪੪੨]-੧-੮

੪੯- .... ਰੂਪ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥

ਰਕਤੁ ਬਿੰਦ ਕੀ **ਮੜੀ ਨ** ਹੋਤੀ ਮਿਤਿ ਕੀਮਤਿ ਨਹੀ ਪਾਈ ॥ ... ੬੬॥ [੯੪੫]

(ਝ) ਭਾਂਡਾ-

੫੦- ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੂ ਪੰਜਿ ਰਲਾਇ ਕੂੜਾ ਪਾਜਿਆ ॥

ਭਾਂਡਾ ਆਣਗੁ ਰਾਸਿ ਜਾਂ ਤਿਸ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥ ੧੪ ॥ [੧੪੧੧]

(ਞ) ਖੂਹੀ

੫੧- ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ, ਭਰੈ ਮਤਿ ਹਾਰੀ ॥

ਕਹੁ ਕਬੀਰ, ਇਕ ਬੁਧਿ ਬੀਚਾਰੀ ॥ ਨਾ ਓਹੁ ਕੂਅਟਾ ਨਾ ਪਨਿਹਾਰੀ ॥ ੪ ॥[੩੨੫]-੧੨

**ਪਦ ਅਰਥ**:--ਕੂਅਟ=ਨਿੱਕਾ ਜਿਹਾ ਖੂਹ, ਖੂਹੀ, ਸਰੀਰ-ਰੂਪ ਖੂਹੀ, ਸਰੀਰ ਦਾ ਮੋਹ-ਰੂਪ ਖੂਹੀ । ਪਨਿਹਾਰੀ=ਪਾਣੀ ਭਰਨ ਵਾਲੀਆਂ, ਚਰਖੜੀਆਂ, ਪੰਜੇ ਗਿਆਨ ਇੰਦ੍ਰੇ, ਜੋ ਆਪੋ ਆਪਣੇ ਤਰੀਕੇ ਨਾਲ ਸਰੀਰ ਵਿਚੋਂ ਸੱਤਿਆ ਖਿੱਚੀ ਜਾਂਦੇ ਹਨ । ਮਤਿ ਹਾਰੀ=ਹਾਰੀ ਹੋਈ ਮਤਿ, ਭੈੜੀ ਮਤਿ, ਦੁਰਮਤਿ, ਅਵਿਦਿਆ ਵਿਚ ਵੱਸੀ ਹੋਈ ਮੱਤ । ਭਰੈ=ਭਰ ਰਹੀ ਹੈ । ਲਾਜੁ=ਲੱਜ ।ਟੂਟੀ ਲਾਜੁ ਭਰੈ=ਟੁੱਟੀ ਹੋਈ ਲੱਜ ਵਰਤ ਕੇ ਪਾਣੀ ਭਰ ਰਹੀ ਹੈ, (ਭਾਵ,ਪਾਣੀ ਭਰਨ ਦਾ ਵਿਆਰਥ ਯਤਨ ਕਰ ਰਹੀ ਹੈ,, ਪਾਣੀ ਨਹੀਂ ਮਿਲਦਾ)। ਲੱਜ ਟੁਟੀ ਹੋਣ ਤੋਂ ਭਾਵ,, ਗਿਆਨ ਦੀ ਅਣਹੋਂਦ ਹੈ । ੪ ।

(ਚ) ਗਡੀਆ

੫੨- ਪੰਚ ਬੈਲ **ਗਡੀਆ ਦੇਹ** ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥

ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥ ੨ ॥[੮੭੯]-੧੧

[ਅਜੇਹੇ ਕੁਝ ਹੋਰ ਗੁਰੂ ਫ਼ੁਰਮਾਨਾ ਦੀ ਸੂਚੀ ਵਿਚ ੮੩ ਗੁਰੂ ਸ਼ਬਦ ਲਿਕ ਰੱਖੇ ਹਨ]-

## ੫

## ਮਨੁੱਖਾ ਦੇਹ ਦੁਰਲੱਭ

੫੩- **ਦੁਲਭ ਦੇਹ** ਜਪਿ ਹੋਤ ਪੁਨੀਤਾ ਜਮ ਕੀ ਤ੍ਰਾਸ ਨਿਵਾਰੈ ॥

ਮਹਾ ਪਤਤਿ ਕੇ ਪਾਤਿਕ ਉਤਰਹਿ ਹਰਿਨਾਮਾ ਉਰਿ ਧਾਰੈ ॥ ੧ ॥[੧੨੦੮]-੪-੨੩

**ਅਰਥ**:--ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਉਂਦਾ ਹੈ, ਨਾਮ ਜਪ ਕੇ ਉ:ਸ ਦਾ ਦੁਰਲੱਭ ਮਨੁੱਖਾ ਸਰੀਰ ਪਵਿੱਤਰ ਹੋ ਜਾਂਦਾ ਹੈ, (ਨਾਮ ਉਸ ਦੇ ਅੰਦਰੋਂ) ਜਮਾ ਦਾ ਡਰ ਦੂਰ ਕਰ ਦਿੰਦਾ ਹੈ । ਨਾਮ ਦੀ ਬਰਕਤਿ ਨਾਲ ਵਡੇ ਵਡੇ ਵਿਕਾਰੀਆਂ ਦੇ ਪਾਪ ਲਹਿ ਜਾਂਦੇ ਹਨ । ੧ ।

੫੪- ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ ॥

ਜੋਤਿ ਪ੍ਰਗਾਸ ਭਈ ਮਾਟੀ ਸੰਗਿ **ਦੁਲਭ ਦੇਹ** ਬਖਾਨਿਓ ॥ ੧ ॥[੧੨੧੬]-੩੯-੬੨

**ਅਰਥ**:--(ਰਕਤ ਬਿੰਦ ਦਾ) ਜੀਵ ਦਾ ਗੰਦਾ ਜਿਹਾ ਮੁੱਢ ਆਖਿਆ ਜਾਂਦਾ ਹੈ (ਪਰ ਇਸ ਗੰਦੇ ਮੂਲ ਤੋਂ ਵੀ) ਕੈਸੀ ਸੋਹਣੀ ਸ਼ਕਲ ਦਿੱਸ ਪੈਂਦੀ ਹੈ । ਜਦੋਂ ਮਿੱਟੀ ਦੇ ਅੰਦਰ (ਪ੍ਰਭੂ ਦੀ) ਜੋਤਿ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਸ ਨੂੰ ਦੁਰਲੱਭ (ਮਨੁੱਖਾ) ਸਰੀਰ ਆਖੀਦਾ ਹੈ । ੧ ।

੫੫- ਕੋਟਿ ਜਨਮ ਕੇ ਰਹੇ ਭਵਾਰੇ ॥ **ਦੁਲਭ ਦੇਹ ਜੀਤੀ** ਨਹੀ ਹਾਰੇ ॥ ੧ ॥

ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥ ਭਏ ਪੁਨੀਤ ਸੰਤਨ ਕੀ ਧੂਰਿ ॥ ੧ ॥ ਰਹਾਉ ॥[੩੮੭]-੧੪-੬੫

**ਅਰਥ**:--(ਹੇ ਭਾਈ ! ਜਿੰਨ੍ਹਾਂ ਵਡ-ਭਾਗੀ ਮਨੁੱਖਾਂ ਨੂੰ) ਸੰਤ ਜਨਾਂ ਦੇ ਚਰਨਾਂ ਦੀ ਧੂੜ (ਮਿਲ ਗਈ ਉਹ) ਪਵਿਤ੍ਰ ਜੀਵਨ ਵਾਲੇ ਹੋ ਗਏ, (ਉਨ੍ਹਾਂ ਦੇ ਸਾਰੇ) ਦੁਖ ਕਲੇਸ਼ ਦੂਰ ਹੋ ਗਏ । ੧ । ਰਹਾਉ । (ਉਨ੍ਹਾਂ ਭਾਗਾਂ ਵਾਲਿਆਂ ਦੇ) ਕ੍ਰੋੜਾਂ ਜਨਮਾਂ ਦੇ ਗੇੜੇ ਮੁੱਕ ਗਏ, ਉਨ੍ਹਾਂ ਨੇ ਮੁਸ਼ਕਲ ਨਾਲ ਮਿਲੇ ਇਸ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਲਈ, (ਉਨ੍ਹਾਂ ਨਰ ਮਾਇਆ ਦੇ ਹੱਥੋਂ) ਹਾਰ ਨਹੀਂ ਖਾਧੀ । ੧ ।

੫੬- ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥

ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥ ੬ ॥[੫੬੫]-੨

੫੭- ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥ ੧ ॥ ਰੇ ਮੂੜੇ ਤੂ ਹੋਛੈ ਰਸਿ

ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ ੧ ॥ ਰਹਾਉ ॥[੧੦੧੭]-੧

੫੮-/੧੧੬ **ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ ੩੦ ॥** [੧੩੬੬]

੬

## ਮਨੁਖਾ ਦੇਹ ਕੋਟੁ, ਗੜ੍ਹ (ਕਿਲ੍ਹਾ)

੫੯- **ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥ ੧ ॥ ਰਹਾਉ ॥ ਪਾਂਚ ਪਚੀਸ ਮੋਹ ਮਦ ਮਤਸਰ, ਆਡੀ ਪਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ, ਕਹਾ ਕਰਉ ਰਘੁਰਾਇਆ ॥ ੧ ॥ ਕਾਮੁ ਕਿਵਾਰੀ, ਦੁਖੁ ਸੁਖੁ ਦਰਵਾਨੀ, ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ, ਤਹ ਮਨੁ ਮਾਵਾਸੀ ਰਾਜਾ ॥ ੨ ॥ ਸ੍ਵਾਦ ਸਨਾਹ, ਟੋਪੁ ਮਮਤਾ ਕੋ, ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ, ਇਉ ਗਢੁ ਲੀਓ ਨ ਜਾਈ ॥ ੩ ॥ ਪ੍ਰੇਮ ਪਲੀਤਾ, ਸੁਰਤਿ ਹਵਾਈ, ਗੋਲਾ ਗਿਆਨੁ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ, ਏਕਹਿ ਚੋਟ ਸਿਝਾਇਆ ॥ ੪ ॥ ਸਤੁ ਸੰਤੋਖੁ ਲੈ ਲਰਨੇ ਲਾਗਾ, ਤੋਰੇ ਦੁਇ ਦਰਵਾਜਾ ॥ ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ, ਪਕਰਿਓ ਗਢ ਕੋ ਰਾਜਾ ॥ ੫ ॥ ਭਗਵਤ ਭੀਰਿ ਸਕਤਿ ਸਿਮਰਨ ਕੀ, ਕਟੀ ਕਾਲ ਭੈ ਫਾਸੀ ॥ ਦਾਸੁ ਕਮੀਰੁ ਚੜਿਓ ਗੜ੍ਹ ਊਪਰਿ, ਰਾਜੁ ਲੀਓ ਅਬਿਨਾਸੀ ॥ ੬ ॥** [੧੧੬੧]-੯-੧੭

**ਅਰਥ:**--ਇਹ (ਸਰੀਰ-ਰੂਪ) ਪੱਕਾ ਕਿਲ੍ਹਾ ਕਾਬੂ ਕਰਨਾ ਬਹੁਤ ਔਖਾ ਹੈ । ਇਸ ਦੇ ਦੁਆਲੇ ਦਵੈਤ ਦੀ ਦੋਹਰੀ ਫ਼ਸੀਲ (Rampart) ਤੇ ਤਿੰਨ ਗੁਣਾ (ਮਾਇਆ ਮੋਹ) ਦੀ ਤੇਹਰੀ ਖਾਈ ਹੈ **। ੧ । ਰਹਾਉ ।** ਬਲ ਵਾਲੀ ਮਾਇਆ ਦਾ ਆਸਰਾ ਲੈ ਕੇ ਪੰਜ ਕਾਮਾਦਿਕ, ਪੰਝੀ ਤੱਤ, ਮੋਹ, ਹੰਕਾਰ, ਈਰਖਾ (ਦੀ ਫ਼ੌਜ ਲੜਨ ਨੂੰ ਤਿਆਰ ਹੈ) । ਹੇ ਪ੍ਰਭੂ ਗ਼ਰੀਬ ਦੀ ਕੋਈ ਪੇਸ਼ ਨਹੀਂ ਜਾਂਦੀ, (ਦੱਸ) ਮੈਂ ਕੀ ਕਰਾਂ ? **। ੧ ।** ਕਾਮ (ਇਸ ਕਿਲ੍ਹੇ ਦੇ) ਬੂਹੇ ਦਾ ਮਾਲਕ ਹੈ, ਦੁਖ ਤੇ ਸੁਖ ਪਹਿਰੇਦਾਰ ਹਨ, ਪਾਪ ਤੇ ਪੁੰਨ (ਕਿਲ੍ਹੇ ਦੇ) ਦਰਵਾਜ਼ੇ ਹਨ, ਬੜਾ ਲੜਾਕਾ ਕ੍ਰੋਧ (ਕਿਲ੍ਹੇ ਦਾ) ਚੌਧਰੀ ਹੈ । ਅਜਿਹੇ ਕਿਲ੍ਹੇ ਵਿਚ ਮਨ ਰਾਜਾ ਆਕੀ ਹੋ ਕੇ ਬੈਠਾ ਹੈ **। ੨ ।** (ਜੀਭ ਦੇ) ਚਸਕੇ (ਮਨ-ਰਾਜੇ ਨੇ) ਸੰਜੋਅ (Armor) (ਪਹਿਨੀ ਹੋਈ ਹੈ), ਮਮਤਾ ਦਾ ਟੋਪ (ਪਾਇਆ ਹੋਇਆ ਹੈ) , ਭੈੜੀ ਮੱਤ ਦੀ ਕਮਾਨ ਕੱਸੀ ਹੋਈ ਹੈ, ਤ੍ਰਿਸਨਾ ਦੇ ਤੀਰ ਅੰਦਰ ਹੀ ਅੰਦਰ ਕੱਸੇ ਹੋਏ ਹਨ । ਅਜਿਹਾ ਕਿਲ੍ਹਾ ਮੈਥੋਂ ਜਿੱਤਿਆ ਨਹੀਂ ਜਾ ਸਕਦਾ । ੩ ।

(ਪਰ ਜਦੋਂ ਮੈਂ ਪ੍ਰਭੂ-ਚਰਨਾਂ ਦੇ) ਪ੍ਰੇਮ ਦਾ ਪਲੀਤਾ ਲਾਇਆ, (ਪ੍ਰਭੂ-ਚਰਨਾਂ ਵਿਚ ਜੁੜੀ) ਸੁਰਤ ਨੂੰ ਹਵਾਈ ਬਣਾਇਆ, (ਗੁਰੂ ਦੇ ਬਖ਼ਸ਼ੇ) ਗਿਆਨ ਦਾ ਗੋਲਾ ਚਲਾਇਆ, ਸਹਿਜ ਅਵਸਥਾ ਵਿਚ ਅੱਪੜ ਕੇ ਅੰਦਰ ਰੱਬੀ-ਜੋਤਿ ਜਗਾਈ, ਤਾਂ ਇਕੋ ਹੀ ਸੱਟ ਨਾਲ ਕਾਮਯਾਬੀ ਹੋ ਗਈ **। ੪ ।** ਸਤ ਤੇ ਸੰਤੋਖ ਲੈ ਕੇ ਮੈਂ (ਉਸ ਫ਼ੌਜ ਦੇ ਟਾਕਰੇ ਤੇ) ਲੜਨ ਲੱਗ ਪਿਆ, ਦੋਵੇਂ ਦਰਵਾਜ਼ੇ ਮੈਂ ਭੰਨ ਲਏ, ਸਤਿਗੁਰੂ ਤੇ ਸਤਸੰਗਤਿ ਦੀ ਮਿਹਰ ਨਾਲ ਮੈਂ ਕਿਲ੍ਹੇ ਦਾ (ਆਕੀ ਮਨ-) ਰਾਜਾ ਕਾਬੂ ਕਰ ਲਿਆ **। ੫ ।** ਸਤਸੰਗਤ ਤੇ ਸਿਮਰਨ ਦੇ ਬਲ ਨਾਲ ਮੈ ਕਾਲ ਦੀ ਫਾਹ, ਅਤੇ ਦੁਨੀਆਂ ਦੇ ਡਰਾਂ ਦੀ ਫਾਹੀ, ਵੱਢ ਲਈ ਹੈ । ਪ੍ਰਭੂ ਦਾ ਦਾਸ ਕਬੀਰ ਹੁਣ ਕਿਲ੍ਹੇ ਦੇ ਉੱਪਰ ਚੜ੍ਹ ਬੈਠਾ ਹੈ (ਸਰੀਰ ਨੂੰ ਵੱਸ ਕਰ ਚੁਕਿਆ ਹੈ), ਤੇ ਕਦੇ ਨਾ ਨਾਸ ਹੋਣ ਵਾਲੀ ਆਤਮਕ ਬਾਦਸ਼ਾਹੀ ਲੈ ਚੁੱਕਾ ਹਾਂ । ੬ ।

੬੦- **ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥**
**ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥**
**ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥ ੧੩ ॥**[੭੮੯]-ਵਾਰ

**ਅਰਥ:**--ਇਹ ਮਨੁੱਖਾ-ਸਰੀਰ (ਮਾਨੋ) ਕਿਲ੍ਹਾ ਹੈ ਜੋ ਸੱਚੇ ਪ੍ਰਭੂ ਨੇ ਆਪ ਬਣਾਇਆ ਹੈ, (ਪਰ ਇਸ ਕਿਲ੍ਹੇ ਵਿਚ ਰਹਿੰਦੇ ਹੋਏ ਵੀ) ਕਈ ਜੀ ਮਾਇਆ ਦੇ ਮੋਹ ਵਿਚ ਪਾ ਕੇ ਉਸ ਨੇ ਆਪ ਹੀ ਕੁਰਾਹੇ ਪਾ ਦਿੱਤੇ ਹਨ, ਉਹ (ਵਿਚਾਰੇ) ਹਉਮੈ ਵਿਚ ਫਸੇ ਪਏ ਹਨ । ਇਹ ਮਨੁੱਖਾ ਜਨਮ ਬੜੀ ਮੁਸ਼ਕਲ ਨਾਲ ਲੱਭਾ ਸੀ, ਪਰ ਮਨ ਦੇ ਪਿਛੇ ਤੁਰ ਕੇ ਜੀਵ ਦੁਖੀ ਹੋ ਰਹੇ ਹਨ, (ਇਹ ਸਰੀਰ ਪ੍ਰਾਪਤ ਕਰ ਕੇ ਕੀ ਕਰਨਾ ਸੀ-) ਇਹ ਸਮਝ ਉਸ ਨੂੰ ਆਉਂਦੀ ਹੈ ਜਿਸ ਨੂੰ ਪ੍ਰਭੂ ਆਪ ਸਮਝ ਬਖ਼ਸ਼ੇ ਤੇ ਸਤਿਗੁਰੂ ਥਾਪਣਾ ਦੇਵੇ । (ਪਰ ਕਿਸੇ ਨੂੰ ਨਿੰਦਿਆ ਵੀ ਨਹੀਂ ਜਾ ਸਕਦਾ) ਇਹ ਸਾਰਾ ਜਗਤ ਉਸ ਪ੍ਰਭੂ ਨੇ ਇਕ ਖੇਡ ਬਣਾਈ ਹੈ ਤੇ ਇਸ ਵਿਚ ਹਰ ਥਾਂ ਆਪ ਹੀ ਮੌਜੂਦ ਹੈ । ੧੩ ।

੬੧- **ਕਾਇਆ ਕੋਟੁ ਅਤਿ ਅਪਾਰਾ ॥ ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥**
**ਸਚਾ ਨਿਆਉ ਸਚੋ ਵਾਪਾਰਾ ਨਿਹਚਲ ਵਾਸਾ ਪਾਇਦਾ ॥ ੧੪ ॥**[੧੦੬੪]-੬-੨੦

੬੨- **ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥ ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ ਕਿਉ ਸਾਸਿ ਗਿਰਾਸਿ ਵਿਸਾਰੀਐ ॥ ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥ ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥ ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥ ੪ ॥**[੧੧੧੪]-੧

੬੩- **ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ ॥ ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥**
**ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥ ੧੩ ॥**[੧੦੫੩]-੯

**ਅਰਥ:**--ਇਸ ਸਰੀਰ-ਕਿਲ੍ਹੇ ਵਿਚ (ਮਨ ਗਿਆਨ ਇੰਦ੍ਰੇ ਆਦਿਕ) ਕਈ ਹੱਟ ਹਨ (ਜਿਥੇ ਪਰਮਾਤਮਾ ਦੇ ਨਾਮ-ਵੱਖਰ ਦਾ ਸੌਦਾ ਕੀਤਾ ਜਾ ਸਕਦਾ ਹੈ) । ਇਸ (ਸਰੀਰ-ਕਿਲ੍ਹੇ) ਦੇ ਵਿਚ ਹੀ ਪ੍ਰਭੂ ਦਾ ਬਹੁਤ ਕੀਮਤੀ ਨਾਮ-ਪਦਾਰਥ ਹੈ । ਜਿਹੜਾ ਮਨੁੱਖ ਗੁਰੂ ਦੇ ਸਬਦ-ਗਿਆਨ ਦੀ ਰਾਹੀਂ (ਨਾਮ-ਵੱਖਰ ਖ਼ਰੀਦਦਾ ਹੈ, ਉਹ ਮਨੁੱਖ) ਪਰਮਾਤਮਾ ਦੇ ਦਰ ਤੇ ਸਦਾ ਆਦਰ ਪਾਉਂਦਾ ਹੈ, (ਆਪਣੇ ਅੰਦਰੋਂ) ਹਉਮੈ ਦੂਰ ਕਰ ਕੇ ਉਹ ਮਨੁੱਖ ਇਸ ਨਾਮ-ਰਤਨ ਦੀ) ਕਦਰ ਸਮਝਦਾ ਹੈ । ੧੩ ।

੬੪- **ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥ ੧ ॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ**

**ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥ ੨ ॥ ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥ ੩ ॥**[੧੦੩੩]-੧-੧੩

**ਅਰਥ:**--(ਲੋਕ ਆਪਣੇ ਵੱਸਣ ਵਾਸਤੇ ਸ਼ਹਰ ਵਸਾਉਂਦੇ ਹਨ ਤੇ ਰਾਖੀ ਵਾਸਤੇ ਕਿਲ੍ਹੇ ਬਣਾਉਂਦੇ ਹਨ, ਇਨ੍ਹਾਂ ਸ਼ਹਿਰਾਂ ਤੇ ਕਿਲ੍ਹਿਆਂ ਦੀ ਗਿਣਤੀ) ਵਿਚ (ਮਨੁੱਖਾ) ਸਰੀਰ ਵੀ ਇੱਕ ਸ਼ਹਿਰ ਹੈ (ਇਹ ਸ਼ਹਰਿ ਪਰਮਾਤਮਾ ਤੇ ਆਪਣੇ ਵੱਸਣ ਲਈ ਵਸਾਇਆ ਹੈ), ਇਸ ਸ਼ਹਿਰ ਵਿਚਲੇ ਦਸਮ [ਗਗਨੰਦਰਿ-ਆਕਾਸ਼ ਵਿਚ, ਚਿਤ-ਆਕਾਸ਼ ਵਿਚ, ਦਿਮਾਗ਼ ਵਿਚ] ਦੁਆਰ ਵਿਚ ਸਦਾ-ਥਿਰ ਪ੍ਰਭੂ ਦਾ ਨਿਵਾਸ ਹੈ । ਉਹ ਪਰਮਾਤਮਾ ਪਵਿਤ੍ਰ-ਸਰੂਪ ਹੈ ਉਸ ਦਾ ਟਿਕਾਣਾ ਸਦਾ ਕਾਇਮ ਰਹਿਣ ਵਾਲਾ ਹੈ ਉਹ ਆਪ ਹੀ ਆਪਣੇ ਆਪ ਨੂੰ (ਸਰੀਰਾਂ ਦੇ ਰੂਪ ਵਿਚ) ਪਰਗਟ ਕਰਦਾ ਹੈ । ੧ । **ਸਹਸ ਮੂਰਤਿ ਨਨਾ ਏਕ ਤੋੁਹੀ ॥**?

ਇਸ (ਸਰੀਰ-) ਕਿਲ੍ਹੇ ਦੇ ਅੰਦਰ ਹੀ, ਮਾਨੋ, ਛੱਜੇ ਤੇ ਬਾਜ਼ਾਰ ਹਨ ਜਿਨ੍ਹਾਂ ਵਿਚ ਪ੍ਰਭੂ ਆਪ ਹੀ ਸੌਦਾ ਖ਼ਰੀਦਦਾ ਹੈ ਤੇ ਸਾਂਭਦਾ ਹੈ । (ਮਾਇਆ ਦੇ ਮੋਹ ਦੇ) ਕਰੜੇ ਕਵਾੜ ਵੀ ਅੰਦਰ ਜੜੇ ਪਏ ਹਨ, ਪਰਮਾਤਮਾ ਆਪ ਹੀ ਇਹ ਕਵਾੜ ਬੰਦ ਕਰਨੇ ਜਾਣਦਾ ਹੈ ਆਪ ਹੀ ਗੁਰੂ ਦੇ ਸ਼ਬਦ (-ਗਿਆਨ) ਵਿਚ (ਜੀਵ ਨੂੰ ਜੋੜ ਕੇ ਕਵਾੜ) ਖੁਲ੍ਹਾ ਦਿੰਦਾ ਹੈ **। ੨ ।** ਇਸ ਸਰੀਰ ਕਿਲ੍ਹੇ ਗੁਫ਼ਾ ਵਿਚ ਪਰਮਾਤਾਮਾ ਦੀ ਰਹੈਸ਼ ਦਾ ਥਾਂ ਹੈ । ਰਜ਼ਾ ਦੇ ਮਾਲਕ ਪ੍ਰਭੂ ਨੇ ਆਪਣੇ ਹੁਕਮ ਵਿਚ ਹੀ (ਇਸ ਕਿਲ੍ਹੇ ਵਿਚ) ਨੌਂ ਘਰ (ਭਾਵ, ਨੌ ਗੋਲਕਾਂ, ਨੌ ਇੰਦ੍ਰੇ) ਬਣਾ ਦਿੱਤੇ ਹਨ (ਜੋ ਪਰਤੱਖ ਦਿਸਦੇ ਹਨ) ਦਸਵੇਂ ਘਰ ਵਿਚ (ਜੋ ਗੁਪਤ ਹੈ) ਸਰਬ-ਵਿਆਪਕ ਲੇਖੇ ਤੋਂ ਰਹਿਤ ਤੇ ਬੇਅੰਤ ਪ੍ਰਭੂ ਆਪ ਵੱਸਦਾ ਹੈ । ਉਹ ਅਦ੍ਰਿਸ਼ਟ ਪ੍ਰਭੂ ਆਪ ਹੀ ਆਪਣੇ ਆਪ ਦਾ ਦਰਸ਼ਨ ਕਰਾਉਂਦਾ ਹੈ । ੩ ।

ਜਿਸ ਦੁਰਲਭ ਸਰੀਰ ਦੇ ਨਾਸ ਹੋਣ ਜਾਣ ਦੀ ਘੜੀ ਨੂੰ ਭੁਲਾ ਕੇ ਜੀਵ ਨੇ ਇਸ ਨਾਲ ਮੋਹ ਪਾ ਲਿਆ ਹੈ ਅਥਵਾ ਇਹ ਭੁੱਲ ਕੇ ਕਿ ਇਹ ਦੇਹ ਸਾਨੂੰ ਕਿਸ ਪ੍ਰਾਪਤੀ ਲਈ ਮਿਲੀ ਹੈ, ਅਤੇ ਮਨੁੱਖ ਜਿਸ ਦੇਹ ਦਾ ਹੰਕਾਰ ਕਰ ਰਿਹਾ ਹੈ ਉਸ ਸਰੀਰ ਕਿਲ੍ਹੇ ਦੀ ਅਸਲੀਯਤ ਸਮਝਾ ਕੇ ਪੰਚਮ ਗੁਰੂ ਨਾਨਕ ਸਾਹਿਬ ਜੀ ਪ੍ਰਾਣੀ ਮਾਤ੍ਰ ਨੂੰ ਵਡਮੁੱਲਾ ਉਪਦੇਸ਼ ਦੇ ਰਹੇ ਹਨ:--

੬੫- **ਕਾਚ ਕੋਟੰ, ਰਚੰਤਿ ਤੋਯੰ, ਲੇਪਨੰ ਰਕਤ ਚਰਮਣਹ ॥ ਨਵੰ ਤ ਦੁਆਰੰ, ਭਿਤ ਰਹਿਤੰ ਬਾਇ ਰੂਪੰ ਅਸਥੰਭਨਹ ॥ ਗੋਬਿੰਦ ਨਾਮੰ ਨਹ ਸਿਮਰੰਤਿ, ਅਗਿਆਨੀ ਜਾਨੰਤਿ ਅਸਥਿਰੰ ॥ ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ ॥ ਹਰਿ ਹਰਿ, ਹਰਿ ਹਰਿ ਹਰਿ ਹਰੇ ਜਪੰਤਿ ॥ ੪ ॥**[੧੩੫੪]

**ਅਰਥ:--(**ਇਸ ਸਰੀਰ ਕੱਚਾ ਕਿਲ੍ਹਾ ਹੈ, (ਜੋ) ਪਾਣੀ (ਭਾਵ, ਵੀਰਜ) ਦਾ ਬਣਿਅ ਹੋਇਆ ਹੈ, ਅਤੇ ਲਹੂ ਤੇ ਚੰਮ ਨਾਲ ਲਿੰਬਿਆ ਹੋਇਆ ਹੈ । (ਇਸ ਦੇ) ਨੌਂ ਦਰਵਾਜ਼ੇ (ਗੋਲਕਾਂ) ਹਨ, (ਪਰ ਦਰਵਾਜ਼ੇ ਦੇ) ਭਿੱਤ ਨਹੀਂ ਹਨ, ਸੁਆਸਾਂ ਦੀ (ਇਸ ਨੂੰ) ਥੰਮ੍ਹੀ (ਦਿੱਤੀ ਹੋਈ ਹੈ । ਮੂਰਖ ਜੀਵ (ਇਸ ਸਰੀਰ ਨੂੰ ) ਸਦਾ ਥਿਰ ਰਹਿਣ ਵਾਲਾ ਜਾਣਦੇ ਹਨ, ਤੇ ਪਰਮਾਤਮਾ ਦਾ ਨਾਮ ਕਦੇ ਯਾਦ ਨਹੀਂ ਕਰਦੇ । ਹੇ ਨਾਨਕ ! ਜੋ ਬੰਦੇ ਸੰਗਤਿ ਵਿਚ ਆ ਕੇ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਇਸ ਦੁਰਲੱਭ ਸਰੀਰ ਨੂੰ (ਨਿਤ ਦੀ ਮੌਤ ਦੇ ਮੂੰਹੋਂ) ਬਚਾ ਲੈਂਦੇ ਹਨ । ੪ ।

੭

## ਇਸ ਕਾਇਆ ਅੰਦਰਿ ਵਸਤੁ ਅਸੰਖਾ ॥

੬੬- **ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥ ਸਬਦਿ ਭੇਦਿ ਕੋਈ ਮਹਲੁ ਪਾਏ, ਮਹਲੇ ਮਹਲਿ ਬੁਲਾਵਣਿਆ ॥ ੩ ॥**[੧੧੭]-੧੩-੧੪

੬੭- **ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥ ੩ ॥**[੧੧੦]-੧-੨

੬੮- **ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥ ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥ ੨ ॥**[੧੧੨]-੫-੬

੬੯- **ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਸਭੁ ਆਤਮਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥ ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥ ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥ ੧੬ ॥**[੩੦੯]-ਵਾਰ

੭੦- **ਕਾਇਆ ਕਾਮਣਿ ਅਤਿ ਸੁਆਲਿਉ ਪਿਰੁ ਵਸੈ ਜਿਸੁ ਨਾਲੇ ॥ ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਾਲੇ ॥ ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥ ੧ ॥ ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥ ੧ ॥ ਰਹਾਉ ॥ ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥ ਕਾਇਆ ਅੰਦਰਿ ਜਗ ਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥ ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਾਲਾ ॥ ੨ ॥ ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥ ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥ ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ॥ ੩ ॥ ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥ ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥ ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥ ੪ ॥ ਕਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥ ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥ ੫ ॥ ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥ ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥ ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥ ੬ ॥ ਕਾਇਆ ਅੰਦਰਿਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥ ਸਚੈ ਆਪਣਾ ਖੇਲ ਰਚਾਇਆ ਆਵਾ ਗਉਣੁ ਪਾਸਾਰਾ ॥ ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥ ੭ ॥ ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥ ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥ ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ**

ਧਾਰੀ ॥ ੮ ॥ [੭੫੪]-੨

੮

# ਮਨੁਖਾ ਦੇਹ ਰਤਨ, ਹੀਰਾ, ਸੋਨਾ ?

੭੧- **ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀਂ ਜਾਨੀ ॥**
**ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ ॥ ੨ ॥**[੨੨੦]-੮

੭੨- **ਗੁਰ ਪੂਰੇ ਕੇ ਚਰਣ ਗਹੇ ॥ ਕੋਟਿ ਜਨਮ ਕੇ ਪਾਪ ਲਹੇ ॥ ੩ ॥**
**ਰਤਨ ਜਨਮੁ ਇਹੁ ਸਫਲ ਭਇਆ ॥ ਕਹੁ ਨਾਨਕ ਪ੍ਰਭ ਕਰੀ ਮਇਆ ॥ ੪ ॥**[੩੮੭]-੧੫-੬੬

੭੩- **ਸਾਧ ਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ ॥**
**ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥ ੧ ॥**[੫੩੪]-੪-੩੦

੭੪- **ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥** [੧੫੬]-੧-੧੮

੭੫- **ਕਬੀਰ ਏਕੁ ਅਚੰਭਉ ਦੇਖਿਆ, ਹੀਰਾ ਹਾਟ ਬਿਕਾਇ ॥ ਬਨਜਨਹਾਰੇ ਬਾਹਰਾ, ਕਉਡੀ ਬਦਲੈ ਜਾਇ ॥ ੧੫੪ ॥**[੧੩੭੨]

ਨੋਟ ! ਦੁਰਲੱਭ ਮਨੁਖਾ ਜਨਮ ਭਾਗਾਂ ਨਾਲ ਮਿਲਦਾ ਹੈ । ਇਹ ਇੱਕ ਅਜੇਹਾ ਕੀਮਤੀ ਹੀਰਾ ਹੈ, ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ । ਮਨੁੱਖਾ ਜਨਮ ਪਾ ਕੇ ਜੀਵ ਏਥੇ ਪ੍ਰਭੂ ਨਾਮ ਦਾ ਵਣਜ ਕਰਨ ਆਇਆ ਸੀ । ਕਿਉਂਕਿ ਪਰਮਾਤਮਾ ਮਿਲਦਾ ਕੇਵਲ ਏਸੇ ਸਰੀਰ ਦੁਆਰਾ ਹੀ ਹੈ । ਉਂਜ ਢਿੱਡ ਭਰ ਲੈਣ ਮਗਰੋਂ ਨਸ ਭੱਜ ਕੇ ਜਾਂ ਸੌਂ ਕੇ ਪਸ਼ੂ ਪੰਖੀ ਵੀ ਜਿੰਦਗੀ ਕੱਟ ਜਾਂਦੇ ਹਨ। ਸੋ ਜੇ ਮਨੁੱਖ ਨਾਮ ਦਾ ਸੌਦਾ ਨਹੀਂ ਕਰਦਾ ਤਾਂ ਉਸ ਦਾ ਜਨਮ ਵੀ ਪਸ਼ੂਆਂ ਵਰਗਾ ਹੀ ਹੈ। ਇਸ ਸਚਾਈ ਦੇ ਬਾਵਜੂਦ ਵੀ ਹੋ ਇਹ ਰਿਹਾ ਹੈ ਕਿ ਮਨੁੱਖ ਏਥੇ ਆ ਕੇ ਮਾਇਆ ਦੇ ਮੋਹ ਵਿਚ ਫਸ ਕੇ ਅਸਲੀ ਵਣਜ ਕਰਨਾ ਭੁੱਲ ਜਾਂਦਾ ਹੈ । ਸਾਰੀ ਉਮਰ ਉਨ੍ਹਾਂ ਪਦਾਰਥਾਂ ਨੂੰ ਇੱਕਠਾ ਕਰਦਾ ਰਹਿੰਦਾ ਜਿਨ੍ਹਾਂ ਨੇ ਨਾ ਇਸ ਦੇ ਨਾਲ ਜਾਣਾ ਹੈ ਨਾ ਇਸ ਦਾ ਪਰਮਾਰਥ ਹੀ ਸੁਆਰਨਾ ਹੈ । ਮਾਇਆ ਦੇ ਪਿੱਛੇ ਦੌੜ-ਭੱਜ ਕਰਦਿਆਂ ਆਪਣਾ ਕੀਮਤੀ ਜਨਮ ਗੁਆ ਲੈਂਦਾ ਹੈ । ਇਸ ਦੀ ਉਹ ਦੌੜ ਭੱਜ, ਹਟੋ ਹੱਟ ਵਿਕਣਾ ' ਅਤੇ ਮਾਇਕ ਪਥਾਰਥਾਂ ਦੇ ਵੱਟੇ ਉਮਰ ਗੁਆ ਲੈਣੀ, ਕਬੀਰ ਜੀ ਨੂੰ **ਹੀਰੇ ਜਨਮ** ਦਾ ਕੌਡੀਆਂ ਬਦਲੇ ਜਾਣਾ, ਹੋ ਦਿੱਸਿਆ ਹੈ ।

**ਅਰਥ:**--ਹੇ ਕਬੀਰ ! (ਜਗਤ ਵਿਚ) ਮੈਂ ਇੱਕ ਅਚਰਜ (ਮੂਰਖਤਾ ਦਾ) ਤਮਾਸ਼ਾ ਵੇਖਿਆ ਹੈ । ਹੀਰਾ ਹੱਟੀ ਹੱਟੀ ਤੇ ਵਿਕ ਰਿਹਾ ਹੈ, ਚੂੰਕਿ ਕਿਸੇ ਨੂੰ ਇਸ ਦੀ ਕਦਰ-ਪਛਾਣ ਨਹੀਂ ਹੈ, ਇਹ ਮਾਨੋ ਕਉਡੀਆਂ ਦੇ ਭਾ ਹੀ ਜਾ ਰਿਹਾ ਹੈ ।

ਇਸ ਦੇ ਨਾਲ ਲਗਵਾਂ ਅਗਲਾ ਸਲੋਕ ਵੀ ਮਨੁੱਖ ਦੇਹ ਪ੍ਰਥਾਇ ਹੈ:--

੭੬- **ਕਬੀਰਾ ਜਹਾਂ ਗਿਆਨੁ ਤਹ ਧਰਮ ਹੈ, ਜਹਾ ਝੂਠ ਤਹ ਪਾਪੁ ॥**
**ਜਹਾ ਲੋਭੁ ਤਹ ਕਾਲ ਹੈ, ਜਹਾ ਖਿਮਾ ਤਹ ਆਪਿ ॥ ੧੫੫ ॥**[੧੩੭੨]

**ਅਰਥ:**--ਜੇ ਕਬੀਰ ! ਜਨਮ-ਮਨੋਰਥ ਦੇ ਪੂਰਾ ਕਰਨ ਦੀ ਲਗਨ ਕੇਵਲ ਉਥੇ ਹੋ ਸਕਦੀ ਹੈ ਜਿਥੇ ਇਹ ਸਮਝ ਹੋਵੇ ਕਿ ਹੀਰਾ-ਜਨਮ ਕਾਹਦੇ ਲਈ ਮਿਲਿਆ ਹੈ । ਪਰ ਜਿਸ ਮਨੁੱਖ ਦੇ ਅੰਦਰ ਝੂਠ ਅਤੇ ਲੋਭ (ਦਾ ਜ਼ੋਰ) ਹੋਵੇ, ਉਥੇ (ਧਰਮ ਦੇ ਥਾਂ) ਪਾਪ ਅਤੇ ਆਤਮਕ ਮੌਤ ਹੀ ਹੋ ਸਕਦੇ ਹਨ (ਉਹ ਜੀਵਨ ਕਉਡੀ ਬਦਲੇ ਹੀ ਜਾਣਾ ਹੋਇਆ) । ਪਰਮਾਤਮਾ ਦਾ ਨਿਵਾਸ ਕੇਵਲ ਉਸ ਹਿਰਦੇ ਵਿਚ ਹੁੰਦਾ ਹੈ ਜਿਥੇ ਸ਼ਾਂਤੀ ਹੈ । ੧੫੫ ।

ਨਾਮ ਦਾ ਵਪਾਰ ਕਰਨ ਆਈ ਕਾਇਆ ਦੀ ਪੁਸ਼ਟੀ:---

੭੭- **ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥**
**ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥ ੩ ॥**[੧੩੨੩]-੧

**ਅਰਥ:**--ਹੇ ਭਾਈ ! ਮਨੁੱਖਾ ਸਰੀਰ (ਮਾਨੋ ਇੱਕ) ਸ਼ਹਰ ਹੈ, ਇਸ (ਸਰੀਰ-ਸ਼ਹਿਰ) ਵਿਚ ਹਰਿ-ਨਾਮ-ਰਸ (ਵਿਹਾਜਣ ਦਾ) ਬਵਣਜ ਕਰਦੇ ਰਹਿਣਾ ਚਾਹੀਦਾ ਹੈ। (ਇਹ ਹਰਿ-ਨਾਮ-ਰਸ, ਮਾਨੋ) ਅਮੁੱਲੇ ਰਤਨ ਲਾਲ ਹਨ ਜੋ ਗੁਰੂ ਦੀ ਸਰਨ ਪਿਆਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ੩ ।

੭੮- **ਕਾਇਆ ਕੰਚਨੁ ਸਬਦੁ ਵੀਚਾਰਾ ॥ ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ ॥**
**ਅਨਦਿਨੁ ਹਰਿ ਸੇਵਿਹੁ ਸਚੀ ਬਾਣੀ ਹਰਿ ਜੀਉ ਸਬਦਿ ਮਿਲਾਇਦਾ ॥ ੧ ॥**[੧੦੬੪]-੭-੨੧

**ਅਰਥ:**--ਜਿਹੜਾ ਮਨੁੱਖ ਗੁਰੂ ਦੇ ਸ਼ਬਦ-ਗਿਆਨ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ (ਉਸ ਦੇ ਅਨੁਸਾਰ ਆਪਣੀ ਜੀਵਨ ਜੁਗਤ ਸੁਆਰਨ ਦੀ ਚਿਟਕ ਲਾ ਲੈਂਦਾ ਹੈ) ਉਸ ਦਾ ਸਰੀਰ ਸੋਨੇ ਵਰਗਾ ਸੁੱਧ ਹੋ ਜਾਂਦਾ ਹੈ । ਜਿਸ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਜਿਸ ਪਰਮਾਤਮਾ ਦੀ ਹਸਤੀ ਦਾ ਪਾਰਲਾ ਉਰਲਾ ਬੰਨਾ ਨਹੀਂ ਲੱਭ ਸਕਦਾ, ਉਹ ਪ੍ਰਭੂ ਉਸ (ਮਨੁੱਖ ਦੇ) ਹਿਰਦੇ-ਸਰੀਰ ਵਿਚ ਵਸਦਾ (ਪ੍ਰਤੱਖ ਅਨੁਭਵ ਹੋਣ ਲੱਗ ਪੈਂਦਾ ਹੈ ) ਹੇ ਭਾਈ ! ਪ੍ਰਭੂ ਦੀ ਸਿਫ਼ਤ ਸਾਲਾਹ ਦੀ ਬਾਣੀ ਦੀ ਰਾਹੀਂ ਪਰਮਾਤਮਾ ਦੀ ਸੇਵਾ-ਭਗਤੀ ਕਰਦੇ ਰਿਹਾ ਕਰੋ । ਪਰਮਾਤਮਾ ਗੁਰੂ ਦੇ ਸ਼ਬਦ ਵਿਚ ਜੋੜ ਕੇ ਆਪਣੇ ਨਾਲ ਮਿਲਾ ਲੈਂਦਾ ਹੈ । ੧ ।

੯

# ਸਰੀਰ ਸਰੋਵਰ

੮੦- **ਸਰੀਰ ਸਰੋਵਰਿ ਗੁਣ ਪਰਗਟਿ ਕੀਏ ॥ ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥ ੪ ॥**[੩੬੭]-੫-੫੭

੮੧- ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ ੪ ॥ [੪੪੨]-ਛੰਤ-੧-੮
੮੨- ਸਰੀਰ ਸਰੋਵਰ ਭੀਤਰੇ, ਆਛੈ ਕਮਲ ਅਨੂਪ ॥ ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥ ੧ ॥[੮੫੭]-੧੦
੮੩- ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥ ੧੩ ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥ ੧੪ ॥ [੯੦੯]-੨
੮੪- ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥ ੨ ॥[੧੩੩੬]-੪
੮੫- ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥ ੩ ॥ [੧੩੪੨]-੨

**ਅਰਥ**:--ਪਰਮਾਤਮਾ ਦੀ ਜੋਤਿ ਸਾਰੇ ਸਰੀਰਾਂ ਵਿਚ ਵਿਆਪਕ ਹੈ (ਫਿਰ ਵੀ) ਉਸ ਵਾਸਨਾ-ਰਹਿਤ ਪ੍ਰਭੂ ਨਾਲ ਡੂੰਘੀ ਸਾਂਝ ਤੇ ਉਸ ਦੇ ਚਰਨਾਂ ਵਿਚ ਜੁੜਨਾ ਸਤਿਗੁਰੂ ਨੂੰ ਮਿਲਣ ਤੋਂ ਬਿਨਾ (ਭਾਵ, ਸਤਿਗੁਰਾਂ ਦਾ ਉਪਦੇਸ਼ ਇਕਾਗਰਤਾ ਨਾ ਸੁਨਣ ਤੋਂ ਬਿਨਾ) ਕੋਈ ਮਨੁੱਖ ਨਹੀਂ ਸਮਝ ਸਕਦਾ । ਮੈਂ ਉਸ ਅਨੰਦ-ਸਰੂਪ ਪਰਮਾਤਮਾ ਤੋਂ ਸਦਕੇ ਜਾਂਦਾ ਹਾਂ । ੩ ।

੧੦

# ਮਨੁੱਖਾ ਦੇਹ ਸਾਰੀਆਂ ਜੂਨਾਂ ਦੀ ਸਿਰਦਾਰ

੮੬- ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥ ੪ ॥ [੩੭੪]-੧੨

**ਅਰਥ**:--ਹੋਰ ਸਾਰੀਆਂ ਜੂਨਾਂ ਤੇਰੀਆਂ ਸੇਵਕ ਹਨ, ਇਸ ਧਰਤੀ ਉਤੇ ਤੇਰੀ ਸਰਦਾਰੀ ਹੈ ਤੇਰੇ ਪਾਸ ਸੋਨਾ ਹੈ ਚਾਂ:ਦੀ ਹੈ, ਧਨ-ਪਦਾਰਥ ਹੈ (ਹੋਰ ਜੂਨਾਂ ਪਾਸ ਇਹ ਚੀਜ਼ਾਂ ਨਹੀਂ ਹਨ) ਪਰ ਕਾਮ-ਵਾਸਨਾ ਨੇ ਤੇਰਾ ਸੁਭਾਅ (ਜੋ ਸਭ ਤੋਂ ਉ`ਚੀ ਸ੍ਰੇਣੀ ਵਾਲਿਆਂ ਨੂੰ ਫਬਦਾ ਹੈ) ਵਿਗਾੜ ਦਿੱਤਾ ਹੋਇਆ ਹੈ । ੪।

੮੭/੧੧੭- ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ ੨ ॥[੧੦੭੫]-੧-੫

**ਅਰਥ**:--ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚੋਂ ਪਰਮਾਤਮਾ ਨੇ ਮਨੁੱਖਾ ਜਨਮ ਨੂੰ ਵਡਿਆਈ ਦਿੱਤੀ ਹੈ । ਪਰ ਜਿਹੜਾ ਮਨੁੱਖ ਇਸ ਪੌੜੀ ਤੋਂ ਖੁੰਝ ਜਾਂਦਾ ਹੈ, (ਫਿਰ ਉਸ ਨੂੰ ਇਹ ਮਨੁੱਖਾ ਦਿਹ ਨਹੀਂ ਮਿਲਣੀ ਤੇ) ਉਹ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ ।

੧੧

# ਮਨੁੱਖਾ ਦੇਹ ਹਰਿ-ਮੰਦਰ

੮੮- ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥ ਮਨਮੁਖ ਆਪਿ ਖੁਆਇਅਨੁ ਮਾਇਆ
ਮੋਹ ਨਿਤ ਕੜੁ ॥ ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥ ੧੧ ॥[੯੫੨]-ਵਾਰ

**ਅਰਥ**:--ਇਸ ਸਰੀਰ ਨੂੰ ਪਰਮਾਤਮਾ ਦੇ ਰਹਿਣ ਦਾ ਸੋਹਣਾ ਘਰ, ਕਿਲ੍ਹਾ ਅਥਵਾ ਗੜ੍ਹ ਆਖਣਾ ਚਾਹੀਦਾ ਹੈ । ਜੇ ਗੁਰੂ ਦੇ ਹੁਕਮ ਵਿਚ ਤੁਰ ਕੇ ਪਰਮਾਤਮਾ ਦਾ ਨਾਮ ਜਪੋਗੇ ਤਾਂ ਇਸ ਸਰੀਰ ਦੇ ਅੰਦਰੋਂ ਹੀ ਚੰਗੇ ਗੁਣ-ਰੂਪ ਲਾਲ ਜਵਾਹਰ ਮਿਲ ਜਾਣਗੇ । (ਹੇ ਜੀਵ !) ਪਰਮਾਤਮਾ ਦਾ ਨਾਮ (ਹਿਰਦੇ ਵਿਚ) ਪੱਕਾ ਕਰ ਕੇ ਰੱਖ, ਤਾਂ ਹੀ ਇਸ ਸਰੀਰ ਹਰੀ-ਦਾ-ਮੰਦਰ ਬਹੁਤ ਸੋਹਣਾ ਹੋ ਸਕਦਾ ਹੈ । (ਪਰ) ਜੋ ਮਨੁੱਖ ਆਪਣੇ ਮਨ ਦੇ ਮਗਰ ਤੁਰਦੇ ਹਨ, (ਸਮਝੋ ਕਿ) ਉਨ੍ਹਾਂ ਨੂੰ ਪ੍ਰਭੂ ਨੇ ਆਪ ਕੁਰਾਹੇ ਪਾ ਦਿੱਤਾ ਹੈ, ਉਨ੍ਹਾਂ ਨੂੰ ਮਾਇਆ ਮੋਹ ਦਾ ਝੋਰਾ ਨਿੱਤ (ਦੁਖੀ ਕਰਦਾ ਹੈ) । ਸਾਰੇ ਜੀਵਾਂ ਦਾ ਮਾਲਕ ਉਹੀ ਇਕ ਪਰਮਾਤਮਾ ਹੈ, ਪਰ ਉਹ ਮਿਲਦਾ ਪੂਰੀ ਕਿਸਮਤ ਨਾਲ ਹੈ । ੧੧ ।

੮੯- ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ
ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥ ੧੨ ॥[੯੫੩]-ਵਾਰ

**ਅਰਥ**:--(ਉਂਞ ਤਾਂ ਸਾਰੇ ਸਰੀਰ " ਹਰਿ ਮੰਦਰੁ " ਭਾਵ, ਰੱਬ ਦੇ ਰਹਿਣ ਦੇ ਥਾਂ ਹਨ, ਪਰ ਅਸਲ ਵਿਚ) ਉਹੀ ਸਰੀਰ " ਹਰਿ ਮੰਦਰੁ " ਕਿਹਾ ਜਾਣਾ ਚਾਹੀਦਾ ਹੈ ਜਿਸ ਵਿਚ (ਆਏ ਜੀਵ ਨੂੰ) ਰੱਬ ਦੀ ਪਛਾਣ ਆ ਜਾਵੇ, (ਸੋ ਮਨੁੱਖਾ ਸਰੀਰ ' ਹਰਿ ਮੰਦਰ " ਹੈ, ਕਿਉਂਕਿ) ਮਨੁੱਖਾ ਸਰੀਰ ਵਿਚ ਗੁਰੂ ਦੇ ਹੁਕਮ ਤੇ ਤੁਰ ਕੇ ਰੱਬ ਲੱਭਦਾ ਹੈ, ਹਰ ਥਾਂ ਵਿਆਪਕ ਪ੍ਰਭੂ ਦੀ ਜੋਤਿ ਦਿਸਦੀ ਹੈ । ਸਰੀਰ ਤੋਂ ਬਾਹਰ ਭਾਲਣ ਦੀ ਉ`ਕਾ ਲੋੜ ਨਹੀਂ, (ਇਸ ਸਰੀਰ-) ਘਰ ਵਿਚ ਹੀ ਸਿਰਜਣ ਹਾਰ ਵੱਸ ਰਿਹਾ ਹੈ । ਪਰ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ (ਇਸ ਮਨੁੱਖਾ ਸਰੀਰ) " ਹਰਿ ਮੰਦਰੁ " ਦੀ ਕਦਰ ਨਹੀਂ ਜਾਣਦੇ, ਉਹ ਆਪਣਾ ਮਨੁੱਖਾ ਜਨਮ (ਮਨ ਦੇ ਪਿੱਛੇ ਤੁਰ ਕੇ ਹੀ) ਗੁਆ ਲੈਂਦੇ ਹਨ । ੧੨ ।

੯੦- ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥ ੪ ॥[੮੦੧]-੧

**ਅਰਥ**:--(ਹੇ ਭਾਈ !) ਮੈਂ ਵੀ ਨਾਮ-ਰਤਨ ਨੂੰ ਲੱਭਦੀ ਲੱਭਦੀ ਬਾਹਰ ਉਦਾਸ ਫਿਰ ਰਹੀ ਸਾਂ, ਪਰ ਨਾਮ ਹੀਰਾ ਅਮੋਲਕ ਹੈ ਉਹ (ਬਾਹਰਲੇ ਭੇਖ ਆਦਿਕ) ਉਪਾਵਾਂ ਨਾਲ ਨਹੀਂ ਮਿਲਦਾ । (ਇਹ ਸਰੀਰ ਹੀ) ਪਰਮਾਤਮਾ ਦੇ ਰਹਿਣ ਦਾ ਘਰ-ਮੰਦਰੁ ਹੈ, ਇਸ ਸਰੀਰ ਵਿਚ ਉਹ ਲਾਲ ਵੱਸ ਰਿਹਾ ਹੈ । ਜਦੋਂ ਗੁਰੂ ਨੇ (ਮੇਰੇ ਅੰਦਰੋਂ ਭਰਮ-ਭੁਲੇਖੇ ਦਾ ਪਰਦਾ ਖੋਲ੍ਹ ਦਿੱਤਾ, ਮੈਂ (ਉਸ ਲਾਲ ਨੂੰ ਆਪਣੇ ਅੰਦਰ ਹੀ) ਵੇਖ ਕੇ ਲੂੰ ਲੂੰ ਖਿੜ ਗਈ । ੪ । ॥।

੯੧- **ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥**
**ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥ ੪ ॥**[੧੦੫੯]-੨-੧੬

**ਅਰਥ**:--ਇਹ ਮਨੁੱਖਾ ਸਰੀਰ ਪਰਮਾਤਮਾ ਦਾ (ਪਵਿੱਤਰ-)ਘਰ-ਮੰਦਰੁ ਹੈ, ਇਸ ਘਰ ਨੂੰ ਪਰਮਾਤਮਾ ਨੇ ਹੀ (ਬਾਕੀ ਸਰੀਰਾਂ ਨਾਲੋਂ) ਸੋਹਣਾ ਬਣਾਇਆ ਹੈ, ਇਹ ਪ੍ਰਭੂ ਆਪ ਵੱਸਦਾ ਹੈ (ਭਾਵ, ਏਸੇ ਸਰੀਰ ਦੁਆਰਾ ਪ੍ਰਭੂ ਦੀ ਹੋਂਦ ਦਾ ਗਿਆਨ ਪ੍ਰਾਪਤ ਹੁੰਦਾ ਹੈ) ਜਿਹੜੇ ਜੀਵ-ਵਣਜਾਰੇ (ਇਸ ਸਰੀਰ ਵਿਚ) ਗੁਰੂ ਦੇ ਸ਼ਬਦ(-ਗਿਆਨ) ਦੀ ਰਾਹੀਂ ਹਰਿ-ਨਾਮ ਦਾ ਵਣਜ ਕਰਦੇ ਹਨ, ਪ੍ਰਭੂ ਮਿਹਰ ਦੀ ਨਿਗਾਹ ਨਾਲ ਉਨ੍ਹਾਂ ਨੂੰ (ਆਪਣੇ ਨਾਲ) ਮਿਲਾ ਲੈਂਦਾ ਹੈ । ੪ ।

੯੨- **ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥ ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥ ੧ ॥ ਮਹਲ ਮਹਿ ਬੈਠੇ ਅਗਮ ਅਪਾਰ ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥ ੧ ॥ ਰਹਾਉ ॥ ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥ ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥ ੨ ॥ ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥ ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥ ੩ ॥ ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥ ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥ ੪ ॥**[੧੨੫੫]-੫

**ਅਰਥ**:--ਅਪ੍ਰਹੰਚ ਤੇ ਬੇਅੰਤ ਪ੍ਰਭੂ ਜੀ ਹਰੇਕ ਸਰੀਰ ਵਿਚ ਹਨ, ਪਰ ਉਹੀ ਮਨੁੱਖ ਪ੍ਰਭੂ ਦਾ ਨਾਮ-ਅੰਮ੍ਰਿਤ ਪ੍ਰਾਪਤ ਕਰਦਾ ਹੈ ਜਿਸ ਦੀ ਨਿੱਤ ਦੀ ਕ੍ਰਿਆ (-ਆਚਰਨ, ਜੀਵਨ ਜੁਗਤ) ਗੁਰੂ ਦੇ ਸ੍ਰੇਸ਼ਟ ਸ਼ਬਦ(-ਗਿਆਨ ਦੇ ਅਨਕੂਲ) ਹੋ ਜਾਏ । ੧ । ਰਹਾਉ । (ਜਿਹੜਾ ਮਨੁੱਖ ਗੁਰੂ ਦਾ ਸ਼ਬਦ(-ਗਿਆਨ) ਹਿਰਦੇ ਵਿਚ ਵਸਾਉਂਦਾ ਹੈ ਤੇ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਹਾਸਲ ਕਰਦਾ ਹੈ, ਉਹ) ਪਰਾਈ ਇਸਤ੍ਰੀ (ਦਾ ਸੰਗ), ਪਰਾਇਆ ਧਨ, ਬਹੁਤਾ ਲਾਲਚ, ਹਉਮੈ, ਵਿਸ਼ਿਆਂ (ਵਾਲੀ ਰੁਚੀ), ਮੰਦੇ ਕਰਮ, ਭੈੜੀ ਨੀਅਤ, ਪਰਾਈ ਨਿੰਦਿਆ, ਕਾਮ ਅਤੇ ਚੰਡਾਲ ਕ੍ਰੋਧ--ਇਹ ਸਭ ਕੁਝ ਤਿਆਗ ਦਿੰਦਾ ਹੈ **। ੧ ।** ਉਹ ਮਨੁੱਖ ਦੁਖਾਂ ਸੁਖਾਂ ਨੂੰ ਇਕੋ ਜਿਹਾ ਜਾਣਦਾ ਹੈ, ਜਗਤ ਵਿਚੋਂ ਮਿਲਦੇ ਚੰਗੇ ਮੰਦੇ ਸਲੂਕ ਨੂੰ ਵੀ ਬਰਾਬਰ ਜਾਣ ਕੇ ਹੀ ਸਹਾਰਦਾ ਹੈ (ਇਹ ਸਭ ਕੁਝ ਹਰਿ-ਨਾਮ ਦੀ ਹੀ ਬਰਕਤਿ ਹੈ) । ਪਰ ਇਹ ਸੂਝ ਬੂਝ ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜਿਆਂ ਹੀ ਪ੍ਰਾਪਤ ਹੁੰਦੀ ਹੈ, ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਰਹਿ ਕੇ ਗੁਰੂ-ਚਰਨਾਂ ਨਾਲ ਪਿਆਰ ਕੀਤਿਆਂ ਹੀ (ਅਜੇਹੀ ਸੂਝ ਬੂਝ) ਮਿਲਦੀ ਹੈ । ੨ । ਗੁਰੂ ਦੇ ਸਨਮੁਖ ਹੋ ਕੇ ਸਿਖਿਆ ਵੀ ਮਨੁੱਖ ਉਹੀ ਲੈ ਸਕਦਾ ਹੈ ਜਿਸ ਉਤੇ ਕਰਤਾਰ ਮਿਹਰ ਦੀ ਨਜ਼ਰ ਕਰਦਾ ਹੈ । ਗੁਰੂ ਨਾਮ ਦੀ ਦਾਤ ਦੇਣ ਦੇ ਸਮਰਥ ਹੈ (ਜਿਸ ਮਨੁੱਖ ਉਤੇ ਕਰਤਾਰ ਦੀ ਮਿਹਰ ਦੀ ਨਜ਼ਰ ਹੁੰਦੀ ਹੈ, ਉਸ ਮਨੁੱਖ ਨੂੰ ਗੁਰੂ ਪਾਸੋਂ) ਦਿਨ ਰਾਤ ਪ੍ਰਭੂ-ਨਾਮ ਦਾ ਲਾਭ ਮਿਲਿਆ ਰਹਿੰਦਾ ਹੈ । ੩ । ਇਹ ਮਨੁੱਖਾ ਸਰੀਰ ਪਰਮਾਤਮਾ ਦਾ ਮਹਲ ਹੈ, ਪਰਮਾਤਮਾ ਦਾ ਘਰ-ਮੰਦਰ ਹੈ, ਬੇਅੰਤ ਪਰਮਾਤਮਾ ਨੇ ਇਸ ਵਿਚ ਆਪਣੀ ਜੋਤਿ ਟਿਕਾ ਰੱਖੀ ਹੈ । (ਜੀਵ ਆਪਣੇ ਹਿਰਦੇ-ਮਹਲ ਵਿਚ ਵੱਸਦੇ ਪ੍ਰਭੂ ਨੂੰ ਛੱਡ ਕੇ ਬਾਹਰ ਭਟਕਦਾ ਫਿਰਦਾ ਹੈ) । ਹੇ ਨਾਨਕ ! ( ਬਾਹਰ ਭਟਕਦਾ ਜੀਵ) ਗੁਰੂ ਦੀ ਰਾਹੀਂ ਹੀ ਹਿਰਦੇ-ਮਹਲ ਵਿਚ ਮੋੜ ਕੇ ਲਿਆਂਦਾ ਜਾ ਸਕਦਾ ਹੈ, ਤੇ ਤਦੋਂ ਮੇਲਣ ਦੇ ਸਮਰਥ ਪ੍ਰਭੂ, ਉਸ ਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ । ੪ ।

੯੩- **ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿਨਾਮੋ ਲੇਹੁ ਸਮਾਲਿ ॥ ੧ ॥ ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥ ੧ ॥ ਰਹਾਉ ॥ ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ ਮਨਮੁਖ ਮੂਲੁ ਨ ਜਾਣਨੀ, ਮਾਣਸਿ ਹਰਿ ਮੰਦਰੁ ਨ ਹੋਇ ॥ ੨ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥ ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥ ਸਬਦੁ ਚੀਨਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥ ੪ ॥ ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥ ੫ ॥**
**ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥ ੬ ॥ ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਦੂਜੈ ਭਾਇ ॥ ੬ ॥ ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥ ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥ ੭ ॥ ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥ ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥ ੮ ॥ ਹਰਿ ਮੰਦਰ ਹਰਿ ਕਾ ਹਾਟ ਹੈ ਰਖਿਆ ਸਬਦਿ ਸਵਾਰਿ ॥ ਤਿਸ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥ ੯ ॥** [੧੩੪੬]-੧

**ਅਰਥ**:--ਅਰਥ:--ਹੇ ਮੇਰੇ ਮਨ ! (ਜਿਹੜਾ ਮਨੁੱਖ ਗੁਰੂ ਦੇ) ਸਬਦ (-ਗਿਆਨ) ਵਿਚ ਰੰਗਿਆ ਜਾਂਦਾ ਹੈ ਉਸ ਨੂੰ ਸਦਾ ਥਿਰ ਪਰਮਾਤਮਾ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਸੋਭਾ ਸਦਾ ਲਈ (ਲੋਕ ਪਰਲੋਕ ਵਿਚ) ਖਿੱਲਰ ਜਾਂਦੀ ਹੈ । (ਉਸ ਮਨੁੱਖ ਦਾ ਸਰੀਰ) ਪਰਮਾਤਮਾ ਦਾ ਕਦੇ ਨਾ ਡੋਲਣ ਵਾਲਾ ਘਰ ਬਣ ਜਾਂਦਾ ਹੈ (ਭਾਵ, ਉਸ ਦਾ ਸਰੀਰ ਅਜਿਹਾ ' ਹਰਿ ਮੰਦਰੁ " ਬਣ ਜਾਂਦਾ ਹੈ ਜਿਸ ਤੇ ਵਿਕਾਰਾਂ ਦਾ ਝੱਖੜ ਹਿੱਲਾ ਨਹੀਂ ਸਕਦਾ **। ੧ । ਰਹਾਉ ।** ਗੁਰੂ ਦੀ ਕਿਰਪਾ ਨਾਲ ਵੇਖ, ਪਰਮਾਤਮਾ ਦਾ ਘਰ ਤੇਰੇ ਅੰਦਰ ਹੀ ਹੈ । ਇਹ ਹਰਿ ਮੰਦਰੁ ਗੁਰੂ ਦੇ ਸਬਦ(-ਗਿਆਨ) ਰਾਹੀਂ ਹੀ ਲੱਭਿਆ ਜਾ ਸਕਦਾ ਹੈ । ( ਹੇ ਭਾਈ ! ਗੁਰੂ ਦੇ ਸ਼ਬਦ (-ਗਿਆਨ) ਵਿਚ ਜੁੜ, ਅਤੇ) ਪਰਮਾਤਮਾ ਦਾ ਨਾਮ ਆਪਣੇ ਅੰਦਰ ਸਾਂਭ ਕੇ ਰੱਖ **। ੧ ।** (ਮਨੁੱਖ ਦਾ) ਇਹ ਸਰੀਰ " ਹਰਿ-ਮੰਦਰ " ਹੈ (ਪਰ ਇਹ ਭੇਤ ਸਤਿਗੁਰੂ ਦੀ ਬਖ਼ਸ਼ੀ) ਆਤਮਕ ਜੀਵਨ ਦੀ ਕੀਮਤੀ ਸੂਝ ਦੀ ਰਾਹੀਂ ਖੁਲ੍ਹਦੀ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਉਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ ' ਹਰਿ-ਮੰਦਰ ' ਨਹੀਂ ਹੋ ਸਕਦਾ **। ੨ ।** (ਇਹ ਮਨੁੱਖਾ ਸਰੀਰ) ' ਹਰਿ ਮੰਦਰ ' ਪ੍ਰਭੂ ਨੇ ਆਪ ਬਣਾਇਆ ਹੈ (ਅਤੇ ਆਪਣੇ) ਹੁਕਮ ਨਾਲ ਸਜਾ ਰੱਖਿਆ ਹੈ । ਧੁਰ ਦਰਗਾਹ ਤੋਂ (ਹਰੇਕ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਜਿਹੜਾ) ਲੇਖ (ਹਰੇਕ ਸਰੀਰ-ਹਰਿ-ਮੰਦਰ ਵਿਚ) ਲਿਖਿਆ ਜਾਂਦਾ ਹੈ ਉਸ ਲੇਖ ਅਨੁਸਾਰ ਹਰੇਕ ਪ੍ਰਾਣੀ ਨੂੰ ਤੁਰਨਾ ਪੈਂਦਾ ਹੈ । ਕੋਈ ਮਨੁੱਖ (ਆਪਣੇ ਕਿਸੇ ਉੱਦਮ ਨਾਲ ਉਸ ਲੇਖ ਨੂੰ ) ਮਿਟਾਉਂਣ ਜੋਗਾ ਨਹੀਂ ਹੈ **। ੩ ।** (ਗੁਰੂ ਦੇ ਸਬਦ-ਗਿਆਨ ਦੀ ਰਾਹੀਂ) ਸਦਾ-ਥਿਰ ਹਰਿ-ਨਾਮ ਵਿਚ (ਜਿਸ ਮਨੁੱਖ ਨੇ) ਪਿਆਰ ਪਾਇਆ, ਉਸ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਆਤਮਕ ਆਨੰਦ ਪ੍ਰਾਪਤਿ ਕੀਤਾ । (ਉਸ ਮਨੁੱਖ ਦਾ ਸਰੀਰ-) ਹਰਿ-ਮੰਦਰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸੋਹਣਾ ਬਣ ਗਿਆ, (ਉਹ ਹਰਿ-ਮੰਦਰ) ਬੇਅੰਤ ਪ੍ਰਭੂ (ਦੇ ਨਿਵਾਸ) ਵਾਸਤੇ ਮਾਨੋਂ ਸੋਨੇ ਦਾ ਕਿਲ੍ਹਾ ਬਣ ਗਿਆ **। ੪ ।** ਹੇ ਭਾਈ ! ਇਹ ਸੰਸਾਰ ਵੀ ' ਹਰਿ-ਮੰਦਰ ' ਹੀ ਹੈ (ਪਰਮਾਤਮਾ ਦੇ ਰਹਿਣ ਦਾ ਘਰ ਹੈ) । ਪਰ ਗੁਰੂ (ਦੀ ਸਰਨ) ਤੋਂ ਬਿਨਾ (ਆਤਮਕ ਜੀਵਨ ਵਲੋਂ) ਘੁੱਪ ਹਨੇਰਾ ਬਣਿਆ ਰਹਿੰਦਾ ਹੈ (ਤੇ, ਜੀਵਾਂ ਨੂੰ ਇਸ ਭੇਤ ਦੀ ਸਮਝ ਨਹੀਂ ਆਉਂਦੀ) । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ, ਆਤਮਕ ਜੀਵਨ ਵਲੋਂ ਅੰਨ੍ਹੇ ਹੋਏ ਹੋਏ ਮੂਰਖ ਮਨੁੱਖ (ਪਰਮਾਤਮਾ ਤੋਂ ਬਿਨਾ) ਹੋਰ ਨਾਲ ਪਿਆਰ ਪਾ ਕੇ ਉਸ ਨੂੰ ਪੂਜਦੇ-ਸਤਕਾਰਦੇ ਰਹਿੰਦੇ ਹਨ । ੫ ।

ਹੇ ਭਾਈ ! (ਪਰਚਲਤ ਵਿਸ਼ਵਾਸ਼ ਨੂੰ ਜੇ ਸੱਚ ਮੰਨ ਲਈਏ ਤਾਂ ਵੀ) ਜਿੱਥੇ (ਪਰਮਾਤਮਾ ਦੀ ਦਰਗਾਹ ਵਿਚ ਮਨੁੱਖ ਕੋਲੋਂ ਉਸ ਦੇ ਕੀਤੇ ਕਰਮਾਂ ਦਾ) ਹਿਸਾਬ ਮੰਗਿਆ ਜਾਂਦਾ ਹੈ ਉਥੇ (ਮਨੁੱਖ ਦੇ ਨਾਲ) ਨਾ ਸਰੀਰ ਜਾਂਦਾ ਹੈ ਅਤੇ ਨਾ (ਉੱਚੀ ਨੀਵੀਂ) ਜਾਤਿ ਹੀ ਜਾਂਦੀ ਹੈ। (ਜਿਹੜੇ ਮਨੁੱਖ) ਸਦਾ-ਥਿਰ ਹਰਿ ਨਾਮ ਵਿਚ ਰੰਗੇ ਰਹਿੰਦੇ ਹਨ, ਉਹ (ਉਥੇ ਲੇਖਾ ਹੋਣ ਸਮੇ) ਸੁਖ਼ਰੂ ਹੋ ਜਾਂਦੇ ਹਨ, (ਜਿਹੜੇ ਮਨੁੱਖ) ਮਾਇਆ ਦੇ ਪਿਆਰ ਵਿਚ (ਹੀ ਜ਼ਿੰਦਗੀ ਦੇ ਦਿਨ ਗੁਜ਼ਾਰ ਜਾਂਦੇ ਹਨ, ਉਹ ਉਥੇ) ਦੁਖੀ ਹੁੰਦੇ ਹਨ । ੬ । (ਇਸ ਸਰੀਰ-) ' ਹਰਿ ਮੰਦਰ ' ਵਿਚ ਪਰਮਾਤਮਾ ਦਾ ਨਾਮ (ਮਨੁੱਖ ਲਈ) ਖ਼ਜ਼ਾਨਾ ਹੈ, ਪਰ ਮੂਰਖ ਬੰਦੇ ਇਹ ਗੱਲ ਨਹੀਂ ਸਮਝਦੇ । ਜਿੰਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ (ਇਸ

ਭੇਤ) ਸਮਝ ਲਿਆ, ਉਨ੍ਹਾਂ ਨੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸਾਂਭ ਕੇ ਰੱਖ ਲਿਆ । ੭ । ਜਿਹੜੇ ਮਨੁੱਖ (ਗੁਰੂ ਦੀ ਰਾਹੀਂ ਪ੍ਰਭੂ ਨਾਲ) ਪਿਆਰ ਬਣਾ ਕੇ ਗੁਰੂ ਦੇ ਸ਼ਬਦ-ਗਿਆਨ ਵਿਚ ਰੰਗੇ ਰਹਿੰਦੇ ਹਨ, ਉਹ ਮਨੁੱਖ ਗੁਰੂ ਪਾਸੋਂ ਗੁਰੂ ਦੀ ਬਾਣੀ (ਦੀ ਕਦਰ) ਸਮਝ ਲੈਂਦੇ ਹਨ । ਉਹ ਮਨੁੱਖ ਪਰਮਾਤਮਾ ਦੇ ਨਾਮ ਵਿਚ ਲੀਨ ਰਹਿ ਕੇ ਸੁੱਚੇ ਪਵਿੱਤਰ ਜੀਵਨ ਵਾਲੇ ਬਣ ਜਾਂਦੇ ਹਨ । ੮ । (ਇਹ ਮਨੁੱਖਾ ਸਰੀਰ) ' ਹਰਿਮੰਦਰ ' ਪਰਮਾਤਮਾ (ਦੇ ਨਾਮ-ਵੱਖਰ) ਦਾ ਹੱਟ ਹੈ,, ਇਸ ਹਟ ਨੂੰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸਜਾ ਕੇ ਰਖਿਆ ਜਾ ਸਕਦਾ ਹੈ। (ਇਸ (ਸਰੀਰ ਹੱਟ) ਵਿਚ ਵਾਹਿਗੁਰੂ ਜੀ ਦਾ ਨਾਮ-ਸੌਦਾ (ਮਿਲ ਸਕਦਾ) ਹੈ । (ਪਰ ਸਿਰਫ਼) ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਹੀ ਆਪਣੇ ਜੀਵਨ ਨੂੰ) ਸੋਹਣਾ ਬਣਾ ਕੇ (ਇਹ ਸੌਦਾ) ਲੈਂਦੇ ਹਨ । ੯ ।

ਗੁਰੂ ਨਾਨਕ ਸਾਹਿਬ ਜੀ (ਮ: ੧) ਦੇ ਸਮੇ ਤੋਂ ਹੀ ਸਿੱਖ, ਮਨੁੱਖਾ ਦੇਹ ਨੂੰ ਪਰਮਾਤਮਾਂ ਦਾ ਮੰਦਰ, ਗੁਰਮਤਿ ਦਾ ਸਿਧਾਂਤ ਮੰਨਣ ਲੱਗ ਪਏ ਸਨ । ਜਿਸ ਸਰੀਰ ਵਿਚ ਪ੍ਰਭੂ ਦਾ ਵਾਸਾ ਹੈ ਉਸ ਮਨੁੱਖਾ ਸਰੀਰ ਨੂੰ ਗੁਰੂ ਨਾਨਕ ਜੀ ਦਾ ਸਿੱਖ ਕੱਤਲ ਕਿਉਂ ਕਰੇ ? ਸਿਖੀ ਦਾ ਵੈਰ ਕਿਸੇ ਪਾਪੀ ਜਾਂ ਜ਼ਾਲਮ ਨਾਲ ਨਹੀਂ ਹੈ । ਗੁਰੂ ਨਾਨਕ ਜੀ ਦੇ ਘਰ ਦਾ ਵੈਰ ਪਾਪ ਅਥਵਾ ਜ਼ੁਲਮ ਨਾਲ ਹੈ । ਸਤਿਗੁਰਾਂ ਨੇ ਹਰ ਮਨੁੱਖਾ ਦੇਹੀ ਵਿਚ ਪਰਮਾਤਮਾ ਦੀ ਜੋਤਿ ਵੇਖੀ ਹੈ । ਗੁਰਬਾਣੀ ਵਿਚ ਕਿਸੇ ਥਾਂ ਨਹੀਂ ਲਿਖਿਆ ਕਿ ਪਰਮਾਤਮਾ ਦੀ ਜੋਤਿ ਜ਼ਾਲਮਾਂ ਵਿਚ ਜਾਂ ਪਾਪੀਆਂ ਵਿਚ ਨਹੀਂ ਹੁੰਦੀ । ਅਗਿਆਨਤਾ ਅਤੇ ਹੰਕਾਰ, ਬਦੀ ਦਾ ਮੂਲ ਹਨ । ਸਿੱਖ ਨੇ ਗੁਰੂ ਗਿਆਨ ਦੇ ਖੰਡੇ ਨਾਲ ਦੋਹਾਂ ਦਾ ਨਾਸ ਕਰਨਾ ਹੈ । ਮਨੁਖਾਂ ਦੇ ਕਤਲਾਂ ਨਾਲ ਕਦੇ ਕੋਈ ਕਾਰਜ ਸਿਰੇ ਨਹੀਂ ਚੜ੍ਹਦਾ । ਮਨੁਖਾਂ ਦੀ ਜਾਨ ਲੈ ਕੇ ਕਾਰਜ ਸਿੱਧ ਕਰਨ ਦੀ ਗੱਲ ਸੋਚਣ ਵਾਲਾ ਗੁਰੂ ਨਾਨਕ ਜੀ ਦਾ ਸਿੱਖ ਨਹੀਂ ਹੋ ਸਕਦਾ । ਦਸ਼ਮੇਸ਼ ਜੀ ਨੇ ਵੀ ਆਪਣੀ ਜਿੰਦਗੀ ਵਿਚ ਜੇ ਕਿਸੇ ਤੇ ਵਾਰ ਕੀਤਾ ਸੀ, ਤਾਂ ਕੇਵਲ ਉਸ ਤੇ, ਜਿਹੜਾ ਦਸ਼ਮੇਸ਼ ਜੀ ਦੀ ਜਾਨ ਦਾ ਵੈਰੀ ਬਣ ਕੇ ਚੜ੍ਹ ਆਇਆ ਅਤੇ ਜਾਨ ਲੇਵਾ ਵਾਰ ਕਰਨ ਤੋਂ ਬਾਜ ਨਹੀਂ ਸੀ ਆ ਰਿਹਾ। ਇਹ ਗੱਲ ਵੀ ਭੁੱਲਣ ਵਾਲੀ ਨਹੀਂ ਹੈ ਕਿ, ਵਾਰ ਕਰਨ ਦਾ ਪਹਿਲਾ ਮੌਕਾ, ਸਤਿਗੁਰਾਂ ਨੇ ਸਦਾ ਮਾਰਨ ਆਏ ਵੈਰੀ ਨੂੰ ਹੀ ਦਿੱਤਾ ਸੀ । ਮਨੁੱਖ ਨੂੰ ਮਾਰਨਾ ਰੱਬ ਦਾ ਘਰ ਢਾਉਣਾ ਹੈ । ਜਿਹੜਾ ਹੰਕਾਰੀ ਮਨੁੱਖ ਰੱਬ ਦੇ ਘਰਾਂ ਨੂੰ ਢਾਉਣ ਵਿਚ ਆਪਣੀ ਜਿੱਤ ਸਮਝਦਾ ਹੈ, ਉਹ ਆਪਣੇ ਘਰ ਵਿਚ ਕਦੇ ਸੁਖੀ ਨਹੀਂ ਵੱਸ ਸਕਦਾ । ਮਾਇਆ ਦਾ ਮੋਹ, ਅਗਿਆਨਤਾ, ਕੁਸੰਗਤ, ਅਤੇ ਮੰਦੇ ਕਰਮਾ ਕਰਕੇ, ਅੰਦਰ ਵੱਸਦੀ ਪ੍ਰਭੂ ਦੀ ਜੋਤਿ ਵਿਚਕਾਰ ਕੂੜ ਦਾ ਮੋਟਾ ਪਰਦਾ ਬਣ ਗਿਆ ਹੁੰਦਾ ਹੈ । ਕੀ ਪਤਾ ਕਿਸ ਵੇਲੇ ਕਿਸੇ ਤੇ ਕਦੋਂ ਮਿਹਰ ਹੋ ਜਾਏ ਤੇ ਉਸ ਨੂੰ ਗੁਰੂ (ਗ੍ਰੰਥ ਸਾਹਿਬ) ਜੀ ਮਿਲ ਪੈਣ ਅਤੇ ਸਤਿਗੁਰਾਂ ਦੇ ਗਿਆਨ ਦਾ ਸਦਕਾ ਉਸ ਦੇ ਅੰਦਰੋਂ ਕੂੜ ਦਾ ਪਰਦਾ ਟੁੱਟ ਜਾਏ । ਵੱਡੇ ਤੋਂ ਵੱਡੇ ਪਾਪੀ ਦੇ ਅੰਦਰ ਵੀ ਵੱਸਦੀ ਪ੍ਰਭੂ-ਜੋਤਿ, ਪ੍ਰਗਟ ਰੂਪ ਧਾਰ ਲਿਆ ਕਰਦੀ ਹੈ। ਕੱਲ ਦਾ ਪਾਪੀ ਅੱਜ ਦਾ ਭਗਤ ਬਾਲਮੀਕ ਜੀ ਬਣ ਗਿਆ। ਬਿਧੀਏ ਤੋਂ " ਭਾਈ ਬਿਧੀ ਚੰਦ ਜੀ " ਬਣ ਗਏ, ਠੱਗ ਤੋਂ " ਭਾਈ ਸੱਜਣ " ਅਥਵਾ ਬੰਦੇ ਖਾਣ ਗਿੱਝੇ ਹੋਏ ਇੱਕ ਵਹਿਸ਼ੀ ਦਰਿੰਦੇ ਤੋਂ " ਭਾਈ ਕੌਡਾ ਜੀ " ਬਣ ਗਏ। ਅਸੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁ-ਪੱਖੀ ਗਿਆਨ ਤੋਂ ਟੁੱਟ ਚੁੱਕੇ ਹਾਂ । ਏਸੇ ਲਈ ਵਿੱਛੁੜ ਚੋਟਾਂ ਖਾ ਰਹੇ ਹਾਂ ।

ਹੋਰ ਵੀ ਕਈ ਗੁਰੂ ਸ਼ਬਦਾਂ ਵਿਚ ਮਨੁੱਖਾ ਦੇਹ ਨੂੰ ਹਰਿਮੰਦਰ ਫੁਰਮਾਇਆ ਹੈ । ਏਸੇ ਹੀ ਸਿਧਾਂਤ ਨੂੰ ਸਤਿਗੁਰਾਂ ਨੇ ਦੂਜੀ ਤਰ੍ਹਾਂ ਵੀ ਸਮਝਾਇਆ ਹੈ । ਪਰਮਾਤਮਾ ਬਾਹਰ ਕਿਤੇ ਨਹੀਂ ਮਿਲਦਾ, ਉਸ ਨੇ ਮਨੁੱਖਾ ਸਰੀਰ ਦੇ ਵਿਚੋਂ ਹੀ ਮਿਲਣਾ ਹੈ । ਇਸ ਪੱਖ ਨੂੰ ਅਗਲੇ ਲੇਖ ਵਿਚ ਗੁਰੂ-ਸ਼ਬਦਾਂ ਦੁਆਰਾ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ:--

## ੧੨

# ਪ੍ਰਭੂ ਦੀ ਪ੍ਰਾਪਤੀ ਮਨੁੱਖਾ ਦੇਹ ਦੇ ਅੰਦਰੋਂ

੯੪- **ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥ ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥ ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥ ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ ॥ ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥ ੨੨ ॥**[੩੧੩]-ਵਾਰ

**ਅਰਥ:**---ਜੋ ਮਨੁੱਖ ਸੱਚੇ ਹਰੀ ਦਾ ਸਚ-ਮੁਚ ਭਜਨ ਕਰਦੇ ਹਨ, ਉਹੋ ਹੀ ਸਚੇ ਭਗਤ ਕਹੀਦੇ ਹਨ । ਜੋ ਮਨੁੱਖ ਗੁਰੂ ਦੀ ਸਿਖਿਆ ਅਨੁਸਾਰ ਆਪਣੀ ਜੀਵਨ-ਜੁਗਤ (ਗੁਰਮੁਖਾਂ ਵਾਲੇ ਆਚਾਰ) ਬਣਾ ਕੇ ਪ੍ਰਭੂ ਨੂੰ ਢੂੰਢਦੇ ਹਨ ਉਹ ਆਪਣੇ ਹਿਰਦੇ ਵਿਚ ਹੀ ਪਰਮਾਤਮਾ ਨੂੰ ਪਾ ਲੈਂਦੇ ਹਨ । ਜਿਨ੍ਹਾਂ ਮਨੁੱਖਾਂ ਨੇ ਸੱਚਾ ਸਾਈਂ ਸਚ-ਮੁਚ ਸੇਵਿਆ ਹੈ ਉਨ੍ਹਾਂ ਨੇ ਦੁਖਦਾਈ **ਕਾਲ** ਨੂੰ ਮਾਰ ਕੇ ਕਾਬੂ ਕਰ ਲਿਆ ਹੈ, (ਭਾਵ, ਉਨ੍ਹਾਂ ਨੂੰ ਕਾਲ ਦਾ ਡੈ ਨਹੀਂ ਰਿਹਾ)। ਜੋ ਸੱਚਾ ਹਰੀ ਸਭ ਤੋਂ ਵੱਡਾ ਹੈ, ਉਸ ਦੀ ਬੰਦਗੀ ਕਰਨ ਵਾਲੇ ਮਨੁੱਖ ਉਸ ਵਿਚ ਲੀਨ ਜੋ ਜਾਂਦੇ ਹਨ । ਸੱਚੇ ਦੀ ਅਰਾਧਨਾ ਕਰਨ ਵਾਲੇ ਆਪਣਾ ਜੀਵਨ ਸਫ਼ਲ ਕਰ ਲੈਂਦੇ ਹਨ ।

੯੫- **ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ ॥ ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸ ਭੋਗੀ ॥..੧੩॥**[੫੧੪]-ਵਾ

੯੬- **ਦਹਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਓ, ਹਰਿ ਪਾਇਅੜਾ ਘਰਿ ਆਏ ਰਾਮ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ, ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥ ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥ ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥ ੪ ॥**[੫੪੨]-ਛੰਤ-੧

**ਅਰਥ:**--(ਪਰਮਾਤਮਾ ਨੂੰ ਲੱਭਣ ਵਾਸਤੇ) ਅਸੀ ਦਸੀਂ ਪਾਸੀਂ ਭਾਲ ਕਰਦੇ ਫਿਰੇ, ਪਰ ਉਸ ਪਰਮਾਤਮਾ ਨੂੰ ਹੁਣ ਹਿਰਦੇ-ਘਰ ਵਿਚ ਹੀ ਆ ਕੇ ਲੱਭ ਲਿਆ ਹੈ । (ਇਸ ਮਨੁੱਖਾ ਸਰੀਰ ਨੂੰ) ਪਰਮਾਤਮਾ ਨੇ ਆਪਣੇ ਰਹਿਣ ਲਈ ਘਰ ਬਣਾਇਆ ਹੋਇਆ ਹੈ, ਪਰਮਾਤਮਾ ਇਸ (ਸਰੀਰ-ਘਰ) ਵਿਚ ਮੌਜੂਦ ਰਹਿੰਦਾ ਹੈ । ਮਾਲਕ-ਪ੍ਰਭੂ ਆਪ ਹੀ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ, ਪਰ ਉਸ ਦੀ ਇਸ ਸੋਹਣੀ ਹੋਂਦ ਦਾ ਪ੍ਰਕਾਸ਼, ਗੁਰੂ ਦੀ ਸਰਨ ਪਿਆਂ ਹੀ ਹੁੰਦਾ ਹੈ । (ਗੁਰੂ ਜਿਸ ਮਨੁੱਖ ਦੇ ਮੂੰਹ ਵਿਚ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਨਾਮ-ਰਸ ਚੋ ਦਿੰਦਾ ਹੈ (ਉਸ ਦੇ ਅੰਦਰੋਂ ਮਾਇਆ ਦੇ ਮੋਹ ਦਾ ਹਨੇਰਾ ਮਿਟ ਜਾਂਦਾ ਹੈ, ਉਹ ਦਾ ਸਾਰਾ ਦੁਖ ਦੂਰ ਹੋ ਜਾਂਦਾ ਹੈ । ਗੁਰੂ ਦੀ ਕਿਰਪਾ ਨਾਲ ਹੁਣ) ਜਿਧਰ ਵੇਖਦਾ ਹਾਂ ਉਧਰ ਹੀ ਮੈਨੂੰ ਪਰਮਾਤਮਾ ਸਭ ਥਾਂਈ ਵੱਸਦਾ ਦਿੱਸਦਾ ਹੈ । ਦਾਸ ਨਾਨਕ ਆਖਦਾ ਹੈ--ਗੁਰੂ ਨੇ ਮੈਨੂੰ ਪਰਮਾਤਮਾ ਮਿਲਾ ਦਿੱਤਾ ਹੈ, ਮੈ ਪਰਮਾਤਮਾ ਨੂੰ ਆਪਣੇ ਹਿਰਦੇ ਘਰ ਵਿਚ ਆ ਕੇ ਲੱਭ ਲਿਆ ਹੈ । ੪ । ॥

੯੭- **ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥**
**ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥ ੧ ॥**[੭੨੦]-੪

**ਅਰਥ:**--ਮਾਲਕ-ਪਰਭੂ ਸਾਡੇ ਸਰੀਰ-ਸ਼ਹਰ ਵਿਚ ਵੱਸਦਾ ਹੈ, (ਫਿਰ ਵੀ) ਉਸ ਨੂੰ ਕੋਈ ਡਰ ਨਹੀਂ ਪੋਹਦਾ, ਉਸ ਨੂੰ ਕਿਸੇ ਨਾਲ ਵੈਰ ਨਹੀਂ ਹੈ, ਉਸ ਦਾ ਕੋਈ ਖ਼ਾਸ ਆਕਾਰ ਨਹੀਂ ਹੈ। ਪਰਮਾਤਮਾ (ਸਦਾ ਸਾਡੇ) ਨੇੜੇ ਵੱਸਦਾ ਹੈ, (ਪਰ ਸਾਨੂੰ ( ਦਿੱਸਦਾ ਨਹੀਂ ਹੈ, ਗੁਰੂ ਦੀ ਬਖ਼ਸ਼ੀ ਸਮਝ ਨਾਲ ਉਹ ਹਰੀ (ਸਾਡੇ ਅੰਦਰੋਂ) ਹੀ ਲੱਭ ਪੈਂਦਾ ਹੈ।

੯੮- **ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥**
**ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥ ੨ ॥**[੭੯੯]-੪

੯੯- **ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ ॥ ਵਡੈ ਭਾਗਿ ਗੁਰੁ**
**ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ ॥ ੧ ॥ ਰਹਾਉ ॥**[੧੧੭੮-੭੯]-੩-੫

੧੦੦- **ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥**
**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ ੨ ॥**[੫੫੪]-ਵਾਰ-੧੪

<u>ਮਨੁੱਖਾ ਦੇਹ ਮਿਲੀ ਹੀ ਪਰਮਾਤਮਾ ਦੀ ਪ੍ਰਾਪਤੀ ਲਈ ਹੈ</u>

ਮਨੁੱਖਾ ਸਰੀਰ ਮਿਲਣਾ, ਜਨਮ ਮਰਨ ਦੇ ਗੇੜ ਵਿਚੋਂ ਨਿਕਲ ਜਾਣ ਦਾ ਸੁਨਹਿਰੀ ਅਵਸਰ ਹੈ--

੧੦੧- **ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**<u>ਅਵਰਿ ਕਾਜ</u> ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥**[੩੭੮]-੨੯[ਅਵਰਿ ਕਾਜ--ਹੋਰ ਹੋਰ ਧਰਮ ਕਰਮ]

੧੦੨- **ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥**[੧੭੬]-੩-੭੨[ਸੰਜਰੀਆ-ਮਿਲੀ ਹੈ]

੧੦੩- **ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥**
**ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥ ੨ ॥**[੪੮]-੧੭-੮੭

੧੦੪- **ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥**
**ਧੰਨੁ ਸੁ ਕਲਿਜੁਗੁ, ਸਾਧ ਸੰਗਿ ਕੀਰਤਨੁ ਗਾਈਐ, ਨਾਨਕ ਨਾਮੁ ਅਧਾਰੁ ਹੀਓ ॥ ੪ ॥**[੩੮੨]-੮-੪੭

੧੦੫- **ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥**
**ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ ੩ ॥**[੬੩੨]-੩

**ਅਰਥ:**--ਹੇ ਭਾਈ ! ਅਨੇਕਾਂ ਜਨਮਾਂ ਵਿਚ ਭਟਕ ਭਟਕ ਕੇ ਤੂੰ (ਮਨੁੱਖਾ ਜਨਮ ਦੀ ਬਾਜ਼ੀ) ਹਾਰ ਲਈ ਹੈ, ਤੂੰ ਅਜੇਹੀ ਅਕਲ ਨਹੀਂ ਰੱਖੀ ਜਿਸ ਦੀ ਬਰਕਤ ਨਾਲ (ਜਨਮਾਂ ਦੇ ਗੇੜ ਵਿਚੋਂ) ਤੈਨੂੰ ਅਡੋਲਤਾ ਹਾਸਲ ਹੋ ਸਕੇ। ( ਸਤਿਗੁਰਾਂ ਨੇ ਤਾਂ ਇਹ) ਗਲ ਸਮਝਾਈ ਹੈ ਕਿ ਮਨੁੱਖਾ ਜਨਮ ਵਾਲਾ (ਉੱਚਾ) ਦਰਜਾ ਪ੍ਰਾਪਤ ਕਰ ਲਿਆ ਹੈ ਹੁਣ ਸਦਾ) ਪਰਮਾਤਮਾ ਦਾ ਭਜਨ ਕਰਿਆ ਕਰ। ੨।

੧੩

# ਅੰਮਿਤ ਭਰੀ ਮਨੁੱਖਾ ਦੇਹ

## ਫ਼ੁਲਾਂ ਭਰੀ ਕੂਮਲ ਹੈ ਅਤੇ ਪ੍ਰਭੂ ਦੇ ਦੇਸ਼ ਪੁਚਾਉਣ ਵਾਲੀ ਘੋੜੀ ਹੈ

੧੦੬- **ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥ ੧੯ ॥**
**ਜੋ ਪ੍ਰਭੁ ਖੋਜਹਿ ਸੇਈ ਪਾਵਹਿ ਹੋਰਿ ਫੂਟਿ ਮੂਏ ਅਹੰਕਾਰੀ ॥ ੨੦ ॥**[੯੧੧]-੪-੧੩

੧੦੭- **ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ**[੧] **॥** ੧= ਹਾਰ, ( ਫੁਲਾਂ ਨਾਲ ਗੁੰਦੀ ਮਾਲਾ )
**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ ॥ ੧ ॥**[੭੯੧-ਵਾਰ-੧੮

**ਅਰਥ** :- ਹੇ ਨਾਨਕ ! ਸਰੀਰ (ਮਾਨੋ, ਫੁੱਲਾਂ ਵਾਲੇ ਬੂਟਿਆਂ ਦੀ) ਕੂਮਲੀ ਹੈ, (ਪਰਮਾਤਮਾ ਦੇ) ਗੁਣ (ਇਸ ਕੋਮਲ ਟਹਿਣੀ ਨੂੰ ਮਾਨੋ) ਫੁੱਲ ਹਨ (ਕੋਈ ਭਾਗਾਂ ਵਾਲਾ ਬੰਦਾ ਇਨ੍ਹਾਂ ਫੁੱਲਾਂ ਦਾ) ਹਾਰ ਗੁੰਦਦਾ ਹੈ, ਜੇ ਮਨੁੱਖ ਇਨ੍ਹਾਂ ਫੁੱਲਾਂ ਵਿਚ ਲਗਨ ਲਾਏ ਤਾਂ (ਮੂਰਤੀਆਂ ਅੱਗੇ ਭੇਟਾ ਰੱਖਣ ਲਈ ਹੋਰ ਫੁੱਲ ਚੁਣਨ ਦੀ ਕੀਹ ਲੋੜ ?

੧੦੮- **ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥ ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥ ਮਾਣਸ**
**ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥...੧॥**[੫੭੫]**...ਦੇਹ ਘੋੜੀ ਜੀ ਜਿਤੁ ਹਰਿ**
**ਪਾਇਆ ਰਾਮ ॥ ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ ॥ ....॥ ੪ ॥**[੫੭੬]-੨-੬

੧੪

# ਕੀ ਮਨੁੱਖਾ ਜਨਮ ਬਾਰ ਬਾਰ ਮਿਲਦਾ ਰਹਿੰਦਾ ਹੈ ?

ਸ੍ਰੀ ਮਾਨ ਪੰਥ ਰਤਨ ਵਿਦਿਆ ਮਾਰਤੰਡ ਸੰਤ ਗਿਆਨੀ ਗੁਰਬਚਨ ਸਿੰਘ ਜੀ " ਖ਼ਾਲਸਾ " ਭਿੰਡਰਾਂ ਵਾਲਿਆਂ ਨੇ ਆਪਣੀ ਪੁਸਤਕ " ਗੁਰਮਤਿ ਰਹਿਤ ਮਰਯਾਦਾ " ਦੇ ੧੦੧ ਸਫ਼ੇ ਤੇ ਅੰਮ੍ਰਿਤ ਦੀ ਮਹੱਤਤਾ ਸਿਰਲੇਖ ਹੇਠ ਇਸ ਪ੍ਰਕਾਰ ਲਿਖਦੇ ਹਨ--

" ਅੰਮ੍ਰਿਤ ਛਕਣ ਕਰਕੇ ਪਿਛਲੇ ਜਨਮਾਂ ਦੇ ਸਾਰੇ ਪਾਪ ਬਖ਼ਸ਼ੇ ਜਾਂਦੇ ਹਨ। ਸਤਿਗੁਰੂ ਸਾਹਿਬ ਜੀ ਬਖ਼ਸ਼ ਦਿੰਦੇ ਹਨ। ਸਤਿਗੁਰਾਂ ਦਾ ਹੁਕਮ ਹੈ, ਕਿ ਇਕ ਵਾਰ ਵੀ ਜਿਸ ਸਿੱਖ ਦੇ ਮੁੱਖ ਅੰਮ੍ਰਿਤ ਪੈ ਗਿਆ ਫਿਰ ਭਾਵੇਂ ਗਲਤੀ ਹੋਣ ਕਰਕੇ ਮੁਕਤ ਨਾ ਹੋ ਸਕੇ ਪਰ ਦਸ ਹਜ਼ਾਰ ਵਰ੍ਹੇ

ਤਕ ਅਸੀਂ ਨਰਕਾਂ ਵਿਚ ਨਹੀਂ ਪੈਣ ਦਿਆਂਗੇ । ਵਾਰ ਵਾਰ ਸਿੱਖਾਂ ਦੇ ਘਰ ਜਨਮ ਦਿਆਂਗੇ । ਕਦੇ ਤਾਂ ਰਹਿਤ ਰੱਖ ਕੇ ਮੁਕਤ ਹੋਵੇਗਾ "।

ਸੰਤਾਂ ਮਹਾਂ ਪੁਰਖਾਂ ਦੀ ਲਿਖਤ ਤੋਂ ਪੱਕਾ ਵਿਸ਼ਵਾਸ਼ ਬੱਝਦਾ ਹੈ ਕਿ ਮਨੁਖਾ ਸਰੀਰ ਬਾਰ ਬਾਰ ਲਈ ਰੱਖਣ ਦਾ ਸਾਧਨ ਬੜਾ ਪੱਕਾ ਹੈ । ਅੰਮ੍ਰਿਤ ਛੱਕ ਕੇ ਗ਼ਲਤੀ ਕਰੀ ਰੱਖੇ ਦਸ ਹਜ਼ਾਰ (੧੦੦੦੦) ਸਾਲ ਤਾਂਈਂ ਸਿੱਖਾਂ ਦੇ ਘਰ ਜਨਮ ਲੈਂਦੇ ਰਹਿਣ ਦਾ ਪਰਮਟ ਪੱਕਾ ਹੈ । ਆਉ ਗੁਰੂ ਬਾਣੀ ਹੁਕਮਾਂ ਨੂੰ ਵਿਚਾਰ ਕੇ ਪਤਾ ਕਰੀਏ ਕਿ, ਪੰਥ ਵਿਚ ਵਿਸ਼ੇਸ਼ ਥਾਂ ਮੱਲੀ ਬੈਠੇ ਡੇਰੇਦਾਰ ' ਪੰਥ ਰਤਨ " ਮਹਾਂ ਪੁਰਖ ਜੀ ਦਾ ਕਥਨ ਕੀ ਸੱਚਾ ਹੈ ? ਕੀ ਉਨ੍ਹਾਂ ਨੇ ਕਿਤੇ ਦਸ਼ਮੇਸ਼ ਦੇ ਪਾਵਨ ਪਵਿੱਤ੍ਰ ਨਾਮ ਨਾਲ ਨਿਰਾ ਝੂਠ ਅਤੇ ਕੋਰੀ ਗੱਪ ਹੀ ਤਾਂ ਨਹੀਂ ਜੋੜ ਦਿੱਤੀ ਹੋਈ ?

੧੦੯- **ਫਫਾ ਫਿਰਤ ਫਿਰਤ ਤੂ ਆਇਆ ॥ ਦ੍ਰੂਲਭ ਦੇਹ ਕਲਿਜੁਗ ਮਹਿ ਪਾਇਆ ॥ ਫਿਰਿ ਇਆ ਅਉਸਰੁ ਚਰੈ ਨ ਹਾਥਾ ॥**
**ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥**
**ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ ॥ ੩੮ ॥**[੨੫੮]-ਬਵਾਨ ਅਖਰੀ

**ਅਰਥ:**--(ਹੇ ਭਾਈ !) ਤੂੰ ਅਨੇਕਾਂ ਜੂੰਨਾਂ ਭਟਕਦਾ ਆਇਆ ਹੈਂ, ਹੁਣ ਤੈਨੂੰ ਸੰਸਾਰ ਵਿਚ ਇਹ ਮਨੁੱਖਾ ਜਨਮ ਬੜੀ ਮੁਸ਼ਕਲ ਨਾਲ ਮਿਲਿਆ ਹੈ (ਜੇ ਤੂੰ ਹੁਣ ਵੀ ਵਿਕਾਰਾਂ ਦੇ ਬੰਧਨਾਂ ਵਿਚ ਹੀ ਫਸਿਆ ਰਿਹਾ ਤਾਂ ਅਜੇਹਾ ਸੋਹਣਾ ਮੌਕਾ ਫਿਰ ਨਹੀਂ ਮਿਲੇਗਾ । (ਹੇ ਭਾਈ !) ਜੇ ਤੂੰ ਪ੍ਰਭੂ ਦਾ ਨਾਮ ਜਪੇਂਗਾ ਤਾਂ ਮਾਇਆ ਵਾਲੇ ਸਾਰੇ ਬੰਧਨ ਕੱਟੇ ਜਾਣਗੇ । ਕੇਵਲ ਇਕ ਪਰਮਾਤਾਮ ਦਾ ਜਾਪ ਕਰਿਆ ਕਰ, ਮੁੜ ਮੁੜ ਜਨਮ ਮਰਨ ਦਾ ਗੇੜ ਨਹੀਂ ਰਹੇਗਾ ॥ [ਜੀਵ ਦੀ ਬੇਚਾਰਗੀ ਦੀ ਅਸਲੀਅਤ ਨੂੰ ਸਮਝਣ ਵਾਲੇ ਮਿਹਰਾਂ ਦੇ ਮਾਲਕ, ਗੁਰਦੇਵ, ਪ੍ਰਭੂ ਅੱਗੇ ਅਰਦਾਸ ਕਰਦੇ ਹੋਏ ਫ਼ੁਰਮਾਨ ਕਰਦੇ ਹਨ---ਹੇ ਸਿਰਜਣ ਹਾਰ ਪ੍ਰਭੂ ! (ਮਾਇਆ ਗ੍ਰਸੇ ਜੀਵ ਦੇ ਵੱਸ ਦੀ ਗੱਲ ਨਹੀਂ), ਤੂੰ ਆਪ ਹੀ ਕਿਰਪਾ ਕਰ, ਤੇ ਇਸ ਵਿਚਾਰੇ ਨੂੰ ਚਰਨਾ ਵਿਚ ਜੋੜ ਲੈ ।

੧੧੦- **ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥ ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥੩॥**[੮੧੦]-੮-੩੮

**ਅਰਥ:**--ਅਨੇਕਾਂ ਜੂੰਨਾਂ ਵਿਚ ਭਟਕਦਾ ਜੀਵ ਮੁੱਨਖ ਬਣਦਾ ਹੈ, ਇਹ ਸਰੀਰ ਵੀ ਇੱਕ ਖਿਨ ਵਿਚ ਨਾਸ ਹੋ ਜਾਣ ਵਾਲਾ ਹੈ । ਇਸ ਮੌਕੇ ਤੋਂ ਖੁੰਝਿਆ ਹੋਇਆ ਜੀਵ ਫਿਰ ਅਨੇਕਾਂ ਜੂੰਨਾਂ ਵਿਚ ਜਾ ਭਟਕਦਾ ਹੈ । ੩ ।

ਮਨੁਖਾ ਦਿਹ ਦੇ ਵਾਰੀ ਆਪਣੇ ਕੀਤੇ ਕਰਮਾ ਦੇ ਅਧਾਰ ਤੇ ਮਿਲਦੀ ਹੈ । ਜੀਵ ਦਾ ਚੰਗਾ ਜਾਂ ਮਾੜਾ ਹੋਣਾ ਵੀ ਉਸ ਦੇ ਕਰਮਾ ਅਨੁਸਾਰ ਕੀਤੇ ਪ੍ਰਭੂ ਦੇ ਹੁਕਮ ਤੇ ਹੀ ਨਿਰਭਰ ਹੈ । ਅਤੇ ਜਦ ਗੁਰੂ ਨਾਨਕ ਸਾਹਿਬ ਜੀ ਦੇ ਇਸ ਫ਼ੁਰਮਾਨ ਦੀ ਪੂਰੀ ਸੋਝੀ ਆ ਜਾਏ ਤਾਂ ਫਿਰ ਚੰਗੇ ਮੰਦੇ ਸਾਰਿਆਂ ਜੀਵਾਂ ਵਿਚ ਪ੍ਰਭੂ ਦੇ ਇੱਕ ਸਾਰ ਦਰਸ਼ਨ ਹੋਣ ਲੱਗ ਪੈਂਦੇ ਹਨ ਅਤੇ ਫਿਰ ਉਹ ਕਿਸੇ ਨੂੰ ਮੰਦਾ ਕਹਿਣਾ ਪ੍ਰਭੂ ਦੀ ਨਿੰਦਿਆ ਕਰਨ ਤੁੱਲ ਮੰਨ ਲੈਂਦਾ ਹੈ:--

੧੧੧- **ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥**
**ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ**
**ਸਰੀਕੀ ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾਮਨਹਿ ਕਹਣਾ ਆਖਿ ਨਾਹੀ ਵਾਵਣਾ ॥**
**ਵਾਰੀ ਖਸਮੁ ਕਢਾਏ ਕਿਰਤੁ ਕਮਾਵਣ ॥ ੩ ॥**[੫੬੬]-ਛੰਤ-੧

**ਅਰਥ**:--ਜੀਵਾਂ ਦੇ ਕੀਤੇ ਕਰਮਾਂ ਅਨੂਸਾਰ ਖਸਮ-ਪ੍ਰਭੂ ਹਰੇਕ ਜੀਵ ਨੂੰ ਮਨੁੱਖਾ ਜਨਮ ਦੀ ਵਾਰੀ ਦੇਂਦਾ ਹੈ (ਪਿਛਲੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਬਣਾਉਂਦਾ ਹੈ, ਇਸ ਵਾਸਤੇ) ਕਿਸੇ ਮਨੁੱਖ ਨੂੰ ਭੈੜਾ ਆਖ ਆਖ ਕੇ ਕੋਈ ਝਗੜਾ ਖੜਾ ਨਹੀਂ ਕਰਨਾ ਚਾਹੀਦਾ (ਮਨੁੱਖ ਪ੍ਰਭੂ ਦੇ ਬਣਾਏ (ਨੀਯਮ ਰੂਪ=) ਹੁਕਮ ਵਿਚ ਹੀ ਭੈੜਾ ਬਣਿਆ ਹੈ । ਭੈੜੇ ਨੂੰ ਨਿੰਦਿਆਂ ਸਿਰਜਣਹਾਰ ਨਾਲ ਝਗੜਾ ਹੈ । (ਸੋ, ਹੇ ਭਾਈ !) ਮਾਲਕ ਪ੍ਰਭੂ ਨਾਲ ਝਗੜਾ ਨਹੀਂ ਪਾਉਣਾ ਚਾਹੀਦਾ ।ਇਸ ਤਰ੍ਹਾਂ ਤਾਂ ਆਪਣੇ ਆਪ ਨੂੰ ਆਪ ਹੀ (ਵਞਾਵਣਾ =) ਤਬਾਹ ਕਰ ਲਈਦਾ ਹੈ । [ਪੂਰੇ ਗੁਰੂ ਫ਼ੁਰਮਾਨ ਦੇ ਅਰਥ ਚੌਥੇ ਭਾਗ ਦੇ ਪੰਜਵੇਂ ਕਾਂਡ ਦੇ ੯੧ ਨੰਬਰ ਤੇ ਲਿਖੇ ਜਾ ਚੁੱਕੇ ਹਨ]

੧੧੨- **ਇਕਿ ਕਿਤੁ ਆਏ ਜਨਮੁ ਗਵਾਏ ॥ ਮਨਮੁਖ ਲਾਗੇ ਦੂਜੈ ਭਾਇ ॥** [ ਇਕਿ---, ਕਈ--, **ਇਕਿ ਆਵਹਿ ਇਕਿ ਜਾਹਿ ਉਠਿ .....**" ॥ (੧੬)]
**ਏਹੁ ਵੇਲਾ ਫਿਰਿ ਹਾਥਿ ਨ ਆਵੈ ਪਗਿ ਖਿਸਿਐ ਪਛੁਤਾਇਦਾ ॥ ੬ ॥**[੧੦੬੫]-੭-੨੧

**ਅਰਥ:**--ਕਈ ਮਨੁੱਖ ਜਗਤ ਵਿਚ ਆ ਕੇ ਮਨੁੱਖਾ ਜਨਮ ਨੂੰ ਵਿਅਰਥ ਹੀ ਗੁਆ ਗਏ ਜਾਣੋ । ਕਿਉਂਕਿ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਉਹ ਬੰਦੇ ਮਾਇਆ ਦੇ ਪਿਆਰ ਵਿਚ ਹੀ ਲੱਗੇ ਰਹੇ । ਮਨੁੱਖਾ ਜਨਮ ਵਾਲਾ ਇਹ ਸਮਾ ਫਿਰ ਨਹੀਂ ਮਿਲਦਾ (ਇਸ ਨੂੰ ਵਿਕਾਰਾਂ ਵਿਚ ਗਵਾ ਕੇ) ਮੌਤ ਆਉਣ ਤੇ ਮਨੁੱਖ ਪਛਤਾਉਂਦਾ ਹੈ ।

ਜੇ ਮਨੁਖਾ ਜਨਮ ਵਿਚ ਗੁਰਮੁਖਾਂ ਵਾਲੀ ਜੀਵਨ-ਜੁਗਤ ਨਾ ਬਣਾਈ, ਅਤੇ ਪ੍ਰਭੂ ਦੇ ਗੁਨ ਨਾ ਗਾਏ, ਤਦ ਦੋਬਾਰਾ ਮਨੁੱਖਾ ਜਨਮ ਨਹੀਂ ਮਿਲਣਾ ਸਗੋਂ :--

੧੧੩- **ਚਾਰਿ ਪਾਵ, ਦੁਇ ਸਿੰਗ, ਗੁੰਗ ਮੁਖ, ਤਬ ਕੈਸੇ ਗੁਨ ਗਈ ਹੈ ॥ ਊਠਤ ਬੈਠਤ ਠੇਗਾ ਪਰਿਹੈ, ਤਬ**
**ਕਤ ਮੂਡ ਲੁਕਈ ਹੈ ॥ ੧ ॥ ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥ ਫਾਟੇ ਨਾਕਨ ਟੂਟੇ ਕਾਧਨ, ਕੋਦਉ ਕੋ**
**ਭੁਸੁ ਖਈਹੈ ॥ ੧ ॥ ਰਹਾਉ ॥** [੫੨੪]-੧

ਅਤੇ ਯਾਦ ਰੱਖੀਏ ਕਿ ਜੇ ਅਸੀਂ ਬਹੁਰੰਗੀ ਮਾਇਆ ਦੇ ਮੋਹ ਵਿਚ ਫਸੇ ਰਹਿ ਕੇ ਸਾਧ-ਗੁਰੂ ਜੀ ਦੀ ਸਿਖਿਆ ਵਿਸਾਰ ਕੇ, ਪ੍ਰਭੂ ਸਿਮਰਨ ਲਈ ਸਮਾਂ ਟਾਲਦੇ ਰਹੇ, ਅਤੇ ਅੱਜ ਕੱਲ ਵਿਚ ਜ਼ਿਦੰਗੀ ਦਾ ਕੀਮਤੀ ਸਮਾ ਗਵਾਉਂਦੇ ਰਹੇ ਤਾਂ--**ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥**[੮੫੫] **ਫਰੀਦਾ ਕਾਲੀ ਜਿਨੀ ਨਾ ਰਾਵਿਆ, ਧਉਲੀ ਰਾਵੈ ਕੋਇ ॥ ਕਰਿ ਸਾਂਈ ਸਿਉ ਪਿਰਹੜੀ, ਰੰਗੁ ਨਵੇਲਾ ਹੋਇ ॥੧੨॥**[੧੩੭੮]

ਜਵਾਨੀ ਵਿਚ ਜਿਸ ਦਾ ਮਨ ਪ੍ਰਭੂ ਚਰਨਾਂ ਵਿਚ ਨਹੀਂ ਜੁੜਦਾ, ਬੁਢੇ ਹੋਏ, ਅਥਵਾ ਅੰਤ ਸਮੇ ਪ੍ਰਭੂ ਦੇ ਯਾਦ ਵਿਚ ਚਿੱਤ ਕਦੇ ਨਹੀਂ ਜੁੜਦਾ । ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਫ਼ੁਰਮਾਨ ਤੋਂ ਟਪਲਾ ਨਹੀਂ ਖਾਣਾ ਚਾਹੀਦਾ, ਕਿ ਅੰਤ ਵੇਲੇ ਪ੍ਰਭੂ ਨੂ ਯਾਦ ਕਰ ਲਵਾਂਗੇ:----

੧੧੪- **ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥**
**ਅਰੀ ਬਾਈ, ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥.. ਅੰਤਿ ਕਾਲਿ ਨਾਰਾਇਣ ਸਿਮਰੈ ਐਸੀ ਚਿੰਤਾ ਮਹਿ ਜੋ ਮਰੈ ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥ ੫ ॥** [੫੨੬]-੨

ਜ਼ਿੰਦਗੀ ਵਿਚ ਵਿਚਰਦਿਆਂ ਜਿਸ ਦੀ ਲਿਵ ਪ੍ਰਭੂ ਚਰਨਾਂ ਵਿਚ ਲੀਨ ਹੋ ਚੁੱਕੀ ਹੋਵੇ, ਕੇਵਲ ਉਹੀ ਮਨੁੱਖ ਅੰਤ ਵੇਲੇ ਅਕਾਲਪੁਰਖ ਨੂੰ ਸਿਮਰ ਸਕਦਾ ਹੈ । ਨਹੀਂ ਤਾਂ ਕਿਸੇ ਦੇ ਕਹੇ ਕਹਾਏ ਜਾਂ ਚੇਤਾ ਕਰਾਉਣ ਤੇ ਜੇ ਮਰਨ ਲੱਗਾ ਵਹਿਗੁਰੂ ਵਾਹਿਗੁਰੂ ਕਰਦਾ ਹੈ ਤਾਂ ਇਸ ਦਾ ਕੋਈ ਮੁੱਲ ਨਹੀਂ । **ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤ ਤਿਨ੍ ਪਾਇਆ ॥ ੮ ॥**[੫੬੫] ਅਤੇ ਫਿਰ ਉਪਰੋਕਤ ਗੁਰੂ ਸ਼ਬਦ ਨੂੰ ਗਹੁ ਨਾਲ ਵਿਚਾਰੀਏ ਤਾਂ ਸਮਝ ਆ ਜਾਂਦੀ ਹੈ ਕਿ ਮੋਖ ਮੁਕਤਿ ਦੀ ਪ੍ਰਾਪਤੀ ਲਈ, ਪ੍ਰਭੂ ਨੂੰ ਸਦਾ ਯਾਦ ਰੱਖਣ ਦੀ ਗੱਲ ਰਹਾਉ ਦੀ ਤੱਕ ਵਿਚ ਕਰਕੇ ਅੰਤ ਵਿਚ ਵੀ ਪ੍ਰਭੂ ਦੀ ਯਾਦ ਨੂੰ ਹਿਰਦੇ ਵਿਚ ਵਸਾਉਣ ਦੀ ਹੀ ਗਲ ਕੀਤੀ ਹੋਈ ਹੈ । ਸਾਰੀ ਉਮਰ ਜਿਨ੍ਹਾਂ ਮਾਇਕ ਪਦਾਰਥਾਂ ਵਿਚ ਮਨ ਖੁੱਭਿਆ ਰਿਹਾ ਹੁੰਦਾ ਹੈ, ਮਰਨ ਲੱਗੇ ਮਨੁੱਖ ਦੇ ਹਿਰਦੇ ਵਿਚ ਉਨ੍ਹਾਂ ਹੀ ਮਾਇਕ ਪਦਾਰਥਾਂ ਦੀ ਯਾਦ ਚੱਕਰ ਲਾ ਰਹੀ ਹੁੰਦੀ ਹੈ, ਇਸ ਲਈ ਮੂੰਹੋਂ ਰੱਬ ਦੇ ਨਾਮ ਦਾ ਜਾਪ ਅਰਥ-ਹੀਣ ਹੈ । ਗੱਲ ਹਿਰਦੇ ਵਿਚਲੀ **ਯਾਦ** ਦੀ ਹੈ । ਤੋਤੇ ਵਾਂਗ ਕੇਵਲ ਜ਼ਬਾਨ ਨਾਲ ਰਟਨ ਕਰੀ ਜਾਣ ਦਾ ਕੋਈ ਮੁੱਲ ਨਹੀਂ ਹੈ । ਇਸੇ ਲਈ ਜੈਸੀ **ਯਾਦ** ਵੈਸਾ **ਫਲ** ਮਿਲਣ ਦੀ ਗੱਲ ਹੈ । ਨਿਬੇੜਾ ਹਿਰਦਾ ਅਥਵਾ ਨੀਅਤ ਰੱਸਿ ਹੋਣ ਤੇ ਹੈ--**ਮਿਲਦਿਆ ਦਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥ ੧ ॥**[੬੯੪]।

## ਮਨੁੱਖਾ ਦੇਹ-ਪਉੜੀ ਹਥੋਂ ਛੁੜਕੀ ਮੁੜ ਹੱਥ ਨਹੀਂ ਆਉਣੀ--

੧੧੫- **ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ, ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥**
**ਧ੍ਰਿਗੁ ਸਰੀਰੁ, ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥**
**ਪਉੜੀ ਛੁੜਕੀ ਫਿਰਿ ਹਾਥਿ ਨ ਆਵੈ, ਅਹਿਲਾ ਜਨਮੁ ਗਵਾਇਆ ॥ ੧ ॥**[੭੯੬]-੧

**ਅਰਥ:**--ਜੇ ਇਸ ਸਰੀਰ ਦੀ ਰਾਹੀਂ ਇਸ ਜਨਮ ਵਿਚ ਖ਼ਸਮ-ਪ੍ਰਭੂ ਦਾ ਮਿਲਾਪ ਪ੍ਰਾਪਤ ਨਹੀਂ ਕੀਤਾ, ਤਾਂ ਇਹ ਸਰੀਰ (ਨੱਕ, ਕੰਨ, ਅੱਖਾਂ ਆਦਿਕ ਸਾਰੇ) ਪਰਵਾਰ ਸਮੇਤ ਫਿਟਕਾਰ-ਜੋਗ ਹੈ । (ਮਨੁੱਖ ਦਾ ਸਭ ਕੁਝ) ਖਾਣਾ, ਸੌਣਾ (ਸੁਖ ਆਰਾਮ), ਸਰੀਰ ਉਤੇ ਕੱਪੜਾ ਪਹਿਨਣਾ ਫ਼ਿਟਕਾਰ-ਜੋਗ ਹੈ । (ਹੇ ਭਾਈ ! ਇਹ ਮਨੁੱਖਾ ਸਰੀਰ ਪ੍ਰਭੂ ਦੇ ਦੇਸ ਵਿਚ ਪਹੁੰਚਣ ਲਈ ਪੌੜੀ ਹੈ) ਜੇ ਇਹ ਪੌੜੀ (ਹਥੋ)ਂ ਨਿਕਲ ਜਾਏ ਤਾਂ ਮੁੜ ਹੱਥ ਨਹੀਂ ਆਉਂਦੀ । ਮਨੁੱਖ ਆਪਣਾ ਬੜਾ ਕੀਮਤੀ ਜਨਮ ਗੁਆ ਲੈਂਦਾ ਹੈ । ੧ ।

੧੧੬/੫੮- **ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ ੩੦ ॥** [੧੩੬੬]

**ਅਰਥ:**--ਹੇ ਕਬੀਰ ! ਮਨੁੱਖਾ ਜਨਮ ਬੜੀ ਮੁਸ਼ਕਲ ਨਾਲ ਮਿਲਾਦ ਹੈ, (ਤੇ, ਜੇ ਪ੍ਰਭੂ ਦਾ ਨਾਮ ਵਿਸਾਰ ਕੇ ਨਿਰਾ ਦੁਨੀਆ ਵਿਚ ਲੱਗ ਕੇ ਇੱਕ ਵਾਰੀ ਹੱਥੋਂ ਗਿਆ) ਤਾਂ ਮੁੜ ਮੁੜ ਨਹੀਂ ਮਿਲਦਾ, ਜਿਵੇਂ ਜੰਗਲ ਦੇ ਰੁੱਖਾਂ ਦੇ ਫਲ ਪੱਕ ਕੇ ਜਦੋਂ ਜ਼ਮੀਨ ਤੇ ਡਿੱਗ ਪੈਣ ਤਾਂ ਉਹ (ਦੁਬਾਰਾ, ਉਸੇ ਤਰ੍ਹਾਂ ਰੁੱਖ ਦੀ) ਡਾਲੀ ਨਾਲ ਨਹੀਂ ਲੱਗਦੇ। ੩੦।

੧੧੭/੮੭-**ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥**
**ਇਸ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ ੨ ॥**[੧੦੭੫]-੧-੫

[ਇਸ ਪਾਵਨ ਗੁਰੂ ਫ਼ੁਰਮਾਨ ਦੇ ਅਰਥ ੮੭ ਨੰਬਰ ਤੇ ਲਿਖੇ ਹੋਏ ਹਨ]

੧੫

# ਦੁਰਲਭ ਦੇਹ ਦਾ ਸਮਾਂ ਅਜਾਈਂ ਗਵਾਇਆ

ਕਦੇ ਸਤਿਗੁਰਾਂ ਦੀ ਸੰਗਤਿ ਨਾ ਕੀਤੀ । ਗੁਰੂ-ਸਬਦ ਦੀ ਵਿਚਾਰ ਵਿਚ ਮਨ ਨਾ ਲਾਇਆ । ਅਕਾਲਪੁਰਖ ਦੀਆਂ ਵਡਿਆਈਆਂ ਦਾ ਗਿਆਨ ਨਾ ਹੋਇਆ । ਮਾਇਆ ਦੇ ਮੋਹ ਵਿਚ ਫਸਿਆ ਰਹਿ ਕੇ ਮਨ ਵਿਕਾਰੀ ਹੁੰਦਾ ਗਿਆ । ਦਰਲਭ ਮਨੁੱਖਾ ਦੇਹ ਪ੍ਰਾਪਤਿ ਹੋਈ, ਪਰ ਐਵੇਂ ਗੁਵਾ ਲਈ :-

੧੧੮- **ਸੰਤਾ ਸੇਤੀ ਰੰਗੁ ਨ ਲਾਏ ॥ ਸਾਕਤ ਸੰਗਿ ਵਿਕਰਮ ਕਮਾਏ ॥**
**ਦੁਲਭ ਦੇਹ ਖੋਈ ਅਗਿਆਨੀ ਜੜ ਆਪੁਣੀ ਆਪਿ ਉਪਾੜੀ ਜੀਉ ॥ ੩ ॥**[੧੦੫]-੩੦-੩੭

੧੧੯- **ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥**
**ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥ ੧ ॥**[੨੨੦]-੬

੧੨੦- **ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**
**ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥.... ੨ ॥** [੪੫੦]-ਛੰਤ-੧੧-੧੮

੧੨੧- **ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹ ਬਣਤ ਬਣਾਈ ॥**
**ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥ ੧੧ ॥**[੧੦੬੬]-੮-੨੨

੧੨੨- **ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥ ਹਲਤਿ ਪਲਤਿ ਤੁਧੁ ਹੋਇ ਵਡਿਆਈ ॥**
**ਅੰਤ ਕੀ ਬੇਲਾ ਲਏ ਛਡਾਈ ॥ ੧ ॥** [੮੯੫]-੩੦-੪੧

੧੨੩- **ਕਾਚੀ ਦੇਹ ਮੋਹ ਫੁਨਿ ਬਾਂਧੀ, ਸਠ ਕਠੋਰ ਕੁਚੀਲ ਕੁਗਿਆਨੀ ॥ ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥ ਜੋਬਨ ਰੂਪ ਮਾਇਆ ਮਦ ਮਾਤਾ, ਬਿਚਰਤ ਬਿਕਲ ਬਡੌ ਅਭਿਮਾਨੀ ॥ ਪਰ ਧਨ ਪਰ ਅਪਵਾਦ ਨਾਰਿ ਨਿੰਦਾ, ਯਹ ਮੀਠੀ ਜੀਅ ਮਾਹਿ ਹਿਤਾਨੀ ॥ ਬਲਬੰਚ ਛਪਿ ਕਰਤ ਉਪਾਵਾ, ਪੇਖਤ ਸੁਨਤ ਪ੍ਰਭ ਅੰਤਰਜਾਮੀ ॥ ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓ ਸਰਨਿ ਜੀਅ ਦਾਨੀ ॥ ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥ ਕੀਰਤ ਕਰਨ ਸਰਨ ਮਨਮੋਹਨ, ਜੋਹਨ ਪਾਪ ਬਿਦਾਰਨ ਕਉ ॥ ਹਰਿ ਤਾਰਨ ਤਰਨ ਸਮਰਥ**

**ਸਭੈ ਬਿਧਿ, ਕੁਲਹ ਸਮੂਹ ਉਧਾਰਨ ਸਉ॥ ਚਿਤ ਚੇਤਿ ਅਚੇਤ ਜਾਨਿ ਸਤਸੰਗਤਿ, ਭਰਮ ਅੰਧੇਰ ਮੋਹਿਓ ਕਤ ਧੰਉ ॥ ਸਿਖ੍ਯਾ ਸੰਤ ਨਾਮੁ ਭਜੁ ਨਾਨਕ, ਰਾਮ ਰੰਗਿ ਆਤਮ ਸਿਉ ਰੰਉ ॥ ੨ ॥**

**ਪਦ ਅਰਥ:**--ਕਾਚੀ=ਥਿਰ ਨਾ ਰਹਿਣ ਵਾਲੀ, ਨਾਸਵੰਤ। ਦੇਹ=ਸਰੀਰ । ਮੋਹ ਬਾਂਧੀ= (ਮਾਇਆ ਦੇ) ਮੋਹ ਨਾਲ ਬੱਝੀ ਹੋਈ । ਫੁਨਿ=ਫਿਰ । ਸਠ=ਦੁਰਜਨ । ਕਠੋਰ=ਨਿਰਦਈ । ਕੁਚੀਲ=ਗੰਦਾ ਰਹਿਣ ਵਾਲਾ । ਕੁਗਿਆਨੀ=ਮੂੜ੍ਹ, ਮੂਰਖ । ਧਾਵਤ ਭ੍ਰਮਤ=ਭਟਕਦਾ ਹਾਂ।ਿਹਨੁ-ਟਿਕਾਉ, ਸਥਿਰਤਾ । ਨਹੀ ਪਾਵਤ=ਨਹੀਂ ਮਿਲਦੀ, ਪ੍ਰਾਪਤ ਨਹੀਂ ਹੁੰਦੀ । ਗਤਿ=ਉੱਚੀ ਆਤਮਕ ਅਨਸਥਾ । ਮਦ=ਅਹੰਕਾਰ। ਮਾਤਾ=ਮਸਤ । ਬਿਚਰਤ= ਭਟਕਦਾ ਫਿਰਦਾ । ਬਿਕਲ=ਵਿਆਕਲ, ਆਪਣੇ ਆਪ ਨੂੰ ਭੁਲਾ ਕੇ। ਅਪਵਾਦ=ਬੁਰੇ ਬਚਨ, ਕੌੜੇ ਬੋਲ। ਨਾਰਿ=(ਪਰਾਈ) ਇਸਤ੍ਰੀ (ਵੱਲ ਮੰਦੀ ਨਜ਼ਰ। ਯਹ=ਇਹ । ਜੀਅ ਮਹਿ=ਹਿਰਦੇ ਵਿਚ । ਹਿਤਾਨੀ=ਪਿਆਰੇ ਲੱਗਦੇ ਹਨ। ਬਲਬੰਦ ਉਪਾਵਾ=ਠੱਗੀ ਦੇ ਉਪਾਵ । ਛਪਿ=ਲੁਕ ਕੇ। ਕਰਤ=ਕਰਦਾ ਹਾਂ । ਪੇਖਤ=ਤੂੰ ਵੇਖਦਾ ਹੈਂ । ਸੁਨਤ= ਸੁਣਦਾ ਹੈਂ । ਪ੍ਰਭ=ਹੇ ਪ੍ਰਭੂ ! ਸੀਲ=ਚੰਗਾ ਸੁਭਾਉ । ਸੁਚ=ਪਵਿੱਤ੍ਰਤਾ । ਨਾਸਿਤ=ਨਹੀਂ ਹੈ[ਨਾ-ਅਸਤ]। ਆਇਓ=ਮੈਂ ਆਇਆ ਹਾਂ। ਜੀਅ ਕੈ ਦਾਨੀ=ਹੇ ਜੀਅ ਦੇ ਦਾਨੀ ! ਹੇ ਜੀਅ ਦਾਨ ਦੇਣ ਵਾਲੇ ! ੧ । ਕੀਰਤਿ ਕਰਨ=ਸਿਫ਼ਤਿ-ਸਾਲਾਹ ਕਰਨੀ ।ਮਨ ਮੋਹਨ=ਮਨ ਨੂੰ ਮੋਹ ਲੈਣ ਵਾਲੇ । ਸਰਨ=ਸਰਨੀ ਪੈਣਾ । ਜੋਹਨ=ਜੋਧਨ, ਜੋਧੇ। ਬਿਦਾਰਨ ਕਉ=ਨਾਸ ਕਰਨ ਲਈ, ਦੂਰ ਕਰਨ ਲਈ । ਤਾਰਨ ਤਰਨ=(ਸੰਸਾਰ-ਸਾਗਰ ਤੋਂ) ਤਾਰਨ ਲਈ ਬੇੜੀ । ਤਰਨ=ਬੇੜੀ। ਕੁਲਹ ਸਮੂਹ=ਕੁਲਾਂ ਦੇ ਸਮੂਹ, ਕਈ ਕੁਲਾਂ । ਉਧਾਰਨ ਸਉ=ਤਾਰਨ ਲਈ, ਪਾਰ ਕਰਨ ਲਈ। ਚਿਤ ਅਚੇਤ=ਹੇ ਅਚੇਤ ਚਿੱਤ ! ਹੇ ਗ਼ਾਫਲ ਮਨ ! ਚੇਤ=ਸਿਮਰ। ਜਾਨਿ=ਪਛਾਣ । ਭਰਮ ਅੰਧੇਰ=ਭਰਮ ਰਪ ਹਨੇਰੇ ਦਾ ਮੁੱਠਾ ਹੋਇਆ। ਕਤ=ਕਿੱਧਰ ? ਧਉ=ਤੂੰ ਧਾਉਂਦਾ ਹੈ, ਭਟਕਦਾ ਹੈਂ । ਮੂਰਤ=ਮਹੂਰਤ । ਘਰੀ=ਘੜੀ। ਹੋਛਉ=ਹੋਛਾ, ਨਿਕੰਮਾ, ਤੋੜ ਨ ਨਿਭਨ ਵਾਲਾ। ਕਾਜ=ਕੰਮ ਧੰਦਾ । ਕੋਟਿ=ਕ੍ਰੋੜਾਂ । ਕਹਾ=ਕਿਉਂ, ਕਿਸ ਦੀ ਖ਼ਾਤਰ। ਦੁਖ=ਦੁੱਖ ਵਿਚ । ਭੱਉ=ਭੌਂਦਾ ਫਿਰੇਂਗਾ । ਸਿਖ੍ਯਾ=ਉਪਦੇਸ਼ (ਲੈ ਕੇ)।ਰੰਗਿ=ਰੰਗ ਵਿਚ । ਆਤਮਾ ਸਿਉ=ਆਪਣੇ ਆਤਮਾ ਨਾਲ । ਰੱਉ=ਅਨੰਦ ਮਾਣ । ੨ ।

**ਰੰਚਕ ਰੇਤ ਖੇਤ ਤਨਿ ਨਿਰਮਿਤ, ਦੁਰਲਭ ਦੇਹ ਸਵਾਰਿ ਧਰੀ ॥ ਖਾਨ ਪਾਨ ਸੋਧੇ ਸੁਖ ਭੁੰਚਤ, ਸੰਕਟ ਕਾਟਿ ਬਿਪਤਿ ਹਰੀ ॥ ਮਾਤ ਪਿਤਾ ਭਾਈ ਅਰੁ ਬੰਧਪ, ਬੂਝਨ ਕੀ ਸਭ ਸੂਝ ਪਰੀ ॥ ਬਰਧਮਾਨ ਹੋਵਤ ਦਿਨ ਪ੍ਰਤਿ, ਨਿਤ ਆਵਤ ਨਿਕਟਿ ਬਿਖੰਮ ਜਰੀ ॥ ਰੇ ਗੁਨ ਹੀਨ ਦੀਨ ਮਾਇਆ ਕ੍ਰਿਮ, ਸਿਮਰਿ ਸੁਆਮੀ ਏਕ ਘਰੀ ॥ ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ, ਨਾਨਕ ਕਾਟਿ ਬਰੰਮ ਭਰੀ ॥ ੩ ॥ ਰੇ ਮਨ ਮੂਸ ਬਿਲਾ ਮਹਿ ਗਰਬਤ, ਕਰਤਬ ਕਰਤ ਮਹਾਂ ਮੁਘਨਾਂ ॥ ਸੰਪਤ ਦੋਲ ਝੋਲ ਸੰਗਿ ਝੂਲਤ, ਮਾਇਆ ਮਗਨ ਭ੍ਰਮਤ ਘੁਘਨਾ॥ ਸੁਤ ਬਨਿਤਾ ਸਾਜਨ ਸੁਖ ਬੰਧਪ, ਤਾ ਸਿਉ ਮੋਹੁ ਬਢਿਓ ਸੁ ਘਨਾ ॥ ਬੋਧਿਓ ਬੀਜੁ ਅਹੰ ਮਮ ਅੰਕੁਰੁ, ਬੀਤਤ ਅਉਧ ਕਰਤ ਅਘਨਾਂ ॥ ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੁਖ ਭੁਖਨਾ॥ ਸਿਮਰਿ ਗੁਪਾਲ ਦਇਆਲ ਸਤਸੰਗਤਿ, ਨਾਨਕ ਜਗਤ ਜਾਨਤ ਸੁਪਨਾ ॥੪॥[੧੩੮੭]**

**ਪਦ ਅਰਥ:**--ਰੰਚਕ ਰੇਤ=ਰਤਾ ਕੁ ਬੀਰਜ । ਖੇਤ=ਪੈਲੀ । ਤਨਿ=ਸਰੀਰ ਵਿਚ (ਭਾਵ, ਮਾਤਾ ਦੇ ਪੇਟ ਵਿਚ) । ਕੇਤ ਤਨਿ=ਮਾਂ ਦੇ ਪੇਟ-ਰੂਪੀ ਖੇਤ ਵਿਚ। ਨਿਰੋਮਤ=ਨਿੰਮਿਆ। ਦੇਹ=ਸਰੀਰ । ਦੁਰਲਭ=ਅਮੋਲਕ । ਸਵਾਰਿ=ਸਾਜਾ ਕੇ । ਖਾਨ ਪਾਨ=ਖਾਣ ਪੀਣ ਦੇ ਪਦਾਰਥ । ਸੋਧੇ=ਮਹਲ-ਮਾੜੀਆਂ। ਸੁਖ ਭੁੰਚਤ=ਮਾਣਨ ਲਈ ਸੁਖ ਦਿੱਤੇ । ਸੰਕਟ=ਕਲੇਸ਼ (ਭਾਵ, ਮਾਂ ਦੇ ਉਦਰ ਵਿਚ ਪੁਠੇ ਟਿਕੇ ਰਹਿਣ ਵਾਲਾ ਕਲੇਸ਼)। ਕਾਟ=ਕੱਟ ਕੇ, ਹਟਾ ਕੇ। ਹਰੀ=ਦੂਰ ਕਰ ਦਿੱਤੀ। ਬੰਧਪ=ਸੰਬੰਧੀ, ਸਾਕ-ਸੈਨ । ਬੂਝਣ ਕੀ=ਪਛਾਣਨ ਦੀ । ਸੂਝ=ਮੱਤ, ਬੁੱਧ। ਬਰਧਮਾਨ ਹੋਵਤ=ਵਧਦਾ ਹੈ। ਦਿਨਪ੍ਰਤ=ਪ੍ਰਤ ਦਿਨ, ਰੋਜ਼, ਦਿਨੋ ਦਿਨ। ਕਿੰਮ=ਡਰਾਉਣਾ । ਜਰੀ=ਬੁਢੇਪਾ । ਕਰੁ=ਹੱਥ। ਗਹਿ=ਫੜ ਕੇ । ਗਹਿ ਲੇਹੁ=ਫੜ ਲਉ । ਕ੍ਰਿਪਾਨਿਧਿ=ਕਿਰਪਾ ਦੇ ਖ਼ਜ਼ਾਨੇ । ਕਾਟਿ=ਦੂਰ ਕਰ । ਭਰੰਮ ਭਰੀ=ਭਰਮਾਂ ਦੀ ਪੰਡ । ੩ । ਮੂਸ=ਚੂਹਾ । ਬਿਲ=ਖੁੱਡ । ਗਰਬਤ ਤੂੰ ਹੰਕਾਰ ਕਰਦਾ ਹੈਂ । ਕਰਤਬ=ਕੰਮ, ਕਰਤੂਤ । ਮਹਾ ਮੁਘਨਾ=ਵਡੇ ਮੂਰਖਾਂ ਵਾਲੇ । ਸੰਪਤ=ਧਨ-ਪਦਾਰਥ। ਦੋਲ=ਪੀਂਘ, ਪੰਘੂੜਾ । ਝੋਲ ਸੰਗ= ਹੁਲਾਰੇ ਨਾਲ । ਮਗਨ=ਮਸਤ- ਘੁਘਨਾ=ਉੱਲੂ ਵਾਂਗ। ਬਨਿਤਾ=ਇਸਤ੍ਰੀ। ਘਣਾ=ਬਹੁਤ । ਅਹੰ=ਹਉਮੈ । ਮਮ=ਮਮਤਾ। ਅੰਕੁਰ=ਅੰਗੂਰ। ਅਉਧ=ਉਮਰ । ਅਘਨਾ=ਪਾਪ। ਮਿਰਤ=ਮੌਤ। ਮੰਜਾਰ=ਬਿੱਲਾ । ਮੁਖੁ ਪਸਾਰਿ=ਮੂਹ ਖੋਹਲ ਕੇ । ਨਿਤਖਤ=ਵੇਖਦਾ ਹੈ। ਭੂੰਚਤ ਭੁਗਤ=ਭੋਗਾਂ ਨੂੰ ਭੋਗਦਾ ਹੈ । ਭੂਖ=ਤ੍ਰਿਸ਼ਨਾ । ੩ ।

**ਦੇਹ ਨ ਗੇਹ, ਨ ਨੇਹ ਨ ਨੀਤਾ, ਮਾਇਆ ਮਤ, ਕਹਾ ਲਉ ਗਾਰਹੁ॥ ਛਤ੍ਰ ਨ ਪਤ੍ਰ, ਨ ਚਉਰ ਨ ਚਾਵਰ, ਬਹਤੀ ਜਾਤ, ਰਿਦੈ ਨ ਬਿਚਾਰੁ ॥ ਰਥ ਨ ਅਸ੍ਵ ਨ ਗਜ ਸਿੰਘਾਸਨ, ਛਿਨ ਮਹਿ ਤਿਆਗਤ, ਨਾਂਗ ਸਿਧਰਹੁ ॥ ਸੂਰ ਨ ਬੀਰ, ਨ ਮੀਰ ਨ ਖਾਨਮ, ਸੰਗਿ ਨ ਕੋਊ, ਦ੍ਰਿਸਟਿ ਨਿਹਾਰਹੁ ॥ ਕੋਟ ਨ ਓਟ, ਨ ਕੋਸ ਨ ਛੋਟਾ, ਕਰਤ ਬਿਕਾਰ ਦੋਊ ਕਰ ਝਾਰਹੁ ॥ ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ,ਉਲਟਤ ਜਾਤ, ਬਿਰਖ ਕੀ ਛਾਰੁਹੁ ॥ ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥ ਸ੍ਰੀਪਤਿ ਨਾਥ ਸਿਮ੍ਰਤਿ ਨਾਨਕ ਜਨ, ਹੇ ਭਗਵੰਤ, ਕ੍ਰਿਪਾ ਕਰਿ ਤਾਰਹੁ ॥ ੫ ॥ ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ ॥ ਸਾਜਨ ਸੈਨ ਮੀਤ ਸੁਤ ਭਾਈ ਤਾਹੂ ਤੇ ਲੇ ਰਖੀ ਨਿਰਾਰੀ ॥ ਧਾਵਨ ਪਾਵਨ ਕੂਰ ਕਮਾਵਨ, ਇਹ ਬਿਧਿ ਕਰਤ ਅਉਧ ਤਨ ਜਾਰੀ ॥ ਕਰਮ ਧਰਮ ਸੰਜਮ ਸੁਚ ਨੇਮਾ, ਚੰਚਲ ਸੰਗਿ ਸਗਲ ਬਿਧਿ ਹਾਰੀ ॥ ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ ਦੀਨਾ ਨਾਥ ਪ੍ਰਾਨਪਤਿ ਸਾਰੀ ॥ ਕਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ ॥ ਨਾਨਕ ਸੰਤ ਚਰਨ ਸੰਗਿ ਉਧਰੇ ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥ ੬ ॥**

**ਅਰਥ:**--ਹੇ ਮਾਇਆ ਵਿਚ ਮਤੇ ਹੋਏ (ਜੀਵ !) ਇਹ ਸਰੀਰ, ਇਹ ਘਰ, (ਮਾਇਆ ਦੇ) ਇਹ ਪਿਆਰ ਕੋਈ ਸਦਾ ਰਹਿਣ ਵਾਲੇ ਨਹੀਂ ਹਨ, ਕਦ ਤਾਈਂ (ਤੂੰ ਇਨ੍ਹਾਂ ਦਾ) ਹੰਕਾਰ ਕਰੇਂਗਾ ? ਇਹ (ਰਾਜਸੀ) ਛਤਰ, ਇਹ ਹੁਕਮ-ਨਾਮੇ, ਇਹ ਚਉਰ-ਬਰਦਾਰ, ਸਭ ਨਾਸ ਹੋ ਜਾਣਗੇ । ਪਰ ਹਿਰਦੇ ਵਿਚ ਤੂੰ (ਇਸ ਸਚਾਈ ਨੂੰ) ਵਿਚਾਰਦਾ ਨਹੀਂ ਹੈਂ । ਰਥ ਘੋੜੇ ਹਾਥੀ, ਤਖ਼ਤ, (ਇਨ੍ਹਾਂ ਵਿਚੋਂ ਕੋਈ ਵੀ ਨਾਲ) ਨਹੀਂ ਨਿਭਣਾ, ਇਨ੍ਹਾਂ ਨੂੰ ਇੱਕ ਖਿਨ ਵਿਚ ਛੱਡ ਕੇ (ਏਥੋਂ ) ਨੰਗਾ ਹੀ ਤੁਰ ਜਾਏਂਗਾ। ਅੱਖਾਂ ਨਾਲ ਵੇਖ, ਨਾ ਸੂਰਮੇ, ਨਾ ਜੋਧੇ, ਨਾ ਮੀਰ, ਨਾ ਸਿਰਦਾਰ, ਕੋਈ ਵੀ ਸਾਥੀ ਨਹੀਂ ਬਣਨੇ। ਇਨ੍ਹਾਂ ਕਿਲ੍ਹਿਆਂ (ਮਾਇਆ ਦੇ) ਆਸਰਿਆਂ ਤੇ ਖ਼ਜ਼ਾਨਿਆਂ ਨਾਲ (ਅੰਤ ਵੇਲੇ) ਛੁਟਕਾਰਾ ਨਹੀਂ (ਹੋ ਸਕਦਾ)। ਤੂੰ ਪਾਪ ਕਰ ਕਰ ਕੇ ਦੋਵੇਂ ਹੱਥ ਝਾੜਦਾ ਹੈਂ (ਭਾਵ, ਬੇ-ਪਰਵਾਹ ਹੋ ਕੇ ਪਾਪ ਕਰਦਾ ਹੈਂ) । ਇਹ ਮਿਤ੍ਰ, ਪੁੱਤ੍ਰ, ਇਸਤ੍ਰੀ, ਸੱਜਣ ਤੇ ਸਾਥੀ (ਅੰਤ ਵੇਲੇ) ਸਾਥ ਛੱਡ ਦੇਣਗੇ, ਜਿਵੇਂ (ਹਨੇਰੇ ਵਿਚ) ਰੁੱਖ ਦੀ ਛਾਂ (ਉਸ ਦਾ ਸਾਥ ਛੱਡ ਦਿੰਦੀ ਹੈ)। (ਹੇ ਮਨ !) ਦੀਨਾਂ ਉਤੇ ਦਇਆ ਕਰਨ ਵਾਲੇ, ਸਭ ਥਾਈਂ ਵਿਆਪਕ ਬੇਅੰਤ ਤੇ ਅਪਾਰ ਹਰੀ ਨੂੰ ਹਰ ਵੇਲੇ ਯਾਦ ਕਰ, (ਤੇ ਆਖ)-ਹੇ ਮਾਇਆ ਦੇ ਪਤੀ ! ਹੇ ਨਾਥ ! ਨਾਨਕ ਦਾਸ ਨੂੰ ਕਿਰਪਾ ਕਰਕੇ ਤਾਰ ਲਵੋ, ਜੋ ਤੇਰੀ ਸਰਨ ਆਇਆ ਹੈ । ੫ । (ਲੋਕ) ਜਾਨ ਹੀਲ ਕੇ, ਇਜ਼ਤ ਭੀ ਦੇ ਕੇ, ਦਾਨ ਲੈ ਲੈ ਕੇ, ਡਾਕੇ ਮਾਰ ਮਾਰ ਕੇ, (ਮਾਇਆ ਵਿਚ) ਪ੍ਰੇਮ ਜੋੜ ਕੇ, (ਪੂਰਨ) ਧਿਆਨ ਦੇ ਦੇ (ਮਾਇਆ ਨੂੰ) ਲੈ ਲੈ ਕੇ ਇਕੱਠੇ ਕਰਦੇ ਹਨ, ਸੱਜਣਮ ਸਾਥੀ, ਮਿਤ੍ਰ, ਪੁਤ੍ਰ, ਭਰਾ--ਇਨ੍ਹਾਂ ਸਭਨਾਂ ਤੋਂ ਉਹਲੇ ਲੁਕਾ ਕੇ ਰੱਖਦਾ ਹੈ। (ਲੋਕ ਮਾਇਆ ਦੇ ਪਿੱਛੇ) ਦੌੜਨਾ ਭੱਜਣਾ, ਠੱਗੀ ਦੇ ਕੰਮ ਕਰਨੇ--ਸਾਰੀ ਉਮਰ ਇਹ ਕੁਝ ਕਰਦਿਆਂ ਹੀ ਗਵਾ ਦਿੰਦੇ ਹਨ, ਪੁੰਨ ਕਰਮ, ਜੁਗਤੀ ਵਿਚ ਰਹਿਣਾ, ਆਤਮਕ ਸੁਚ ਦੇ ਨੇਮ--ਇਹ ਸਾਰੇ ਹੀ ਕੰਮ ਚੰਚਲ ਮਾਇਆ ਦੀ ਸੰਗਤ ਵਿਚ ਛੱਡ ਬੈਠਦੇ ਹਨ। (ਜੀਵ) ਪਸ਼ੂ, ਪੰਛੀ, ਰੁੱਖ, ਪਰਬਤ ਆਦਿਕ--ਇਨ੍ਹਾਂ ਰੰਗਾ-ਰੰਗ ਦੀਆਂ ਜੂਨਾਂ ਵਿਚ ਬਹੁਤ ਭਟਕਦੇ ਹਨ, ਖਿਨ ਮਾਤ੍ਰ, ਪਲ ਮਾਤ੍ਰ ਜਾਂ ਚੱਸਾ ਮਾਤ੍ਰ ਵੀ ਦੀਨਾਂ ਦੇ ਨਾਥ, ਪ੍ਰਾਣਾਂ ਦੇ ਮਾਲਕ, ਸ੍ਰਿਸ਼ਟੀ ਦੇ ਸਾਜਣਹਾਰ ਦਾ ਨਾਮ ਨਹੀਂ ਜਪਦੇ। ਖਾਨ ਪੀਣ, ਮਿੱਠੇ ਰਸਾਂ ਵਾਲੇ ਪਦਾਰਥ--(ਇਹ ਸਭ) ਅਖ਼ੀਰ ਦੇ ਵੇਲੇ ਸਦਾ ਕੌੜੇ (ਲੱਗਸੇ ਹਨ) । ਹੇ ਨਾਨਕ ! ਜੋ ਜਨ ਸੰਤ (ਗੁਰਮੁਖਾਂ) ਦੀ ਚਰਨੀ ਪੈਂਦੇ ਹਨ ਉਹ ਤਰ ਜਾਂਦੇ ਹਨ, ਬਾਕੀ ਲੋਕ, ਜੋ ਮਾਇਆ ਵਿਚ ਮਸਤ ਹਨ, ਸਭ ਕੁਝ ਛੱਡ ਕੇ (ਖ਼ਾਲੀ-ਹੱਥ ਹੀ) ਜਾਂਦੇ ਹਨ । ੬ ।

**ਬ੍ਰਹਮਾਦਿਕ ਸਿਵ ਛੰਦ ਮੁਨੀਸੁਰ, ਰਸਕਿ ਰਸਕਿ ਠਾਕੁਰ ਗੁਨ ਗਾਵਤ ॥ ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ, ਧਰਣਿ ਗਗਨ ਆਵਤ ਫੁਨਿ ਧਾਵਤ ॥ ਸਿਧ ਮਨੁਖ੍ਯ ਦੇਵ ਅਰੁ ਦਾਨਵ, ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥ ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ, ਹਰਿ ਜਨ ਤਾ ਕੇ ਦਰਸਿ ਸਮਾਵਤ ॥ ਤਿਸਹਿ ਤਿਆਗਿ ਆਨ ਕਉ ਜਾਚਹਿ, ਮੁਖ ਦੰਤ ਰਸਨ ਸਗਲ ਘਸਿ ਜਾਵਤ ॥ ਰੇ ਨਰ ਮੂੜ ਸਿਮਰਿ ਸੁਖਦਾਤਾ, ਨਾਨਕ ਦਾਸ ਤੁਝਹਿ ਸਮਝਾਵਤ ॥ ੭ ॥ ਮਾਇਆ**

**ਰੰਗ ਬਿਰੰਗ ਕਰਤ ਭ੍ਰਮ, ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥ ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਕ੍ਰਿਮਿ ਉਦਰੁ ਭਰਿਓ ਹੈ ॥ ਦਹ ਦਿਸ ਧਾਇ ਮਹਾ ਬਿਖਿਆ ਕਉ, ਪਰ ਧਨ ਛੀਨਿ ਅਗਿਆਨ ਹਰਿਓ ਹੈ ॥ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਮਦਸੂਦਨ ਡੰਨੁ ਮਿਰਤੁ ਮਰਿਓ ਹੈ ॥ ਅਨਿਕ ਜੋਨਿ ਸੰਕਟ ਨਰਕ ਭੁੰਚਤ, ਸਾਸਨ ਦੂਖ ਗਰਤਿ ਗਰਿਓ ਹੈ ॥ ਪ੍ਰੇਮ ਭਗਤਿ ਉਧਰਹਿ ਸੇ ਨਾਨਕ, ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ ੮ ॥**[੧੩੮੮]

**ਅਰਥ**:-ਬ੍ਰਹਮਾ ਵਰਗੇ, ਸ਼ਿਵ ਜੀ ਅਤੇ ਵੱਡੇ ਵੱਡੇ ਮੁਨੀ ਵੇਦਾਂ ਦੁਆਰਾ ਪਰਮਾਤਮਾ ਦੇ ਗੁਣ ਪ੍ਰੇਮ ਨਾਲ ਗਾਉਂਦੇ ਹਨ। ਇੰਦ੍ਰ, ਵੱਡੇ ਵੱਡੇ ਮੁਨੀ ਤੇ ਗੋਰਖ ਆਦਿਕ (ਕਥਿਤ ਤੌਰ ਤੇ) ਕਦੇ ਧਰਤੀ ਤੇ ਆਉਂਦੇ ਹਨ ਅਤੇ ਕਦੇ ਆਕਾਸ਼ ਵਲ ਜਾਂਦੇ ਦੌੜਦੇ ਫਿਰਦੇ ਹਨ, (ਇਉਂ ਸਮਝੀਏ ਕਿ ਉਹ ਵੀ ਮਨੁੱਖ ਵਾਂਗ ਉਸ ਪਰਮਾਤਮਾ ਦੀ ਹੀ) ਖੋਜ ਕਰ ਰਹੇ ਹਨ। ਸਿੱਧ, ਮਨੁੱਖ, (ਕਥਿਤ) ਦੇਵਤੇ ਤੇ ਦੈਂਤ, ਕਿਸੇ ਨੇ ਵੀ ਉਸ ਪ੍ਰਭੂ ਦਾ ਰਤਾ ਭਰ ਵੀ ਭੇਦ ਨਹੀਂ ਪਾਇਆ। ਪਰ ਹਰੀ ਦੇ ਦਾਸ ਪਿਆਰੇ ਪ੍ਰਭੂ ਦੀ ਪ੍ਰੀਤਿ ਦੁਆਰਾ ਤੇ ਪ੍ਰੇਮ-ਰਸ ਵਾਲੀ ਭਗਤੀ ਦੁਆਰਾ ਉਸ ਦੇ (ਆਤਮਕ) ਦਰਸ਼ਨ ਵਿਚ ਲੀਨ ਹੋ ਜਾਂਦੇ ਹਨ। (ਜਿੜੇ ਮਨੁੱਖ) ਉਸ ਪ੍ਰਭੂ ਨੂੰ ਛੱਡ ਕੇ ਹੋਤਨਾਂ ਤੋਂ ਮੰਗਦੇ ਹਨ (ਮੰਗਦਿਆਂ ਮੰਗਦਿਆਂ ਉਨ੍ਹਾਂ ਦੇ) ਮੂੰਹ, ਦੰਦ ਤੇ ਜੀਭ--ਇਹ ਸਾਰੇ ਘਸ ਜਾਂਦੇ ਹਨ। ਹੇ ਮੂਰਖ ਮਨ ! ਸੁਖਾਂ ਦੇ ਦੇਣ ਵਾਲੇ (ਪ੍ਰਭੂ) ਨੂੰ ਯਾਦ ਕਰ, ਤੈਨੂੰ (ਪ੍ਰਭੂ ਦਾ) ਦਾਸ ਨਾਨਕ ਸਮਝਾ ਰਿਹਾ ਹੈ **। ੭ ।** ਭੁਲੇਖੇ ਤੇ ਮੋਹ ਦੇ ਕਾਰਨ (ਜਿਸ ਮਾਇਆ-ਮੋਹ ਦੇ) ਹਨੇਰੇ ਖੂਹ ਵਿਚ ਤੂੰ ਪਿਆ ਹੈਂ, (ਉਹ) ਮਾਇਆ ਕਈ ਰੰਗਾਂ ਦੇ ਕੌਤਕ ਕਰਦੀ ਹੈ। ਤੈਨੂੰ ਇਤਨਾ ਅਹੰਕਾਰ ਹੈ ਕਿ (ਤੂੰ) ਅਸਮਾਨ ਤਾਈਂ ਨਹੀਂ ਮਿਉਂਦਾ । (ਪਰ ਤੇਰੀ ਹਸਤੀ ਤਾਂ ਇਹੀ ਹੈ ਕਿ ਤੇਰਾ) ਢਿੱਡ ਵਿਸ਼ਟਾ, ਹੱਡੀਆਂ ਤੇ ਕੀੜਿਆਂ ਨਾਲ ਭਰਿਆ ਹੈ । ਤੂੰ ਮਾਇਆ ਦੀ ਖ਼ਾਤਰ ਦਸੀਂ ਪਾਸੀਂ ਦੌੜਦਾ ਹੈਂ, ਪਰਾਇਆ ਧਨ ਖੋਹੰਦਾ ਹੈਂ, ਤੈਨੂੰ ਅਗਿਆਨ ਨੇ ਠੱਗ ਲਿਆ ਹੈ। (ਤੇਰੀ) ਜੁਆਨੀ ਬੀਤ ਗਈ ਹੈ, ਬੁਢੇਪੇ-ਰੂਪ ਰੋਗ ਨੇ (ਤੈਨੂੰ) ਆ ਘੇਰਿਆ ਹੈ, (ਤੂੰ ਅਜੇਹੀ) ਮੌਤੇ ਮੁਇਆ ਹੈਂ (ਜਿੱਥੇ) ਤੈਨੂੰ ਜਮਦੂਤਾਂ ਦਾ ਡੰਨ ਭਰਨਾ ਪਏਗਗਾ । ਤੂੰ ਅਨੇਕਾਂ ਜੂਨਾਂ ਦੇ ਕਸ਼ਟ ਤੇ ਨਰਕ ਭੋਗਦਾ ਹੈਂ, ਜਮਾਂ ਦੀ ਤਾੜਨਾ ਦੇ ਦੁਖਾਂ ਦੇ ਟੋਏ ਵਿਚ ਗਲ ਰਿਹਾ ਹੈਂ । ਹੇ ਨਾਨਕ ! ਉਹ ਮਨੁੱਖ ਪ੍ਰੇਮ-ਭਗਤੀ ਦੀ ਬਰਕਤਿ ਨਾਲ ਪਾਰ ਲੰਘ ਗਏ ਹਨ, ਜਿਨ੍ਹਾਂ ਨੂੰ (ਹਰੀ ਨੇ) ਮਿਹਰ ਕਰ ਕੇ ਆਪਿ ਸੰਤ ਬਣਾ ਦਿਤਾ ਹੈ । ੮ ।

**ਗੁਣ ਸਮੂਹ ਫਲ ਸਗਲ ਮਨੋਰਥ, ਪੂਰਨ ਹੋਈ ਆਸ ਹਮਾਰੀ ॥ ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰਿ, ਸਰਬ ਰੋਗ ਖੰਡਣ ਗੁਣਕਾਰੀ ॥ ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ, ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥ ਇਸਨਾਨ ਦਾਨ ਤਾਪਨ ਸੁਚਿ ਕਿਰਿਆ, ਚਰਣ ਕਮਲ ਹਿਰਦੈ ਪ੍ਰਭ ਧਾਰੀ॥ ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥ ਓਟ ਗਹੀ ਸੁਆਮੀ ਸਮਰਥਹ, ਨਾਨਕ ਦਾਸ ਸਦਾ ਬਲਿਹਾਰੀ ॥ ੯ ॥ ਆਵਧ ਕਟਿਓ ਨ ਜਾਤ, ਪ੍ਰੇਮ ਰਸ ਚਰਨ ਕਮਲ ਸੰਗਿ ॥ ਦਾਵਨਿ ਬੰਧਿਓ ਨ ਜਾਤਿ, ਬਿਧੇ ਮਨ ਦਰਸਨ ਮਗਿ ॥ ਪਾਵਕ ਜਰਿਓ ਨ ਜਾਤ, ਰਹਿਓ ਜਨ ਧੂਰਿ ਲਗਿ ॥ ਨੀਰੁ ਨ ਸਕਸਿ ਬੋਰਿ, ਚਲਹਿ ਹਰਿ ਪੰਥਿ ਮਗਿ ॥ ਨਾਨਕ ਰੋਗ ਅਘ ਮੋਹ, ਛਿਦੇ ਹਰਿ ਨਾਮ ਖਗਿ ॥ ੧ ॥ ੧੦ ॥ ਉਦਮੁ ਕਰਿ ਲਾਗੇ ਬਹੁ ਭਾਤੀ, ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥ ਭਸਮ ਲਗਾਇ ਤੂਰਥ ਬਹੁ ਭ੍ਰਮਤੇ, ਸੂਖਮ ਦੇਹ ਬੰਧਹਿ ਬਹੁ ਜਟੂਆ ॥ ਬਿਨੁ ਹਰਿ ਭਜਨ ਸਗਲ ਦੁਖ ਪਾਵਤ, ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥ ਪੂਜਾ ਚਕ੍ਰ ਕਰਤ ਸੋਮਪਾਕਾ, ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥ ੨ ॥ ੧੧ ॥ ੨੦ ॥**[ਪੰਨਾ-੧੩੮੯]

**ਪਦ ਅਰਥ**:--ਗੁਣ ਸਮੂਹ=ਸਾਰੇ ਗੁਣ । ਫਲ ਸਗਲ ਮਨੋਰਥ=ਸਾਰੇ ਮਨੋਰਥਾਂ ਦੇ ਫਲ। ਅਉਖਧ-ਦਵਾਈ, ਜੜੀ-ਬੂਟੀ । ਪਰ ਦੁਖ ਹਰ=ਪਰਾਏ ਦੁਖ ਦੂਰ ਕਰਨ ਵਾਲਾ। ਮਦ-ਅਹੰਕਾਰ । ਮਤਸਰ=ਈਰਖਾ । ਤਾਪਨ=ਤਪ ਸਾਧਦੇ । ਸੁਵਿ ਕਿਰਿਆ=ਸਰੀਰਕ ਸੁੱਚ ਰੱਖਣ ਵਾਲੇ ਸਾਧਨ । ਜੀਅ ਧਾਨ=ਜ਼ਿੰਦਗੀ ਦਾ ਆਸਰਾ, ਜਿੰਦ ਦਾ ਸੋਮਾ । ਪ੍ਰਾਪ ਅਧਾਰੀ=ਪ੍ਰਾਣਾਂ ਦਾ ਆਸਰਾ । ਆਵਧ=ਸ਼ਸਤਰਾਂ ਨਾਲ । ਦਾਵਨਿ-ਰੱਸੀ ਨਾਲ । ਬਿਧੇ=ਵਿੰਨ੍ਹਿਆ ਹੋਇਆ । ਦਰਸ ਮਗ= (ਹਰੀ ਦੇ) ਦਰਸ਼ਨ ਦੇ ਰਸਤੇ ਵਿਚ । ਪਾਵਕ ਅੱਗ । ਜਨ ਧੂਰਿ=ਗੁਰਮੁਖਾਂ ਦੀ ਚਰਣ-ਧੂੜ ਵਿਚ ।ਪਗ=ਪੈਰ । ਅਘ=ਪਾਪ । ਛਿਟੇ=ਕੱਟੇ ਜਾਂਦੇ ਹਨ। ਖਗਿ=ਤੀਰ ਨਾਲ । ਦੋਖ=ਵਿਕਾਰ । ਪੰਥਿ=ਰਸਤੇ ਵਿਚ ।੧।੧੦ । ਬਿਚਰਹਿ=ਵਿਚਾਰਦੇ ਹਨ । ਸ਼ਾਸਤ੍ਰ ਖਟੂਆ=ਛੇ ਸ਼ਾਸਤ੍ਰਾਂ ਨੂੰ [ਸਾਂਖ, ਯੋਗ, ਨਿਆਇ, ਵੇਸ਼ੇਸ਼ਿਕ, ਮੀਮਾਂਸਾ, ਵੇਦਾਂਤ] ਭ੍ਰਮਤੇ= ਭਟਕਦੇ ਫਿਰਦੇ ਹਨ।ਬੰਧਹਿ ਜਟੂਆ=ਜਟਾਂ ਸਿਰ ਤੇ ਧਾਰਨ ਕਰ ਰਹੇ ਹਨ।ਣਢਾਏ=ਵਧਾਉਂਦੇ ਹਨ । ਸੂਤ ਕੇ ਹਟੂਆ=ਸੂਤ੍ਰ ਦੇ ਘਰ, ਤਾਰਾਂ ਦੇ ਘਰ, ਤਾਰਾਂ ਦਾ ਜਾਲ । ਸਪਮਪਾਕ=ਆਪਣੀ ਹੱਥੀਂ ਰੋਟੀ ਤਿਆਰ ਕਰਨੀ । ਥਾਟਹਿ=ਬਣਾਉਂਦੇ ਹਨ । ਬਹੁ ਥਟੂਆ=ਕਈ ਥਾਟ, ਕਈ ਬਣਾਉਟਾਂ ਕਈ ਭੇਖ । ੨। ੧੧। ੨੦ ।

## ੧੬

## ਕਿਸ ਦੇਹ ਦਾ ਹੰਕਾਰ ?

ਜਿਸ ਮਨੁੱਖ ਨੂੰ ਅਜੇਹੇ ਗੁਣਾ ਭਰਪੂਰ ਅਤੇ ਨਿਰਾਲੀਆਂ ਸਿਫ਼ਤਾਂ ਵਾਲੀ ਦੇਹ ਮਿਲੀ ਹੋਵੇ ਉਹ ਅਕਾਲਪੁਰਖ ਦਾ ਧਨਵਾਦੀ ਹੋਣ ਦੇ ਥਾਂ ਸੋਹਣੇ ਸਰੀਰ ਦਾ ਹੰਕਾਰ ਕਰਨ ਲੱਗ ਪਵੇ ਤਾਂ ਗੁਰਬਾਣੀ ਇਸ ਸਰੀਰ-ਤਸਵੀਰ ਦੇ ਦੂਜੇ ਪਾਸੇ ਤੋਂ ਹੀ ਸਾਨੂੰ ਸੁਚੇਤ ਕਰਦੀ ਹੈ:--

੧੨੪- **ਚਲਤ ਕਤ ਟੇਢੇ ਟੇਢੇ ਟੇਢੇ ॥ ਅਸਤਿ ਚਰਮ ਬਿਸਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ ॥ ੧ ॥ ਰਹਾਉ ॥**[੧੧੨੪]-੪

**ਅਰਥ**:--(ਹੇ ਅੰਞਾਣ ਜੀਵ !) ਕਿਉਂ ਆਕੜ ਆਕੜ ਕੇ ਤੁਰਦਾ ਹੈਂ ? ਹੈਂ ਤਾਂ ਤੂੰ, ਚਮੜੀ ਤੇ ਵਿਸ਼ਟਾ ਨਾਲ ਭਰਿਆ ਹੋਇਆ, ਤੇ ਦੁਰਗੰਧ ਨਾਲ ਹੀ ਲਿਬੜਿਆ ਹੋਇਆ ।੧।

੧੨੫- **ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥ ੩ ॥**[੩੭੪]-੧੪

**ਅਰਥ**:--(ਤੇਰੇ ਅੰਦਰ ਦੇ) ਵਿਸ਼ਟਾ ਹੱਡੀਆਂ ਤੇ ਲਹੂ (ਆਦਿਕ ਬਾਹਰਲੇ) ਚੰਮ ਨਾਲ ਲਪੇਟੇ ਹੋਏ ਹਨ ਪਰ ਤੂੰ ਇਸ ਉਤੇ ਹੀ ਮਾਣ ਕਰੀ ਜਾ ਰਿਹਾ ਹੈਂ । ੩ ।

੧੨੬- **ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥ ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥ ੨ ॥**[੮੧੦]-੮-੩੮

**ਅਰਥ**:--(ਪਰਮਾਤਮਾ ਦਾ ਨਾਮ ਵਿਸਾਰ ਕੇ) ਮਹਾ ਵਿਕਾਰੀ (-ਪਾਪਿਸਟ) ਮਨੁੱਖ (ਸਰੀਰ ਦਾ ਮਾਣ ਕਰਦਾ ਹੈ, ਪਰ ਇਸ) ਸਰੀਰ ਦੇ ਨਾਲ ਸੋਹਣੇ ਸੋਹਣੇ ਪਦਾਰਥ, ਧੂਪ ਆਦਿ ਸੁਗਂਧੀਆਂ, ਕੱਪੜੇ, ਚੰਗੇ ਚੰਗੇ ਖਾਣੇ (ਇਹ ਸਾਰੇ ਹੀ) ਦੁਰਗੰਧੀ ਦੇਣ ਵਾਲੇ ਬਣ ਜਾਂਦੇ ਹਨ । ੨ ।

੧੨੭- **ਨਾ ਤਨੁ ਤੇਰਾ ਨਾ ਮਨੁ ਤੋਹਿ ॥ ਮਾਇਆ ਮੋਹਿ ਬਿਆਪਿਆ ਧੋਹਿ ॥**
**ਕੁਦਮ ਕਰੈ ਗ਼ਾਡਰ ਜਿਉ ਛੇਲ ॥ ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ ॥ ੧ ॥**[੮੯੯]-੪੧-੫੨

**ਅਰਥ**:--(ਜਿਸ ਸਰੀਰ ਦੀ ਖ਼ਾਤਰ ਤੂੰ ਮਾਇਆ ) ਮਾਇਆ ਦੇ ਮੋਹ ਵਿਚ ਫਸਿਆ ਠੱਗ ਬਣ ਰਿਹਾ ਹੈ, ਨਾ ਇਹ ਸਰਰੀ ਅਤੇ ਨਾ ਇਸ ਵਿਚਲਾ ਮਨ ਤੇਰਾ ਹੈ। ਜਿਵੇਂ ਭੇਡ ਦਾ ਬੱਚਾ ਭੇਡ ਨਾਲ ਕਲੋਲ ਕਰਦਾ ਹੈ (ਉਸ ਵਿਚਾਰੇ ਉੱਤੇ) ਅਚਨਚੇਤ (ਮੌਤ ਦਾ) ਜਾਲ ਆ ਪੈਂਦਾ ਹੈ, (ਉਸ ਉੱਤੇ) ਮੌਤ ਆਪਣਾ ਚੱਕਰ ਚਲਾ ਦਿੰਦੀ ਹੈ (ਏਹੀ ਹਾਲ ਹਰੇਕ ਜੀਵਾ ਦਾ ਹੁੰਦਾ ਹੈ) । ੧ ।(ਨੋਟ:- ਤੀਸਰੇ ਕਾਂਡ ਦੇ ੧੬੧ ਨੰਬਰ ਤੇ ਵੀ ਇਹ ਪਾਵਨ ਤੁਕ ਆਈ ਹੈ]

੧੨੮- **ਕਰਪੂਰ ਪੁਹਪ ਸੁਗੰਧਾ, ਪਰਸ ਮਾਨੁਖ੍ ਦੇਹੰ ਮਲੀਣੰ ॥**
**ਮਜਾ ਰੁਧਿਰ ਦ੍ਰੁਗੰਧਾ ਨਾਨਕ, ਅਥਿ ਗਰਬੇਣ ਅਗਾਨ੍ਣੋ ॥ ੧ ॥**[੧੩੬੦]-ਗਾਥਾ

**ਅਰਥ:**--ਮੁਸ਼ਕ-ਕਪੂਰ, ਫੁੱਲ ਅਤੇ ਹੋਰ ਸੁਗੰਧੀਆਂ ਮਨੁੱਖ ਦੇ ਸਰੀਰ ਨੂੰ ਛੁਹ ਕੇ ਮੈਲੀਆਂ ਹੋ ਜਾਂਦੀਆਂ ਹਨ । (ਮਨੁੱਖ ਦੇ ਸਰੀਰ ਵਿਚ) ਮਿੱਝ ਲਹੂ ਅਤੇ ਹੋਰ ਦੁਰਗੰਧੀਆਂ ਹਨ, ਫਿਰ ਵੀ, ਹੇ ਨਾਨਕ ! ਅਗਿਆਨੀ ਮਨੁੱਖ (ਇਸ ਸਰੀਰ ਦਾ) ਮਾਣ ਕਰਦਾ ਹੈ । ੧ ।

੧੨੯- **ਇਸੁ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥ ੨ ॥**
**ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥ ੩ ॥**
**ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥**[੩੩੬]-੯-੬੦

**ਅਰਥ:**--ਇਸ ਮਿੱਟੀ (ਦੇ ਪੁਤਲੇ) ਵਿਚ (ਇਸ ਨੂੰ ਖੜਾ ਰੱਖਣ ਲਈ) ਪ੍ਰਾਣ ਟਿਕੇ ਹੋਏ ਹਨ, (ਪਰ ਇਸ ਕਮਜ਼ੋਰ ਜਿਹੀ ਥੰਮ੍ਹੀ ਨੂੰ ਨਾ ਸਮਝਦਾ ਹੋਇਆ) ਜੀਵ ਝੂਠਾ ਖਿਲਾਰਾ ਖਿਲਾਰ ਬੈਠਦਾ ਹੈ **। ੨ ।** ਜਿਨ੍ਹਾਂ ਜੀਵਾਂ ਨੇ ਪੰਜ ਪੰਜ ਲੱਖ ਦੀ ਜਾਇਦਾਦ ਜੋੜ ਲਈ ਹੈ, ਮੌਤ ਆਇਆਂ ਉਨ੍ਹਾਂ ਦਾ ਵੀ ਸਰੀਰ-ਰੂਪ ਭਾਂਡਾ ਭੱਜ ਜਾਂਦਾ ਹੈ **। ੩ ।** ਕਬੀਰ ਜੀ ਦਾ ਫੁਰਮਾਨ ਹੈ--ਹੇ ਹੰਕਾਰੀ ਜੀਵ ! ਤੇਰੀ ਜਿਹੜੀ ਨੀਂਹ ਖੜੀ ਕੀਤੀ ਹੋਈ ਹੈ ਉਹ ਤਾਂ ਇੱਕ ਪਲ ਵਿਚ ਨਾਸ ਹੋ ਜਾਣ ਵਾਲੀ ਹੈ । ੪ ।

੧੩੦- **ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥**
**ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥ ੪ ॥**[੧੦੪੮]-੫

**ਅਰਥ:**- ਮਨੁੱਖ ਦਾ ਇਹ ਸਰੀਰ ਕਾਗ਼ਜ਼ ਵਾਂਗ ਨਾਸਵੰਤ ਹੈ, (ਜਿਵੇਂ ਕਾਗ਼ਜ਼ ਉ ੱਤੇ ਪਾਣੀ ਦੀ ਇਕ) ਬੂੰਦ ਪੈ ਜਾਏ ਤਾਂ (ਕਾਗ਼ਜ਼) ਗਲ ਜਾਂਦਾ ਹੈ (ਏਸੇ ਤਰ੍ਹਾਂ ਇਸ ਸਰੀਰ ਦਾ) ਦਾ ਨਾਸ ਹੁੰਦਿਆਂ ਵੀ ਚਿਰ ਨਹੀਂ ਲੱਗਦਾ । ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੋ ਕੇ (ਸਹੀ ਜੀਵਨ ਰਾਹ) ਸਮਝ ਲੈਂਦਾ ਹੈ, ਜਿਸ ਦੇ ਅੰਦਰ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਸ ਦਾ ਇਹ ਸਰੀਰ (ਵਿਕਾਰਾਂ ਤੋਂ ਬਚਿਆ ਰਹਿ ਕੇ) ਸੁੱਧ ਸੋਨਾ ਬਣਿਆਂ ਰਹਿੰਦਾ ਹੈ । ੪ ।

੧੩੧- **ਕਬੀਰਾ ਧੂਰਿ ਸਕੇਲਿ ਕੈ, ਪੁਰੀਆ ਬਾਂਧੀ ਦੇਹ ॥ ਦਿਵਸ ਚਾਰਿ ਕੋ ਪੇਖਨਾ, ਅੰਤਿ ਖੇਹ ਕੀ ਖੇਹ ॥ ੧੭੮ ॥**[੧੩੭੪]

**ਅਰਥ:**--ਹੇ ਕਬੀਰ ! (ਜਿਵੇਂ) ਮਿੱਟੀ ਇਕੱਠੀ ਕਰ ਕੇ ਇਕ ਨਗਰੀ (-ਪੁਰੀਆ) ਵਸਾਈ ਜਾਂਦੀ ਹੈ ਤਿਵੇਂ (ਪੰਜ ਤੱਤ ਇਕੱਠੇ ਕਰ ਕਰ ਪਰਮਾਤਮਾ ਨੇ) ਇਹ ਸਰੀਰ ਰਚਿਆ ਹੈ । ਵੇਖਣ ਨੂੰ ਚਾਰ ਦਿਨ ਸੋਹਣਾ ਲੱਗਦਾ ਹੈ, ਪਰ ਆਖ਼ਰ ਜਿਸ ਮਿੱਟੀ ਤੋਂ ਬਣਿਆਂ ਉਸ ਮਿੱਟੀ ਵਿਚ ਹੀ ਰਲ ਜਾਂਦਾ ਹੈ ।

੧੭

## ਮਨੁੱਖਾ ਦੇਹ ਅਤੇ ਜਰੁ (-ਬੁਢੇਪਾ)

੧੩੨- **ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥**
**ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥ ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ**
**ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ ॥ ੧੭ ॥** [੪੭੨]-ਵਾਰ

੧੩੩- **ਕਬੀਰ ਰਾਮੁ ਨ ਚੇਤਿਓ, ਜਰਾ ਪਹੂੰਚਿਓ ਆਇ ॥**
**ਲਾਗੀ ਮੰਦਿਰ ਦੁਆਰ ਤੇ, ਅਬ ਕਿਆ ਕਾਢਿਆ ਜਾਇ ॥ ੧੩੨ ॥** [੧੩੭੧]

**ਅਰਥ:**--ਹੇ ਕਬੀਰ !(ਜੇ " **ਜਾ ਕੇ ਸੰਗ ਤੇ ਬੀਛੁਰਾ, ਤਾਹੂ ਕੇ ਸੰਗ ਲਾਗੁ** " ਦਾ ਉ ੱਦਮ ਕਰਨਾ ਹੈ ਤਾਂ ਵੇਲੇ-ਸਿਰ ਹੀ ਹੋ ਸਕਦਾ ਹੈ, ਸਾਧਾਰਨ ਤੌਰ ਤੇ ਬੁਢੇਪੇ ਤੋਂ ਪਹਿਲਾਂ ਪਹਿਲਾਂ ਹੀ ਇਹ ਉ ੱਦਮ ਕਰਨਾ ਚਾਹੀਦਾ ਹੈ । ਪਰ ਜੇ ਜੁਆਨੀ ਵਿਚ) ਪਰਮਾਤਮਾ ਦਾ ਭਜਨ ਨਾ ਕੀਤਾ (ਉਤੋਂ) ਬੁਢੇਪਾ ਆ ਪੁਜਿਆ (ਇਸ ਉਮਰ ਤੱਕ ਮਾਇਆ ਵਿਚ ਫਸੇ ਰਿਹਾਂ ਬੇਅੰਤ ਮੰਦੇ ਸੰਸਕਾਰ ਅੰਦਰ ਇਕੱਤ੍ਰ ਹੁੰਦੇ ਗਏ, ਇਹ ਕਿਵੇਂ ਹੁਣ ਸਿਮਰਨ ਵਲ ਪਰਤਣ ਦੇਣਗੇ ?), ਜੇ ਕਿਸੇ ਘਰ ਨੂੰ ਬੂਹੇ ਵਲੋਂ ਹੀ ਅੱਗ ਨੱਗ ਜਾਏ, ਤਾਂ ਉਸ ਵੇਲੇ (ਘਰ ਵਿਚੋਂ) ਬਹੁਤਾ ਕੁਝ (ਸੜਨੋਂ) ਬਚਾਇਆ ਨਹੀਂ ਜਾ ਸਕਦਾ (ਇਸੇ ਤਰ੍ਹਾਂ ਜੇ ਜੁਆਨੀ ਵਿਕਾਰਾਂ ਵਿਚ ਗਲ ਜਾਏ, ਤਾਂ ਬੁਢੇਪੇ ਵਿਚ ਉਮਰ ਦੇ ਗਿਣਤੀ ਦੇ ਦਿਨ ਹੋਣ ਕਰਕੇ ਜੀਵਨ ਬਹੁਤ ਸਵਾਰਿਆ ਨਹੀਂ ਜਾ ਸਕਦਾ ।

੧੩੪- **ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ, ਜਰਿ ਜੀਤਿਆ, ਸਿਰਿ ਕਾਲੋ ॥**
**ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥ ੧ ॥** [੧੧੨੫-੨੬]-੨-੩

**ਅਰਥ:**--ਹੇ ਪ੍ਰਾਣੀ ! ਤੇਰੀਆਂ ਅੱਖਾਂ ਵਿਚ ਵੇਖਣ ਦੀ (ਪੂਰੀ) ਤਾਕਤ ਨਹੀਂ ਰਹੀ, ਤੇਰਾ ਸਰੀਰ ਲਿੱਸਾ ਹੋ ਗਿਆ ਹੈ, ਬੁਢੇਪੇ ਨੇ ਤੈਨੂੰ ਜਿੱਤ ਲਿਆ ਹੈ (ਬੁਢੇਪੇ ਨੇ ਜੋਰ ਪਾ ਦਿੱਤਾ ਹੈ) । ਤੇਰੇ ਸਿਰ ਉਤੇ ਹੁਣ ਮੌਤ ਕੂਕ ਰਹੀ ਹੈ । ਨਾ ਤੇਰਾ ਰੱਬੀ ਰੂਪ ਬਣਿਆਂ, ਨਾ ਤੈਨੂੰ ਰੱਬੀ ਰੰਗ ਚੜ੍ਹਿਆ, ਨਾ ਹੀ ਤੇਰੇ ਅੰਦਰ ਰੱਬੀ ਖੇੜਾ ਆਇਆ, (ਦੱਸ) ਜਮ ਦਾ ਜਾਲ ਤੈਨੂੰ ਕਿਵੇਂ ਛੱਡੇਗਾ ? । ੨ ।

੧੩੫- **ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ ॥ ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ ॥**
**ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ ॥ ਕਹਿਆ ਨ ਮਾਨਹਿ ਸਿਰਿ ਖਾਕੁ**
**ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥ ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ**
**ਮਹਿ ਵੂਠਿਆ ॥ ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ ॥ ੩ ॥**[੭੦੫]-੨-੩

੧੩੬- **ਕਾਜੀ ਸੋ, ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥**
**ਸੁਪਨੈ, ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥ ੨ ॥** [੧੧੬੦]-੩-੧੧

**ਅਰਥ:**--ਅਸਲ ਕਾਜ਼ੀ ਉਹ ਹੈ ਜੋ ਆਪਣੇ ਸਰੀਰ ਨੂੰ ਖੋਜੇ, ਸਰੀਰ ਵਿਚ ਪ੍ਰਭੂ ਦੀ ਜੋਤਿ ਨੂੰ ਰੌਸ਼ਨ ਕਰੇ, ਸੁਪਨੇ ਵਿਚ ਵੀ ਕਾਮ ਦੀ ਵਾਸਨਾ ਮਨ ਵਿਚ ਨਾ ਆਉਣ ਦੇਵੇ । ਅਜਿਹੇ ਕਾਜ਼ੀ ਨੂੰ ਬੁਢੇਪੇ ਤੇ ਮੌਤ ਦਾ ਡਰ ਨਹੀਂ ਰਹਿ ਜਾਂਦਾ । ੨ ।

੧੩੭- **ਬੁਢਾ ਹੋਆ ਸੇਖ ਫਰੀਦੁ, ਕੰਬਣਿ ਲਗੀ ਦੇਹ ॥ ਜੇ ਸਉ ਵਰ੍ਹਿਆ ਜੀਵਣਾ, ਭੀ ਤਨੁ ਹੋਸੀ ਖੇਹੁ ॥ ੪੧ ॥**[੧੩੮੦]

੧੩੮- **ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ ॥ ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਏ ਮਰੰਨਿ ॥ ੨ ॥** [੭੮੮]-ਵਾਰ-੧੦

**ਅਰਥ:**--ਜੋ ਸਰੀਰ ਸੋਹਣੇ ਚਿੱਟੇ ਦੰਦਾਂ ਨਾਲ ਤੇ ਸੋਹਣੇ ਨੈਣਾਂ ਨਾਲ ਸੋਭ ਰਹੇ ਹਨ, ਹੇ ਨਾਨਕ ! ਬੁਢੇਪਾ ਇਨ੍ਹਾਂ ਦਾ ਵੈਰੀ ਹੈ, ਕਿਉਂਕਿ ਬੁੱਢੇ ਹੋ ਕੇ ਇਹ ਨਾਸ ਹੋ ਜਾਂਦੇ ਹਨ ।੨।

੧੩੯- **ਬਾਰਿਕ ਤੇ ਬਿਰਧਿ ਭਇਆ, ਹੋਨਾ ਸੋ ਹੋਇਆ ॥ ਜਾ ਜਮੁ ਆਇ ਝੋਟ ਪਕਰੈ, ਤਬਹਿ ਕਾਹੇ ਰੋਇਆ ॥੨॥**[੪੮੧]-੧-੨੩

੧੪੦- **ਬਿਰਧਿ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ ॥**
**ਚਰਣ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ ॥ ੭ ॥ ਸੁਰਤਿ ਗਈ**
**ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ ॥ ਬਿਸਰਤ ਨਾਮ ਐਸੇ ਦੋਖ**
**ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ ॥ ੮ ॥** [੧੦੧੩]-੮

੧੪੧- **ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥ ਸਦਾ ਸਦਾ ਹਰਿ ਗੁਣ ਰਵਹਿ**
**ਅੰਤਰਿ ਸਹਜ ਧਿਆਨੁ ॥ ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥**
**ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥ ੪੪ ॥**[੧੪੧੮]

**ਅਰਥ:**--ਗੁਰੂ ਦੇ ਸਨਮੁਖ ਰਹਿਣ ਵਾਲੇ ਜਿੰਨ੍ਹਾਂ ਮਨੁੱਖਾਂ ਦੇ ਅੰਦਰਪ੍ਰਭੂ-ਚਰਨਾਂ ਦੀ ਲਗਨ ਅਤੇ ਆਤਮਕ ਜੀਵਨ ਦੀ ਸੂਝ ਟਿਕੀ ਰਹਿੰਦੀ ਹੈ, ਉਸ ਮਨੁੱਖ (ਆਤਮਕ ਜੀਵਨ ਵਿਚ) ਕਦੇ ਬੁੱਢੇ (-ਕਮਜ਼ੋਰ) ਨਹੀਂ ਹੁੰਦੇ । ਉਹ ਸਦਾ ਹੀ ਪਰਮਾਤਮਾ ਦੇ ਗੁਣ ਯਾਦ ਕਰਦੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰ ਆਤਮਕ ਅਡੋਲਤਾ ਦੀ ਸਮਾਧੀ ਬਣੀ ਰਹਿੰਦੀ ਹੈ । ਉਹ ਮਨੁੱਖ (ਚੰਗੇ ਮੰਦੇ ਕੰਮ ਦੀ) ਪਰਖ ਦੇ ਆਨੰਦਵਿਚ ਸਦਾ ਮਗਨ ਰਹਿੰਦੇ ਹਨ, (ਹਰੇਕ) ਦੁਖ ਅਤੇ ਸੁਖ ਵਿਚ ਉਹ ਸਦਾ ਅਡੋਲ-ਚਿੱਤ ਰਹਿੰਦੇ ਹਨ । ਉਨ੍ਹਾਂ ਨੂੰ ਹਰ ਥਾਂ ਸਿਰਫ ਸਰਬ-ਵਿਆਪਕ ਪਰਮਾਤਮਾ ਹੀ ਵੱਸਦਾ ਦਿੱਸਦਾ ਹੈ । ੪੪ ।

੧੮

# ਇਸ ਦੇਹੀ ਕਉ ਸਿਮਰਹਿ ਦੇਵ

ਮਨੁੱਖਾ ਸਰੀਰ ਵਿਚ ਆ ਕੇ ਹੀ ਮਨੁੱਖ ਰਾਜਾ ਮਹਾਰਾਜਾ ਬਣਿਆਂ, ਇਸ ਦੇਹੀ ਵਿਚ ਆ ਕੇ ਮਨੁੱਖ ਨੇ ਆਪਣੇ ਆਪ ਨੂੰ ਭਗਵਾਨ ਅਖਵਾਇਆ, ਇਸ ਮਨੁੱਖਾ ਸਰੀਰ ਵਿਚ ਆਏ ਮਨੁੱਖ ਨੇ ਕਿਹਾ ਕਿ ਉਹੀ ਰੱਬ ਦਾ ਬੇਟਾ ਹੈ, ਰੱਬ ਕੇਵਲ ਉਸ ਦੀ ਹੀ ਗੱਲ ਨਹੀਂ ਮੋੜਦਾ । ਮਨੁਖ ਹੀ ਗ਼ਰੀਬਾਂ ਲਈ ਯਤੀਮ ਖਾਨੇ ਬਣਾਉਂਦਾ ਹੈ ਅਤੇ, ਪਸ਼ੂ ਪੰਛੀਆਂ ਲਈ ਕਈ ਤਰ੍ਹਾਂ ਦੀਆਂ ਸਹੂਲਤਾ ਪੈਦਾ ਕਰਦਾ ਹੈ । ਹਿਟਲਰ ਮਨੁੱਖ ਹੀ ਸੀ ਜਿਸ ਨੇ ਭਿਆਨਕ ਯੁੱਧ ਦੀ ਅੱਗ ਵਿਚ ਸਾਰੇ ਸੰਸਾਰ ਨੂੰ ਫਸਾ ਕੇ ਦੁਖਦਾਈ ਤਬਾਹੀਆਂ ਮਚਾਈਆਂ ਸਨ । ਸਤਿਗੁਰਾਂ ਦਾ ਇਹ ਫ਼ੁਰਮਾਨ ਬੜਾ ਅਰਥ ਭਰਪੂਰ ਹੈ " **ਕਾਇਆ ਅੰਦਰ ਬ੍ਰਹਮਾ ਬਿਸਨ ਮਹੇਸਾ** । ਪੈਦਾ ਕਰਨ ਦੀ, ਪਾਲਣਾ ਕਰਨ ਦੀ ਅਥਵਾ ਤਬਾਹੀਆਂ ਮਚਾਉਣ ਵਾਲੇ ਹਾਈਡਰੋਜਨ ਬੰਬ ਤੇ ਜ਼ਹਿਰੀਲੀਆਂ ਗੈਸਾਂ ਆਦਿ ਬਣਾਉਣ ਦੀ, ਤਿੰਨੇ ਤਰ੍ਹਾਂ ਦੀ ਯੋਗਤਾ ਮਨੁੱਖਾ ਸਰੀਰ ਵਿਚ ਮੌਜੂਦ ਹੈ । ਮਨੁੱਖ ਜੇ ਗੁਰੂ ਦੀ ਸਿਖਿਆ ਅਨੁਸਾਰ ਜੀਵਨ ਬਣਾ ਲਏ, ਫਿਰ ਇਸ ਵਿਚ ਤਾਂ ਇਹ ਸਮਰਥਾ ਵੀ ਹੈ:--

੧੪੨- **ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥**
**ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥ ੮ ॥**[੧੦੭੫ ]-੧-੫

ਇਸੇ ਸਰੀਰ ਵਿਚ ਆ ਕੇ ਮਨੁੱਖ ਗੁਰੂ ਦੇ ਉਪਦੇਸ਼ ਤੇ ਤੁਰ ਕੇ ਮਨੁੱਖ ਤੋਂ ਦੇਵਤਾ ਬਣ ਸਕਦਾ ਹੈ--**ਨਰ ਤੇ ਸੁਰ ਹੋਇ ਜਾਤ ਨਿਮਖ ਮੈ, ਸਤਿਗੁਰ ਬੁਧਿ ਸਿਖਲਾਈ ॥** [੮੭੩]ਤਥਾ--**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਬਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥** [੪੬੨] ਅਤੇ --**ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਨਸੁ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥** [੯੫੦] ਇਸ ਤੋਂ ਸਪੱਸ਼ਟ ਹੈ ਕਿ, ਦੇਵਤਾ ਬਣਾ ਦੇਣ ਵਾਲੇ ਸਤਿਗੁਰਾਂ ਦੀ ਸੰਗਤਿ ਕੇਵਲ ਮਨੁੱਖ ਨੂੰ ਹੀ ਮਿਲ ਸਕਦੀ ਹੈ, ਅਤੇ ਦੇਵਤਾ ਬਣਨ ਲਈ, ਮਨੁੱਖਾ ਦੇਹ ਜ਼ਰੂਰੀ ਹੈ । ਇਸੇ ਆਸ਼ੇ ਨੂੰ ਹੋਰ ਅਸਰਦਾਰ ਢੰਗ ਨਾਲ ਸਮਝਾਉਣ ਲਈ ਹੀ ਫ਼ੁਰਮਾਨ ਹੋਇਆ ਕਿ ਮਨੁਖਾ ਦੇਹੀ ਦੀ ਪ੍ਰਾਪਤੀ ਲਈ ਦੇਵਤੇ ਵੀ ਰੱਬ ਦੀ ਹਜ਼ੂਰੀ ਵਿਚ ਜੋਦੜੀਆਂ ਕਰਦੇ ਹਨ:-

੧੪੩- **ਗੁਰ ਸੇਵਾ, ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਇਸ ਦੇਹੀ ਕਉ ਸਿਮਰਹਿ ਦੇਵ ॥**
**ਸੋ ਦੇਹੀ, ਭਜੁ ਹਰਿ ਕੀ ਸੇਵ ॥ ੧ ॥ ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥**
**੧ ॥ ਰਹਾਉ ॥ ਜਬ ਲਗੁ ਜਰਾ ਰੋਗੁ ਮਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨ ਹੀ ਕਾਇਆ ॥ ਜਬ ਲਗੁ**
**ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥ ਅਬ ਨ ਭਜਸਿ, ਭਜਸਿ ਕਬ ਭਾਈ ॥**
**ਆਵੈ ਅੰਤੁ ਨ ਭਜਿਆ ਜਾਈ ॥ ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩ ॥**
**ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥ ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ**
**ਆਵੈ ਜੋਨੀ ਬਾਟ ॥ ੪ ॥ ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖ ਬਿਚਾਰਿ ॥**
**ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥**[੧੧੫੯]-੧-੯

**ਅਰਥ:**--ਹੇ ਭਾਈ ! ਜੇ ਤੂੰ ਗੁਰੂ ਦੀ ਸੇਵਾ ਦੀ ਰਾਹੀਂ ਬੰਦਗੀ ਦੀ ਕਮਾਈ ਕਰੇਂ, ਤਾਂ ਹੀ ਇਹ ਮਨੁੱਖਾ-ਸਰੀਰ ਮਿਲਿਆ ਸਮਝ । ਇਸ ਸਰੀਰ ਦੀ ਖ਼ਾਤਰ ਦੇਵਤੇ ਭੀ ਤਾਂਘਦੇ ਹਨ । ਤੈਨੂੰ ਸਰੀਰ (ਮਿਲਿਆ ਹੈ, ਇਸ ਦੀ ਰਾਹੀਂ) ਨਾਮ ਸਿਮਰ, ਹਰੀ ਦਾ ਭਜਨ ਕਰ । ੧ । ਗੋਬਿੰਦ ਨੂੰ ਸਿਮਰੋ, ਇਹ ਗੱਲ ਭੁਲਾ ਨਾਹ ਦੇਣੀ । ਇਹ ਸਿਮਰਨ ਹੀ ਮਨੁੱਖਾ-ਜਨਮ ਦੀ ਖੱਟੀ ਕਮਾਈ ਹੈ । ੧ । ਰਹਾਉ । ਜਦ ਤਕ ਬੁਢੇਪਾ-ਰੂਪ ਰੋਗ ਨਹੀਂ ਆਇਆ, ਜਦ ਤਕ ਤੇਰੇ ਸਰੀਰ ਨੂੰ ਮੌਤ ਨੇ ਨਹੀਂ ਆ ਫੜਿਆ, ਜਦ ਤਕ ਤੇਰੀ ਜ਼ਬਾਨ ਨਹੀਂ ਥਿੜਕਣ ਲੱਗ ਪੈਂਦੀ, (ਉਸ ਤੋਂ ਪਹਿਲਾਂ ਹੀ) ਹੇ ਮੇਰੇ ਮਨ ! ਪਰਮਾਤਮਾ ਦਾ ਭਜਨ ਕਰ ਲੈ (ਨੇਕੀ ਦੀ ਵਾਸਨਾ ਖਿਲਾਰ ਲੈ) **। ੨ ।** ਹੇ ਭਾਈ ! ਜੇ ਤੂੰ ਐਸ ਵੇਲੇ ਭਜਨ ਨਹੀਂ ਕਰਦਾ, ਤਾਂ ਫੇਰ ਕਦੋਂ ਕਰੇਂਗਾ ? ਜਦੋਂ ਮੌਤ (ਸਿਰ ਤੇ) ਆ ਅੱਪੜੀ ਉਸ ਵੇਲੇ ਤਾਂ ਭਜਨ ਨਹੀਂ ਹੋ ਸਕੇਗਾ। ਜੋ ਕੁਝ (ਭਜਨ ਸਿਮਰਨ) ਤੂੰ ਕਰਨਾ ਚਾਹੁੰਦਾ ਹੈਂ, ਹੁਣੇ ਹੀ ਕਰ ਲੈ, (ਜੇ ਸਮਾਂ ਲੰਘ ਗਿਆ) ਤਾਂ ਮੁੜ ਅਫਸੋਸ ਦੇ ਸਿਵਾ ਕੀ ਕਰ ਸਕੇਂਗਾ ? ਫਿਰ ਪਛਤਾਵਾ ਕਰਨ ਤੋਂ ਪਾਰ ਉਤਾਰਾ ਨਹੀਂ ਹੋਣਾ **। ੩ ।** (ਮਨੁੱਖਾ ਸਰੀਰ ਮਿਲਣ ਦਾ ਅਰਥ ਇਹ ਹੈ ਕਿ ਇਸ ਦੇਹੀ ਵਿਚ ਪਰਮਾਤਮਾ ਦੀ ਮਿਹਰ ਦੇ ਪਾਤਰ ਬਣ ਸਕੀਦਾ ਹੈ। ਅਤੇ ਫਿਰ) ਜਿਸ ਮਨੁੱਖ ਨੂੰ ਪ੍ਰਭੂ ਆਪਣਾ ਸੇਵਕ ਬਣਾ ਲੈਂਦਾ ਹੈ ਉਸ ਨੂੰ ਗੁਰੂ ਮਿਲ ਪੈਂਦਾ ਹੈ

ਅਤੇ ਸਤਿਗੁਰੂ ਨੂੰ ਮਿਲ ਕੇ ਉਸ ਦੇ ਮਨ ਦੇ ਕਵਾੜ ਖੁਲ੍ਹਦੇ ਹਨ, ਫਿਰ ਉਹ ਜਨ ਮਸਨ ਦੇ ਗੇੜ ਵਿਚ ਨਹੀਂ ਪੈਂਦਾ ।੪। ਕਬੀਰ ਸਾਹਿਬ--ਹੇ ਭਾਈ ! ਮੈ ਤੈਨੂੰ ਕਈ ਤਰੀਕਿਆਂ ਨਾਲ ਕੂਕ ਕੂਕ ਕੇ ਦੱਸ ਰਿਹਾ ਹਾਂ, (ਤੇਰੀ ਮਰਜ਼ੀ ਹੈ ਇਹ ਮਨੁੱਖਾ-ਜਨਮ ਦੀ ਬਾਜ਼ੀ) ਜਿੱਤ ਕੇ ਜਾਹ ਅਤੇ ਚਾਹੇ ਹਾਰ ਕੇ ਜਾਹ। ਤੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲੈ, (ਪ੍ਰਭੂ ਨੂੰ ਮਿਲਣ ਦਾ) **ਇਹ ਮਨੁੱਖਾ-ਜਨਮ ਹੀ ਮੌਕਾ ਹੈ**, (ਦੇਵਤਿਆਂ ਵਾਲਾ ਸਰੀਰ ਨਿਸਫ਼ਲ ਹੈ) ਇਹੀ ਵਾਰੀ ਹੈ ਇਥੋਂ ਸਮਾ ਖੁੰਝ ਕੇ ਹੋਰ ਅਜੇਹਾ ਸਮਾ ਨਹੀਂ ਮਿਲਣਾ) ।੫।

ਇਸ ਕਾਇਆ ਦੀ ਮਹੱਤਤਾ ਸਮਝਾਉਂਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਇਹ ਫ਼ੁਰਮਾਨ:--

੧੪੪- **ਕਾਯਉ ਦੇਵਾ ਕਾਇਅਉ ਦੇਵਲ, ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ, ਕਾਇਅਉ ਪੂਜਉ ਪਾਤੀ ॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ, ਰਾਮ ਕੀ ਦੁਹਾਈ ॥ ੧ ॥ ਰਹਉ ॥ ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ ॥ ੨ ॥**[੬੯੫]-੩

**ਪਦ ਅਰਥ:**--ਦੇਵਲ=ਦੇਵਾਲਾ, ਮੰਦਰ । ਜੰਗਮ=ਸ਼ਿਵ ਉਪਾਸ਼ਕ, ਰਮਤੇ ਜੋਗੀ, ਜਿਨ੍ਹਾਂ ਨੇ ਸਿਰ ਉਤੇ ਮੋਰਾਂ ਦੇ ਖੰਭ ਬੱਧੇ ਹੁੰਦੇ ਹਨ । ਜਾਤੀ=ਜਾਤ੍ਰੀ, ਤੀਰਥਾਂ ਦੇ ਅਥਵਾ ਧਰਮਅਸਥਾਨਾ ਦੇ ਦਰਸ਼ਨਾਂ ਲਈ ਭਰਮਣ ਕਰ ਹੇ। ਨਈਬੇਦਾ=ਦੁੱਧ ਦੀ ਖੀਰ ਆਦਿਕ ਸੁਆਦਲੇ ਭੋਜਨ, ਜੋ ਮੂਰਤੀ ਦੀ ਭੇਟ ਕੀਤੇ ਜਾਣ। ਪਤੀ= (ਫੁੱਲ) ਪੱਤੀ ਆਦ ਭੇਟ ਧਰਨੀ ।

**ਅਰਥ:**--ਦੇ ਦੇਸੰਤਰਾਂ ਨੂੰ ਖੋਜ ਕੇ (ਆਖ਼ਰ ਆਪਣੇ) ਸਰੀਰ ਦੇ ਅੰਦਰ ਹੀ ਮੈਂ ਪ੍ਰਭੂ ਦਾ ਨਾਮ-ਰੂਪ ਨੌਂ ਨਿਧੀ ਲੱਭ ਲਈ ਹੈ, (ਹੁਣ ਮੇਰੀ ਕਾਇਆਂ ਵਿਚ) ਪਰਮਾਤਮਾ) (ਦੀ ਯਾਦ) ਦਾ ਹੀ ਤੇਜ-ਪ੍ਰਤਾਪ ਹੈ, (ਉਸ ਦੀ ਬਰਕਤਿ ਨਾਲ ਮੇਰੇ ਲਈ) ਨਾ ਕੁਝ ਜੰਮਦਾ ਹੈ ਨਾ ਮਰਦਾ ਹੈ (ਭਾਵ, ਮੇਰਾ ਜਨਮ ਮਰਨ ਦਾ ਡਰ ਮਿਟ ਗਿਆ ਹੈ) **। ੧ । ਰਹਾਉ** । ਸੋ ਕਾਇਆਂ (=ਕਾਯਉ) ਹੀ ਮੇਰਾ ਦੇਵਤਾ ਹੈ (ਜਿਸ ਦੀ ਮੈਂ ਆਰਤੀ ਕਰਨੀ ਹੈ), ਸਰੀਰ (ਦੀ ਖੋਜ) ਹੀ ਮੇਰਾ ਮੰਦਰ ਹੈ (ਜਿੱਥੇ ਮੈਂ ਸਰੀਰ ਅੰਦਰ ਵੱਸਦੇ ਸਰਬ-ਵਿਆਪੀ ਅਕਾਲਪੁਰਖ ਦੀ ਆਰਤੀ ਕਰਦਾ ਹਾਂ)। ਕਾਇਆਂ (=ਕਾਇਅਉ ਦੀ ਖੋਜ) ਹੀ ਮੈਂ (ਜੋ ਆਪ ਹੀ) ਜੰਗਮ ਅਤੇ ਜਾਤੂ (ਹਾਂ, ਮੇਰੇ) ਲਈ (ਤੀਰਥਾਂ ਦੀ ਜਾਤ੍ਰਾ ਹੈ) । ਸਰੀਰ (ਦੀ ਖੋਜ, ਭਾਵ, ਇਕਾਗਰ ਚਿੱਤੀ ਟਿੱਕ ਕੇ ਸਰੀਰ ਦੇ ਅੰਦਰੇ ਵੱਸਦੇ ਪ੍ਰਭੂ ਚੇ ਚਰਨਾਂ ਵਿਚ ਧਿਆਨ ਜੋੜਨਾ) ਹੀ (ਮੇਰੇ ਵਾਸਤੇ ਅੰਦਰੇ ਵੱਸਦੇ ਦੇਵਤੇ ਲਈ) ਧੂਪ ਤੇ ਨੈਬੇਦ ਹੈ, ਕਾਇਆ ਦੀ ਖੋਜ (ਕਰਦਾ ਹੋਇਆ) ਹੀ, ਮੈਂ ਮਾਨੋਂ (ਫੁੱਲ) ਪੱਤਰ ਭੇਟ ਰੱਖ ਕੇ (ਆਪਣੇ ਅੰਦਰ ਵੱਸਦੇ ਇਸ਼ਟ ਦੀ) ਪੂਜਾ ਕਰ ਰਿਹਾ ਹਾਂ । ੧ । ਪੀਪਾ ਬੇਨਤੀ ਕਰਦਾ ਹੈ--ਜੋ ਸ੍ਰਿਸ਼ਟੀ ਦਾ ਪਾਲਣਹਾਰ ਪਰਮਾਤਮਾ ਸਰੇ ਬ੍ਰਹਮੰਡ ਵਿਚ (ਵਿਆਪਕ) ਹੈ ਉਹੀ (ਪ੍ਰਭੂ ਮਨੁੱਖਾ) ਸਰੀਰ ਦੇ ਵਿਚ ਹੈ, ਜੋ ਮਨੁੱਖ ਖੋਜ ਕਰਦਾ ਹੈ ਉਹ ਉਸ ਨੂੰ ਲੱਭ ਲੈਂਦਾ ਹੈ, ਜੇ ਸਤਿਗੁਰੂ ਮਿਲ ਪਏ ਤਾਂ (ਸਰੀਰ ਦੇ ਅੰਦਰੇ ਹੀ ਪ੍ਰਭੂ ਦੇ) ਦਰਸ਼ਨ ਕਰਾ ਦਿੰਦਾ ਹੈ। ੨ ।

੧੪੫- **ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥ ੧ ॥ ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੇ ਸਤਿਗੁਰਿ ਦੀਆ ਦਿਖਾਈ ॥ ੧ ॥ ਰਹਾਉ ॥ ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ, ਦੇਖੈ ਮੁਕਤਿ ਭੰਡਾਰਾ ॥ ੨ ॥ ਅੰਦਰਿ ਮਹਲ ਅਨੇਕ ਹਰਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥ ੩ ॥ ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥ ੪ ॥ ਬਾਹਰੁ ਭਾਲੇ ਸੁ ਕਿਆ ਲਹੈ ਵਥੁ ਆਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗ ਫਿਰੈ ਮਨਮੁਖਿ ਪਤਿ ਗਵਾਈ ॥ ੫ ॥ ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥ ੬ ॥ ਜਿਨ੍ਹੀ ਘਰੁ ਜਾਤਾ ਅਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥ ੭ ॥ ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥ ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥ ੮ ॥**[੪੨੫]-੬-੨੮

੧੪੫- **ਇਹੁ ਸਰੀਰ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥ ਲਾਲੁ ਜਵੇਹਰ ਨਾਮੁ ਪ੍ਰਗਾਸਆ ਭਾਂਡੈ ਭਾਉ ਪਵੈ ਤਿਤੁ ਅਈਆ ॥ ੨ ॥**[੮੩੪]-ਅ:੩

**[ਅਜੇਹੇ ਹੋਰ ੧੬੨ ਗੁਰੂ ਸ਼ਬਦਾਂ ਦੀ ਸੂਚੀ ਲਿਖੀ ਹੋਈ ਦਾਸ ਕੋਲ ਮੌਜੂਦ ਹੈ]**

# ਪੰਜਵਾਂ ਕਾਂਡ

## ੧

## ਕਰਮ ਇੰਦ੍ਰੇ

ਮਨੁੱਖਾ ਦੇਹੀ ਦੇ ਕਰਮ ਇੰਦ੍ਰੇ ਜਾਂ ਗਿਆਨ ਇੰਦ੍ਰੇ ਲਿਖਣੇ ਕੋਈ ਅੱਡਰਾ ਵਿਸ਼ਾ ਨਹੀਂ ਹੈ । ਪਰ ਆਪਣੇ ਸਤਿਗੁਰਾਂ ਦੇ ਵਿਸ਼ਾਲ ਗਿਆਨ ਦੇ ਹਰ ਪੱਖ ਦੀ ਮਹੱਤਤਾ ਵਾਲੀ ਵਡਿਆਈ ਤੋਂ ਜਾਣੂੰ ਹੋਣ ਨਾਲ ਸਤਿਗੁਰਾਂ ਪ੍ਰਤੀ ਸ਼ਰਧਾ ਵਿਚ ਵਾਧਾ ਹੁੰਦਾ ਹੈ । ਜਿਉਂ ਜਿਉਂ ਪਾਠਕ-ਸੱਜਣ ਸਤਿਗੁਰੂ ਗ੍ਰੰਥ ਸਾਹਿਬ ਵਿਚਲੇ ਹਰ ਪੱਖੋਂ ਪੂਰੇ ਅਤੇ ਸਦੀਵੀ ਸੱਚ ਵਾਲੇ ਗਿਆਨ ਤੋਂ ਜਾਣਕਾਰੀ ਪ੍ਰਾਪਤ ਕਰਨ ਗੇ, ਗੁਰੂ ਗ੍ਰੰਥ ਸਾਹਿਬ ਪ੍ਰਤੀ ਸੱਚੇ ਪਿਆਰ ਸਤਿਕਾਰ ਵਿਚ ਜ਼ਰੂਰ ਵਾਧਾ ਹੋਵੇਗਾ । ਕੇਵਲ ਇਸੇ ਯਤਨ ਵਿਚ ਅਜੇਹੇ ਗੁਰੂ ਫ਼ੁਰਮਾਨ ਲਿਖ ਰਹੇ ਹਾਂ ਜਿਨ੍ਹਾਂ ਵਿਚ ਮਨੁੱਖ ਦੇ ਕਰਮ ਇੰਦ੍ਰਿਆਂ ਦੇ ਜ਼ਿਕਰ ਨਾਲ ਬੜੇ ਉਚੇ ਗਿਆਨ ਦੀ ਸੋਝੀ ਕਰਾਉਣ ਦਾ ਸਤਿਗੁਰਾਂ ਨੇ ਅਸਰਦਾਰ ਢੰਗ ਵਰਤਿਆ ਹੋਇਆ ਹੈ:--

**" ਪੰਜ " ਕਰਮ-ਇੰਦ੍ਰਿਆਂ ਦੇ ਜ਼ਿਕਰ ਵਾਲੇ ਗੁਰੂ-ਸ਼ਬਦ**

੧- **ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥ ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥ ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ, ਅੰਧਾ ਅੰਧੁ ਕਮਾਇ ॥ ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥ ਨਾਨਕ ਗੁਰ ਬਿਨੁ ਨਾਹਿ ਪਤਿ, ਪਤਿ ਵਿਣੁ ਪਾਰਿ ਨ ਪਾਇ ॥ ੧ ॥**[੧੩੮]-ਵਾਰ-੨

**ਅਰਥ:**--(ਪ੍ਰਭੂ ਨੇ) ਜਿੰਦ ਪਾ ਕੇ (ਮਨੁੱਖ ਦਾ) ਸਰੀਰ ਬਣਾਇਆ ਹੈ, (ਕਿਆ ਸੋਹਣੀ) ਘਾੜਤ ਘੜੀ ਹੈ । ਅੱਖਾਂ ਨਾਲ ਇਹ ਵੇਖਦਾ ਹੈ, ਜੀਭ ਨਾਲ ਬੋਲਦਾ ਹੈ, (ਇਸ ਦੇ) ਕੰਨਾਂ ਵਿਚ ਸੁਣਨ ਦੀ ਸੱਤਿਆ ਮੌਜੂਦ ਹੈ, ਪੈਰਾਂ ਨਾਲ ਤੁਰਦਾ ਹੈ, ਹੱਥਾਂ ਨਾਲ (ਕੰਮ) ਕਰਦਾ ਹੈ, ਤੇ (ਪ੍ਰਭੂ ਦਾ) ਦਿੱਤਾ ਖਾਂਦਾ ਪਹਿਨਦਾ ਹੈ । ਪਰ, ਜਿਸ ਪ੍ਰਭੂ ਨੇ (ਇਸ ਦੇ ਸਰੀਰ ਨੂੰ) ਬਣਾਇਆ ਸੁਆਰਿਆ ਹੈ, ਉਸ ਨੂੰ ਇਹ ਪਛਾਣਦਾ ਵੀ ਨਹੀਂ, ਅੰਨ੍ਹਾਂ ਮਨੁੱਖ (ਭਾਵ, ਆਤਮਕ ਜੀਵਨ ਵਲੋਂ ਬੇਸਮਝ) ਅੰਨ੍ਹਿਆਂ ਵਾਲਾ ਕੰਮ ਕਰਦਾ ਹੈ (ਭਾਵ, ਔਝੜੇ ਪਿਆ ਭਟਕਦਾ ਹੈ) । ਜਦੋਂ (ਇਹ ਸਰੀਰ ਰੂਪ ਭਾਂਡਾ) ਟੁੱਟ ਜਾਂਦਾ ਹੈ, ਤਾਂ ਇਹ ਠੀਕਰ ਹੋ ਜਾਂਦਾ ਹੈ (ਭਾਵ, ਕਿਸੇ ਕੰਮ ਦਾ ਨਹੀਂ, ਰਹਿ ਜਾਂਦਾ) ਤੇ ਮੁੜ ਇਹ (ਸਰੀਰਕ) ਬਣਤਰ ਬਣ ਵੀ ਨਹੀਂ ਸਕਦੀ । ਹੇ ਨਾਨਕ ! (ਅੰਨ੍ਹਾਂ ਮਨੁੱਖ) ਗੁਰੂ (ਦੀ ਸਰਨ) ਤੋਂ ਬਿਨਾ ਬਖ਼ਸ਼ਸ਼ ਤੋਂ ਵਾਂਜਿਆ ਰਹਿੰਦਾ ਹੈ, ਤੇ ਪ੍ਰਭੂ ਦੀ ਮਿਹਰ ਤੋਂ ਬਿਨਾ (ਇਸ ਔਝੜ ਵਿਚੋਂ) ਪਾਰ ਨਹੀਂ ਲੰਘ ਸਕਦਾ । ੧ ।

੨-- **ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥ ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸਵਾਦ ॥ ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭੁ ਲੁਭਾਵਹਿ ॥ ਮਿਥਿਆ ਤਨ ਨਹੀ ਪਰ ਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥ ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮੁ ਲਏ ॥ ੫ ॥**[੨੬੯]-ਅਸਟ-੫

੩- **ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥**[੨੯੯]-ਥਿਤੀ

੪- **ਚਰਨ ਸੀਸੁ ਕਰ ਕੰਪਨ ਲਾਗੈ, ਨੈਨੀ ਨੀਰੁ ਅਸਾਰ ਬਹੈ ॥
ਜਿਹਵਾ ਬਚਨੁ ਸੁਧੁ ਨਹੀ ਨਿਕਸੈ, ਤਬ ਰੇ ਧਰਮ ਕੀ ਆਸ ਕਰੈ ॥ ੩ ॥** [੪੭੯]-੨-੧੫

੫- **ਕਰ ਕਰਿ ਤਾਲ ਪਖਾਵਜੁ ਨੈਨਹੁ, ਮਾਥੈ ਵਜਹਿ ਰਬਾਬਾ ॥ ਕਰਨਹੁ ਮਧੁ ਬਾਸੁਰੀ ਬਾਜੈ
ਜਿਹਵਾ ਧੁਨਿ ਆਗਾਜਾ ॥ ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ ॥ ੧ ॥**[੮੮੪]-੭

## ੨
## ਸਿਰਮੌਰ ਕਰਮ ਇੰਦ੍ਰਾ ' ਸਿਰ ' ਅਥਵਾ ' ਮਸਤਕ '

੬- **ਉਠੁ ਫਰੀਦਾ, ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ ॥ ੭੧ ॥**

**ਪਦਅਰਥ:**--ਉਜੂ--ਨਿਮਾਜ਼ ਪੜ੍ਹਨ ਤੋਂ ਪਹਿਲਾਂ ਹੱਥ ਮੂੰਹ ਪੈਰ ਧੋਣੇ । ਉਜੂ ਸਾਜਿ--ਉਜੂ ਕਰ, ਪੰਜ ਇਸ਼ਨਾਨਾ ਕਰ । ਸੁਬਹ--ਸਵੇਰ ਦੀ ।ਨਿਵਾਜ ਗੁਜਾਰਿ--ਨਿਮਾਜ਼ ਪੜ੍ਹ । ਕਪਿ--ਕੱਟ ਕੇ (ਭਾਵ ਬੰਦਗੀ-ਹੀਣ ਬੰਦੇ ਦਾ ਜੀਊਣਾ ਕਿਸ ਅਰਥ ? )

੭- **ਜੋ ਸਿਰੁ ਸਾਈ ਨ ਨਿਵੈ, ਸੋ ਸਿਰੁ ਕੀਜੈ ਕਾਂਇ ॥ ਕੁੰਨੇ ਹੇਠਿ ਜਲਾਈਐ, ਬਾਲਣ ਸੰਦੈ ਥਾਇ ॥ ੭੨ ॥**[੧੩੮੧]

**ਅਰਥ:**--ਜੋ ਸਿਰ (ਬੰਦਗੀ ਵਿਚ) ਮਾਲਕ-ਰੱਬ ਦੇ ਅੱਗੇ ਨਹੀਂ ਨੀਊਂਦਾਂ, ਉਸ ਸਿਰ ਦਾ ਕੋਈ ਲਾਭ ਨਹੀਂ । ਉਸ ਸਿਰ ਨੂੰ ਹਾਂਡੀ ਹੇਠ ਬਾਲਣ ਦੇ ਥਾਂ ਬਾਲ ਦੇਣਾ ਚਾਹੀਦਾ ਹੈ (ਭਾਵ, ਉਸ ਆਕੜੇ ਹੋਏ ਸਿਰ ਨੂੰ ਸੁੱਕੀ ਲੱਕੜੀ ਹੀ ਸਮਝੋ) । ੭੨ ।

੮- **ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥**
ਨਾਨਕ ਜਿਸ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥ ੧ ॥[੮੮]-ਵਾ-੧੫

੯- **ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥**
ਬੋਲਿ ਨ ਜਾਣੈ ਮਾਇਆ ਮਦਿ ਮਾਤਾ, ਮਰਣਾ ਚੀਤਿ ਨ ਆਵੈ ॥ ੧ ॥[੭੪੯]-੧੦-੫੭

੧੦- **ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ ੧ ॥**[੪੧੭]-੧੧

੧੧- **ਜਿਹ ਸਿਰਿ, ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗੁ ॥ ੧ ॥** [੩੩੦]-੩੫

**ਅਰਥ:**--ਜਿਸ ਸਿਰ ਤੇ (ਰੱਬ ਨੂੰ ਵਿਸਾਰ ਬੈਠਾ, ਹੰਕਾਰ ਗ੍ਰਸਿਆ ਮਨਮੁੱਖ ਬੜੀ) ਸੁਆਰ ਸੁਆਰ ਕੇ ਪੱਗ ਬੰਨ੍ਹਦਾ ਹੈ, (ਮੌਤ ਆਉਣ ਤੇ) ਉਸ ਸਿਰ ਨੂੰ ਕਾਂ ਆਪਣੀਆਂ ਚੁੰਝਾਂ ਨਾਲ ਸੁਆਰਦੇ ਹਨ । ੧ ।

### (ਅ) ਮਸਤਕ (ਭਾਗ)

੧੨- **ਸਫ਼ਲੁ ਓਹੁ ਮਾਥਾ ਸੰਤ ਨਮਸਕਾਰਸਿ ॥ ਚਰਣ ਪੁਨੀਤ ਚਲਹਿ ਹਰਿ ਮਾਰਗਿ ॥ ੩ ॥**[ ੧੯੧]-੯੦-੧੨੯

੧੩- **ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥
ਗੋਬਿੰਦ ਕੀ ਟਹਲ ਸਫ਼ਲ ਇਹ ਕਾਂਇਆ ॥ ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥ ੨ ॥**[੨੦੨]-੧੧੦

੧੪- ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ **ਮਸਤਕਿ** ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥ ੧ ॥[੨੧੫]-੩-੧੬੧

੧੫- ਸਤਗੁਰ ਤੇ ਜੋ ਮੁਹ ਫੇਰਹਿ **ਮੱਥੇ** ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥...॥ ੩ ॥[੨੯]-੯-੪੨

੧੬- ਸਿਧ ਸਭਾ ਕਰਿ ਆਸਣਿ ਬੈਠੇ, ਸਤ ਸਭਾ ਜੈਕਾਰੋ ॥ ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥**ਮਸਤਕੁ**
ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥ ਨਾਨਕ ਸੰਤੁ ਮਿਲੈ ਸਚੁ ਪਾਈਐ, ਸਹਜ ਭਾਇ ਜਸੁ ਲੇਉ ॥ ੧ ॥[੯੩੮]

**ਅਰਥ** :--ਸਾਡੀ ਨਮਸਕਾਰ ਉਨ੍ਹਾਂ ਸੰਤਾਂ ਦੀ ਸਭਾ ਨੂੰ ਹੈ ਜੋ ' ਰੱਬੀ ਮਜਲਸਾਂ ' (ਸਤਸੰਗ) ਬਣਾ ਕੇ ਅਡੋਲ ਬੈਠੇ ਹਨ, ਸਾਡੀ ਅਰਦਾਸ ਉਸ ਸੰਤ-ਸਭਾ ਅੱਗੇ ਹੈ ਜਿਸ ਵਿਚ ਸਦਾ ਕਾਇਮ ਰਹਿਣ ਵਾਲਾ ਅਪਰ ਅਪਾਰ ਪ੍ਰਭੂ (ਪ੍ਰਤੱਖ ਵੱਸਦਾ) ਹੈ । ਮੈਂ ਉਸ ਸੰਤ-ਸਭਾ ਅੱਗੇ ਸਿਰ ਕੱਟ ਕੇ ਧਰ ਦਿਆਂ, ਤਨ ਤੇ ਮਨ ਭੇਟਾ ਰੱਖ ਦਿਆਂ (ਆਪ ਭਾਵ ਮਿਟਾ ਕੇ ਹੰਕਾਰ ਰਹਿਤ ਹੋ ਜਾਵਾਂ, ਤਾਂ ਜੋ) ਸੁਖੈਨ ਹੀ ਪ੍ਰਭੂ ਦੇ ਗੁਣ ਗਾ ਸਕਾਂ, (ਕਿਉਂਕਿ) ਹੇ ਨਾਨਕ ! ਸੰਤ (--ਗੁਰੂ ਗ੍ਰੰਥ ਸਾਹਿਬ ਜੀ) ਮਿਲ ਪੈਣ ਤਾਂ ਰੱਬ ਮਿਲ ਪੈਂਦਾ ਹੈ । ੧ ।

[**ਨੋਟ**:--ਅੱਜ ਸਾਡੇ ਲਈ " ਸੰਤ " ਜੇ ਕੋਈ ਹੈ ਤਾਂ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ । ਗੁਰੂ-ਗ੍ਰੰਥ ਸਾਹਿਬ-ਸੰਤ ਦੇ ਮਿਲਾਪ ਦਾ ਅਰਥ ਹੈ, ਗੁਰਬਾਣੀ ਵਿਚਾਰ ਦਾ ਸਦਕਾ, ਬ੍ਰਹਮ ਦੀ ਸੋਝੀ ਆ ਆਉਣੀ, ਅਤੇ ਪ੍ਰਭੂ ਚਰਨਾ ਵਿਚ ਲਿਵ ਜੁੜ ਜਾਣੀ ]

੩

## ਅਖੀਆਂ, ਨੈਣ, ਨੈਨ, ਨੇਤ੍ਰ, ਅਥਵਾ ਲੋਇਣ

### ਅਖੀਆਂ-

੧੭- ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥**ਅਖੀ** ਪ੍ਰੇਮ ਕਸਾਈਆ
ਜਿਉ ਬਿਲਕ ਮਸਾਈ ਰਾਮ ॥ ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥ ੩ ॥[੮੪੫]-੨-੪

੧੮- **ਅਖੀ** ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨ੍ਹਿ ॥
ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ ॥ ੨ ॥[੧੩੧੭]-ਵਾਰ-੧੩

**ਅਰਥ**:--(ਉਹੀ ਬੰਦੇ ਹਰ ਥਾਂ) ਪਰਮਾਤਮਾ ਨੂੰ ਵੇਖਦੇ ਹਨ, ਜਿਨ੍ਹਾਂ ਦੀਆਂ ਅੱਖਾਂ ਨੂੰ ਪ੍ਰਭੂ-ਪ੍ਰੇਮ ਦੀ ਖਿੱਚ ਪਈ ਹੁੰਦੀ ਹੈ । ਪਰ ਹੇ ਨਾਨਕ ! ਜਿਹੜੇ ਮਨੁੱਖ (ਪ੍ਰਭੂ ਨੂੰ ਛੱਡ ਕੇ) ਹੋਰ ਹੋਰ (ਮਾਇਕ ਰਸਾਂ ਕਸਾਂ ਵਾਲੇ ਰੰਗ ਤਮਾਸ਼ਿਆ ਨੂੰ) ਵੇਖਣ (ਅਥਵਾ ਮਾਣਣ) ਵਿਚ ਲੱਗੇ ਹੋਏ ਹਨ ਉਨ੍ਹਾਂ ਨੂੰ ਪ੍ਰਭੂ ਦਰਬਾਰ ਵਿਚੋਂ ਰੱਦ ਕਰ ਦਿੱਤਾ ਜਾਂਦਾ ਹੈ । ੨ ।

੧੯- **ਅਖੀ** ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥ ੭ ॥ . . . .
ਸਭੁ ਦਿਨਸੁ ਰੈਣਿ ਦੇਖਉ ਗੁਰੁ ਆਪਨਾ ਵਿਚਿ **ਅਖੀ** ਗੁਰ ਪੈਰ ਧਰਾਈ ॥ ੨੮ ॥ [੭੫੮]-ਅਸਟ-੧

੨੦- ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥ ੧ ॥ ਰਹਾਉ ॥[੬੬੨]-੧-੬-੮

੨੧- ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ ੧ ॥[੧੩੮]-ਵਾਰ-੩

੨੨- **ਨੈਣ** ਪਸੰਦੋ ਸੋਇ ਪੇਖਿ ਮੁਸਤਾਕ ਭਈ ॥ ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥ ੩ ॥[੩੯੭]-੩-੧੦੫

**ਅਰਥ**:--ਹੇ ਮੇਰੀ ਮਾਂ ! ਮੇਰਾ ਉਹ ਸਾਈਂ ਮੇਰੀਆਂ ਅੱਖਾਂ ਨੂੰ ਪਿਆਰਾ ਲੱਗਦਾ ਹੈ, ਉਸ ਨੂੰ ਵੇਖ ਕੇ ਮੈਂ ਮਸਤ ਹੋ ਜਾਂਦੀ ਹਾਂ । ਹੇ ਮਾਂ ! ਮੇਰੇ ਵਿਚ ਕੋਈ ਗੁਣ ਨਹੀਂ, ਫਿਰ ਵੀ ਉਸ ਨੇ ਮੈਨੂੰ ਆਪਣੇ ਲੜ ਲਾ ਰੱਖਿਆ ਹੈ । ੩ । ੩੨-

੨੩- ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥ **ਨੈਣ** ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ । ੧ ॥[੧੦੯੪]-ਵਾਰ-੧

੨੪-- **ਨੈਣ** ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ ॥
ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ ॥ ੨ ॥[੧੨੧੨]-੨੦-੪੩

੨੫- **ਨੈਣੀ** ਮੇਰੇ ਪਿਆਰਿਆ **ਨੈਣੀ** ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ **ਨੈਣੀ** ਜੀਉ ॥ ਮੇਰਾ ਮਨੁ ਤਨੁ ਬਹੁਤੁ ਬੈਰਾਗਿਆ
ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ ॥ ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ
ਜੀਉ ॥ ਹਰਿ ਆਇ ਮਿਲਿਆ ਜਗਜੀਵਨੁ ਮੇਰੇ ਗੋਵਿੰਦਾ ਮੈ ਸੁਖਿ ਵਿਹਾਣੀ ਰੈਣੀ ਜੀਉ ॥ ੨ ॥[੧੭੩-੭੪]-੩-੨੯-੬੭

੨੬- ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥ ਜਾਨੀਅੜਾ ਹਰਿ ਜਾਨੀਅੜਾ **ਨੈਣ**
ਅਲੋਇਅੜਾ ਹਰਿ ਜਾਨੀਅੜਾ ॥ **ਨੈਣ** ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥ ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ
ਭਰਮ ਧੜਾ ॥ ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥ ੧ ॥[੯੨੪]-੧

੨੭- **ਨੈਣ** ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥ ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲੀਆ ॥ ਰਸਨਾ
ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥ ਹਰਿਹਾਂ ਜਬ ਬਿਸਰੈ ਗੋਬਿਦ ਰਾਇ, ਦਿਨੋ ਦਿਨੁ ਘਟੀਐ ॥ ੧੪ ॥[੧੩੬੨]

੨੮- ਮੁਖਿ ਸਾਲਾਹੀ ਸਚੇ ਸਾਹਾ ॥ **ਨੈਣੀ ਪੇਖਾ** ਅਗਮ ਅਥਾਹਾ ॥
ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥ ੬ ॥[੧੦੭੭]-੧-੬

੨੯- **ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ ॥**
**ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ ॥ ੩ ॥**[੧੧੯੯]-੫

੩੦- **ਤੈ ਪਢਿਉ, ਮਨਿ ਧਰਿਅਉ ਇਕੁ, ਕਰਿ ਇਕੁ ਪਛਾਨਿਓ ॥**
**ਨਯਣਿ ਬਯਣਿ ਮੁਹਿ ਇਕੁ, ਦੁਹੁ ਠਾਂਇ ਨ ਜਾਣਿਓ ॥ ...੩॥** [੧੩੯੪]-**੧੨**

**ਅਰਥ:-**(ਹੇ ਗੁਰੂ ਅਮਰਦਾਸ ਜੀ !) ਤੂੰ ਇੱਕ ਅਕਾਲਪੁਰਖ ਨੂੰ ਹੀ ਪੜ੍ਹਿਆ ਹੈ, ਮਨ ਵਿਚ ਉਸ ਇੱਕ ਨੂੰ ਹੀ ਸਿਮਰਿਆ ਹੈ), ਤੇ ਏਹੀ ਨਿਸਚਾ ਕੀਤਾ ਹੈ ਕਿ ਪ੍ਰਭੂ ਆਪ ਹੀ ਆਪ ਹੈ (ਭਾਵ, ਕੋਈ ਦੂਜਾ ਉਸ ਜਿਹਾ ਨਹੀਂ ਹੈ) ਤੇਰੀਆਂ ਨਯਣਿ (=ਅੱਖਾਂ ਅਥਵਾ ਦ੍ਰਿਸ਼ਟੀ) ਵਿਚ ਤੇਰੇ ਬਯੁਣ (ਬਚਨ) ਅਤੇ ਤੇਰੇ ਮੂੰਹ ਵਿਚ ਕੇਵਲ ਅਕਾਲਪੁਰਖ ਹੀ ਅਕਾਲਪੁਰਖ ਹੈ, ਤੂੰ ਦੂਜਾ-ਪਨ ਨੂੰ) ਭਾਵ, ਇਸ ਖ਼ਿਆਲ ਨੂੰ ਕਿ ਪਰਮਾਤਮਾ ਤੋਂ ਬਿਨਾ ਕੋਈ ਹੋਰ ਦੂਜਾ ਵੀ ਹੈ) ਆਪਣੇ ਹਿਰਦੇ ਵਿਚ ਕਦੇ **ਜਾਤਾ ਹੀ ਨਹੀਂ ਹੈ।**

## ਨੈਨ--

੩੧- **ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥ ੫ ॥**[੨੪੧]-੧-੧੩

੩੨- **ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥ ੩ ॥**[੨੨੫]-੧੦

**ਅਰਥ:**--ਜੇ ਸੋਹਣੀਆਂ ਅੱਖਾਂ ਵਾਲੀ ਮੇਰੀ ਇਸਤ੍ਰੀ ਹੋਵੇ, ਉਹ ਸੋਲਾਂ ਕਿਸਮਾਂ ਦੇ ਹਾਰ-ਸ਼ਿੰਗਾਰ ਕਰਦੀ ਹੋਵੇ, ਤੇ ਮੈਨੂੰ ਬਹੁਤ ਪਿਆਰੀ ਲੱਗਦੀ ਹੋਵੇ, (ਫਿਰ ਵੀ) ਜਗਤ ਦੇ ਮਾਲਕ ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾ ਸਦਾ ਖੁਆਰੀ ਹੀ ਹੁੰਦੀ ਹੈ । ੩ ।

੩੩- **ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥**
**ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥ ੧ ॥**[੬੫੯]-੧
[ਏਹੀ ਗੁਰੂ ਫ਼ੁਰਮਾਨ ਅੱਗੇ ੯੦ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੈ । ਉਥੇ **ਕੰਠ** ਪਦ ਉਜਾਗਰ ਹੈ]

੩੪- **ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥ ਕਹੁ ਨਾਨਕ ਸਫਲੁ ਸੋ ਆਇਆ ॥ ੪ ॥**[੮੦੪]-੪-੯

੩੫- **ਅੰਧੇ ਖਾਵਹਿ ਬਿਸੂ ਕੇ ਗਟਾਕ ॥**
**ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ ॥ ੧ ॥ ਰਹਾਉ ॥**[੧੨੨੪]-੮੨-੧੦੫

੩੬- **ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ ॥**
**ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ॥ ੨ ॥**[੧੨੧੭]-੪੩-੬੬

੩੭- **ਨੈਨਹੁ ਦੇਖਿਓ ਚਲਤੁ ਤਮਾਸਾ ॥**
**ਸਭ ਹੂ ਦੂਰਿ ਸਭ ਹੂ ਤੇ ਨੇਰੈ ਅਗਮ ਅਗਮ ਘਟ ਵਾਸਾ ॥ ੧ ॥ ਰਹਾਉ ॥**[੧੨੧੧]-੧੫-੩੮

੩੮- **ਨੈਨੀ ਹਰਿ ਹਰਿ ਲਾਗੀ ਤਾਰੀ ॥**
**ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ ॥ ੧ ॥ ਰਹਾਉ ॥**[੧੨੬੨]-੧

੩੯- **ਨੈਨ ਤ੍ਰਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ ॥ ੧ ॥**[੧੩੦੬]-੧-੪੦

੪੦- **ਤੇਰੈ ਮਾਨਿ ਹਰਿ ਹਰਿ ਮਾਨਿ ॥ ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥ ੧ ॥ ਰਹਾਉ ॥**[੧੩੨੨]-੧-੪

## ਨੇਤ੍ਰ--

੪੧- **ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥ ਓਇ ਕਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥**
**ਜਿਉ ਸੁਪਨੈ ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥ ੨ ॥** [੧੭੯]-੧੧-੮੦

੪੨- **ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥ ੨ ॥**[੧੯੦]-੫੧-੧੨੦

੪੩- **ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥**
**ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥ ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥ ੨ ॥** [੨੦੧]-੧੧੦

੪੪- **ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥**
**ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥ ੧ ॥**[੬੮੦]-੭-੩੮

੪੫- **ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ ॥**
**ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ ॥ ੧ ॥**[੧੨੧੨]-੧੬-੩੯

੪੬- **ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥ ਨੇਤ੍ਰਹੁ ਪੇਖੁ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥ ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥ ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥ ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ॥ ੬॥**[੨੯੦]-੨੦

੪੭- **ਅੰਤਰਿ ਗੁਰੂ ਆਰਾਧਨਾ ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥**
**ਸਤਿਗੁਰ ਸੇਤੀ ਰਤਿਆ ਦਰਗਹਿ ਪਾਈਐ ਠਾਉ॥ ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥**

**ਜਗ ਮਹਿ ਉਤਮ ਕਾਢੀਐ ਵਿਰਲੈ ਕੇਈ ਕੇਇ ॥ ੧ ॥**[੫੧੭]-ਵਾ-੧

੪੮- **ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥ ੨ ॥**[੨੨੪]-੮

੪੯- **ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥**
**ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥ ੩ ॥**[੧੧੮੧]-੬

੫੦- **ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ, ਜਾ ਵੇਖਾ ਹਰਿ ਇਕੁ ਹੈ, ਹਰਿ ਬਿਨੁ ਅਵਰੁ ਨ ਕੋਈ ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ, ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥ ੩੬ ॥**[੯੨੨]

**ਲੋਇਣ**--

੫੧- **ਫ਼ਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥ ੧੪ ॥**[੧੩੭੮]

੫੨- **ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥**
**ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥**
**ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥ ੨ ॥**[੧੦੮੧]-ਵਾਰ-੧੫

**ਅਰਥ:**--ਜਿੰਨਾ ਚਿਰ ਜੀਵ ਂ ਹਉਮੈ ਂ ਦਾ ਮਾਰਿਆ ਹੋਇਆ ਹੈ ਉਸ ਦੇ ਅੰਦਰ ਤ੍ਰਿਸਨਾ ਦਾ ਦਰਿਆ ਵਹਿੰਦਾ ਹੈ । ਪਰ, ਹੇ ਨਾਨਕ ! ਜਦੋਂ ਮਨ ਂ ਨਾਮ ਂ ਵਿਚ ਰੰਗਿਆ ਜਾਂਦਾ ਹੈ ਤਾਂ ਤ੍ਰਿਸ਼ਨਾ ਮੁੱਕ ਜਾਂਦੀ ਹੈ, ਅੱਖਾਂ ਆਪਣੇ ਆਪ (ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੱਤੀਆਂ ਜਾਂਦੀਆਂ ਹਨ, (ਨਿੰਦਾ ਆਦਿਕ) ਸੁਣਨ ਦੀ ਤਾਂਘ ਕੰਨਾਂ ਵਿਚ ਹੀ ਲੀਨ ਹੋ ਜਾਂਦੀ ਹੈ, ਜੀਭ **ਨਾਮ** ਸਿਮਰ ਕੇ ਨਾਮ-ਰਸੈਣ ਵਿਚ ਰੰਗੀਜ ਕੇ ਸੋਹਣਾ ਲਾਲ ਬਣ ਜਾਂਦੀ ਹੈ, ਮਨ (ਂਨਾਮ ਂ ਵਿਚ) ਮਹਕ ਕੇ ਲਪਟਾਂ ਦੇਂਦਾ ਹੈ। (ਐਸੇ ਜੀਵਨ ਵਾਲੇ ਦਾ) ਮੁੱਲ ਨਹੀਂ ਪੈ ਸਕਦਾ ।੨।

੫੩- **ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥ ਕੰਚਨ ਕਾਇਆ ਸੁਇਨੇ ਕੀ ਢਾਲਾ ॥**
**ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥ ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥**
**ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ ॥ ਬੰਕੇ ਲੋਇਣ ਦੰਤ ਰੀਸਾਲਾ ॥ ੭ ॥** [੫੬੭]-੨

**ਅਰਥ:**--[ਹੇ ਸਰਬ-ਵਿਆਪਕ ਸਿਰਜਣਹਾਰ ! ਜਗਤ ਦੀ ਸਾਰੀ ਸੁੰਦਰਤਾ ਤੂੰ ਹੀ ਆਪਣੇ ਸਰੂਪ ਤੋਂ ਰਚੀ ਹੈ । ਤੂੰ ਉਹ ਉਹ ਇਸਤ੍ਰੀ ਮਰਦ ਪੈਦਾ ਕੀਤੇ ਹਨ ਜਿਨ੍ਹਾਂ ਦੇ ਨੈਣ ਦੰਦ ਨਕ ਕੇਸ ਆਦਿਕ ਸਾਰੇ ਹੀ ਅੰਗ ਮਹਾਨ ਸੁੰਦਰ ਹਨ । ਉਨ੍ਹਾਂ ਵਿਚ, ਹੇ ਪ੍ਰਭੂ ! ਤੂੰ ਆਪ ਹੀ ਬੈਠਾ ਜੀਵਨ-ਜੋਤਿ ਜਗਾ ਰਿਹਾ ਹੈਂ (**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ**) । ਸੋ) ਹੇ ਪ੍ਰਭੂ !ਤੇਰੇ ਨੈਣ ਬਾਂਕੇ ਹਨ, ਤੇਰੇ ਦੰਦ ਸੋਹਣੇ ਹਨ, ਤੇਰਾ ਨੱਕ ਸੋਹਣਾ ਹੈ, ਤੇਰੇ ਸੋਹਣੇ ਲੰਮੇ ਕੇਸ ਹਨ (ਜਿੰਨ੍ਹਾਂ ਦੇ ਸੋਹਣੇ ਨੱਕ ਹਨ, ਜਿਨ੍ਹਾਂ ਦੇ ਸੋਹਣੇ ਕੇਸ ਹਨ, ਇਹ ਭੀ ਹੇ ਪ੍ਰਭੂ ! ਤੇਰੇ ਹੀ ਸੋਹਣੇ ਨੱਕ ਕੇਸ ਹਨ) । (ਏਸੇ ਤਰ੍ਹਾਂ) ਹੇ ਪ੍ਰਭੂ ! (ਕਈਆਂ ਜੀਵਾਂ ਵਿਚ ਵਿਆਪਕ) ਤੇਰਾ ਸਰੀਰ ਸੋਨੇ ਵਰਗਾ ਸੁੱਧ ਅਰੋਗ ਹੈ ਤੇ ਸਡੌਲ ਹੈ, ਮਾਨੋ ਸੋਨੇ ਵਿਚ ਹੀ ਢਲਿਆ ਹੋਇਆ ਹੈ । ਹੇ ਸਹੇਲੀਹੋ ! (ਹੇ ਸਤਸੰਗੀ ਸੱਜਣੋ !) ਤੁਸੀ ਉਸ ਪਰਮਾਤਮਾ (ਦੇ ਨਾਮ) ਦੀ ਮਾਲਾ ਜਪੋ । (ਉਸ ਪਰਮਾਤਮਾ ਦਾ ਨਾਮ ਮੁੜ-ਮੁੜ ਜਪੋ) ਜਿਸ ਦਾ ਸਰੀਰ ਅਰੋਗ ਤੇ ਸੁਡੌਲ ਹੈ, ਮਾਨੋ, ਸੋਨੇ ਵਿਚ ਢਲਿਆ ਹੋਇਆ ਹੈ । ਹੇ ਜੀਵ-ਇਸਤ੍ਰੀਓ ! ਮੇਰੀ ਸਿੱਖਿਆ ਸੁਣੋ । (ਜੇ ਤੁਸੀ ਉਸ ਅਰੋਗ ਤੇ ਸੁਡੌਲ ਸਰੂਪ ਵਾਲੇ ਸਰਬ-ਵਿਆਪਕ ਸਿਰਜਣਹਾਰ ਦਾ ਨਾਮ ਜਪੋਗੀਆਂ, ਤਾਂ) ਤੁਸੀ (ਅੰਤ ਵੇਲੇ) ਜਮ-ਰਾਜ ਦੇ ਦਰਵਾਜ਼ੇ ਤੇ ਖੜੀਆਂ ਨਹੀਂ ਹੋਵੋਗੀਆਂ । (ਜਿਹੜੇ ਬੰਦੇ ਉਸ ਪਰਮਾਤਮਾ ਦਾ ਨਾਮ ਜਪਦੇ ਹਨ ਉਨ੍ਹਾਂ ਦੇ) ਮਨ ਤੋਂ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ । (ਸਿਮਰਨ ਦੀ ਬਰਕਤਿ ਨਾਲ) ਮਹਾ ਪਖੰਡੀ ਬਗਲੇ ਤੋਂ ਸ੍ਰੈਸ਼ਟ ਹੰਸ ਬਣ ਜਾਂਦੇ ਹਨ) (ਪਖੰਡੀਆਂ ਤੋਂ ਉਚੇ ਜੀਵਨ ਵਾਲੇ ਗੁਰਮੁਖਿ ਬਣ ਜਾਂਦੇ ਹਨ) । ਹੇ ਸਹੇਲੀਹੋ ! (ਉਸ ਸਰਬ-ਵਿਆਪਕ ਪ੍ਰਭੂ ਦੇ) ਸੋਹਣੇ ਨੈਣ ਹਨ, ਸੋਹਣੇ ਦੰਦ ਹਨ (ਇਸ ਦਿੱਸਦੇ ਸੰਸਾਰ ਦੀ ਸਾਰੀ ਹੀ ਸੁੰਦਰਤਾ ਦਾ ਸੋਮਾ ਪ੍ਰਭੂ ਆਪ ਹੀ ਹੈ) । ੭ ।

**ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥ ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥ ੩ ॥** [੧੦੯੫] ਇਹ ਸੰਸਾਰ ਸਿਰਜਣਹਾਰ ਦਾ ਬਣਾਇਆ ਖਿੜਿਆ ਹੋਇਆ ਇਕ ਬਾਗ਼ ਹੈ । ਹਰ ਪ੍ਰਕਾਰ ਦੀ ਸੁੰਦਰਤਾ ਵਿਚ ਹਰ ਥਾਂ ਉਹ ਆਪ ਬੈਠਾ ਹੋਇਆ ਹੈ। ਜੀਵਾਂ ਦੇ ਸਰੀਰਾਂ ਦੀ ਸੁੰਦਰਤਾ ਉਸ ਦੀ ਆਪਣੀ ਸੁੰਦਰਤਾ ਹੈ। ਪਰਾਈ ਇਸਤ੍ਰੀ ਨੂੰ ਮੰਦੀ ਨਜ਼ਰ ਨਾਲ ਵੇਖਣਾ ਸਿਰਜਣਹਾਰ ਦੀ ਅਵੱਗਿਆ ਕਰਨ ਤੁੱਲ ਹੈ । ਪ੍ਰਭੂ ਦੀ ਕ੍ਰਿਤ-ਸੁੰਦਰਤਾ ਦੀ ਕਿਸੇ ਵੀ ਪ੍ਰਕਾਰ ਦੀ ਨਿਰਾਦਰੀ ਕਰਨੀ ਵਡੀ ਮੂਰਖਤਾਈ ਅਥਵਾ ਪਲੀਤ ਪੁਣਾ ਹੈ ।

੫੪- **ਸਲੋਕ ॥ ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥**
**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ ॥**[੫੭੭]-ਛੰਤ-੨

**ਰਾਗ ਵਡਹੰਸੁ ਮਹਲਾ ੫ ਛੰਤ ਘਰੁ ੪** ਦਾ (ਲਗ-ਮਾਤ੍ਰ ਤੱਕ ਐਨ) ਇਹੀ ਪਾਵਨ ਗੁਰੂ-ਵਾਕ, ਰਾਗ ਮਾਰੂ ਦੀ ਵਾਰ ਮਹਲਾ ੩ ॥ ਦੀ ਸੋਲ੍ਹਵੀ ਪਉੜੀ ਨਾਲ **ਪੰਨੇ ੧੦੯੯** ਤੇ ਵੀ ਆਇਆ ਹੈ । ਹੋਰ ਵੀ ਗੁਰੂ-ਸ਼ਬਦ ਦੋ ਦੋ ਥਾਵਾਂ ਤੇ ਆਏ ਜ਼ਰੂਰ ਹਨ ਪਰ ਹਰ ਥਾਂ ਤੇ ਕੁਝ ਨ ਕੁਝ ਫ਼ਰਕ ਜ਼ਰੂਰ ਹੈ । ਲਗ-ਮਾਤ੍ਰ ਤੱਕ ਇੰਨ ਬਿੰਨ ਉਹੀ ਸ਼ਬਦ, ਅਭੁੱਲ ਗੁਰੂ ਪੰਚਮ ਪਾਤਿਸ਼ਾਹ ਨੇ ਦੋ, ਥਾਈਂ ਕਿਸ ਕਾਰਨ ਲਿਖਿਆ ਹੈ ? ਉਨ੍ਹਾਂ ਦਾ ਅੰਤ੍ਰੀਵ ਇਸ਼ਾਰਾ ਕੀ ਹੈ ? ਆਉ ਆਪਣੀ ਸੁਰਤਿ ਮਤ ਮਨ ਬੁਧ ਨੂੰ ਇਕਾਗਰ ਕਰਕੇ ਵਿਚਾਰੀਏ ਕਿ ਇਸ ਤਰ੍ਹਾਂ ਕਰਕੇ ਸਤਿਗੁਰਾਂ ਨੇ ਸਾਨੂੰ ਕੀ ਉਪਦੇਸ਼ ਪੁਚਾਇਆ ਹੈ । ਦਾਸ ਨੂੰ ਤਾਂ ਏਹੀ ਸਮਝ ਪਈ ਹੈ ਕਿ ਸਤਿਗੁਰਾਂ ਨੇ ਸਾਨੂੰ ਸਮਝਾਇਆ ਹੈ ਕਿ, ਅਸੀਂ ਗੁਰੂ ਮਤਿ ਅਨੁਸਾਰ ਆਪਣਾ ਜੀਵਨ ਢਾਲ ਕੇ, ਆਪਣੀਆਂ ਅੱਖੀਆਂ ਨੂੰ ਇਸ ਜੋਗ ਬਣਾ ਲਈਏ ਕਿ ਇਹ ਨਾਸਵੰਤ ਮਾਇਆ ਦੇ ਰੰਗ ਤਮਾਸ਼ਿਆਂ ਵਿਚ ਮਸਤ ਨਾ ਰਹਿਣ, ਸਗੋਂ ਹਰ ਥਾਂ ਪ੍ਰਭੂ ਦੀ ਵਿਆਪਕਤਾ ਦੀ ਅਸਲੀਅਤ ਨਾਲ ਜੁੜ ਕੇ, ਮਾਇਆ ਦੇ ਹਰ ਰੰਗ ਰੂਪ ਵਿਚ ਉਸੇ ਪ੍ਰਭੂ ਦੇ ਦਰਸ਼ਨ ਕਰਨੇ ਸਿੱਖ ਜਾਣ ।

੫੫- **ਲੋਇਣ ਦੇਖਿ** ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥ ੨੪ ॥

ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥ ੨੫ ॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥ ੨੬ ॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥ ੨੭ ॥ [੯੧੦]-੨

੪

## ਸ੍ਰਵਨ, ਸ੍ਰਵਣ, ਸੁਣੀਅਰ (-ਕੰਨ)

੫੬- ਮੇਰੇ ਮੋਹਨ **ਸ੍ਰਵਨੀ** ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧ ॥ ਰਹਾਉ ॥ [੮੨੦]-੧-੮੧

**ਅਰਥ**:--ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ (ਜਿਹੜੇ ਗੰਦੇ) ਗੀਤਾਂ ਨਾਦਾਂ ਧੁਨੀਆਂ ਦੇ ਬੋਲ ਬੋਲਦੇ ਹਨ ਅਤੇ ਗਾਉਂਦੇ ਹਨ ਉਹ (ਆਤਮਕ ਜੀਵਨ ਵਾਸਤੇ) ਵਿਅਰਥ ਹਨ । ਹੇ ਮੇਰੇ ਮੋਹਨ ! ਇਹੋ ਜਿਹੇ ਬੋਲ ਮੇਰੇ ਕੰਨੀ ਨਾ ਸੁਣਾਈਂ ॥ ੧ ॥ ਰਹਾਉ ॥

੫੭- **ਸ੍ਰਵਣੀ** ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥
ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥ ੩ ॥ [੬੧੧]-੧੦

੫੮- **ਸ੍ਰਵਣ** ਸੁਨੀਜੈ ਅੰਮ੍ਰਿਤ ਕਥਾ ॥
ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ ॥ ੧ ॥ ਰਹਾਉ ॥ [੩੮੬]-੧੦-੬੧

੫੯- ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ ॥
**ਸ੍ਰਵਣੀ** ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ ॥ ੩ ॥ [੧੨੦੦]-੫

੬੦- ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ ॥ ਨਾਨਕ **ਸੁਣੀਅਰ** ਤੇ ਪਰਵਾਣੁ ਜੋ ਸੁਣੇਦੇ ਸਚੁ
ਧਣੀ ॥ ੧ ॥ ਛੰਤੁ ॥ ਤਿਨ ਘੋਲ ਘੁਮਾਈ ਜਿਨ ਪ੍ਰਭੁ **ਸ੍ਰਵਣੀ** ਸੁਣਿਆ ਰਾਮ ॥ ਸੇ ਸਹਜਿ ਸੁਹੇਲੇ
ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥ ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥
ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲੰਘਾਏ ॥ ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ
ਲੇਖਾ ਨ ਗਣਿਆ ॥ ਕਹੁ ਨਾਨਕ ਤਿਸੁ ਘੋਲ ਘੁਮਾਈ ਜਿਨਿ ਪ੍ਰਭੁ **ਸ੍ਰਵਣੀ** ਸੁਣਿਆ ॥ ੧ ॥ [੫੭੭]-ਛੰਤ-੨

੫

## ਜਿਹਵਾ, ਰਸਨਾ, ਜੀਭ, ਜੀਹ

(ੳ) **ਸਰਾਪੀ ਹੋਈ ਜਿਹਬਾ ਅਥਵਾ ਰਸਨਾ**--

੬੧- ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ ॥
ਨਾਨਕ ਏਕੁ ਛੋਡਿ ਦੂਜੈ ਲਗੈ ਸਾ **ਜਿਹਵਾ** ਜਲਿ ਜਾਉ ॥ ੨ ॥ [੫੧੬]-ਵਾਰ-੧੯

੬੨- ਜਿਨਿ **ਜਿਹਵਾ** ਹਰਿ ਰਸੁ ਨ ਚਖਿਓ, ਸਾ ਜਿਹਵਾ ਜਲਿ ਜਾਉ ॥
ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ ॥ ੩ ॥ [੫੫੮]-੨

੬੩- ਰੇ **ਜਿਹਬਾ** ਕਰਉ ਸਤ ਖੰਡ ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥
ਰੰਗੀਲੇ ਜਿਹਬਾ ਹਰਿ ਕੈ ਨਾਇ ॥ ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥ ੧ ॥ ਰਹਾਉ ॥ [੧੧੬੩]-੧

੬੪- **ਜਿਹਵਾ** ਸੁਆਦ ਲੋਭ ਮਦਿ ਮਾਤੋ, ਉਪਜੇ ਅਨਿਕ ਬਿਕਾਰਾ ॥
ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥ ੨ ॥ [੬੧੬]-੧੫-੨੬

੬੫- **ਰਸਨਾ** ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਮਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥ ੫ ॥ [੮੯੧]-੧

੬੬- ਨਾਨਕ ਏਕੁ ਛੋਡਿ ਦੂਜੈ ਲਗੈ ਸਾ **ਜਿਹਵਾ ਜਲਿ ਜਾਉ** ॥ ੨ ॥ [੫੧੬]-ਵਾ-੧੯

੬੭- **ਸਾ ਰਸਨਾ ਜਲਿ ਜਾਉ** ਜਿਨਿ ਹਰਿ ਕਾ ਸੁਆਉ ਨ ਪਾਇਆ ॥
ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ ॥ ੧ ॥ [੫੫੦]-ਵਾ-੫

੬੮- ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ **ਜਿਹਗਵਾ ਜਲਉ ਜਲਾਵਣੀ**
ਨਾਮੁ ਨ ਜਪੈ ਰਸਾਇ ॥ ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛਤਾਇ ॥ ੫ ॥ [੫੯]-੧੦

[**ਨੋਟ**:-ਚੌਥੇ ਕਾਂਡ ਦੇ ੩੦ ਨੰਬਰ ਤੇ ਘਟ ਅਥਵਾ ਹਿਰਦੇ ਦੀ ਗੱਲ ਵਿਚ ਏਸੇ ਹੀ ਗੁਰੂ ਫ਼ੁਰਮਾਨ ਨੂੰ ਅਰਥਾਂ ਸਮੇਤ ਲਿਖਿਆ ਹੋਇਆ ਹੈ]

(ਅ) **ਧੰਨ ਧੰਨ ਸੁ ਰਸਨਾ,**

੬੯- ...ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ ਧਨੁ ਧੰਨੁ ਸੁ
ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥ ੮ ॥[੧੩੧੬]-ਵਾਰ

੭੦- ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ ॥ ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ ॥ ੨ ॥[੫੬੪]-੧

੭੧- ਗੁਰ **ਰਸਨਾ** ਅੰਮ੍ਰਿਤੁ ਬੋਲਦੀ ਹਰਿ ਨਾਮ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ, ਤਿਨਾ ਭੁਖ ਸਭ ਜਾਵੀ ॥ ੧੮ ॥[੭੨੬]-੨

੭੨ ਨਾਮੁ ਕਹਤ ਗੋਬਿੰਦ ਕਾ ਸੂਚੀ ਭਈ **ਰਸਨਾ** ॥
ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥ ੧ ॥ ਰਹਾਉ ॥ [੮੧੧]-੧੩-੪੩

੭੩- ਮਨ ਤਨ ਅੰਤਰਿ ਪ੍ਰਭੁ ਆਹੀ ॥ ਹਰਿ ਗੁਨ ਗਾਵਤ ਪਰਉਪਕਾਰ ਨਿਤ,
**ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ** ॥ ੧ ॥ ਰਹਾਉ ॥ [੮੨੪]-੧੪-੧੦੦

## ੬

## ਇਕ ਦੂ ਜੀਭੌ ਲਖ ਹੋਹਿ....॥-

੭੪- ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ ੧ ॥[੭੮੦]-੩-੬

੭੫- ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥ **ਜਿਹਵਾ ਏਕ**
ਹੋਇ **ਲਖ ਕੋਟੀ**, ਲਖ ਕੋਟੀ ਕੋਟਿ ਧਿਆਵੈਗੋ ॥ ੧ ॥ ਰਹਾਉ ॥[੧੩੦੯]-੩

੭੬- ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ ॥ ਹਮ ਕਿਉ ਕਰਿ ਜਪਹ ਇਆਣਿਆ
ਹਰਿ ਤੁਮ ਵਡ ਅਗਮ ਅਗਾਹ ॥ ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ ਪਾਹ ॥
ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ ॥ ਜਨ ਨਾਨਕ ਕਉ ਹਰਿ ਬਖਸਿ ਲੈਹੁ
ਹਰਿ ਤੁਠੈ ਮੇਲਿ ਮਿਲਾਹ ॥ ਹਰਿ ਕਿਰਪਾ ਕਰਿ ਸੁਣਿ ਬੇਨਤੀ ਹਮ ਪਾਪੀ ਕਿਰਮ ਤਰਾਹ ॥ ੧ ॥ [੧੩੧੪]-ਵਾਰ-੫

੭੭- **ਰਸਨਾ** ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥
ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥ ੩ ॥[੬੧੦]-੭

੭੮- ਹਰਿ ਗੁਨ ਗਾਵਹੁ ਜਗਦੀਸ ॥ ਏਕਾ **ਜੀਹ** ਕੀਚੈ ਲਖ ਬੀਸ ॥
ਜਪਿ ਹਰਿ ਹਰਿ ਸਬਦਿ ਜਪੀਸ ॥ ਹਰਿ ਹੋ ਹੋ ਕਿਰਪੀਸ ॥ ੧ ॥ ਰਹਾਉ ॥[੧੨੯੬]-੨-੮

੭੯- ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥[੭]

੮੦- ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉਕਰਿ ਕਹੀਐ ਦੇਹੁ ਵੀਚਾਰਿ ॥
**ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ** ॥ ੨ ॥[੧੨੫੬]-੧-੬

**ਅਰਥ:**--ਉਤਲਹ ਹੇਠਾਂ ਅਸਮਾਨ ਵਿਚ ਪਾਤਾਲ ਵਿਚ (ਹੇ ਥਾਂ ਪਰਮਾਤਮਾ ਵਿਆਪਕ ਹੈ, ਫਿਰ ਵੀ ਉਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ । ਹੇ ਭਾਈ !) ਵਿਚਾਰ ਕਰ ਕੇ ਕੋਈ ਧਿਰ ਵੀ (ਜੇ ਦੇ ਸਕਦੇ ਹੋ ਤਾਂ) ਉ ੱਤਰ ਦਿਉ ਕਿ (ਉਸ ਪ੍ਰਭੂ ਬਾਰੇ) ਕਿਵੇਂ ਕੁਝ ਕਹਿਆ ਜਾ ਸਕਦਾ ਹੈ । ਪਰਮਾਤਮਾ ਦਾ ਸਰੂਪ ਬਿਆਨ ਕਰਨਾ ਤਾਂ ਅਸੰਭਵ ਹੈ, ਪਰ) ਜੇ ਕੋਈ ਮਨੁੱਖ ਵਿਖਾਵਾ ਛੱਡ ਕੇ ਆਪਣੇ ਹਿਰਦੇ ਵਿਚ ਉਸ ਦਾ ਨਾਮ ਜਪਦਾ ਰਹੇ, ਤਾਂ ਕੋਈ ਇਹੋ ਜਿਹਾ ਮਨੁੱਖ ਹੀ ਇਹ ਸਮਝ ਲੈਂਦਾ ਹੈ ਕਿ ਉਸ ਪਰਮਾਤਮਾ ਦਾ ਨਾਮ ਜਪਣ ਵਿਚ ਆਨੰਦ ਕਿਹੋ ਜਿਹਾ ਹੈ । ੨ ।

੮੧- ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥ ੩ ॥ [੨੨]-੨੨

## ੭

## ਮੁਖ (ਮੂੰਹ ਅਥਵਾ ਚਿਹਰਾ)

੮੨- ਸਲੋਕ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥

**ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥ ੨ ॥**[੩੨੦]-ਵਾਰ-੯

**ਅਰਥ:**--ਹੇ ਪਿਆਰੇ ਸੱਜਣੋ ! (ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੀ) ਗੁਰਬਾਣੀ ਚੇਤੇ ਰੱਖਣੀ ਸਿਖਹੁ (ਭਾਵ, ਗੁਰਬਾਣੀ ਦਾ ਉਦੇਸ਼ ਚੇਤੇ ਰੱਖਣ ਦੀ ਆਦਤ ਬਣਾਓ), ਇਹ ਸਾਰੀ ਉਮਰ ਦਾ ਆਸਰਾ (ਬਣਦੀ) ਹੈ । ਹੇ ਨਾਨਕ ! (ਇਸ ਬਾਣੀ ਦੀ ਰਾਹੀਂ) ਇੱਕ ਪ੍ਰਭੂ ਨੂੰ ਸਿਮਰਿਆਂ ਸਦਾ ਸੁਖੀ ਰਹੀਦਾ ਹੈ ਤੇ ਮੁਖੜਾ (ਚਿਹਰਾ) ਖਿੜਿਆ ਰਹਿੰਦਾ ਹੈ।

ਗਉੜੀ ਕੀ ਵਾਰ ਮਹਲਾ ਪੰਜਵਾਂ, ਦੀ ਨੌਵੀਂ ਪਉੜੀ ਦਾ ਏਹੀ ਸਲੋਕ, ਪੰਨਾ ੯੧੬ ਤੇ ਦੋਬਾਰਾ ਆਇਆ ਹੈ । ' ਰਾਮਕਲੀ ਮਹਲਾ ੫ ਅਸਟਪਦੀ ਦੇ ਗੁਰੂ-ਸ਼ਬਦ ਨੂੰ ੧-੬ ਦਾ ਸਲੋਕ ਹੈ । ਫਰਕ ਕੇਵਲ ਏਨਾ ਹੈ ਕਿ, ਓਥੇ ਮੁਖੁ ਦੇ ਖੱਖੇ ਨੂੰ ਅਤੇ ਊਜਲੁ ਦੇ ਲਲੇ ਨੂੰ ਔਂਕੜ ਲੱਗੀ ਹੋਈ ਹੈ, ਜਦ ਕਿ, ਏਥੇ ੩੨੦ ਅੰਕ ਵਾਲੇ ਸਲੋਕ ਤੇ ਏਦਾਂ ਨਹੀਂ ਹੈ :-- **ਸਲੋਕ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ ॥ ੧ ॥**[੯੧੬]-ਅਸਟ-੨-੭

੮੩- **ਸ੍ਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥**
**ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥ ੩ ॥** [੪੮੦]-੫-੧੮

੮੪- **ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥**
**ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥..॥ ੬ ॥** [੨੬੯]-ਅਸਟ-੫

੮੫- **ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥**
**ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥ ੮ ॥**[੫੬੫]-੨

੮੬- **ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ॥ ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥ ਅਨਦਿਨ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥ ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥ ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥ ੩ ॥**[੫੭੪]-੪

੮੭ **ਤੂ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥ ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥ ੨ ॥**[੬੨੯]-੨੨-੮੬

੮੮- **ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥**
**ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥ ੧ ॥**[੮੮੭]-੬-੧੭

**ਅਰਥ:**--(ਜਿਹੜਾ ਮਨੁੱਖ ਧਰਮ ਪੁਸਤਕਾਂ ਨੂੰ) ਮੂੰਹੋਂ ਤਾਂ ਅਰਥਾਂ ਸਮੇਤ ਪੜ੍ਹਦਾ ਹੈ, ਪਰ ਉਸ ਦੇ ਹਿਰਦੇ ਵਿਚ ਪਰਮਾਤਮਾ ਨਹੀਂ ਵੱਸਦਾ, ਨਾਂਹ ਉਸ ਦੀ ਰਹਿਣੀ ਬੇਦਾਗ਼ ਹੈ, ਹੋਰ ਲੋਕਾਂ ਦੇ ਮਨਾਂ ਵਿਚ (ਧਰਮ-ਪੁਸਤਕਾਂ ਦਾ) ਉਪਦੇਸ਼ ਪੱਕੀ ਤਰ੍ਹਾਂ ਬਿਠਾਉਂਦਾ ਹੈ, ਪਰ ਆਪਣਾ ਇਹ ਦੱਸਿਆ ਹੋਇਆ ਉਪਦੇਸ਼ ਆਪ ਨਹੀਂ ਕਮਾਉਂਦਾ, (ਅਜੇਹਾ ਮਨੁੱਖ ਪੰਡਿਤ ਜਾਂ ਗਿਆਨੀ ਨਹੀਂ ਆਖਿਆ ਜਾ ਸਕਦਾ) । ੧ ।

੮੯- **ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸਮਸਾਰਿ ॥ ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥ ੧ ॥**[੯੯੪]-੪

## ੮

# ਕੰਠ, ਗਲ, ਦੰਤ(-ਦੰਦ) ਜਾਂ ਚੱਬਣ ਅਤੇ ਨੱਕ ਅਥਵਾ ਗੰਧ

### (ੳ) ਕੰਠ ਅਥਵਾ ਗਲ--

੯੦- **ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥**
**ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥ ੧ ॥** [੬੫੯]-੧

**ਪਦ ਅਰਥ:**--ਨੀਰ--ਪਾਣੀ । ਖੀਨਾ--ਕਮਜ਼ੋਰ, ਲਿੱਸਾ । ਦੁਧਵਾਨੀ--ਦੁਧ ਦ ਵੰਨ, ਦੁਧ ਵਰਗੇ ਚਿੱਟੇ । ਰੂਧਾ-ਰੁਕਿਆ ਹੋਇਆ (ਕਫ਼ ਨਾਲ) । ਕੰਠ--ਗਲਾ । ਪਰਾਨੀ ਜੀਵ ।੧।

੯੧- **ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ**
**ਬਿਨੁ ਜਗਦੀਸ ਕਹਾ ਸੁਖੁ ਭਾਲਾ ॥ ੨ ॥**[੨੨੫]-੧੦

੯੨- **ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥ ੧ ॥**[੪੭੬]-੨

### (ਅ) ਦੰਤ (-ਦੰਦ) ਚਬਣ

੯੩- **ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥**
**ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥**
**ਬਿਨੁ ਦੰਤਾ ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥ ੧੯ ॥**[੯੪੦]

੯੪- **ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥ ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ੭੭ ॥**[੧੩੮੧]

**ਪਦ ਅਰਥ:**--ਚਬਣ--ਦੰਦ, ਚੱਬਣ । ਚਲਣ--ਲੱਤਾਂ । ਰਤੰਨ--ਅੱਖਾਂ । ਸੁਣੀਅਰ--ਕੰਨ । ਬਹਿ ਗਏ--ਬੈਠ ਗਏ, ਕੰਮ ਕਰਨ ਤੋਂ ਰਹਿ ਗਏ । ਹੇੜੇ--ਸਰੀਰ ਨੇ । ਜਾਨੀ--ਮਿੱਤ੍ਰ ।

### (ੲ) ਨਕ

੯੫- **ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ੨ ॥**[੬੫੩]-ਵਾਰ-੨੮

੯੬- ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ [੧੩]-੩

੯

## ਃ ਕਰ ਃ ਅਥਵਾ ਃ ਹੱਥ ਃ

੯੭- **ਕਰ** ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥ ੨ ॥ [੩੮੯]-੨੫-੭੬

**ਅਰਥ**--(ਮਨੁੱਖਾ ਜਨਮ ਦੇ ਕੇ ਪਰਮਾਤਮਾ ਨੇ, ਮਾਨੋ) ਸਾਡੇ ਹੱਥਾਂ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਲਿਆ ਪਾਇਆ ਸੀ (ਸਾਨੂੰ ਨਾਮ ਅੰਮ੍ਰਿਤ ਪੀਣ ਦਾ ਮੌਕਾ ਦਿੱਤਾ ਸੀ। ਪਰ ਜਿਹੜੀ ਜੀਵ-ਇਸਤ੍ਰੀ ਸਾਰੀ ਉਮਰ ਮੋਹ ਦੀ ਨੀਂਦ ਵਿਚ ਸੁੱਤੀ ਰਹਿੰਦੀ ਹੈ, ਉਸ ਦੇ ਹੱਥਾਂ ਵਿਚੋਂ ਉਹ ਅੰਮ੍ਰਿਤ) ਤਿਲਕ ਜਾਂਦਾ ਹੈ ਤੇ ਮਿੱਟੀ ਵਿਚ ਜਾ ਰਲਦਾ ਹੈ।

੯੮- ਸਤਜੁਗੁ ਤ੍ਰੇਤਾ ਦੁਆਪਰੁ ਭਣੀਐ, ਕਲਿਜੁਗੁ ਊਤਮੋ ਜੁਗਾ ਮਾਹਿ ॥ [ਕਰ ਬਹੁ ਵਚਨ ਹੈ ਅਤੇ ਕਰੁ ਇੱਕ ਵਚਨ]
ਅਹਿ **ਕਰੁ** ਕਰੇ ਸੁ ਅਹਿ **ਕਰੁ** ਪਾਏ ਕੋਈ ਨ ਪਕੜੀਐ ਕਿਸੈ ਥਾਇ ॥ ੩ ॥ [੪੦੬]-੫-੧੪੦]

**ਅਰਥ**:--ਸਤਿਜੁਗ, ਤ੍ਰੇਤਾ ਅਤੇ ਦੁਆਪਰ ਨੂੰ (ਚੰਗੇ) ਜੁਗ ਆਖਿਆ ਜਾਂਦਾ ਹੈ (ਪਰ ਪ੍ਰਤੱਖ ਦਿੱਸ ਰਿਹਾ ਹੈ ਕਿ ਸਗੋਂ) ਕਲਿਜੁਗ ਸਾਰੇ ਜੁਗਾਂ ਵਿਚ ਸ੍ਰੇਸ਼ਟ ਹੈ (ਕਿਉਂਕਿ ਇਸ ਜੁਗ ਵਿਚ) ਜਿਹੜਾ ਹੱਰ ਕੋਈ ਕਰਮ ਕਰਦਾ ਹੈ, ਉਹੀ ਹੱਥ ਉਸ ਦਾ ਫਲ ਭੁਗਤਦਾ ਹੈ। ਕੋਈ ਮਨੁੱਖ ਕਿਸੇ ਹੋਰ ਮਨੁੱਖ ਦੇ ਥਾਂ (ਵਿਕਾਰਾਂ ਦੇ ਕਾਰਨ) ਫੜਿਆ ਨਹੀਂ ਜਾਂਦਾ। ੩।

੯੯- **ਕਰ** ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ ॥
ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥ [੫੪੨]-ਛੰਤ-੧(੩)

੧੦੦- ਭੈ ਸੰਕਟ ਕਾਟੇ ਨਾਰਾਇਣ ਦਇਆਲ ਜੀਉ ॥ ਹਰਿ ਗੁਣ ਆਨੰਦ ਗਾਏ ਪ੍ਰਭ ਦੀਨਾ ਨਾਥ ਪ੍ਰਤਿਪਾਲ ਜੀਉ ॥
ਪ੍ਰਤਿਪਾਲ ਅਚੁਤ ਪੁਰਖੁ ਏਕੋ ਤਿਸਹਿ ਸਿਉ ਰੰਗੁ ਲਾਗਾ ॥ **ਕਰ** ਚਰਨ ਮਸਤਕੁ ਮੇਲਿ ਲੀਨੇ ਸਦਾ ਅਨਦਿਨੁ
ਜਾਗਾ ॥ ਜੀਉ ਪਿੰਡੁ ਗ੍ਰਿਹੁ ਥਾਨੁ ਤਿਸ ਕਾ ਤਨੁ ਜੋਬਨੁ ਧਨੁ ਮਾਲੁ ਜੀਉ ॥ ਸਦ ਸਦਾ ਬਲਿ ਜਾਇ
ਨਾਨਕੁ ਸਰਬ ਜੀਆ ਪ੍ਰਤਿਪਾਲ ਜੀਉ ॥ ੨ ॥ [੯੨੬]-੧

੧੦੧ ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥
**ਕਰ** ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥ ੧ ॥ [੭੨੧]-੧-੨

**ਹਥਿ** ਛੁਰੀ ਜਗਤ ਕਾਸਾਈ---

੧੦੨- **ਹਥੁ** ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥ ਰਹਾਉ ॥ [੭੯੪]-੨

੧੦੩- ਦੁਇ **ਕਰ** ਜੋੜਿ ਕਰੀ ਬੇਨੰਤੀ ਪਾਬ੍ਰਹਮੁ ਮਨਿ ਧਿਆਇਆ ॥
**ਹਾਥੁ** ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥ ੧ ॥ [੫੩੨]-੨੩

੧੦੪- **ਹਥਿ** ਕਲੰਮ ਅਗੰਮ ਮਸਤਕਿ ਲਿਖਾਵਤੀ ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥ [੨੬੧]-੫੫

੧੦੫- ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ **ਹਥ** ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ [੧੩੪]-੭

੧੦੬- **ਹਥਿ** ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥ ੧ ॥ [੩੬੮]-੯-੬੧

੧੦੭- ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ <u>ਬਾਹ</u> ਦੁਹੂ ਦਿਸ ਗਹੀ ॥
ਟੂਟਿ ਪਰੀਤਿ ਗਈ ਬੁਰ ਬੋਲਿ ॥ ਦੁਰਮਤਿ ਪਰਹਰਿ ਛਾਡੀ ਢੋਲਿ ॥
ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥
ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥ ੨੮ ॥ [੯੩੩] ਓ

## ਮੋਢਾ--

੧੦੮- ਹਉ ਆਇਆ ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡੀਆ ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘੁ ਗਿਰਾਉ ਜੀਉ ॥ ੫ ॥ [੭੩]-੨-੯

[ਇਹੀ ਗੁਰੂ ਫ਼ੁਰਮਾਨ, ਅਰਥਾਂ ਸਮੇਤ, ਪੁਸਤਕ ਦੇ ਅਠਵੇਂ ਭਾਗ ਦੇ ਚੌਥੇ ਕਾਂਡ ਦਾ ੧੯੧ਵੇਂਵਾਂ ਗੁਰੂਸ਼ਬਦ ਹੈ]

੧੦

## ਃ ਬਾਹਿ ਃ ਪਕੜਿ ਗੁਰਿ ਕਾਢਿਆ ॥

ਸਤਿਗੁਰੂ ਪਰਮੇਸ਼ਰ ਜੀ ਜਿਸ ਜੀਵ ਤੇ ਦਿਆਲ ਹੋ ਜਾਣ, ਉਸ ਭਾਗਾਂ ਵਾਲੇ ਮਨੁੱਖ ਨੂੰ ਬਾਂਹ ਤੋਂ ਅਥਵਾ ਭੁਜਾ ਤੋਂ ਫੜ ਕੇ, ਉਂਗਲੀ ਤੋਂ, ਕਰਿ ਅਥਵਾ ਹੱਥ ਤੋਂ ਫੜ ਕੇ ਸੰਸਾਰ ਸਮੁੰਦਰ ਵਿਚੋਂ ਪਾਰ ਕਰ ਦਿੰਦੇ ਹਨ:--

੧੦੯- ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ **ਬਾਂਹ** ਪ੍ਰਭੂ ਪਕਰਾਇ ਜੀਉ ॥ ਪ੍ਰਭਿ **ਬਾਂਹ** ਪਕਰਾਈ ਊਤਮ ਮਤਿ ਪਾਈ, ਗੁਰ ਚਰਣੀ ਜਨੁ ਲਾਗਾ ॥ ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥ ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ ॥ ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪ ॥[੪੪੬]-ਛੰਤ-੫-੧੨

੧੧੦- ਤਨੁ ਧਨੁ ਜੋਬਨੁ ਚਲਤ ਗਇਆ ॥ ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸਿ ਭੋਰੁ ਭਇਆ ॥ ੧ ॥ ਰਹਾਉ ॥ ਅਨਿਕ ਪ੍ਰਕਾਰ ਭੋਜਨ ਨਿਤ ਖਾਤੇ **ਮੁਖ ਦੰਤਾ** ਘਸਿ ਖੀਨ ਖਇਆ ॥ ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ ॥ ੧ ॥ ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ ॥ ਸਰਨਿ ਪਰੇ ਨਾਨਕ ਸੁਆਮੀ ਕੀ **ਬਾਹ ਪਕਰਿ** ਪ੍ਰਭਿ ਕਾਢਿ ਲਇਆ ॥ ੪ ॥ [੮੨੬]-੨੪-੧੧੦

੧੧੧- ਇਕੁ ਤਿਲੁ ਪ੍ਰਭੂ ਨ ਵੀਸਰੈ ਜਿਨਿ ਸਭੁ ਕਿਛੁ ਦੀਨਾ ਰਾਮ ॥ ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ ॥ **ਬਾਹ ਪਕੜਿ** ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ ॥ ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ॥ ੨ ॥[੮੪੮]-੨-੫-੯

੧੧੨- ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥ ਮੈ ਅਜਾਨੁ ਜਨੁ ਤਰਿਬੇ ਨ ਜਾਨਉ, ਬਾਪ ਬੀਠੁਲਾ **ਬਾਹ ਦੇ** ॥੧॥ ਰਹਾਉ ॥[੮੭੩]-੩

੧੧੩- ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ ॥ ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ ॥ ਪ੍ਰਭ **ਬਾਹ ਪਕਰਿ** ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ ॥ ੧ ॥[੧੩੦੪]-੧-੩੩

੧੧

## ਗਹਿ ਭੁਜਾ ਲੀਨੇ ਰਾਮ ਦੀਨੇ .... ॥

੧੧੪- ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥ **ਗਹਿ ਭੁਜਾ** ਪ੍ਰਭ ਜੀ ਲੇਹੁ ॥ ਹਰਿ ਨਾਮੁ ਆਪੁਨਾ ਦੇਹੁ ॥ ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥ ੨ ॥[੮੩੮]-੨

੧੧੫- ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ, **ਭੁਜਾ ਗਹੀ** ਕਟਿ ਜਮ ਕੀ ਫਾਸੀ ਰਾਮ ॥ **ਗਹਿ ਭੁਜਾ** ਲੀਨ੍ਹੀ ਦਾਸਿ ਕੀਨੀ ਅੰਕੁਰਿ ਉਦੋਤੁ ਜਣਾਇਆ ॥ ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ ॥ ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥[੮੪੬]-੨

[ਇਹ ਗੁਰੂ ਫ਼ੁਰਮਾਨ ਪੁਸਤਕ ਦੇ ਚੌਥੇ ਭਾਗ ਦੇ ਪਹਿਲੇ ਕਾਂਡ ਦੇ ੭੩ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੋਇਆ ਹੈ]

੧੧੬- **ਗਹਿ ਭੁਜਾ** ਲੀਨੋ ਦਾਸੁ ਅਪਨੋ ਜੋਤਿ ਜੋਤੀ ਰਲੀ ॥ ਪ੍ਰਭੁ ਚਰਨ ਸਰਨ ਅਨਾਥੁ ਆਇਓ ਨਾਨਕ ਹਰਿ ਸੰਗਿ ਚਲੀ ॥ ੨ ॥[੧੧੨੧]-੬-੧੪

੧੧੭- ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥ ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥ ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥ **ਗਹਿ ਭੁਜਾ** ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥ ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ ॥ ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ ॥ ੪ ॥[੭੦੫]-੨

੧੧੮- ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥ ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ ॥ ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ ॥ ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ ॥**ਗਹਿ ਭੁਜਾ** ਲੀਨ੍ਹੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ ॥ ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ ॥ ੧ ॥ [੫੪੪]-੧-੪

੧੧੯- ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ **ਕਾਢੀ ਬਾਹ** ਕੁਕੀਜੈ ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥ ੫ ॥ [੧੩੨੬]-੬

੧੨

## ਕਰੁ ਗਹਿ ਲੇਹੁ ਓੜਿ ਨਿਬਹਾਵੈ ॥

੧੨੦- ਗੁਰੁ ਪੂਰਾ ਭੇਟਿਓ ਬਡਭਾਗੀ ਜਾ ਕੋ ਅੰਤੁ ਨ ਪਾਰਾਵਾਰਾ ॥ **ਕਰੁ ਗਹਿ** ਕਾਢਿ ਲੀਓ ਜਨੁ ਅਪੁਨਾ ਬਿਖੁ ਸਾਗਰ ਸੰਸਾਰਾ ॥ ੧ ॥[੭੧੭]-੯-੨੮

੧੨੧- ਛਾਤੀ ਸੀਤਲ ਮਨੁ ਤਨੁ ਠੰਢਾ ॥ ਜਨਮ ਮਰਣ ਕੀ ਮਿਟਵੀ ਡੰਝਾ ॥

**ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਓ ਧਾਰਿ ਦ੍ਰਿਸਟੰਗਨਾ ॥ ੧੦ ॥**[੧੦੮੦]-੨-੯

੧੨੨- **ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ ॥**
**ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ ਮਰਸਨ ॥ ੨ ॥**[੧੩੦੩]-੧੦-੨੯

੧੨੩- **ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹੁ ਸਵਾਰਿ ਧਰੀ ॥ ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥ ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥ ਬਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ ॥ ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ ॥ ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ ॥ ੩ ॥**[੧੩੮੭]-੧੧-੨੦

**ਅਰਥ**-(ਹੇ ਜੀਵ ! ਪਰਮਾਤਮਾ ਨੇ ਪਿਤਾ ਦਾ) ਰਤਾ ਕੁ ਬੀਰਜ ਮਾਂ ਦੇ ਪੇਟ ਰੂਪ ਖੇਤ ਵਿਚ ਨਿੰਮਿਆ ਤੇ ਤੇਰਾ ਅਮੋਲਕ (ਮਨੁੱਖਾ) ਸਰੀਰ ਸਜਾ ਕੇ ਰੱਖ ਦਿੱਤਾ (ਉਸ ਨੇ ਤੈਨੂੰ) ਖਾਣ ਪੀਣ ਦੇ ਪਦਾਰਥ, ਮਹਲ-ਮਾੜੀਆਂ ਤੇ ਮਾਣਨ ਨੂੰ ਸੁਖ ਬਖ਼ਸ਼ੇ ਸੰਕਟ ਕੱਟ ਕੇ ਤੇਰੀ ਬਿਪਤਾ ਦੂਰ ਕੀਤੀ । (ਪਰਮਾਤਮਾ ਦੀ ਮਿਹਰ ਨਾਲ ) ਤਦੋਂ ਮਾਂ ਪਿਉ, ਭਰਾ ਤੇ ਸਾਕ-ਸੈਨ-ਪਛਾਣਨ ਦੀ ਤੇਰੇ ਅੰਦਰ ਸੂਝ ਪੈ ਗਈ । ਦਿਨੋ ਦਿਨ ਸਦਾ (ਤੇਰਾ ਸਰੀਰ) ਵਧ-ਫੁਲ ਰਿਹਾ ਹੈ ਤੇ ਡਰਾਉਣਾ ਬੁਢੇਪਾ ਨੇੜੇ ਆ ਰਿਹਾ ਹੈ । ਹੇ ਗੁਣਾ ਤੋਂ ਸੱਖਣੇ, ਕੰਗਾਲੇ, ਮਾਇਆ ਦੇ ਕੀੜੇ ! ਇੱਕ ਘੜੀ ਤਾਂ ਉਸ ਮਾਲਕ ਨੂੰ ਯਾਦ ਕਰ (ਜਿਸ ਨੇ ਤੇਰੇ ਉ ੱਤੇ ਇਤਨੀਆ ਬਖ਼ਸ਼ਸ਼ਾਂ ਕੀਤੀਆਂ ਹਨ )

੧੨੪- **ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ॥ ਗਰਤ ਪਰਤ ਗਹਿ ਲੇਹੁ ਅੰਗੁਰੀਆ ॥ ੧ ॥ ਰਹਾਉ ॥ ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ॥ ਆਰਤ ਦੁਆਰਿ ਰਟਤ ਪਿੰਗੁਰੀਆ ॥ ੧ ॥ ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥ ੨ ॥**[੨੦੩]-੨-੧੧੫

**ਅਰਥ**:--ਹੇ ਬਲੀ ਬਾਹਾਂ ਵਾਲੇ ਸੂਰਮੇ ਪ੍ਰਭੂ ! ਹੇ ਸੁਖਾਂ ਦੇ ਸਮੁੰਦਰ ਪਾਰਬ੍ਰਹਮ ! (ਸੰਸਾਰ ਸਮੁੰਦਰ ਦੇ ਵਿਕਾਰਾਂ ਦੇ) ਟੋਏ ਵਿਚ ਡਿਗਦੇ ਦੀ (ਮੇਰੀ) ਉਂਗਲੀ ਫੜ ਲੈ । ੧ । ਰਹਾਉ । (ਹੇ ਪ੍ਰਭੂ ! ਮੇਰੇ) ਕੰਨ ਵਿਚ (ਤੇਰੀ ਸਿਫ਼ਤ-ਸਾਲਾਹ) ਸੁਣਨ ਦੀ **ਸੁਰਤਿ (-ਸੂਝ)** ਨਹੀਂ ਮੇਰੀਆਂ ਅੱਖਾਂ (ਅਜੇਹੀਆਂ) ਸੋਹਣੀਆਂ ਨਹੀਂ (ਕਿ ਹਰ ਥਾਂ ਤੇਰਾ ਦੀਦਾਰ ਕਰ ਸਕਣ), ਮੈਂ ਪਿੰਗਲਾ ਹੋ ਚੁੱਕਾ ਹਾਂ ਤੇ ਦੁਖੀ ਹੋ ਕੇ ਤੇਰੇ ਦਰ ਤੇ ਪੁਕਾਰ ਕਰਦਾ ਹਾਂ (ਮੈਨੂੰ ਵਿਕਾਰਾਂ ਦੇ ਟੋਏ ਵਿਚੋਂ ਬਚਾ ਲੈ । ਗੁਰੂ ਨਾਨਕ ਜੀ--ਹੇ ਗ਼ਰੀਬਾਂ ਦੇ ਖ਼ਸਮ ! ਹੇ ਯਤੀਮਾਂ ਉਤੇ ਤਰਸ ਕਰਨ ਵਾਲੇ ! ਹੇ ਸੱਜਣ ! ਹੇ ਮਿੱਤਰ ਪ੍ਰਭੂ ! ਹੇ ਮੇਰੇ ਮਾਤਾ ਪਿਤਾ ਪ੍ਰਭੂ ! ਤੇਰੇ ਸੰਤ ਤੇਰੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਰੱਖ ਕੇ (ਭਾਵ, ਆਪਾ ਭਾਵ ਮਿਟਾ ਕੇ ਅਤੀਅੰਤ ਨਿਮਰ ਮਨ ਵਿਚ ਤੇਰੀ ਯਾਦ ਸਦਾ ਵਸਾਈ ਰੱਖ ਕੇ) ਸੰਸਾਰ ਸਮੁੰਦਰ ਤੋਂ ਪਾਰ ਲੰਘਦੇ ਹਨ, (ਮਿਹਰ ਕਰ, ਮੈਨੂੰ ਹੰਕਾਰ-ਰਹਿਤ ਅਜੇਹੇ ਹਿਰਦੇ ਦੀ ਬਖ਼ਸ਼ਸ਼ ਕਰ ਜਿਸ ਵਿਚ ਸਦਾ ਤੇਰਾ ਪਿਆਰ ਵਸਿਆ ਰਹੇ) । ੨ ।

## ੧੩

## ਤੁਚਾ (-ਚਮੜੀ) ਕਲੇਜਾ, ਉਦਰ ਅਥਵਾ ਪੇਟ (ਢਿੱਡ)

**ਤੁਚਾ** ਦਾ ਅਰਥ ਚਮੜੀ ਹੈ । ਖੱਲ ਨੇ ਜੀਵ ਦੇ ਸਰੀਰ ਦੀ ਬਨਾਵਟ ਵਿਚ ਬੜਾ ਜ਼ਰੂਰੀ ਭੂਮਿਕਾ ਨਿਭਾਈ ਹੈ । ਹੁਸਨ ਅਥਵਾ ਖ਼ੂਬਸੂਰਤੀ ਵਿਚ ਚਮੜੀ ਦੇ ਗੋਰੇ ਹੋਣ ਦਾ ਬੜਾ ਹਿੱਸਾ ਮੰਨਿਆਂ ਜਾਂਦਾ ਰਿਹਾ ਹੈ । ਕੇਵਲ ਚਮੜੀ ਦੇ ਰੰਗ ਤੋਂ ਹੀ ਕਈ ਮਨੁੱਖ ਹੰਕਾਰੀ ਹੋ ਗਏ ਅਤੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਸ੍ਰੇਸ਼ਟ ਮੰਨਣ ਲੱਗ ਪਏ । ਬ੍ਰਾਹਮਣ ਵਿਦਵਾਨਾਂ ਨੇ ਵਿਸ਼ਨੂੰ ਪੁਰਾਣ ਦੇ ਅੰਸ਼ ੨ ਵਿਚ ਲਿਖ ਦਿੱਤਾ ਕਿ, ਗੋਰਾ ਰੰਗ ਬ੍ਰਾਹਮਣ ਦਾ ਹੈ, ਲਾਲ ਰੰਗ ਛੱਤ੍ਰੀ ਦਾ, ਪੀਲਾ ਵੈਸ਼ਯ ਦਾ ਅਤੇ ਕਾਲੇ ਰੰਗ ਦੀ ਚਮੜੀ ਵਾਲੇ ਨੂੰ ਸ਼ੂਦਰ ਮਿਥ ਦਿੱਤਾ । ਸੋ ਬ੍ਰਾਹਮਣ ਨੇ ਚਮੜੀ ਦੇ ਰੰਗ ਨੂੰ ਵਰਨ ਵੰਡ ਦਾ ਅਧਾਰ ਮੰਨ ਲਿਆ ? ਪਰ ਕਾਲ ਚੱਕਰ ਬੜਾ ਬਲਵਾਨ ਹੈ । ਚਮੜੀ ਦੇ ਰੰਗ ਅਨੁਸਾਰ ਭਾਰਤੀਆਂ ਵਿਚ ਫੁੱਟ ਦਾ ਅਤੇ ਆਪਸੀ ਘਿਰਣਾ ਦਾ ਬੀਜ ਬੀਜਣ ਵਾਲੇ, ਬ੍ਰਾਹਮਣ ਦੀ ਆਪਣੀ ਬ੍ਰਾਦਰੀ ਵਿਚ ਅੱਜ ਬੇਅੰਤ ਬ੍ਰਾਹਮਣ-ਪਰਵਾਰ ਕਾਲੀ ਚਮੜੀ ਵਾਲੇ ਹਨ । ਆਚਰਨ ਵਿਚ ਆਈ ਗਿਰਾਵਟ ਦੇ ਕਾਰਨ, ਅਥਵਾ ਪੌਣ-ਪਾਣੀ ਦੇ ਲੰਮੇ ਅਸਰ ਦੇ ਕਾਰਨ, ਜਿਥੇ ਕਾਲਾ ਰੰਗ ਬ੍ਰਾਹਮਣ ਪਰਵਾਰਾਂ ਵਿਚ ਆ ਵੜਿਆ ਉਥੇ ਨਾਲ ਹੀ ਕਈ ਸ਼ੂਦਰਾਂ ਨੂੰ ਵੀ ਗੋਰੇ ਰੰਗ ਵਾਲੇ ਬਣਾ ਦਿੱਤਾ । ਚਿੱਟੀ ਚਮੜੀ ਵਾਲੇ (White) ਮਨੁੱਖਾਂ (ਅੰਗ੍ਰੇਜ਼ਾਂ) ਨੇ ਕਾਲੀ ਚਮੜੀ ਵਾਲਿਆਂ (ਅਫ਼ਰੀਕਣਾ, ਹਬਸ਼ੀਆਂ) ਤੇ ਸੈਂਕੜੇ ਸਾਲ ਬੜੇ ਘਿਣਾਵਣੇ ਜ਼ੁਲਮ ਕੀਤੇ । ਅੱਜ ਤੱਕ ਕਈ ਦੇਸ਼ਾਂ ਵਿਚ ਕਾਲੀ ਚਮੜੀ ਅਤੇ ਗੋਰੀ ਚਮੜੀ ਵਿਚ ਖਹਿ-ਬਾਜੀ ਤੋਂ ਧੱਕੇ, ਬੇਇਨਸਾਫ਼ੀ ਆਦਿ ਕਈ ਦੁਰ-ਘਟਨਾਵਾਂ ਵਾਪਰਦੀਆਂ ਰਹਿਣ ਦੀ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ । ਇਨ੍ਹਾਂ ਮੰਦ ਖ਼ਬਰਾਂ ਦੀ ਚਰਚਾ, ਰੇਡੀਉ ਅਥਵਾ TV ਤੇ ਕਿਤੇ ਨਾ ਕਿਤੇ ਛਿੜੀ ਹੀ ਰਹਿੰਦੀ ਹੈ ।

ਚਮੜੀ ਇੱਕ ਬੜਾ ਜ਼ਰੂਰੀ ਗਿਆਨ ਇੰਦ੍ਰਾ ਵੀ ਹੈ । ਜੀਵ ਦੇ ਪਿੰਡੇ ਨੂੰ ਕਿਸੇ ਚੀਜ਼ ਦਾ ਸਪਰਸ਼, ਜੀਵ ਨੂੰ ਝੱਟ ਸੁਚੇਤ ਕਰ ਦਿੰਦਾ ਹੈ । ਨੇਤ੍ਰਾਂ ਤੋਂ ਹੀਣੇ ਮਨੁੱਖ ਦਾ ਬਹੁਤਾ ਗਿਆਨ, ਸਪੱਰਸ਼ ਤੇ ਹੀ ਨਿਰਭਰ ਹੈ । ਬੱਚੇ, ਜਵਾਨ, ਅਤੇ ਬੁੱਢੇ ਦੀ ਚਮੜੀ ਵਿਚ ਅਜੇਹਾ ਫ਼ਰਕ ਹੈ ਕਿ ਕੇਵਲ ਚਮੜੀ ਤੋਂ ਹੀ ਉਮਰ ਦਾ ਅਨੁਮਾਨ ਲਾ ਲਿਆ ਜਾਂਦਾ ਹੈ । ਬ੍ਰਹਮ ਦਾ ਗਿਆਨ ਤੋਂ ਜਾਣੂ ਕਰਾਉਣ ਵਾਲੀ ਗੁਰੂ ਬਾਣੀ ਵਿਚ, " ਤੁਚਾ " ਪਦ ਦੀ ਵਰਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਸ ਪ੍ਰਕਾਰ ਕੀਤੀ ਹੈ:--

੧੨੫- **ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥ ੧ ॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਏ ॥ ੧ ॥ ਰਹਾਉ ॥**[੧੧੨੬]-੩-੪

**ਅਰਥ**:--(ਹੇ ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਜੀਵ ! ਤੂੰ ਜਗਤ ਵਿਚ ਜਨਮ ਲੈ ਕੇ (ਆਤਮਕ ਜੀਵਨ ਦੇ ਅਸਲੀ ਲਾਭ ਵਜੋਂ) ਕੁਝ ਵੀ ਨਾ ਖੱਟਿਆ, ਸਗੋਂ ਤੂੰ ਮੂਲ ਵੀ ਗਵਾ ਲਿਆ (ਜਿਹੜਾ ਪਹਿਲਾਂ ਕੋਈ ਆਤਮਕ ਜੀਵਨ ਸੀ ਉਹ ਵੀ ਨਾਸ ਕਰ ਲਿਆ, ਕਿਉਂਕਿ) ਤੂੰ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ, ਤੇ ਤੂੰ ਗੁਰੂ ਦੀ ਦੱਸੀ ਕੋਈ ਕਾਰ ਨਹੀਂ ਕੀਤੀ । ੧ । ਰਹਾਉ । (ਹੇ ਅੰਨ੍ਹੇ ਜੀਵ ! ਹੁਣ ਬੁਢੇਪੇ ਵਿਚ) ਤੇਰੀ ਤੋਰ ਵੀ ਭੂੰਡੀ (-ਬੇ-ਢਬੀ) ਹੋ ਚੁੱਕੀ ਹੈ, ਤੇਰੇ ਪੈਰ ਹੱਥ ਢਿਲਕ ਪਏ ਹਨ, ਤੇਰੇ ਸਰੀਰ ਦੀ

**ਤੁਚਾ** (- ਚਮੜੀ) ਉਤੇ ਝੁਰੜੀਆਂ ਪੈ ਰਹੀਆਂ ਹਨ, ਤੇਰੀਆਂ ਅੱਖਾਂ ਅੱਗੇ ਹਨੇਰਾ ਹੋਣ ਲੱਗ ਪਿਆ ਹੈ, ਤੇਰੇ ਕੰਨ ਬੋਲੇ ਹੋ ਚੁੱਕੇ ਹਨ, ਪਰ ਅਜੇ ਵੀ ਆਪਣੇ ਮਨ ਦੇ ਪਿੱਛੇ ਤੁਰ ਕੇ ਤੂੰ ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀਂ ਪਾਈ । ੧ ।

**ਕਲੇਜਾ** । ਪਸ਼ੂ ਪੰਖੀਆਂ ਅਥਵਾ ਮਨੁੱਖਾਂ ਦੇ ਸਰੀਰਾਂ ਵਿਚ ਮਾਸ ਦਾ ਲੋਥੜਾ ਹੁੰਦਾ ਹੈ ਜਿਸ ਨੂੰ " ਕਲੇਜਾ " ਅਥਵਾ ਜਿਗਰ Liver ਕਿਹਾ ਜਾਂਦਾ ਹੈ । ਡਾਕਟਰਾਂ ਦੇ ਕਹਣ ਅਨੁਸਾਰ ਸਰੀਰ ਦਾ ਇਹ ਭਾਗ ਖ਼ੂਨ ਬਣਾਉਂਦਾ ਹੈ । ਪਰ ਡੂੰਘੇ ਭਾਵ ਨੂੰ ਪ੍ਰਗਟ ਕਰਨ ਵਿਚ ' ਕਲੇਜਾ ' ਪਦ ਨੂੰ ਮਨ, ਹਿਰਦਾ ਅਥਵਾ ਦਿਲ, ਦੀ ਥਾਂ ਵਰਤਿਆ ਜਾਂਦਾ ਹੈ । ਸਰੀਰ ਦੇ ਇਸ ਭਾਗ ਨੂੰ ਵੀ ਗੁਰਬਾਣੀ-ਉਪਦੇਸ਼ ਵਿਚ ਕਈ ਤਰ੍ਹਾਂ ਨਾਲ ਵਰਤਿਆ ਗਿਆ ਹੋਇਆ ਹੈ । ਸੋਰਠ ਰਾਗ ਵਿਚ ਭਗਤ ਭੀਖਨ ਜੀ ਨੇ ' ਕਰੇਜੇ " ਦੀ ਪੀੜ ਤੋਂ ਬੁਢੇਪੇ ਦੀ ਲਾ-ਇਲਾਜ ਬਿਮਾਰੀ ਦਾ ਚੇਤਾ ਕਰਾ ਕੇ ਨਾਮ-ਦਾਰੂ ਵਰਤਣ ਦਾ ਉਪਦੇਸ਼ ਦਿੱਤਾ ਹੈ:--

੧੨੬- **ਮਾਥੇ ਪੀਰ ਸਰੀਰਿ ਜਲਨਿ ਹੈ, ਕਰਕ ਕਰੇਜੇ ਮਾਹੀ ॥ ਐਸੀ ਬੇਦਨ ਉਪਜਿ ਖਰੀ ਭਈ,**
**ਵਾ ਕਾ ਅਉਖਧੁ ਨਾਹੀ ॥ ੨ ॥ ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ**
**ਜਗਿ ਸਾਰਾ ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥ ੩ ॥**[੬੫੯]-੧

**ਅਰਥ**:--ਹੇ ਪ੍ਰਾਣੀ ! (ਬਿਰਧ ਹੋਣ ਦੇ ਕਾਰਨ) ਤੇਰੇ ਸਿਰ ਵਿਚ ਪੀੜ ਟਿਕੀ ਰਹਿੰਦੀ ਹੈ, ਸਰੀਰ ਵਿਚ ਸੜਨ ਰਹਿੰਦੀ ਹੈ, ਕਲੇਜੇ ਵਿਚ ਦਰਦ ਉਠਦੀ ਹੈ (ਕਿਸ ਕਿਸ ਅੰਗ ਦਾ ਫ਼ਿਕਰ ਕਰੀਏ ? ਸਾਰੇ ਹੀ ਸਰੀਰ ਵਿਚ ਬੁਢੇਪੇ ਦਾ) ਇਕ ਐਸਾ ਵਡਾ ਰੋਗ ਉ ੱਠ ਖਲੋਤਾ ਹੈ ਕਿ ਇਸ ਦਾ ਕੋਈ ਇਲਾਜ ਨਹੀਂ ਹੈ (ਫਿਰ ਵੀ ਇਸ ਸਰੀਰ ਨਾਲੋਂ ਤੇਰਾ ਮੋਹ ਨਹੀਂ ਮਿਟਦਾ) **। ੨ ।** (ਇਸ ਸਰੀਰ ਮੋਹ-ਰੋਗ ਨੂੰ ਮਿਟਾਉਣ ਦਾ) ਇੱਕੋ ਹੀ ਸ੍ਰੇਸ਼ਟ ਇਲਾਜ ਜਗਤ ਵਿਚ ਹੈ, ਉਹ ਹੈ ਪ੍ਰਭੂ ਦਾ ਨਾਮ-ਰੂਪ ਅੰਮ੍ਰਿਤ, ਪਰਮਾਤਮਾ ਦਾ ਨਾਮ-ਰੂਪ ਨਿਰਮਲ ਜਲ । ਭੀਖਣ ਜੀ ਫ਼ੁਰਮਾਉਂਦੇ ਹਨ-ਮੈਂ ਇਹ ਨਾਮ ਜਪਣ ਦਾ ਰਸਤਾ ਆਪਨੇ ਗੁਰੂ ਦੀ ਕਿਰਪਾ ਨਾਲ ਲੱਭ ਲਿਆ ਹੈ, ਜਿਸ ਕਰਕੇ ਮੈਂ ਸਰੀਰਕ ਮੋਹ ਤੋਂ ਖ਼ਲਾਸੀ ਪਾ ਲਈ ਹੈ ।

ਕਬੀਰ ਸਾਹਿਬ ਜੀ ਨਿਆਰੇ ਢੰਗ ਨਾਲ ਕਰੇਜੇ ਪਦ ਦੀ ਵਰਤੋਂ ਕਰਦੇ ਹੋਏ ਵਡਮੁੱਲੇ ਉਪਦੇਸ਼ ਦੀ ਬਖ਼ਸ਼ਸ਼ ਕਰਦੇ ਹਨ:--

੧੨੭- **ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥ ਪਾਵਹੁ ਤੇ ਪਿੰਗੁਲ ਭਇਆ**
**ਮਾਰਿਆ ਸਤਿਗੁਰ ਬਾਨ ॥ ੧੯੩ ॥ ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ**
**ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ ੧੯੪ ॥** [੧੩੭੪]

**ਅਰਥ**:--ਜਿਸ ਮਨੁੱਖ ਦੇ ਹਿਰਦੇ ਵਿਚ ਸਤਿਗੁਰੂ ਆਪਣੇ ਸ਼ਬਦ-ਗਿਆਨ ਦਾ ਤੀਰ ਮਾਰਦਾ ਹੈ, ਉਹ (ਦੁਨੀਆਂ ਦੇ ਭਾਣੇ) ਗੂੰਗਾ ਕਮਲਾ ਤੇ ਲੂਲ੍ਹਾ ਹੋ ਜਾਂਦਾ ਹੈ (ਕਿਉਂਕਿ, ਉਹ ਮਨੁੱਖ ਮੂਹੋਂ ਮੰਦੇ ਬੋਲ ਨਹੀਂ ਬੋਲਦਾ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਹੁੰਦੀ, ਕੰਨਾ ਨਾਲ ਨਿੰਦਾ ਨਹੀਂ ਸੁਣਦਾ, ਅਤੇ ਪੈਰਾਂ ਨਾਲ ਮੰਦੇ ਪਾਸੇ ਵਲ ਤੁਰ ਕੇ ਨਹੀਂ ਜਾਂਦਾ) । ੧੯੩ । ਜਿਸ ਮਨੁੱਖ ਨੂੰ ਸੂਰਮਾ ਸਤਿਗੁਰੂ ਆਪਣੇ ਸ਼ਬਦ ਦਾ ਇਹ ਤੀਰ ਮਾਰਦਾ ਹੈ, ਤੀਰ ਵਜਿਦਿਆਂ ਹੀ ਉਹ ਮਨੁੱਖ ਨਿਰ-ਹੰਕਾਰ ਹੋ ਜਾਂਦਾ ਹੈ (ਮਾਨੋਂ ਉਹ ਮਨੁੱਖ ਧਰਤੀ ਤੇ ਆ ਡਿਗਦਾ, " **ਨੀਚੀ ਹੂੰ ਅਤਿ ਨੀਚ** " ਨਾਲ ਪਿਆਰ ਕਰਨ ਵਾਲਾ ਬਣ ਜਾਂਦਾ " **ਹਮ ਨਹੀਂ ਚੰਗੇ** " ਗੁਰੂ-ਬਚਨ ਦੀ ਅਸਲੀਯਤ ਸਮਝ ਜਾਂਦਾ ਹੈ) । ਉਸ ਦਾ ਹਿਰਦਾ ਪ੍ਰਭੂ ਚਰਨਾਂ ਨਾਲ ਪ੍ਰੋਤਾ ਜਾਂਦਾ ਹੈ ।

ਸਤਿਗੁਰੂ ਨਾਨਕ ਪਾਤਸ਼ਾਹ ਜੀ " ਕਲੇਜੇ " ਪਦ ਦੀ ਵਰਤੋਂ ਹੇਠ ਲਿਖੇ ਅਰਥਾਂ ਵਿਚ ਕੀਤੀ ਹੈ:--

੧੨੮- **ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ ੧ ॥**[੧੨੭੯]-ਵਾਰ-੩

**ਅਰਥ**:--ਹਕੀਮ (ਬਿਮਾਰ ਨੂੰ) ਦਵਾਈ ਦੇਣ ਲਈ ਸਦਿਆ ਜਾਂਦਾ ਹੈ, ਉਹ (ਮਰੀਜ਼ ਦੀ) ਬਾਂਹ ਫੜ ਕੇ (ਨਾੜੀ) ਟਟੋਲਦਾ ਹੈ (ਤੇ ਰੋਗ ਲੱਭਣ ਦਾ ਯਤਨ ਕਰਦਾ ਹੈ, ਪਰ) ਅੰਞਾਣ ਹਕੀਮ ਇਹ ਨਹੀਂ ਜਾਣਦਾ ਕਿ (ਪ੍ਰਭੂ ਤੋਂ ਵਿਛੋੜੇ ਦੀ) ਪੀੜ (ਬਿਰਹੀ ਮਨੁੱਖਾਂ ਦੇ) ਦਿਲ ਵਿਚ ਹੁੰਦੀ ਹੈ । ੧ ।

੧੨੯- **ਮਨਮੁਖ ਆਸਾ ਨਹੀ ਉਤਰੈ ਦੂਜੇ ਭਾਇ ਖੁਆਏ ॥ ਉਦਰੁ ਨੈ ਸਾਣੁ ਨ ਭਰੀਐ ਕਬਹੂ**
**ਤ੍ਰਿਸਨਾ ਅਗਨਿ ਪਚਾਏ ॥ ੧ ॥ ਸਦਾ ਅਨੰਦੁ ਰਾਮ ਰਸਿ ਰਾਤੇ ॥ ਹਿਰਦੈ ਨਾਮੁ**
**ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥ ੧ ॥ ਰਹਾਉ ॥**[੧੧੩੧]-੫-੧੫

**ਅਰਥ**:--ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖਾਂ ਦੇ ਅੰਦਰੋਂ (ਹੋਰ ਹੋਰ ਮਾਇਆ ਜੋੜਨ ਦੀ) ਲਾਲਸਾ ਦੂਰ ਨਹੀਂ ਹੁੰਦੀ । ਮਾਇਆ ਦੇ ਪਿਆਰ ਵਿਚ ਉਹ ਸਹੀ ਜੀਵਨ ਰਾਹ ਤੋਂ ਖੁੰਝੇ ਰਹਿੰਦੇ ਹਨ । ਨਦੀ ਵਾਂਗ ਉਨ੍ਹਾਂ ਦਾ ਪੇਟ (ਮਾਇਆ ਨਾਲ) ਕਦੇ ਰੱਜਦਾ ਨਹੀਂ । ਤ੍ਰਿਸਨਾਂ ਦੀ ਅੱਗ ਉਨ੍ਹਾਂ ਨੂੰ ਸਾੜਦੀ ਰਹਿੰਦੀ ਹੈ **। ੧ ।** ਜਿਹੜੇ ਮਨੁੱਖ ਪਰਮਾਤਮਾ ਦੇ ਨਾਮ-ਰਸ ਵਿਚ ਭਿੱਜੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰ ਸਦਾ ਆਨੰਦ ਬਣਿਆ ਰਹਿੰਦਾ ਹੈ । (ਮਾਇਆ ਦੇ ਮੋਹ ਦੇ ਕਾਰਨ ਮਨੁੱਖ ਦੇ) ਮਨ ਵਿਚ ਮੇਰ-ਤੇਰ ਟਿਕੀ ਰਹਿੰਦੀ ਹੈ, ਪਰ ਜਿੰਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਨ੍ਹਾਂ ਦੀ ਮੇਰ-ਤੇਰ ਦੂਰ ਹੋ ਜਾਂਦੀ ਹੈ । ਆਤਮਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ-ਰਸ ਪੀ ਕੇ ਉਹ (ਮਾਇਆ ਵਲੋਂ ਸਦਾ) ਰੱਜੇ ਰਹਿੰਦੇ ਹਨ । ੧ । ਰਹਾਉ ।

੧੩੦- **ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥**
**ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ੧ ॥**[੩੯੬]-੭-੧੦੧

**ਅਰਥ**:--ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੇ ਗੁਰੂ (ਨਾਨਕ ਜੀ ਨੂੰ ਜਗਤ ਵਿਚ) ਘੱਲਿਆ ਹੈ ਉਸ ਦੀ ਸੰਗਤਿ (ਦੀ ਬਰਕਤਿ) ਨਾਲ (ਸਿੱਖਾਂ ਦੇ ਹਿਰਦੇ ਵਿਚ) ਅਟੱਲ ਆਤਮਕ ਜੀਵਨ ਪੈਦਾ ਹੋ ਰਿਹਾ ਹੈ । (ਹੇ ਭਾਈ ! ਜਿਵੇਂ ਜਦੋਂ ਮਾਂ ਦੇ) ਪੇਟ ਵਿਚ ਬੱਚਾ ਆ ਨਿਵਾਸ ਕਰਦਾ ਹੈ ਤਾਂ ਮਾਂ ਦੇ ਮਨ ਵਿਚ ਬਹੁਤ ਖ਼ੁਸ਼ੀ ਪੈਦਾ ਹੁੰਦੀ ਹੈ ( ਤਿਵੇਂ ਸਿੱਖ ਦੇ ਅੰਦਰ ਅਟੱਲ ਆਤਮਕ ਜੀਵਨ, ਆਨੰਦ ਪੈਦਾ ਕਰਦਾ ਹੈ) । ੧ ।

ਪੰਚਮ ਪਾਤਿਸ਼ਾਹ ਜੀ ਨੇ ਉਹ ਲਾਲਚੀ ਅਤੇ ਠੱਗ ਬ੍ਰਾਹਮਣ ਦੀ ਲਾਲਚੀ ਹਾਲਤ ਦਾ ਜ਼ਿਕਰ ਕਰਦਿਆਂ ਫ਼ੁਰਮਾਨ ਕੀਤਾ ਹੈ, ਕਿ ਸੁੱਚਮ ਦੀ ਪਖੰਡ ਕਰਨ ਲਈ ਅਧੀ ਧੋਤੀ ਆਪਣੇ ਹੇਠ ਵਿਛਾ ਲੈਂਦਾ ਹੈ ਪਰ, ਨੀਯਤ ਦਾ ਭੁੱਖਾ ਜਜਮਾਨਾਂ ਦੇ ਘਰਦੇ ਪਕਵਾਨਾਂ ਨਾਲ ਆਪਣਾ ਪੇਟ ਖੋਤੇ ਵਾਂਗ ਭਰ ਰਿਹਾ ਹੁੰਦਾ ਹੈ:--

੧੩੧- **ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥੧॥**[੨੦੧]-੧੦੭

੧੪
# ਨਿਮ੍ਰਤਾ ਦੇ ਪ੍ਰਤੀਕ, ਚਰਨ (ਪਗ,ਪਾਵ, ਅਥਵਾ ਪੈਰ)

ਪਿਛਲੇ ਸੰਸਕਾਰਾਂ ਅਨੁਸਾਰ ਬਣੇ ਮੱਥੇ ਦੇ ਲੇਖ ਉੱਘੜ ਆਉਣ ਤਾਂ, ਅਕਾਲਪੁਰਖ ਦੀ ਮਿਹਰ ਨਾਲ ਮਨੁੱਖ ਨੂੰ ਪੂਰਾ ਗੁਰੂ ਮਿਲਦਾ ਹੈ। ਬ੍ਰਹਮ ਦਾ ਗਿਆਨ ਪ੍ਰਾਪਤ ਕਰਨ ਲਈ ਸੱਭ ਤੋਂ ਵੱਡੀ ਲੋੜ ਹਉਮੈ ਹੰਕਾਰ ਤੋਂ ਰਹਿਤ ਹੋ ਕੇ ਸੱਚੇ ਦਿਲੋਂ ਗਿਆਨ ਦਾ ਪਾਤ੍ਰ ਬਣਨ ਦੀ ਹੁੰਦੀ ਹੈ। ਆਪਣੀ ਮਤਿ ਦਾ ਲੇਸ ਮਾਤ੍ਰ ਹੰਕਾਰ ਵੀ ਪ੍ਰਭੂ ਦੀ ਨੇੜਤਾ ਵਿਚ ਬੱਜਰ ਕੰਧ ਬਣ ਖਲੋਂਦਾ ਹੈ--**ਹਉਮੈ** ਦਾ **ਨਾਮੈ** ਨਾਲ ਕਰੜਾ ਵਿਰੋਧ ਹੈ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥**[੫੬੦] ਜਿਥੇ ਹੰਕਾਰ ਹੈ ਉਥੇ ਪ੍ਰਭੂ ਦੇ ਪਿਆਰ ਦਾ ਦਾਖ਼ਲਾ ਸੰਭਵ ਨਹੀਂ। ਜਦੋਂ ਹੀ ਹਉਮੈ ਦੀ ਅੱਗ ਬੁੱਝ ਕੇ ਹਿਰਦਾ ਸ਼ਾਂਤ ਹੋ ਜਾਵੇ, ਤਾਂ ਪ੍ਰਭੂ ਦੇ ਦਰ ਦੀ ਸੋਝੀ ਆ ਜਾਂਦੀ ਹੈ--" **ਹਉਮੈ ਬੂਝੈ ਤਾ ਦਰ ਸੂਝੈ ॥** "[੪੬੬] ਹਉਮੈਂ ਜਾਂਦੀ ਰਹੇ ਤਾਂ ਪ੍ਰਭੂ-ਕੰਤ ਵਿਚ ਸਮਾਈ ਦਾ ਥਾਂ ਬਣ ਜਾਂਦਾ ਹੈ। ਹੰਕਾਰ ਰਹਿਤ ਜੀਵ ਇਸਤ੍ਰੀ ਸੰਸਾਰ ਦੇ ਨੌਆਂ ਖ਼ਜ਼ਾਨਿਆਂ ਦੇ ਮਾਲਕ ਪ੍ਰਭੂ ਨੂੰ ਪਾ ਲੈਂਦੀ ਹੈ--**ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵਨਿਧ ਪਾਈ ॥ ੬ ॥**[੭੫੦] ਪੰਚਮ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ--ਹੇ ਸੰਤਸੰਗੀ ਸਹੇਲੀਓ ! ਆਉ, ਤੁਹਾਨੂੰ ਪ੍ਰਭੂ ਮਿਲਾਪ ਦਾ ਭੇਤ ਸਮਝਾਵਾਂ--ਹਰ ਪ੍ਰਕਾਰ ਦਾ ਹੰਕਾਰ ਮਿਟਾ ਦਿਉ, ਤਾਂ ਹਿਰਦੇ-ਘਰ ਦੇ ਅੰਦਰ ਬੈਠੇ ਪ੍ਰਭੂ ਦੇ ਦਰਸ਼ਨ ਹੋ ਜਾਣਗੇ--" **ਸੁਨਹੁ ਸਹੇਰੀ ਮਿਲਨ ਬਾਤ ਕਹਉ, ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ**॥ [੮੩੦] ਪਰ ਆਪਾ ਭਾਵ ਮਿਟਾ ਲੈਣਾ ਅਥਵਾ ਹੰਕਾਰ-ਰੋਗ ਦੂਰ ਕਰ ਲੈਣਾ, ਬੜੀ ਔਖੀ ਘਾਟੀ ਨੂੰ ਸਰ ਕਰ ਲੈਣ ਵਾਲੀ ਘਾਲ ਹੈ। ਹਉਮੈ ਦਾ ਰੋਗ ਸਾਰੇ ਜਗਤ ਨੂੰ ਵਿਆਪ ਰਿਹਾ ਹੈ, ਜਿਸ ਦੇ ਕਾਰਨ ਸਾਰੀ ਲੋਕਾਈ ਜਨਮ ਮਰਨ ਦੇ ਭਾਰੀ ਦੁਖ ਵਿਚ ਪਈ ਹੋਈ ਹੈ--**ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥**[੭੩੫-੩੬] ਮਨੁੱਖਤਾ ਦੇ ਸੱਚੇ ਹਮਦਰਦ ਅਤੇ ਕਾਮਲ ਵੈਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦਾ ਹਉਮੈ ਦਾ ਰੋਗ ਦੂਰ ਕਰਕੇ ਇਸ ਨੂੰ ਪਰਮ ਠੰਡ ਨਾਲ ਜੋੜ ਕੇ ਇਨਸਾਨੀਅਤ ਦੇ ਸ਼ੁੱਭ ਗੁਣਾ ਵਾਲਾ ਨਿਆਰਾ ਮਨੁੱਖ, ਭਾਵ, ਸੰਤ-ਸੂਰਮਾਂ ਬਣਾ ਦੇਣ ਦਾ ਬੀੜਾ ਚੁਕਿਆ ਹੋਇਆ ਸੀ। ਹਉਮੈ-ਰੋਗ ਦਾ ਨਾਸ ਕਰਨ ਲਈ, ਮਨੁੱਖ ਦੇ ਮਨ ਵਿਚ, ਨੀਵਿਆਂ ਨਾਲ ਸੱਚਾ ਪਿਆਰ ਸਤਿਕਾਰ, ਗ਼ਰੀਬਾਂ ਲੋੜ ਵੰਦਾਂ ਲਈ ਡੂੰਘੀ ਹਮਦਰਦੀ ਅਤੇ ਨੀਚਾਂ ਤੋਂ ਵੀ ਅਤਿ ਨੀਚ ਬਣਾ ਦਿੱਤੇ, " ਨਿਤਾਣਿਆਂ-ਨਿਆਸਰਿਆਂ " ਵਿਚ ਮਿਲ ਬੈਠਣ ਵਾਲੀ ਨਿਮਰ-ਭਾਵਣਾ ਭਰ ਦੇਣ ਦੀ ਲੋੜ (ਸਚੁ ਦੇ ਢੰਡੋਰਚੀ ਸਤਿਗੁਰੂ ਨਾਨਕ ਸਾਹਿਬ ਜੀ ਨੇ ਅਨੁਭਵ ਕੀਤੀ) ਸੀ।

ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਲਿਖਿਆ ਗਿਆ ਹੈ ਕਿ, ਬਿੱਪ੍ਰ ਵਿਦਵਾਨ ਨੇ ਪੁਰਾਣਕ ਗ੍ਰੰਥਾਂ ਵਿਚ ਲਿਖ ਲਿਆ ਹੋਇਆ ਸੀ ਕਿ, ਸੰਸਾਰ ਰਚਨਾਂ ਦੇ ਸਮੇ, ਭਗਵਾਨ ਬ੍ਰਹਮਾਂ ਨੇ ਬ੍ਰਾਹਮਣ ਨੂੰ ਆਪਣੇ ਮੂੰਹ ਵਿਚੋਂ ਪੈਦਾ ਕੀਤਾ, ਖੱਤ੍ਰੀ ਨੂੰ ਬਾਹਾਂ ਵਿਚੋਂ, ਵੈਸ਼ ਨੂੰ ਆਪਣੇ ਢਿੱਡ ਵਿਚੋਂ ਅਤੇ " ਸ਼ੂਦਰ " ਨੂੰ ਆਪਣੇ ਪੈਰਾਂ ਵਿਚੋਂ ਪੈਦਾ ਕੀਤਾ ਸੀ। ਆਪਣੇ ਹੀ ਘੜੇ ਹੋਏ ਇਸ ਨਿਰਮੂਲ ਢੁੱਚਰ ਨੂੰ ਵਰਤ ਕੇ, ਬ੍ਰਾਹਮਣ ਬਾਕੀ ਤਿੰਨ ਵਰਣਾ ਵਿਚੋਂ ਪਵਿੱਤ੍ਰ ਬਣ ਬੈਠਾ। ਕਥਿਤ ਤੌਰ ਤੇ ਪੈਰਾਂ ਵਿਚੋਂ ਪੈਦਾ ਹੋਇਆ ਦਰਸਾ ਕੇ **ਵਿਚਾਰੇ ਸ਼ੂਦਰ** ਨੂੰ ਸੱਭ ਤੋਂ ਨਿਖਿੱਧ ਬਣਾ ਦਿੱਤਾ। ਭਾਵ, ਬ੍ਰਾਹਮਣ ਗੁਰੂ ਨੇ ਸਰੀਰ ਦੇ ਅੰਗਾਂ ਵਿਚੋਂ, ਪੈਰਾਂ ਨੂੰ ਨਿਖਿੱਧ ਗਿਣਿਆਂ ਹੈ। ਪੈਰਾਂ ਵਿਚ ਬੈਠਾਲੇ ਜਾਣ ਨੂੰ ਬੇਇੱਜ਼ਤੀ ਮੰਨ ਲਿਆ ਗਿਆ। ਪ੍ਰੋਹਿਤ-ਵਾਦ ਨੇ ਇਕ ਨੂਰ ਤੋਂ ਉਪਜੇ, ਇੱਕ ਦੇਸ਼ ਦੇ ਵਾਸੀ, ਸਕੇ ਭੈਣ ਭਾਈਆਂ ਵਿਚ, ਛੂਤ-ਛਾਤ ਅਤੇ ਭਿੱਟ ਦੀ ਘਿਰਣਾ-ਗੰਦਗੀ ਨਾਲ ਲੇਥ੍ਹ-ਪੇਥ੍ਹ ਹੋਈ ਘਿਣਾਵਣੀ **ਫੁੱਟ** ਪੈਦਾ ਕਰ ਦਿੱਤੀ।

ਨੀਚਾਂ ਦੇ ਸੰਗੀ ਸਾਥੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵਰਣ ਵੰਡ ਵਾਲੇ ਘਿਣਾਵਣੇ ਵਿਤਕਰੇ ਦਾ ਭੋਗ ਪਾ ਦਿੱਤਾ ਅਤੇ ਇੱਕ ਦੂਜੇ ਦੇ ਪੈਰੀਂ ਪੈਣ ਦੀ ਰੀਤ ਚਲਾ ਦਿਤੀ। ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ੨੩ਵੀਂ ਪਉੜੀ ਵਿਚ ਲਿਖਦੇ ਹਨ--

" ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ। ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ, ਦਾ ਪੈਰਾਂ ਉਪਰ ਸੀਸੁ ਨਿਵਾਇਆ। ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ। "

ਸਭ ਤੋਂ ਉਚੀ ਥਾਂ ਦੇ ਬਿਰਾਜੇ ਹੋਏ **ਹੰਕਾਰੀ ਸਿਰ** ਨੂੰ **ਪੈਰਾਂ** ਉਤੇ ਲਿਆ ਟਿਕਾਇਆ। ਹੰਕਾਰੀ ਮਨੁੱਖ ਨੂੰ ਗ਼ਰੀਬ ਦੇ ਪੈਰਾਂ ਵਿਚ ਬੈਠਣਾ ਸਿਖਾਇਆ। ਜ਼ਾਤਿ-ਪਾਤ ਦਾ ਭਰਮ ਛੱਡ ਕੇ ਇਕ ਪੇਟ ਵਿਚੋਂ ਜਨਮੇ ਸਕੇ ਭੈਣ ਭਾਈਆਂ ਵਾਂਗ ਰਹਿਣ ਦੀ ਜਾਚ ਸਿਖਾਈ। ਗੁਰੂ ਘਰ ਵਿਚ ਨਿਮਰਤਾ ਪ੍ਰਧਾਨ ਮੰਨੀ ਗਈ। ਸੰਗਤਿ ਦੇ ਜੋੜਿਆਂ ਦੀ ਸੇਵਾ ਨੇ ਪਹਿਲੀ ਥਾਂ ਮੱਲ ਲਈ, ਰਾਜੇ ਨੇ ਰੰਕ ਦੇ ਜੋੜੇ ਝਾੜਨੇ ਝੱਲ ਲਏ। ਗੁਰੂਘਰ ਵਿਚ, ਗੁਰਮੁਖਾਂ ਦੀ ਚਰਣ ਧੂੜ ਦੀ ਮੁਹੱਤਤਾ ਦਾ ਵਰਣਨ ਭਾਈ ਗੁਰਦਾਸ ਜੀ ਨੇ ਨੌਵੀ ਵਾਰ ਦੀ ੧੯ਵੀਂ ਪਉੜੀ ਵਿਚ ਇਸ ਪ੍ਰਕਾਰ ਕੀਤਾ ਹੈ:--

ਸਿਰ ਉਚਾ ਨੀਵੇਂ ਚਰਣ ਸਿਰਿ ਪੈਰੀ ਪਾਂਦੇ। ਮੁਹੁ ਅਖੀ ਨਕੁ ਕੰਨ ਹਥ ਦੇਹ ਭਾਰ ਉਚਾਂਦੇ।
ਸਭ ਚਿਹਨ ਛਡਿ ਪੂਜੀਅਨਿ ਕਉਣ ਕਰਮ ਕਮਾਂਦੇ ? ਗੁਰ ਸਰਣੀ ਸਾਧ-ਸੰਗਤੀ ਨਿਤ ਚਲਿ ਚਲਿ ਜਾਂਦੇ।
ਵਤਨਿ ਪਰਉਪਕਾਰ ਨੋ ਕਰਿ ਪਾਰਿ ਵਸਾਂਦੇ। ਮੇਰੀ ਖਲਹੁ ਮੌਜੜੇ ਗੁਰਸਿੱਖ ਹੰਢਾਂਦੇ।
ਮਸਤਕ ਲਗੇ ਸਾਧ ਰੇਣੁ ਵਡਭਾਗਿ ਜਿਨਾਂ ਦੇ ॥ ੧੯ ॥

**ਅਰਥ:**-ਸਿਰ ਉਚਾ ਹੈ, ਪੈਰ ਨੀਵੇਂ ਹਨ, ਪਰ ਫਿਰ ਵੀ ਸਿਰ ਪੈਰਾਂ ਤੇ ਡਿਗਦੇ ਹਨ। (ਇਹ ਪੈਰ ਕੇਵਲ) ਮੂੰਹ ਅੱਖ, ਨਕ, ਹਥ ਆਦਿਕ ਅੰਗਾਂ, ਸਾਰੀ ਦੇਹ ਦਾ ਭਾਰ (ਹੀ ਤਾਂ) ਚੁੱਕਦੇ ਹਨ (ਪੈਰਾਂ ਦੀ ਇਸ ਸੇਵਾ ਨਾਲੋਂ ਕਿਤੇ ਵੱਧ ਮੁਹੱਤਤਾ ਵਾਲੇ ਕੰਮ, ਬਾਕੀ ਸਾਰੇ ਇੰਦ੍ਰੇ ਕਰਦੇ ਹਨ)। (ਪਰ ਹੈਰਾਨੀ ਹੈ ਕਿ ਇਹ ਪੈਰ ਕਿਹੜਾ ਉਚੇਚਾ ਕੰਮ ਕਰਦੇ ਹਨ ਜੋ) ਸਾਰੇ ਅੰਗਾਂ ਨੂੰ ਛੱਡ ਕੇ ਪੂਜਾ ਸਦਾ ਇਨ੍ਹਾਂ (ਪੈਰਾਂ) ਦੀ ਹੀ ਕੀਤੀ ਜਾਂਦੀ ਹੈ ?

(**ਉ ੱਤਰ**--) ਇਹ ਪੈਰ, ਗੁਰੂ ਜੀ ਦੀ ਸ਼ਰਣ (ਅਰਥਾਤ ਸਤਿਸੰਗ) ਵਿਚ ਰੋਜ਼ ਚੱਲ ਚੱਲ ਕੇ ਜਾਂਦੇ ਹਨ। ਫਿਰ ਪਰਉਪਕਾਰ ਕਰਨ ਨੂੰ ਪੈਂਡਾ ਕਰਦੇ ਹਨ, ਅਤੇ (ਜਿੰਨਾ ਕੁ) ਵੱਸ ਚੱਲੇ ਅੱਕਦੇ ਨਹੀਂ। (ਇਸ ਲਈ ਮੇਰਾ ਜੀ ਕਰਦਾ ਹੈ ਕਿ ਮੇਰੀ ਸਫ਼ਲਤਾ ਤਦ ਹੋਵੇ ਜੇ) ਮੇਰੇ (ਸਰੀਰ ਦੀ) ਖੱਲ ਦੀਆਂ ਜੁਤੀਆਂ ਗੁਰੂ ਦੇ ਸਿੱਖ ਹੰਢਾਉਣ, (ਭਾਵ, ਉਨ੍ਹਾਂ ਦੇ ਪਰਉਪਕਾਰੀ ਚਰਨਾਂ ਨਾਲ ਮੇਰੀ ਖੱਲ ਲੱਗ ਲੱਗ ਕੇ ਪਵਿਤ੍ਰ ਹੋ ਜਾਵੇ)। (ਪਰ ਮੈਂ ਕਰਮ ਹੀਨ ਹਾਂ ਤੇ ਇਹ) ਚਰਨ ਧੂੜ ਉਨ੍ਹਾਂ ਦੇ ਮੱਥੇ ਲੱਗਦੀ ਹੈ ਜਿਨ੍ਹਾਂ ਦੇ ਵੱਡੇ ਭਾਗ ਹੋਣ।

ਸੰਤ ਜਨਾਂ ਦੀ ਚਰਣ-ਧੂੜ ਦੀ ਮਹਿਮਾਂ (ਜ਼ਿੰਗਦੀ ਨਾਮਹ) ਭਾਈ ਨੰਦ ਲਾਲ (ਸਿੰਘ) ਜੀ ਅਨੁਸਾਰ:--

(ੳ) ਖ਼ਾਕਿ ਰਾਹਸ਼ ਤੂਤੀਆ ਏ ਚਸ਼ਮੇ ਮਾ ਅਸਤ। ਆਬਰੂ ਅਫ਼ਜ਼ਾਇ ਹਰ ਸ਼ਾਹੋ ਗਦਾ ਅਸਤ।

(ਅ) ਹਰ ਕਸੇ ਕਿ ਮਾਯਲੇ ਯਾਦੇ ਖ਼ੁਦਾਸੁਤ। ਖ਼ਾਕੇ ਰਾਹਸ਼ ਤੂਤੀਆ ਏ ਚਸ਼ਮੇ ਮਾ ਅਸਤ। ੬੦। [ਤੂਤੀਆ--ਸੁਰਮਾਂ, ਅੰਜਨ]

**(ੲ) ਹਰ ਕਿਹ ਖ਼ਾਕੇ ਪਾਏ ਸ਼ਾਂ ਰਾ ਸਰਮਹ ਸਾਖ਼ਤ। ਬਰ ਰੁਖ਼ਸ਼ ਤਹਕੀਕ ਨੂਰੇ ਬਦਰ ਤਾਫ਼ਤ।**

**ਅਰਥ**:-(ੳ)-ਉਸ ਵਾਹਿਗੁਰੂ ਅਥਵਾ ਸਾਧੂ ਸੰਗ) ਦੇ ਰਾਹ ਦੀ ਧੂੜਿ, ਜੋ ਬਾਦਸ਼ਾਹ ਅਤੇ ਕੰਗਾਲ ਨੂੰ ਪਤਵੰਤਾ ਕਰਨ ਵਾਲੀ ਹੈ, ਮੇਰੀਆਂ ਅੱਖਾਂ ਦਾ ਸੁਰਮਾ ਹੈ। (ਅ) ਜੋ ਕੋਈ ਵਾਹਿਗੁਰੂ ਦੇ ਭਜਨ ਵਿਚ ਲੀਨ ਹੈ, ਉਸ ਦੇ ਰਸਤੇ ਦੀ ਧੂੜ ਮੇਰੀਆਂ ਅੱਖਾਂ ਲਈ ਅੰਜਨ ਹੈ। (ੲ) ਜਿਨ੍ਹ ਕਿਨੇ ਸਖ਼ਤਾਂ ਦੀ ਚਰਣਰਜ ਨੂੰ ਸੁਰਮਾ ਬਨਾਯਾ ਹੈ, ਸੱਚ-ਮੁੱਚ ਉਹਦੇ ਚੇਹਰੇ ਉੱਤੇ ਸੂਰਜ ਜੇਹੀ ਚਮਕ ਦਮਕ ਹੁੰਦੀ ਹੈ।

ਗੁਰੂ-ਬਾਣੀ ਵਿਚ ਚਰਨਾਂ ਦੀ ਵਡਿਆਈ, ਅਥਵਾ ਚਰਨ-ਧੂੜ ਦੀ ਮਹੱਤਤਾ ਸਮਝਣ ਲਈ ਆਉ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਜੋਤਿ ਯਾਰ੍ਹਵੇਂ ਅਤੇ ਸਦੀਵੀ ਮਾਲਕ ਸ੍ਰੀ ਸਤਿਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੱਥ ਬੰਨ੍ਹ ਖਲੋਈਏ ਅਤੇ ਇਕਾਗਰ-ਚਿਤਿ ਹੋ ਕੇ ਸਤਿਗੁਰਾਂ ਦਾ ਉਪਦੇਸ਼ ਸਮਝ ਕੇ ਆਪਣੀ ਜੀਵਨ ਜੁਗਤ ਸੁਆਰ ਲੈਣ ਦੀ ਮੁਸੱਕਤ ਘਾਲਣ ਦੇ ਉਦਮੀ ਬਣੀਏ-

੧੫

# ਚਰਨਧੂੜੀ ਚਰਣ-ਰਜ ਅਥਵਾ ਰੇਣ

੧੩੨- **ਗੰਗਾ ਜਮੁਨਾ ਗੋਦਾਵਰੀ ਸਰਸੁਤੀ, ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ੧ ॥ ਤੀਰਥਿ ਅਠਸਠਿ ਮਜਨੁ ਨਾਈ ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥ ੧ ॥ ਰਹਾਉ ॥ ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥ ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥ ੨ ॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥ ੩ ॥ ਜਿਤਨੀ ਸ੍ਰਿਸ਼ਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰ ਲੰਘਾਈ ॥ ੪ ॥**[੧੨੬੩]-੨

[ ਨੋਟ:-- ਇਸ ਪੂਰੇ ਗੁਰੂ-ਸ਼ਬਦ ਦੇ ਵਿਸਥਾਰ ਸਹਿਤ ਵਿਆਖਿਆ ਪੁਸਤਕ ਦੇ ਤੀਜੇ ਭਾਗ ਦੇ ' ਤੀਰਥ-ਯਾਤ੍ਰਾ ਅਤੇ ਗੁਰਮਤਿ " ਲੇਖ ਵਿਚ ਲਿਖੇ ਜਾ ਚੁੱਕੇ ਹਨ ]

੧੩੩- **ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥ ੧ ॥**[੫੧੯]-ਵਾਰ-੪

**ਅਰਥ**:-ਹੇ ਸੱਜਣ ਪ੍ਰਭੂ! ਮੈ ਸਦਾ ਤੇਰੇ ਪੈਰਾਂ ਦੀ ਧੂੜ ਹੋਇਆ ਰਹਾਂ, ਮੈ ਤੇਰੀ ਸਰਨ ਪਿਆ ਰਹਾਂ ਅਤੇ (ਸਦਾ) ਤੈਨੂੰ ਹੀ ਆਪਣੇ ਅੰਗ-ਸੰਗ ਵੇਖਾਂ। ੧।

੧੩੪- **ਗੁਰ ਕੇ ਚਰਣ ਵਿਟਹੁ ਬਲਿ ਜਾਉ ॥ ਗੁਰ ਕੇ ਗੁਣ ਅਨਦਿਨੁ ਨਿਤ ਗਾਉ ॥**
**ਗੁਰ ਕੀ ਧੂੜਿ ਕਰਉ ਇਸਨਾਨੁ ॥ ਸਾਚੀ ਦਰਗਹ ਪਾਈਐ ਮਾਨੁ ॥ ੨ ॥**[੧੨੭੦]-੧-੧੯

੧੩੫- **ਜਨ ਕੀ ਟਹਲ ਸੰਭਾਖਨੁ ਜਨ ਸਿਉ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥ ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥ ੧ ॥ ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥ ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ ॥ ੨ ॥**[੮੨੮]-੧੨੦

**ਅਰਥ**:--(ਹੇ ਪ੍ਰਭੂ! ਮੈਂ) ਤੇਰੇ ਜਨਾਂ (-ਸੇਵਕਾਂ) ਦੀ ਟਹਲ ਕਰਦਾ ਰਹਾਂ, ਤੇਰੇ ਸੇਵਕਾਂ ਨਾਲ ਹੀ ਮੇਰਾ ਸੰਭਾਖਨੁ (-ਬੋਲ-ਚਾਲ) ਰਹੇ, ਮੇਰਾ ਊਠਨੁ (ਬਹਿਣ-ਉਠਣ, ਮੇਲ-ਜੋਲ) ਵੀ ਤੇਰੇ ਸੇਵਕਾਂ ਨਾਲ ਹੀ ਰਹੇ। ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜਿ ਮੇਰੇ ਮੂੰਹ-ਮੱਥੇ ਉ ੱਤੇ ਲੱਗਦੀ ਰਹੇ--ਇਹ ਚਰਨ-ਧੂੜ (ਮਾਇਆ ਦੀਆਂ) ਅਨੇਕ ਲਹਿਰਾਂ ਪੈਦਾ ਕਰਨ ਵਾਲੀਆਂ ਆਸਾਂ ਨੂੰ ਪੂਰਨ (-ਸ਼ਾਂਤ) ਕਰ ਦਿੰਦੀ ਹੈ। ੧। ਪਰਮਾਤਮਾ ਦੇ ਜਨ (-ਸੇਵਕ, ਗੁਰਮੁਖ-ਭਗਤ-ਜਨ) ਐਸੇ ਹਨ ਕਿ ਉਨ੍ਹਾਂ ਦੀ ਸੋਭਾ ਨਿਰਮਲ (-ਦਾਗ਼-ਹੀਨ) ਹੁੰਦੀ ਹੈ, ਸੇਵਕਾਂ ਦੇ ਚਰਨ ਗੰਗਾ ਆਦਿਕ ਕ੍ਰੋੜਾਂ ਤੀਰਥਾਂ ਤੇ ਤੁੱਲ ਹਨ। ਜਿਸ ਮਨੁੱਖ ਨੇ ਪ੍ਰਭੂ ਦੇ ਸੇਵਕਾਂ ਦੀ ਚਰਨ-ਧੂੜ ਵਿਚ ਇਸ਼ਨਾਨ ਕਰ ਲਿਆ, ਉਸ ਦੇ ਅਨੇਕਾਂ ਜਨਮਾਂ ਦੇ (ਕੀਤੇ ਹੋਏ) ਪਾਪ ਦੂਰ ਹੋ ਜਾਂਦੇ ਹਨ। ੨।

੧੩੬- **ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥**
**ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥ ੨ ॥**[੬੭੫]-੧੬

**ਅਰਥ**:--ਹੇ ਮਨ! ਪਰਮਾਤਮਾ ਦਾ ਇਕ ਨਾਮ ਹੀ ਸਾਰੀਆਂ ਦਵਾਈਆਂ ਦਾ ਮੂਲ ਹੈ, ਸਾਰੇ ਮੰਤ੍ਰਾਂ ਦਾ ਮੂਲ ਹੈ। ਜਿਸ ਮਨੁੱਖ ਨੇ ਆਪਣੇ ਮਨ ਵਿਚ ਪਰਮਾਤਮਾ ਵਾਸਤੇ ਸਰਧਾ ਧਾਰ ਲਈ ਹੈ, ਨਾਨਕ ਉਸ ਮਨੁੱਖ ਦੇ ਚਰਨਾਂ ਦੀ ਧੂੜ ਸਦਾ ਮੰਗਦਾ ਹੈ, ਨਾਨਕ ਉਸ ਮਨੁੱਖ ਤੋਂ ਸਦਾ ਸਦਕੇ ਜਾਂਦਾ ਹੈ। ੨।

੧੩੭ **ਚਰਨ ਕਮਲ ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ ॥**
**ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥ ੩ ॥**[੧੦੯]-੪੩-੫੦

**ਅਰਥ**:--ਪਰਮਾਤਮਾ ਦੇ ਚਰਨਾਂ ਵਿਚ ਜੁੜਨ ਤੋਂ ਬਿਨਾ ਸਾਰੇ ਹੀ ਜੀਵ (ਮਾਇਆ ਦੇ ਕਾਮਾਦਿਕ ਦੂਤਾਂ ਦੇ ਹਥੀਂ) ਲੁੱਟੇ ਜਾਂਦੇ ਹਨ। ਸੋ ਭਗਤਾਂ ਦੇ ਮਨ ਵਿਚ ਪਰਮਾਤਮਾ ਦੇ ਸੋਹਣੇ ਚਰਨ ਸਦਾ ਵੱਸਦੇ ਹਨ। ਜਿਹੜੇ ਮਨੁੱਖ ਅਜੇਹੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਸਦਾ ਲੋਚਦੇ ਰਹਿੰਦੇ ਹਨ, ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਮਿਲ ਜਾਂਦਾ ਹੈ ਜੋ ਉਨ੍ਹਾਂ ਦੇ ਜੀਵਨ ਨੂੰ ਸੁਆਰ ਦਿੰਦਾ ਹੈ। ੩।

" ਰਜ " ਦਾ ਇੱਕ ਅਰਥ ਇਹ ਵੀ ਹੈ---

੧੩੮- **ਕਦਲੀ ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥**
**ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੀ ਸ੍ਰੀ ਕਮਲਾ ਕੰਤ ॥ ੪ ॥** [੧੧੬੨]-੧

੧੬

## ਚਰਣ ਪੁਨੀਤ ਚਲਹਿ ਹਰਿ ਮਾਰਗਿ

੧੩੯ ਤਿਸੁ **ਚਰਣ ਪਖਾਲੀ** ਜੋ ਤੇਰੈ ਮਾਰਗਿ ਚਾਲੈ ॥ ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥ (ਪਖਾਲੀ=ਧੋਵਾਂ)
ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥ ੨ ॥[੧੦੨]-੨੦-੨੭

੧੪੦ ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥ ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥
**ਸੇ ਚਰਣ ਸੁਹਾਵੇ** ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥ ੨ ॥[੧੦੩]-੨੨-੨੯

੧੪੧- **ਪਾਵ ਸੁਹਾਵੇ** ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ ॥ ੨ ॥[੯੬੪]-ਵਾਰ-੧੫

੧੪੨ ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥ **ਚਰਣ** ਪੁਨੀਤ ਚਲਹਿ ਹਰਿ ਮਾਰਗਿ ॥ ੩ ॥
ਕਹੁ ਨਾਨਕ ਭਲਾ ਮੇਰਾ ਕਰਮ ॥ ਜਿਤੁ ਭੇਟੇ ਸਾਧੂ ਕੇ **ਚਰਨ** ॥ ੪ ॥ [੧੯੧]-੬੦-੧੨੯

੧੪੩- ਕਰ ਕਰਿ ਟਹਲ ਰਸਨਾ ਗੁਣ ਗਾਵਉ ॥ ਚਰਨ ਠਾਕੁਰ ਕੈ ਮਾਰਗਿ ਧਾਵਉ ॥ ੧ ॥[੧੯੦]-੫੧-੧੨੦

ਗੁਰੂ ਅਮਰਦਾਸ ਜੀ-- ਭੱਟ ਮਹਾਂਪੁਰਖ, ਸ੍ਰੀ " **ਜਾਲਪੁ** " ਜੀ ਦੀਆਂ ਨਜ਼ਰਾਂ ਵਿਚ--

੧੪੪- ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥ ਹਥ ਤ ਪਰ ਸਕਯਥ ਹਥ
ਲਗਹਿ ਗੁਰ ਅਮਰ ਪਯ ॥ ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥ ਨੈਣ
ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥ ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ
ਅਮਰੁ ਸੁਣਿਜੈ ॥ ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ
ਪਿਤ ॥ ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥ ੧ ॥[੧੩੯੪]-੧੦

**ਪਦ ਅਰਥ:**--ਸਕਯਥ=ਸਕਾਰਥੇ, ਸਫ਼ਲ । ਪਵਲਿ=ਰਸਤੇ ਵਿਚ । ਰਯ=ਚਾਲ, ਤੋਰ । ਪਯ=ਪੈਰਾਂ ਉਤੇ । ਭਣਿਜੈ=ਉਚਾਰਦੀ ਹੈ, ਸਲਾਹੁੰਦੀ ਹੈ । ਪਿਖਿਜੈ=ਵੇਖੀਏ ।

**ਭਟਕੇ ਹੋਏ ਗਿਆਨ ਇੰਦ੍ਰਿਆਂ** ਨੂੰ ਗ਼ਲਤ ਪਾਸੇ ਲੈ ਤੁਰਨ ਵਾਲੇ ਚਰਨ :--

੧੪੬- ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰ ਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮੁ ਲਏ ॥ ੫ ॥[੨੬੯]-ਅਸਟ-

੧੪੭-- **ਬਾਗੇ ਕਾਪੜ ਬੋਲੈ ਬੈਣ ॥ ਲੰਮਾ ਨਕੁ ਕਾਲੇ ਤੇਰੇ ਨੈਣ ॥ ਕਬਹੂੰ ਸਾਹਿਬੁ ਦੇਖਿਆ ਭੈਣ ॥ ੧ ॥
ਊਡਾਂ ਊਡਿ ਚੜਾਂ ਅਸਮਾਨਿ ॥ ਸਾਹਿਬ ਸੰਮ੍ਰਿਥ ਤੇਰੇ ਤਾਣਿ ॥ ਜਲਿ ਥਲਿ ਡੂੰਗਰਿ ਦੇਖਾਂ
ਤੀਰ ॥ ਥਾਨ ਥਨੰਤਰਿ ਸਾਹਿਬੁ ਬੀਰ ॥ ੨ ॥ ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ ਅਤਿ
ਤ੍ਰਿਸਨਾ ਉਡਨੈ ਕੀ ਡੰਝ ॥ ਨਦਰਿ ਕਰੇ ਤਾਂ ਬੰਧਾਂ ਧੀਰ ॥ ਜਿਉ ਵੇਖਾਲੇ ਤਿਉ ਵੇਖਾਂ ਬੀਰ
॥ ੩ ॥ ਨ ਇਹੁ ਤਨੁ ਜਾਇਗਾ ਨ ਜਾਇਗੇ ਖੰਭ ॥ ਪਉਣੈ ਪਾਣੀ ਅਗਨੀ ਕਾ ਸਨਬੰਧ ॥
ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ ਸਚਿ ਸਮਾਵੈ ਏਹੁ ਸਰੀਰੁ ॥ ੪ ॥** [੧੨੫੭]-੪-੯

# ਛੇਵਾਂ ਕਾਂਡ

੧

## ਸੰਤ-ਜਨ ਗੁਰਮੁਖਾਂ ਦੇ ਚਰਨ ਧੋਣ ਦੀ ਸੇਵਾ ਦੀ ਮਹਿਮਾ

੧- **ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥**
**ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥ ੪ ॥**[੨੦੭]-੭-੧੨੮

**ਅਰਥ:**--(ਸਾਨੂੰ ਉਪਦੇਸ਼ ਦੇਣ ਲਈ ਪੰਚਮ ਗੁਰੂ ਨਾਨਕ ਜੀ ਆਪਣੇ ਆਪ ਨੂੰ ਸੰਬੋਧਨ ਕਰਕੇ ਫ਼ੁਰਮਾਨ ਕਰਦੇ ਹਨ)' ਮੈਂ (ਗੁਰੂ ਦੇ) ਚਰਨ ਪਖਾਰ ਕੇ (-ਧੋ ਕੇ) ਗੁਰੂ ਦੀ ਸੇਵਾ ਕਰਦਾ ਹਾਂ ਅਤੇ ਗੁਰੂ ਤੋਂ ਲਖਾਂ ਵਾਰੀ ਕੁਰਬਾਨ ਜਾਂਦਾ ਹਾਂ, ਕਿਉਂਕਿ ਉਸ (ਗੁਰੂ) ਦੀ ਕਿਰਪਾ ਨਾਲ ਹੀ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ । ਤੇ ਪ੍ਰੀਤਮ ਪ੍ਰਭੂ (ਦੇ ਚਰਨਾਂ) ਵਿਚ ਜੁੜ ਸਕੀਦਾ ਹੈ । ੪ ।

੨- **ਚਰਣ ਪਖਾਰਿ** ਕਰਹੁ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥ ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥ ੨ ॥ ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮਾਰੀ ॥ ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥ ੩ ॥[੩੭੭]-੨੮

**ਅਰਥ:**--ਗੁਰੂ ਦੇ ਚਰਨ ਧੋ ਕੇ ਗੁਰੂ ਦੀ (ਦੱਸੀ) ਸੇਵਾ ਕਰਿਆ ਕਰ, ਤੇਰਾ ਆਤਮਾ ਪਵਿਤ੍ਰ ਹੋ ਜਾਇਗਾ ( ਇਹ ਸੇਵਾ ਤੇਰੇ ਅੰਦਰੋਂ ਆਤਮਕ ਜੀਵਨ ਨੂੰ ਮਾਰ ਮੁਕਾਉਂਣ ਵਾਲੇ ਮਾਇਆ-ਮੋਹ ਦੇ) ਜ਼ਹਰ ਨੂੰ ਦੂਰ ਕਰ ਦੇਵੇਗੀ, ਮਾਇਆ ਦੀ ਤ੍ਰਿਸ਼ਨਾ ਨੂੰ ਮਿਟਾ ਦੇਵੇ ਗੀ । ਜੇ ਤੂੰ ਪਰਮਾਤਮਾ ਦੇ ਸੇਵਕਾਂ ਦਾ ਨਿਮਾਣਾ ਜਿਹਾ ਦਾਸ ਬਣ ਜਾਏਂ ਤਾਂ ਤੂੰ ਪਰਮਾਤਮਾ ਦੀ ਹਜ਼ੂਰੀ ਵਿਚ ਸੋਭਾ-ਆਦਰ ਪਾਵੇਂਗਾ । ੨ । ਏਹੀ ਕੁਝ ਤੇਰੇ ਵਾਸਤੇ ਧਾਰਮਿਕ ਰਸਮਾਂ ਦਾ ਕਰਨਾ ਹੈ ਇਹੀ ਤੇਰਾ ਨਿੱਤ ਦਾ ਵਿਹਾਰ ਚਾਹੀਦਾ ਹੈ, ਪਰਮਾਤਮਾ ਦੀ ਰਜ਼ਾ ਨੂੰ ਸਿਰ-ਮੱਥੇ ਤੇ ਮੰਨ (ਇਸ ਤਰ੍ਹਾਂ ਕੀਤੀ ਹੋਈ) ਤੇਰੀ ਪ੍ਰਭੂ-ਭਗਤੀ (ਪ੍ਰਭੂ-ਦਰ ਤੇ ਪਰਵਾਨ) ਹੋ ਜਾਏਗੀ । ਜਿਹੜਾ ਵੀ ਮਨੁੱਖ ਇਸ ਉਪਦੇਸ਼ ਨੂੰ ਕਮਾਉਂਦਾ ਹੈ (ਆਪਣੇ ਜੀਵਨ ਵਿਚ ਵਰਤਦਾ ਹੈ) ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ । ੩ ।

੩- **ਚਰਨ ਪਖਾਰਿ** ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ ॥
ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ ॥ ੧ ॥[੭੧੩]-੩-੮

**ਅਰਥ:**--ਮੈਂ ਗੁਰੂ ਦੇ ਚਰਨ ਧੋ ਕੇ ਗੁਰੂ ਦੀ ਸੇਵਾ ਕਰਦਾ ਹਾਂ , ਆਪਣਾ ਮਨ ਗੁਰੂ ਅੱਗੇ ਭੇਟ ਕਰਦਾ ਹਾਂ (ਕਿਉਂਕਿ ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕੀਤੀ ਜਾ ਸਕਦੀ ਹੈ) । ਹੇ ਭਾਈ ! ਤੂੰ ਵੀ (ਗੁਰੂ ਦੀ ਸਰਨ ਪੈ ਕੇ) ਆਪਾ-ਭਾਵ, (ਮਾਇਆ ਵਾਲਾ) ਝਗੜਾ ਅਤੇ ਹੰਕਾਰ ਤਿਆਗੁ, ਜੋ ਕੁਝ ਪ੍ਰਭੂ ਦੀ ਰਜ਼ਾ ਵਿਚ ਹੁੰਦਾ ਹੈ ਉਸ ਨੂੰ (ਮਿੱਠਾ ਕਰ ਕੇ) ਮੰਨ । ੧ ।

੪- ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ ਪੀਸਉ **ਚਰਣ ਪਖਾਰਿ** ਆਪੁ ਤਿਆਗੀਐ ॥ ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ ॥ ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥ ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ ੩ ॥[੪੫੭]-ਛੰਤ-੪-੭

**ਅਰਥ:**--ਹੇ (ਸਤਸੰਗਣ-ਜੀਵ ਇਸਤ੍ਰੀ ਮੇਰੀ) ਸਹੇਲੀ ! ਆ, ਗੁਰੂ ਦੇ ਪਾਸ ਚੱਲੀਏ । (ਗੁਰੂ ਦੀ ਦੱਸੀ) ਸੇਵਾ ਵਿਚ ਰਹਿਣਾ ਚਾਹੀਦਾ ਹੈ । ਹੇ ਸਖੀ ! (ਮੇਰਾ ਜੀ ਕਰਦਾ ਹੈ) ਮੈਂ (ਗੁਰੂ ਦੇ ਲੰਗਰ ਵਾਸਤੇ ਚੱਕੀ) ਪੀਹਾਂ, ਮੈਂ (ਗੁਰੂ ਦੇ) ਚਰਨ ਧੋਵਾਂ । ਹੇ ਸਖੀ ! ਗੁਰੂ ਦੇ ਦਰ ਤੇ ਜਾ ਕੇ ਹੰਕਾਰ ਤਿਆਗ ਦੇਣਾ ਚਾਹੀਦਾ ਹੈ । ਹੰਕਾਰ ਦੇ ਮਿਟ ਜਾਣ ਨਾਲ ਮਨ ਦਾ ਕਲੇਸ਼ ਮਿਟ ਜਾਂਦਾ ਹੈ । ਹੇ ਸਖੀ ! ਕਦੇ ਵੀ ਆਪਣਾ ਆਪ ਜਤਾਉਣਾ ਨਹੀਂ ਚਾਹੀਦਾ । ਗੁਰੂ ਦਾ ਪੱਲਾ ਫੜ ਕੇ ਸਦਾ ਉਸ ਦੀ ਆਗਿਆ ਵਿਚ ਰਹਿਣਾ ਚਾਹੀਦਾ ਹੈ । ਆਪਣੇ ਆਪ ਨੂੰ ਗੁਰੂ ਦੇ ਦਾਸਾਂ ਦੀ ਦਾਸੀ ਬਣਾ ਕੇ, (ਮਨ ਵਿਚੋਂ) ਉਪਰਾਮਤਾ ਤਿਆਗ ਕੇ ਦੋਵੇਂ ਹੱਥ ਜੋੜ ਕੇ ਦਿਨ ਰਾਤ (ਸੇਵਾ ਵਿਚ) ਸੁਚੇਤ ਰਹਿਣਾ ਚਾਹੀਦਾ ਹੈ । ਗੁਰੂ ਦੇ ਸ਼ਬਦ-ਗਿਆਨ ਦੀ ਰਾਹੀ ਪ੍ਰਮਾਤਮਾ ਨਾਲ ਜਾਣ-ਪਛਾਣ ਬਣ ਜਾਂਦੀ ਹੈ, ਸੋ ਹੇ ਸਖੀ ! ਆ ਗੁਰੂ ਪਾਸ ਚਲੀਏ (ਗੁਰੂ ਦੀ ਦੱਸੀ ) ਸੇਵਾ ਵਿਚ ਲੱਗੀਏ । ੩ ।

ਕੇਸਾਂ ਨਾਲ ਚਰਨ ਝਾੜਨੇ--

੫- **ਸਤਿਗੁਰੁ ਅਪਨਾ ਸਦ ਸਦਾ ਸਮੑਾਰੇ ॥ ਗੁਰ ਕੇ ਚਰਨ ਕੇਸ ਸੰਗਿ ਝਾਰੇ** ॥ ੧ ॥ [੩੮੭]-੧੬-੬੭ [ਸਮੑਾਰੇ--ਹਿਰਦੇ ਵਿਚ ਸਾਂਭ ਰੱਖ]

੬- **ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ ॥**
**ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ** ॥ ੧ ॥ [੫੦੦]-੧੧-੨੦

੭- **ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥ ੧** ॥[੮੧੦]-੧੧-੪੧

ਨਿਮਰਤਾ ਦਾ ਅਤੇ ਪ੍ਰਭੂ ਦੇ ਮਿਲਣ ਦੀ ਤਾਂਘ ਦਾ ਅਨੂਠਾ ਨਮੂੰਨਾ :--

੮- **ਪਾਵ ਮਲੋਵਉ ਸੰਗਿ ਨੈਨ ਭਤੀਰੀ** ॥ ਜਹਾ ਪਠਾਵਹੁ ਜਾਂਉ ਤਤੀ ਰੀ ॥ ੨ ॥ [ਭਤੀਰੀ--(ਅੱਖ ਦੀ) ਪੁਤਲੀ]
ਜਪ ਤਪ ਸੰਜਮ ਦੇਉ ਜਤੀ ਰੀ ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥ ੩ ॥[੭੩੯]-੪-੧੦

**ਅਰਥ:**--ਹੇ ਸਖੀ ! (ਮੈਨੂੰ ਵੀ ਦੱਸ !) ਮੈਂ ਤੇਰੇ ਪੈਰ ਆਪਣੀਆਂ ਅੱਖਾਂ ਦੀਆਂ ਪੁਤਲੀਆਂ ਨਾਲ ਮਲਾਂਗੀ, ਤੂੰ ਮੈਨੂੰ ਵੀ (ਜੇ ਕਿਸੇ ਕੰਮ) ਭੇਜੇਂਗੀ ਮੈਂ ਉਥੇ (ਖ਼ੁਸ਼ੀ ਨਾਲ) ਜਾਵਾਂਗੀ । ੨ । ਹੇ ਸਖੀ ! ਅੱਖ ਝਮਕਣ ਜਿਤਨੇ ਸਮੇ ਵਾਸਤੇ ਹੀ ਤੂੰ ਮੈਨੂੰ ਜਿੰਦ ਦਾ ਮਾਲਕ ਪ੍ਰਭੂ ਮਿਲਾ ਦੇ, ਮੈਂ ਉਸ ਦੇ ਬਦਲੇ ਵਿਚ ਸਾਰੇ ਜਪ ਤਪ ਸੰਜਮ ਦੇ ਦਿਆਂਗੀ । ੩ ।

## ੨

## ਗੁਰ ਕੇ ਚਰਣ ਮਨ ਮਾਹਿ ਵਸਾਏ ॥

੯- **ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥ ਤਾ ਤੇ ਦੁਖ ਮੇਰੇ ਸਗਲੇ ਲਾਥੇ ॥ ੧ ॥ ਸਤਿਗੁਰ ਅਪੁਨੇ ਕਉ ਕੁਰਬਾਨੀ ॥ ਆਤਮ ਚੀਨਿ ਪਰਮ ਰੰਗ ਮਾਨੀ ॥ ੧ ॥ ਰਹਾਉ ॥ ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ ਅਹੰਬੁਧਿ ਤਿਨਿ ਸਗਲ ਤਿਆਗੀ ॥ ੨ ॥ ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥ ੩ ॥ ਗੁਰੁ ਸੁਖਦਾਤਾ ਗੁਰੁ ਕਰਤਾਰੁ ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥ ੪ ॥**[੧੮੭]-੩੮-੧੦੭

**ਅਰਥ:**--ਮੈਂ ਗੁਰੂ ਤੋਂ ਸਦਕੇ ਜਾਂਦਾ ਹਾਂ (ਗੁਰੂ ਦੀ ਕਿਰਪਾ ਨਾਲ) ਮੈਂ ਆਪਨੇ ਆਤਮਕ ਜੀਵਨ ਨੂੰ ਪੜਤਾਲ ਪੜਤਾਲ ਕੇ ਸਭ ਤੋਂ ਸ੍ਰੇਸ਼ਟ ਆਨੰਦ ਮਾਣ ਰਿਹਾ ਹਾਂ । ੧ । ਰਹਾਉ । (ਹੇ ਭਾਈ) ਗੁਰੂ ਦੇ ਚਰਨ ਮੇਰੇ ਮੱਥੇ ਉਤੇ ਟਿਕੇ ਹੋਏ ਹਨ, ਉਨ੍ਹਾਂ ਦੀ ਬਰਕਤਿ ਨਾਲ ਮੇਰੇ ਸਾਰੇ ਦੁੱਖ ਦੂਰ ਹੋ ਗਏ ਹਨ । ੧ । ਜਿਸ ਮਨੁੱਖ ਦੇ ਮੱਥੇ ਉਤੇ ਗੁਰੂ ਦੇ ਚਰਨਾਂ ਦੀ ਧੂੜ ਲੱਗ ਗਈ, ਉਸ ਨੇ ਆਪਣੀ ਸਾਰੀ ਹਉਮੈ (ਪੇਦਾ ਕਰਨ ਵਾਲੀ) ਬੁੱਧੀ ਤਿਆਗ ਦਿੱਤੀ । ੨ । ਗੁਰੂ ਦਾ ਸ਼ਬਦ ਮੇਰੇ ਮਨ ਵਿਚ ਪਿਆਰਾ ਲੱਗ ਰਿਹਾ ਹੈ, ਉਸ ਦੀ ਬਰਕਤਿ ਨਾਲ ਮੈਂ ਪਰਮਾਤਮਾ ਦਾ ਦਰਸ਼ਨ ਕਰ ਰਿਹਾ ਹਾਂ । ੩ । ਹੇ ਨਾਨਕ ! (ਆਖ--ਮੇਰੇ ਵਾਸਤੇ) ਗੁਰੂ (ਹੀ ਸਾਰੇ) ਸੁਖਾਂ ਦਾ ਦੇਣ ਵਾਲਾ ਹੈ, ਗੁਰੂ ਕਰਤਾਰ (ਦਾ ਰੂਪ) ਹੈ । ਗੁਰੂ ਮੇਰੀ ਜਿੰਦ ਦਾ ਸਹਾਰਾ ਹੈ, ਗੁਰੂ ਮੇਰੇ ਪ੍ਰਾਣਾਂ ਦਾ ਸਹਾਰਾ ਹੈ । ੪ ।

੧੦- **ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥**
**ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥ ੧ ॥**[੧੦੬]-੩੫-੪੨

੧੧- **ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥**

**ਚਰਨ ਕਮਲ ਬਸੈ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥ ੩ ॥**[੬੧੫]-੧੪-੨੫

੧੨- **ਚਰਨ ਕਮਲ ਹਿਰਦੈ ਉਰਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥ ੨ ॥**[੧੯੩]-੭੦-੧੩੯

੧੩- **ਗੁਰ ਕੇ ਚਰਣ ਮਨ ਮਾਹਿ ਵਸਾਇ ॥**
**ਦੁਖੁ ਅਨ੍ਹੇਰਾ ਅੰਦਰਹੁ ਜਾਇ ॥ ਆਪੇ ਸਾਚਾ ਲਏ ਮਿਲਾਇ ॥ ੨ ॥**[੧੩੩੫]-੭-੧੭-੭-੨੪

੧੪- **ਮਾਇਆ ਸਾਥਿ ਨ ਚਲਈ, ਕਿਆ ਲਪਟਾਵਹਿ ਅੰਧ ॥**
**ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥ ੨ ॥** [੧੦੯੩]-ਵਾ-੨੧

੧੫- **ਗੁਰ ਕੇ ਚਰਨ ਹਿਰਦੈ ਵਸਾਏ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥**
**ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥ ਤਾ ਕੀ ਕੀਮਤਿ ਕਹੀ ਨ ਜਾਇ ॥ ੧ ॥**[੧੨੭੦]-੨-੨੦

੧੬- **ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ ॥ ਅਨਦਿਨੁ ਸੇਵਨਿ ਗੁਰੁ ਆਪਣਾ**
**ਅਨਦਿਨੁ ਅਨਦਿ ਰਹੰਨਿ੍ ॥ ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍ ॥ ੫੨ ॥**[੧੪੧੯]

੩

# ਹਰਿ ਚਰਣੀ ਤੂੰ ਲਾਗਿ ਰਹੁ...॥

ਪਹਿਲਾਂ ਗੁਰੂ ਦੀ ਚਰਨਾਂ ਦੇ ਉਪ੍ਰੰਤ ਆਉ ਹੁਣ ਅਕਾਲਪੁਰਖ ਦੇ ਚਰਨਾਂ ਨਾਲ ਜੁੜੇ ਰਹਿਣ ਦੀ ਮਹਿਮਾਂ ਵਾਲੇ ਗੁਰੂ-ਬਾਣੀ ਸ਼ਬਦਾਂ ਦੀ ਵਿਚਾਰ ਨਾਲ ਜੁੜੀਏ :--

੧੭- **ਹਰਿ ਚਰਣੀ ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥ ੧ ॥**[੧੯੪]-੭੪-੧੪੩

੧੮- **ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥ ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ ॥ ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥ ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥ ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ ॥ ਬਿਨਵੰਤਿ ਨਾਨਕ ਧਾਰਿ ਕਿਰਪਾ ਹਰਿ ਚਰਣ ਕਮਲ ਨਿਵਾਸੋ ॥ ੧ ॥**[੫੪੪-੪੫]-੨-੫

**ਅਰਥ:**--ਹੇ ਮੇਰੇ ਮਨ ! ਪਰਮਾਤਮਾ ਦੇ ਚਰਨ (ਮਾਨੋ) ਸੁੰਦਰ ਤਲਾਬ ਹੈ, ਉਸ ਵਿਚ ਤੂੰ ( ਸਦਾ ਟਿਕਿਆ ਰਹੁ । ਹੇ ਮਨ ! ਪ੍ਰਭੂ (ਦੀ ਸਿਫ਼ਤਿ ਸਾਲਾਹ) ਦੇ ਸਰੋਵਰ ਵਿਚ ਇਸ਼ਨਾਨ ਕਰਿਆ ਕਰ, ਤੇਰੇ ਸਾਰੇ ਪਾਪਾਂ ਦਾ ਨਾਸ ਹੋ ਜਾਇਗਾ । (ਜਿਹੜਾ ਮਨੁੱਖ ਇਹ ਇਸ਼ਨਾਨ ਕਰਦਾ ਹੈ) ਮਿੱਤਰ ਪ੍ਰਭੂ ਉਸ ਦੇ ਸਾਰੇ ਦੁੱਖ ਨਾਸ ਕਰ ਦਿੰਦਾ ਹੈ ਉਸ ਦਾ ਮੋਹ ਦਾ ਹਨੇਰਾ ਦੂਰ ਕਰ ਦਿੰਦਾ ਹੈ । ਉਸ ਮਨੁੱਖ ਨੂੰ ਜਨਮ-ਮਰਨ ਦਾ ਗੇੜ ਨਹੀਂ ਭੁਗਤਨਾ ਪੈਂਦਾ, ਪ੍ਰਭੂ ਉਸ ਦੀਆਂ ਜਮ ਦੀਆਂ ਫ਼ਾਹੀਆਂ (ਆਤਮਕ ਮੌਤ ਲਿਆਉਂਣ ਵਾਲੀਆਂ ਫਾਹੀਆਂ) ਕੱਟ ਦਿੰਦਾ ਹੈ । ਹੇ ਮਨ ! ਸਾਧ-ਸੰਗਤਿ ਵਿਚ ਮਿਲ, ਪਰਮਾਤਮਾ ਦੇ ਨਾਮ-ਰੰਗ ਵਿਚ ਜੁੜਿਆ ਕਰ, ਸਾਧ (-ਗੁਰੂ ਬਾਣੀ) ਦੀ ਹੀ ਸੰਗਤ ਵਿਚ ਤੇਰੀ ਹਰੇਕ ਆਸ ਪੂਰੀ ਹੋਵੇਗੀ । ਹੇ ਪ੍ਰਭੂ ! ਕਿਰਪਾ ਕਰ ਕਿ ਮੇਰਾ ਮਨ ਤੇਰੇ ਸੋਹਣੇ ਚਰਨਾਂ ਵਿਚ ਸਦਾ ਟਿਕਿਆ ਰਹੇ ।

੧੯- **ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ ਹਰਿ ਚਰਣ ਗਹੇ ਨਾਨਕ ਸਰਣਾਇ ॥ ੪ ॥** [੭੪੨-੪੩]-੨੨-੨੮

੨੦- **ਗੁਰ ਮਿਲਿ ਸਾਗਰੁ ਤਰਿਆ ॥ ਹਰਿ ਚਰਣ ਜਪਤ ਨਿਸਤਰਿਆ ॥ ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥ ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥ ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ ॥ ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ ॥ ੩ ॥**[੭੭੯]-੧-੩

੨੧- **ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥**
**ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥ ੨ ॥**[੪੯੧]-੬-੮

**ਅਰਥ:**--ਹੇ ਭਾਈ ! ਪਰਮਾਤਮਾ ਦੇ ਚਰਨ ਆਪਣੇ ਹਿਰਦੇ ਵਿਚ ਸੰਭਾਲ, ਤੇਰੇ ਸਾਰੇ ਪਾਪ ਨਾਸ ਹੋ ਜਾਣਗੇ । ਜੇ ਤੂੰ (ਪ੍ਰਭੂ ਚਰਨਾਂ ਦੀ ਬਰਕਤਿ ਨਾਲ) ਕਾਮਾਦਿਕ ਪੰਜਾਂ ਦੇ ਵੱਸ ਵਿਚ ਆਏ ਹੋਏ ਮਨ ਨੂੰ, ਆਪਣੇ ਵੱਸ ਵਿਚ ਕਰ ਲਏਂ, ਤਾਂ ਤੂੰ ਤੀਰਥਾਂ ਉਤੇ ਹੀ ਨਿਵਾਸ ਕਰ ਰਿਹਾ ਹੈ । ੨ ।

੨੨- **ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥ ੪ ॥**[੬੬੩]-੧-੭-੯

**ਅਰਥ:**--ਹੇ ਹਰੀ ! ਤੇਰੇ ਚਰਨ-ਰੂਪ ਕੌਲ ਫੁੱਲਾਂ ਦੇ ਰਸ ਲਈ ਮੇਰਾ ਮਨ ਲਲਚਾਉਂਦਾ ਹੈ, ਜੇ ਰੋਜ਼ ਮੈਨੂੰ ਏਸੇ ਰਸ ਦੀ ਪਿਆਸ ਲੱਗੀ ਰਹਿੰਦੀ ਹੈ । ਮੈਨੂੰ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ, ਜਿਸ (ਦੀ ਬਰਕਤਿ) ਨਾਲ ਮੈਂ ਤੇਰੇ ਨਾਮ ਵਿਚ ਟਿਕਿਆ ਰਹਾਂ । ੪ ।

੨੩- **ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥**
**ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥ ੧ ॥ ਰਹਾਉ ॥**[੪੯੨]-੭-੯

**ਅਰਥ:**--ਗੁਰੂ ਦੇ ਸ਼ਬਦ ਵਿਚ ਜੁੜ ਕੇ ਤੂੰ ਪਰਮਾਤਮਾ ਦੇ ਚਰਨਾਂ ਵਿਚ ਟਿਕਿਆ ਰਹੁ, ਤਾਂ ਤੈਨੂੰ (ਸੁਚੱਜੇ ਆਤਮਕ ਜੀਵਨ ਦੀ) ਸਮਝ ਪਵੇਗੀ । ਪਰਮਾਤਮਾ ਦੇ ਨਾਮ ਦਾ ਰਸ ਆਪਣੀ ਜੀਭ ਨਾਲ ਚੱਖਦਾ ਰਹੁ, ਤੇਰਾ ਮਨ ਪਵਿੱਤ੍ਰ ਹੋ ਜਾਵੇਗਾ । ੧ । ਰਹਾਉ ।

**ਪਰ ਜਦ ਤੱਕ ਮਨ** ਕਿਸੇ ਕਾਮਨਾ ਵਿਚ ਬੱਝਾ ਹੋਇਆ ਹੈ--ਪ੍ਰਭੂ ਚਰਣਾ ਵਿਚ ਨਿਵਾਸ ਕਦੇ ਨਹੀਂ ਹੋ ਸਕਣਾ । ਏਹੀ ਸਿਧਾਂਤ ਸਮਝਾਉਣ ਲਈ ਕਬੀਰ ਸਾਹਿਬ ਜੀ ਦਾ ਇੱਕੋ ਸ਼ਬਦ (ਮਾਮੂਲੀ ਫ਼ਰਕ ਨਾਲ) ਦੋ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ । ਪਹਿਲਾ ਗੁਰੂ-ਬਾਣੀ ਸ਼ਬਦ ਗਉੜੀ ਰਾਗ ਵਿਚ ਇਸ ਪ੍ਰਕਾਰ ਹੈ:--

੨੪- **ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ ੩ ॥** [੩੨੫]-੧੦

੨੫- **ਜਬ ਲਗੁ ਮਨ ਬੈਕੁੰਠ ਕੀ ਆਸ ॥ ਤਬ ਲਗੁ ਨਾਹੀ ਚਰਨ ਨਿਵਾਸ ॥ ੨ ॥** [੧੧੬੧]-੮-੧੬

ਸਮੁੰਦਰ ਰਿੜਕਣ ਤੋਂ ਪ੍ਰਾਪਤ ਹੋਏ ਕਥਿਤ ੧੪ ਰਤਨਾਂ ਵਿਚ ਲਛਮੀ ਵੀ ਸੀ । ਲਛਮੀ ਭਾਵ ਮਾਇਆ ਤੇ ਮੋਹਤ ਹੋ ਕੇ ਉਸ ਨੂੰ, ਬੈਕੁੰਠ-ਨਿਵਾਸੀ-ਵਿਸ਼ਨੂੰ ਜੀ ਨੇ ਵਰ ਲਿਆ ਅਤੇ ਮਾਇਆ-ਪਤੀ ਬਣ ਬੈਠੇ। ਵਿਸ਼ਨੂੰ ਜੀ ਦੀ ਕਾਮਨਾ ਨੇ ਅਥਵਾ ਉਸ ਕਥਿਤ ਭਗਵਾਨ ਦੀ ਤ੍ਰਿਸ਼ਨਾਲੂ ਰੁਚੀ ਨੇ ਮਾਇਆ ਨਾਲ **ਬੈਕੁੰਠ** ਦਾ ਬੜਾ ਡੂੰਘਾ ਰਿਸ਼ਤਾ ਬਣਾ ਦਿੱਤਾ। ਬੈਕੁੰਠ ਦੀ ਲਾਲਸਾ ਮਾਇਆ ਦੀ ਲਾਲਸਾ ਹੈ। ਜਦੋਂ ਤੱਕ ਮਨੁੱਖ ਨੂੰ ਬੈਕੁੰਠ-ਰੂਪ ਮਾਇਆ ਦੀ ਤ੍ਰਿਸ਼ਨਾਂ ਹੈ, ਤਦੋਂ ਤੱਕ ਪ੍ਰਭੂ-ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ, ਭਾਵ, ਵਾਹਿਗੁਰੂ ਜੀ ਦੀ ਨੇੜਤਾ ਨਸੀਬ ਨਹੀਂ ਹੋ ਸਕਦੀ । ਇਸ ਜ਼ਰੂਰੀ ਸਚਾਈ ਨੂੰ ਦ੍ਰਿੜ ਕਰਾਉਣ ਲਈ ਕਬੀਰ ਸਾਹਿਬ ਨੇ ਉਪਰੋਕਤ ਵਾਕ ਨੂੰ ਦੋ ਵਾਰੀ ਵਰਤਿਆ ਹੈ । ਬੈਕੁੰਠ ਨੂੰ ਸਵਰਗ ਅਥਵਾ ਸੱਚ-ਖੰਡ ਵੀ ਸਮਝਿਆ ਜਾਂਦਾ ਹੈ । ਪਰ ਗੁਰਬਾਣੀ ਨੇ ਕਿਸੇ ਅਸਮਾਨੀ ਸਿਰਜੇ ਹੋਏ ਕਥਿਤ ਸੁਰਗ ਜਾਂ ਸੱਚ-ਖੰਡ ਦੀ ਹੋਂਦ ਦੀ ਪੁਸ਼ਟੀ ਨਹੀਂ ਕੀਤੀ ਸਗੋਂ ਗੁਰਮਤਿ ਨੇ ਸੁਰਗ ਨਰਕ ਨੂੰ ਕੇਵਲ **ਭਰਮ** ਮੰਨਿਆ ਹੈ। ਇਸ ਸਿਧਾਂਤ ਬਾਰੇ ਅੱਡਰੀ ਗੁਰਮਤ ਵਿਚਾਰ ਪੁਸਤਕ ਦੇ ਚੌਥੇ ਭਾਗ ਦੇ ਪੰਜਵੇਂ ਕਾਂਡ ਦੇ ਦੂਜੇ " ਨਰਕ ਸੁਰਗ ਅਤੇ ਗੁਰਮਤ" ਲੇਖ ਵਿਚ ਲਿਖੀ ਜਾ ਚੁੱਕੀ ਹੈ । ਉਸ ਬੈਕੁੰਠ ਬਾਰੇ (ਕੇਵਲ ਉਦਾਹਰਣ ਵਜੋਂ) ਗੁਰੂ ਫੁਰਮਾਨ ਇਸ ਪ੍ਰਕਾਰ ਹਨ- **" ਨਾ ਜਾਨਾ ਬੈਕੁੰਠ ਕਹਾਹੀ "** (੩੨੫)---**" ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥ "**(੭੪੯) ਸੋ ਬੈਕੁੰਠ ਦੀ ਆਸ ਲਾਈ ਰੱਖਣੀ, ਪ੍ਰਭੂ ਤੋਂ ਦੂਰੀ ਦਾ ਸਬੱਬ ਬਣਦੀ ਹੈ।

੪

## ' ਚਰਣ ' ਅਥਵਾ ' ਪਾਵ ' ਸ਼ਬਦ ਦੀ ਵਰਤੋਂ ਦੇ ਕੁਝ ਹੋਰ ਰੂਪ

੨੬- **ਜੋ ਦੀਸੈ ਗੁਰ ਸਿੱਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਆਖਾ ਬਿਰਥਾ ਜੀਅ**
**ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ**
**ਕਾਹੂ ਜਾਇ ਜੀਉ ॥ ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ....॥ ੩ ॥** [੭੬੩]

੨੭- **ਇਨਿ ਮਾਇਆ, ਜਗਦੀਸ ਗੁਸਾਈ, ਤੁਮਰੇ ਚਰਨ ਬਿਸਾਰੇ ॥**
**ਕਿੰਚਤ ਪ੍ਰੀਤਿ ਨ ਉਪਜੈ ਜਨ ਕਉ, ਜਨ ਕਹਾ ਕਰਹਿ ਬੇਚਾਰੇ ॥ ੧ ॥ ਰਹਾਉ ॥**[੮੫੭]-੯

੨੮- **ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥**
**ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥ ੨ ॥** [੨੧੫]-੫-੧੬੩

੨੯- **ਚਾਰ ਪਾਵ, ਦੁਇ ਸਿੰਗ, ਗੁੰਗ ਮੁਖ, ਤਬ ਕੈਸੇ ਗੁਨ ਗਈ ਹੈ ॥**
**ਊਠਤ ਬੈਠਤ ਠੇਗਾ ਪਰਿ ਹੈ, ਤਬ ਕਤ ਮੂਡ ਲੁਕਈ ਹੈ ॥ ੧ ॥**[੫੨੪]-੧

੩੦- **ਪਾਵਹੁ ਬੇੜੀ ਹਾਥਹੁ ਤਾਲ ॥ ਨਾਮਾ ਗਾਵੈ ਗੁਨ ਗੋਪਾਲ ॥ ੧੨ ॥** [੧੧੬੬]-੧-੧੦

੩੧- **<u>ਕੋਟਿ ਤੀਰਥ ਜਾ ਕੇ ਚਰਨ ਮਝਾਰ</u> ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥**
**ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥ ੫ ॥**
**ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥**
**ਕੋਟਿ ਪਰਲਉ ਓਪਤਿ ਨਿਮਖ ਮਾਹਿ ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥ ੬ ॥**[੧੧੫੬]-੨-੫

੫

## ਨਿਰੰਕਾਰ ਦੇ ਅਥਵਾ ਸ਼ਬਦ-ਗੁਰੂ ਦੇ " ਚਰਨ " ?

ਇਸ ਪੁਸਤਕ ਦੇ ਅਰੰਭ ਤੋਂ ਹੀ ਗੁਰਮਤਿ-ਸਿਧਾਂਤ ਬਾਰੇ ਵੱਧ ਤੋਂ ਵੱਧ ਗੁਰੂ ਫੁਰਮਾਨਾਂ ਦੀ ਵਿਚਾਰ ਲਿਖ ਕੇ ਫਿਰ ਉਸੇ ਸਿਧਾਂਤ ਨਾਲ ਸੰਬਧਤ ਗੁਰੂ-ਹੁਕਮਾਂ ਦੀ ਸੂਚੀ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ । ਮੰਤਵ ਕੇਵਲ ਏਹੀ ਹੈ ਕਿ ਅਸੀਂ ਸਤਿਗੁਰਾਂ ਦੀ ਉਸ ਘਾਲਣਾ ਨੂੰ ਮੁੜ ਮੁੜ ਯਾਦ ਕਰਦੇ ਜਾਈਏ, ਜਿਹੜੀ ਉਨ੍ਹਾਂ ਨੇ ਗੁਰਮਤਿ-ਸਿਧਾਂਤ ਦੇ ਹਰ ਇੱਕ ਪੱਖ ਨੂੰ ਸਪੱਸ਼ਟ ਕਰਕੇ ਸਾਡੇ ਹਿਰਦਿਆਂ ਵਿਚ ਦ੍ਰਿੜ ਕਰਾਉਣ ਦੀ ਸੱਧਰ ਨਾਲ ਘਾਲੀ ਹੈ । ਅਸੀਂ ਇਹ ਹੀ ਵੇਖ ਰਹੇ ਹਾਂ ਕਿ (ਪਹਿਲਾਂ ਤੋਂ ਪਰਚਲਤ ਰਿਵਾਜ ਦੀ ਖੰਡਨਾਂ ਵਾਲਾ) ਨਵਾਂ ਅਤੇ ਬਹੁਤੀ ਮਹੱਤਤਾ ਵਾਲਾ ਸਿਧਾਂਤ ਦ੍ਰਿੜ ਕਰਾਉਣ ਲਈ, ਸਤਿਗੁਰਾਂ ਨੇ ਗੁਰੂ-ਬਾਣੀ ਸ਼ਬਦ ਉਚੇਚੇ ਤੌਰ ਤੇ ਵੱਧ ਗਿਣਤੀ ਵਿਚ ਲਿਖਣ ਦਾ ਉਪਕਾਰ ਕੀਤਾ ਹੈ । ਮਨੁੱਖ ਦੇ ਗਿਆਨ-ਇੰਦ੍ਰਿਆਂ ਅਥਵਾ ਕਰਮ ਇੰਦ੍ਰਿਆਂ ਦੀ ਅੱਡ ਅੱਡ ਵਿਚਾਰ ਕਰਦਿਆਂ ਸਮੇਂ ਅਸਾਂ ਵੇਖਿਆ ਹੈ ਕਿ, ਗੁਰਬਾਣੀ ਵਿਚ ਇਕੱਲੇ " ਚਰਨਾਂ " ਬਾਰੇ ਜਿੰਨੇ ਗੁਰੂ ਫੁਰਮਾਨ ਹਨ, ਏਨੇ ਗੁਰੂ ਸ਼ਬਦ ਬਾਕੀ ਸਾਰੇ ਇੰਦ੍ਰਿਆਂ ਬਾਰੇ ਮਿਲਵੇਂ ਸ਼ਬਦ ਵੀ ਨਹੀਂ ਹਨ । ੩੦ ਗੁਰਬਾਣੀ ਸ਼ਬਦਾਂ ਦੀ ਵਿਚਾਰ ਲਿਖਣ ਉਪ੍ਰੰਤ ੩੯੨ ਗੁਰਬਾਣੀ ਸ਼ਬਦਾਂ ਦੀ ਸੂਚੀ ਲਿਖਣ ਤੋਂ ਦਾਸ ਦਾ ਮੰਤਵ ਇਹੀ ਹੈ ਕਿ ਪਾਠਕਾਂ ਨੂੰ ਪੂਰੀ ਤਰ੍ਹਾਂ ਗਿਆਨ ਹੋ ਜਾਵੇ ਕਿ ਸਤਿਗੁਰਾਂ ਦੀ ਨਜ਼ਰਾਂ ਵਿਚੋਂ ਚਰਨਾਂ " ਦੀ ਮਹੱਤਤਾ ਕਿੰਨੀ ਜ਼ਿਆਦਾ ਹੈ ।

ਗੁਰੂ-ਬਾਣੀ ਸ਼ਬਦਾਂ ਦੀ ਵਿਚਾਰ ਸਮੇ ਅਸਾਂ ਵੇਖਿਆ ਹੈ ਕਿ ਸਤਿਗਰੂ ਜੀ ਨੇ ਕੇਵਲ ਉਨ੍ਹਾਂ ਚਰਨਾਂ ਦੀ ਸੋਭਾ ਕੀਤੀ ਹੈ ਜਿਹੜੇ ਮਨੁੱਖ ਨੂੰ ਸਤਿਸੰਗਤਿ ਵਿਚ ਲੈ ਅਪੜਦੇ ਹਨ । ਜਿਹੜੇ ਪੈਰ ਸਤਿਗੁਰਾਂ ਦੇ ਦਰਸ਼ਨਾਂ ਲਈ ਪੈਂਡਾ ਮਾਰਦੇ ਹਨ ਸ਼ਬਦ-ਗੁਰੂ ਜੀ ਨੇ ਉਹੀ ਪੈਰ ਧੰਨ ਧੰਨ ਕਹੇ

ਹਨ । ਭਾਵ, ਸਤਿਗੁਰਾਂ ਨੂੰ ਉਹੀ ਪੈਰ ਭਾਏ ਹਨ ਜਿਹੜੇ ਨੇਕੀ ਦੇ ਰਸਤੇ ਤੇ ਤੁਰਦੇ ਹਨ । ਫਿਰ ਸਤਿਗੁਰਾਂ ਨੇ ਗੁਰਮੁਖਾਂ ਦੇ ਚਰਨਾਂ ਦੀ ਧੂੜ ਦੀ ਮਹਿਮਾ ਕੀਤੀ ਹੈ । ਉਨ੍ਹਾਂ ਮਨੁੱਖਾਂ ਨੂੰ ਧੰਨਤਾ ਜੋਗ ਕਿਹਾ ਹੈ ਜਿਹੜੇ ਭਾਗਾਂ ਵਾਲੇ ਗੁਰਮੁਖਾਂ ਦੀ ਚਰਨ-ਧੂੜੀ ਵਿਚ ਇਸ਼ਨਾਨ ਕਰਦੇ ਹਨ, ਜਿਹੜੇ ਪ੍ਰਭੂ-ਪਿਆਰਿਆਂ ਦੇ ਚਰਨ ਪਖਾਰਦੇ ਹਨ । ਉਹ ਮਨੁੱਖ ਧੰਨ ਹਨ ਜਿਹੜੇ ਕਾਮਨਾ ਰਹਿਤ ਹੋ ਕੇ ਗੁਰੂ ਦੇ ਲੰਗਰ ਲਈ ਆਟਾ ਪੀਹ ਕੇ ਲਿਆਉਂਦੇ ਹਨ, ਸੰਤ ਜਨਾਂ ਦੇ ਚਰਣ ਧੋਂ ਕੇ ਪੱਖਾ ਝੱਲਣ ਦੀ ਅਤੇ ਪਾਣੀ ਢੋਣ ਦੀ ਸੇਵਾ ਕਰਦੇ ਹਨ ।

**ਉਚੇਰੇ ਧਿਆਨ ਗੋਚਰਾ ਵਿਸ਼ਾ**--

ਉੱਪਰ ਅਸਾਂ ਇਹ ਵੀ ਪੜ੍ਹਿਆ ਹੈ ਕਿ ਸਤਿਗੁਰਾਂ ਦੇ ਚਰਨਾਂ ਨੂੰ ਹਿਰਦੇ ਵਿਚ ਵਸਾਉਣ ਦਾ ਉਪਦੇਸ਼ ਅਤੇ ਪਰਮਾਤਮਾਂ ਦੇ ਚਰਨ ਦਾ ਧਿਆਨ ਧਰਨ ਦੀ ਤਾਕੀਦ ਕਈ ਵਾਰ ਕੀਤੀ ਹੋਈ ਹੈ । ਐਸੇ ਤਰ੍ਹਾਂ, ਵਾਹਿਗੁਰੂ ਜੀ ਦੇ ਚਰਨਾਂ ਨਾਲ ਜੁੜੇ ਰਹਿਣ ਦੀ, ਪ੍ਰਭੂ-ਚਰਨਾਂ ਵਿਚ ਨਿਵਾਸ ਮਿਲਣ ਦੀ ਗੱਲ ਬਹੁਤ ਵਾਰੀ ਲਿਖੀ ਹੈ । ਗੁਰਮਤਿ ਸਿਧਾਂਤ ਦੇ ਇਸ ਪੱਖ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ।

ਸੰਸਾਰ ਦੇ ਲਗ-ਪਗ ਸਾਰੇ ਵਡੇ ਧਰਮਾਂ ਨੇ, ਪਰਮਾਤਮਾਂ ਨੂੰ ਵਿਅਕਤੀ ਨਹੀਂ, ਸਗੋਂ ਪਰਮ-ਸ਼ਕਤੀ ਮੰਨਿਆਂ ਹੈ । ਇਹ ਵਿਚਾਰ ਅਸੀਂ ਕਈ ਵਾਰੀ ਪੜ੍ਹ ਚੁੱਕੇ ਹਾਂ ਕਿ, ਗੁਰਮਤਿ ਨੇ ਅਕਾਲਪੁਰਖ ਦਾ ਚਿਹਨ ਚੱਕਰ, ਰੂਪ ਰੰਗ, ਜ਼ਾਤਿ ਪਾਤ ਆਦਿ ਕੁਝ ਵੀ ਨਹੀਂ ਮੰਨਿਆਂ । (ਬ੍ਰਾਹਮਣ ਦੇ ਲਿਖੇ ਗ੍ਰੰਥਾਂ ਵਿਚਲੀਆਂ ਮਿਥਾਹਾਸਕ ਕਹਾਣੀਆਂ ਨੂੰ ਛੱਡ ਕੇ) ਸੰਸਾਰ ਵਿਚ ਅਜੇਹਾ ਕੋਈ ਮਨੁੱਖ ਨਹੀ ਹੋਇਆ ਜਿਸ ਨੇ ਕਦੇ ਈਸ਼ਵਰ ਦੇ ਸਰਬ-ਰੂਪ ਦਾ ਪੂਰਾ ਪਤਾ ਦਿੱਤਾ ਹੋਵੇ । ਫਿਰ ਜਿਸ ਪ੍ਰਭੂ ਦਾ ਆਪਣਾ ਵਿਸ਼ੇਸ਼ ਅਕਾਰ ਹੈ ਹੀ ਕੋਈ ਨਹੀਂ, ਜਿਸ ਨੂੰ ਬਾਰ ਬਾਰ ਨਿਰੰਕਾਰ ਲਿਖਿਆ ਤੇ ਕਿਹਾ ਗਿਆ ਹੈ, ਉਸ ਪਰਮਾਤਮਾ ਦੇ, ' **ਚਰਨ** ' ਅਥਵਾ ' **ਪੈਰ** ' ਕਿਹੜੇ ਹਨ ?

ਐਸੇ ਤਰ੍ਹਾਂ ਗੁਰਮਤਿ ਦਾ ਗੁਰੂ " ਸ਼ਬਦ-ਗਿਆਨ " ਹੈ । ਦਸਮੇਸ਼ ਜੀ ਦਾ ਫੁਰਮਾਨ ਹੈ--**ਗਿਆਨ ਗੁਰੂ ਆਤਮ ਉਪਦੇਸ਼ਹੁ** ' ਅਤੇ ਫਿਰ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ-- " **ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥ ੪ ॥**[੭੯੩] ਬਿਬੇਕ ਦਾ ਅਰਥ ਹੈ--ਖੋਟੇ ਖਰੇ ਦੀ ਪਛਾਣ ਕਰ ਸਕਣ ਦੀ ਸਮਰਥਾ ਵਾਲਾ " ਸ਼ੁੱਧ-ਗਿਆਨ " । ਜਿਸ ਸਰੀਰ ਵਿਚ ਗਿਆਨ ਨਹੀਂ, ਉਹ ਕਦੇ ਕਿਸੇ ਦਾ ਗੁਰੂ ਨਹੀਂ ਬਣ ਸਕਿਆ । ਪਰਮਾਤਮਾਂ ਵਾਂਗ ਹੀ ਸਿੱਖੀ ਦੇ ਗੁਰਦੇਵ (ਸ਼ਬਦ-ਗੁਰੂ ਜੀ) ਦਾ ਵੀ ਚਿਹਨ ਚੱਕਰ, ਰੰਗ ਰੂਪ, ਕੁਝ ਨਹੀਂ ਹੈ । " ਸ਼ਬਦ-ਗੁਰੂ " ਵੀ ਅਕਾਰ ਰਹਿਤ ਹੈ । ਰੱਬ ਵਾਂਗ ਸ਼ਬਦ-ਗੁਰੂ ਭਾਵ, ਗੁਰਬਾਣੀ ਵੀ ਨਿਰੰਕਾਰ ਹੀ ਹੈ--**ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸ ਜੇਵਡੁ ਅਵਰੁ ਨ ਕੋਇ ॥** [੫੧੫] ਸੋ ਸਿੱਖ ਦੇ ਗੁਰੂ ਦੇ ਵੀ, " ਚਰਨ " ਕੋਈ ਨਹੀਂ ਹਨ । ਫਿਰ ਨਿਰ-ਅਕਾਰ ਵਾਹਿਗੁਰੂ ਅਤੇ ਅਕਾਰ ਰਹਿਤ ਸਤਿਗੁਰੂ ਦੇ " ਚਰਨ " ਅਥਵਾ ਉਨ੍ਹਾਂ ਦੇ " ਚਰਨਾਂ ਦੀ ਧੂੜ " ਬਾਰੇ ਏਨੇ ਗੁਰਬਾਣੀ ਸ਼ਬਦ ਲਿਖਣ ਦਾ ਭੇਤ, ਕੀ ਹੈ ? ਇਹ ਕਹਿਣਾ, ਗੁਰਬਾਣੀ ਦੀ ਘੋਰ ਅਵੱਗਿਆ ਹੋਵੇਗੀ, ਕਿ ਜਿਸ ਸਮੇਂ ਗੁਰਬਾਣੀ ਉਚਾਰੀ ਗਈ ਸੀ, ਜਾਂ ਲਿਖੀ ਗਈ ਸੀ ਉਸ ਸਮੇਂ ਦੇ ਗੁਰੂ ਸਾਹਿਬਾਨ ਦੇ ਪਾਵਨ ਸਰੀਰ ਦੇ ਹੱਥ ਪੈਰ ਸਾਰੇ ਅੰਗ ਸਨ । ਇਸ ਤਰ੍ਹਾਂ ਦੀ ਤਰਕ ਗੁਰਬਾਣੀ ਦੇ ਸਦੀਵੀ ਸੱਚ ਨੂੰ ਚੋਟ ਪਹੁੰਚਾਉਂਦੀ ਹੈ । ਗੁਰੂ ਨਾਨਕ ਸਾਹਿਬ ਜੀ ਪਹਿਲੇ ਸਰੂਪ ਸਮੇ ਹੀ ਸਪੱਸ਼ਟ ਕਰ ਦਿਤਾ ਸੀ ਕਿ ਸਰੀਰ ਕਦੇ ਵੀ ਕਿਸੇ ਦਾ ਗੁਰੂ ਨਹੀਂ ਹੋਇਆ ਸਰੀਰ ਵਿਚਲਾ ਗਿਆਨ ਹੀ ਗੁਰੂ ਬਣਦਾ ਹੈ । ਜਿਸ ਦੇਹ ਸਰੀਰ ਵਿਚ ਕਿਸੇ ਗਿਆਨ ਦੀ ਸੁੱਧ-ਬੁੱਧ ਨਾ ਰਹੇ ਅਜੇਹਾ ਸਰੀਰ ਭਾਵੇਂ ਅਜੇ ਕੱਲ੍ਹ ਗੁਰੂ, ਜਾਂ ਪਿਤਾ ਸਮਝ ਕੇ ਸਤਿਕਾਰਿਆ ਜਾਂਦਾ ਸੀ ਉਸ ਨੂੰ ਕਈ ਵਾਰੀ ਲੋਕ ਪਾਗ਼ਲਖਾਨੇ ਬੰਦ ਕਰਾ ਆਉਂਦੇ ਹਨ । ਸੋ ਗੁਰਮਤਿ ਨੇ ਕੇਵਲ ਸ਼ਬਦ-ਗਿਆਨ ਨੂੰ ਹੀ ਗੁਰੂ ਮੰਨਿਆਂ ਹੈ । ਗੁਰਬਾਣੀ ਦੇ ਜਿਹੜੇ ਅਰਥ ਸਤਿਗੁਰਾਂ ਦੇ ਸਮੇ ਸਨ ਅੱਜ ਵੀ ਉਹੀ ਹਨ ਅਤੇ ਰਹਿੰਦੀ ਦੁਨੀਆਂ ਤੱਕ ਉਨ੍ਹਾਂ ਅਰਥਾਂ ਵਿਚ ਕੋਈ ਫ਼ਰਕ ਨਹੀਂ ਆਉਂਣਾ । ਉਪ੍ਰੋਕਤ ਸਪੱਸ਼ਟ ਗੁਰੂ ਫੁਰਮਾਨਾਂ ਤੋਂ ਛੁੱਟ, ਅਜੇਹੀ ਤਰਕ ਮਈ ਵਿਚਾਰ, ਹੇਠ ਲਿਖੇ ਗੁਰੂ ਫੁਰਮਾਨਾਂ ਦੀ ਅਵੱਗਿਆ ਵੀ ਕਰਦੀ ਹੈ :--

੩੨- **ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ, ਸਬਦੇ ਹੀ ਮੁਕਤਿ ਪਾਈ ॥ ਸਬਦੇ ਮਨੁ ਤਨੁ ਨਿਰਮਲੁ**
**ਹੋਆ ਹਰਿ ਵਸਿਆ ਮਨਿ ਆਈ ॥ ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥ ੨ ॥**[੬੦੧]-੪

੩੩- **ਪਵਨ ਅਰੰਭੁ, ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥**
**ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥ ੪੪ ॥**[੯੪੩]

ਸਪੱਸ਼ਟ ਹੈ ਕਿ ਅਰੰਭ ਤੋਂ " ਗੁਰਸਿਖੀ " ਦਾ ਗੁਰੂ, " ਸ਼ਬਦ-ਗਿਆਨ " ਹੀ ਹੈ । ਅਤੇ ਇਹ ਨਿਆਰਾ ਗੁਰੂ, ਸਰਬ-ਕਾਲੀ ਹੈ, ਅਤੇ ਸਰਬ-ਥਾਨੀ ਹੈ । ਸੋ ਅਸਾਂ ਰਲ ਮਿਲ ਕੇ ਪ੍ਰਭੂ-ਚਰਨਾਂ ਬਾਰੇ ਅਤੇ ਗੁਰੂ-ਚਰਨਾਂ ਬਾਰੇ ਬਿਬੇਕ ਗੁਰਮਤਿ ਵਿਚਾਰ ਕਰਨੀ ਹੈ ।

ਸੁਰਤਿ ਜੋੜ ਕੇ, ਮਨ ਨੂੰ ਸਥਿਰ ਕਰਕੇ, ਵਿਚਾਰ੦ੀਏ ਤਾਂ ਅਸਲੀਅਤ ਦੀ ਸਮਝ ਝੱਟ ਆ ਜਾਂਦੀ ਹੈ ਅਤੇ ਉਪ੍ਰੋਕਤ ਸ਼ੰਕਾ ਆਪਣੇ ਆਪ ਹੀ ਨਿਰਮੂਲ ਸਿੱਧ ਹੋ ਜਾਂਦਾ ਹੈ । ਸ਼ਕਤੀ ਰੂਪ ਪਰਮਾਤਮਾ ਆਪਣੀ ਸਿਰਜਣਾ ਦੇ ਕਣ ਕਣ ਵਿਚ ਵਿਆਪਕ ਹੈ । ਸਾਰੇ ਜੀਵਾਂ ਦੇ ਪੈਰ ਪ੍ਰਭੂ ਦੇ ਹੀ ਚਰਨ ਹਨ--

੩੪- **ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥**
**<u>ਸਹਸ ਪਦ ਬਿਮਲ ਨਨ ਏਕ ਪਦ</u> ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥** ੩ ॥ [ ੧੩ ]-੩

**ਅਰਥ:**--(ਸਭ ਜੀਵਾਂ ਵਿੱਚ ਵਿਆਪਕ ਹੋਣ ਕਰਕੇ) ਹਜ਼ਾਰਾਂ (ਅਨਗਿਣਤ) ਤੇਰੀਆਂ ਅੱਖਾਂ ਹਨ (ਪਰ ਨਿਰਾਕਾਰ ਹੋਣ ਕਰਕੇ, ਹੇ ਪ੍ਰਭੂ !) ਤੇਰੀਆਂ ਕੋਈ ਅੱਖਾਂ ਨਹੀਂ । ਹਜ਼ਾਰਾਂ ਤੇਰੀਆਂ ਸ਼ਕਲਾਂ ਹਨ, ਪਰ ਤੇਰੀ ਕੋਈ ਵੀ ਸ਼ਕਲ ਨਹੀਂ ਹੈ । (ਸਾਰੇ ਜੀਵਾਂ ਵਿਚ ਵਿਆਪਕ ਹੋਣ ਦੇ ਕਾਰਨ) ਤੇਰੇ ਹਜ਼ਾਰਾਂ (ਬੇਸ਼ੁਮਾਰ) ਤੇਰੇ ਸੋਹਣੇ ਪੈਰ ਹਨ (ਪਰ ਨਿਰ-ਅਕਾਰ ਹੋਣ ਕਰਕੇ) ਤੇਰਾ ਇੱਕ ਵੀ ਪੈਰ ਨਹੀਂ । ਹਜ਼ਾਰਾਂ ਤੇਰੇ ਨੱਕ ਹਨ, ਪਰ ਤੂੰ ਤਾਂ ਨੱਕ ਤੋਂ ਬਿਨਾਂ ਹੀ ਹੈ । ਤੇਰੇ ਅਜੇਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ । ੧ ।

ਸਤਿਗੁਰੂ ਨਾਨਕ ਨਿਰੰਕਾਰੀ ਜੀ ਦੇ ਇਸ ਬਚਨ ਤੋਂ ਸਿੱਧ ਹੋ ਗਿਆ ਹੈ ਕੇ ਸਾਰੀ ਸਿਰਜਨਾਂ ਵਿਚਲੇ ਜੀਵਾਂ ਦੇ ਪੈਰ ਅਕਾਲਪੁਰਖ ਦੇ ਹੀ ਚਰਨ ਹਨ । ਸੋ ਇਹ ਜੋ ਵਿਸ਼ਵ ਸੰਸਾਰ ਦਿੱਸ ਰਿਹਾ ਹੈ, ਏਹ ਹਰੀ ਦਾ ਹੀ ਰੂਪ ਹੈ--**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ ॥** [੯੨੨] ਸੋ **ਚਰਨ**

ਕਹਿਣ ਤੋਂ ਸਤਿਗੁਰਾਂ ਦਾ ਭਾਵ " **ਨਿਮਰਤਾ** " ਹੈ । ਮਨ ਵਿਚ ਨਿਰਮਤਾ ਧਾਰਨ ਕਰਕੇ ਸੰਸਾਰ ਵਿਚ ਵੱਸਦੇ ਪ੍ਰਭੂ ਦੇ ਦਰਸ਼ਨ ਕਰਨੇ, ਉਸ ਦਾ ਧਿਆਨ ਧਰਨਾ, ਪ੍ਰਭੂ ਦੇ ਚਰਨਾਂ ਦਾ ਅਸਲ ਧਿਆਨ ਧਰਨਾ ਹੈ । ਅਕਾਲ ਪੁਰਖ ਦੇ ਚਰਨਾਂ ਨਾਲ ਜੁੜਿਆ ਏਹੀ ਉਹ ਮਨ ਹੈ ਜਿਸ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈ ਕਿ-- **ਹਰਿ ਚਰਨੀ ਜਾ ਕਾ ਮਨੁ ਲਾਗਾ ॥ ਦੁਖੁ ਦਰਦੁ ਭ੍ਰਮੁ ਤਾ ਕਾ ਭਾਗਾ** ॥ ੧ ॥ [੧੯੪] ਅਤੇ ਫਿਰ ਪਰਮਤਮਾ ਦੇ ਚਰਨਾਂ ਦੀ ਧੂੜ ਹੋਣ ਦਾ ਅਰਥ, ਆਪਣੇ ਮਨ ਨੂੰ ਏਨਾ ਨਿੰਮਰੀਭੂ [ " **ਨਿੰਮਰੀਭੂਤ ਸਦੀਵ ਪਰਮ ਪਿਆਰ** " (ਸਵੈਯੇ ਮ: ੨ ਕੇ) ] ਬਣਾ ਲੈਣਾ ਹੈ ਕਿ, ਉਹ ਆਪਣੇ ਆਪ ਨੂੰ ਸਾਰਿਆਂ ਦੀ ਚਰਨ ਧੂੜ ਸਮਝੇ । ਸਰਬੱਤ ਦੀ ਚਰਨ-ਧੂੜ ਪਰਮਾਤਮਾਂ ਦੀ ਆਪਣੀ ਚਰਨ-ਧੂੜ ਹੈ, ਸਰਬੱਤ ਦੇ ਚਰਨਾਂ ਦੀ ਧੂੜ ਦਾ ਇਸ਼ਸ਼ਨਾਨ, ਪਰਮਾਤਮਾ ਦੇ ਹੀ ਚਰਨਾਂ ਦੀ ਧੂੜ ਦਾ ਇਸ਼ਨਾਨ ਹੈ । ਮਨੁੱਖ ਨੂੰ ਪਰਮਾਤਮਾਂ ਨਾਲ ਜੋੜਨ ਆਏ ਸਤਿਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ, ਕਿ ਹੇ ਭਾਈ ! ਜੇ ਤੂੰ ਪ੍ਰਭੂ ਨਾਲ ਮਿਲਾਪ ਚਾਹੁੰਦਾ ਹੈਂ ਤਾਂ, ਆਪਣੀ ਹੰਕਾਰੀ ਮਤਿ ਦਾ ਤਿਆਗ ਕਰਕੇ ਕਾਮ, ਕ੍ਰੋਧ, ਹੰਕਾਰ ਆਦਿ ਵਿਕਾਰਾਂ ਵਲੋਂ ਆਪਣੇ ਆਪ ਨੂੰ ਸਦਾ ਲਈ ਮਾਰ ਦੇਣਾ ਹੋਵੇਗਾ । ਮਨ ਵਿਚ ਏਨੀ ਨਿਮਰਤਾ ਭਰਨੀ ਹੈ ਕਿ ਇਹ ਹੰਕਾਰੀ ਮਨ ਸਰਬੱਤ ਦੇ ਚਰਨਾਂ ਦੀ ਖ਼ਾਕ ਬਣ ਜਾਵੇ । ਸਤਿਗੁਰਾਂ ਦੀ ਸਿੱਖੀ ਧਾਰਨ ਕਰਨ ਲਈ ਬਚਨ-ਬੱਧ ਹੋਣਾ ਹੈ ਕਿ :--

੩੫- **ਪਹਿਲਾ ਮਰਣੁ ਕਬੂਲਿ, ਜੀਵਣ ਦੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥ ੧ ॥**[੧੧੦੨]-ਵਾ-੨੩

੩੬- **ਸੰਤਹੁ ਇਹਾ ਬਤਾਵਹੁ ਕਾਰੀ ॥ ਜਿਤੁ ਹਉਮੈ ਗਰਬੁ ਨਿਵਾਰੀ ॥ ੧ ॥ ਰਹਾਉ ॥ ਸਰਬ ਭੂਤ**
**ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥ ੨ ॥ ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ**
**ਭੀਤਿ ਭ੍ਰਮਾਰੀ ॥ ੩ ॥ ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥ ੪ ॥**
**ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥ ੫ ॥**[੬੧੬]-੧੭-੨੮

੩੭- **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥ ੧ ॥**[੬੨੮]-੧੬-੮੦

**ਅਰਥ:**--ਨਿਮ੍ਰਤਾ-ਸੁਭਾਉ ਸਾਡੇ ਪਾਸ ਗੁਰਜ ਹੈ, ਸਭ ਦੀ ਚਰਨ-ਧੂੜ ਬਣੇ ਰਹਿਣਾ ਸਾਡੇ ਪਾਸ ਖੰਡਾ ਹੈ । ਇਸ (ਨਿਰਮ੍ਰਤਾ-ਗੁਰਜ) ਅੱਗੇ, ਕੋਈ ਵੀ ਕੁਕਰਮ ਟਿਕ ਨਹੀਂ ਸਕਦਾ । (ਸਾਨੂੰ) ਪੂਰੇ ਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ । ੧ ।

੩੮- **ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥**
**ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪਨਾ ਲਹੀਐ ॥ ੩ ॥**[੭੧੨]-੩-੫

੩੯- **ਗੁਰ ਕੇ ਚਰਨ ਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥ ਹੋਇ ਰਹੀਐ ਸਗਲ ਕੀ ਰੀਨਾ ॥ ਘਟਿ**
**ਘਟਿ ਰਮਈਆ ਸਭ ਮਹਿ ਚੀਨ੍ਹਾ ॥ ੧ ॥ ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ ॥ ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ**
**॥ ੧ ॥ ਰਹਾਉ ॥ ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥ ਤਜਿ ਅਭਿਮਾਨੁ ਜਾਨੁ ਪ੍ਰਭੁ**
**ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥ ੨ ॥ ਜਿਨਿ ਤੂੰ ਕੀਆ ਤਿਸ ਕਉ ਜਾਨੁ ॥ ਆਗੈ ਦਰਗਹ ਪਾਵੈ ਮਾਨੁ**
**॥ ਮਨੁ ਤਨੁ ਨਿਰਮਲ ਹੋਇ ਨਿਹਾਲੁ ॥ ਰਸਨਾ ਨਾਮੁ ਜਪਤ ਗੋਪਾਲ ॥੩॥ ਕਰਿ ਕਿਰਪਾ ਮੇਰੇ ਦੀਨ ਦਇਆਲਾ ॥**
**ਸਾਧੂ ਕੀ ਮਨੁ ਮੰਗੈ ਰਵਾਲਾ ॥ ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥ ਨਾਨਕੁ ਜਪਿ ਜੀਵੈ ਪ੍ਰਭ ਨਾਮੁ ।**੪॥[੮੬੬]-੧੧-੧੩

੪੦- **ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥ ਅਪਨੀ**
**ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥ ੨ ॥**[੧੧੨੦]-੪-੬

੪੧- **ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥**
**ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖ ਨ ਦੇਈ ਕਿਸੈ ਜੀਅ ਪਤਿ ਸਿਉ**
**ਘਰਿ ਜਾਵਉ ॥ ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ ੧੭ ॥**[੩੨੨]-ਵਾਰ

੪੨- **ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ**
**ਗ੍ਰਿਹ ਭੀਤਰਿ ਵਾਰੇ ॥ ੧ ॥ ਜਨਮ ਮਰਨ ਚੂਕੇ ਸਭਿ ਭਾਰੇ ॥ ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ**
**ਪੂਰੈ ਲੈ ਖਿਨ ਮਹਿ ਤਾਰੇ ॥ ੧ ॥ ਰਹਾਉ ॥ ਸਭ ਕੀ ਰੇਣ ਹੋਇ ਰਹੈ ਮਨੂਆ ਸਗਲੇ ਦੀਸਹਿ**
**ਮੀਤ ਪਿਆਰੇ ॥ ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥ ੨ ॥**[੩੭੯]-੩੬

੪੩- **ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ ਕੂੜਾ ਲਾਲਚੁ ਛਡੀਐ**
**ਹੋਇ ਇਕ ਮਨਿ ਅਲਖ ਧਿਆਈਐ ॥ ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥**
**ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ ॥ ਮਤਿ ਥਪੜੀ ਸੇਵ ਗਵਾਈਐ ॥ ੧੦ ॥**[੪੬੮]

**ਅਰਥ:**--(ਮੇਰਾ ਚਿਤ ਕਰਦਾ ਹੈ ਕਿ ਮੈਨੂੰ ਸੰਤ-ਗੁਰਮੁਖਾਂ ਦੇ) ਪੈਰਾਂ ਦੀ ਖ਼ਾਲ ਦਾ ਦਾਨ ਮਿਲੇ। ਜੇ ਇਹ ਦਾਨ ਮਿਲ ਜਾਏ, ਤਾਂ ਮੱਥੇ ਉਤੇ ਲਾਉਣੀ ਚਾਹੀਦੀ ਹੈ। (ਹੋਰ) ਲਾਲਚ, ਜੋ ਮਾਇਆ ਦੇ ਜਾਲ ਵਿਚ ਫ਼ਸਾਉਂਦਾ ਹੈ, ਛੱਡ ਦੇਣਾ ਚਾਹੀਦਾ ਹੈ, ਅਤੇ ਮਨ ਨੂੰ ਕੇਵਲ ਪ੍ਰਭੂ ਵਿਚ ਜੋੜ ਕੇ ਉਸ ਦੀ ਭਗਤੀ ਕਰਨੀ ਚਾਹੀਦੀ ਹੈ, (ਕਿਉਂਕਿ) ਮਨੁੱਖ ਜਿਸ ਤਰ੍ਹਾਂ ਦੀ ਕਾਰ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਮਿਲ ਜਾਂਦਾ ਹੈ । ਪਰ ਸੰਤ ਜਨਾਂ ਦੇ ਪੈਰਾਂ ਦੀ ਖ਼ਾਕ ਤਾਂ ਹੀ ਮਿਲਦੀ ਹੈ ਜੇ ਚੰਗੇ ਭਾਗ ਹੋਣ । (ਗੁਰਮੁਖਾਂ ਦਾ ਆਸਰਾ-ਪਰਨਾ ਛੱਡ ਕੇ) ਜੇ ਆਪਣੀ ਹੋਛੀ ਜਿਹੀ ਮਤ ਦੀ ਟੇਕ ਰੱਖਦੇ ਤਾਂ (ਇਸ ਦੇ ਆਸਰੇ) ਕੀਤੀ ਹੋਈ ਘਾਲ-ਕਮਾਈ ਵਿਅਰਥ ਜਾਂਦੀ ਹੈ। ੧੦ ।

ਹਰਿ ਸਮੇਂ, ਹਰ ਥਾਂ ਹਰ ਜੀਵ ਵਿਚ ਵਿਆਪਕ ਸਿਰਜਣਹਾਰ ਦੇ ਦਰਸ਼ਨਾਂ ਵਾਲੀ ਨਜ਼ਰ ਦਾ ਮਾਲਕ ਹੋਣਾ, ਅਤੇ ਫਿਰ ਪੱਕੇ ਵਿਸ਼ਵਾਸ਼ ਵਾਲਾ ਨਿਰਮਲ ਭਉ ਹਰ ਸਮੇਂ ਦਿਲ ਵਿਚ ਰਹਿਣਾ ਕਿ, ਪਰਮਾਤਮਾ ਮੇਰੇ ਅੰਦਰ ਦਰਬਾਰ ਲਾਈ ਬੈਠਾ ਹੈ, ਜੋ ਮੇਰੇ ਚੰਗੇ ਮੰਦੇ ਕਰਮਾਂ ਦੀ, ਅਤੇ ਮੇਰੇ ਮਨ ਦੇ ਚੰਗੇ ਮੰਦੇ ਵਿਚਾਰਾਂ ਦੀ ਵੀ ਪਰਖ ਕਰਕੇ,

ਮੇਰੀ ਅਗਲੀ ਜਿੰਗਦੀ ਦਾ ਫੈਸਲਾ, ਮੇਰੇ ਆਤਮਾ-ਕਾਗ਼ਜ਼ ਤੇ ਨਾਲੋ-ਨਾਲ ਅੰਕਿਤ ਕਰੀ ਜਾ ਰਿਹਾ ਹੈ । ਪ੍ਰਭੂ ਦੀ ਨੇੜਤਾ ਦਾ ਅਜੇਹਾ ਅਨੁਭਵ ਪੱਕਾ ਹੋ ਜਾਣ ਤੋਂ ਮਨੁੱਖ ਬੁਰਾ ਨਹੀਂ ਕਰ ਸਕਦਾ-- **ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥** [੧੧੩੯] ਪਰ ਅਜਿਹੀ ਅਵਸਥਾ ਦੀ ਪ੍ਰਾਪਤੀ ਲਈ ਆਪਾ ਭਾਵ ਮਿਟਾ ਕੇ ਸਤਿਗੁਰਾਂ ਦੀ ਸਰਨ ਪੈਣ ਦੀ ਲੋੜ ਹੈ । ਆਪਣੇ ਮਨ ਦੀ ਮਤ ਅਨੁਸਾਰ ਬਣਿਆਂ ਮੈਂ-ਮੇਰੀ ਵਾਲਾ ਸੁਭਾ ਤਿਆਗਣਾ ਹੁੰਦਾ ਹੈ । ਨਿਰਮਤਾ, ਸਹਿਨਸ਼ੀਲਤਾ, ਖਿਮਾ, ਜਿਹੇ ਗੁਣ ਪੈਦਾ ਹੋ ਜਾਣ ਨਾਲ ਉਚੀ ਆਤਮਕ ਅਵਸਤਾ ਵਾਲਾ ਅਥਵਾ ਸੁੱਚੇ ਆਚਰਨ ਵਾਲਾ ਜੀਵਨ ਬਣ ਜਾਂਦਾ ਹੈ । ਮਨੁੱਖ ਸੰਸਾਰੀ ਦੁਖਾਂ ਵਲੋਂ ਨਿਰਭਉ ਹੋ ਜਾਂਦਾ ਹੈ । ਹਰ ਥਾਂ ਹਰ ਪਾਸੇ ਸੱਜਣ ਹੀ ਸੱਜਣ ਨਜ਼ਰ ਆਉਣ ਲੱਗ ਪੈਂਦੇ ਹਨ । ਮਨੁੱਖ ਨਿਰਭਉ ਦੇ ਨਾਲ ਨਿਰਵੈਰ ਜੀਵਨ ਵਾਲਾ ਵੀ ਬਣ ਜਾਂਦਾ ਹੈ । ਪਰਮ-ਜੋਤਿ ਪਰਮਾਤਮਾ ਨਾਲ ਅਜੇਹਾ ਸੰਬੰਧ ਬਣਾਉਣ ਲਈ ਸਤਿਗੁਰਾਂ ਨੇ ਮਨੁੱਖ ਨੂੰ ਸਭ ਦੀ ਚਰਨ ਧੂੜ ਬਣ ਜਾਣ ਦੀ ਸ਼ਰਤ ਲਾਈ ਹੈ । ਮਨੁੱਖ ਦੇ ਅੰਦਰੋਂ ਦੁਖਦਾਈ ਹਉਮੈ ਦੂਰ ਕਰਨ ਲਈ ਉਸ ਮਿੱਟੀ ਦਾ ਚੇਤਾ ਵੀ ਕਰਾਇਆ ਹੈ ਜਿਸ ਵਿਚ ਅੰਤ ਨੂੰ ਮਨੁੱਖਾ ਸਰੀਰ ਨੇ ਰਲ ਜਾਣਾ ਹੁੰਦਾ ਹੈ-

੪੪- **ਫ਼ਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨਾ ਕੋਇ ॥ ਜੀਵਦਿਆ ਪੈਰਾ ਤਲੈ, ਮੁਇਆ ਉਪਰਿ ਹੋਇ ॥ ੧੭ ॥**[੧੩੭੮]

੪੫- **ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲੇਛੇ ॥** [ਢੀਂਢੇ--ਨੀਚ । ਢੀਮ--ਮਿੱਟੀ ਦਾ ਢੇਲਾ]

**ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ ॥ ੪ ॥**[੧੧੭੮]-੨-੪

**ਅਰਥ**:--ਹੇ ਹਰੀ ! ਅਸੀ ਜੀਵ ਨੀਚ ਹਾਂ, ਅਸੀਂ ਮਿੱਟੀ ਦੀ ਢੀਮ (ਵਾਂਗ ਨਿਕੰਮੇ-ਮੂਰਖ ਅਤੇ ਲਾਵਾਰਸ) ਹਾਂ, ਅਸੀਂ ਪਾਪਾਂ ਦੇ ਭਾਰ ਨਾਲ ਦੱਬੇ ਪਏ ਹਾਂ । ਹੇ ਹਰੀ ! ਮਿਹਰ ਕਰ, ਸਾਨੂੰ ਮਿਲ । (ਗੁਰੂ ਰਾਮਦਾਸ ਦੀ ਦਾ ਫ਼ੁਰਮਾਨ--) ਪ੍ਰਭੂ ਦਇਆਵਾਨ ਹੋਇਆ, ਸਾਨੂੰ ਗੁਰੂ ਮਿਲ ਪਿਆ, (ਗੁਰੂ ਨੇ) ਸਾਨੂੰ ਵਿਕਾਰੀਆਂ ਤੋਂ ਪਵਿੱਤ੍ਰ ਬਣਾ ਦਿੱਤਾ ।

ਅਤਿਅੰਤ ਦਰਜੇ ਦੀ ਨਿਰਮਤਾ ਅਤੇ ਨਿਸ਼ਕਾਮ ਸੇਵਾ ਦਾ ਸਦਕਾ ਹੀ ਲਹਿਣਾ ਜੀ ਤੋਂ ਗੁਰੂ ਅੰਗਦ ਜੀ, (ਬਾਬਾ) ਅਮਰੂ (ਜੀ) ਤੋਂ ਸਤਿਗੁਰੂ ਅਮਰਦਾਸ ਜੀ ਅਤੇ ਜੇਠਾ (ਜੀ) ਤੋਂ ਗੁਰੂ ਰਾਮਦਾਸ ਜੀ ਬਣਦੇ ਰਹੇ । ਸ਼ਾਇਦ, ਸਤਿਗੁਰਾਂ ਦੇ ਏਸੇ ਉਪਦੇਸ਼ ਤੋਂ ਪ੍ਰੇਰਨਾ ਲੈ ਕੇ ਉਰਦੂ ਦੇ ਸ਼ਾਇਰ ਦਾ ਹਿਰਦਾ ਪੁਕਾਰ ਉਠਿਆ ਸੀ, ਕਿ--

**ਮਿਟਾ ਦੇ ਆਪਣੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ ।**
**ਕਿ ਦਾਨਾ ਖ਼ਾਕ ਮੇ ਮਿਲ ਕਰ ਗੁਲੋ ਗੁਲਜ਼ਾਰ ਹੋਤਾ ਹੈ ।**

ਸਰਬਤ ਦੇ ਚਰਨਾਂ ਦੀ ਧੂੜ, **ਪਰਮਾਤਮਾ ਦੇ ਚਰਨ ਹਨ** । ਇਸ ਲਈ, ਗੁਰਬਾਣੀ ਵਿਚ ਜਿਥੇ ਵੀ ਪ੍ਰਭੂ ਚਰਨਾਂ ਦਾ ਜ਼ਿਕਰ ਹੈ, ਸਮਝੋ ਕਿ ਸਤਿਗੁਰਾਂ ਦਾ ਉਪਦੇਸ਼, ਸਰਬੱਤ ਦੇ ਚਰਨਾਂ ਦੀ ਧੂੜ ਬਣ ਕੇ, ਭਾਵ, ਪੂਰਨ ਤੌਰ ਤੇ ਆਪਾ-ਭਾਵ ਮਿਟਾ ਕੇ (ਹਰ ਪਰਕਾਰ ਦੀ ਹਉਮੈ ਹੰਕਾਰ ਤੋਂ ਰਹਿਤ ਹੋ ਕੇ) ਪੂਰਨ ਨਿਮਰਤਾ ਸਹਿਤ ਪ੍ਰਭੂ ਦੀ ਸਦੀਵੀ ਯਾਦ ਨਾਲ ਮਨ ਜੁੜਨ ਦਾ ਹੁਕਮ ਹੈ ।

## ਸਤਿਗੁਰਾਂ ਦੇ ਚਰਨ--

੪੬- **ਮਹਾ ਅਨੰਦ ਮੰਗਲ ਰੂਪ, ਤੁਮਰੇ ਬਚਨ ਅਨੂਪ ਰਸਾਲ ॥**

**ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥ ੨ ॥**[੬੮੦]-੭-੩੮

ਅਰਥ:--ਪੰਚਮ ਪਾਤਿਸ਼ਾਹ--ਗੁਰਦੇਵ ਜੀ ਦਾ ਫ਼ੁਰਮਾਨ ਹੈ (ਹੇ ਭਾਈ ! ਇਹ ਗੱਲ ਘੁੱਟ ਕੇ) ਪੱਲੇ ਬੰਨ੍ਹ ਲਵੋ ਕਿ, ਅਤਿਅੰਤ ਨਿਮਰਤਾ-ਭਾਵ ਨਾਲ ਸਤਿਗੁਰਾਂ ਦਾ ਸ਼ਬਦ-ਉਪਦੇਸ਼ ਹਿਰਦੇ ਵਿਚ ਵਸਾਉਣਾ ਹੀ ਸਤਿਗੁਰੂ ਦੇ ਚਰਨ (ਹਿਰਦੇ ਵਿਚ ਵਸਾਉਣੇ ਹੁੰਦੇ ) ਹਨ । (ਪ੍ਰਭੂ ਦੀਆਂ ਵਡਿਆਈਆਂ ਦ੍ਰਿੜ ਕਰਾਉਣ ਵਾਲੇ ਸਤਿਗੁਰਾਂ ਦੇ ਬਚਨ ਇਹ ਕਹਿਣ ਜੋਗਾ ਗੁਰਸਿੱਖ ਨੂੰ ਬਣਾ ਦਿੰਦੇ ਹਨ ਕਿ) ਹੇ ਪ੍ਰਭੂ ! ਤੂੰ ਆਨੰਦ-ਸਰੂਪ ਹੈਂ, ਤੂੰ ਮੰਗਲ-ਰੂਪ ਹੈਂ (ਆਨੰਦ ਹੀ ਆਨੰਦ, ਖ਼ੁਸ਼ੀ ਹੀ ਖ਼ੁਸ਼ੀ ਤੇਰਾ ਵਜੂਦ ਹੈ) । ਹੇ ਪ੍ਰਭੂ ਤੇਰੀ ਸਿਫ਼ਤਿ-ਸਾਲਾਹ ਦੀ ਬਾਣੀ ਸੁੰਦਰ ਹੈ ਅਤੇ ਰਸੀਲੀ ਹੈ । ੨ ।

**ਆਪਣੀ** ਮਤਿ ਤਿਆਗ ਕੇ ਪੂਰੀ ਨਿਮਰਤਾ ਨਾਲ ਗੁਰੂ ਦੇ ਸ਼ਬਦ-ਗਿਆਨ ਨੂੰ ਹਿਰਦੇ ਵਿਚ ਦ੍ਰਿੜ ਕਰਨਾ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਣਾ ਹੀ ਗੁਰੂ ਦੇ ਚਰਨਾ ਦਾ ਧਿਆਨ ਹੈ, ਏਹੀ ਗੁਰੂ ਦੇ ਚਰਨ ਧੋਣਾ ਹੈ ਅਤੇ ਏਹੀ ਹੈ ਗੁਰੂ ਦੇ ਚਰਨ-ਧੂੜ ਦਾ ਇਸ਼ਨਾਨ ।

੪੭- **ਪੈ ਪਾਇ ਮਨਾਈ ਸੋਇ ਜੀਉ ॥ ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡ ਅਵਰੁ**
**ਨ ਕੋਇ ਜੀਉ ॥ ੧ ॥ ਰਹਾਉ ॥ ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ**
**ਮਿਠੜਾ ॥ ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥ ੧ ॥**[੭੩]-੨-੨੯

੪੮- **ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥**
**ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ ॥ ੧ ॥** [੫੧੯]-ਵਾਰ-੭

[ਚਰਨਾਂ ਨਾਲ ਸੰਬੰਧਤ ੩੯੩ ਹੋਰ ਗੁਰੂ ਸ਼ਬਦਾਂ ਦੀ ਸੂਚੀ ਮਿਲ ਚੁੱਕੀ ਹੈ।

**ਫ਼ੀਦਾ ਸੋਈ ਸਰਵਰ ਢੂਢਿ ਲਹੁ ਜਿਥਹੁ ਲਭੀ ਵਥੁ ॥**
**ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ ੫੩ ॥**

# ਸਤਵਾਂ ਕਾਂਡ

੧

# ਜੀਵ ਇਸਤ੍ਰੀ

ਪਰਮਾਤਮਾਂ ਨੂੰ " ਦੇਵੀ-ਰੂਪ " ਭਾਵ ਇਸਤ੍ਰੀ ਦੇ ਰੂਪ ਵਿਚ ਵੇਖਣ ਵਾਲੇ ਬਿੱਪ੍ਰ ਨੂੰ ਛੱਡ ਕੇ ਭਾਰਤ ਵਿਚਲੇ ਬਾਕੀ ਲਗ ਪਗ ਸਾਰੇ ਪ੍ਰਭੂ-ਭਗਤਾਂ ਨੇ ਆਪਣੇ ਆਪ ਨੂੰ ਇਸਤ੍ਰੀ ਅਤੇ ਪਰਮਾਤਮਾਂ ਨੂੰ ਪਤੀ ਦੇ ਰੂਪ ਵਿਚ ਚਿਤਵਿਆ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਜਗਤ-ਆਖਾੜੇ ਵਿਚ, ਉੱਚਾ ਆਤਮਕ ਜੀਵਨ ਨਿਭਾਉਣ ਵਾਲੇ ਉੱਤਮ ਪੁਰਖਾਂ ਨੂੰ, ਪਤਨੀ ਦਾ ਆਪਣੇ ਪਤੀ ਲਈ ਪਿਆਰ, ਪਤੀ ਦੇ ਵਿਯੋਗ ਵਿਚ

ਪਤਨੀ ਦਾ ਲੁੱਛਣਾ ਅਥਵਾ ਪਤੀ ਦੇ ਵਿਛੋੜੇ ਦੇ ਸੱਲ ਵਿਚ ਬਿਹਬਲ ਹੋਣਾ, ਅਤੇ ਫਿਰ ਪਤੀ ਦਾ ਹੁਕਮ ਮੰਨਣ ਵਿਚ ਤਤਪਰ ਰਹਿਣਾ--ਬੜਾ ਭਾਇਆ । ਸੋ ਉਨ੍ਹਾਂ ਭਗਤਾਂ ਨੇ ਪ੍ਰਭੂ ਨੂੰ ਪਤੀ ਮੰਨ ਕੇ ਆਪਣੇ ਆਪ ਨੂੰ ਪ੍ਰਭੂ ਦੀ ਇਸਤ੍ਰੀ ਦੇ ਰੂਪ ਵਿਚ ਚਿਤਵਿਆ ।

**ਸ਼ੇਖ਼ ਫ਼ਰੀਦ ਸਾਹਿਬ ਜੀ**---

੧- **ਅਜੁ ਨ ਸੁਤੀ ਕੰਤ ਸਿਉ, ਅੰਗੁ ਮੁੜੇ ਮੁੜਿ ਜਾਇ ॥ ਜਾਇ ਪੁਛਹੁ ਡੋਹਾਗਣੀ, ਤੁਮ ਕਿਉ ਰੈਣਿ ਵਿਹਾਇ ॥ ੩੦ ॥**[੧੩੭੯]

**ਅਰਥ:**--ਮੈਂ (ਤਾਂ ਕੇਵਲ) ਅੱਜ ਹੀ ਪਿਆਰੇ ਨਾਲ ਨਹੀਂ ਸੁੱਤੀ (ਭਾਵ, ਮੈਂ ਤਾਂ ਕੇਵਲ ਅੱਜ ਹੀ ਪਿਆਰੇ ਪਤੀ-ਪਰਮਾਤਮਾ ਵਿਚ ਲੀਨ ਨਹੀਂ ਹੋਈ, ਤੇ ਹੁਣ) ਇਉਂ ਹੈ ਜਿਵੇਂ ਮੇਰਾ ਸਰੀਰ ਟੁੱਟ ਰਿਹਾ ਹੈ । ਜਾ ਕੇ ਛੁੱਟੜਾਂ (ਮੰਦ-ਭਾਗਣਾ) ਨੂੰ ਪੁਛੋ ਕਿ ਤੁਹਾਡੀ ਸਦਾ ਹੀ ਰਾਤ ਕਿਵੇ ਬੀਤਦੀ ਹੈ (ਭਾਵ, ਮੈਨੂੰ ਤਾਂ ਅੱਜ ਹੀ ਥੋੜਾ ਚਿਰ ਪ੍ਰਭੂ ਵਿੱਸਰਿਆ ਹੈ ਤੇ ਮੈਂ ਦੁਖੀ ਹਾਂ, ਜਿੰਨ੍ਹਾਂ ਕਦੇ ਵੀ ਉਸ ਨੂੰ ਯਾਦ ਨਹੀਂ ਕੀਤਾ, ਉਨ੍ਹਾਂ ਦੀ ਤਾਂ ਸਾਰੀ ਉਮਰ ਹੀ ਦੁਖੀ ਗੁਜ਼ਰਦੀ ਹੋਵੇਗੀ) । ੩੦ ।

੨- **ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥ ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥ ੩੧ ॥**[੧੩੭੯]

**ਅਰਥ:**--ਜਿਸ ਇਸਤ੍ਰੀ ਦੀ ਮਾੜੀ ਜਿਹੀ ਵਾਤ ਵੀ ਪਤੀ ਨਹੀਂ ਪੁੱਛਦਾ, ਉਹ ਆਪਣਾ ਨਾਮ ਬੇਸ਼ੱਕ ਸੁਹਾਗਣ ਰੱਖੀ ਫਿਰੇ, ਪਰ ਉਸ ਨੂੰ ਨਾ ਸਹੁਰੇ ਘਰ ਤੇ ਨਾ ਹੀ ਪੇਕੇ ਘਰ ਕੋਈ ਆਸਰਾ ਮਿਲਦਾ ਹੈ [ਭਾਵ, ਪ੍ਰਭੂ ਦੀ ਯਾਦ ਤੋਂ ਖੁੰਝੇ ਹੋਏ ਜੀਵ ਲੋਕ (-ਪੇਕੇ ਘਰ, ਇਸ ਲੋਕ ਵਿਚ, ਸੰਸਾਰੀ ਜਿੰਦਗੀ ਵਿਚ) ਪਰਲੋਕ (ਪ੍ਰਭੂ ਦੀ ਹਜ਼ੂਰੀ ਵਿਚ, ਅਗਲੀ ਦੁਨੀਆ, ਮਰਨ ਤੋਂ ਬਾਅਦ ਦੀ ਹਾਲਤ) ਦੋਹੀ ਥਾਈਂ ਖ਼ੁਆਰ ਹੁੰਦੇ ਹਨ, ਬਾਹਰੋਂ ਬੰਦਗੀ ਵਾਲਾ ਵੇਸ, ਵਿਖਾਂਵੇ ਵਾਲਾ ਫ਼ਕੀਰੀ ਭੇਖ, ਸਹੈਤਾ ਨਹੀਂ ਕਰ ਸਕਦਾ ]

ਫ਼ਰੀਦ ਸਾਹਿਬ ਨੇ ਇਸ ਸਲੋਕ ਵਿਚ ਦੱਸਿਆ ਹੈ ਕਿ ਜੇ ਖਸਮ ਕਦੇ ਖ਼ਬਰ ਹੀ ਨਾ ਪੁੱਛੇ ਤਾਂ ਨਿਰਾ ਨਾਮ ਹੀ ' ਸੋਹਾਗਣ ' ਰੱਖ ਲੈਣਾ ਕਿਸੇ ਕੰਮ ਨਹੀਂ । ਪਰ ਉਨ੍ਹਾਂ ਨੇ ਸੁਹਾਗਣ ਦੇ ਅਸਲ ਲੱਛਣ ਨਹੀਂ ਦੱਸੇ । ਇਸ ਕਮੀ ਨੂੰ ਪੂਰਾ ਕਰਨ ਲਈ ਪੰਚਮ ਪਾਤਿਸ਼ਾਹ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸਲੋਕ ਵੀ ਨਾਲ ਹੀ ਲਿਖ ਦਿੱਤਾ, ਜੋ ਇਸ ਪ੍ਰਕਾਰ ਹੈ:---

੩- **ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥**

**ਨਾਨਕ ਸੋ ਸੋਹਾਗਣੀ, ਜੁ ਭਾਵੈ ਬੇਪਰਵਾਹ ॥ ੩੨ ॥**[੧੩੭੯]

**ਅਰਥ:**--ਖ਼ਸਮ ਪਰਮਾਤਮਾ ਜੀਵ ਦੀ ਪਹੁੰਚ ਤੋਂ ਪਰੇ ਹੈ, ਤੇ ਬਹੁਤ ਡੂੰਘਾ ਹੈ (ਭਾਵ, ਉਹ ਇਤਨਾ ਜਿਗਰੇ ਵਾਲਾ ਹੈ ਕਿ ਭੁੱਲੜਾਂ ਉਤੇ ਵੀ ਗੁੱਸੇ ਨਹੀਂ ਹੁੰਦਾ, ਪਰ) ਸੋਹਾਗਣ (ਜੀਵ-ਇਸਤ੍ਰੀ) ਉਹੀ ਹੈ ਜੋ ਉਸ ਬੇ-ਪਰਵਾਹ ਪ੍ਰਭੂ ਨੂੰ ਪਿਆਰੀ ਲੱਗਦੀ ਹੈ, ਜੋ ਇਸ ਲੋਕ ਤੇ ਪਰਲੋਕ ਵਿਚ ਉਸ ਖ਼ਸਮ ਦੀ ਬਣ ਕੇ ਰਹਿੰਦੀ ਹੈ । ੩੨ ।

੪- **ਨਾਤੀ ਧੋਤੀ ਸੰਬਹੀ, ਸੁਤੀ ਆਇ ਨਚਿੰਦੁ ॥**

**ਫਰੀਦਾ ਰਹੀ ਸੁ ਬੇੜੀ ਹਿੰਙੁ ਦੀ, ਗਈ ਕਥੂਰੀ ਗੰਧੁ ॥ ੩੩ ॥**[੧੩੭੯]

**ਅਰਥ:**--(ਜੇ ਜੀਵ ਇਸਤ੍ਰੀ) ਨ੍ਹਾ ਧੋ ਕੇ (ਪਤੀ ਮਿਲਣ ਦੀ ਆਸ ਵਿਚ ਸਾਰੇ ਅਡੰਬਰ ਕਰ ਕੇ) ਤਿਆਰ ਹੋ ਬੈਠੇ, (ਪਰ ਫਿਰ) ਬੇ-ਫ਼ਿਕਰ ਹੋ ਕੇ ਸਉਂ ਗਈ, ਹੇ ਫ਼ਰੀਦ ! ਉਸ ਦੀ ਕਸਤੂਰੀ ਵਾਲੀ ਸੁਗੰਧ ਤਾਂ ਉ ੱਡ ਗਈ, ਉਹ ਹਿੰਙ ਦੀ (ਬੋ ਨਾਲ) ਭਰੀ ਰਹਿ ਗਈ, (ਭਾਵ, ਜੇ ਬਾਹਰਲੇ ਧਾਰਮਿਕ ਸਾਧਨ ਕਰ ਲਏ, ਪਰ ਸਿਮਰਨ ਤੋਂ ਖੁੰਝੇ ਰਹੇ ਤਾਂ ਭਲੇ ਗੁਣ ਸਭ ਦੂਰ ਜਾਂਦੇ ਹਨ, ਤੇ ਪੱਲੇ ਅਉਗਣ ਹੀ ਰਹਿ ਜਾਂਦੇ ਹਨ । ਇਸ਼ਾਰਾ ਇਹ ਹੈ ਕਿ, ਵਿਖਾਵੇ ਵਾਲੇ ਧਰਮ-ਕਰਮ ਹੰਕਾਰ ਪੈਦਾ ਕਰਦੇ ਹਨ । ਅਤੇ ਹੰਕਾਰ ਸ਼ੁਭ ਗੁਣਾ ਦਾ ਨਾਸ ਕਰਦਾ ਹੈ ਅਤੇ ਪ੍ਰਭੂ ਤੋਂ ਵਿਥ ਵਧਾਉਂਦਾ ਹੈ) । ੩੩ ।

੫- **ਕਵਣੁ ਸੁ ਅਖਰੁ, ਕਵਣੁ ਗੁਣੁ, ਕਵਣੁ ਸੁ ਮਣੀਆ ਮੰਤੁ ॥**

**ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੈ ਕੰਤੁ ॥ ੧੨੬ ॥**[੧੩੮੪]

**ਅਰਥ:**--(ਹੇ ਭੈਣੇ !) ਉਹ ਕਿਹੜਾ ਅੱਖਰ ਹੈ ? ਉਹ ਕਿਹੜਾ ਗੁਣ ਹੈ ? ਉਹ ਕਿਹੜਾ ਸ਼ਰੋਮਣੀ ਮੰਤਰ ਹੈ ? ਉਹ ਕਿਹੜਾ ਵੇਸ ਮੈਂ ਕਰਾਂ ਜਿਸ ਨਾਲ ਮੇਰਾ ਖਸਮ ਮੇਰੇ ਵੱਸ ਵਿਚ ਆ ਜਾਏ ? ( ਭਾਵ, ਮੈਂ ਸੰਸਾਰ ਵਿਚ ਕਿਹੋ ਜਿਹੀ ਬੋਲੀ ਬੋਲਿਆ ਕਰਾਂ, ਕਿਹੜਾ ਗੁਣ ਧਾਰਨ ਕਰਾਂ, ਅਤੇ ਅਜੇਹਾ ਕਿਹੜਾ ਸ਼ਰੋਮਣੀ ਮੰਤ੍ਰ ਹੈ ਅਤੇ ਉਹ ਕਿਹੜਾ ਪਹਿਰਾਵਾ ਹੈ, ਜਿਸ ਨਾਲ ਮੈਂ ਪ੍ਰਭੂ ਪਤੀ ਨੂੰ ਵੱਸ ਵਿਚ ਕਰ ਸਕਾਂ ) । ੧੨੬ ।

੬- **ਨਿਵਣੁ ਸੁ ਅੱਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥**

**ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ ॥ ੧੨੭]** [੧੩੮੪]

**ਅਰਥ:**--ਹੇ ਭੈਣੇ ! ਨਿਉਣਾ, (ਭਾਵ ਨਿਮਰਤਾ ਵਾਲਾ ਸੁਭਾਵ) ਅੱਖਰ ਹੈ, (ਕਿਸੇ ਦੀ ਵਧੀਕੀ) ਸਹਾਰਨਾ (ਭਾਵ, ਖਿਮਾ) ਗੁਣ ਹੈ, ਅਤੇ ਮਿੱਠਾ ਬੋਲਣਾ (ਭਾਵ, ਸ਼ਬਦਾਂ ਦੁਆਰਾ ਵੀ, ਕਿਸੇ ਦਾ ਦਿਲ ਦੁਖੀ ਨਾ ਕਰਨਾ) ਸ਼ਰੋਮਣੀ ਮੰਤਰ ਹੈ । ਜੇ ਇਹ ਤਿੰਨ ਵੇਸ ਕਰ ਲਵੇਂ ਤਾਂ (ਤੇਰਾ ) ਖ਼ਸਮ ਤੇਰੇ ਵੱਸ ਵਿਚ ਆ ਜ਼ਾਏਗਾ । ੧੨੬ ।

ਅੱਗੇ ਚਲਣ ਤੋਂ ਪਹਿਲਾਂ ਇੱਕ ਕੋੜਾ ਭੁਲੇਖਾ ਦੂਰ ਕਰ ਲਈਏ--

ਉਪ੍ਰੋਕਤ ਦੋਹਾਂ ਪਾਵਨ ਸਲੋਕਾਂ ਵਿਚਲੇ, ਪ੍ਰਭੂ ਮਿਲਾਪ ਦੀ ਜਾਚ ਸਿਖਾਉਣ ਵਾਲੇ ਕੀਮਤੀ ਉਪਦੇਸ਼ ਨੂੰ ਅੱਜ, ਲਗ-ਪਗ ਸਾਰੇ ਸਿੱਖ ਜਗਤ ਨੇ, ਕੇਵਲ ਵਿਆਹੀ ਜਾਣ ਵਾਲੀ ਬੀਬੀ ਲਈ ਹੀ ਨਿਸਚਤ ਕਰ ਦਿੱਤਾ ਹੋਇਆ ਹੈ । ਇਸ ਗੱਲ ਵਿਚ ਕੋਈ ਸੰਦੇਹ ਨਹੀਂ ਹੈ, ਕਿ ਸਹਨ-ਸ਼ੀਲਤਾ ਅਤੇ ਖਿਮਾ ਦਾ ਗੁਣ, ਗ੍ਰਿਹਸਤੀ ਜੀਵਨ ਨੂੰ ਸੁਖੀ ਬਣਾਉਂਦਾ ਹੈ । ਪਰ ਇਸ ਸਦੀਵੀ ਸਚਾਈ ਨੂੰ ਭੁੱਲ ਜਾਣਾ ਗੁਰਮੁਖਤਾਈ ਨਹੀਂ ਹੈ, ਕਿ ਜਗਤ-ਗੁਰੂ-ਬਾਬਾ ਜੀ ਦਾ ਉਪਦੇਸ਼, ਕੇਵਲ ਕਿਸੇ ਖ਼ਾਸ ਫ਼ਿਰਕੇ ਲਈ ਹੀ ਨਹੀਂ ਸਗੋਂ ਸਾਰੇ ਜਗਤ ਦੀ ਕਲਿਆਨ ਵਾਸਤੇ ਹੈ । ਸਾਰੇ ਸੰਸਾਰ ਨੂੰ ਆਪਣੀ ਪਿਆਰਾਂ ਭਰੀ ਬੁੱਕਲ ਵਿਚ ਸਾਂਭੀ ਬੈਠੇ, ਗੁਰਮਤਿ-ਉਪਦੇਸ਼ ਦਾ ਘੇਰਾ ਛੋਟਾ ਕਰਕੇ, ਉਸ ਨੂੰ ਕੇਵਲ ਵਿਆਹ ਵਾਲੇ ਦਿੱਨ ਲਈ ਹੀ ਮਿਥ ਲੈਣਾ, ਵਡੀ ਬਦਕਿਸਮਤੀ ਹੈ । ਮਨੁੱਖ ਮਾਤ੍ਰ ਦੀ ਕਲਿਆਣ-ਕਾਰੀ ਗੁਰਬਾਣੀ ਨੂੰ ਕੇਵਲ ਬੀਬੀ ਨੂੰ ਹੀ ਦਿੱਤੀ ਜਾਣ ਵਾਲੀ ਸਿਖਿਆ ਸਮਝ ਲੈਣਾ, ਸਤਿਗੁਰਾਂ ਦੀ ਬਾਣੀ ਦੀ ਘੋਰ ਨਿਰਾਦਰੀ ਹੈ । ਗੁਰਬਾਣੀ ਦੇ ਅਸਲ ਭਾਵ ਨੂੰ ਸਮਝਣ ਵਿਚ ਭੁਲੇਖੇ ਤਦ ਹੀ ਖਾਈਦੇ ਹਨ ਜਦ ਗੁਰਮਤਿ ਸਿਧਾਂਤ ਦੀ ਖੰਡਨਾ ਦੀ ਪਰਵਾਹ ਨਾ ਕਰਕੇ, ਅਸੀਂ ਆਪਣੀ ਮਰਜ਼ੀ ਦੇ ਅਰਥਾਂ ਨੂੰ ਠੀਕ ਮੰਨ ਬੈਠਦੇ ਹਾਂ । ਭੁਲੇਖਾ ਦੂਰ ਕਰਨ ਲਈ ਗੁਰਬਾਣੀ ਸੰਗ੍ਰਹ ਨੂੰ ਹੋਰ ਵਿਚਾਰ ਲੈਣਾ ਚਾਹੀਦਾ ਹੈ । ਅੱਗਲੇ ਹੀ ਦੋ ਸਲੋਕਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਫ਼ਰੀਦ ਸਾਹਿਬ ਦਾ ਉਪਦੇਸ਼, ਕੇਵਲ ਬੀਬੀਆਂ ਲਈ ਹੀ ਨਹੀਂ ਹੈ ਸਗੋਂ ' ਮਨੁੱਖ ਮਾਤ੍ਰ ' ਲਈ ਹੈ:--

੭- **ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥**

**ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ ੧੨੮ ॥**[੧੩੮੪]

**ਅਰਥ:**--(ਜੋ ਮਨੁੱਖ) ਅਕਲ ਹੁੰਦਿਆਂ ਅੰਞਾਣਾ ਬਣੇ (ਭਾਵ, ਅਕਲ ਦੇ ਤ੍ਰਾਣ ਦੂਜਿਆਂ ਤੇ ਕੋਈ ਦਬਾਉ ਨ ਪਾਏ), ਜ਼ੋਰ ਹੁੰਦਿਆਂ ਕਮਜ਼ੋਰਾਂ ਵਾਂਗ ਜੀਵੇ ( ਭਾਵ, ਕਿਸੇ ਉਤੇ ਧੱਕਾ ਨਾ ਕਰੇ), ਜਦੋਂ ਕੁਝ ਵੀ ਦੇਣ ਜੋਗਾ ਨਾ ਹੋਵੇ, ਤਦੋਂ ਆਪਣਾ ਆਪ (ਭਾਵ, ਆਪਣਾ ਹਿੱਸਾ ਬਹੁਤੀ ਲੋੜ ਵਾਲੇ ਲੋੜਵੰਦਾਂ ਵਿਚ) ਵੰਡ ਦੇਵੇ, ਕਿਸੇ ਅਜੇਹੇ ਮਨੁੱਖ ਨੂੰ ਹੀ ਭਗਤ ਆਖਣਾ ਚਾਹੀਦਾ ਹੈ । ੧੨੮ ।

੮- **ਇਕੁ ਫਿਕਾ ਨਾ ਗਾਲਾਇ, ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥ ੧੨੯ ॥**[੧੩੮੪]

**ਅਰਥ:**--ਇੱਕ ਵੀ ਫਿੱਕਾ ਬਚਨ ਨਾ ਬੋਲੋ (ਕਿਉਂਕਿ) ਸਭ ਵਿਚ ਸੱਚਾ ਮਾਲਕ (ਵੱਸ ਰਿਹਾ ਹੈ) ਕਿਸੇ ਦਾ ਵੀ ਦਿਲ ਨਾ ਦੁਖਾਉ (ਕਿਉਂਕਿ ਸਾਰਿਆਂ ਦੇ ਅੰਦਰ ਪ੍ਰਭੂ ਬੈਠਾ ਹੋਣ ਕਰਕੇ) ਇਹ ਸਾਰੇ (ਜੀਵ) ਅਮੋਲਕ ਮੋਤੀ ਹਨ । ੧੨੯।

[**ਜ਼ਰੂਰੀ ਨੋਟ:**--ਇਸ ਪੁਸਤਕ ਦੇ ਅਰੰਭ ਤੋਂ ਹੀ ਬਾਰ ਬਾਰ ਲਿਖਿਆ ਜਾ ਰਿਹਾ ਹੈ, ਕਿ ਜਦੋਂ ਹੀ ਕਿਸੇ ਅਰਥ ਨਾਲ ਗੁਰਮਤਿ ਦੇ ਕਿਸੇ ਵੀ ਸਿਧਾਂਤ ਦੀ ਖੰਡਨਾਂ ਦਾ ਸ਼ੱਕ ਪੈ ਜਾਵੇ ਤਾਂ ਗੁਰੂ ਬਾਣੀ ਹੋਰ ਅੱਗੇ ਪੜ੍ਹੋ ਅਤੇ ਸੁਹਿਦਤਾ ਵਾਲੀ ਬਿਬੇਕਤਾ ਨਾਲ ਵਿਚਾਰੋ । ਜਿੰਨਾਂ ਚਿਰ ਗੁਰਮਤਿ-ਸਿਧਾਂਤ ਦੇ ਅਨਕੂਲ, ਅਸਲ ਭਾਵ ਸਪੱਸ਼ਟ ਨਾ ਹੋ ਜਾਵੇ, ਆਪਣੇ ਕੀਤੇ ਉਸ ਅਰਥ ਨੂੰ ਠੀਕ ਕਦੇ ਨਾ ਮੰਨੋ ]

## ਕਬੀਰ ਸਾਹਿਬ ਜੀ---

ਯਾਦ ਰਹੇ ਕਿ ਫ਼ਰੀਦ ਸਾਹਿਬ ਗੁਰੂ ਨਾਨਕ ਜੀ ਤੋਂ ਕਰੀਬ ੩੦੦ ਸਾਲ ਪਹਿਲਾਂ ਹੋਏ ਹਨ, ਕਬੀਰ ਸਾਹਿਬ ਅਤੇ ਭਗਤਿ ਰਵਿਦਾਸ ਜੀ ਵੀ ਸਤਿਗੁਰਾਂ ਤੋਂ ਪਹਿਲਾਂ ਹੋ ਗੁਜ਼ਰੇ ਸਨ । ਜੀਵ-ਇਸਤ੍ਰੀ ਬਾਰੇ ਕਬੀਰ ਸਾਹਿਬ ਦੀ ਬਾਣੀ ਇਸ ਪ੍ਰਕਾਰ ਹੈ : --

੯- **ਸਸਾ ਸੋ ਸਹ ਸੇਜ ਸਵਾਰੇ ॥ ਸੋਈ ਸਹੀ ਸੰਦੇਹ ਨਿਵਾਰੈ ॥**
**ਅਲਪ ਸੁਖ ਛਾਡਿ, ਪਰਮ ਸੁਖੁ ਪਾਵਾ ॥ ਤਬ ਇਹ ਤ੍ਰੀਅ ਓੁਹੁ ਕੰਤੁ ਕਹਾਵਾ ॥ ੪੧ ॥**[੩੪੨]

**ਅਰਥ:**--ਜਿਹੜੀ (ਜੀਵ-ਇਸਤ੍ਰੀ ਦੁਨੀਆ ਵਾਲੇ) ਹੋਛੇ ਸੁਖ ਛੱਡ ਕੇ (ਪ੍ਰਭੂ ਦੇ ਪਿਆਰ ਦਾ) ਸਭ ਤੋਂ ਉ ੱਚਾ ਸੁਖ ਹਾਸਲ ਕਰਦੀ ਹੈ, ਉਹ ਖ਼ਸਮ-ਪ੍ਰਭੂ ਦੀ (ਆਪਣੀ ਹਿਰਦਾ-ਰੂਪ) ਸੇਜ ਸਵਾਰਦੀ ਹੈ । ਉਹੀ (ਜੀਵ-) ਸਹੀ ( ਭਾਵ, ਉਹੀ ਜੀਵ-ਸਖੀ ਆਪਣੇ ਮਨ ਦੇ ) ਸੰਸੇ ਦੂਰ ਕਰਦੀ ਹੈ । (ਇਸ ਅਵਸਥਾ ਦੇ ਬਣਿਆਂ ਹੀ ਅਸਲੀ ਭਾਵ ਵਿਚ) ਇਹ ਪ੍ਰਭੂ ਦੀ ਇਸਤ੍ਰੀ, ਤੇ ਉਹ (ਪ੍ਰਭੂ ਜੀਵ ਇਸਤ੍ਰੀ ਦਾ) ਖਸਮ ਅਖਵਾਉਂਦਾ ਹੈ । ੪੧ ।

੧੦- **ਪੇਵਕੜੈ ਦਿਨ ਚਾਰਿ ਹੈ, ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥ ੧ ॥ ਕਹੁ ਡਡੀਆ ਬਾਧੈ ਧਨ ਖੜੀ ॥ ਪਾਹੂ ਘਰਿ ਆਏ ਮੁਕਲਾਊ ਆਏ ॥ ੧ ॥ ਰਹਾਉ ॥ ਓਹ ਜਿ ਦਿਸੈ ਖੂਹੜੀ, ਕਉਨ ਲਾਜੁ ਵਹਾਰੀ ॥ ਲਾਜੁ ਘੜੀ ਸਿਉ ਤੂਟਿ ਪੜੀ ਉਠਿਚਲੀ ਪਨਿਹਾਰੀ ॥ ੨ ॥ ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ, ਅਪਨਾ ਕਾਰਜੁ ਸਵਾਰੇ ॥ ਤਾ ਸੋਹਾਗਣਿ ਜਾਣੀਐ, ਗੁਰ ਸਬਦੁ ਬੀਚਾਰੇ ॥ ੩ ॥ ਕਿਰਤ ਕੀ ਬਾਂਧੀ ਸਭ ਫਿਰੈ, ਦੇਖਹੁ ਬੀਚਾਰੀ ॥ ਏਸ ਨੋ ਕਿਆ ਆਖੀਐ, ਕਿਆ ਕਰੇ ਵਿਚਾਰੀ ॥ ੪ ॥ ਭਈ ਨਿਰਾਸੀ ਉਠਿ ਚਲੀ, ਚਿਤ ਬੰਧਿ ਨ ਧੀਰਾ ॥ ਹਰਿ ਕੀ ਚਰਣੀ ਲਾਗਿ ਰਹੁ, ਭਜੁ ਸਰਣਿ ਕਬੀਰਾ ॥ ੫ ॥**[੩੩੩-੩੪]-੬-੫੦

**ਅਰਥ:**--ਅੰਞਾਣ ਮੂਰਖ ਅੰਨ੍ਹਾ ਜਗਤ ਨਹੀਂ ਜਾਣਦਾ ਕਿ (ਜੀਵ-ਇਸਤ੍ਰੀ ਨੇ ਇਸ ਸੰਸਾਰ-ਰੂਪ) ਪੇਕੇ ਘਰ ਵਿਚ ਚਾਰ ਦਿਨ (ਭਾਵ, ਥੋੜੇ ਦਿਨ) ਹੀ ਰਹਿਣਾ ਹੈ, (ਹਰੇਕ ਨੇ ਪਰਲੋਕ-ਰੂਪ) ਸਹੁਰੇ ਘਰ (ਜ਼ਰੂਰ) ਜਾਣਾ ਹੈ । **੧** । ਦੱਸੋ ! (ਇਹ ਕੀ ਅਚਰਜ ਖੇਡ ਹੈ ?) ਮੁਕਲਾਵਾ ਲੈ ਜਾਣ ਵਾਲੇ ਪ੍ਰਾਹੁਣੇ (ਭਾਵ, ਜਿੰਦਗੀ ਦੀਆਂ ਅੰਤਮ ਘੜੀਆਂ, ਅਥਵਾ ਕਥਿਤ ਤੌਰ ਤੇ ਜਿੰਦ ਨੂੰ ਲੈ ਜਾਣ ਵਾਲੇ ਜਮ) ਘਰ ਵਿਚ ਆਏ ਬੈਠੇ ਹਨ, ਤੇ ਇਸਤ੍ਰੀ ਅਜੇ ਡਡੀਆ (ਭਾਵ, ਘਰ ਦੇ ਕੰਮ-ਕਾਜ ਕਰਨ ਵੇਲੇ ਬੰਨ੍ਹਣ ਵਾਲੀ ਅੱਧੀ ਧੋਤੀ) ਬੰਨ੍ਹੀ ਖਲੋਤੀ ਹੈ, ਅੰਧੜ ਵੰਜੇ ਹੀ ਫਿਰਦੀ ਹੈ, (ਭਾਵ, ਜੀਵ ਇਸਤ੍ਰੀ ਇਸ ਸੰਸਾਰ ਦੇ ਮੋਹ ਵਿਚ ਹੀ ਲਾ-ਪਰਵਾਹ ਹੈ) **। ਰਹਾਉ ।** ਇਹ ਜੋ ਸੁਹਣੀ ਖੂਹੀ ਦਿੱਸ ਰਹੀ ਹੈ (ਭਾਵ, ਇਹ ਜੋ ਸੁਹਣਾ ਜਗਤ ਦਿੱਸ ਰਿਹਾ ਹੈ) ਇਸ ਵਿਚ (ਜੀਵ-ਇਸਤ੍ਰੀ ਨੇ) ਕਿਹੜੀ ਲੱਜ (ਨਹੀਂ) ਵਹਾਈ ? (ਭਾਵ, ਇਥੇ ਜੋ ਵੀ ਆਉਂਦਾ ਹੈ, ਆਪਣੀ ਉਮਰ ਸੰਸਾਰਕ ਭੋਗਾਂ ਵਿਚ ਗੁਜ਼ਾਰਨ ਲੱਗ ਪੈਂਦਾ ਹੈ) । ਜਿਸ ਦੀ ਲੱਜ ਘੜੇ ਸਮੇਤ ਟੁੱਟ ਜਾਂਦੀ ਹੈ (ਭਾਵ, ਜਿਸ ਦੀ ਉਮਰ ਮੁੱਕ ਜਾਂਦੀ ਹੈ, ਤੇ ਸਰੀਰ ਢਹਿ ਪੈਂਦਾ ਹੈ) ਉਹ ਪਾਣੀ ਭਰਣ ਵਾਲੀ (ਭਾਵ, ਭੋਗਾਂ ਵਿਚ ਪ੍ਰਵਿਰਤ) ਇਥੋਂ ਉ ੱਠ ਕੇ (ਪਰਲੋਕ ਨੂੰ) ਤੁਰ ਪੈਂਦਾ ਹੈ **। ੨ ।** ਜੇ ਪ੍ਰਭੂ ਮਾਲਕ ਦਿਆਲ ਹੋ ਜਾਏ, (ਜੀਵ-ਇਸਤ੍ਰੀ ਉ ੱਤੇ) ਮਿਹਰ ਕਰੇ ਤਾਂ ਉਹ (ਜੀਵ-ਇਸਤ੍ਰੀ ਨੂੰ ਸੰਸਾਰ-ਖੂਹੀ ਵਿਚੋਂ ਭੋਗਾਂ ਦਾ ਪਾਣੀ ਕੱਢਣ ਤੋਂ ਬਚਾਉਣ ਦਾ) ਕੰਮ ਆਪਣਾ ਜਾਣ ਕੇ ਆਪ ਹੀ ਸਿਰੇ ਚੜ੍ਹਾਉਂਦਾ ਹੈ, (ਉਸ ਦੀ ਮਿਹਰ ਨਾਲ ਜੀਵ-ਇਸਤ੍ਰੀ ਜਦੋਂ) ਗੁਰੂ ਦੇ ਸ਼ਬਦ ਨੂੰ ਵਿਚਾਰਦੀ ਹੈ (ਭਾਵ, ਚਿਤ ਵਿਚ ਵਸਾਉਂਦੀ ਹੈ) ਤਾਂ ਉਹ ਖ਼ਸਮ ਵਾਲੀ ਸਮਝੀ ਜਾਂਦੀ ਹੈ **। ੩ ।** (ਪਰ ਹੇ ਭ:ਈ !) ਜੇ ਵਿਚਾਰ ਕੇ ਵੇਖੋ, ਤਾਂ ਜੀਵ-ਇਸਤ੍ਰੀ ਨੂੰ ਕੀ ਦੋਸ਼ ? ਇਹ ਨਿਮਾਣੀ ਕੀ ਕਰ ਸਕਦੀ ਹੈ ? (ਇਥੋਂ ਤਾਂ) ਸਾਰੀ

ਲੁਕਾਈ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦੀ ਬੱਝੀ ਹੋਈ ਭਟਕ ਰਹੀ ਹੈ **। ੪ ।** ਆਸਾਂ ਸਿਰੇ ਨਹੀਂ ਚੜ੍ਹਦੀਆਂ, ਮਨ ਧੀਰਜ ਨਹੀਂ ਫੜਦਾ ਤੇ (ਜੀਵ-ਇਸਤ੍ਰੀ ਇਥੋਂ) ਉ ੱਠ ਤੁਰਦੀ ਹੈ । ਹੇ ਕਬੀਰ ! (ਇਸ ਨਿਰਾਸਤਾ ਤੋਂ ਬਚਨ ਲਈ) ਤੂੰ ਪ੍ਰਭੂ ਦੀ ਚਰਨੀ ਲੱਗਾ ਰਹੁ, ਪ੍ਰਭੂ ਦਾ ਆਸਰਾ ਲਈ ਰੱਖ । ੫ ।

੧੧- **ਕੀਓ ਸਿੰਗਾਰੁ ਮਿਲਨ ਕੇ ਤਾਈ ॥ ਹਰਿ ਨ ਮਿਲੇ ਜਗਜੀਵਨ ਗੁਸਾਈ ॥ ੧ ॥ ਹਰਿ ਮੇਰੋ ਪਿਰੁ, ਹਉ ਹਰਿ ਕੀ ਬਹੁਰੀਆ ॥ ਰਾਮ ਬਡੇ, ਮੈ ਤਨਕ ਲਹੁਰੀਆ ॥ ੧ ॥ ਰਹਾਉ ॥ ਧਨ ਪਿਰ ਏਕੈ ਸੰਗਿ ਬਸੇਰਾ ॥ ਸੇਜ ਏਕ, ਪੈ ਮਿਲਨੁ ਦੁਹੇਰਾ ॥ ੨ ॥ ਧੰਨਿ ਸੁਹਾਗਨਿ ਜੋ ਪੀਅ ਭਾਵੈ ॥ ਕਹਿ ਕਬੀਰ ਫਿਰਿ ਜਨਮਿ ਨ ਆਵੈ ॥ ੩ ॥**[੪੮੩]-੮-੩੦

**ਅਰਥ:**--ਪਰਮਾਤਮਾ ਮੇਰਾ ਖ਼ਸਮ ਹੈ, ਮੈਂ ਉਸ ਦੀ ਅੰਞਾਣ ਜਿਹੀ ਵਹੁਟੀ ਹਾਂ (ਮੇਰਾ ਉਸ ਨਾਲ ਮੇਲ ਨਹੀਂ ਹੁੰਦਾ, ਕਿਉਂਕਿ) ਮੇਰਾ ਖ਼ਸਮ ਪ੍ਰਭੂ ਬਹੁਤ ਵੱਡਾ ਹੈ ਤੇ ਮੈਂ ਨਿੱਕੀ ਜਿਹੀ ਬਾਲੜੀ ਹਾਂ **। ੧ । ਰਹਾਉ ।** ਮੈਂ ਪ੍ਰਭੂ ਪਤੀ ਨੂੰ ਮਿਲਣ ਲਈ ਹਾਰ-ਸ਼ਿੰਗਾਰ ਲਾਇਆ, ਪਰ ਪਰਮਾਤਮਾ ਮੈਨੂੰ ਮਿਲੇ ਨਹੀਂ **। ੧ ।** (ਮੈਂ ਜੀਵ-) ਵਹੁਟੀ ਤੇ ਖ਼ਸਮ (-ਪ੍ਰਭੂ) ਦਾ ਵਸੇਬਾ ਇਕੋ ਥਾਂ ਹੈ, ਸਾਡੀ ਦੋਹਾਂ ਦੀ ਸੇਜ ਇੱਕੋ ਹੈ, ਪਰ (ਫਿਰ ਵੀ) ਉਸ ਨੂੰ ਮਿਲਣਾ ਬਹੁਤ ਔਖਾ ਹੈ **। ੨ ।** ਕਬੀਰ---ਧੰਨ ਹੈ ਉਹ ਭਾਗਾਂ ਵਾਲੀ ਜੋ ਖ਼ਸਮ ਨੂੰ ਪਿਆਰੀ ਹੈ, ਉਹ (ਜੀਵ-) ਇਸਤ੍ਰੀ ਫਿਰ ਜਨਮ (ਮਰਨ) ਵਿਚ ਨਹੀਂ ਆਉਂਦੀ । ੩ ।

## ਭਗਤ ਰਵਿਦਾਸ ਜੀਉ

੧੨- **ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥ ਤਨੁ ਮਨੁ ਦੇਇ ਨ ਅੰਤਰੁ ਰਾਖੈ ॥ ਅਵਰਾ ਦੇਖਿ ਨ ਸੁਨੈ ਅਭਾਖੈ ॥ ੧ ॥ ਸੋ ਕਤ ਜਾਨੈ ਪੀਰ ਪਰਾਈ ॥ ਜਾ ਕੈ ਅੰਤਰਿ ਦਰਦੁ ਨ ਪਾਈ ॥ ੧ ॥**

**ਰਹਾਉ ॥ ਦੁਖੀ ਦੁਹਾਗਨਿ ਦੁਇ ਪਖ ਹੀਨੀ ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥ ਪੁਰ ਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥ ੨ ॥ ਦੁਖੀਆ ਦਰਦਵੰਦੁ ਦਰਿ ਆਇਆ ॥ ਬਹੁਤੁ ਪਿਆਸ ਜਬਾਬੁ ਨ ਪਾਇਆ ॥ ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥ ੩ ॥**[੭੯੩]-੧

ਪਦ ਅਰਥ:--ਸਹ--ਖ਼ਸਮ । ਸਾਰ--ਕਦਰ । ਸੁਹਾਗਨਿ--ਸੁਹਾਗ ਵਾਲੀ, ਖ਼ਸਮ ਨਾਲ ਸੱਚਾ ਪਿਆਰ ਕਰਨ ਵਾਲੀ । ਤਨ--ਸਰੀਰ ਦੁਆਰਾ ਨਿਸ਼ਕਾਮ ਸੇਵਾ । ਮਨ-ਆਪਣੀ ਮਤਿ ਤਿਆਗ ਕੇ । ਦੇਇ--ਅਰਪਨ ਕਰੇ । ਤਜਿ--ਛੱਡ ਕੇ । ਅੰਤਰਿ-ਵਿੱਥ । ਅਭਾਖੈ--ਮੰਦੀ ਪ੍ਰੇਰਨਾ । ੧ । ਪਰਾਈ ਪੀਰ--ਹੋਰਨਾਂ (ਗੁਰਮੁਖਿ ਸਤਸੰਗੀ ਸੁਹਾਗਣਾਂ) ਦੇ ਵਿਛੋੜੇ ਦੀ ਪੀੜ । ਜਾ ਕੇ ਅੰਤਰਿ--ਜਿਸ ਦੇ ਹਿਰਦੇ ਵਿਚ । ਦਰਦੁ--ਪ੍ਰਭੂ ਪਤੀ ਨਾਲੋਂ ਵਿਛੋੜੇ ਦੀ ਪੀੜ । ਰਹਾਉ ॥ ਦੁਇ ਪਖ--ਸਹੁਰਾ ਪੇਕਾ, ਲੋਕ ਪਰਲੋਕ । ਹੀਨੀ--ਵਾਂਜੀ ਹੋਈ । ਨਾਹ ਭਗਤਿ---ਖ਼ਸਮ-ਪ੍ਰਭੂ ਦੀ ਬੰਦਗੀ । ਨਿਰੰਤਰਿ--ਇੱਕ ਰਸ । ਪੁਰ ਸਲਾਤ--[ਪੁਲ ਸਿਰਾਤ] ਮੁਸਲਮਾਨੀ ਖ਼ਿਆਲ ਅਨੁਸਾਰ ਇਹ ਪੁਲ ਦੋਜ਼ਕ ਦੀ ਅੱਗ ਉ ੱਤੇ ਬਣਿਆ ਹੋਇਆ ਹੈ, ਵਾਲ ਜਿੰਨਾ ਬਰੀਕ ਹੈ, ਹਰੇਕ ਨੂੰ ਇਸ ਦੇ ਉਤੋਂ ਦੀ ਲੰਘਣਾ ਪੈਂਦਾ ਹੈ । ਦੁਹੇਲਾ--ਔਖਾ, ਕਠਨ । ੨ । ਦਰਿ--ਪ੍ਰਭੂ ਦੇ ਦਰ ਤੇ । ਪਿਆਸ--ਦਰਸ਼ਨ ਦੀ ਤਾਂਘ । ਜਬਾਬੁ--ਉ ੱਤਰ । ਗਤਿ--ਉ ੱਚੀ ਆਤਮਕ ਹਾਲਤ । ੩ ।

ਇਨ੍ਹਾਂ ਗੁਰਬਾਣੀ ਸ਼ਬਦਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਨੂੰ ਪਤੀ ਅਤੇ ਜੀਵ ਨੂੰ ਇਸਤ੍ਰੀ ਸਮਝਣ ਵਾਲਾ ਖਿਆਲ ਸਤਿਗੁਰਾਂ ਤੋਂ ਪਹਿਲਾਂ ਵੀ ਭਗਤਾਂ ਦੀ ਬਾਣੀ ਵਿਚ ਮੌਜੂਦ ਸੀ। ਭਗਤਾਂ ਦੀ ਬਾਣੀ ਵਿਚ ਸਪੱਸ਼ਟ ਨਹੀਂ ਕੀਤਾ ਹੋਇਆ ਕਿ ਪ੍ਰਭੂ ਤੋਂ ਬਿਨਾਂ ਬਾਕੀ ਸਾਰੇ ਜੀਵ ਨਾਰੀਆਂ ਹਨ । ਸਤਿਗੁਰਾਂ ਨੇ ਇਸ ਪੱਖ ਨੂੰ ਭਲੀ ਭਾਂਤੀ ਸਪੱਸ਼ਟ ਕਰ ਦਿੱਤਾ ਹੈ ਕਿ ਸੰਸਾਰ ਵਿਚ ਕੇਵਲ ਮਾਤ੍ਰ ਪੁਰੱਖ ਪ੍ਰਭੂ ਹੀ ਹੈ, ਬਾਕੀ ਸਾਰੇ ਜੀਵ ਉਸ ਦੀਆਂ ਨਾਰੀਆਂ ਹਨ। ਗੁਰਮਤਿ ਅਨੁਸਾਰ ਉਹ ਆਪੇ ਰਸੀਆ ਹੈ ਅਤੇ ਆਪ ਹੀ ਰਸ ਹੈ। ਸਰਬੱਤ ਦੇ ਅੰਦਰ ਵਿਆਪਦਾ ਹੋਇਆ ਸਾਰੇ ਭੋਗ ਉਹ ਖ਼ਸਮ-ਪ੍ਰਭੂ ਆਪ ਹੀ ਭੋਗ ਰਿਹਾ ਹੈ--**ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥ ੧ ॥**[੨੩] -੨੫ਸਪੱਸ਼ਟ ਹੈ ਕਿ, ਪਰਮਾਤਮਾਂ ਨੂੰ **ਦੇਵੀ**ਆਂ ਦੇ (ਇਸਤ੍ਰੀ-ਲਿੰਗ) ਰੂਪ ਵਿਚ ਚਿਤਵਨਾ, ਗੁਰਮਤਿ ਨਹੀ ਹੈ ।

੨

# ਇਸ ਜਗ ਮਹਿ ਪੁਰਖੁ ਏਕੁ ਹੈ

**ਸਤਿਗੁਰਾਂ ਨੇ ਸਪੱਸ਼ਟ ਕਰਕੇ ਲਿਖ ਦਿੱਤਾ** ਕਿ ਸੰਸਾਰ ਵਿਚ ਪੁਰਖ ਕੇਵਲ ਸਿਰਜਣਹਾਰ ਹੀ ਹੈ । ਸੰਸਾਰੀ ਜੀਵ ਉਸ ਪ੍ਰਭੂ-ਪਤੀ ਦੀਆਂ ਇਸਤ੍ਰੀ-ਰੂਪ ਹਨ । ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ--**ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ ੪ ॥** [੩੫੧] ਅਤੇ ਫਿਰ ਪਾਂਡੇ ਨੂੰ ਉਪਦੇਸ਼ ਦੇਣ ਸਮੇ (ਓਅੰਕਾਰ ਬਾਣੀ ਵਿਚ) ਸਤਿਗੁਰਾਂ ਨੇ ਫ਼ੁਰਮਾਨ ਕੀਤਾ ਹੈ--**ਠਾਕੁਰੁ ਏਕੁ, ਸਬਾਈ ਨਾਰਿ ॥ ...੯ ॥** [੯੩੩] ਵਡਹੰਸ ਕੀ ਵਾਰ ਦੀ ੧੫ਵੀਂ ਪਉੜੀ ਦੇ ਦੂਜੇ ਸਲੋਕ ਵਿਚ--**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥** [੫੯੧] ਰਾਗ ਸੂਹੀ ਮਹਲਾ ੧ ਘਰੁ ੩--**ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ ॥ ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ॥**[੭੬੫] ਅਜੇਹੇ ਹੋਰ ਵੀ ਗੁਰਬਾਣੀ ਫ਼ੁਰਮਾਨ ਵੀ ਹਨ ਜਿਨ੍ਹਾਂ ਵਿਚ ਪ੍ਰਭੂ ਨੂੰ ਪਤੀ ਅਤੇ ਜੀਵਾਂ ਨੂੰ ਨਾਰੀਆਂ ਫ਼ੁਰਮਾਨ ਕੀਤਾ ਹੈ । ਉਦਾਹਰਣ ਵਜੋਂ:--

੧੩- **ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ ॥**
**ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ ॥ ੧ ॥**[੧੦੮੯]-ਵਾ-੭

**ਅਰਥ:**--ਸਭ ਜੀਵ ਇਸਤ੍ਰੀਆਂ ਦਾ ਪਤੀ ਇੱਕ ਹੈ, ਕੋਈ ਐਸੀ ਨਹੀਂ ਹੈ ਜਿਸ ਦੇ ਸਿਰ ਉਤੇ (ਪ੍ਰਭੂ-)ਖ਼ਸਮ ਨਾ ਹੋਵੇ । ਪਰ, ਹੇ ਨਾਨਕ ! ਸੁਹਾਗ ਭਾਗ ਵਾਲੀਆਂ ਉਹ ਹਨ ਜੋ ਸਤਿਗੁਰੂ ਜੀ (ਦੇ ਉਪਦੇਸ਼ ਅਨੁਸਾਰ ਪ੍ਰਭੂ ਵਿਚ ਸਦਾ) ਲੀਨ ਰਹਿਣ । ੧ ।

੧੪- **ਏਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ ॥ ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ ॥ ੨ ॥**[੭੯੦]-ਵਾਰ-੧੫

ਕੇਵਲ ਪਤੀ ਹੀ ਨਹੀਂ ਸਗੋਂ ਭਾਗਾਂ ਵਾਲੀਆਂ ਜੀਵ-ਇਤ੍ਰੀਆਂ ਨੇ ਪ੍ਰਭੂ ਨੂੰ ਹੀ ਮਾਂ ਪਿਉ, ਅਤੇ ਹੋਰ ਸਾਰੇ ਸੰਬੰਧੀਆਂ ਦੇ ਥਾਂ ਮੰਨ ਲਿਆ ਹੈ । ਸੰਸਾਰਕ ਮੋਹ-ਮਾਇਆ ਜਾਲ ਤੋਂ ਨਿਰਲੇਪ ਹੋਏ ਅਜੇਹੇ ਜੀਵਾਂ ਲਈ ਜਿਸ ਪ੍ਰਕਾਰ ਦੀਆਂ ਬਰਕਤਾ ਦੇ ਭੰਡਾਰੇ ਖੁੱਲ੍ਹ ਗਏ ਉਸ ਦਾ ਗਿਆਨ ਬਖ਼ਸ਼ਸ਼ ਕਰਨ ਦੇ ਨਾਲ ਸਤਿਗੁਰੂ ਜੀ ਪ੍ਰਭੂ-੦ਖ਼ਸਮ ਦੀਆਂ ਵਡਿਆਈਆਂ ਦੀ ਸੋਝੀ ਕਰਾਉਂਦੇ ਹਨ ਕਿ:--

੧੫- **ਪੁਰਖਪਤੇ ਭਗਵਾਨ ਤਾ ਕੀ ਸਰਣਿ ਗਹੀ ॥ ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥ ਮਾਤ ਪਿਤਾ ਸੁਤ ਮੀਤ ਸੁਰਿਜਨ ਇਸਟ ਬੰਧਪ ਜਾਣਿਆ ॥ ਗਹਿ ਕੰਠਿ ਲਾਇਆ ਗੁਰਿ ਮਿਲਾਇਆ ਜਸੁ ਬਿਮਲ ਸੰਤ ਵਖਾਣਿਆ ॥ ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥ ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥ ੧ ॥**[੪੫੮]-੬-੯

ਜਿਸ ਨੇ ਪਰਮਾਤਮਾ-ਪਤੀ ਦੀ ਸਰਣ ਪਾ ਲਈ ਉਸ ਦੇ ਸਾਰੇ ਸੰਸਾਰਕ ਡਰ ਭਉ ਦੂਰ ਹੋ ਗਏ । ਉਸ ਦੀ ਸਾਰੀ ਚਿੰਤਾ ਮਿਟ ਗਈ । ਉਸ ਵਾਸਤੇ, ਮਾਤਾ, ਪਿਤਾ, ਪੁੱਤ੍ਰ, ਮਿੱਤ੍ਰ, ਸੱਜਣ ਪਿਆਰੇ ਰਿਸ਼ਤੇਦਾਰ ਸਭ ਕੁਝ ਪਰਮਾਤਮਾ ਹੀ ਹੋ ਜਾਂਦਾ ਹੈ । ਧੰਨ ਹੈ ਸਤਿਗੁਰੂ ਜਿਸ ਨੇ ਪ੍ਰਾਣੀ ਨੂੰ ਅਜੇਹੇ ਪੁਰਖ-ਭਗਵਾਨ ਦੇ ਚਰਨਾਂ ਵਿਚ ਜੋੜ ਦਿੱਤਾ, ਜਿਸ ਦੇ ਅਨੇਕ ਗੁਣਾਂ ਦੀ ਮਹਿਮਾ ਵਰਣਨ ਨਹੀਂ ਹੋ ਸਕਦੀ । ਇਹ ਪ੍ਰਭੂ-ਪਤੀ ਅਜੇਹਾ ਮਾਲਕ ਹੈ ਜੋ ਇੱਕ ਤੋਂ ਅਨੇਕ ਬਣਿਆਂ ਹੈ ਅਤੇ ਜੋ ਲਖਿਆ ਨਹੀਂ ਜਾ ਸਕਦਾ ।

ਪੇਕੇ ਘਰ ਦੇ ਜੀਵਨ ਤੋਂ ਅਰੰਭ ਹੋ ਕੇ, ਮੰਗਣੀ, ਵਿਆਹ, ਸੁਹਾਗਣ, ਛੁੱਟੜ ਆਦਿ ਜਿਹੇ ਪਰਚਲਤ ਸੰਸਾਰੀ-ਜੀਵਨ-ਪੱਖਾਂ ਦਾ ਜ਼ਿਕਰ ਕਰਕੇ ਸਤਿਗੁਰਾਂ ਨੇ ਮਨੁੱਖ-ਮਾਤ੍ਰ ਨੂੰ ਵਡਮੁੱਲਾ ਉਦੇਸ਼ ਦੇਣ ਦੀ ਕਿਰਪਾ ਕੀਤੀ ਹੋਈ ਹੈ । ਸੋ ਆਉ, ਮਨੁੱਖਾ ਜਨਮ ਦੇ ਮਿਲਣ ਦੇ ਅਸਲੀ ਮਨੋਰਥ ਨੂੰ ਸਫਲਾ ਕਰ ਸਕਣ ਦਾ ਗਿਆਨ ਸਮਝੀਏ ।

੩

## ਪੇਕੇ-ਘਰ ਰਹਿੰਦਿਆਂ ਸਹੁਰੇ-ਘਰ (ਪਤੀ ਕੋਲ) ਜਾਣ ਦੇ ਫ਼ਿਕਰ ਵਾਲੀ ਜੀਵ-ਇਸਤ੍ਰੀ

ਜੀਵ-ਇਸਤ੍ਰੀ ਦਾ ਪੇਕੇ ਘਰ ਦੇ ਜੀਵਨ ਦਾ ਅਰਥ, ਸੰਸਾਰੀ ਜੀਵਨ ਹੈ । ਪ੍ਰਭੂ ਨੂੰ ਪਤੀ ਸਮਝ ਬੈਠੀ ਜੀਵ-ਇਸਤ੍ਰੀ ਪ੍ਰਭੂ-ਪਤੀ ਤੋਂ ਬਿਨਾ ਆਪਣੇ ਬੀਤ ਰਹੇ ਜੀਵਨ ਨੂੰ ਕਿਵੇਂ ਨਿਭਾ ਰਹੀ ਹੈ ? ਪੇਕੇ ਘਰਿ ਵਿਚ ਛੁੱਟੜਾਂ ਵਾਂਗ ਪਤੀ ਨੂੰ ਕਦੇ ਚੇਤੇ ਵਿਚ ਨਾ ਲਿਆਉਣ ਵਾਲੀ ਜੀਵ-ਇਸਤ੍ਰੀ ਲਈ ਸਤਿਗੁਰਾਂ ਦਾ ਨਿਆਰਾ ਅਤੇ ਵਡਮੁੱਲਾ ਉਪਦੇਸ਼-ਢੰਗ:--

੧੬- **ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥ ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥ ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥ ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥ ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥ ੧ ॥ ਬਾਬਾ ਮੈ ਵਰੁ ਦੇਹਿ, ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥ ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥ ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥ ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥ ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥ ੨ ॥ ਬਾਬਾ ਲਗਨੁ ਗਣਾਇ ਹੰ ਭਿ ਵੰਞਾ ਸਾਹੁਰੈ ਬਲਿ ਰਾਮ ਜੀਉ ॥ ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥ ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥ ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥ ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥੩॥ ਬਾਬੁਲਿ ਦਿਤੜੀ ਦੂਰਿ ਨ ਆਵੈ ਘਰਿ ਪੇਈਐ ਬਲਿ ਰਾਮ ਜੀਉ॥ ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥ ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥ ੪ ॥**[੭੬੩-੬੪]-੧

੧੭- **ਪੇਈਅੜੈ ਪਿਰੁ ਚੇਤੈ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥ ਖਰੀ ਕੁਆਲਿਓ ਕੁਰੂਪਿ ਕੁਲਖਣੀ, ਸੁਪਨੈ ਪਿਰੁ ਨਹੀ ਪਾਵਣਿਆ ॥ ੬ ॥ ਪੇਈਅੜੈ ਪਿਰੁ ਮੰਨਿ ਵਸਾਇਆ ॥ ਪੂਰੈ ਗੁਰਿ ਹਦੂਰਿ ਦਿਖਾਇਆ ॥ ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥ ੭ ॥**[੧੨੬]-੨੮-੨੯

੧੮- **ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ ਸਾਰ ਨਾ ਜਾਣੀ ॥ ੧ ॥ ਸਹੁ ਮੇਰਾ ਏਕੁ , ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥ ਸਾਹੁਰੜੈ ਧਨ ਸਾਚੁ ਪਛਾਣਿਆ ॥ ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥ ੨ ॥** [੩੫੭]-੨੭

੧੯- **ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥ ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸ ॥ ੩ ॥ ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ॥ ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ ॥ ੪ ॥ ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥ ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥ ੫ ॥ ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥ ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥ ੬ ॥ ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥ ੭ ॥ ਤਉ ਭਾਵਨਿ ਤਉ ਜੇਹੀਆ ਮੂ ਜੇਹਈਆ ਕਿਤੀਆਹ॥ ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ॥੮॥**[੧੦੧੪]-੧-੯

**ਅਰਥ:**--ਜੇ ਮੈਂ (ਇਸ ਸੰਸਾਰ) ਪੇਕੇ ਘਰ ਵਿਚ ਪਤੀ-ਪ੍ਰਭੂ ਨੂੰ (ਆਪਣੇ ਹਿਰਦੇ-ਯਾਦ ਵਿਚ) ਸੰਭਾਲ ਰੱਖਾਂ ਤਾਂ ਪਤੀ-ਪ੍ਰਭੂ ਦੇ ਦੇਸ ਮੈਨੂੰ ਉਸ ਦੇ ਚਰਨਾਂ ਵਿਚ ਥਾਂ ਮਿਲ ਜਾਏ । ਉਹ ਭਾਗਾਂ ਵਾਲੀਆਂ (ਜੀਵਨ-ਰਾਤ) ਸੁਖ ਸੌਂ ਕੇ ਗੁਜ਼ਾਰਦੀਆਂ ਹਨ ਜਿਨ੍ਹਾਂ ਨੇ (ਪੇਕੇ ਘਰ ਵਿਚ) ਗੁਣਾਂ ਦਾ ਖ਼ਜ਼ਾਨਾ ਪਤੀ-ਪ੍ਰਭੂ ਲੱਭ ਲਿਆ ਹੈ । ੩ । ਜਿੰਨ੍ਹਾਂ ਮੰਦ-ਭਾਗਣਾਂ ਨੇ ਪਤੀ ਨੂੰ ਭੁਲਾ ਦਿੱਤਾ ਤੇ ਜੋ ਛੱਟੜ ਹੋ ਗਈਆਂ, ਉਹ ਜੇ ਰੇਸ਼ਮ ਦਾ ਲੇਫ਼ ਤਲਾਈ ਲੈਣ, ਹੋਰ ਕੱਪੜੇ ਵੀ ਰੇਸ਼ਮ ਦੇ ਹੀ ਬਣਾ ਕੇ ਵਰਤਣ, (ਭਾਵ, ਬੜੀਆਂ ਧਨਾਵਾ ਵੀ ਹੋਣ) ਤਾਂ ਵੀ ਉਨ੍ਹਾਂ ਦੀ ਜੀਵਨ ਰਾਤ ਦੁੱਖਾਂ ਵਿਚ ਹੀ ਬੀਤਦੀ ਹੈ । ੪ । ਜੇ ਮੈਂ ਅਨੇਕਾਂ ਹੀ ਸੁਆਦਲੇ ਖਾਣੇ ਖਾਂਦੀ ਰਹਾਂ, ਅਨੇਕਾਂ ਹੀ ਸੋਹਣੇ ਪਹਿਰਾਵੇ ਕਰਦੀ ਰਹਾਂ, ਫਿਰ ਵੀ ਪਤੀ-ਪ੍ਰਭੂ ਤੋਂ ਵਿਛੁੜ ਕੇ ਮੇਰੀ ਜਵਾਨੀ ਵਿਆਰਥ ਹੀ ਜਾ ਰਹੀ ਹੈ । ਜਦ ਤਕ ਮੈਂ ਛੁੱਟੜ ਹਾਂ, (ਪ੍ਰਭੂ ਨੂੰ ਵਿਸਾਰੀ ਬੈਠੀ ਹਾਂ) ਮੈਂ ( ਸਾਰੀ ਉਮਰ) ਝੁਰ ਝੁਰ ਕੇ ਹੀ ਕੱਟਾਂਗੀ । ੫ । ਜੇ ਸਦਾ-ਥਿਰ ਪ੍ਰਭੂ ਦਾ ਪਿਆਰ-ਸੁਨੇਹਾ ਸਤਿਗੁਰੂ ਦੀ ਬਾਣੀ ਦੀ ਵਿਚਾਰ ਦੀ ਰਾਹੀਂ ਸੁਣੀਏ, ਤਾਂ ਉਸ ਸੱਚੇ ਦਾ ਸਦਾ ਲਈ ਸਾਥ ਮਿਲ ਜਾਂਦਾ ਹੈ, ਉਹ ਮਿਹਰ ਦੀ ਨਜ਼ਰ ਵਾਲਾ ਪ੍ਰਭੂ, ਮਿਹਰ ਦੀ ਨਜ਼ਰ ਨਾਲ ਤੱਕਦਾ ਹੈ, ਤੇ ਉਸ ਦੇ ਪਿਆਰ ਵਿਚ ਲੀਨ ਹੋ ਜਾਈਦਾ ਹੈ । ੫ । ਪਰਮਾਤਮਾ ਨਾਲ ਪਿਆਰ ਪਾਉਣ ਵਾਲਾ ਉਸ ਦੇ ਨਾਮ ਦਾ ਹੀ ਸੁਰਮਾ ਵਰਤਦਾ ਹੈ, ਤੇ ਸਭ ਜੀਵਾਂ ਦੀ ਸੰਭਾਲ ਕਰਨ ਵਾਲੇ ਉਸ ਪ੍ਰਭੂ ਦਾ ਦੀਦਾਰ ਕਰ ਲੈਂਦਾ ਹੈ । ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਇਸ ਭੇਤ ਨੂੰ ਸਮਝ ਲੈਂਦਾ ਹੈ, ਉਹ ਹਉਮੈ ਅਹੰਕਾਰ ਦੂਰ ਕਰ ਕੇ (ਉਸ ਦੀ ਹਜ਼ੂਰੀ ਵਿਚ) ਆਦਰ ਪਾਉਂਦਾ ਹੈ । ੭ । ਹੇ ਪਤੀ-ਪ੍ਰਭੂ ! ਜਿਹੜੀਆਂ ਜੀਵ-ਇਸਤ੍ਰੀਆਂ ਤੈਨੂੰ ਚੰਗੀਆਂ ਲੱਗਦੀਆਂ ਹਨ, ਉਹ ਤੇਰੇ ਵਰਗੀਆਂ ਹੋ ਜਾਂਦੀਆਂ ਹਨ, (ਪਰ ਤੇਰੀ ਮੇਹਰ ਦੀ ਨਿਗਾਹ ਤੋਂ ਵਾਂਜੀਆਂ ਹੋਈਆਂ) ਮੇਰੇ ਵਰਗੀਆਂ ਵੀ ਅਨੇਕਾਂ ਹਨ । ਪ੍ਰਭੂ-ਪਿਆਰ ਵਿਚ ਰੰਗੀਆਂ ਰਹਿਣ ਵਾਲੀ ਜੀਵ-ਇਸਤਰੀਆਂ ਤੋਂ ਪ੍ਰਭੂ-ਪਤੀ ਕਦੇ ਨਹੀਂ ਵਿਛੜਦਾ । ੮ ।

## ੪
# ਵਿਚੋਲਗੀ ਅਤੇ ਕੁੜਮਾਈ ?

ਗੁਰਬਾਣੀ ਵਿਚ, ਸੰਸਾਰੀ ਰਸਮਾਂ ਰੀਤਾਂ ਦੇ ਭਰਮ * ਨੂੰ ਖੰਡਨ ਕਰਨ ਕਰਕੇ, ਸਦੀਵੀ ਸੁਖ ਦੇਣ ਵਾਲੇ ਰੀਤੀ ਰਿਵਾਜ ਦੀ ਸੋਝੀ ਕਰਾਉਣ ਦਾ, ਬੜਾ ਹੀ ਅਨੋਖਾ ਅਤੇ ਪਿਆਰਾ ਢੰਗ ਵਰਤਿਆ ਹੈ । ਸਤਿਗੁਰਾਂ ਨੇ, ਪ੍ਰਭੂ ਪਤੀ ਨਾਲ ਜੀਵ-ਇਸਤ੍ਰੀ ਦੇ, ਮੰਗਣੇ-ਕੁੜਮਾਈ, ਸਾਹਾ ਸੋਧਨੇ, ਜੰਞ, ਮਿਲਣੀ, ਵਿਆਹ ਆਦਿ ਦਾ ਚਿਤ੍ਰ ਖਿਚਿਆ ਹੈ । ਅਤੇ ਫਿਰ ਜੀਵ-ਇਸਤ੍ਰੀ ਦੇ ਸੁਹਾਗ ਜੀਵਨ ਦਾ ਗਿਆਨ ਬਖ਼ਸ਼ਸ਼ ਕੀਤਾ ਹੈ । ਆਉ

ਸਤਿਗੁਰਾਂ ਦੇ ਉਸ ਉਪਕਾਰ ਦੀ ਅਸਲੀਯਤ ਨੂੰ ਜਾਣ ਕੇ, ਸਦੀਵੀ ਸੁਖੀ ਗ੍ਰਿਹਸਤੀ ਜੀਵਨ ਦਾ ਭੇਤ ਸਮਝਣ ਦਾ ਯਤਨ ਕਰੀਏ । [* Foot Note:--ਵਿਆਹ ਦੇ ਸੰਬੰਧ ਵਿਚ ਸੰਸਾਰੀ ਰਸਮਾਂ-ਰੀਤਾਂ ਆਦਿ ਦਾ ਸਵਿਸਥਾਰ ਜਿਕਰ " ਅਨੰਦ-ਸੰਸਕਾਰ " ਲੇਖ ਵਿਚ ਆ ਚੁੱਕਾ ਹੈ ]

ਭਾਰਤੀ ਸਭਿਅਤਾ ਅਨੁਸਾਰ, ਬੀਬੀ ਦਾ ਵਰ ਲੱਭਣ ਲਈ ਵਿਚੋਲਿਆਂ ਦੀ ਲੋੜ ਪੈਂਦੀ ਰਹੀ ਹੈ । ਜੀਵ ਇਸਤ੍ਰੀ ਦਾ ਪ੍ਰਭੂ ' ਵਰ ' ਨਾਲ ਸੰਜੋਗ ਜੋੜਨ ਲਈ ਵੀ ਵਿਚੋਲੇ ਦੀ ਲੋੜ ਸੀ ।

**(ੳ) ਵਿਚੋਲੇ ਦਾ ਪ੍ਰਬੰਧ**-- ਸਭੇ ਕਾਜ ਸੁਹੇਲੇ ਕਰਨ ਵਾਲੇ, ਮਿਹਰਬਾਨ, ਪ੍ਰਭੂ-ਵਰ ਨੇ, **ਵਿਚੋਲੇ ਦਾ ਪ੍ਰਬੰਧ** ਵੀ ਆਪ ਹੀ ਕਰ ਦਿੱਤਾ :--

੨੦- **ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ॥ ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ ॥**
**ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥ ਹਰਿ ਵਿਟੜਿਅਹੁ ਸਦਾ ਘੋਲੇ ਜੀਉ ॥ ੨ ॥**[੧੭੩]-੨-੨੮-੬੬

੨੧- **ਤੈਡੀ ਬੰਦਸਿ ਮੈ ਕੋਇ ਨ, ਡਿਠਾ ਤੂ ਨਾਨਕ ਮਨਿ ਭਾਣਾ ॥**
**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧ ॥** [੯੬੪]-ਵਾਰ-੧੫

੨੨- **ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥ ਵਿਛਿੜਿਆ ਮੇਲੇ ਪ੍ਰਭੂ ਹਰਿ**
**ਦਰਗਹ ਕਾ ਬਸੀਠੁ ॥ ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥**
**ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥॥ ੧ ॥**[੯੫੭]-ਵਾਰ-੧

**ਅਰਥ**:--ਸਤਿਗੁਰੂ ਜਿਹੋ ਜਿਹਾ ਸੁਣੀਦਾ ਸੀ, ਉਹੋ ਜਿਹਾ ਹੀ ਮੈਂ (ਅੱਖੀਂ) ਵੇਖ ਲਿਆ ਹੈ, ਗੁਰੂ ਪ੍ਰਭੂ ਦੀ ਹਜ਼ੂਰੀ ਦਾ ਬਸੀਠ (-ਵਿਚੋਲਾ) ਹੈ, ਪ੍ਰਭੂ ਤੋਂ ਵਿਛੁੱੜਿਆਂ ਨੂੰ ਮੁੜ ਪ੍ਰਭੂ ਨਾਲ ਮਿਲਾ ਦਿੰਦਾ ਹੈ, ਪ੍ਰਭੂ ਦਾ ਨਾਮ ਸਿਮਰਨ ਦਾ ਉਪਦੇਸ਼ (ਜਿਸ ਦੇ ਹਿਰਦੇ ਵਿਚ) ਪੱਕਾ ਕਰ ਦਿੰਦਾ ਹੈ (ਤੇ ਇਸ ਤਰ੍ਹਾਂ ਉਸ ਦਾ) ਹਉਮੈ ਦਾ ਰੋਗ ਦੂਰ ਕਰ ਦਿੰਦਾ ਹੈ । ਪਰ, ਹੇ ਨਾਨਕ ! ਪ੍ਰਭੂ ਉਨ੍ਹਾਂ ਨੂੰ ਹੀ ਗੁਰੂ ਮਿਲਾਉਂਦਾ ਹੈ ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਇਹ ਮੇਲ ਲਿਖਿਆ ਹੁੰਦਾ ਹੈ । ੧ ।

[ਨੋਟ:--ਪੁਸਤਕ ਦੇ ਪਹਿਲੇ ਭਾਗ- " ਸਤਿਗੁਰਾਂ ਦੀਆਂ ਮਿਹਰਾਂ ' ਲੇਖ ਨੂ: ੬੨ ਦੇ (ਹ) ਭਾਗ ਵਿਚ, ਇਹ ਗੁਰੂ-ਵਾਕ ਆ ਚੁੱਕੇ ਹਨ}

## (ਅ) ਕੁੜਮਾਈ-

ਗੁਰੂ ਵਿਚੋਲੇ ਨੂੰ ਗੁਰਬਾਣੀ ਵਿਚ ' ਕੁੜਮ ' ਵੀ ਲਿਖਿਆ ਹੈ । 'ਵਿਚੋਲਗੀ ਪੂਰੀ ਹੋ ਜਾਣ ਉਪ੍ਰੰਤ ਕੁੜਮਾਈ ਦੀ ਰਸਮ:--

੨੩- **ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥ ਸੰਤ ਜਨਾ ਕਰਿ ਮੇਲੁ ਗੁਰਬਾਣੀ**
**ਗਾਵਾਈਆ ਬਲਿ ਰਾਮ ਜੀਉ ॥ ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥ ਗਇਆ**
**ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥ ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ**
**ਸਰੀਰਾ ॥ ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥ ੨ ॥**[੭੭੩]-੧

**ਅਰਥ**:--ਹੇ ਰਾਮ ਜੀ ! ਮੈਂ ਤੈਥੋਂ ਸਦਕੇ ਹਾਂ । (ਜਿਸ ਜੀਵ-ਇਸਤ੍ਰੀ ਨੂੰ) ਪ੍ਰਭੂ-ਪਤੀ ਨਾਲ ਮਿਲਾਉਂਣ ਵਾਸਤੇ ਵਿਚੋਲਾ-ਗੁਰੂ ਆ ਕੇ ਮਿਲ ਪਿਆ (ਉਸ ਦੇ ਹਿਰਦੇ ਵਿਚ) ਸੇਵਾ ਸੰਤੋਖ ਪ੍ਰੇਮ ਆਦਿਕ ਗੁਣ ਪੈਦਾ ਕਰ ਕੇ, ਸਾਧ-ਸੰਗਤਿ ਦਾ (ਉਸ ਨਾਲ) ਮੇਲ ਕਰ ਕੇ ਗੁਰੂ ਨੇ ਉਸ ਨੂੰ ਸਿਫ਼ਤਿ ਸਾਲਾਹ ਦੀ ਬਾਣੀ ਗਾਉਣ ਦੀ ਪ੍ਰੇਰਨਾ ਕੀਤੀ (ਗੁਰਬਾਣੀ ਉਪਦੇਸ਼ ਦ੍ਰਿੜ ਕਰਾਕੇ ਉਸ ਅਨੁਸਾਰ ਜੀਵਨ ਢਾਲਣ ਦੀ ਸਿਖਿਆ ਦਿੱਤੀ) । ਜਦੋਂ ਜੀਵ-ਇਸਤ੍ਰੀ ਨੇ ਗੁਰੂ ਦੀ ਉਚਾਰੀ ਹੋਈ ਪ੍ਰਭੂ ਦੀ ਸਿਫ਼ਤਿ ਸਾਲਾਹ ਵਾਲੀ ਬਾਣੀ ਗਾਉਣੀ (ਵਿਚਾਰਨੀ ਅਤੇ ਹਿਰਦੇ ਵਿਚ ਵਸਾਉਣੀ**)** ਸ਼ੁਰੂ ਕੀਤੀ ਤਾਂ ਉਸ ਨੇ ਸਭ ਤੋਂ ਉ ੱਚੀ ਆਤਮਕ ਅਵਸਥਾ ਪ੍ਰਾਪਤ ਕਰ ਲਈ, ਉਸ ਦੇ ਗਿਆਨ-ਇੰਦ੍ਰੇ (ਵਿਕਾਰਾਂ ਵਲ ਦੌੜਨ ਦੇ ਥਾਂ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨ ਵਿਚ) ਮਿਲ ਬੈਠੇ, ਤੇ ਸੋਹਣੇ ਲੱਗਣ ਲੱਗ ਪਏ । ਉਸ ਦੇ ਅੰਦਰੋਂ ਕ੍ਰੋਧ ਦੂਰ ਹੋ ਗਿਆ, ਉਸ ਦੇ ਸਰੀਰ ਵਿਚ ਵੱਸਦੀ ਮਮਤਾ ਨੱਸ ਗਈ, ਉਸ ਦਾ ਪਖੰਡ ਅਤੇ ਭਟਕਣਾ ਜਾਂਦੇ ਰਹੇ । (ਉਸ ਦੇ ਅੰਦਰੋਂ ) ਹਉਮੈ ਦੀ ਪੀੜ ਚਲੀ ਗਈ, ਉਸ ਦਾ ਸਾਰਾ ਸਰੀਰ ਨਰੋਆ ਹੋ ਗਿਆ, ਤੇ ਉਸ ਨੂੰ ਆਤਮਕ ਆਨੰਦ ਪ੍ਰਾਪਤ ਹੋ ਗਿਆ । ਗੁਰੂ ਦੀ ਕਿਰਪਾ ਨਾਲ ਉਸ ਜੀਵ-ਇਸਤ੍ਰੀ ਨੇ ਗੁਣਾਂ ਦੇ ਮਾਲਕ ਡੂੰਘੇ ਜਿਗਰੇ ਵਾਲੇ ਪਰਮਾਤਮਾ ਨਾਲ ਸਾਂਝ ਪਾ ਲਈ । ਇਹ ਹੈ ਜੀਵ-ਇਸਤ੍ਰੀ ਦੀ ਕੁੜਮਾਈ।

## ੫

## ਸਾਹਾ ਸੋਧਣਾ, ਜਾਂਞੀ ਤੇ ਮਾਂਞੀ

ਆਪਣੇ ਸਮਾਜ ਵਿਚ ਕੁੜੀ ਮੁੰਡੇ ਦੇ ਵਿਆਹ ਦਾ ਮਹੂਰਤ ਮਿਥਿਆ ਜਾਂਦਾ ਹੈ । ਲਾੜੇ ਦੇ ਨਾਲ ਜਾਂਞੀ ਆਉਂਦੇ ਹਨ, ਲੜਕੀ ਵਾਲਿਆਂ ਦੇ ਘਰ ਢੁੱਕਦੇ ਹਨ । ਲੜਕੀ ਦੇ ਸਨਬੰਧੀਆਂ (ਜੰਞ ਦੀ ਖ਼ਾਤਰ-ਦਾਰੀ ਕਰਨ ਵਾਲੇ ਮਾਂਞੀਆਂ) ਦੇ ਮਨ ਵਿਚ ਉਸ ਵੇਲੇ ਖ਼ੁਸ਼ੀ ਹੁੰਦੀ ਹੈ । ਜਾਂਞੀਆਂ ਨੂੰ ਉਹ ਕਈ ਸੁਆਦਲੇ ਭੋਜਨ ਖੁਆਉਂਦੇ ਹਨ । ਪਾਂਧਾ ਲਾਵਾਂ ਪੜ੍ਹਦਾ ਹੈ ਅਤੇ ਮੁੰਡੇ ਕੁੜੀ ਦਾ ਮੇਲ ਕਰ ਦਿੰਦਾ ਹੈ । ਏਸੇ ਤਰ੍ਹਾਂ ਸਾਧ ਸੰਗਤਿ ਦੀ ਬਰਕਤਿ ਨਾਲ ਜੀਵ ਇਸਤ੍ਰੀ ਅਤੇ ਪ੍ਰਭੂ-ਪਤੀ ਦੇ ਮਿਲਾਪ ਦਾ ਅਟੱਲ ਸਾਹਾ ਸੋਧਿਆ ਜਾਂਦਾ ਹੈ:-- --

੨੪- **ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥**
**ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ ॥ ਮਿਲਿ ਇਕਤ੍ਰ ਹੋਏ ਸਹਜਿ ਢੋਏ**
**ਮਨਿ ਪ੍ਰੀਤਿ ਉਪਜੀ ਮਾਞੀਆ ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿਨਾਮੁ ਸਭਿ ਰਸ ਭੋਗੋ ॥**
**ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥ ੩ ॥** [੮੪੬]-੧

**ਅਰਥ**:--(ਸਾਧ ਸੰਗਤਿ ਦੀ ਕਿਰਪਾ ਨਾਲ ਜੀਵ-ਇਸਤ੍ਰੀ ਦਾ ) ਪੂਰਨ ਪਰਮਾਤਮਾ ਨਾਲ ਮਿਲਾਪ ਦਾ ਕਦੇ ਨਾ ਖੁੰਜਣ ਵਾਲਾ ਮਹੂਰਤ ਸੋਧਿਆ ਗਿਆ (ਪ੍ਰਭੂ ਨਾਲੋਂ ਵਿਛੋੜੇ ਦੇ ਮੁੱਕਣ ਦੀ ਘੜੀ ਆ ਗਈ । ਜੀਵ-ਇਸਤ੍ਰੀ ਦੇ ਹਿਰਦੇ ਵਿਚ) ਸਾਰੇ ਸੁਖ ਆ ਵੱਸਦੇ ਹਨ । ਗੁਰਮੁਖਿ ਸਤਸੰਗੀ ਮਿਲ ਕੇ ਆਉਂਦੇ ਹਨ । ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ, (ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਨਾਲ ਮਿਲਣ ਵਾਸਤੇ ਇਹ ਸਤਸੰਗੀ) ਅਸਚਰਜ ਜਾਂਞੀ ਬਣ ਜਾਂਦੇ ਹਨ । ਗੁਰਮੁਖਿ ਸਤਸੰਗੀ ਮਿਲ ਕੇ ਸਾਧ ਸੰਗਤਿ ਵਿਚ) ਇਕੱਠੇ ਹੁੰਦੇ ਅਤੇ ਆਤਮਕ ਅਡੋਲਤਾ ਵਿਚ (ਟਿਕਦੇ ਹਨ, ਮਾਨੋਂ, ਲੜਕੀ ਵਾਲਿਆਂ ਦੇ ਘਰ) ਢੁਕਾਉ ਹੋ ਰਿਹਾ ਹੈ, (ਜਿਵੇਂ) ਲੜਕੀ ਦੇ ਸਨਬੰਧੀਆਂ ਦੇ ਮਨ ਵਿਚ ਚਾਉ ਪੈਦਾ ਹੁੰਦਾ ਹੈ (ਤਿਵੇਂ, ਜਿੰਦ ਦੇ ਸਾਥੀਆਂ ਭਾਵ, ਸਾਰੇ ਗਿਆਨ-ਇੰਦ੍ਰਿਆਂ ਦੇ ਅੰਦਰ ਉਤਸ਼ਾਹ ਪੈਦਾ ਹੁੰਦਾ ਹੈ) । (ਸਾਧ ਸੰਗਤਿ ਦੇ ਪਰਤਾਪ ਨਾਲ ਜੀਵ-ਇਸਤ੍ਰੀ ਦੀ) ਜਿੰਦ ਪ੍ਰਭੂ ਦੀ ਜੋਤਿ ਵਿਚ ਮਿਲ ਕੇ

ਤਾਣੇ-ਪੇਟੇ ਵਾਂਗ ਇੱਕ ਮਿੱਕ ਹੋ ਜਾਂਦੀ ਹੈ (ਜਿਵੇਂ ਜਾਂਞੀਆਂ ਮਾਂਞੀਆਂ ਨੂੰ) ਸਾਰੇ ਸੁਆਦਲੇ ਭੋਜਨ ਛਕਾਉਂਦੇ ਹਨ, (ਤਿਵੇਂ ਜੀਵ-ਇਸਤ੍ਰੀ ਨੂੰ) ਪਰਮਾਤਮਾ ਦਾ ਨਾਮ-ਭੋਜਨ ਪ੍ਰਾਪਤ ਹੁੰਦਾ ਹੈ। (ਇਹ ਸਾਰੀ ਗੁਰੂ ਦੀ ਹੀ ਮਿਹਰ ਹੈ ਕਿ ਸਰਨ ਪਈ) ਸਾਰੀ ਲੁਕਾਈ ਨੂੰ ਗੁਰੂ-ਸੰਤ ਨੇ ਸਾਰੇ ਜਗਤ ਦਾ ਮੂਲ, ਸਭਨਾਂ ਤਾਕਤਾਂ ਦਾ ਮਾਲਕ, ਪਰਮਾਤਮਾ ਮਿਲਾਇਆ ਹੈ।

ਆਉ ਵਿਚਾਰ ਕਰੀਏ ਕਿ, ਕੀ ਇਹ ਅਗਲਾ ਗੁਰਬਾਣੀ ਸ਼ਬਦ ਸਤਿਗੁਰਾਂ ਨੇ, ਬੀਬੀ ਦੇ ਅਤੇ ਕਾਕੇ ਦੇ, (ਧੇਤੇ ਪੁਤੇਤੇ) ਦੋ ਪਰਵਾਰਾਂ ਦੀ ਮਿਲਣੀ ਹੋਣ ਦੇ ਸਮੇਂ ਪੜ੍ਹਨ ਵਾਸਤੇ ਰਚਿਆ ਸੀ ?

੨੫- **ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥**
**ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥**
**ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥ ੧ ॥**[੭੬੪]-੧-੨

**ਅਰਥ:**--ਮੇਰੇ ਹਿਰਦੇ ਘਰ ਵਿਚ ਮਿੱਤਰ-ਪ੍ਰਭੂ ਜੀ ਆ ਪ੍ਰਗਟੇ ਹਨ। ਸਦਾ-ਥਿਰ ਪ੍ਰਭੂ ਨੇ ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ ਹੈ। ਪ੍ਰਭੂ ਜੀ ਨੇ ਮੈਨੂੰ ਆਤਮਕ ਅਡੋਲਤਾ ਵਿਚ ਟਿਕਾ ਦਿੱਤਾ ਹੈ, ਹੁਣ ਪ੍ਰਭੂ ਜੀ ਮੇਰੇ ਮਨ ਵਿਚ ਪਿਆਰੇ ਲੱਗ ਰਹੇ ਹਨ ਮੇਰੇ ਪੰਜੇ ਗਿਆਨ ਇੰਦ੍ਰੇ (ਆਪੋ ਆਪਣੇ ਵਿਸ਼ੇ ਵਲ ਦੌੜਨ ਦੇ ਥਾਂ ਪ੍ਰਭੂ-ਪਿਆਰ ਵਿਚ) ਇਕੱਠੇ ਹੋ ਬੈਠੇ ਹਨ, ਮੈਂ ਆਤਮਕ ਆਨੰਦ ਪ੍ਰਾਪਤ ਕਰ ਲਿਆ ਹੈ। ਜਿਸ ਨਾਮ-ਵਸਤੂ ਦੀ ਮੇਰੇ ਅੰਦਰ ਤਾਂਘ ਪੈਦਾ ਹੋ ਰਹੀ ਸੀ, ਉਹ ਹੁਣ ਮੈਨੂੰ ਮਿਲ ਗਈ ਹੈ। ਹੁਣ ਹਰ ਵੇਲੇ ਪ੍ਰਭੂ ਦੇ ਨਾਮ ਨਾਲ ਮੇਰਾ ਮਿਲਾਪ ਬਣਿਆ ਰਹਿੰਦਾ ਹੈ, ਮੇਰਾ ਮਨ (ਉਸ ਨਾਮ ਨਾਲ) ਜੁੜ ਗਿਆ ਹੈ ਮੇਰਾ ਹਿਰਦਾ ਤੇ ਗਿਆਨ-ਇੰਦ੍ਰੇ ਸੁਹਾਵਣੇ ਹੋ ਗਏ ਹਨ। ਮੇਰੇ ਹਿਰਦੇ-ਘਰ ਵਿਚ ਸੱਜਣ-ਪ੍ਰਭੂ ਜੀ ਆ ਪ੍ਰਗਟੇ ਹਨ (ਹੁਣ ਮੇਰੇ ਅੰਦਰ ਅਜੇਹਾ ਆਨੰਦ ਬਣਿਆ ਹੈ, ਮਾਨੋ) ਪੰਜ ਕਿਸਮਾਂ ਦੇ ਸਾਜ਼ ਲਗਾਤਾਰ ਮਿਲਵੀਂ ਸੁਰ ਵਿਚ (ਮੇਰੇ ਅੰਦਰ ਵੱਜ ਰਹੇ ਹਨ ।੧।

ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚ " ਮਿਲਣੀ-ਰਸਮ " ਦਾ ਕੋਈ ਜ਼ਿਕਰ ਨਹੀਂ ਹੈ। ਸਪੱਸ਼ਟ ਹੈ ਕਿ ਅਜੇਹੀਆਂ ਰਸਮਾਂ ਬ੍ਰਾਹਮਣਾ ਨੇ ਜਜਮਾਨਾਂ ਨੂੰ ਜਿੰਦਗੀ ਦੇ ਹਰ ਮੋੜ ਤੇ ਲੁੱਟਣ ਦੀ ਨੀਤੀ ਨਾਲ ਬਣਾਈਆਂ ਹੋਈਆਂ ਹਨ ਅਤੇ ਸਿੱਖੀ ਦਾ ਅਜੇਹੀਆਂ ਰਸਮਾ ਨਾਲ ਕੋਈ ਸੰਬੰਧ ਨਹੀਂ ਹੈ। ਉਪ੍ਰੋਕਤ ਗੁਰੂ-ਸ਼ਬਦ ਨੂੰ ਵਿਚਾਰਨ ਉਪ੍ਰੰਤ ਇਹ ਸਮਝ ਲੈਣ ਵਿਚ ਕੋਈ ਕਸਰ ਨਹੀਂ ਰਹਿ ਜਾਂਦੀ, ਕਿ ਮਿਲਣੀ ਰਸਮ ਸਮੇ ਇਸ ਪਾਵਨ ਸ਼ਬਦ ਦਾ ਗਾਇਨ ਸੁਣ ਕੇ ਸਰੋਤੇ ਏਹੀ ਪ੍ਰਭਾਵ ਕਬੂਲ ਕਰ ਰਹੇ ਹੁੰਦੇ ਹਨ ਕਿ, ਧੀ ਵਾਲਿਆਂ ਨੇ ਬੜੀ ਢੂੰਡ-ਭਾਲ ਉਪ੍ਰੰਤ ਇਹ ਵਰ ਅਤੇ ਉਸ ਦੇ ਰਿਸ਼ਤੇਦਾਰ, ਜਾਂਞੀ ਆਦਿ ਲੱਭੇ ਹਨ, ਜਿਸ ਤੋਂ ਗੁਰਬਾਣੀ ਦੀ ਘੋਰ ਨਿਰਾਦਰੀ ਹੋ ਰਹੀ ਹੁੰਦੀ ਹੈ। ਸੋ ਇਸ ਤਰ੍ਹਾਂ ਦੀ ਭੁੱਲ ਕਰਕੇ, ਗੁਰਬਾਣੀ ਦੇ ਅਸਲ ਭਾਵ ਨੂੰ ਵਿਗਾੜਨ ਦਾ ਪਾਪ ਨਹੀਂ ਕਰਨਾ ਚਾਹੀਦਾ। ਅਫਸੋਸ ਹੈ ਕਿ ਧੇਤਿਆਂ ਪੁਤੇਤਿਆਂ ਦੀ ਮਿਲਣੀ ਸਮੇਂ ਸ਼ਰਾਬ ਨਾਲ ਰੱਜੀ ਬਰਾਤ ਨੂੰ ਖ਼ੁਸ਼ ਕਰਨ ਲਈ ਅਥਵਾ ਉਸ ਸਮੇਂ ਨੂੰ ਹੋਰ ਸੁਹਾਵਾਂ ਬਣਾਉਣ ਦੀ ਧੁਨ ਵਿਚ ਅਸੀ ਸਤਿਗੁਰਾਂ ਦੇ ਇਸ ਸ਼ਬਦ ਨੂੰ ਵੀ ਬੜੇ ਉਤਸ਼ਾਹ ਨਾਲ ਪੜ੍ਹਦੇ ਹਾਂ :--

੨੬- **ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥ ਕੰਚਨ ਕਾਇਆ ਕੋਟ**
**ਗੜ ਵਿਚਿ ਹਰਿ ਹਰਿ ਸਿਧਾ ॥ ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ**
**ਵਿਧਾ ॥ ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥ ੧ ॥**[੪੪੯]-੯-੧੬

ਸ਼ਰਾਬੀਆਂ ਦੀ ਭੀੜ ਆਪਣੇ ਆਪ ਨੂੰ ਗੁਰਮੁਖਿ ਸਮਝ ਰਹੀ ਹੁੰਦੀ ਹੈ। ਗੁਰੂ ਦਾ ਖ਼ਾਲਸਾ, ਗੁਰਬਾਣੀ ਦੀ ਕੁ-ਵਰਤੋਂ ਕਰਕੇ ਕੀ ਗੁਰੂ ਨੂੰ ਪ੍ਰਸੰਨ ਕਰ ਰਿਹਾ ਹੁੰਦਾ ਹੈ, ਕਿ ਜਾਂ ਆਪਣੀ ਜੜ੍ਹ ਆਪ ਹੀ ਪੁੱਟ ਰਿਹਾ ਹੁੰਦਾ ਹੈ ? ਕੀ ਉਤਰ ਬਣੇ ਅਨ-ਧਰਮੀਆਂ ਦੇ ਇਸ ਵਿਅੰਗ ਦਾ--ਕੀ ਸਿੱਖਾਂ ਦੇ ਗੁਰੂ ਅਜੇਹੇ ਸ਼ਰਾਬੀ ਅਤੇ ਨਾਚ ਕਰਦੇ ਆ ਰਹੇ, ਲੋਕਾਂ ਨੂੰ ਵੀ ਗੁਰਮੁਖ ਹੀ ਸਮਝਦੇ ਸਨ ? ਜੀਵ ਇਸਤ੍ਰੀ ਅਤੇ ਪ੍ਰਭੂ-ਪਤੀ ਦੇ ਮਿਲਾਪ ਦੇ ਗੁਰੂ-ਸ਼ਬਦ-ਗਿਆਨ ਦੇ ਅਸਲ ਭਾਵ ਨੂੰ ਸਮਝ ਕੇ ਉਸ ਅਨੁਸਾਰ ਆਪਣੀ ਜੀਵਨ-ਮਰਯਾਦਾ ਬਣਾਉਣੀ ਸੀ। ਸਤਿਗੁਰਾਂ ਦੀ ਇਸ ਉਪਦੇਸ਼-ਵਿਧੀ ਤੋਂ ਸੰਸਾਰ ਨੂੰ ਜਾਣੂੰ ਕਰਾਉਣਾ ਹਰ ਗੁਰਸਿੱਖ ਦਾ ਧਰਮ ਸੀ। ਜੇ ਅਸੀਂ ਸਾਰੇ ਹੀ ਆਪਣੇ ਇਸ ਧਰਮ ਨੂੰ ਪਛਾਣ ਲੈਂਦੇ ਤਾਂ ਸਾਰੇ ਸੰਸਾਰ ਤੇ ਗੁਰੂ ਨਾਨਕ ਨਾਮ ਲੇਵਾ ਦਾ ਬੋਲ ਬਾਲਾ ਹੋ ਜਾਣਾ ਸੀ। ਗੁਰੂ ਪਰਮੇਸ਼ਰ ਦੇ ਜਿਨ੍ਹਾਂ ਪਿਆਰਿਆਂ ਦੇ ਹਿਰਦੇ ਵਿਚ ਪ੍ਰਭੂ ਪ੍ਰਗਟ ਰੂਪ ਵਿਚ ਵੱਸ ਰਿਹਾ ਹੈ ਅਜੇਹੇ ਸੰਤ ਜਨਾਂ ਨੂੰ ਗੁਰਦੇਵ ਜੀ ਨੇ, ਪਰਾਹੁਣੇ, ਜਾਂਞੀ ਅਥਵਾ ਮਾਂਞੀ ਫ਼ੁਰਮਾਨ ਕੀਤਾ ਹੈ :--

੨੭- **ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥ ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ ਸੰਤ ਪਿਆਰੇ**
**ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ ॥ ਆਪੇ ਜਾਞੀ ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ ॥**
**ਆਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥ ਕਹੁ ਨਾਨਕ ਸਹੁ ਘਰਿ ਮਹਿ ਬੈਠਾ ਸੋਹੇ ਬੰਕ ਦੁਆਰੇ ॥ ੨ ॥**[੪੫੨]-੧

**ਅਰਥ:**--(ਹੇ ਸਖੀ ! ਮੇਰੇ ਹਿਰਦੇ-ਘਰ ਦੇ ਸਾਰੇ ਦਰਵਾਜ਼ੇ) ਮੇਰੇ ਗਿਆਨ ਇੰਦ੍ਰੇ ਸੋਹਣੇ ਹੋ ਗਏ ਹਨ ਸੋਭਨੀਕ ਹੋ ਗਏ ਹਨ (ਕਿਉਂਕਿ ਮੇਰੇ ਹਿਰਦੇ-ਘਰ ਵਿਚ) ਮੇਰੀ ਜਿੰਦ ਦੇ ਸਾਈਂ ਮੇਰੇ ਸੰਤ-ਪ੍ਰਭੂ ਜੀ ਆ ਬਿਰਾਜੇ ਹਨ। ਮੇਰੇ ਪਿਆਰੇ ਸੰਤ-ਪ੍ਰਭੂ ਜੀ ਮੇਰੇ ਸਾਰੇ ਕੰਮ ਸਵਾਰ ਰਹੇ ਹਨ (ਭਾਵ, ਮੇਰੇ ਸਾਰੇ ਗਿਆਨ-ਇੰਦ੍ਰੇ ਉਸ ਸੰਤ ਪ੍ਰਭੂ ਨੂੰ) ਨਮਸਕਾਰ ਕਰਕੇ ਉਸ ਦੀ ਸੇਵਾ-ਭਗਤੀ ਵਿਚ ਲੱਗ ਗਏ ਹਨ। ਉਹ ਆਪ ਹੀ ਜਾਂਞੀ ਹੈ ਅਤੇ ਆਪ ਹੀ ਮੇਲ ਹੈ, ਉਹ ਆਪ ਹੀ ਮਾਲਕ ਹੈ ਆਪ ਹੀ ਇਸ਼ਟ-ਦੇਵ ਹੈ। (ਮੇਰੀ ਜਿੰਦ ਦਾ ਮਾਲਕ-ਪ੍ਰਭੂ ਮੇਰੀ ਜਿੰਦ ਨੂੰ ਆਪਣੇ ਚਰਨਾਂ ਵਿਚ ਜੋੜਨ ਦਾ ਇਹ) ਆਪਣਾ ਕੰਮ ਆਪ ਹੀ ਸਿਰੇ ਚਾੜ੍ਹਦਾ ਹੈ। ਜਦੋਂ ਖ਼ਸਮ-ਪ੍ਰਭੂ ਹਿਰਦੇ ਘਰ ਵਿਚ ਆ ਬੈਠਦਾ ਹੈ ਤਾਂ ਸਾਰੇ ਗਿਆਨ ਇੰਦ੍ਰੇ ਸੋਹਣੇ ਬਣ ਜਾਂਦੇ ਹਨ। ੨।

ਵਡੀ ਪਸ਼ੇਮਾਨੀ ਵਾਲੀ ਘਾਟ ਤਾਂ ਇਹ ਹੈ ਕਿ, ਗੁਰਬਾਣੀ ਦੇ ਗਿਆਨ ਅਨੁਸਾਰ ਆਪਣਾ ਜੀਵਨ ਢਾਲ ਲੈਣ ਦੇ ਥਾਂ ਸਗੋਂ ਆਪਣੇ ਕਾਜ ਸੁਹਾਵੇਂ ਬਣਾਉਣ ਲਈ, ਗੁਰਬਾਣੀ ਦੀ ਅਢੁਕਵੀਂ ਵਰਤੋਂ ਕਰ ਲੈਣ ਦੀ ਸਿਖਿਆ, ਜਦ ਸਾਡੇ ਮਹਾਂ-ਪੁਰਖ ਹੀ ਦੇਣ ਲੱਗ ਪੈਣ ਤਾਂ ਚੜ੍ਹਦੀ-ਕਲਾ ਵਾਲਾ ਜੀਵਨ ਪਰਤ ਆਉਣ ਦੀ ਆਸ ਕਿਵੇਂ ਬੱਝੇ ?:--

## ੬

## " ਪਲੈ ਤੈਡੇ ਲਾਗੀ " ਗੁਰੂ ਫ਼ੁਰਮਾਨ ਅਤੇ ਭਿੰਡਰਾਂ ਵਾਲੇ ਮਹਾਂ ਪੁਰਖਾਂ ਦੀ ਅਨੋਖੀ ਮਰਯਾਦਾ

**ਸ੍ਰੀ ਅਕਾਲ ਸਹਾਇ**

ਜਦੋਂ ਲੜਕਾ ਅਤੇ ਲੜਕੀ ਫੇਰਿਆਂ ਲਈ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਬੈਠ ਜਾਣ ਤਾਂ ਲਾਵਾਂ ਅਰੰਭ ਹੋਣ ਤੋਂ ਪਹਿਲਾਂ ਲੜਕੀ ਦਾ ਪਿਤਾ ਜਾਂ ਉਸ ਦਾ ਕੋਈ ਹੋਰ ਵਡੱਕਾ, ਲੜਕੇ ਦਾ ਪੱਲਾ ਲੜਕੀ ਦੇ ਹੱਥ ਵਿਚ ਫੜਾ ਕੇ, ਬੀਬੀ ਨੂੰ ਉਸ ਦੇ ਵਰ ਦੇ ਲੜ ਲਾਉਣ ਦੀ ਰਸਮ ਨਿਭਾਉਂਦਾ ਹੈ। ਉਸ ਸਮੇਂ ਹੇਠ ਲਿਖੇ ਸਲੋਕ ਅਥਵਾ ਗੁਰੂ-ਸ਼ਬਦ ਦਾ ਗਾਇਨ ਕਰਨ ਵਾਲੀ ਪੱਕੀ ਰਸਮ ਸਿੱਖੀ ਦਾ ਲਗ-ਪਗ ਅੰਗ ਹੀ ਬਣ ਚੁੱਕੀ ਹੈ:---

੨੮- **ਸਲੋਕ ਮ: ੫ ॥ ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵੰਞਾਈ ਛੋੜਿਆ ਹਭੁ ਕਿਝੁ ਤਿਆਗੀ ॥**
**ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥ ੧ ॥**[੯੬੩]-ਵਾ-੧੪

**ਅਰਥ:**--(ਪੰਚਮ ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ, ਹੇ ਪ੍ਰਭੂ- ) ਜੀ ! ਕਿਸੇ ਦੀ ਉਸਤਤਿ ਬ(ਭਾਵ, ਫੋਕੀ ਵਡਿਆਈ ਝੋਲੀ ਚੁੱਕਣੀ) ਅਤੇ ਕਿਸੇ (ਭਲੇ ਪਰਸ਼ ਨੂੰ ਬਦਨਾਮ ਕਰਨ ਲਈ) ਮੰਦਾ ਆਖਣਾ-- ਇਹ ਮੈਂ ਸਭ ਕੁਝ ਛੱਡ-ਤਿਆਗ ਦਿੱਤਾ ਹੈ। ਮੈਂ (ਇਹ ਵੀ ਚੰਗੀ ਤਰ੍ਹਾਂ ਜਾਣ-) ਵੇਖ ਲਿਆ ਹੈ ਕਿ (ਦੁਨੀਆ ਦੇ) ਸਾਰੇ (ਪਤੀ ਅਥਵਾ ਪਤਨੀ ਸਮੇਤ) ਸਾਰੇ ਸਾਕ ਝੂਠੇ ਹਨ (ਭਾਵ, ਕੋਈ ਰਿਸ਼ਤਾ ਵੀ ਨਾਲ ਨਿਭਣ ਵਾਲਾ ਨਹੀਂ ਹੈ), ਇਸ ਲਈ (ਹੇ ਪ੍ਰਭੂ ! ਹੁਣ) ਮੈਂ ਤੇਰੇ ਲੜ ਆ ਲੱਗੀ ਹਾਂ। ੧।

ਇਸ ਗੁਰੂ-ਸ਼ਬਦ ਦਾ ਅਸਲ ਭਾਵ ਤਾਂ ਇਹ ਹੈ ਕਿ ਗੁਰਮੁਖ ਜੀਵ-ਇਸਤ੍ਰੀ, ਸਾਰੇ ਸੰਸਾਰੀ ਰਿਸ਼ਤੇ ਝੂਠੇ ਜਾਣ ਕੇ ਪ੍ਰਭੂ ਦੇ ਲੜ ਆ ਲੱਗੀ ਹੈ। ਪਰ ਜਿਸ ਸਮੇਂ ਇਹ ਗੁਰੂ ਸ਼ਬਦ ਉਚੇਚੇ ਤੌਰ ਤੇ ਗਾਂਵਿਆ ਜਾਂਦਾ ਹੈ, ਉਸ ਸਮੇਂ ਅਰਥ ਇਹ ਸਮਝਿਆ ਜਾ ਰਿਹਾ ਹੁੰਦਾ ਹੈ ਕਿ ਲੜਕੀ ਨੇ ਹੋਰ ਸਾਰੇ ਰਿਸ਼ਤੇ ਝੂਠੇ ਮੰਨ ਲਏ ਹਨ ਅਤੇ ਉਸ ਲਈ ਕੇਵਲ ਪਤੀ ਦਾ ਰਿਸ਼ਤਾ ਹੀ ਸੱਚਾ ਹੈ। ਹਾਲਾਂਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਫੇਰਿਆਂ ਤੋਂ ਪਹਿਲਾਂ ਬੀਬੀ ਨੂੰ ਇਹ ਸਿਖਿਆ ਦਿਤੀ ਜਾਂਦੀ ਹੈ ਕਿ ਪਤੀ ਦੇ ਮਾਤਾ ਪਿਤਾ ਨੂੰ ਵੀ ਅਤੇ ਹੋਰ ਅੰਗਾਂ ਸਾਕਾਂ ਨੂੰ ਵੀ, ਆਪਣੇ ਮਾਤਾ ਪਿਤਾ ਅਤੇ ਆਪਣੇ ਹੀ ਅੰਗਾਂ ਸਾਕਾਂ ਤੁਲ ਜਾਣ ਕੇ ਪਿਆਰ-ਸਤਿਕਾਰ ਕਰਿਆ ਕਰੇ। ਨਾਲ ਹੀ ਉਪ੍ਰੋਕਤ ਗੁਰ-ਸ਼ਬਦ ਦਾ ਕੀਰਤਨ ਕਰਕੇ ਅਸੀਂ ਗੁਰੂ ਅਤੇ ਜਗਤ ਦੋਹਾਂ, ਤੋਂ ਝੂਠੇ ਅਤੇ ਬੇ ਇਤਬਾਰੇ ਬਣ ਰਹੇ ਹੁੰਦੇ ਹਾਂ। ਸਿੱਖ ਰਹਿਤ ਮਰਯਾਦਾ ਵਿਚ ਪੱਲੇ ਦੀ ਰਸਮ ਸਮੇ ਇਸ ਸਲੋਕ ਦੇ ਪੜ੍ਹਨ ਦਾ ਜਾਂ ਗਾਇਨ ਕਰਨ ਦਾ ਜ਼ਿਕਰ ਤੱਕ ਨਹੀਂ ਹੈ। ਪਰ ਅਸੀਂ ਤਾਂ ਆਪਣੇ ਬੱਚਿਆਂ ਦੇ ਵਿਆਹਾਂ ਦਾ ਸਮਾਂ ਭਾਗਾਂ ਵਾਲਾ ਬਣਾਉਣਾ ਹੁੰਦਾ ਹੈ। ਗੁਰੂ-ਸ਼ਬਦ ਦੇ ਅਸਲ ਭਾਵ ਨਾਲ ਸਾਨੂੰ ਕੀ ? ਪਰ, ਖ਼ਾਲਾਸਾ ਜੀਓ ! ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ, ਸਤਿਗੁਰਾਂ ਦੇ ਬਚਨਾਂ ਦੀ ਗ਼ਲਤ ਵਰਤੋ ਵਾਲਾ ਘੋਰ ਪਾਪ ਇਕ ਦਿਨ ਸਾਨੂੰ ਲੈ ਡੁੱਬੇਗਾ।

ਟਕਸਾਲੀ ਸਿਖਿਆ ਦੇਣ ਦਾ ਭਰਮ ਪਾ ਕੇ ਮਨਮੱਤੀ ਸਿਖਿਆ ਨਾਲ ਪੰਥ ਵਿਚ ਬ੍ਰਾਹਮਣੀ ਰੀਤਾਂ ਪੱਕੀਆਂ ਕਰੀ ਜਾਣ ਵਾਲੇ, ਭਿੰਡਰਾਂ ਵਾਲੇ ਮਹਾਂ-ਪੁਰਖਾਂ ਨੇ ਆਪਣੀ ਪੁਸਤਕ " ਗੁਰਮਤਿ ਰਹਿਤ ਮਰਯਾਦਾ " ਦੇ ੧੧੭ ਸਫ਼ੇ ਤੇ ਇਸ ਸ਼ਬਦ ਦੇ ਨਾਲ ਸਗੋਂ ਇਕ ਹੋਰ ਗੁਰਬਾਣੀ ਸਲੋਕ ਦਾ ਕੀਰਤਨ ਕਰਨ ਦੀ ਮਰਯਾਦਾ ਵੀ ਸਿਖੀ ਧਰਮ ਦਾ ਅੰਗ ਬਣਾਈ ਹੋਈ ਹੈ। ਮਹਾਂਪੁਰਖਾਂ ਨੇ ਬਹੁਤਾ ਦੁਖਦਾਈ ਵਾਧਾ ਇਹ ਕੀਤਾ ਹੋਇਆ ਹੈ ਕਿ ਉਸ ਪਾਵਨ ਗੁਰਬਾਣੀ ਸਲੋਕ ਦੀ ਪਹਿਲੀ ਪੰਗਤੀ ਬੀਬੀ ਲਈ ਅਤੇ ਦੂਜੀ ਪੰਗਤੀ ਬੀਬੀ ਦੇ ਪਤੀ ਲਈ ਲਿਖੀ ਹੋਣ ਦਾ ਉਪਦੇਸ਼ ਲਿਖ ਦਿੱਤਾ ਹੋਇਆ ਹੈ। ਮਹਾਂਪੁਰਖਾਂ ਵਲੋ ਪਾਵਨ ਗੁਰੂਬਾਣੀ ਦੀਆਂ ਵੰਡੀਆਂ ਪਾਉਣ ਦਾ ਵੇਰਵਾ ਇਸ ਪ੍ਰਕਾਰ ਹੈ:--

**ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥** (੧) ਬੀਬੀ
**ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਸੂਲਿ ॥ ੨ ॥** (੨) ਨੀਂਗਰ

ਪੁਸਤਕ ਤੇ ੧੧੭ ਸਫ਼ੇ ਤੇ ਕੇਵਲ ਪਹਿਲੀ ਪੰਗਤੀ ਤੇ ਨਿਸ਼ਾਨ ਲਾ ਕੇ ਹੇਠਾਂ ਟੂਕ ਵਿਚ ਮਹਾਂ ਪੁਰਖਾਂ ਨੇ ਉਚੇਚੀ ਸਿਖਿਆ ਇਸ ਪ੍ਰਕਾਰ ਲਿਖੀ ਹੈ:--

" ਇਹ ਪ੍ਰਣ ਹੈ ਬੀਬੀ ਵਲੋਂ ਆਪਣੇ ਪਤੀ ਨਾਲ ਕਿ ਜੇ ਤੁਸੀਂ ਮੈਨੂੰ ਦਾਸੀ ਬਣਾਉਂਦੇ ਹੋ, ਆਪਣੇ ਲੜ ਲਾਉਂਦੇ ਹੋ, ਮੇਰਾ ਹੱਥ ਫੜਦੇ ਹੋ ਤਾਂ ਮੈਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਪ੍ਰਣ ਕਰਦੀ ਹਾਂ ਕਿ ਸਾਰੀ ਉਮਰ ਕਿਸ ਤਰ੍ਹਾਂ ਦਾ ਵੀ ਸਮਾਂ ਆ ਬਣੇ ਤੇਰਾ ਸਾਥ ਨਹੀਂ ਛਡਾਂ ਗੀ। **" ਰੂਖੋ ਭੋਜਨ ਭੂਮਿ ਸੈਨ ਸਖੀ ਪ੍ਰਿਆ ਸੰਗ ਸੂਖ ਬਿਹਾਤ " ।**ਪੂਰਨ ਪਤੀ ਬ੍ਰਤਾ ਧਰਮ ਵਿਚ, ਆਗਿਆ ਵਿਚ ਵਜ਼ੀਰ ਦੀ ਤਰ੍ਹਾਂ ਰਹਾਂਗੀ।

ਅਤੇ ਫਿਰ ਅਗਲੇ ੧੧੮ ਸਫ਼ੇ ਤੇ ਦੂਜੀ ਪੰਗਤੀ ਤੇ ਨਿਸ਼ਾਨ ਲਾ ਕੇ ਟੂਕ ਵਿਚ ਇਸ ਪ੍ਰਕਾਰ ਦੀ ਸਿਖਿਆ ਲਿਖੀ ਹੈ:--

ਇਸ ਪੰਗਤੀ ਵਿਚ ਪਤੀ ਵਲੋਂ ਪ੍ਰਣ ਹੈ ਕਿ ਹੇ ਸੁੱਮਤੇ ! ਜੇ ਤੂੰ ਮੇਰੇ ਲੜ ਲਗੀ ਹੈਂ ਤਾਂ ਮੈਂ ਤੈਨੂੰ ਆਪਣਾ ਵਜ਼ੀਰ ਸਮਝ ਕੇ ਹਰ ਸਮੇਂ, ਹਰ ਕੰਮ੍ਵਚ, ਹਰ ਵਿਹਾਰ ਵਿਚ ਪੂਰੀ ਸਲਾਹ ਲਵਾਂਗਾ। ਤੇਰਾ ਸਤਿਕਾਰ ਰਖਾਂਗਾ ਤੇ ਸਾਰੀ ਉਮਰ ਪਰੇਮ ਨਿਭਾਵਾਂਗਾ। ਬਿਨਾਂ ਦੋਸ਼ ਤੋਂ ਜੇ ਤੈਨੂੰ ਛੱਡਾਂ ਤਾਂ ਨਰਕਾਂ ਦੇ ਦੁਖ ਪਾਵਾਂਗਾ। ਇਹ ਪ੍ਰਣ ਹਨ ਪਤੀ ਬ੍ਰਤਾ ਤੇ ਸਤੀਬ੍ਰਤਾ ਧਰਮ ਵਿਚ ਸਚੇ ਜੀਵਨ ਸਾਥੀ ਬਣਨ ਲਈ।

ਗਉੜੀ ਕੀ ਵਾਰ ਮਹਲਾ ੫ ਦੀ ੧੯ਵੀਂ ਪਉੜੀ (ਪੰਨਾ-੩੨੨) ਦੇ ਇਸ ਪਾਵਨ ਸਲੋਕ ਦਾ ਗੁਰਮਤਿ ਅਰਥ ਇਸ ਪ੍ਰਕਾਰ ਹੈ:--

**ਅਰਥ:**-- ਹੇ ਮੇਰੇ ਪਿਆਰੇ (ਪ੍ਰਭੂ !) ਜੇ ਤੂੰ ਮੇਰਾ ਹੱਥ ਫੜ ਲਏਂ, ਮੈਂ ਤੈਨੂੰ ਕਦੇ ਨਾ ਛੱਡਾਂ। ਜੋ ਮਨੁੱਖ ਪ੍ਰਭੂ ਨੂੰ ਵਿਸਾਰ ਦਿੰਦੇ ਹਨ ਉਹ ਮੰਦ-ਕਰਮੀ (ਹੋ ਕੇ) ਦੋਜਕ ਦੀ ਅਸਹ ਪੀੜ ਵਿਚ ਪੈਂਦੇ ਹਨ ( ਭਾਵ, ਪੀੜ ਨਾਲ ਤੜਫ਼ਦੇ ਹਨ)। ੨।

ਸੰਤ-ਤਾਈ ਦਾ ਬਾਣਾ ਮਨੁੱਖ ਨੂੰ ਏਡਾ ਹੰਕਾਰੀ ਬਣਾ ਦਿੰਦਾ ਹੈ ਕਿ ਉਹ ਆਪਣੇ ਸਤਿਗੁਰਾਂ ਦੀ ਬਾਣੀ ਦਾ ਅਸਲ ਭਾਵ ਵਿਗਾੜਨ ਦੇ ਪਾਪ ਨੂੰ ਪਾਪ ਨਹੀਂ ਮੰਨਦਾ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਬਚਨਾਂ ਦੀ ਦੁਰਵਰਤੋਂ ਕਰਨ ਨੂੰ ਸਿੱਖੀ ਮਰਯਾਦਾ ਬਣਾਉਣ ਵਾਲਾ ਡੇਰੇਦਾਰ ਜਿਸ ਕੌਮ ਦੇ ਬੇੜੇ ਦਾ ਮਲਾਹ ਬਣ ਬੈਠੇ, ਉਸ ਕੌਮ ਨੇ ਪਾਰਲਾ ਕੰਡਾ ਕਿਥੋਂ ਵੇਖਣਾ ਹੈ ?

੭

## ਫੇਰੇ ਤਤ ਦਿਵਾਏ, (ਲਾਵਾਂ)

੨੯- **ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥ ਪੰਡਿਤ ਪਾਧੇ ਆਣਿ ਪਤੀ ਬਹਿ ੩੦**
**ਵਾਚਾਈਆ ਬਲਿ ਰਾਮ ਜੀਉ ॥ ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥**
**ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥ ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ**

**ਸਦ ਨਵਤਨੁ ਬਾਲ ਸਖਾਈ ॥ ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥ ੪ ॥**[੭੭੩]-੧

**ਅਰਥ:**--(ਜਿਵੇਂ ਜਦੋਂ ਲਾੜਾ) ਮਹੂਰਤ ਕਢਾ ਕੇ (ਜੰਞ ਲੈ ਕੇ) ਆਉਂਦਾ ਹੈ ਤਾਂ ਇਸਤ੍ਰੀ ਆਪਣੇ ਹਿਰਦੇ ਵਿਚ ਖ਼ੁਸ਼ ਹੁੰਦੀ ਹੈ, ਪਾਂਧੇ ਪੰਡਿਤ ਪੱਤ੍ਰੀ ਲਿਆ ਕੇ ਬੈਠ ਕੇ (ਫ਼ੇਰੇ ਦੇਣ ਦਾ ਵੇਲਾ) ਵਿਚਾਰਦੇ ਹਨ । (ਪਾਂਧੇ ਪੰਡਿਤ) ਪੱਤ੍ਰੀ ਵਿਚਾਰਦੇ ਹਨ (ਉਧਰ) ਜਦੋਂ (ਵਿਆਹ ਵਾਲੀ ਕੰਨਿਆ) ਸੱਜਣ ਘਰ ਵਿਚ ਆਏ ਸੁਣਦੀ ਹੈ, ਤਾਂ ਉਸ ਦੇ ਮਨ ਵਿਚ ਖ਼ੁਸ਼ੀ ਦੀ ਲਹਰ ਚਲ ਪੈਂਦੀ ਹੈ, ਗੁਣਵਾਨ ਬੈਠ ਕੇ ਫ਼ੈਸਲਾ ਕਰਦੇ ਹਨ, ਤੇ ਤੁਰਤ ਫੇਰੇ ਦੇ ਦਿੰਦੇ ਹਨ । (ਤਿਵੇਂ, ਗੁਰੂ ਦੀ ਕਿਰਪਾ ਨਾਲ ਪ੍ਰਭੂ ਜੀਵ-ਇਸਤ੍ਰੀ ਦੇ ਅੰਦਰ ਪਰਗਟ ਹੁੰਦਾ ਹੈ, ਜੀਵ-ਇਸਤ੍ਰੀ ਦੇ ਹਿਰਦੇ ਵਿਚ ਆਤਮਕ ਆਨੰਦ ਦੀ ਲਹਰ ਚੱਲ ਪੈਂਦੀ ਹੈ । ਗੁਰਮੁਖ ਬਾਣੀ ਦੇ ਰਸੀਏ ਸਾਧ ਸੰਗਤਿ ਵਿਚ ਮਿਲ ਕੇ ਗੁਰੂ ਦੀ ਬਾਣੀ ਪੜ੍ਹਦੇ ਵਿਚਾਰਦੇ ਹਨ । ਜਿਉਂ ਜਿਉਂ ਗੁਰਬਾਣੀ ਵਿਚਾਰਦੇ ਹਨ, ਜੀਵ-ਇਸਤ੍ਰੀ ਦੇ ਹਿਰਦੇ ਵਿਚ ਸੱਜਣ-ਪ੍ਰਭੂ ਦਾ ਪਰਕਾਸ਼ ਹੁੰਦਾ ਹੈ, ਉਸ ਦੇ ਮਨ ਵਿਚ ਆਨੰਦ ਦੇ, ਮਾਨੋ, ਵਾਜੇ ਵੱਜਦੇ ਹਨ । ਗੁਰਮੁਖ ਸਤਸੰਗੀ ਜੀਵ-ਇਸਤ੍ਰੀ ਦਾ ਪ੍ਰਭੂ-ਪਤੀ ਨਾਲ ਮਿਲਾਪ ਕਰਾ ਦਿੰਦੇ ਹਨ) ।

ਗੁਰਦੇਵ ਜੀ--ਜੀਵ-ਇਸਤ੍ਰੀ ਨੂੰ ਖਸਮ-ਪ੍ਰਭੂ ਮਿਲ ਪੈਂਦਾ ਹੈ ਜੋ (ਸਾਧਾਰਨ ਉੱਦਮ ਨਾਲ) ਅਪਹੁੰਚ ਹੈ, ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ, ਜੋ ਸਦਾ ਨਵੇਂ ਪਿਆਰ ਵਾਲਾ ਹੈ, ਜੋ ਬਚਪਨ ਤੋਂ ਹੀ ਮਿੱਤਰ ਚਲਾ ਆਉਂਦਾ ਹੈ । ਜਿਸ ਜੀਵ-ਇਸਤ੍ਰੀ ਨੂੰ ਉਹ ਪ੍ਰਭੂ ਕਿਰਪਾ ਕਰ ਕੇ ਆਪਣੇ ਨਾਲ ਮਿਲਾ ਲੈਂਦਾ ਹੈ, ਉਹ ਮੁੜ ਕਦੇ ਉਸ ਤੋਂ ਨਹੀਂ ਵਿਛੁੜਦੀ । ੪ ।

ਸਿੱਖ ਰਹਿਤ ਮਰਯਾਦਾ ਵਿਚ ਤਾਂ ਭਾਵੇਂ ਨਹੀਂ ਲਿਖਿਆ ਪਰ ਫਿਰ ਵੀ ਵਿਆਹ ਕਰਾਉਣ ਦਾ ਉਪਕਾਰ ਕਰਕੇ ਵੱਧ ਤੋਂ ਵੱਧ ਮਾਇਆ ਪ੍ਰਾਪਤ ਕਰ ਲੈਣ ਦੀ ਲਾਲਸਾ ਦੀ ਸੰਤੁਸ਼ਟੀ ਦੇ ਯਤਨ ਵਿਚ, ਗੁਰੂ ਦਰਬਾਰ ਦੀ ਸਟੇਜ ਦਾ ਸ਼ਿੰਗਾਰ ਬਣੇ ਬੈਠੇ ਕਈ ਕੀਰਤਨੀਏ, ਲਾਵਾਂ ਅਰੰਭ ਹੋਣ ਤੋਂ ਪਹਿਲਾਂ ਸਿਰੀ ਰਾਗ ਕੀ ਵਾਰ ਦੀ ੨੦ਵੀ ਪਉੜੀ ਦੀ ਵਰਤੋਂ ਬੜੇ ਸੁਰ-ਤਾਲ ਵਿਚ ਗਾ ਕੇ ਕਰਦੇ ਹੋਏ ਸੁਣੇ ਜਾਂਦੇ ਹਨ:--

੩੦- **ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥**
**ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥ ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ ॥**
**ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ ॥ ੨੦ ॥**[੯੧]

**ਅਰਥ:**--(ਪਰਉਪਕਾਰ ਵਾਲਾ ਨੇਕੀ ਦਾ) ਕੰਮ ਤੋੜ ਚਾੜ੍ਹਨ ਦੀ ਇੱਛਾ ਹੋਵੇ, ਉਸ ਦੀ (ਪਰਾਪਤੀ ਲਈ) ਪ੍ਰਭੂ ਕੋਲ ਬੇਨਤੀ ਕਰਨੀ ਚਾਹੀਦੀ ਹੈ । (ਇਸ ਤਰ੍ਹਾਂ) ਸਤਿਗੁਰਾਂ ਦੀ ਸਿਖਿਆ ਦੀ ਰਾਹੀਂ ਸਦਾ-ਥਿਰ ਪ੍ਰਭੂ ਕਾਰਜ ਸਵਾਰ ਦਿੰਦਾ ਹੈ । ਸੰਤਾ ਦੀ ਸੰਗਤਿ ਵਿਚ ਨਾਮ-ਖ਼ਜ਼ਾਨਾ ਮਿਲਦਾ ਹੈ, ਤੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਚੱਖ ਸਕੀਦਾ ਹੈ । (ਸੋ ਇਹ ਬੇਨਤੀ ਕਰਨੀ ਚਾਹੀਦੀ ਹੈ ਕਿ) ਹੇ ਡਰ ਨਾਸ ਕਰਨ ਵਾਲੇ ਤੇ ਦਇਆ ਕਰਨ ਵਾਲੇ ਹਰੀ ! ਦਾਸ ਦੀ ਲਾਜ ਰੱਖ ਲਉ । ਪ੍ਰਭੂ ਦੀ ਸਿਫ਼ਤਿ-ਸਾਲਾਹ ਕੀਤਿਆਂ ਅਲੱਖ ਪ੍ਰਭੂ ਨਾਲ ਸਾਂਝ ਪਾ ਲਈਦੀ ਹੈ । ੨੦ ।

## ਚਾਰ ਲਾਵਾਂ--

ਗੁਰੂ ਰਾਮ ਦਾਸ ਚੌਥੇ ਗੁਰੂ ਨਾਨਕ ਜੀ ਨੇ ਮਨੁੱਖਾ ਜਿੰਦਗੀ ਨੂੰ ਸੁਖਾਵਾਂ ਬਣਾਉਣ ਵਾਲੇ ਗਿਆਨ ਨਾਲ ਭਰਪੂਰ ਅਤੇ ਜੀਵਾਤਮਾ ਦੀ ਕਲਿਆਣ ਕਰਨ ਵਾਲੇ ਵਡਮੁੱਲੇ ਉਪਦੇਸ਼ ਵਾਲੀ ਚਾਰ ਲਾਵਾਂ ਬਾਣੀ ਉਚਾਰਨ ਦੀ ਮਿਹਰ ਕੀਤੀ ਹੋਈ ਹੈ । ਮਨੁੱਖ ਦੇ ਅੰਦਰ ਹਜ਼ਾਰਾਂ ਸਾਲਾਂ ਤੋਂ ਬਣੇ ਆ ਰਹੇ ਵੇਦਾਂ, ਸਿਮਿਰਤੀਆਂ ਆਦਿ (ਬਿੱਪ੍ਰੀ ਧਰਮ-ਗ੍ਰੰਥਾਂ) ਪ੍ਰਤੀ, ਭਰਮ ਨੂੰ ਵੀ ਬੜੇ ਮਿੱਠੇ ਢੰਗ ਨਾਲ ਖੰਡਨ ਕੀਤਾ ਹੈ । ਸੂਹੀ ਰਾਗ ਵਿਚ ਉਚਾਰੀ ਚੌਥੇ ਗੁਰੂ ਨਾਨਕ, ਸ਼੍ਰੀ ਗੁਰੂ ਰਾਮ ਦਾਸ ਜੀ ਦੀ, ਚਾਰ-ਲਾਵਾਂ-ਗੁਰਬਾਣੀ, ਕੇਵਲ ਲੜਕੀ ਲੜਕੇ ਦੇ ਵਿਆਹ ਕਰਾਉਣ ਵਾਲਾ ਮੰਤ੍ਰ, ਅਥਵਾ **ਵਿਆਹ-ਬਾਣੀ** ਹੀ ਬਣ ਚੁੱਕੀ ਹੈ । ਸ਼ਾਇਦ ਹੀ ਹੈ ਜੋ ਕਦੇ ਕਿਸੇ ਭਾਗਾਂ ਵਾਲੇ ਨੇ ਇਸ ਪਾਵਨ ਗੁਰਬਾਣੀ ਵਿਚਲੇ ਉਪਦੇਸ਼ ਨੂੰ ਸਮਝਣ ਦੀ ਇਛਿਆ ਪ੍ਰਗਟ ਕੀਤੀ ਹੋਵੇ, ਉਂਜ, ੧੨ ਵਜੇ ਤੋਂ ਪਹਿਲਾਂ ਫੇਰਿਆਂ ਦੀ ਰਸਮ ਪੂਰੀ ਕਰਨ ਦੀ ਕਾਹਲ ਵਾਲੇ ਲੋਕ ਲਗ-ਪਗ ਸਾਰੇ ਥਾਂਈਂ ਹਾਜ਼ਰ ਹੁੰਦੇ ਹਨ । ਆਉ ਉਨ੍ਹਾਂ ਚਾਰ ਲਾਵਾਂ ਦੀ ਵਿਚਾਰ ਕਰ ਕੇ ਸਤਿਗੁਰਾਂ ਦੇ ਉਪਦੇਸ਼ ਨਾਲ ਜੁੜੀਏ--

੩੧- **ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ, ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ, ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥ ੧ ॥**[੭੭੩-੭੪]

[ਨੋਟ:--ਕਈ ਸਿੱਖ " ਬਲਿਰਾਮ ਜੀਉ " ਤੋਂ " ਕ੍ਰਿਸ਼ਨ ਜੀ " ਦਾ ਕਥਿਤ ਭਾਈ ' ਬਲਰਾਮ " ਸਮਝਦੇ ਹਨ, ਜੋ ਗ਼ਲਤ ਹੈ । ਬਲਿ ਰਾਮ ਜੀ, ਦਾ ਅਰਥ ਹੈ ' ਰਾਮ ਜੀ ਤੋਂ ਕੁਰਬਾਣ ਜਾਣਾ, ਸਦਕੇ ਜਾਣਾ, ਵਾਰੀ ਜਾਣਾ ]

**ਅਰਥ:**--ਹੇ ਰਾਮ ! ਮੈਂ ਤੈਥੋਂ ਸਦਕੇ ਹਾਂ । (ਤੇਰੀ ਮਿਹਰ ਨਾਲ ਗੁਰੂ ਨੇ ਸਿੱਖ ਨੂੰ) ਹਰਿ-ਨਾਮ ਜਪਣ ਦੇ ਆਹਰ ਵਿਚ ਰੁੱਝਣ ਦਾ ਕੰਮ ਨਿਸ਼ਚੇ ਕਰਾਇਆ ਹੈ (ਤਾਕੀਦ ਕੀਤੀ ਹੈ) । ਇਹੀ ਹੈ ਪ੍ਰਭੂ-ਪਤੀ ਨਾਲ (ਜੀਵ-ਇਸਤ੍ਰੀ ਦੇ ਵਿਆਹ ਦੀ) ਪਹਿਲੀ ਸੋਹਣੀ ਲਾਂਵ । ਹੇ ਭਾਈ ! ਗੁਰੂ ਦੀ ਬਾਣੀ (ਸਿੱਖ ਵਾਸਤੇ) ਬ੍ਰਹਮਾ ਦਾ ਵੇਦ ਹੈ । ਇਸ ਬਾਣੀ ਦੀ ਬਰਕਤਿ ਨਾਲ ਪਰਮਾਤਮਾ ਦਾ ਨਾਮ ਸਿਮਰਨ ਦਾ) ਧਰਮ (ਆਪਣੇ ਹਿਰਦੇ ਵਿਚ) ਪੱਕਾ ਕਰੋ (ਨਾਮ ਸਿਮਰਿਆਂ ਸਾਰੇ) ਪਾਪ ਦੂਰ ਹੋ ਜਾਂਦੇ ਹਨ । ਨਾਮ ਸਿਮਰਨ ਵਾਲਾ ਮਨੁੱਖਾ ਜਨਮ ਦਾ ਧਰਮ, ਆਪਣੇ ਹਿਰਦੇ ਅੰਦਰ ਪੱਕਾ ਕਰ ਲਵੋ । ਗੁਰੂ ਨੇ ਜੋ ਨਾਮ ਸਿਮਰਨ ਦੀ ਤਾਕੀਦ ਕੀਤੀ ਹੈ, ਏਹੀ ਸਿੱਖ ਵਾਸਤੇ ਸਿਮ੍ਰਿਤਿ (ਦਾ ਉਪਦੇਸ਼ ਹੈ) ਹੇ ਭਾਈ ! ਪੂਰੇ ਗੁਰੂ (ਦੇ ਇਸ ਉਪਦੇਸ਼ ਨੂੰ) ਹਰ ਵੇਲੇ ਚੇਤੇ ਰਖੋ, ਸਾਰੇ ਪਾਪ ਵਿਕਾਰ (ਇਸ ਦੀ ਬਰਕਤਿ ਨਾਲ) ਦੂਰ ਹੋ ਜਾਂਦੇ ਹਨ । ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਨਾਮ ਪਿਆਰਾ ਲੱਗਣ ਲੱਗ ਪੈਂਦਾ ਹੈ, ਉਸ ਵਡੇ ਭਾਗਾਂ ਵਾਲੇ ਨੂੰ ਆਤਮਕ ਅਡੋਲਤਾ ਦਾ ਸੁਖ ਮਿਲਿਆ ਰਹਿੰਦਾ ਹੈ । ਗੁਰੂ ਜੀ ਦਾ ਫ਼ੁਰਮਾਨ ਹੈ--ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੀ ਪਹਿਲੀ ਲਾਂਵ ਹੈ । (ਹਰੀ ਦਾ ਨਾਮ ਸਿਮਰਨ ਤੋਂ ਹੀ (ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੇ ਵਿਆਹ ਦਾ ਮੁੱਢ ਬੱਝਦਾ ਹੈ । ੧ ।

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥ ੨ ॥**[੭੭੪]

**ਅਰਥ:**--ਹੇ ਰਾਮ ਜੀ ! ਮੈਂ ਤੈਥੋਂ ਸਦਕੇ ਹਾਂ । (ਤੂੰ ਮਿਹਰ ਕਰ ਕੇ ਜਿਸ ਜੀਵ-ਇਸਤ੍ਰੀ ਨੂੰ) ਗੁਰੂ ਮਹਾਂ-ਪੁਰਖ ਮਿਲਾ ਦਿੰਦਾ ਹੈਂ (ਉਸ ਦਾ) ਮਨ (ਦੁਨੀਆ ਦੇ) ਸਾਰੇ ਡਰਾਂ ਤੋਂ ਨਿਡਰ ਹੋ ਜਾਂਦਾ ਹੈ, (ਗੁਰੂ ਉਸ ਦੇ ਅੰਦਰੋਂ) ਹਉਮੈ ਦੀ ਮੈਲ ਦੂਰ ਕਰ ਦਿੰਦਾ ਹੈ--ਏਹੀ ਹੈ ਪ੍ਰਭੂ-ਪਤੀ ਨਾਲ (ਜੀਵ -ਇਸਤ੍ਰੀ ਦੇ ਵਿਆਹ ਦੀ) ਦੂਜੀ ਲਾਂਵ ।

(ਜਿਹੜੀ ਜੀਵ-ਇਸਤ੍ਰੀ ਹਉਮੈ ਦੂਰ ਕਰ ਕੇ) ਪਰਮਾਤਮਾ ਦੇ ਗੁਣ ਗਾਉਂਦੀ ਹੈ, ਉਸ ਦੇ ਅੰਦਰ (ਪ੍ਰਭੂ-ਪਤੀ ਵਾਸਤੇ) ਆਦਰ-ਸਤਕਾਰ ਪੈਦਾ ਹੋ ਜਾਂਦਾ ਹੈ, ਉਹ ਪਰਮਾਤਮਾ ਨੂੰ ਆਪਣੇ ਅੰਗ-ਸੰਗ ਵੱਸਦਾ ਵੇਖਦੀ ਹੈ । (ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਇਹ ਜਗਤ-ਖਿਲਾਰਾ) ਪ੍ਰਭੂ ਆਪਣੇ ਆਪੇ ਦਾ ਪਸਾਰਾ ਪਸਾਰ ਰਿਹਾ ਹੈ, ਅਤੇ ਉਹ ਮਾਲਕ ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ । (ਉਸ ਜੀਵ-ਇਸਤ੍ਰੀ ਨੂੰ ਆਪਣੇ) ਅੰਦਰ ਅਤੇ ਬਾਹਰ (ਸਾਰੇ ਜਗਤ ਵਿਚ) ਸਿਰਫ਼ ਪਰਮਾਤਮਾ ਹੀ (ਵੱਸਦਾ ਦਿੱਸਦਾ ਹੈ), ਸਾਧ ਸੰਗਤਿ ਵਿਚ ਮਿਲ ਕੇ ਉਹ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੀ ਹੈ । ਗੁਰੂ ਜੀ ਦਾ ਫ਼ੁਰਮਾਨ--(ਗੁਰੂ ਦੀ ਸਰਨ ਪੈ ਕੇ, ਹਉਮੈ ਦੂਰ ਕਰਕੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਉਣੇ ਅਤੇ ਉਸ ਨੂੰ ਸਰਬ-ਵਿਆਪਕ ਵੇਖਣਾ--ਪ੍ਰਭੂ ਨੇ ਇਹ) ਦੂਜੀ ਲਾਂਵ (ਜੀਵ-ਇਸਤ੍ਰੀ ਦੇ ਵਿਆਹ ਦੀ) ਤੋਰ ਦਿੱਤੀ ਹੈ, (ਇਸ ਆਤਮਕ ਅਵਸਥਾ ਤੇ ਪਹੁੰਚੀ ਜੀਵ-ਇਸਤ੍ਰੀ ਦੇ ਅੰਦਰ ਪ੍ਰਭੂ) ਸਿਫ਼ਤਿ-ਸਾਲਾਹ ਦੀ ਬਾਣੀ ਦੇ, ਮਾਨੋ, ਇਕ-ਰਸ ਵਾਜੇ ਵਜਾ ਦਿੰਦਾ ਹੈ । ੨ ।

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੈ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ ੩ ॥**[੭੭੪]

**ਅਰਥ:**--ਹੇ ਰਾਮ ਜੀ ! ਮੈਂ ਤੈਥੋਂ ਸਦਕੇ ਹਾਂ । (ਤੇਰੀ ਮਿਹਰ ਨਾਲ) ਵੈਰਾਗ-ਵਾਨਾਂ ਦੇ ਮਨ ਵਿਚ (ਤੇਰੇ ਮਿਲਾਪ ਲਈ) ਤਾਂਘ ਪੈਦਾ ਹੁੰਦੀ ਹੈ, (ਇਹ ਆਤਮਕ ਅਵਸਥਾ ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੇ ਵਿਆਹ ਦੀ) ਤੀਜੀ ਸੋਹਣੀ ਲਾਂਵ ਹੈ । ਹੇ ਭਾਈ ! ਜਿਨ੍ਹਾਂ ਵਡੇ ਭਾਗਾਂ ਵਾਲੇ ਮਨੁਖਾਂ ਨੂੰ ਸੰਤ ਜਨਾਂ (ਭਾਵ, ਸਤਿਗੁਰੂ ਜੀ) ਦਾ ਮਿਲਾਪ ਹਾਸਲ ਹੁੰਦਾ ਹੈ, (ਉਹ ਮਨੁੱਖ) ਸਦਾ ਪ੍ਰਭੂ ਦੇ ਗੁਣ ਗਾਉਂਦੇ ਹਨ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਚਾਰਦੇ ਹਨ । ਅਜੇਹੇ ਵਡਭਾਗੀ ਮਨੁੱਖ ਸਤਿਗੁਰੂ-ਸੰਤ ਦੀ ਸੰਗਤਿ ਵਿਚ ਰਹਿ ਕੇ, ਪਵਿੱਤਰ ਕਰਨ ਵਾਲੇ ਪ੍ਰਭੂ ਦੇ ਮਿਲਾਪ (ਦਾ ਅਨੰਦ) ਪ੍ਰਾਪਤ ਕਰਦੇ ਹਨ ।

ਹੇ ਭਾਈ ! ਅਕੱਥ ਪ੍ਰਭੂ ਦੀ ਸਿਫ਼ਤਿ-ਸਾਲਾਹ ਸਦਾ ਕਰਦੇ ਰਹਿਣਾ ਚਾਹੀਦਾ ਹੈ, (ਜਿਹੜਾ ਮਨੁੱਖ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹੈ, ਉਸ ਦੇ) ਹਿਰਦੇ ਵਿਚ ਸਦਾ ਟਿਕੇ ਰਹਿਣ ਵਾਲੀ ਪ੍ਰਭੂ-ਪ੍ਰੇਮ ਦੀ ਰੌ ਚਲ ਪੈਂਦੀ ਹੈ । ਪਰ, ਹੇ ਭਾਈ ! ਪਰਮਾਤਮਾ ਦਾ ਨਾਮ (ਤਦੋਂ ਹੀ) ਜਪਿਆ ਜਾ ਸਕਦਾ ਹੈ, ਜੇ ਚੰਗਾ ਭਾਗ ਜਾਗ ਪਏ । (ਸਤਿਗੁਰੂ ਜੀ ਫ਼ੁਮਾਉਂਦੇ ਹਨ ਕਿ ਪ੍ਰਭੂ-ਪਤੀ ਨਾਲ ਜੀਵ ਇਸਤ੍ਰੀ ਦੇ ਵਿਆਹ ਦੀ) ਤੀਜੀ ਲਾਂਵ ਸਮੇ (ਜੀਵ-ਇਸਤ੍ਰੀ ਦੇ) ਮਨ ਵਿਚ ਪ੍ਰਭੂ (-ਮਿਲਾਪ ਦੀ) ਤੀਬਰ ਤਾਂਗ ਪੈਦਾ ਹੋ ਜਾਂਦੀ ਹੈ । ੩ ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥ ਹਰਿ ਪ੍ਰਭ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ ੪ ॥**[੭੭੪]-੨

**ਅਰਥ:**--ਹੇ ਸੋਹਣੇ ਰਾਮ ! ਮੈਂ ਤੈਥੋਂ ਸਦਕੇ ਹਾਂ । (ਤੇਰੀ ਮੇਹਰ ਨਾਲ ਜਿਸ ਜੀਵ-ਇਸਤ੍ਰੀ ਦੇ) ਮਨ ਵਿਚ ਆਤਮਕ ਅਡੋਲਤਾ ਪੈਦਾ ਹੋ ਜਾਂਦੀ ਹੈ, ਉਸ ਨੂੰ ਤੇਰਾ ਮਿਲਾਪ ਹੋ ਜਾਂਦਾ ਹੈ । (ਇਹ ਆਤਮਕ ਅਵਸਥਾ ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੇ ਮਿਲਾਪ ਦੀ) ਛੌਥੀ ਸੋਹਣੀ ਲਾਂਵ ਹੈ । ਗੁਰੂ ਦੀ ਸਰਨ ਪੈ ਕੇ (ਪ੍ਰਭੂ-) ਪ੍ਰੇਮ ਵਿਚ (ਟਿਕ ਕੇ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ) ਮਿਲ ਪੈਂਦਾ ਹੈ, (ਉਸ ਦੇ) ਤਨ ਮਨ ਵਿਚ ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ । (ਅਤੇ ਪ੍ਰਭੂ ਨੂੰ ਪਿਆਰ ਕਰਨ ਵਾਲਾ ਅਜੇਹਾ ਜੀਵ) ਪ੍ਰਭੂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ । ਫਿਰ ਉਹ ਮਨੁੱਖ ਪ੍ਰਭੂ ਦੀ ਯਾਦ ਵਿਚ ਸਦਾ ਸੁਰਤਿ ਜੋੜੀ ਰੱਖ ਕੇ ਮਨ ਇੱਛੇ ਫਲ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦੇ ਅੰਦਰ ਸਦਾ ਚੜ੍ਹਦੀ ਕਲਾ ਬਣੀ ਰਹਿੰਦੀ ਹੈ ।

ਹੇ ਭਾਈ ! ਮਾਲਕ-ਪ੍ਰਭੂ ਨੇ (ਜਿਸ ਜੀਵ-ਇਸਤ੍ਰੀ ਦੇ) ਵਿਆਹ ਦਾ ਉ ੱਦਮ ਸ਼ੁਰੂ ਕਰ ਦਿੱਤਾ, ਉਹ ਜੀਵ-ਇਸਤ੍ਰੀ ਨਾਮ ਸਿਮਰਨ ਦੀ ਬਰਕਤਿ ਨਾਲ (ਆਪਣੇ) ਹਿਰਦੇ ਵਿਚ ਸਦਾ ਆਨੰਦ-ਭਰਪੂਰ ਰਹਿੰਦੀ ਹੈ । (ਚੌਥੇ ਗੁਰੂ ਨਾਨਕ ਸ੍ਰੀ ਗੁਰੂ ਰਾਮਦਾਸ ਜੀ ਦਾ ਫ਼ੁਰਮਾਨ--) ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੇ ਵਿਆਹ ਦੀ ਚੌਥੀ ਲਾਂਵ ਸਮੇ ਜੀਵ-ਇਸਤ੍ਰੀ ਕਦੇ ਨਾਸ ਨਾ ਹੋਣ ਵਾਲੇ ਪ੍ਰਭੂ ਦਾ ਮਿਲਾਪ ਪ੍ਰਾਪਤ ਕਰ ਲੈਂਦੀ ਹੈ । ੪ ।

ਜੀਵਸਿਏਤ੍ਰੀ ਦੀਆਂ ਲਾਵਾਂ ਹੋ ਗਈਆਂ । ਉਸ ਦੇ ਹਿਰਦੇ-ਘਰ ਵਿਚ ਪ੍ਰਭੂ-ਪਤੀ ਪ੍ਰਤੱਖ ਹੋ ਗਿਆ । ਹੁਣ ਸੰਸਾਰ ਦੇ ਰੰਗ-ਤਮਾਸ਼ੇ ਵੇਖਦੇ ਰਹਿਣ ਦੀ ਤ੍ਰਿਸਨਾ ਬੁਝ ਗਈ, ਅਤੇ ਜੀਵ-ਇਸਤ੍ਰੀ ਨੂੰ ਉਹ ' ਬਿਅੰਨਿ ' ਅਖੜੀਆਂ ਮਿਲ ਗਈਆਂ ਸਨ ਜਿਹੜੀਆਂ ਮਾਲਕ-ਪ੍ਰਭੂ ਦੇ ਦਰਸ਼ਨ ਕਰ ਸਕਦੀਆਂ ਸਨ--" **ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ ॥**[੫੭੭] ਜਦ ਜੀਵ-ਇਸਤ੍ਰੀ ਦਾ ਹਿਰਦਾ-ਘਰ ਰੱਬੀ ਨੂਰ ਦੇ ਚਾਨਣੇ ਨਾਲ ਨਕਾ ਨਕ ਭਰ ਗਿਆ ਤਾਂ ਉਸ ਨੂੰ ਅਜੇਹੇ ਦੈਵੀ ਆਨੰਦ ਦਾ ਹੁਲਾਰਾ ਵੱਜਾ ਕਿ ਹਿਰਦੇ-ਘਰ ਵਿਚ ਕਈ ਤਰ੍ਹਾਂ ਦੇ ਰਾਗਾਂ ਅਤੇ ਸਾਜ਼ਾਂ ਦੀ ਝੁਣਕਾਰ ਸੁਣਨੀ ਅਰੰਭ ਹੋ ਗਈ । ਉਸ ਦੈਵੀ ਅਨੰਦ ਨਾਲ ਜੀਵ-ਇਸਤ੍ਰੀ ਅਜੇਹੀ ਵਿਸਮਾਦ ਵਿਚ ਆਈ ਕਿ ਪਤਾ ਨਹੀਂ ਕਦੋਂ ਉਸ ਦੀ ਜ਼ਬਾਨ ਨੇ ਗਉਣਾ ਅਰੰਭ ਕਰ ਦਿੱਤਾ:--

੩੨- **ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥ ੧ ॥**[੯੧੭]

ਅਗੇ ਲਿਖਿਆ ਗੁਰੂ ਸ਼ਬਦ, ਗਉੜੀ ਰਾਗ ਵਿਚ ਉਚਾਰਿਆ ਸਤਿਗੁਰੂ ਨਾਨਕ ਸਾਹਿਬ ਜੀ **ਮ: ੧** ਦਾ ਹੈ । ਸਤਿਗੁਰਾਂ ਨੇ ਜੀਵ ਇਸਤ੍ਰੀ ਦੇ ਪ੍ਰਭੂ-ਪਤੀ ਨਾਲ ਵਿਆਹ (=ਸੱਚੇ ਮਿਲਾਪ) ਦਾ ਜ਼ਿਕਰ ਬੜੀ ਅਰਥ ਭਰਪੂਰ ਵਿਚਿਤ੍ਰ ਸ਼ਬਦਾਵਲੀ ਵਿਚ ਕਰਦਿਆਂ, ਸਾਨੂੰ ਵਡਮੁੱਲਾ ਉਪਦੇਸ਼ ਦਿੱਤਾ ਹੈ । ਗੁਰੂ ਸ਼ਬਦ ਇਸ ਪ੍ਰਕਾਰ ਹੈ:--

੩੩- **ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥ ੧ ॥ ਕਹਣਾ ਹੈ, ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥ ੧ ॥ ਰਹਾਉ ॥ ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ**

**ਕਰਿ ਮਨ ਲਏ ॥ ੨ ॥ ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥ ੩ ॥**[੧੫੧-੫੨]-੩

**ਅਰਥ:**--ਹੇ ਪ੍ਰਭੂ ! ਤੇਰੇ ਨਾਲ ਮਿਲਾਪ-ਅਵਸਥਾ ਕਥਨ ਨਹੀਂ ਕੀਤੀ ਜਾ ਸਕਦੀ, ਰਤਾ-ਮਾਤ੍ਰ ਦੱਸੀ ਹੈ, (ਕਿਉਂਕਿ) ਹੇ ਪ੍ਰਭੂ ! ਤੇਰੀ ਕੁਦਰਤਿ ਦਾ ਪੂਰਾ ਮੁੱਲ ਨਹੀਂ ਪੈ ਸਕਦਾ (ਭਾਵ, ਕੁਦਰਤਿ ਕਿਹੋ ਜਿਹੀ ਹੈ--ਇਹ ਦੱਸਿਆ ਨਹੀਂ ਜਾ ਸਕਦਾ) । ੧ । ਰਹਾਉ । ਜੇ ਕੋਈ ਜੀਵ-ਇਸਤ੍ਰੀ ਉ ੱਚੀ ਮਤਿ ਨੂੰ ਆਪਣੀ ਮਾਂ ਬਣਾ ਲਏ (ਮਾਂ ਦੀ ਗੋਦ ਵਿਚ ਜਿਵੇਂ ਬੱਚਾ ਪਲਦਾ ਹੈ ਜੀਵ ਇਸਤ੍ਰੀ ਉਸ ਉ ੱਚੀ ਮਤਿ-ਮਾਂ ਦੀ ਗੋਦੀ ਵਿਚ ਪਲੇ) ਸੰਤੋਖ ਨੂੰ ਆਪਣਾ ਪਿਉ ਬਣਾਏ (ਸੰਤੋਖ-ਪਿਤਾ ਦੀ ਸੇਵਾ ਨਿਗਰਾਨੀ ਵਿਚ ਰਹੇ, ਭਾਵ, ਕਿਸੇ ਹਾਲਤ ਵਿਚ ਵੀ ਸੰਤੋਖ-ਗੁਣ ਵਲੋ ਲਾਪਰਵਾਹ ਨਾ ਹੋਵੇ), ਖ਼ਲਕਤ ਦੀ ਸੇਵਾ ਨੂੰ ਉਚੇਚਾ ਭਰਾ ਬਣਾਏ (ਖ਼ਲਕਤ ਦੀ ਸੇਵਾ-ਰੂਪ ਭਰਾ ਦਾ ਜੀਵਨ ਉ ੱਤੇ ਬੜਾ ਡੂੰਘਾ ਅਸਰ ਰਹੇ--ਨਿਤਾਣੇ ਲੋੜਵੰਦਾ ਦੀ ਸੇਵਾ ਦਾ ਅਵਸਰ ਕਦੇ ਵੀ ਹਥੋਂ ਨਾ ਜਾਣ ਦੇਵੇ) । ੧ । ਉ ੱਦਮ ਅਤੇ ਉ ੱਚੀ ਸੁਰਤਿ ਇਹ ਦੋਵੇਂ ਉਸ ਜੀਵ-ਇਸਤ੍ਰੀ ਦੇ ਸੱਸ ਸਹੁਰਾ ਬਣਨ, ਤੇ ਹੇ ਮਨ ! ਜੇ ਜੀਵ ਇਸਤ੍ਰੀ ਸੁਚੱਜੀ ਜਿੰਦਗੀ (ਸੁੱਚੇ ਆਚਰਨ ) ਨੂੰ ਇਸਤ੍ਰੀ ਬਣਾ ਲਏ, ਜੇ ਸਤ ਸੰਗ (ਵਿਚ ਜਾਣਾ) ਪ੍ਰਭੂ ਨਾਲ ਵਿਆਹ ਦਾ ਸਾਹਾ ਸੋਧਿਆ ਜਾਏ (ਭਾਵ, ਜਿਵੇਂ ਵਿਆਹ ਵਾਸਤੇ ਸੋਧਿਆ ਹੋਇਆ ਸਾਹਾ ਟਾਲਿਆ ਨਹੀਂ ਜਾ ਸਕਦਾ, ਤਿਵੇਂ ਸਤ ਸੰਗ ਵਿਚੋਂ ਕਦੇ ਨ ਖੁੰਝੇ), ਜੇ (ਸਤ ਸੰਗ ਵਿਚ ਰਹਿ ਕੇ ਦੁਨੀਆ ਨਾਲੋਂ) ਨਿਰਮੋਹਤਾ-ਰੂਪ (ਪ੍ਰਭੂ ਨਾਲ) ਵਿਆਹ ਹੋ ਜਾਏ, ਤਾਂ (ਇਸ ਵਿਆਹ ਵਿਚੋਂ) ਸੱਚ (ਭਾਵ, ਪ੍ਰਭੂ ਦਾ ਸਦਾ ਹਿਰਦੇ ਵਿਚ ਟਿਕੇ ਰਹਿਣਾ, ਉਸ ਜੀਵ-ਇਸਤ੍ਰੀ ਦੀ) ਸੰਤਾਨ ਹੈ । ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ ਕਿ ਇਹ (ਸੱਚਾ) ਪ੍ਰਭੂ ਮਿਲਾਪ ਹੈ । ੩ ।

੮

# ਵੀਆਹੁ ਹੋਇਆ ਮੇਰੇ ਬਾਬੁਲਾ ॥

ਚੌਥੀ ਪ੍ਰਕਰਮਾ ਅਜੇ ਪੂਰੀ ਨਹੀਂ ਹੋਈ ਹੁੰਦੀ ਕਿ, ਗੁਰ-ਪਰਮੇਸ਼ਰ ਜੀ ਦਾ ਅਦਬ ਸਤਿਕਾਰ ਭੁੱਲ ਭੁਲਾ ਕੇ, ਲਾਵਾਂ ਲੈ ਰਹੇ ਜੋੜੇ ਉੱਤੇ ਫੁੱਲਾਂ ਦੀ ਵਰਖਾ ਸ਼ੁਰੂ ਕਰ ਦਿੱਤੀ ਜਾਂਦੀ ਹੈ । ਪਾਤਿਸ਼ਾਹੀ ਦਰਬਾਰ ਦੀ ਗੱਲ ਤਾਂ ਦੂਰ ਰਹੀ, ਕਿਸੇ ਮਾਮੂਲੀ ਜੱਜ ਦੀ ਕਚਿਹਰੀ ਵਿਚ ਵੀ ਕਿਸੇ ਉਤੇ ਫੁੱਲਾਂ ਦੀ ਬਰਖਾ ਕਦੇ ਨਹੀਂ ਕੀਤੀ ਜਾ ਸਕਦੀ । ਗੁਰਦੇਵ ਜੀ ਨੂੰ ' ਸੱਚਾ " ਪਾਤਿਸ਼ਾਹ ਕਹਿਣ ਵਾਲੇ ਗੁਰੂ ਦੇ ਲਾਲ, ਸਤਿਗੁਰੂ (ਸੱਚੇ ਪਾਤਿਸ਼ਾਹ ਜੀ) ਦੇ ਦਰਬਾਰ ਦੀ ਕਦਰ ਮਾਮੂਲੀ ਜੱਜ ਦੇ ਦਰਬਾਰ ਤੁੱਲ ਵੀ ਨਹੀਂ ਕਰ ਰਹੇ ਹੁੰਦੇ । ਏਧਰ ਰਾਗੀਆਂ ਨੂੰ ਕਾਹਲ ਹੁੰਦੀ ਹੈ ਕਿ ਉਹ ਅਜੇਹੇ ਚੁਣਵੇਂ ਗੁਰਬਾਣੀ ਸ਼ਬਦਾਂ ਦਾ ਗਾਂਇਨ ਕਰਨ ਕਿ (ਜਾਂਞੀਆਂ ਅਤੇ ਮਾਂਞੀਆਂ, ਦੀਆਂ) ਦੋਵੇਂ ਧਿਰਾਂ ਪ੍ਰਸੰਨ ਹੋ ਕੇ ਮਾਇਆ ਦੇ ਗੱਫੇ ਦੇਣ ਵਿਚ, ਇੱਕ ਦੂਜੇ ਨਾਲੋਂ ਅੱਗੇ ਲੰਘ ਜਾਣ ਦੀ ਦੌੜ ਅਰੰਭ ਲੈਣ । ਇਸ ਗੱਲ ਤੇ ਤਸਦੀਕੀ ਮੋਹਰ ਲਾਉਣ ਲਈ ਕਿ, ਹੁਣ ਬੀਬੀ ਅਤੇ ਕਾਕੇ ਦੇ ਵਿਆਹ ਦੀ ਰਸਮ ਪੂਰੀ ਹੋ ਚੁੱਕੀ ਹੈ, ਹੁਣ ਸਤਿਗੁਰਾਂ ਨੇ ਦੋਹਾਂ ਨੂੰ ਸ਼ਾਦੀ ਦੇ ਪੱਕੇ ਬੰਧਨ ਵਿਚ ਬੰਨ ਦਿੱਤਾ ਹੈ, ਅਥਵਾ ਹੁਣ ਇਹ ਜੋੜਾ ਕਨੂੰਨੀ ਅਤੇ ਸਮਾਜੀ ਤੌਰ ਤੇ ਪਤੀ-ਪੱਤਨੀ ਬਣ ਗਿਆ ਹੈ, ਗੁਰਬਾਣੀ ਦੀ ਬੇਅਦਬੀ-ਭਰੀ ਅਤੇ ਸੁਆਰਥ ਸਿੱਧੀ ਵਾਲਾ ਵਰਤੋਂ ਕਰਨ ਦਾ ਅਪਰਾਧ ਕੀਤਾ ਜਾਂਦਾ ਹੈਮ, ਮਾਇਆ ਦੀ ਉਗ੍ਰਾਹੀ ਨੂੰ ਹੀ ਧਰਮ ਬਣਾਈ ਬੈਠਾ ਰਾਗੀ ਜਥਾ, ਝੱਟ ਪਟ ਇਸ ਗੁਰੂ ਸ਼ਬਦ ਦਾ ਕੀਰਤਨ ਅਰੰਭ ਕਰ ਦਿੰਦਾ ਹੈ:--

੩੪- **ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ**
**ਪਰੰਚਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥**
**ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ਅਕਾਲ ਮੂਰਤਿ ਵਰੁ ਪਾਇਆ**
**ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ੨ ॥**[੭੮]-ਛੰਤ-੧

**ਅਰਥ:**--ਹੇ ਮੇਰੇ ਪਿਤਾ ! (ਪ੍ਰਭੂ-ਪਤੀ ਨਾਲ) ਮੇਰਾ ਵਿਆਹ ਹੋ ਗਿਆ ਹੈ, ਗੁਰੂ ਦੀ ਸਰਨ ਪੈ ਕੇ ਮੈਨੂੰ ਪਤੀ ਮਿਲ ਪਿਆ ਹੈ । ਗੁਰੂ ਦਾ ਬਖ਼ਸ਼ਿਆ ਹੋਇਆ ਗਿਆਨ (-ਰੂਪ ਸੂਰਜ ਇਤਨਾ) ਤੇਜ਼ ਜਗ-ਮਗ ਕਰ ਉਠਿਆ ਹੈ ਕਿ (ਮਾਇਆ-ਮੋਹ ਦੇ ਹਨੇਰੇ ਕਾਰਨ ਭਟਕਣਾ ਵਿਚ ਪਏ ਮੇਰੇ ਹਿਰਦੇ ਦੇ ਅੰਦਰ ਵੀ ਗਿਆਨ-ਸੂਰਜ) ਚਮਕ ਪਿਆ ਹੈ (ਅਤੇ ਮਾਇਆ-ਮੋਹ ਦਾ) ਹਨੇਰਾ ਦੂਰ ਹੋ ਗਿਆ ਹੈ (ਉਸ ਚਾਨਣੀ ਦੀ ਬਰਕਤਿ ਨਾਲ ਮੈਨੂੰ) ਪਰਮਾਤਮਾ ਦਾ ਨਾਮ (-ਰੂਪ) ਕੀਮਤੀ ਰਤਨ ਲੱਭ ਪਿਆ ਹੈ । ਗੁਰੂ ਦੀ ਮਤਿ ਤੇ ਤੁਰਿਆਂ ਮੇਰਾ ਹਉਮੈ ਦਾ ਰੋਗ ਦੂਰ ਹੋ ਗਿਆ ਹੈ, ਹਉਮੈ ਦਾ ਦੁਖ ਮੁੱਕ ਗਿਆ ਹੈ, ਆਪੇ ਦੇ ਗਿਆਨ ਨਾਲ ਮੇਰਾ ਆਪਾ-ਭਾਵ ਖ਼ਤਮ ਹੋ ਗਿਆ ਹੈ । (ਗੁਰੂ ਦੀ ਸਰਨ ਪਿਆਂ) ਮੈਨੂੰ ਉਹ ਖ਼ਸਮ ਮਿਲ ਗਿਆ ਹੈ ਜਿਸ ਦੀ ਹਸਤੀ ਨੂੰ ਕਦੇ ਕਾਲ ਪੋਹ ਨਹੀਂ ਸਕਦਾ, ਜੋ ਨਾਸ-ਰਹਿਤ ਹੈ, ਜੋ ਨਾ ਕਦੇ ਮਰਦਾ ਹੈ ਨਾ ਹੀ ਜੰਮਦਾ ਹੈ । ਹੇ ਮੇਰੇ ਪਿਤਾ ! ਗੁਰੂ ਦੀ ਸਰਨ ਪੈ ਕੇ ਮੇਰਾ (ਪਰਮਾਤਮਾ-ਪਤੀ ਨਾਲ) ਵਿਆਹ ਹੋ ਗਿਆ ਹੈ, ਮੈਨੂੰ ਪਰਮਾਤਮਾ ਮਿਲ ਪਿਆ ਹੈ । ੨ ।

ਅਰਥ-ਵਿਚਾਰ ਤੋਂ ਸਪੱਸ਼ਟ ਹੋ ਗਿਆ ਹੈ ਕਿ, ਲਾਵਾਂ (-ਗੁਰੂ ਬਾਣੀ) ਵਾਂਗ ਹੀ, ਕੁੜੀ-ਮੁੰਡੇ ਦੇ ਸੰਸਾਰੀ ਵਿਆਹ ਨਾਲ ਇਸ ਗੁਰੂ ਸ਼ਬਦ ਦਾ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ । ਜਿਸ ਜੀਵ ਇਸਤ੍ਰੀ ਦੇ ਵਿਆਹ ਦੀ ਗੱਲ ਅਸੀਂ ਅਰੰਭ ਤੋਂ ਪੜ੍ਹ ਰਹੇ ਹਾਂ ਇਹ ਵਿਆਹ ਉਸ ਜੀਵ ਇਸਤ੍ਰੀ ਦਾ ਹੈ । ਜਿੰਨਾ ਚਿਰ ਅਸੀਂ ਗੁਰਬਾਣੀ ਦੀ ਵਰਤੋਂ ਆਪਣੀ ਵਿਉਂਤ ਅਨੁਸਾਰ ਕਰਨੀ ਨਹੀਂ ਤਿਆਗਦੇ, ਜਦੋਂ ਤੱਕ ਅਸੀਂ ਆਪਣੇ ਸਤਿਗੁਰੂ-ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਸਮਝ ਕੇ ਆਪਣਾ ਜੀਵਨ ਉਸ ਅਨੁਸਾਰ ਨਹੀਂ ਢਾਲਦੇ, ਜਦੋਂ ਤੱਕ ਅਸੀਂ ਬਿੱਪ੍ਰਨ ਕੀ ਰੀਤ ਦਾ ਪੂਰਾ ਤਿਆਗ ਨਹੀਂ ਕਰਦੇ, ਉਨਾ ਚਿਰ, ਪੰਥ ਲਈ ਤੇਜ ਪ੍ਰਤਾਪ ਸੁਪਨਾ ਹੀ ਬਣਿਆਂ ਰਹਿਣਾ ਹੈ *। [Foot Note:--ਇਸ ਦਾ ਭਾਵ ਇਹ ਨਹੀਂ ਹੈ ਕਿ ਅਜੇਹੇ ਸਮਿਆਂ ਤੇ ਗੁਰਬਾਣੀ ਸ਼ਬਦਾਂ ਦਾ ਕੀਰਤਨ ਨਹੀਂ ਹੋਣਾ ਚਾਹੀਦਾ । ਸਿੱਖ ਦਾ ਕੋਈ ਕਾਰਜ ਵੀ ਪ੍ਰਭੂ ਦੀ ਯਾਦ ਤੋਂ ਬਿਨਾਂ ਕੀਤਾ ਜਾਣਾ ਅਸਿੱਖੀ ਹੈ । ਖ਼ਿਆਲ ਇਹ ਰੱਖਣਾ ਹੈ ਕਿ ਸਰੋਤੇ ਗੁਰਬਾਣੀ ਸ਼ਬਦ ਦੇ ਅਸਲ ਭਾਵ ਤੋਂ ਉਲਟ ਅਸਰ ਨਾ ਕਬੂਲ ਰਹੇ ਹੋਣ ] ਸਗੋਂ ਗੁਰਬਾਣੀ ਦੀ ਮਨਮਤੀ ਵਰਤੋਂ ਦਾ ਪਾਪ ਰੰਗ ਵਿਖਾ ਰਿਹਾ ਹੈ। ਪੰਥ ਦਿਨੋ ਦਿਨ ਘਾਟੇ ਵਲ ਨੂੰ ਚਾਲੇ ਪਾ ਤੁਰਿਆ ਹੋਇਆ ਹੈ। ਸਾਡੀ ਹੰਕਾਰੀ ਮਤਿ ਨਾਲ ਅਰੰਭਿਆ ਹੋਇਆ ਇਹ ਅਨਰਥ ਸਾਨੂੰ ਲੈ ਡੁੱਬੇਗਾ । ਪਰ ਇਸ ਸਮੱਸਿਆ ਦਾ ਹੱਲ ਕੇਵਲ ਅਤੇ ਕੇਵਲ ਪੰਥ ਦੇ ਸ਼੍ਰੋਮਣੀ ਜਥੇਦਾਰਾਂ ਦੇ ਹੱਥ ਵਿਚ ਹੈ । ਜਦੋਂ ਤੱਕ ਕਰਮ-ਯੋਗੀ ਬਣ ਕੇ ਸ਼੍ਰੋਮਣੀ ਜਥੇਦਾਰ, ਆਪਣੇ ਸਤਿਗੁਰੂ ਜੀ ਦੀ ਮਿਹਰ ਦਾ ਪਾਤਰ ਨਹੀਂ ਬਣਦਾ ਅਤੇ ਬ੍ਰਾਹਮਣੀ ਮਾਇਆ ਜਾਲ ਵਿਚੋਂ ਬਾਹਰ ਨਹੀਂ ਨਿੱਕਲਦਾ, ਓਨਾ ਚਿਰ ਪੰਥ ਦਾ ਕੁਝ ਨਹੀਂ ਸੌਰ ਸਕਣਾ । ਪੰਥਕ ਪ੍ਰਬੰਧ ਦੇ ਢਾਂਚੇ ਨੂੰ ਸੁਆਰਨ ਲਈ ਵਡੀਆਂ ਕੁਰਬਾਨੀਆਂ ਦੀ ਲੋੜ ਹੈ। ਮਹੰਤਾਂ ਨੂੰ ਕੱਢਣ ਲਈ ਜੋ ਕੁਬਾਨੀਆਂ ਪੰਥ ਨੂੰ ਕਰਨੀਆਂ ਪਈਆਂ: ਸਨ, ਹੁਣ ਉਸ ਤੋਂ ਵੀ ਕਈ ਗੁਰਣਾ ਵੱਧ ਕੁਬਾਨੀਆਂ ਦੀ ਲੋੜ ਹੈ। ਨਿਆਰੇ ਪੰਥ ਦੀ ਨਿਆਰੀ ਆਭਾ ਨੂੰ ਮਲੀਆਮੇਟ ਕਰਨ ਵਾਲੀਆਂ ਇਨ੍ਹਾਂ ਦੁਖਦਾਈ ਕੁਰੀਤੀਆਂ ਦਾ ਅਰੰਭ ਭਾਵੇਂ ਮਹੰਤੀ

ਅਤੇ ਡੇਰਾਵਾਦੀ ਧਾਰਮਿਕ-ਅਗਵਾਈ ਦੇ ਸਮੇ ਤੋਂ ਹੀ ਹੋ ਚੁੱਕਾ ਹੈ ਪਰ ਯਾਦ ਰੱਖੋ ਕਿ ਅਜੋਕੀ (੧੯੮੩ ਤੋਂ ਅਰੰਭ ਹੋਈ ਟੌਹੜਾ ਵਾਦੀ) ਜਥੇਦਾਰੀ ਨੇ ਪੰਥ ਦਾ ਖ਼ਾਤਮਾ ਕਰਨ ਤੇ ਲੱਕ ਬੱਧਾ ਹੋਇਆ ਹੈ। ਹੇ ਸੱਚੇ ਪਾਤਸ਼ਾਹ ਜੀਓ ! ਕਰੋ ਬਹੁੜੀ--......ਪਰ ਅਕਿਰਤ ਘਣਾ ਦੀ ਸਾਡੀ ਕੌਣ ਸੁਣੇ?

ਆਉ ਅਸੀਂ ਆਪਣਾ ਨਿੱਜੀ ਆਚਰਨ ਸੁਆਰਣ ਦੀ ਗੁਰਮਤਿ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਪਣੇ ਆਤਮਕ ਸੁਖ ਲਈ ਜੀਵ ਇਸਤ੍ਰੀ ਦੇ ਕਾਰਜ ਦੀਆਂ ਰੌਣਕਾਂ ਵਿਚ ਸ਼ਾਮਲ ਹੋਈਏ, ਅਤੇ ਪੂਰੀ ਇਕਾਗਰਤਾ ਨਾਲ ਸਤਿਗੁਰਾਂ ਦੇ ਉਪਦੇਸ਼ ਦੀ ਅਸਲੀਯਤ ਨੂੰ ਸਮਝਣ ਦਾ ਯਤਨ ਕਰੀਏ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਣ ਦਾ ਯਤਨ ਕਰੀਏ:---

੩੫- **ਕਰਿ ਕਿਰਪਾ ਅਪਨੈ ਘਰਿ ਆਇਆ ॥ ਤਾ ਮਿਲਿ ਸਖੀਆ ਕਾਜੁ ਰਚਾਇਆ ॥ ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥ ੧ ॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥ ੧ ॥ ਰਹਾਉ ॥ ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥ ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥ ੨ ॥ ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥ ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥ ੩ ॥ ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ ੪ ॥**[੩੫੧]-੧੦

**ਅਰਥ:**--(ਕਾਮਣੀ--ਹੇ ਇਸਤ੍ਰੀਓ ! ਭਾਵ-) ਹੇ ਮੇਰੇ ਗਿਆਨ ਇੰਦ੍ਰਿਓ ! ਚੰਗੇ ਮੰਦੇ ਦੀ ਪਰਖ ਦੀ ਵਿਚਾਰ (ਪੈਦਾ ਕਰਨ ਵਾਲਾ ਗੀਤ) ਮੁੜ ਮੁੜ ਗਾਵੋ (ਹੇ ਮੇਰੀ ਜੀਭ ! ਸਿਫ਼ਤਿ-ਸਾਲਾਹ ਵਿਚ ਜੁੜ, ਤਾ ਕਿ ਤੈਨੂੰ ਨਿੰਦਾ ਕਰਨ ਵਲੋਂ ਹਟਣ ਦੀ ਸੂਝ ਆ ਜਾਏ । ਤੇ ਮੇਰੇ ਕੰਨੋ ! ਸਿਫ਼ਤਿ-ਸਾਲਾਹ ਦੇ ਗੀਤ ਸੁਣਦੇ ਰਹੋ, ਤਾਂ ਜੁ ਨਿੰਦਨੀਯ ਬਚਨ ਸੁਣਨ ਦੀ ਬਾਣ ਹਟੇ) । ਸਾਡੇ ਘਰ ਵਿਚ (ਮੇਰੇ ਹਿਰਦੇ-ਘਰ ਵਿਚ) ਉਹ ਖ਼ਸਮ-ਪ੍ਰਭੂ ਆ ਵਸਿਆ ਹੈ ਜੋ ਸਾਰੇ ਜਗਤ ਦੀ ਜ਼ਿੰਦਗੀ (ਦਾ ਆਸਰਾ) ਹੈ । ਰਹਾਉ । ਜਦੋਂ ਮੇਰਾ ਖ਼ਸਮ-ਪ੍ਰਭੂ (ਮੈਨੂੰ ਜੀਵ-ਇਸਤ੍ਰੀ ਨੂੰ ਅਪਣਾ ਕੇ ਮੇਰੇ ਹਿਰਦੇ ਨੂੰ ਆਪਣੇ ਰਹਿਣ ਦਾ ਘਰ ਬਣਾ ਕੇ) ਆਪਣੇ ਘਰ ਵਿਚ ਆ ਟਿਕਿਆ, ਤਾਂ ਮੇਰੀਆਂ ਸਹੇਲੀਆਂ ਨੇ ਮਿਲ ਕੇ (ਜੀਭ, ਅੱਖਾਂ ਕੰਨਾਂ ਆਦਿਕ ਨੇ ਰਲ ਕੇ) ਪ੍ਰਭੂ-ਪਤੀ ਨਾਲ ਮੇਲ ਦੇ ਗੀਤ ਗਾਣੇ-ਸੁਣਨੇ ਸ਼ੁਰੂ ਕਰ ਦਿੱਤੇ । ਮੇਰਾ ਖਸਮ-ਪ੍ਰਭੂ ਮੈਨੂੰ ਵੀਆਹੁਣ ਆਇਆ ਹੈ (ਭਾਵ, ਮੈਨੂੰ ਆਪਣੇ ਚਰਨਾਂ ਵਿਚ ਜੋੜਨ ਆਇਆ ਹੈ)--ਪ੍ਰਭੂ-ਮਿਲਾਪ ਲਈ ਇਹ ਉ ੱਦਮ ਵੇਖ ਕੇ ਮੇਰੇ ਮਨ ਵਿਚ ਆਨੰਦ ਪੈਦਾ ਹੋ ਗਿਆ ਹੈ **। ੧ ।** ਗੁਰੂ ਦੀ ਸਰਨ ਪਿਆਂ ਸਾਡਾ ਇਹ ਵਿਆਹ ਹੋਇਆ (ਗੁਰੂ ਨੇ ਮੈਨੂੰ ਪ੍ਰਭੂ-ਪਤੀ ਨਾਲ ਜੋੜਿਆ), ਜਦੋਂ ਮੈਨੂੰ ਖਸਮ-ਪ੍ਰਭੂ ਮਿਲ ਪਿਆ, ਤਦੋਂ ਮੈਨੂੰ ਸਮਝ ਪੈ ਗਈ ਕਿ ਉਹ ਪ੍ਰਭੂ ਜੀਵਨ-ਰੌ ਬਣ ਕੇ ਸਾਰੇ ਜਗਤ ਵਿਚ ਵਿਆਪਕ ਹੋ ਰਿਹਾ ਹੈ । ਮੇਰੇ ਅੰਦਰੋਂ ਆਪਾ-ਭਾਵ ਦੂਰ ਹੋ ਗਿਆ, ਮੇਰਾ ਮਨ ਉਸ ਪ੍ਰਭੂ ਦੀ ਯਾਦ ਵਿਚ ਗਿੱਝ ਗਿਆ । ੨ । ਪ੍ਰਭੂ-ਪਤੀ ਜੀਵ-ਇਸਤ੍ਰੀ ਨੂੰ ਆਪਣੇ ਨਾਲ ਮਿਲਾਉਣ ਦਾ ਇਹ ਕੰਮ ਆਪਣਾ ਸਮਝਦਾ ਹੈ, ਤੇ ਆਪ ਹੀ ਇਸ ਕਾਰਜ ਨੂੰ ਸਿਰੇ ਚਾੜ੍ਹਦਾ ਹੈ, ਕਿਸੇ ਹੋਰ ਪਾਸੋਂ ਇਹ ਕੰਮ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ । ਇਸ ਮੇਲ ਦੀ ਬਰਕਤਿ ਨਾਲ (ਜੀਵ-ਇਸਤ੍ਰੀ ਦੇ ਅੰਦਰ) ਸੇਵਾ ਸੰਤੋਖ ਦਇਆ ਧਰਮ ਆਦਿਕ ਗੁਣ ਪੈਦਾ ਹੁੰਦੇ ਹਨ । ਇਸ ਭੇਤ ਨੂੰ ਉਹੀ ਮਨੁੱਖ ਸਮਝਦਾ ਹੈ ਜੋ ਗੁਰੂ ਦੇ ਸਨਮੁਖ ਹੁੰਦਾ ਹੈ । ੩ । ਪਰਮਾਤਮਾ ਹੀ ਸਭ ਜੀਵ-ਇਸਤ੍ਰੀਆਂ ਦਾ ਪਤੀ ਹੈ (ਫਿਰ ਵੀ) ਜਿਸ ਉਤੇ ਮਿਹਰ ਕਰਕੇ (ਜਿਸ ਦੇ ਹਿਰਦੇ ਵਿਚ ਆ ਕੇ ਪਰਗਟ ਹੁੰਦਾ ਹੈ) ਉਹੀ (ਜੀਵ-ਇਸਤ੍ਰੀ) ਭਾਗਾਂ ਵਾਲੀ ਹੁੰਦੀ ਹੈ ।

ਅਰਥ ਵਿਚਾਰ ਤੋਂ ਇਹ ਸਮਝਣ ਵਿਚ ਕੋਈ ਕਸਰ ਨਹੀਂ ਰਹਿ ਜਾਂਦੀ ਕਿ ਇਸ ਪਾਵਨ ਗੁਰੂ-ਸ਼ਬਦ ਨੂੰ ਕੁੜੀ ਮੁੰਡੇ ਦੇ ਵਿਆਹ ਨਾਲ ਜੋੜਨਾ, ਗੁਰੂ-ਬਾਣੀ ਦੀ ਬੇ-ਅਦਬੀ ਹੈ । ਇਸ ਗੁਰੂ ਸ਼ਬਦ ਵਿਚ ਜਿਨ੍ਹਾਂ ਗਿਆਨ ਇੰਦ੍ਰਿਆਂ ਨੂੰ " ਸਖੀਆਂ " ਅਤੇ " ਕਾਮਣੀ " ਕਿਹਾ ਹੈ ਉਨ੍ਹਾਂ ਗਿਆਨ ਇੰਦ੍ਰਿਆਂ ਦੇ ਜ਼ਿੱਕਰ ਨਾਲ ਵਡਮੁੱਲੇ ਉਪਦੇਸ ਵਾਲਾ ਗੁਰੂ ਸ਼ਬਦ:--

੩੬- **ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥ ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥ ਸੋ ਸੀਸੁ ਭਲਾ ਪਵਿਤ੍ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ ॥ ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ੨ ॥ ਤੇ ਨੇਤ੍ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥ ਤੇ ਹਸਤ ਪੁਨੀਤ ਪਵਿਤ੍ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ । ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ । ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥ ੩ ॥**[੫੪੦]-੪

ਕਾਕੀ ਕਾਕੇ ਦੇ ਵਿਆਹ ਸਮਾਗਮ ਨਾਲ ਜੁੜੀਆਂ ਆਸਾਂ ਦੇ ਪੂਰੇ ਹੋ ਜਾਣ ਦੀ ਪ੍ਰਸੰਤਾ ਦਰਸਾਉਣ ਲਈ ਫਿਰ ਰਾਗੀ ਜਥਾ ਇਸ ਗੁਰੂ ਸ਼ਬਦ ਦੀ ਵਰਤੋਂ ਕਰਦਾ ਹੋਇਆ ਧੇਤੇ ਪ੍ਰਤੇਤਿਆਂ ਦੀ ਖ਼ੁਸ਼ੀ ਲੈ ਰਿਹਾ ਹੁੰਦਾ ਹੈ:--

੩੭- **ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥ ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥ ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥ ਨਉਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥ ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥ ੪ ॥**[੫੭੭]-੧

ਇਸ ਵਿਚ ਸ਼ੱਕ ਨਹੀਂ ਹੈ ਕਿ, ਗੁਰਬਾਣੀ ਦਾ ਗਾਇਨ ਕਰਨਾ, ਵਡਮੁੱਲਾ ਗੁਣ ਹੈ । ਪਰ ਸਰੋਤਿਆਂ ਨੂੰ ਗੁਰਬਾਣੀ ਦੇ ਅਸਲ ਭਾਵ ਤੋ ਜਾਣੂੰ ਕਰਾਉਣ ਦੀ ਥਾਂ, ਗੁਰਬਾਣੀ ਸ਼ਬਦਾਂ ਦੀ ਅਜੇਹੇ ਢੰਗ ਨਾਲ ਵਰਤੋਂ ਕਰਨੀ, ਕਿ ਸਰੋਤੇ ਏਹੀ ਪ੍ਰਭਾਵ ਲੈਣ ਕਿ ਇਹ ਗੁਰਬਾਣੀ-ਸ਼ਬਦ, ਸਤਿਗੁਰਾਂ ਨੇ ਰਚੇ ਹੀ ਅਜੇਹੇ ਕਾਰਜਾਂ ਨੂੰ ਸੁਹਾਵਾਂ ਬਣਾਉਣ ਲਈ ਹਨ, ਮਨਮੁਖਤਾਈ ਹੈ । ਸਤਿਗੁਰਾਂ ਦੀ ਸੱਧਰਾਂ ਦਾ ਖ਼ੂਨ ਕਰਨ ਵਾਲੇ ਅਜੇਹੇ ਪਾਪ, ਹੌਲੀ ਹੌਲੀ ਧਰਮ ਦਾ ਹਿੱਸਾ ਬਣ ਜਾਂਦੇ ਹਨ, ਜੋ ਵਡੇ ਤੋਂ ਵਡੇ ਸੂਰਮਿਆਂ ਦੀ ਕੌਮ ਦੀ, ਅੱਡਰੀ ਡਿੱਠ ਵਾਲੀ, ਹੋਂਦ ਨੂੰ ਲੈ ਡੁੱਬਦੇ ਹਨ ।

੯

# ਜੀਵ ਇਸਤ੍ਰੀ ਦੀ ਕੰਤ-ਮਿਲਾਵੇ ਵਾਲੀ ਸੱਧਰ ਪੂਰੀ ਹੋਈ

**ਸ੍ਰੀ ਅਕਾਲ ਸਹਾਇ**

੩੮- ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥ ਗੁਣ ਗਾਇ ਮੰਗਲੁ
ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥ ਕਰ ਜੋੜਿ ਸਾ ਧਨ
ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥ ੪ ॥[੨੪੨]-੧

੩੯- ਭਾਗ ਸੁਲਖਣਾ **ਹਰਿ ਕੰਤੁ** ਹਮਾਰਾ ਰਾਮ ॥ ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥ ਆਨੰਦ ਅਨਦਿਨੁ ਵਜਹਿ
ਵਾਜੇ ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥ ਰਿਧਿ ਸਿਧਿ ਸੁਧਾ ਰਸੁ
ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥ ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥ ੧ ॥[੮੪੬]-੨

੪੦- ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥ ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ
॥ ੧ ॥ ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥ ਮਨ ਬਾਂਛਤ ਫਲ ਪਾਇਆ ਹਰਿ ਨਾਨਕ
ਨਾਮ ਭਨੇ ॥ ਛੰਤੁ ॥ ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥ ਸਖੀ ਸਹੇਲੀ ਗਾਉ
ਮੰਗਲੋ ਗ੍ਰਿਹਿ ਆਏ **ਹਰਿ ਕੰਤ** ਜੀਉ ॥ ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ॥
ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ ॥ ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ
ਨਿਰਮਲ ਮੰਤ ਜੀਉ ॥ ਬਿਨਵੰਤਿ ਨਾਨਕ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ॥ ੨ ॥[੯੨੯]-੧-੬-੮

੧੦

## ਹਰਿ ਪ੍ਰਭੁ ਸੇਜੈ ਆਇਆ .... ॥

੪੧- **ਮੇਰਾ ਹਰਿ ਪ੍ਰਭੁ ਸੇਜੈ ਆਇਆ** ਮਨੁ ਸੁਖਿ ਸਮਾਣਾ ਰਾਮ ॥ ਗੁਰਿ ਤੁਠੈ ਹਰਿਪ੍ਰਭੁ
ਪਾਇਆ ਰੰਗਿ ਰਲੀਆ ਮਾਣਾ ਰਾਮ ॥ ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥ ੧ ॥[੮੪੪]-੧-੩

**ਅਰਥ:**--ਹੇ ਸਹੇਲੀਏ ! (ਜਿਸ ਭਾਗਾਂ ਵਾਲੀ ਜੀਵ-ਇਸਤ੍ਰੀ ਦੇ ਹਿਰਦੇ ਦੀ) ਸੇਜ ਉਤੇ ਪਿਆਰਾ ਹਰੀ-ਪ੍ਰਭੂ ਆ ਬੈਠਾ, ਉਸ ਦਾ ਮਨ ਆਤਮਕ ਆਨੰਦ ਵਿਚ ਮਗਨ ਹੋ ਜਾਂਦਾ ਹੈ । ਗੁਰੂ ਦੀ ਬਖ਼ਸ਼ਸ਼ ਨਾਲ ਜਿਸ (ਜੀਵ-ਇਸਤ੍ਰੀ) ਨੂੰ ਹਰੀ-ਪ੍ਰਭੂ ਮਿਲ ਪਿਆ, ਉਹ ਪ੍ਰੇਮ ਵਿਚ (ਮਸਤ ਹੋ ਕੇ ਪ੍ਰਭੂ ਦੇ ਮਿਲਾਪ ਦਾ ਆਪਣੇ ਹਿਰਦੇ ਵਿਚ) ਅਨੰਦ ਮਾਣਦੀ ਹੈ । ਜਿਨ੍ਹਾਂ ਦੇ ਮੱਥੇ ਉ ੱਤੇ ਹਰਿ-ਮਿਲਾਪ ਦਾ ਮੋਤੀ (ਚਮਕ ਪੈਂਦਾ ਹੈ, ਉਹ ਵਡ਼ੇ ਭਾਗਾਂ ਵਾਲੀਆਂ ਹੋ ਜਾਂਦੀਆਂ ਹਨ, ਉਹ ਸੁਹਾਗਣਾਂ ਬਣ ਜਾਂਦੀਆਂ ਹਨ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ (ਹਿਰਦੇ ਵਿਚ ਪ੍ਰਗਟ ਹੋਇਆ) ਪ੍ਰਭੂ-ਖਸਮ (ਜੀਵ-ਇਸਤ੍ਰੀ ਨੂੰ) ਬੜਾ ਮਨ ਭਾਣਾ ਲਗ਼ਦਾ ਹੈ । ੧ ।

ਯਾਦ ਰੱਖਣਾ ਹੈ ਕਿ ਗੁਰਬਾਣੀ ਵਿਚ ' ਸੇਜ ' ਦਾ ਅਰਥ ਹਿਰਦਾ-ਸੇਜ ਹੈ ।

੪੨- ਸਗਲ ਇਛਾ ਜਪਿ ਪੁੰਨੀਆ ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥ ੧ ॥ ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥
ਜਿਤੁ ਰਵਿਐ ਸੁਖ ਸਹਜ ਭੋਗੁ ॥ ੧ ॥ ਰਹਾਉ ॥ ਕਰਿ ਕਿਰਪਾ ਨਦਰਿ ਨਿਹਾਲਿਆ ॥ ਅਪਣਾ
ਦਾਸੁ ਆਪਿ ਸਮਾਲਿਆ ॥ ੨ ॥ **ਸੇਜ ਸੁਹਾਵੀ ਰਸਿ ਬਨੀ** ॥ ਆਇ ਮਿਲੇ ਪ੍ਰਭ ਸੁਖ ਧਨੀ ॥ ੩ ॥
ਮੇਰਾ ਗੁਣੁ ਅਵਗੁਣ ਨ ਬੀਚਾਰਿਆ ॥ ਪ੍ਰਭ ਨਾਨਕ ਚਰਣ ਪੂਜਾਰਿਆ ॥ ੪ ॥[੧੧੮੪]-੧-੧੪

੪੩- ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥ ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ
ਰਾਮ ॥ ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥ **ਸੇਜਾ ਸੁਹਾਵੀ** ਸੰਗਿ ਪਿਰ
ਕੈ ਸਾਤ ਸਰ ਅੰਮ੍ਰਿਤ ਭਰੇ ॥ ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ ॥
ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ ॥ ੧ ॥[੪੩੬]--ਛੰਤ-੧

੪੪- ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥ ਹਰਿ ਵਰੁ ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ ॥**ਸੇਜ
ਸੁਹਾਵੀ** ਹਰਿ ਰੰਗਿ ਰਵੈਭਗਤਿ ਭਰੇ ਭੰਡਾਰ ॥ ਸੋ ਪ੍ਰਭੁ ਪ੍ਰੀਤਮੁ ਮਨਿ ਵਸੈ ਜਿ ਸਭਸੈ ਦੇਇ ਅਧਾਰੁ ॥੨॥[੩੮]-੨੯-੬੨

੪੫- ਸਾ ਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥ ਸਾ ਧਨ ਹਰਿ ਕੈ ਰਸਿ ਰਸੀ ਗੁਰ
ਕੈ ਸਬਦਿ ਅਪਾਰੇ ਰਾਮ ॥ ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ॥ ਸੇਜ ਸੁਹਾਵੀ
ਜਾ ਪਿਰੁ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥ ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ
ਜੁਗ ਚਾਰੇ ॥ ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥ ੪ ॥[੪੪੦]-੧-੬

੪੬- ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥ ੩ ॥
ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ ਸਦ ਹੀ **ਸੇਜੈ ਰਵੈ** ਭਤਾਰੁ ॥ ੪ ॥ [੩੫੭]-੨੭

**ਅਰਥ:**--ਜਦੋਂ ਗੁਰੂ ਦੀ ਕਿਰਪਾ ਨਾਲ (ਜੀਵ-ਇਸਤ੍ਰੀ ਨੂੰ) ਅਜੇਹੀ ਅਕਲ ਆ ਜਾਂਦੀ ਹੈ ( ਕਿ ਉਹ ਜਗਤ ਦਾ ਮੋਹ ਛੱਡ ਕੇ ਪ੍ਰਭੂ-ਚਰਨਾਂ ਵਿਚ ਜੁੜਨ ਦਾ ਉ ੱਦਮ ਕਰਦੀ ਹੈ ਤਦੋਂ ਜੀਵ-ਇਸਤ੍ਰੀ ਕੰਤ-ਪ੍ਰਭੂ ਦੇ ਮਨ ਨੂੰ ਚੰਗੀ ਲੱਗਣ ਲੱਗ ਪੈਂਦੀ ਹੈ । **੩** । ਜਿਹੜੀ ਜੀਵ-ਇਸਤ੍ਰੀ ਪ੍ਰਭੂ ਦੇ ਡਰ ਦਾ ਤੇ ਪ੍ਰੇਮ ਦਾ ਸਿੰਗਾਰ ਬਣਾਉਂਦੀ ਹੈ, ਉਸ ਦੇ ਹਿਰਦੇ-ਸੇਜ ਉਤੇ ਪ੍ਰਭੂ-ਪਤੀ (ਪ੍ਰਗਟ ਰੂਪ ਵਿਚ) ਸਦਾ ਟਿਕਿਆ ਰਹਿੰਦਾ ਹੈ । ੪ ।

੪੭- ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥ ਦਸ ਦਾਸੀ ਕਰਿ ਦੀਨੀ ਭਤਾਰਿ ॥ ਸਗਲ ਸਮਗ੍ਰੀ ਮੈ ਘਰ
ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥ ੧ ॥ ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ
ਮੁਰਾਰੇ ॥ ੧ ॥ ਰਹਾਉ ॥ **ਸਤੁ** ਸੀਗਾਰੁ ਭਉ ਅੰਜਨੁ ਪਾਇਆ ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥

ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥ ੨ ॥ ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥ ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥ ੩ ॥ ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ **ਸੇਜ ਵਿਛਾਈ** ਸਰਧ ਅਪਾਰਾ ॥ ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥ ੪ ॥[੭੩੭]-੪

੪੮- ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ ॥ **ਸੇਜ ਸੁਹਾਵੀ** ਸਰਬ ਸੁਖ, ਹੁਣਿ ਦੁਖਾ ਨਾਹੀ ਜਾਇ ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ਗਾਵਹੀ, ਗੀਤ ਗੋਵਿੰਦ ਅਲਾਇ ॥ ਹਰਿ ਜੇਹਾ ਅਵਰੁ ਨ ਦਿਸਈ, ਕੋਈ ਦੂਜਾ ਲਵੈ ਨ ਲਾਇ ॥ ਹਲਤੁ ਪਲਤੁ ਸਵਾਰਿਓਨੁ, ਨਿਹਚਲ ਦਿਤੀਅਨੁ ਜਾਇ ॥ ਸੰਸਾਰ ਸਾਗਰ ਤੇ ਰਖਿਅਨੁ, ਬਹੁੜਿ ਨ ਜਨਮੈ ਧਾਇ ॥ ਜਿਹਵਾ ਏਕ, ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ ਫਲਗੁਣਿ ਨਿਤ ਸਲਾਹੀਐ, ਜਿਸ ਨੋ ਤਿਲੁ ਨ ਤਮਾਇ ॥ ੧੩ ॥[੧੩੬]

[ਨੋਟ:--ਇਸ ਪਾਵਨ ਸ਼ਬਦ ਦੇ ਅਰਥ ਪੁਸਤਕ ਦੇ ਪਹਿਲੇ ਭਾਗ ਦੇ ਤੀਸਰੇ ਕਾਂਡ ਦੇ ਲੇਖ--" ਭੋਗ ਲਾਉਣ ਦੀ ਮਰਯਾਦਾ ਅਤੇ ਗੁਰਮਤਿ " --ਵਿਚ ਲਿਖੇ ਜਾ ਚੁੱਕੇ ਹਨ । ]

੧੧

## " ਮਤੁ ਸੇਜੈ ਕੰਤੁ ਨ ਆਵਈ " ?

੪੯- ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ **ਸੇਜੈ ਕੰਤੁ ਨ ਆਵਈ**
ਨਿਤ ਨਿਤ ਹੋਇ ਖੁਆਰੁ ॥ ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥ ੧ ॥[੩੧]-੧੩-੪੬

**ਅਰਥ:**--ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦੇ (ਧਾਰਮਿਕ) ਕਰਮ ਕਮਾਉਣੇ ਇਉਂ ਹਨ, ਜਿਵੇਂ ਕੋਈ ਛੁੱਟੜ ਇਸਤ੍ਰੀ ਆਪਣੇ ਸਰੀਰ ਉਤੇ ਸਿੰਗਾਰ ਕਰਦੀ ਹੈ । ਉਸ ਦਾ ਪਤੀ (ਉਸ ਦੀ) ਸੇਜ ਉਤੇ ਕਦੇ ਨਹੀਂ ਆਉਂਦਾ, ( ਉਹ ਵਿਅਰਥ ਸ਼ਿੰਗਾਰ ਕਰਕੇ) ਸਦਾ ਖ਼ੁਆਰ ਹੁੰਦੀ ਹੈ । (ਏਸੇ ਤਰ੍ਹਾਂ ਮਨਮੁਖ ਵਿਖਾਵੇ ਦੇ ਧਾਰਮਿਕ ਕਰਮਾਂ ਨਾਲ) ਪ੍ਰਭੂ ਪਤੀ ਦੀ ਹਜ਼ੂਰੀ ਪ੍ਰਾਪਤਿ ਨਹੀਂ ਕਰ ਸਕਦਾ, ਉਸ ਨੂੰ ਪ੍ਰਭੂ ਦਾ ਦਰ ਘਰ ਨਹੀਂ ਦਿੱਸਦਾ ।

੫੦- ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥ ੧ ॥
ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰ ਸੋਵਾ ॥ ੧ ॥ ਰਹਾਉ ॥
ਆਸ ਪਿਆਸੀ **ਸੇਜੈ** ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥ ੨ ॥ [੩੫੬]-੨੬

**ਅਰਥ:**--ਮੈਂ ਕਿਸੇ ਇੱਕ ਔਗਣ ਨਾਲ ਲਿੱਬੜੀ ਹੋਈ ਨਹੀਂ ਹਾਂ ਕਿ ਆਪਣੇ ਅੰਦਰ ਗੁਣ ਪੈਦਾ ਕਰਕੇ ਉਸ ਇਕ ਔਗੁਣ ਨੂੰ ਧੋ ਸਕਾਂ (ਮੇਰੇ) ਅੰਦਰ ਤਾਂ ਬੇਅੰਤ ਔਗੁਣ ਹਨ ਕਿਉਂਕਿ) ਮੈਂ ਤਾਂ ਸਾਰੀ ਉਮਰ-ਰਾਤ ਹੀ (ਮੋਹ ਦੀ ਨੀਂਦ ਵਿਚ ਸੁੱਤੀ ਰਹੀ ਹਾਂ, ਤੇ ਮੇਰਾ ਖ਼ਸਮ-ਪ੍ਰਭੂ ਜਾਗਦਾ ਰਹਿੰਦਾ ਹੈ (ਉਸ ਦੇ ਨੇੜੇ ਮੋਹ ਢੁਕ ਹੀ ਨਹੀਂ ਸਕਦਾ) । ੧ । ਅਜੇਹੀ ਹਾਲਤ ਵਿਚ ਮੈਂ ਖ਼ਸਮ-ਪ੍ਰਭੂ ਨੂੰ ਕਿਵੇਂ ਪਿਆਰੀ ਲੱਗ ਸਕਦੀ ਹਾਂ ? ਖ਼ਸਮ ਜਾਗਦਾ ਹੈ ਤੇ ਮੈਂ ਸਾਰੀ ਰਾਤ ਸੁੱਤੀ ਰਹਿੰਦੀ ਹਾਂ । ੧ । ਰਹਾਉ । ਮੈਂ ਸੇਜ ਤੇ ਆਉਂਦੀ ਹਾਂ (ਮੈ ਹਿਰਦੇ-ਸੇਜ ਵਲ ਪਰਤਦੀ ਹਾਂ, ਪਰ ਅਜੇ ਵੀ ਦੁਨੀਆਂ ਦੀਆਂ ਆਸਾਂ ਦੀ ਪਿਆਸ ਨਾਲ ਮੈਂ ਵਿਆਕੁਲ ਹਾਂ । (ਅਜੇਹੀ ਆਤਮਕ ਦਸ਼ਾ ਨਾਲ ਕਿਵੇਂ ਯਕੀਨ ਬਣੇ ਕਿ) ਮੈਂ ਖ਼ਸਮ-ਪ੍ਰਭੂ ਨੂੰ ਪਸੰਦ ਆਵਾਂ ਕਿ ਨਾ ਆਵਾਂ । ੨ ।

੫੧- ਦਹਿ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥
ਸੇਜ ਇਕੇਲੀ ਨੀਦ ਨਹ ਨੈਨਹ ਪਿਰੁ ਪਰਦੇਸਿ ਸਿਧਾਇਓ ॥ ੧ ॥[੬੨੪]-੧੧-੬੧

੫੨- ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾ ਕੰਤੁ ਮਨਾਇ ॥ **ਮਤੁ ਸੇਜੈ ਕੰਤੁ ਨ ਆਵਈ** ਏਵੈ ਬਿਰਥਾ ਜਾਇ ॥ ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ ॥ ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ ॥
ਭਉ ਸੀਗਾਰੁ ਤਬੋਲ ਰਸੁ ਭੋਜਨ ਭਾਉ ਕਰੇਇ ॥ ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥੧॥[੭੮੮]-ਵਾਰ-੯

**ਅਰਥ:**--ਹੇ ਇਸਤ੍ਰੀ ! ਸ਼ਿੰਗਾਰ ਫੇਰ ਕਰੀਂ ਪਹਿਲਾਂ ਖ਼ਸਮ ਨੂੰ ਪ੍ਰਸੰਨ ਕਰ ਲੈ, (ਨਹੀਂ ਤਾਂ) ਮਤਾਂ ਖਸਮ ਸੇਜ ਤੇ ਆਵੇ ਹੀ ਨਾ ਤੇ ਸਿੰਗਾਰ ਐਵੇਂ ਵਿਅਰਥ ਹੀ ਚਲਾ ਜਾਏ । (ਭਾਵ, ਗੁਰੂ-ਦੀ ਸਿਖਿਆ ਤੇ ਚਲਣ ਤੋਂ ਬਿਨਾ, ਆਪਣੀ ਮਤਿ ਅਨੁਸਾਰ ਧਾਰਮਿਕ ਪਹਿਰਾਵੇ ਪਹਿਨਣ ਨਾਲ ਅਤੇ ਕਈ ਤਰ੍ਹਾਂ ਦੇ ਧਮਰ-ਕਰਮਾਂ ਨਾਲ ਪ੍ਰਭੂ-ਪਤੀ ਪ੍ਰਸੰਨ ਨਹੀਂ ਹੁੰਦਾ ਅਤੇ ਨਾ ਹੀ ਜੀਵ-ਇਸਤ੍ਰੀ ਦੀ ਹਿਰਦਾ-ਸੇਜ ਤੇ ਆਉਂਦਾ ਹੈ) । ਹੇ ਇਸਤ੍ਰੀ ! ਜੇ ਖ਼ਸਮ ਦਾ ਮਨ ਮੰਨ ਜਾਏ ਤਾਂ ਸ਼ਿੰਗਾਰ ਬਣਿਆ ਸਮਝ, ਇਸਤ੍ਰੀ ਦਾ ਸਿੰਗਾਰ ਕੀਤਾ ਹੋਇਆ ਤਾਂ ਹੀ ਕਬੂਲ ਹੈ ਜੇ ਖ਼ਸਮ ਉਸ ਨੂੰ ਪਿਆਰ ਕਰੇ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਜੀਵ-ਇਸਤ੍ਰੀ ਪ੍ਰਭੂ ਦੇ ਡਰ (ਵਿਚ ਰਹਿਣ) ਨੂੰ ਸਿੰਗਾਰ ਤੇ ਪਾਨ ਦਾ ਰਸ ਬਣਾਉਂਦੀ ਹੈ, ਪ੍ਰਭੂ ਦੇ ਪਿਆਰ ਨੂੰ ਭੋਜਨ (ਭਾਵ, ਜਿੰਦਗੀ ਦਾ ਅਧਾਰ) ਬਣਾਉਂਦੀ ਹੈ, ਤੇ ਆਪਣਾ ਤਨ (-ਸਰੀਰ ਨਾਲ ਕੀਤੀ ਸੇਵਾ ਦੀ ਘਾਲ) ਮਨ (-ਆਪਾ ਭਾਵ ਮਿਟਾ ਲੈਣਾ) ਖ਼ਸਮ-ਪ੍ਰਭੂ ਦੇ ਹਵਾਲੇ ਕਰਦੀ ਹੈ (ਭਾਵ, ਪੂਰਨ ਤੌਰ ਤੇ ਪ੍ਰਭੂ ਦੀ ਰਜ਼ਾ ਵਿਚ ਤੁਰਦੀ ਹੈ) ਉਸ ਨੂੰ ਖ਼ਸਮ-ਪ੍ਰਭੂ ਕਬੂਲਦਾ ਹੈ । ੧ । ।

੫੩- ਨਿਸਿ ਅੰਧਿਆਰੀ ਸੁਤੀਏ,ਕਿਉ ਪਿਰ ਬਿਨੁ ਰੈਣਿ ਵਿਹਾਇ ॥ ਅੰਕੁ ਜਲਉ, ਤਨੁ ਜਾਲੀਅਉ,
ਮਨੁ ਧਨੁ ਜਲਿ ਬਲਿ ਜਾਇ ॥ ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥ ੭ ॥
**ਸੇਜੈ ਕੰਤ** ਮਹੇਲੜੀ ਸੂਤੀ ਬੂਝ ਨ ਪਾਇ ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥
ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥ ੮ ॥[੫੪]-੨

੧੨

## ਪ੍ਰਭੂ ਪਤੀ ਨੇ ਜੀਵ-ਇਸਤ੍ਰੀ ਨੂੰ ਆਪਣੀ ਬਣਾ ਲਿਆ

੫੪- ਗੁਨੁ ਅਵਗੁਨ ਮੇਰੋ ਕਛੁ ਨ ਬੀਚਾਰੋ ॥ ਨਹ ਦੇਖਿਓ ਰੂਪ ਰੰਗ ਸੀਗਾਰੋ ॥ ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥ ਬਾਹ ਪਕਰਿ ਪ੍ਰਿਅ ਸੇਜੈ ਆਨੀ ॥ ੧ ॥ ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥ ਕਰੁ ਮਸਤਕਿ

**ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥ ੧ ॥ ਰਹਾਉ ॥ ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥ ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥ ਆਂਗਨਿ ਮੇਰੈ ਸੋਭਾ ਚੰਦ ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥ ੨ ॥ ਬਸਤ੍ਰ ਹਮਾਰੇ ਰੰਗਿ ਚਲੂਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥ ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥ ੩ ॥ ਸਦ ਖੁਸੀਆ ਸਦਾ ਰੰਗ ਮਾਣੇ ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥ ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥ ੪ ॥**[੩੭੨]-੭

੫੫- **ਸਾਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥ ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥ ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥ ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥ ੪ ॥**[੭੭੦]-੩-੪

**ਅਰਥ:**--।ਜਿਸ ਅੰਵਾਣ ਜੀਵ-ਇਸਤ੍ਰੀ ਨੂੰ ਧੁਰ ਦਰਗਾਹ ਤੋਂ ਮਿਲਾਪ ਦਾ ਲੇਖ ਪ੍ਰਾਪਤ ਹੋਇਆ, ਉਸ ਨੂੰ ਪ੍ਰਭੂ ਨੇ ਆਪ ਆਪਣੇ ਚਰਨਾਂ ਵਿਚ ਜੋੜ ਲਿਆ । ਉਸ ਜੀਵ-ਇਸਤ੍ਰੀ ਦੇ ਹਿਰਦੇ ਵਿਚ ਇਹ ਚਾਨਣ ਹੋ ਗਿਆ ਕਿ ਪਰਮਾਤਮਾ ਸਭ ਥਾਈਂ ਵਿਆਪਕ ਹੈ । ਸਰਬ ਸਮਾਤੇ ਪ੍ਰਭੂ ਨੂੰ ਉਸ ਜੀਵ-ਇਸਤ੍ਰੀ ਨੇ ਆਪਣੇ ਮਨ ਵਿਚ ਵਸਾ ਲਿਆ, ਪਿਛਲੇ ਜਨਮ ਵਿਚ ਲਿਖਿਆ ਲੇਖ (ਉਸ ਦੇ ਮੱਥੇ ਉਤੇ) ਉੱਘੜ ਪਿਆ । ਉਹ ਜੀਵ-ਇਸਤ੍ਰੀ ਪਿਆਰੇ ਪ੍ਰਭੂ ਨੂੰ ਚੰਗੀ ਲੱਗਣ ਲੱਗ ਪਈ, ਉਸ ਦਾ ਹਿਰਦਾ-ਸੇਜ ਆਨੰਦ-ਭਰਪੂਰ ਹੋ ਗਿਆ, ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨ ਨੂੰ ਉਸ ਨੇ (ਆਪਣੇ ਜੀਵਨ ਦਾ) ਸੁਹਜ ਬਣਾ ਲਿਆ । ਜਿਹੜੀ ਜੀਵ-ਇਸਤ੍ਰੀ ਗੁਰੂ ਦੀ ਮਤਿ ਲੈ ਕੇ ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦੀ ਹੈ, ਉਹ (ਆਪਣੇ ਅੰਦਰੋਂ) ਹਉਮੈ ਦੀ ਮੈਲ ਦੂਰ ਕਰ ਲੈਂਦੀ ਹੈ, ਅਤੇ ਉਹ ਪਵਿੱਤ੍ਰ ਜੀਵਨ ਵਾਲੀ ਬਣ ਜਾਂਦੀ ਹੈ । ਕਰਤਾਰ ਨੇ ਆਪ ਹੀ ਉਸ ਨੂੰ ਨਾਲ ਮਿਲਾ ਲਿਆ, ਉਸ ਨੇ ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲਿਆ, ਜੋ ਉਸ ਦੇ ਵਾਸਤੇ ਸ੍ਰਿਸ਼ਟੀ ਦੇ ਨੌ ਖ਼ਜ਼ਾਨੇ ਹੈ । ੪ ।

੫੬- **ਵਰ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ॥ ਪਿਰਿ ਰਾਵਿਅੜਾ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ ॥ ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ, ਤਿਸ ਕੀ ਨਾਰਿ ਸਬਾਈ ॥ ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ॥ ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ ॥ ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ ॥ ੩ ॥**[੭੬੫]-੧-੩

੫੭- **ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤਿ ਪਕਰਿ ਹਮ ਕੀਨੀ ਰਾਨੀ ॥ ੩ ॥ ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥ ੪ ॥**[੩੯੪]-੧-੯੫

੫੮- **ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥ ੧ ॥ ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥੧ ॥ ਰਹਾਉ ॥ ਤੁਮ ਹੀ ਸੁੰਦਰਿ ਤੁਮਹਿ ਸੁਹਾਗਨਿ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥ ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥ ੩ ॥ ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ ਕਹੁ ਨਾਨਕ ਸਭ ਦ੍ਰਿਸਟਿ ਨਿਹਾਲ ॥ ੪ ॥ ਸੁਨਿ ਰੀ ਸਖੀ ਇਹ ਹਮਰੀ ਘਾਲ ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥ ੧ ॥ ਰਹਾਉ ਦੂਜਾ ॥ ੧ ॥**[੩੮੪]-੧-੫੨

**ਅਰਥ:**--ਹੇ ਭੈਣੇ ! ਦਸ ਤੇਰੇ ਚਿਹਰੇ ਤੇ ਲਾਲੀ ਕਿਵੇਂ ਆ ਗਈ ਹੈ ? ਕਿਸ ਰੰਗ ਦੀ ਬਰਕਤਿ ਨਾਲ ਤੂੰ ਸੋਹਣੇ ਗੂੜ੍ਹੇ ਰੰਗ ਵਾਲੀ ਬਣ ਗਈ ? ੧ । ਰਹਾਉ । ਤੇਰੇ ਸਰੀਰ ਉਤੇ ਲਾਲ ਰੰਗ ਦਾ ਚੋਲਾ ਸੋਹਣਾ ਲੱਗ ਰਿਹਾ ਹੈ (ਤੇਰੇ ਮੂੰਹ ਦੀ ਲਾਲੀ ਸੋਹਣੀ ਡਲਕ ਮਾਰ ਰਹੀ ਹੈ । ਸ਼ਾਇਦ) ਤੂੰ ਸੱਜਣ-ਹਰੀ ਨੂੰ ਪਿਆਰੀ ਲੱਗ ਰਹੀ ਹੈ, ਤਾਹੀਏ ਤੂੰ ਮੇਰਾ ਮਨ ਵੀ ਮੋਹ ਲਿਆ ਹੈ **। ੧ ।** ਹੇ ਭੈਣੇ ! ਤੂੰ ਬੜੀ ਸੋਹਣੀ ਦਿੱਸ ਰਹੀ ਹੈਂ, ਤੇਰਾ ਸੁਹਾਗ-ਭਾਗ ਉੱਘੜ ਆਇਆ ਹੈ (ਇਉਂ ਜਾਪਦਾ ਹੈ ਕਿ) ਤੇਰੇ (ਹਿਰਦੇ-ਘਰ ਵਿਚ ਪ੍ਰੀਤਮ-ਪ੍ਰਭੂ ਆ ਵੱਸਿਆ ਹੈ, ਤੇਰੇ ਹਿਰਦੇ-ਘਰ ਦੀ ਕਿਸਮਤ ਜਾਗ ਪਈ ਹੈ **। ੨ ।** ਤੂੰ ਸੁੱਚੇ ਆਚਰਨ ਵਾਲੀ ਹੋ ਗਈ ਹੈਂ ਤੂੰ ਹੁਣ ਸਭ ਥਾਂ ਆਦਰ-ਮਾਣ ਪਾ ਰਹੀ ਹੈਂ । ਜੇ ਤੂੰ ਪ੍ਰੀਤਮ-ਪ੍ਰਭੂ ਨੂੰ ਚੰਗੀ ਲੱਗ ਰਹੀ ਹੈਂ ਤਾਂ ਤੂੰ ਸ੍ਰੇਸ਼ਟ ਗਿਆਨ ਵਾਲੀ ਬਣ ਗਈ ਹੈ **। ੩ ।** (ਹਾਂ ਮੈਂ) ਪ੍ਰੀਤਮ-ਪ੍ਰਭੂ ਨੂੰ ਚੰਗੀ ਲੱਗ ਗਈ ਹਾਂ, ਤਾਹੀਏਂ ਮੈਂ ਗੂੜ੍ਹੇ ਪ੍ਰੇਮ-ਰੰਗ ਵਿਚ ਰੰਗੀ ਗਈ ਹਾਂ, ਉਹ ਪ੍ਰੀਤਮ-ਪ੍ਰਭੂ ਮੈਨੂੰ ਚੰਗੀ ਪਿਆਰ ਭਰੀ ਨਿਗਾਹ ਨਾਲ ਤੱਕਦਾ ਹੈ ਪਰ ਹੇ ਸਹੇਲੀ ! ਤੂੰ ਪੁੱਛਦੀ ਹੈਂ (ਮੈਂ ਕਿਹੜੀ ਮਿਹਨਤ ਕੀਤੀ ਹੈ, ਬੱਸ !) ਏਹੀ ਹੈ ਮਿਹਨਤ ਜੋ ਮੈਂ ਕੀਤੀ ਕਿ ਉਸ ਸੁੰਦਰਤਾ ਦੇ ਦਾਤੇ ਪ੍ਰਭੂ ਨੇ ਆਪ ਹੀ ਮੈਨੂ (ਆਪਣੇ ਪਿਆਰ ਦੀ ਦਾਤਿ ਦੇ ਕੇ) ਸੋਹਣੀ ਬਣਾ ਲਿਆ ਹੈ । ੧ । ਰਹਾਉ ।

ਭਾਵ, ਮੇਰੇ ਵਿਚ ਕੋਈ ਹਉਮੈ ਨਹੀਂ ਰਹੀ, ਮੇਰੇ ਅੰਦਰੋਂ **ਮੈ ਮੇਰੀ** ਲਿਕਲ ਗਈ ਹੈ । ਸਭ ਕੁਝ ਉਹੀ ਕਰਦਾ ਹੈ ਉਹੀ ਕਰਵਾਉਂਦਾ ਹੈ । ਮੇਰੇ ਵਿਚ ਕੋਈ ਵਡਿਆਈ ਨਹੀਂ ਹੈ। ਪ੍ਰਭੂ ਮਾਲਕ ਦੀ ਹੀ ਮਹਾਨ ਕਿਰਪਾ ਹੈ ਜੋ ਮੈਂ ਉਸ ਨੂੰ ਭਾ ਗਈ ਹਾਂ। ਅਗਲੇ ਗੁਰਬਾਣੀ ਸ਼ਬਦ ਵਿਚ ਸਮਝਾਇਆ ਗਿਆ ਹੈ ਕਿ ਜੀਵ-ਇਸਤ੍ਰੀ ਆਪਣੇ ਗੁਰੂ ਦੀ ਕਿਰਪਾ ਨਾਲ ਕਿਸ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਕੇ ਪ੍ਰਭੂ ਪਤੀ ਨਾਲ ਮਿਲਾਪ ਕਰ ਸਕਣ ਜੋਗ ਬਣਦੀ ਹੈ:--

੫੯- **ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥ ਘਰ ਕੇ ਜਿਠੇਰੇ ਕੀ ਚੂਕੀ ਕਾਣਿ ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ ॥ ੧ ॥ ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥ ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿਨਾਮੁ ਦਿਵਾਇਆ ॥ ੧ ॥ ਰਹਾਉ ॥ ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥ ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥ ੨ ॥ ਸਹਜ ਗੁਫਾ ਮਹਿ ਆਸਣੁ ਬਾਧਿਆ ॥ ਜੋਤਿ ਸਰੂਪ ਅਨਾਹਦੁ ਵਾਜਿਆ ॥<u>ਮਹਾ ਅਨੰਦੁ ਗੁਰ ਸਬਦੁ ਵੀਚਾਰਿ</u> ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥ ੩ ॥ ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥ ਜਨਮ ਨ ਮਰੈ ਨ ਆਵੈ ਨ ਜਾਇ ॥ ਹਰਿ ਸੇਤੀ ਓਹ ਰਹੈ ਸਮਾਇ ॥ ੪ ॥**[੩੭੦]-੨

**ਅਰਥ:**--ਹੇ ਲੋਕੋ ! ਸੁਣੋ, (ਗੁਰੂ ਦੀ ਕਿਰਪਾ ਨਾਲ) ਮੈਂ ਪਰਮਾਤਮਾ ਦੇ ਪਿਆਰ ਦਾ ਅਨੰਦ ਮਾਣਿਆ ਹੈ, ਗੁਰੂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਦਾਤਿ ਦਿੱਤੀ ਹੈ (ਉਸ ਦੀ ਬਰਕਤਿ ਨਾਲ) ਮੈਂ ਭੈੜੇ ਭਾਵ ਮਾਰ ਲਏ ਹਨ (ਕਾਮਾਦਿਕ) ਵੈਰੀ ਮੁਕਾ ਲਏ ਹਨ **। ੧ । ਰਹਾਉ ।** (ਗੁਰੂ ਦੀ ਕਿਰਪਾ ਨਾਲ ਮੈਨੂੰ ਪ੍ਰਭੂ-ਪਤੀ ਮਿਲਿਆ) ਪਤੀ ਨੇ ਮੈਨੂੰ (ਅਗਿਆਨਤਾ) ਸੱਸ ਤੋਂ ਵੱਖ ਕਰ ਲਿਆ ਹੇ (ਭਾਵ, ਮੈਨੂੰ ਗਿਆਨ ਦਾ ਚਾਨਣ ਬਖ਼ਸ਼ਿਆ ਹੈ), ਮੇਰੀ ਦਿਰਾਣੀ ਜਿਠਾਣੀ (ਆਸਾ ਤ੍ਰਿਸ਼ਨਾ, ਇਸ) ਇਸ ਦੁੱਖ ਕਲੇਸ਼ ਨਾਲ ਮਰ ਗਈ ਹੈ (ਕਿ ਮੈਨੂੰ ਪਤੀ ਮਿਲ ਪਿਆ ਹੈ) (ਭਾਵ, ਹਿਰਦੇ ਵਿਚ ਪ੍ਰਭੂ ਦੇ ਪ੍ਰਗਟ ਹੋ ਜਾਣ ਦੀ ਬਰਕਤਿ ਨਾਲ ਮਨ ਭਟਕਣਾ ਤੋ ਹਟ ਕੇ ਅਡੋਲ ਹੋ ਗਿਆ ਹੈ) । ( ਤੇ ਹੁਣ ਮੇਰੇ ਉਤੇ) ਧਰਮਰਾਜ (-ਜਠੇਰੇ) ਦੀ ਵੀ ਕੋਈ ਧੌਂਸ ਨਹੀਂ ਰਹੀ । ਸੁਚੱਜੇ ਸਿਆਣੇ ਪਤੀ ਨੇ ਮੈਨੂੰ (ਇਨ੍ਹਾਂ ਸਭਨਾਂ ਤੋਂ) ਬਚਾ ਲਿਆ ਹੈ **। ੧ ।** (ਜਦੋਂ ਗੁਰੂ ਦੀ ਕਿਰਪਾ ਨਾਲ ਮੈਨੂੰ ਪ੍ਰਭੂ-ਪਤੀ ਮਿਲਿਆ ਤਾਂ, ਸਭ ਤੋਂ) ਪਹਿਲਾਂ ਮੈ ਹਉਮੈਂ ਨੂੰ ਪਿਆਰਨਾ ਛੱਡਿਆ, ਫਿਰ ਮੈਂ ਲੋਕਾ-ਚਾਰੀ ਰਸਮਾਂ ਛੱਡੀਆਂ, ਫਿਰ ਮੈਂ ਮਾਇਆ ਦੇ ਤਿੰਨੇ ਗੁਣ ਛੱਡ ਕੇ ਵੈਰੀ ਤੇ ਮਿੱਤਰ ਇਕੋ ਜਿਹੇ (ਮਿੱਤਰ ਹੀ) ਸਮਝ ਲਏ । ਪ੍ਰਭੂ ਨਾਲ ਮਿਲ ਕੇ ਮੈਂ ਮਾਇਆ ਦੇ ਤਿੰਨਾਂ ਗੁਣਾ ਤੋਂ ਉਤਾਂਹ ਉਠਣ ਵਾਲੇ ਗੁਣ ਵਾਲੀ ਬਣ ਕੇ ਚੌਥੇ ਆਤਮਕ ਦਰਜੇ ਤੇ ਪੁਜ ਕੇ ਸਾਧ-ਪਤੀ-ਪਰਮੇਸ਼ਰ ਦੀ ਪਛਾਣ ਕਰ ਲਈ **। ੨ ।** (ਜੋਗੀ ਗੁਫ਼ਾ ਵਿਚ ਬੈਠ ਕੇ ਆਸਣ ਲਾਉਂਦਾ ਹੈ । ਜਦੋਂ ਗੁਰੂ ਦੀ ਕਿਰਪਾ ਨਾਲ ਮੈਨੂੰ ਪ੍ਰਭੂ-ਪਤੀ ਮਿਲਿਆ ਤਾਂ ਮੈਂ) ਆਤਮਕ ਅਡੋਲਤਾ ਦੀ ਗੁਫ਼ਾ ਵਿਚ ਆਪਣਾ ਆਸਣ ਜਮਾ ਲਿਆ । ਮੇਰੇ ਅੰਦਰੋਂ ਨਿਰੇ ਨੂਰ-ਰੂਪ ਪਰਮਾਤਮਾ ਦੇ ਮਿਲਾਪ ਦਾ ਇਕ-ਰਸ ਵਾਜਾ ਵੱਜਣ ਲੱਗ ਪਿਆ । ਗੁਰੂ ਦੇ ਸ਼ਬਦ ਵਿਚਾਰ ਵਿਚਾਰ ਕੇ ਮੇਰੇ ਅੰਦਰ ਵਡਾ ਆਤਮਕ ਆਨੰਦ ਪੈਦਾ ਹੋ ਰਿਹਾ ਹੈ । (ਹੇ ਲੋਕੋ !) ਧੰਨ ਹੈ ਅਤੇ ਭਾਗਾਂ ਵਾਲੀ ਹੈ ਉਹ (ਜੀਵ-) ਇਸਤ੍ਰੀ, ਜਿਹੜੀ ਪ੍ਰਭੂ-ਪਤੀ ਦੇ ਪਿਆਰ-ਰੰਗ ਨਾਲ ਰੰਗੀ ਗਈ ਹੈ **। ੩ ।** ਦਾਸ ਤਾਂ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਹੀ ਉਚਾਰਦਾ ਰਹਿੰਦਾ ਹੈ । ਜਿਹੜਾ ਵੀ ਮਨੁੱਖ ਪ੍ਰਭੂ ਦੀ ਸਿਫ਼ਰਿ-ਸਾਲਾਹ ਸੁਣਦਾ ਹੈ ਅਤੇ ਉਸ ਅਨੁਸਾਰ ਆਪਣਾ ਜੀਵਨ ਉਚਾ ਕਰਦਾ ਹੈ ਉਹ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ, ਉਹ ਪਰਮਾਤਮਾਂ ਦੀ ਯਾਦ ਵਿਚ ਲੀਨ ਰਹਿਣ ਕਰਕੇ (ਮੁੜ ਮੁੜ) ਨਾ ਜੰਮਦਾ ਹੈ ਨਾ ਮਰਦਾ ਹੈ (ਜਨਮ-ਮਰਨ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ) । ੪ ।

੯੦- **ਭਵਨੁ ਸੁਹਾਵੜਾ ਧਰਤਿ ਸੁਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤ ਸੰਗਿ ਲਿਵ ਲਾਗੀ ॥ ੪ ॥**[੮੪੬]-੧

੯੧- **ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ ਕਾਮਣਿ ਰੰਗੁ ਤਾ ਚੜੇ ਜਾ ਪਿਰ ਕੈ ਅੰਕਿ ਸਮਾਇ ॥ ੩੧ ॥**[੭੫੬]-੧-੩

ਅਰਥ:--ਮੇਰਾ ਉਹ ਖ਼ਸਮ ਪ੍ਰਭੂ ਆਨੰਦ-ਸਰੂਪ ਹੈ (ਜਿਹੜਾ ਮਨੁੱਖ ਉਸ ਦੇ ਚਰਨਾਂ ਵਿਚ ਆ ਜੁੜਦਾ ਹੈ) ਉਸ ਨੂੰ ਉਹ ਆਤਮਕ ਅਡੋਲਤਾ ਵਿਚ, ਪ੍ਰੇਮ-ਰੰਗ ਵਿਚ ਰੰਗ ਦਿੰਦਾ ਹੈ) ਜਦੋਂ ਕੋਈ ਜੀਵ-ਇਸਤ੍ਰੀ ਉਸ ਖਸਮ-ਪ੍ਰਭੂ ਦੇ ਚਰਨਾਂ ਵਿਚ ਲੀਨ ਹੋ ਜਾਂਦੀ ਹੈ, ਤਦੋਂ ਉਸ (ਦੀ ਜਿੰਦ) ਨੂੰ ਪ੍ਰੇਮ-ਰੰਗ ਚੜ੍ਹ ਜਾਂਦਾ ਹੈ ।

## ੧੩

# ਸੁਹਾਗਣ ਅਥਵਾ ਸਦਾ ਸੁਹਾਗਣ ਜੀਵ-ਇਸਤ੍ਰੀ

ਸੁਹਾਗ ਦਾ ਅਰਥ ਹੈ ਚੰਗਾ ਭਾਗ--" **ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥** " (੩੭੨) ਸੁਹਾਗਣਿ--ਉਹ ਭਾਗਾਂ ਵਾਲੀ ਇਸਤ੍ਰੀ ਜਿਸ ਦਾ ਪਤੀ ਜੀਊਂਦਾ ਹੈ । ਸਦਾ ਲਈ ਪ੍ਰਭੂ-ਪਤੀ ਦੀ ਪਿਆਰੀ ਅਥਵਾ ਸੁਹਾਗਨ ਬਣ ਚੁੱਕੀ ਜੀਵ-ਇਸਤ੍ਰੀ ਦੇ ਲੱਛਣ:---

੯੨- **ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੇ ਧਰੀਐ ॥ ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥ ੧ ॥ ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥ ੧ ॥ ਰਹਾਉ ॥ ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ ਕੀ ਰੇਣੁ ਬਸੈ ਜੀਅ ਨਾਲਿ ॥ ਮਾਥੈ ਭਾਗੁ ਤ ਪਾਵਉ ਸੰਗੁ ॥ ਮਿਲੈ ਸੁਆਮੀ ਅਪੁਨੈ ਰੰਗਿ ॥ ੨ ॥ ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥ ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ ਕੈ ਸੰਗਿ ਦੇਖਉ ਪ੍ਰਭੁ ਨੈਨ ॥ ਨਿਮਖ ਨਿਮਖ ਏਹੀ ਆਰਾਧਉ ॥ ਦਿਨਸੁ ਰੈਣਿ ਏਹ ਸੇਵਾ ਸਾਧਉ ॥ ਭਏ ਕ੍ਰਿਪਾਲ ਗੁਪਾਲ ਗੋਬਿੰਦ ॥ ਸਾਧ ਸੰਗਿ ਨਾਨਕ ਬਖਸਿੰਦ ॥ ੪ ॥**[੩੯੧]-੩੩-੮੪

੯੩- **ਸਚਿ ਰਤੀਆ ਸੋਹਾਗਣੀ ਜਿਨਾ ਗੁਰ ਕੈ ਸਬਦਿ ਸੀਗਾਰਿ ॥ ਘਰ ਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ ॥ ੧ ॥ ਅਵਗਣ ਗੁਣੀ ਬਖ਼ਸਾਇਆ ਹਰਿ ਸਿਉ ਲਿਵ ਲਾਈ ॥ ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ ॥ ੧ ॥ ਰਹਾਉ ॥**[੪੨੮]-੧੧-੩੩

੯੪- **ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥ ੧ ॥ ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ ੧ ॥ ਰਹਾਉ ॥ ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਣਿ ਅੰਕਿ ਸਮਾਵੈ ॥ ੨ ॥ ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ ਕਰਮਹੀਣਿ ਮਨਮੁਖਿ ਦੁਖੁ ਪਾਵੈ ॥ ੩ ॥ ਬਿਨਉ ਕਰੀ ਜੇ ਜਾਣਾ ਦੂਰਿ ॥ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ ਜਨ ਨਾਨਕੁ ਗਾਵੈ ਦੇਖਿ ਹਦੂਰਿ ॥ ੪ ॥**[੭੩੭]-੩

੯੫- **ਮੈ ਸਭਿ ਸੀਗਾਰ ਬਣਾਇਆ ਅੰਮਾਲੀ ਬਿਨੁ ਪਿਰ ਕਾਮਿ ਨ ਆਏ ॥ ਜਾ ਸਹਿ ਬਾਤ ਨ ਪੁਛੀਆ ਤਾ ਬਿਰਥਾ ਜੋਬਨੁ ਜਾਏ ॥ ਧਿਨੁ ਧਨੁ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ ॥ ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ ॥ ੪ ॥** [੫੬੪]-੧-੯

੯੬- **ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂੰਢੇਹ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਨਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥ ੧ ॥**[੭੨੨]-੨-੪

੯੭- **ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ ॥ ੩ ॥ ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ**

ਪ੍ਰੀਤਮ ਪ੍ਰਾਨ ਅਧਾਰਾ ॥ ਹਰਿ ਕੈ ਨਾਮ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ ॥ ੪ ॥[੧੧੯੭]-੧

੬੮- ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਇ ॥ ਸਦਾ ਪਿਰੁ ਰਾਵਹਿ ਆਪਣਾ ਵਿਚਹੁ ਆਪੁ ਗਵਾਇ ॥ ੧ ॥
ਮੇਰੇ ਮਨ ਤੂ ਹਰਿ ਹਰਿ ਨਾਮੁ ਧਿਆਇ ॥ ਸਤਗੁਰਿ ਮੋ ਕਉ ਹਰਿ ਦੀਆ ਬੁਝਾਇ ॥ ੧ ॥ ਰਹਾਉ ॥[੫੫੯]-੪

**ਸਦਾ ਸੋਹਾਗਣਿ**

੬੯- ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥ ਆਪੁ ਛੋਡਿ ਸੇਵਾ ਕਰੀ ਪਿਰੁ
ਸਚੜਾ ਮਿਲੈ ਸਹਜਿ ਸੁਭਾਏ ॥ ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ ॥
**ਕਦੇ ਨ ਰਾਂਡ ਸਦਾ ਸੋਹਾਗਣਿ** ਅੰਤਰਿ ਸਹਜ ਸਮਾਧੀ ॥ ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ
ਰੰਗੁ ਮਾਣੇ ਸਹਜਿ ਸੁਭਾਏ ॥ ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥ ੩ ॥੫੮੩]-੧

੭੦- ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥ ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥
ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ ॥ ਨਾ ਹਰਿ ਮਰੈ ਨ ਕਦੇ ਦੁਖੁ ਲਾਗੈ
**ਸਦਾ ਸੁਹਾਗਣਿ** ਨਾਰਿ ॥ ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ ॥ ੨ ॥[੬੫੧]-ਵਾਰ-੨੩

੭੧- ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥ ਸੂਹੈ ਵੇਸਿ ਪਿਰੁ ਕਿਨੈ ਨ ਪਾਇਓ
ਮਨਮੁਖਿ ਦਝਿ ਮੁਈ ਗਾਵਾਰਿ ॥ ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥
ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥ **ਸਦਾ ਸੋਹਾਗਣਿ** ਸਬਦੁ ਮਨਿ ਭੈ ਭਾਇ
ਕਰੇ ਸੀਗਾਰੁ ॥ ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥ ੧ ॥[੭੮੭]-ਵਾਰ-੫

**ਅਰਥ:**--ਹੇ ਕਸੁੰਭੇ-ਰੰਗ ਨਾਲ ਪਿਆਰ ਕਰਨ ਵਾਲੀਏ ! ਮਨ ਨੂੰ ਮੋਹਣ ਵਾਲੇ ਪਦਾਰਥਾਂ ਦਾ ਪਿਆਰ ਛੱਡ, ਤਾਂ ਹੀ ਤੇਰਾ ਆਪਣੇ ਪਤੀ-ਪ੍ਰਭੂ ਨਾਲ ਪਿਆਰ ਬਣੇਗਾ, ਇਸ (ਸਾਧ-ਬਾਣੇ ਦੇ ) ਚੁਹਚਹੇ ਰੰਗ ਦੇ ਵੇਸ ਦੁਆਰਾ (ਭੋਲੇ ਲੋਕਾਂ ਨੂੰ ਤਾਂ ਬੇਸ਼ਕ ਠੱਗ ਲਿਆ ਹੋਵੇਗਾ ਪਰ ਅਜੇਹੇ ਵੇਸਾਂ ਦੁਆਰਾ ) ਕਦੇ ਕਿਸੇ ਨੇ ਖਸਮ-ਪ੍ਰਭੂ ਨਹੀਂ ਪਾਇਆ, (ਅਜੇਹੀ) ਆਪ-ਹੁਦਰੀ ਮੂਰਖ (ਜੀਵ-) ਇਸਤ੍ਰੀ (ਇਸ ਤਰ੍ਹਾਂ ਦੇ **ਭੁਲੇਖਾ-ਪਾਊ** ਵੇਸ ਦੇ ਮਾਣ ਵਿਚ) ਸੜ ਮਰਦੀ ਹੈ । ਜੇ ਗੁਰੂ ਮਿਲ ਪਏ ਤਾਂ ਅੰਦਰੋਂ ਹਉਮੈ ਦੂਰ ਕੀਤਿਆਂ ਸ਼ੋਖ-ਰੰਗ ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ, ਮਨ ਤੇ ਸਰੀਰ (ਨਾਮ-ਰੂਪ ਮਜੀਠ ਰੰਗ ਨਾਲ) ਰੱਤਾ ਲਾਲ ਹੋ ਜਾਂਦਾ ਹੈ, ਜੀਭ ਪ੍ਰਭੂ ਦੇ ਗੁਣ ਕਥਨ ਕਰਨ ਦੇ (ਸੋਹਣੇ ਰੰਗ ਵਿਚ) ਰੰਗੀ ਜਾਂਦੀ ਹੈ । ਜਿਸ ਜੀਵ ਇਸਤ੍ਰੀ ਨੇ ਪ੍ਰਭੂ ਦੇ ਡਰ ਤੇ ਪਿਆਰ ਦੀ ਰਾਹੀਂ (ਆਪਣੇ ਮਨ ਦਾ) ਸੋਹਜ ਬਣਾਇਆ ਹੈ ਜਿਸ ਦੇ ਮਨ ਵਿਚ ਗੁਰੂ ਦਾ ਸ਼ਬਦ ਵੱਸਦਾ ਹੈ ਉਹ ਸਦਾ ਲਈ ਸੁਹਾਗ ਭਾਗ ਵਾਲੀ ਹੋ ਜਾਂਦੀ ਹੈ । ਪ੍ਰਭੂ ਦੀ ਮਿਹਰ ਨਾਲ ਪ੍ਰਭੂ ਨੂੰ ਹਿਰਦੇ ਵਿਚ ਟਿਕਾਇਆਂ ਉਸ ਦੀ ਹਜ਼ੂਰੀ ਪ੍ਰਾਪਤ ਹੁੰਦੀ ਹੈ ।

੭੨- ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥ ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ
ਵਾਸਾ ਪਾਏ ॥ ਨਿਜ ਘਰਿ ਵਾਸਾ ਪਾਏ ਸਬਦੁ ਵਜਾਏ **ਸਦਾ ਸੁਹਾਗਣਿ ਨਾਰੀ** ॥ ਪਿਰੁ
ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥ ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ
ਸਬਦਿ ਸੁਹਾਏ ॥ ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥ ੪ ॥[੫੬੮]-੧

੭੩- ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥ **ਸਦਾ ਹੋਵਹਿ ਸੋਹਾਗਣੀ** ਹਰਿ ਜੀਉ
ਮਰੈ ਨ ਜਾਏ ਰਾਮ ॥ ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾਧਨ ਕੰਤ ਪਿਆਰੀ ॥ ਸਚਿ
ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ
ਆਪੁ ਉਪਾਇਆ ॥ ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥ ੧ ॥[੭੭੧]-੫-੬

੧੪

# ਕੁਚੱਜੀ, ਸੁਚੱਜੀ ਅਥਵਾ ਗੁਣਵੰਤੀ ਜੀਵ ਇਸਤ੍ਰੀ

੭੪- **ਰਾਗ ਸੂਹੀ ਮਹਲਾ ੧ ਕੁਚਜੀ ॥ ੧ ੴ ਸਤਿਗੁਰਪ੍ਰਸਾਦਿ ॥**

ਮੰਞੁ **ਕੁਚਜੀ** ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥ ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥ ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥ ਕਿਆ ਗੁਣ ਤੇਰੇ ਵਿਥਰਾ, ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥ ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥ ਸੇ ਵਸਤੂ ਸਹਿ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ ॥ ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥ ਹਉ ਏਨੀ ਟੋਲੀ ਭੁਲੀਅਸੁ, ਤਿਸੁ ਕੰਤ ਨ ਬੈਠੀ ਪਾਸਿ ਜੀਉ ॥ ਅੰਬਰਿ ਕੂੰਜਾਂ ਕੁਰਲੀਆ ਬਗ ਬਹਿਠੇ ਆਇ ਜੀਉ ॥ ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥ ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥ ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥ ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥ ਸਭਿ ਰਾਤੀ ਸੋਹਾਗਣੀ ਮੈ **ਡੋਹਾਗਣਿ** ਕਾਈ ਰਾਤਿ ਜੀਉ ॥ ੧ ॥ [੭੬੨]

**ਪਦ ਅਰਥ**:--ਕੁਚਜੀ=ਕੁ-ਚੱਜੀ, ਕੋਝੇ ਚੱਜ ਵਾਲੀ, ਜਿਸ ਨੂੰ ਜੀਵਨ ਦੀ ਜਾਚ ਨਹੀਂ । ਮੰਞੁ=ਮੈਂ । ਅੰਮਾਵਣਿ=ਜੋ ਸਮਾ ਨਾ ਸਕਣ, ਬਹੁਤ ਜ਼ਿਆਦਾ। ਡੋਸੜੇ=ਕੋਝੇ ਦੋਸ਼, ਐਬ। ਹਉ=ਮੈਂ । ਕਿਉਂ=ਕਿਵੇਂ । ਸਹੁ=ਖ਼ਸਮ । ਰਾਵਣਿ=ਮਾਣਨ ਲਈ । ਜਾਉ=ਮੈ ਜਾਵਾਂ । ਇਕ ਦੂ=ਇਕ ਤੋਂ । ਇਕਿ=[ਲਫ਼ਜ਼ ਇੱਕ ਤੋਂ ਬਹੁ ਵਚਨ] ਕਈ। ਚੜੰਦੀਆ=ਵਧੀਆ । ਜਿੰਨ੍ਹੀ ਸਖੀ=ਜਿੰਨ੍ਹਾਂ ਸਹੇਲੀਆਂ ਨੇ । ਸੇ=ਉਹ ਸਹੇਲੀਆਂ, ਸਤਸੰਗੀ ਜੀਵ-ਇਸਤ੍ਰੀਆਂ ।

ਅੰਬੀ ਛਾਵੜੀਏਹਿ=ਅੰਬਾਂ ਦੇ ਰੁੱਖਾਂ ਦੀਆਂ ਠੰਢੀਆਂ ਛਾਵਾਂ ਹੇਠ । {ਨੋਟ=ਇੰਉਂ ਜਾਪਦਾ ਹੈ ਜਿਵੇਂ ਇਹ ਛੰਤ ਸਤਿਗੁਰਾਂ ਨੇ ਗਰਮੀ ਦੀ ਰੁੱਤੇ ਚੁਮਾਸੇ ਦੀ ਗਰਮੀ ਨੂੰ ਅਤੇ ਅੰਬਾਂ ਵਾਲੇ ਇਲਾਕੇ ਗੁਰਦਾਸਪੁਰ ਹੁਸ਼ਿਆਰਪੁਰ ਆਦਿ ਨੂੰ ਧਿਆਨ ਵਿਚ ਰਖਦਿਆਂ ਉਚਾਰਿਆ ਹੈ। ਅੰਬਾਂ ਦੀ ਠੰਢੀ ਛਾਂ ਅਤੇ ਪੱਕੇ ਰਸੇ ਹੋਏ ਅੰਬਾਂ ਦਾ ਕੇਰਾ ? ਚੁਮਾਸੇ ਦੇ ਦਿਨਾਂ ਵਿਚ ਅੰਬ-ਰੁੱਖ ਦੂਹਰਾ ਸੁਖ ਦੇ ਰਹੇ ਹੁੰਦੇ ਹਨ} ਮੰਞੁ=ਮੇਰੇ ਵਿਚ । ਆਵਣੀ=ਆਉਂਦੇ । ਕੈ=ਕਿਸ ਉਤੇ ? ਵਿਥਰਾ=ਮੈ ਵਿਸਥਾਰ ਨਾਲ ਦੱਸਾਂ । ਘਿਨਾ=ਮੈਂ ਲਵਾਂ । ਇਕਤੁ=ਇੱਕ ਵਿਚ, ਇੱਕ ਦੀ ਰਾਹੀਂ । ਇਕਤੁ ਟੋਲਿ=ਇਕ ਸੁੰਦਰ ਪਦਾਰਥ ਦੀ ਰਾਹੀਂ ਹੀ । ਅੰਬੜਾਂ=ਮੈ ਪਹੁਚ ਸਕਦੀ ।

ਰੁਪਾ=ਚਾਂਦੀ । ਰੰਗੁਰਲਾ=ਸੋਹਣਾ । ਕੀਤੇ=ਮੈਂ ਬਣਾ ਲਏ ਹਨ । ਰਾਸਿ=ਪੂੰਜੀ ਸਰਮਾਇਆ। ਏਨੀ ਟੋਲੀ=ਇਨ੍ਹਾਂ ਸੁੰਦਰ ਪਦਾਰਥਾਂ ਵਿਚ ਹੀ। ਭੁਲੀਅਸੁ=ਮੈ ਕੁਰਾਹੇ ਪੈ ਗਈ ਹਾਂ । ਅੰਬਰਿ=ਆਕਾਸ਼ ਵਿਚ । ਕੂੰਜਾਂ= (ਸ਼ੁਭ ਗੁਣ) । ਅੰਬਰਿ ਕੁਰਲੀਆ=ਆਕਾਸ਼ ਵਿਚ ਕੁਰਲ ਕੁਰਲ ਕਰ ਰਹੀਆਂ ਹਨ, ਦੂਰ ਚਲੀਆਂ ਗਈਆਂ ਹਨ । ਬਗ=ਬਗਲੇ, (ਪਖੰਡ) । ਬਹਿਠੇ ਆਇ=ਆ ਕੇ ਬੈਠ ਗਏ ਹਨ । ਸਾਧਨ=ਜੀਵ-ਇਸਤ੍ਰੀ। ਸਾਹੁਰੇ=ਪਰਲੋਕ ਵਿਚ । ਅਗੈ=ਪਰਲੋਕ ਵਿਚ । ਜਾਇ=ਜਾ ਕੇ । ਸੁਤੀ ਸੁਤੀ=ਸਾਰੀ ਉਮਰ ਮਾਇਆ-ਮੋਹ ਦੀ ਨੀਂਦ ਵਿਚ ਸੁਤਿਅ: ਹੀ। ਝਾਲ=ਝਲਾਂਘਾ, ਚਿੱਟਾ ਦਿਨ, ਬੁਢੇਪਾ । ਵਾਟੜੀਆਸੁ=ਸੋਹਣੇ ਵਾਟ, ਚੰਗਾ ਰਸਤਾ । ਸਹ=ਹੇ ਪਤੀ ! ਤੈ ਨਾਲੁ=ਤੇਰੇ ਨਾਲੋਂ । ਮੁਤੀਆਸੁ=ਮੈ ਵਿਛੁੜ ਗਈ ਹਾਂ । ਕੂ=ਨੂੰ । ਧਰੀਆਸੁ=ਧਾਰਨ ਕਰ ਲਿਆ ਹੈ । ਡੋਹਾਗਣਿ=ਮੰਦ-ਭਾਗਣ, ਬਦ-ਨਸੀਬ । ਕਾਈ=ਕੋਈ ਇੱਕ । ੧ ।

੭੫- **ਸੂਹੀ ਮਹਲਾ ੧ ਸੁਚਜੀ ॥ ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥ ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥ ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥ ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ॥ ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥ ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥ ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥ ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥ ੨ ॥[੭੬੨]**

੭੬- **ਸੂਹੀ ਮਹਲਾ ੫ ਗੁਣਵੰਤੀ ॥ ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥ ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥ ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥ ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥ ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥ ਤਿਆਗੇ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥ ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ ਹਰਿ ਭਗਤਿ ਖਜ਼ਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥ ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥ ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ੩ ॥[੭੬੩]**

੧੫

# ਦੁਹਾਗਣ ਅਥਵਾ ਛੁੱਟੜ ਜੀਵ-ਇਸਤ੍ਰੀ

**ਮਹਾਨ ਕੋਸ਼ ਅਨੁਸਾਰ** ' ਦੁਹਾਗ ' ਦਾ ਅਰਥ ਹੈ--ਖੋਟੀ ਕਿਸਮਤ। ਮੰਦ ਭਾਗ. ੨ ਇਸਤ੍ਰੀ ਦੇ ਸਿਰੋਂ ਪਤੀ ਦਾ ਹਥ ਪਰੇ ਹੋਣਾ . ੩ ਰੰਡੇਪਾ ।

" ਦੁਹਾਗਣਿ "---ਖੋਟੇ ਭਾਗਾਂਵਾਲੀ, ਵਿਧਵਾ । " ਦਸ ਨਾਰੀ ਮੈ ਕਰੀ ਦੁਹਾਗਨਿ " (ਪ੍ਰਭਾ: ਮ: ੫) ਦਸ ਇੰਦ੍ਰੀਆਂ ਮੈਂ ਰੰਡੀਆਂ ਕਰ ਦਿੱਤੀਆਂ ਹੁਣ ਉਨ੍ਹਾਂ ਨਾਲ ਮਨ ਦਾ ਕੋਈ ਸੰਬੰਧ ਨਹੀਂ ।

੭੭- **ਦੋਹਾਗਣੀ** ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥ ੧ ॥[੪੨੬]-੮-੩੦

੭੮- **ਦੋਹਾਗਣੀ** ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ॥
ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥ ੫ ॥[੪੩੦]-੨੨-੧੫-੩੭

੭੯- ਸੂਹੈ ਵੇਸਿ **ਦੋਹਾਗਣੀ** ਪਰ ਪਿਰੁ ਰਾਵਣ ਜਾਇ ॥ ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥ ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥ ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥[੭੮੫]-ਵਾਰ-੧(੧)

੮੦- ਮਨਮੁਖੀ **ਦੁਹਾਗਣਿ** ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥
ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥ ੨ ॥[੧੧੬੯-੭੦]-੬

## ਦੋਹਾਗਨਿ, ਸੋਹਾਗਣਿ ਦੋਵੇਂ

੮੧- ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ ॥ ਸਾਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥ ੧ ॥ ਮੈਡਾ ਮਨੁ ਰਤਾ ਆਪਨੜੇਪਿਰ ਨਾਲਿ ॥ ਹਉ ਘੋਲਿ ਘੁਮਾਈ ਖੰਨੀਐ ਕੀਤੀ, ਹਿਕ ਭੋਰੀ ਨਦਰਿ ਨਿਹਾਲਿ ॥ ੧ ॥ ਰਹਾਉ ॥ ਪੇਈਅੜੈ **ਡੋਹਾਗਣੀ** ਸਾਹੁਰੜੈ ਕਿਉ ਜਾਉ ॥ ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥ ੨ ॥ ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥ ਸੁਖਿ ਸਵੰਧਿ ਸੋਹਾਗਣੀ ਪਿਰ ਪਾਇਆ ਗੁਣਤਾਸੁ ॥ ੩ ॥ ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ॥ ਪਿਰੁ ਮੁਤੀ **ਡੋਹਾਗਣੀ** ਤਿਨ ਡੁਖੀ ਰੈਣਿ ਵਿਹਾਇ ॥ ੪ ॥ ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥ ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥ ੫ ॥ ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥ ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥ ੬ ॥ ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥ ੭ ॥ ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥ ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥ ੮ ॥[੧੦੧੪]-੧-੯

੮੨- ਇਹੁ ਜਗਤੁ ਭਰਮਿ ਭੁਲਾਇਆ ॥ ਆਪਹੁ ਤੁਧੁ ਖੁਆਇਆ ॥ ਪਰਤਾਪੁ ਲਗਾ **ਦੋਹਾਗਣੀ** ਭਾਗ ਜਿਨਾ ਕੇ ਨਾਹਿ

ਜੀਉ ॥ ੬ ॥ **ਦੋਹਾਗਣੀ** ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥ ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥ ੭ ॥ **ਸੋਹਾਗਣੀ** ਕਿਆ ਕਰਮੁ ਕਮਾਇਆ ॥ ਪੂਰਬਿ ਲਿਖਿਆ ਫਲੁ ਪਾਇਆ ॥ ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥ ੮ ॥ ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥ ੯ ॥ ਜਿਨਾ ਭਾਣੇ ਕਾ ਰਸੁ ਆਇਆ, ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ ੧੦ ॥[੭੨]-੨-੨੮

**ਢੂੰਢੇਦੀ ਏ ਸੁਹਲਗ ਕੂ ਤਉ ਤਨਿ ਕਈ ਕੋਰ ॥**
**ਜਿਨਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ॥ ੧੧੪ ॥**

੧੬

## ਪਤੀ-ਮਿਲਾਪ ਲਈ ਸ਼ਿੰਗਾਰ (Make-up ?)

ਬਨਾਵਟੀ ਪਦਾਰਥਾਂ ਦੀ ਸਹਾਇਤਾ ਨਾਲ ਸਰੀਰ ਦਾ ਸੁਹਜ ਵਧਾਉਣ ਲਈ ' Make-up ' ਕਰਨਾ ਦਸ਼ਮੇਸ਼ ਜੀ ਦੀ ਬੱਚੀ " ਸਿੰਘਣੀ " ਦੇ ਸੁੱਚੇ ਅਤੇ ਉ ੱਚੇ ਆਚਰਨ ਦੀ ਮਰਯਾਦਾ ਨਹੀਂ ਹੈ । ਆਪਣੇ ਗੁਰਮੁਖਿ ਪਤੀ ਦਾ ਹਿਰਦਾ ਪ੍ਰਸੰਨ ਕਰਨ ਦੀ ਰੁਚੀ ਨਾਲ ਗੁਰਮਤਿ-ਸ਼ਿੰਗਾਰ ਕਰਨਾ ਹੀ ਸ਼ਲਾਘਾ ਜੋਗ ਹੈ । ਪਰ ਦੂਜਿਆਂ ਲਈ ਸਰੀਰ ਨੂੰ ਆਕਰਸ਼ਕ ਬਣਾ ਕੇ ਗੁਰੂ ਦਰਬਾਰ ਵਿਚ ਆਉਣਾ, ਗੁਰ ਦਰਬਾਰ ਦੀ ਅਵੱਗਿਆ ਦਾ ਪਾਪ ਹੈ । ਆਉ ਗੁਰਬਾਣੀ ਵਿਚਾਰ ਤੋਂ ਸਮਝੀਏ, ਕਿ ਜੀਵ-ਇਸਤ੍ਰੀ ਲਈ ਸਤਿਗੁਰਾਂ ਨੇ ਕਿਸ ਪ੍ਰਕਾਰ ਦਾ ਸ਼ਿੰਗਾਰ ਕਰਨਾ ਫ਼ੁਰਮਾਨ ਕੀਤਾ ਹੈ, :--

੮੩- ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥ ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥ ੧ ॥ ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ ॥ ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ ॥ ੧ ॥ ਰਹਾਉ ॥ ਭਰਤਾ ਕਹੈ ਸੁ ਮਾਨੀਐ ਏਹੁ **ਸੀਗਾਰੁ** ਬਣਾਇ ਰੀ ॥ ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥ ੨ ॥ ਗੁਰ ਕਾ ਸਬਦੁ ਕਰਿ ਦੀਪਕੋ ਇਹ **ਸਤ ਕੀ ਸੇਜ** ਬਿਛਾਇ ਰੀ ॥ ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ ॥ ੩ ॥ ਤਿਸੁ ਹੀ **ਚਜੁ ਸੀਗਾਰੁ** ਸਭੁ ਸਾਈ ਰੂਪਿ ਅਪਾਰਿ ਰੀ ॥ ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥ ੪ ॥[੪੦੦]-੧੬-੧੧੮

੮੪- ਭੈ ਭਾਇ **ਸੀਗਾਰੁ** ਬਣਾਏ ॥ ਗੁਰ ਪਰਸਾਦੀ ਮਹਲੁ ਘਰੁ ਪਾਏ ॥
ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ ॥ ੪ ॥[੧੧੨]-੪-੫

੮੫- ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ॥ ਸਤਿਗੁਰ ਕੈ ਭਾਣੈ ਚਲਦੀਆ ਨਾਮੇ **ਸਹਜਿ ਸੀਗਾਰੁ** ॥ ੨॥ ਸਦਾ ਰਾਵਹਿ ਪਿਰੁ ਆਪਣਾ **ਸਚੀ ਸੇਜ** ਸੁਭਾਇ॥ ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ ॥੩॥ਗਿਆਨ ਅਪਾਰੁ **ਸੀਗਾਰੁ** ਹੈ ਸੋਭਾਵੰਤੀ ਨਾਰਿ ॥ ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥੪॥ ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ ॥ ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ ॥ ੫ ॥ ਸੋਹਾਗਣੀ**ਸੀਗਾਰੁ** ਬਣਾਇਆ ਗੁਣ ਕਾ ਗਲਿ ਹਾਰੁ ॥ ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥[੪੨੬]-੮-੩੦

੮੬- ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ ੪ ॥[੮੧੨]-੧੫-੪੫

੧੭

## ਅੱਡ ਅੱਡ ਗੁਣ-ਔਗਣਾਂ ਵਾਲੀ ਜੀਵ-ਇਸਤ੍ਰੀ

**ਗੁਣਵੰਤੀ**--

੮੭- ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥ ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥ ੧ ॥ ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥ ੧ ॥ ਰਹਾਉ ॥ ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥ ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥ ੨ ॥ ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥ ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥ ੩ ॥ ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥ ੪ ॥[੫੫੭]-੨

**ਅਰਥ:**--(ਜਿਸ ਜੀਵ ਇਸਤ੍ਰੀ ਨੂੰ ਇਹ ਯਕੀਨ ਬਣ ਜਾਏ ਕਿ) ਮੇਰਾ ਖ਼ਸਮ-ਪ੍ਰਭੂ ਸਾਰੇ ਸੁਖਾਂ ਦਾ ਸੋਮਾ ਹੈ, ਉਹ ( ਖਸਮ-ਪ੍ਰਭੂ ਨੂੰ ਛੱਡ ਕੇ) ਹੋਰਨਾਂ ਨੂੰ (ਸੁਖਾਂ ਦਾ ਵਸੀਲਾ ਸਮਝ ਕੇ) ਪ੍ਰਸੰਨ ਕਰਨ ਨਹੀਂ ਤੁਰੀ ਫਿਰਦੀ । ੧ । ਰਹਾਉ ।

ਜਿਸ ਜੀਵ-ਇਸਤ੍ਰੀ ਦੇ ਪੱਲੇ ਇਹ ਗੁਣ ਹੈ (ਜਿਸ ਜੀਵ ਇਸਤ੍ਰੀ ਨੂੰ ਯਕੀਨ ਹੈ ਕਿ ਪ੍ਰਭੂ ਹੀ ਸੁਖਾਂ ਦਾ ਸੋਮਾ ਹੈ, ਉਹ) ਪ੍ਰਭੂ-ਪਤੀ (ਦਾ ਪੱਲਾ ਫੜ ਕੇ ਉਸ) ਨੂੰ ਪ੍ਰਸੰਨ ਕਰ ਲੈਂਦੀ ਹੈ (ਤੇ ਆਤਮਕ ਸੁਖ ਮਾਣਦੀ ਹੈ) ਪਰ ਜਿਸ ਦੇ ਪੱਲੇ ਇਹ ਗੁਣ ਨਹੀਂ ਹੈ (ਤੇ ਜੋ ਥਾਂ ਥਾਂ ਭਟਕਦੀ ਫਿਰਦੀ ਹੈ) ਉਹ (ਆਤਮਕ ਸੁਖ ਵਾਸਤੇ) ਵਿਅਰਥ ਹੀ ਤਰਲੇ ਲੈਂਦੀ ਹੈ । ਹਾਂ, ਜੇ ਉਸ ਦੇ ਅੰਦਰ ਵੀ ਇਹ ਗੁਣ ਆ ਜਾਏ, ਤਾਂ ਖਸਮ-ਪ੍ਰਭੂ ਨੂੰ ਪ੍ਰਸੰਨ ਕਰਨ ਦਾ ਸਫ਼ਲ ਯਤਨ ਕਰ ਸਕਦੀ ਹੈ । ੧ । ਜੇ ਜੀਵ ਇਸਤ੍ਰੀ ਦਾ ਉੱਚਾ

ਆਚਰਨ **ਕਾਮਣ** (ਪਤੀ ਨੂੰ ਵੱਸ ਕਰ ਦੇ ਮੰਤ੍ਰ ਦਾ) ਕੰਮ ਦੇਵੇ, ਜੇ ਉਸ ਦਾ ਮਨ ਧਾਗਾ ਬਣੇ ਤਾਂ ਇਸ ਮਨ ਧਾਗੇ ਦੀ ਰਾਹੀਂ ਉਸ ਨਾਮ-ਮੋਤੀ ਨੂੰ ਆਪਣੇ ਚਿੱਤ ਵਿਚ ਪ੍ਰੋ ਲਏ (ਧਨ ਪਦਾਰਥਾਂ ਆਦਿਕ ਕਿਸੇ) ਮੁੱਲ ਨਾਲ (ਨਾਮ ਮੋਤੀ) ਮੁੱਲ ਨਹੀਂ ਮਿਲ ਸਕਦਾ **। ੨ ।** (ਪਰ ਨਿਰੀਆਂ ਗੱਲਾਂ ਨਾਲ, ਹੇ ਸੁਖ ਸਾਗਰ ! ਤੇਰੇ ਚਰਨਾਂ ਵਿਚਨਹੀਂ ਪਹੁੰਚ ਜਾਈਦਾ) ਹੇ ਪਤੀ-ਪ੍ਰਭੂ ! ਜੇ ਮੈਂ (ਤੇਰੇ ਦੇਸ ਦਾ) ਸਦਾ ਰਾਹ ਹੀ ਪੁੱਛਦੀ ਰਹਾਂ, ਪਰ ਉਸ ਰਸਤੇ ਉਤੇ ਤੁਰਾਂ ਕਦੇ ਵੀ ਨਾ, (ਨਿਰਾ) ਮੂੰਹ ਨਾਲ ਆਖੀ ਜਾਵਾਂ ਕਿ ਮੈਂ (ਤੇਰੇ ਦੇਸ ਤਕ) ਅੱਪੜ ਗਈ ਹਾਂ, ਉਂਞ ਕਦੇ ਤੇਰੇ ਨਾਲ ਬੋਲ ਚਾਲ ਨਾਹ ਬਣਾਇਆ ਹੋਵੇ (ਕਦੇ ਤੇਰੇ ਦਰ ਤੇ ਅਰਦਾਸ ਵੀ ਨਾ ਕੀਤੀ ਹੋਵੇ), ਇਸ ਤਰ੍ਹਾਂ ਤੇਰੇ ਚਰਨਾਂ ਵਿਚ ਟਿਕਾਣਾ ਨਹੀਂ ਮਿਲ ਸਕਦਾ **। ੩ ।** ਗੁਰੂ ਨਾਨਕ ਜੀ ਦਾ ਫ਼ੁਰਮਾਨਨ ਹੈ ਕਿ ( ਇਹ ਯਕੀਨ ਜਾਣ ਕਿ) ਇਕ ਪਰਮਾਤਮਾ ਤੋਂ ਬਿਨਾ ਹੋਰ ਕੋਈ ਵੀ ਸੁਖ-ਦਾਤਾ ਨਹੀਂ, (ਤਾਂ ਤੇ ਉਸ ਦੇ ਦਰ ਤੇ ਅਰਦਾਸ ਕਰ ਤੇ ਆਖ--) ਹੇ ਪ੍ਰਭੂ-ਪਤੀ ! ਜਿਹੜੀ ਜੀਵ ਇਸਤ੍ਰੀ ਤੇਰੇ ਚਰਨਾਂ ਵਿਚ ਜੁੜੀ ਰਹਿੰਦੀ ਹੈ ਉਹ ਤੈਨੂੰ ਪ੍ਰਸੰਨ ਕਰ ਲੈਂਦੀ ਹੈ ( ਤੇ ਆਤਮਕ ਸੁਖ ਮਾਣਦੀ ਹੈ) ।੪।

**[ * Foot Note**:--**ਕਾਮਣਿ ਅਤੇ ਕਾਮਣ ਦਾ ਫਰਕ** । ਕਾਮਣਿ---ਸੁੰਦਰ ਇਸਤ੍ਰੀ--" **ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥ ੪ ॥** [੫੬]-ਪ' ਕਾਮਣ--ਦੇਵਤੇ ਨੂੰ ਵੱਸ ਵਿਚ ਕਰਨ ਦਾ ਮੰਤ੍ਰ-ਜਪ । ਟੂਣਾ, ਤੰਤ੍ਰ---**ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥ ੬ ॥** [੭੨੫]-੧ ਟੂਣੇ ਹਾਰੀ ਇਸਤ੍ਰੀ ਨੂੰ ਗੁਰਬਾਣੀ ਵਿਚ ' ਕਾਮਣਿਆਰਿ ' ਅਥਵਾ ' ਕਾਮਣਿਆਰੀ ' ਲਿਖਿਆ ਹੈ--" **ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥ ੨ ॥** [੭੯੬]-੩ ਅਤੇ " ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ ॥ ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ ॥[੫੮੨]-੫ ]

੮੮- **ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥**

**ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥ ੪ ॥**[੧੨੩]-੨੨-੨੩

**ਅਰਥ:**--ਜਿਹੜੀ ਜੀਵ-ਇਸਤ੍ਰੀ ਪਰਮਾਤਮਾ ਦੇ ਗੁਣ ਆਪਣੇ ਅੰਦਰ ਵਸਾਉਂਦੀ ਹੈ ਉਹ ਪਰਮਾਤਮਾ ਨੂੰ ਮਿਲ ਪੈਂਦੀ ਹੈ । ਪਰਮਾਤਮਾ ਦੇ ਡਰ-ਅਦਬ ਵਿਚ ਰਹਿ ਕੇ, ਪਰਮਾਤਮਾ ਦੇ ਪ੍ਰੇਮ ਵਿਚ ਜੁੜ ਕੇ ਉਹ (ਪਰਮਾਤਮਾ ਦੇ ਗੁਣਾਂ ਨੂੰ ਆਪਣੇ ਜੀਵਨ ਦਾ) ਸ਼ਿੰਗਾਰ ਬਣਾਉਂਦੀ ਹੈ । ਉਹ ਗੁਰੂ ਨੂੰ ਆਸਰਾ-ਪਰਨਾ ਬਣਾ ਕੇ ਸਦਾ ਲਈ ਖਸਮ-ਪ੍ਰਭੂ ਵਾਲੀ ਬਣ ਜਾਂਦੀ ਹੈ, ਉਹ ਪ੍ਰਭੂ-ਮਿਲਾਪ ਵਾਲੇ ਗੁਰ-ਉਪਦੇਸ਼ ਵਿਚ ਲੀਨ ਰਹਿੰਦੀ ਹੈ । ੪ ।

ਕੁਲਖਣੀ ਜੀਵ-ਇਸਤ੍ਰੀ

੮੯- **ਪਿਰ ਕਾ ਹੁਕਮੁ ਨ ਜਾਣਈ ਭਾਈ, ਸਾ ਕੁਲਖਣੀ ਕੁਨਾਰਿ ॥**

**ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥ ੪ ॥**[੬੩੯]-੩

**ਅਰਥ:**--ਜਿਹੜੀ ਜੀਵ-ਇਤ੍ਰੀ ਪ੍ਰਭੂ-ਪਤੀ ਦੀ ਰਜ਼ਾ ਨੂੰ ਨਹੀਂ ਸਮਝਦੀ, ਉਹ ਕੋਝੇ ਲੱਛਣਾ ਵਾਲੀ ਹੈ। ਚੰਦਰੀ ਹੈ । (ਜੇ ਉਹ ਵਿਖਾਵੇ-ਮਾਤਰ) ਮਨ ਦੇ ਹਠ ਨਾਲ (ਗੁਰੂ ਦੀ ਦੱਸੀ) ਕਾਰ ਕਰਦੀ ਹੈ ਤਾਂ ਵੀ, ਹੇ ਭਾਈ ! ਉਹ ਨਾਮ ਤੋਂ ਸੱਖਣੀ ਹੀ ਰਹਿੰਦੀ ਹੈ, ਉਹ ਝੂਠ ਦੀ ਹੀ ਵਣਜਾਰਨ ਬਣੀ ਰਹਿੰਦੀ ਹੈ । ੩ ।

੯੦- **ਪਿਰੁ ਪਰਦੇਸਿ ਸੀਗਾਰੁ ਬਣਾਏ ॥ ਮਨਮੁਖ ਅੰਧੁ ਐਸੇ ਕਰਮ ਕਮਾਏ ॥**

**ਹਲਤਿ ਨ ਸੋਭਾ ਪਲਤਿ ਨ ਢੋਈ, ਬਿਰਥਾ ਜਨਮੁ ਗਵਾਵਣਿਆ ॥ ੭ ॥** [੧੨੭]-੨੯-੩੦

੯੧- **ਮਨਮੁਖ ਮੈਲੀ ਕਾਮਣੀ, ਕੁਲਖਣੀ ਕੁਨਾਰਿ ॥ ਪਿਰੁ ਛੋਡਿਆ ਘਰਿ ਆਪਣਾ, ਪਰ ਪੁਰਖੈ ਨਾਲਿ ਪਿਆਰੁ ॥ ਤ੍ਰਿਸਨਾ ਕਦੇ ਨ ਚੁਕਈ, ਜਲਦੀ ਕਰੇ ਪੂਕਾਰ ॥ ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥੧॥**[੯੦]-ਵਾਰ-੧੭

ਸੋਹਾਗਨ ਹੋਣ ਦਾ ਪਖੰਡ (ਸਾਧ ਵੇਸ) ਵਾਲੀ ਜੀਵ-ਇਸਤ੍ਰੀ:--

੯੨- **ਸਾਹੁਰੈ ਢੋਈ ਨਾ ਲਹੈ, ਪੇਈਐ ਨਾਹੀ ਥਾਉ ॥ ਪਿਰੁ ਵਾਤੜੀ ਨ ਪੁਛਈ, ਧਨ ਸੋਹਾਗਣਿ ਨਾਉ ॥ ੩੧ ॥** [੧੩੭੯]

ਘੁੰਡ ਕੱਢਣ ਤੋਂ ਵਡਮੁੱਲਾ ਉਪਦੇਸ਼ :--

੯੩- **ਰਹੁ ਰਹੁ ਰੀ ਬਹੁਰੀਆ, ਘੂੰਘਟੁ ਜਿਨਿ ਕਾਢੈ ॥ ਅੰਤ ਕੀ ਬਾਰ ਲਹੈਗੀ ਨ ਆਢੈ ॥ ੧ ॥ ਰਹਾਉ ॥ ਘੂੰਘਟੁ ਕਾਢਿ ਗਈ ਤੇਰੀ ਆਗੈ ॥ ਉਨ ਕੀ ਗੈਲਿ, ਤੋਹਿ ਜਿਨਿ ਲਾਗੈ ॥ ੧ ॥ ਘੂੰਘਟ ਕਾਢੇ ਕੀ ਇਹੈ ਬਡਾਈ ॥ ਦਿਨ ਦਸਪਾਂਚ, ਬਹੂ ਭਲੇ ਆਈ ॥ ੨॥ ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥ ੩ ॥ ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮੁ ਬਿਤੀਤੈ ॥ ੪ ॥**[੪੮੪]-੧-੩੪

**[ਪਦ ਅਰਥ:**--ਰਹੁ-ਬੱਸ ਕਰ, ਠਹਿਰ । ਰੀ ਬਹੁਰੀਆ--ਹੇ ਮੇਰੀ ਜਿੰਦੇ । ਰੀ ਬਹੁਰੀਆ--ਹੇ ਮੇਰੀ ਜਿੰਦ-ਰੂਪ ਵਹੁਟੀ ! (ਹੇ ਜੀਵ-ਇਸਤ੍ਰੀਏ) । ਜਿਨਿ ਕਾਢੇ--ਮਤਾ ਕੱਢੇਂ, ਨਾ ਕੱਢ । ਘੂੰਘਟੁ--ਘੁੰਡ, ਖ਼ਸਮ-ਪ੍ਰਭੂ ਵਲੋਂ ਪਰਦਾ, (ਮਾਇਆ-ਮੋਹ ਵਿਚ ਫ਼ਸ ਕੇ ) ਖ਼ਸਮ-ਪ੍ਰਭੂ ਨੂੰ ਵਿਸਾਰੀ ਰਖਣ ਦੀ ਬਾਣ । ਅੰਤ ਕੀ ਬਾਰ--ਅੰਤ ਵੇਲੇ, ਇਹ ਜੀਵਨ ਖ਼ਤਮ ਹੋਇਆਂ । ਲਹੈਗੀ ਨ ਆਢੈ--ਅੱਧੀ ਦਮੜੀ ਵੀ ਤੈਨੂੰ ਨਹੀਂ ਲਭਣੀ, ਤੇਰਾ ਮੁੱਲ ਅੱਧੀ ਦਮੜੀ ਨਹੀਂ ਪੈਣਾ, ਤੇਰਾ ਸਾਰਾ ਜੀਵਨ ਅਜਾਈਂ ਚਲਿਆ ਜਾਇਗਾ । ੧ । ਰਹਾਉ ।

**ਅਰਥ:**--ਹੇ ਮੇਰੀ ਅੰਞਾਣ ਜਿੰਦੇ ! ਹੁਣ ਬੱਸ ਕਰ, ਪ੍ਰਭੂ-ਪਤੀ ਵਲੋਂ ਘੁੰਡ ਕੱਢਣਾ ਛੱਡ ਦੇਹ, (ਜੇ ਸਾਰੀ ਉਮਰ ਪ੍ਰਭੂ ਨਾਲੋਂ ਤੇਰੀ ਵਿੱਥ ਹੀ ਬਣੀ ਰਹੀ, ਤਾਂ) ਤੇਰਾ ਸਾਰਾ ਜੀਵਨ ਅਜਾਈਂ ਚਲਿਆ ਜਾਇਗਾ (ਇਸ ਜੀਵਨ ਦਾ ਆਖ਼ਰ ਅੱਧੀ ਦਮੜੀ ਵੀ ਮੁੱਲ ਨਹੀਂ ਪੈਣਾ **। ੧ । ਰਹਾਉ ।** ਤੈਥੋਂ ਪਹਿਲਾਂ (ਇਸ ਜਗਤ ਵਿਚ ਕਈ ਜਿੰਦ-ਵਹੁਟੀਆਂ ਪ੍ਰਭੂ ਵਲੋਂ) ਘੁੰਡ ਕੱਢ ਕੇ ਤੁਰ ਗਈਆਂ, (ਵੇਖੀਂ) ਕਿਤੇ ਉਨ੍ਹਾਂ ਵਾਲੀ ਵਾਦੀ ਤੈਨੂੰ ਨਾ ਪੈ ਜਾਏ) **। ੧ ।** (ਪ੍ਰਭੂ-ਪਤੀ ਵਲੋਂ) ਘੁੰਡ ਕੱਢਿਆਂ (ਤੇ ਮਾਇਆ ਨਾਲ ਪ੍ਰੀਤ ਜੋੜਿਆਂ, ਇਸ ਜਗਤ ਵਿਚ ਲੋਕਾਂ ਵਲੋਂ) ਪੰਜ ਦਸ ਦਿਨ ਲਈ ਇਤਨੀ ਕੁ ਸ਼ੁਹਰਤ ਹੀ ਮਿਲਦੀ ਹੈ ਕਿ ਇਹ ਜਿੰਦ-ਵਹੁਟੀ ਚੰਗੀ ਆਈ (ਭਾਵ, ਲੋਕ ਇਤਨਾ ਕੁ ਹੀ ਆਖਦੇ ਹਨ ਕਿ ਫ਼ਲਾਣਾ ਬੰਦਾ ਚੰਗਾ ਕਮਾਊ ਜੰਮਿਆ, ਬੱਸ ! ਮਰ ਗਿਆ ਤੇ ਗੱਲ ਭੁੱਲ ਗਈ) **। ੨ ।** (ਪਰ ਹੇ ਜਿੰਦੇ ! ਪ੍ਰਭੂ-ਪਤੀ ਵਲੋਂ ਘੁੰਡ ਕੱਢੀ ਰੱਖ ਕੇ, ਪ੍ਰਭੂ-ਨੂੰ ਵਿਸਾਰ ਕੇ, ਮਾਇਆ ਦੀ ਕਮਾਈ ਕਾਰਨ ਲੋਕਾਂ ਕੋਲੋਂ ਵਾਹ ਵਾਹ ਲੈਣ ਵਾਲੀ ਵਡਿਆਈ ਝੂਠੀ, ਫੋਕੀ ਅਤੇ ਵਿਅਰਥ ਹੈ, ਪ੍ਰਭੂ ਵਲੋਂ ਅਜੇਹਾ ਘੂੰਘਟ ਝੂਠ ਹੈ ਪਰ) ਤੇਰਾ ਸੱਚ ਘੁੰਡ ਤਦ ਹੋ ਸਕਦਾ ਹੈ ਜੇ (ਮਾਇਆ ਦੇ ਮੋਹ ਵਲੋਂ ਮੂੰਹ ਲੁਕਾ ਕੇ) ਪ੍ਰਭੂ ਦੇ ਗੁਣ ਗਾਵੇਂ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਹੁਲਾਰਾ ਤੇਰੇ ਅੰਦਰ ਉਠੇ **। ੩ ।** ਕਬੀਰ ਜੀ--ਜਿੰਦ ਵਹੁਟੀ ਤਦੋਂ ਹੀ ਮਨੁੱਖਾ-ਜਨਮ ਦੀ ਬਾਜ਼ੀ ਜਿੱਤਦੀ ਹੈ ਜੇ ਇਸ ਦੀ ਸਾਰੀ ਉਮਰ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਿਆਂ ਗੁਜ਼ਰੇ । ੪ ।

੯੪- **ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥ ੧ ॥**

**ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥ ਤਨੁ ਮਨੁ ਸਾਚੇ ਸਾਹਿਬ ਜੋਗੁ ॥੧ ॥ ਰਹਾਉ ॥** [੧੧੨੮]-੪

**ਅਰਥ:**--ਹੇ ਸਖੀ ! ਮੈ (ਜੀਵ-) ਇਸਤ੍ਰੀ ਹਾਂ, ਕਰਤਾਰ ਮੇਰਾ ਪਤੀ ਹੈ, ਮੈਂ ਉਹੋ ਜਿਹਾ ਹੀ ਸ਼ਿੰਗਾਰ ਕਰਦੀ ਹਾਂ ਜਿਹੋ ਜਿਹਾ ਉਹ ਮੈਥੋਂ ਕਰਾਉਂਦਾ ਹੈ (ਮੈਂ ਆਪਣੇ ਜੀਵਨ ਨੂੰ ਓਨਾ ਕੀ ਹੀ ਸੋਹਣਾ ਬਣਾ ਸਕਦੀ ਹਾਂ, ਜਿੰਨਾ ਉਹ ਆਪ ਹੀ ਮਿਹਰ ਕਰਕੇ ਬਣਵਾਉਂਦਾ ਹੈ) । ੧ । ਹੇ ਸਖੀ ! ਮੈ ਆਪਣਾ ਤਨ ਅਤੇ ਮਨ ਸਦਾ ਕਾਇਮ ਰਹਿਣ ਵਾਲੇ

ਮਾਲਕ-ਪ੍ਰਭੂ ਦੇ ਹਵਾਲੇ ਕਰ ਚੁਕੀ ਹਾਂ, ਜਦੋਂ ਉਸ ਦੀ ਰਜ਼ਾ ਹੁੰਦੀ ਹੈ ਮੈਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ( ਹਿਰਦਾ-ਸੇਜ ਉਤੇ ਪ੍ਰਭੂ-ਪਤੀ ਦੇ ਪ੍ਰਗਟ ਹੋਣ ਤੋਂ ਮਿਲਦਾ ਆਤਮਕ ਆਨੰਦ-ਪ੍ਰਭੂ ਪਤੀ ਨਾਲ ਭੋਗ ਵਾਲੀ ਅਵਸਥਾ ਹੈ)। ੧ । ਰਹਾਉ ।

੯੫- **ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ ॥ ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ**
**ਸਾਧਾਰਣੁ ॥ ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ ॥ ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ**
**ਵਿਹੂਣੀ ॥ ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ ॥ ਨਾ ਹਉ ਭੁਲੀ ਨਾ ਹਉ ਚੁਕੀ**
**ਨਾ ਮੈ ਨਾਹੀ ਦੋਸਾ ॥ ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ ॥ ਸਾਈ ਸੋੁਹਾਗਣਿ ਸਾਈ ਭਾਗਣਿ**
**ਜੈ ਪਿਰਿ ਕਿਰਪਾ ਧਾਰੀ ॥ ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥ ਕਰਮ ਹੀਣ ਧਨ**
**ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥ ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥੧॥**[੯੫੯]-ਵਾ-੬

**ਅਰਥ:**-- ਹੇ ਹਰਣਾਖੀ ! (ਹੇ ਹਰਨ ਦੀਆਂ ਵਰਗੀਆਂ ਅੱਖਾਂ ਵਾਲੀ ! ਹੇ ਸੁੰਦਰ ਜੀਵ-ਇਸਤ੍ਰੀ !) ਮੈਂ ਤੈਨੂੰ ਸੱਚੀ ਗੱਲ ਸੁਣਾਉਂਦੀ ਹਾਂ ਜੋ ਤੇਰਾ ਉਧਾਰ ਕਰੇਗੀ, ਹੇ ਸੁੰਦਰੀ ! ਤੂੰ ਉਹ ਸੋਹਣੇ ਬਚਨ ਸੁਣ--ਤੇਰਾ ਪਤੀ-ਪਰਮੇਸ਼ਰ ਮਨ ਨੂੰ ਆਸਰਾ ਦੇਣ ਵਾਲਾ ਹੈ (ਉਸ ਨੂੰ ਵਿਸਾਰ ਕੇ) ਤੂੰ ਦੁਰਜਨ (-ਖੋਟੇ ਮਨੁੱਖ) ਨਾਲ ਪਿਆਰ ਪਾ ਲਿਆ ਹੈ, ਮੈਨੂੰ ਦੱਸ, ਮੈਂ ਵੇਖਾਂ ਇਸ ਦਾ ਕੀ ਕਾਰਨ ਹੈ । ਤੂੰ ਕਿਸੇ ਗੱਲੋਂ ਘੱਟ ਨਹੀਂ ਹੈ, ਕਿਸੇ ਗੁਣੋਂ ਸੱਖਣੀ ਨਹੀਂ ਹੈਂ, ਪਰ ਤੂੰ ਕਰਮਾਂ ਦੀ ਮਾਰੀ ਨੇ ਭੈੜ ਮੱਤੇ ਲੱਗ ਕੇ ਸੋਹਣਾ ਬਾਂਕਾ ਪਤੀ-ਪ੍ਰਭੂ ਭੁਲਾ ਦਿੱਤਾ ਹੈ ।

(ਹੇ ਸਖੀ !) ਤੂੰ ਸੱਚਾ ਉ ੱਤਰ ਸੁਣ ਲੈ--ਮੈਂ ਭੁੱਲ ਨਹੀਂ ਕੀਤੀ, ਮੈਂ ਉਕਾਈ ਨਹੀਂ ਖਾਧੀ, ਮੇਰੇ ਵਿਚ ਦੋਸ ਨਹੀਂ, ਮੈਨੂੰ ਜਿਸ ਪਾਸੇ ਉਸ ਨੇ ਲਾਇਆ ਹੈ, ਮੈਂ ਓਧਰੇ ਲੱਗੀ ਹੋਈ ਹਾਂ ।ਉਹੀ ਜੀਵ-ਇਸਤ੍ਰੀ ਸੋਹਾਗ-ਭਾਗ ਵਾਲੀ ਹੋ ਸਕਦੀ ਹੈ ਜਿਸ ਉਤੇ ਪਤੀ ਨੇ ਆਪ ਮੇਹਰ ਕੀਤੀ ਹੈ, ਪਤੀ-ਪ੍ਰਭੂ ਨੇ ਉਸ ਇਸਤ੍ਰੀ ਦੇ ਸਾਰੇ ਹੀ ਔਗਣ ਦੂਰ ਕਰ ਦਿੱਤੇ ਹਨ ਤੇ ਉਸ ਨੂੰ ਗਲ ਨਾਲ ਲਾ ਕੇ ਸਵਾਰ ਦਿੱਤਾ ਹੈ । (ਪ੍ਰਭੂ-ਪਤੀ ਨੇ ਆਪਣੀ ਯਾਦ ਨਾਲ ਜੋੜ ਕੇ ਉਸ ਦੀ ਕਾਇਆਂ-ਕਲਪ ਕਰ ਦਿੱਤੀ ਹੈ )। ਮੈਂ ਭਾਗ-ਹੀਣ ਜੀਵ-ਇਸਤ੍ਰੀ ਅਰਜ਼ੋਈ ਕਰਦੀ ਹਾਂ, ਮੇਰੀ ਕਦੋਂ ਵਾਰੀ ਆਵੇਗੀ ? ਹੇ ਪ੍ਰਭੂ ਸਾਰੀਆਂ ਸੋਹਾਗਣਾ ਮੌਜਾਂ ਮਾਣ ਰਹੀਆਂ ਹਨ ਮੈਨੂੰ ਵੀ (ਮਿਲਣ ਲਈ) ਇੱਕ ਰਾਤ ਦੇਹ । (ਭਾਵ, ਤੇਰੇ ਨਾਮ ਵਿਚ ਰੱਤੀਆਂ ਜੀਵ ਇਸਤ੍ਰੀਆਂ ਆਤਮਕ ਸੁਖ ਮਾਣ ਰਹੀਆਂ ਹਨ । ਹੇ ਪ੍ਰਭੂ ! ਮਿਹਰ ਕਰ, ਮੇਰੇ ਭਟਕੇ ਹੋਏ ਮਨ ਨੂੰ ਥੁਹੜੇ ਸਮੇ ਲਈ ਹੀ ਆਪਣੇ ਚਰਨਾਂ ਵਿਚ ਜੁੜਨ ਤੋਂ ਪ੍ਰਾਪਤ ਹੋਣ ਵਾਲੇ ਆਤਮ-ਹੁਲਾਰੇ ਦਾ ਸੁਆਦ ਪਾ ਦੇਹ, ਤਾਂ ਜੋ ਮੈਂ ਵੀ ਸਦਾ ਲਈ ਤੇਰੇ ਵਿਚ ਲੀਨ ਹੋਣ ਜੋਗੀ ਬਣ ਜਾਵਾਂ )

੧੮

# ਪ੍ਰਭੂ-ਪਤੀ ਦੇ ਵਿਛੋੜੇ ਕਾਰਨ ਦੁਖੀ ਜੀਵ-ਇਸਤ੍ਰੀ

੯੬- **ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ**
**ਨ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ**
**ਸਾਰੇ ਏਕਲੜੀ ਕੁਰਲਾਏ ॥ ਨਾਨਕ ਸਾਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥ ੧ ॥ ਪਿਰਿ ਛੋਡਿਅੜੀ ਜੀਉ**
**ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥ ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥**
**ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥ ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ**
**ਬਾਣੀ ॥ ਨਾਨਕ ਸਾਧਨ ਤਾ ਪਿਰੁ ਰਾਵੈ ਜਾ ਤਿਸ ਕੈ ਮਨਿ ਭਾਣੀ ॥ ੨ ॥**[੨੪੩]-੨

੯੭- **ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥ ਪਿਰ ਬਿਨੁ ਨੀਦ ਨ ਆਵੈ ੬**
**ਜੀਉ ਕਾਪੜੁ ਤਨਿ ਨ ਸੁਹਾਈ ॥ ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥**
**ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥ ਗੁਰ ਸਬਦੈ ਮੇਲਾ ਤਾ ਪਿਰੁ ਰਾਵੀ**
**ਲਾਹਾ ਨਾਮੁ ਸੰਸਾਰੇ ॥ ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥ ੧ ॥**[੨੪੪]-੨]

੯੮- **ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ**
**ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ**
**ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨ ਮਨੀਆਰੁ ਨ**
**ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ**
**ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈ ਪਟੀਆ**
**ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ**
**ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ**
**ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ**
**ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ**
**ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥ ੧ ॥**[੫੫੭]-੩

**ਅਰਥ :**--ਹੇ ਭੈਣਾ ! ਸਾਵਣ (ਦਾ ਮਹੀਨਾ) ਆ ਗਿਆ ਹੈ (ਸਾਵਣ ਦੀਆਂ ਕਾਲੀਆਂ ਘਟਾਂ ਵੇਖ ਕੇ ਸੋਹਣੇ) ਮੋਰਾਂ ਨੇ ਰੁਣ-ਝੁਣ (-ਮਿੱਠੇ ਗੀਤ) ਸ਼ੁਰੂ ਕਰ ਦਿੱਤੇ ਹਨ (ਤੇ ਪੈਲਾਂ ਪਾਉਣੀਆਂ ਅਰੰਭ ਕਰ ਦਿੱਤੀਆਂ ਹਨ) । (ਹੇ ਪ੍ਰਭੂ !) ਤੇਰੀ ਇਹ ਸੋਹਣੀ ਕੁਦਰਤਿ ਮੈਂ ਜੀਵ-ਇਸਤ੍ਰੀ ਵਾਸਤੇ, ਮਾਨੋਂ ਕਟਾਰ ਹੈ (ਜੋ ਮੇਰੇ ਅੰਦਰ ਬਿਰਹੋਂ ਦੀ ਚੋਟ ਲਾ ਰਹੀ ਹੈ) । [ਮੁੰਧ -ਇਸਤ੍ਰੀ (ਬੋਲੀ ਸਿੰਧੀ) । ਕਟਾਰੇ--ਤਿੱਖੀ ਨੋਕ, ਅਤੇ ਦੋ ਪਾਸਿਆਂ ਤੋਂ ਤਿਖੀ ਧਾਰ ਵਾਲਾ, ਛੋਟਾ ਸ਼ਸਤ੍ਰ ਜੋ ਯੋਧੇਂ ਦੀ ਕਮਰ ਨਾਲ ਬੰਨ੍ਹਿਆਂ ਹੁੰਦਾ ਸੀਂ " **ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥** " (ਪੰਨਾ ੯੫੬) ] (ਹੇ ਪ੍ਰਭੂ ਤੇਰੀ ਇਹ ਸੋਹਣੀ ਕੁਦਰਤਿ) ਜੇਵਡਾ (ਪ੍ਰੇਮ ਦੀ ਫਾਹੀ) ਹੈ, ਜਿਸ ਨੇ ਮੈਨੂੰ, ਤੇਰੇ ਦੀਦਾਰ ਦੀ ਪ੍ਰੇਮਣ ਨੂੰ ਤੇਰੇ ਪ੍ਰੇਮ

ਵਿਚ (ਬੰਨ੍ਹ) ਲਿਆ ਹੈ । (ਹੇ ਪ੍ਰਭੂ ! ) ਤੇਰੇ ਇਸ ਸੋਹਣੇ ਸਰੂਪ ਤੋਂ ਜੋ ਹੁਣ ਦਿੱਸ ਰਿਹਾ ਹੈ ਮੈਂ (ਬਾਰ ਬਾਰ) ਸਦਕੇ ਹਾਂ ( ਹੇ ਪ੍ਰਭੂ ! ਤੇਰਾ ਇਹ ਸਰੂਪ, ਮੈਨੂੰ ਤੇਰੀ ਯਾਦ ਨਾਲ ਜੋੜ ਰਿਹਾ ਹੈ) ਮੈਂ ਤੇਰੇ ਨਾਮ ਤੋਂ ਕੁਰਬਾਨ ਹਾਂ । (ਕਿਉਂਕਿ ਤੂੰ ਇਸ ਕੁਦਰਤਿ ਵਿਚ ਮੈਨੂੰ ਦਿੱਸ ਰਿਹਾ ਹੈਂ) ਮੈਂ ਇਹ ਆਖਣ ਦਾ ਹੌਸਲਾ ਕੀਤਾ ਹੈ (ਕਿ ਤੇਰੀ ਇਹ ਕੁਦਰਤਿ ਸੁਹਾਵਣੀ ਹੈ) । ਜੇ ਕੁਦਰਤਿ ਵਿਚ ਤੂੰ ਨ ਦਿੱਸੇਂ ਤਾਂ ਇਹ ਆਖਣ ਵਿਚ ਕੀ ਸਵਾਦ ਰਹਿ ਜਾਏ ਕਿ ਇਹ ਕੁਦਰਤਿ ਸੋਹਣੀ ਹੈ ?

ਹੇ ਭੋਲੀ ਇਸਤ੍ਰੀਏ ! (ਤੂੰ ਪਤੀ ਨੂੰ ਮਿਲਣ ਲਈ ਆਪਣੀਆਂ ਬਾਹਾਂ ਵਿਚ ਚੂੜਾ ਪਾਇਆ, ਤੇ ਹੋਰ ਕਈ ਸ਼ਿੰਗਾਰ ਕੀਤੇ, ਪਰ) ਹੇ ਇਤਨੇ ਸ਼ਿੰਗਾਰ ਕਰਦੀਏ ਨਾਰੇ ! ਜੇ ਤੇਰਾ ਪਤੀ ( ਫਿਰ ਵੀ) ਹੋਰਨਾਂ ਨਾਲ ਹੀ ਪਿਆਰ ਕਰਦਾ ਰਿਹਾ (ਤਾਂ ਇਨ੍ਹਾਂ ਸ਼ਿੰਗਾਰਾਂ ਦਾ ਕੀ ਲਾਭ ? ਫਿਰ) ਪਲੰਘ ਨਾਲ ਮਾਰ ਕੇ ਆਪਣਾ ਚੂੜਾ ਭੰਨ ਦੇ, ਪਲੰਘ ਦੀਆਂ ਹੀਆਂ ਵੀ ਭੰਨ ਦੇ ਤੇ ਆਪਣੀਆਂ ਸਜਾਈਆਂ ਬਾਹਾਂ ਵੀ ਤੋੜ ਦੇ, ਕਿਉਂਕਿ ਨਾ ਇਨ੍ਹਾਂ ਬਾਹਾਂ ਨੂੰ ਸਜਾਣ ਵਾਲਾ ਮਨਿਆਰ ਹੀ ਤੇਰਾ ਕੁਝ ਸਵਾਰ ਸਕਿਆ, ਨਾ ਹੀ ਉਸ ਦੀਆਂ ਦਿੱਤੀਆਂ ਚੂੜੀਆਂ ਤੇ ਵੰਗਾਂ ਕਿਸੇ ਕੰਮ ਆਈਆਂ । ਸੜ ਜਾਣ ਉਹ (ਸਜਾਈਆਂ ਹੋਈਆਂ) ਬਾਹਾਂ ਜੋ ਖ਼ਸਮ ਦੇ ਗਲ ਨਾ ਲੱਗ ਸਕੀਆਂ । (ਭਾਵ, ਜੇ ਜੀਵ-ਇਸਤ੍ਰੀ ਸਾਰੀ ਉਮਰ ਧਾਰਮਿਕ ਭੇਖ ਕਰਨ ਵਿਚ ਗੁਜ਼ਾਰ ਦੇਵੇ, ਇਸ ਨੂੰ ਧਰਮ-ਉਪਦੇਸ਼ ਦੇਣ ਵਾਲਾ ਵੀ ਜੇ ਬਾਹਰਲੇ ਭੇਖ ਵਲ ਹੀ ਪ੍ਰੇਰਦਾ ਰਹੇ, ਤਾਂ ਇਹ ਸਾਰੇ ਉਦੱਮ ਵਿਆਰਥ ਚਲੇ ਗਏ, ਕਿਉਂਕ ਧਾਰਮਿਕ ਭੇਖਾਂ ਨਾਲ, ਅਥਵਾ, ਚੜ੍ਹਦੀ ਕਲਾ ਵਾਲੇ ਫੋਕੇ ਬਾਣਿਆਂ ਨਾਲ, ਪਰਮਾਤਮਾ ਨੂੰ ਪ੍ਰਸੰਨ ਨਹੀਂ ਕਰ ਸਕੀਦਾ । ਉਸ ਦੇ ਨਾਲ ਤਾਂ ਸਿਰਫ਼ ਆਤਮਕ ਮਿਲਾਪ ਹੀ ਹੋ ਸਕਦਾ ਹੈ) ।

(ਪ੍ਰਭੂ-ਚਰਨਾਂ ਵਿਚ ਜੁੜਨ ਵਾਲੀਆਂ) ਸਾਰੀਆਂ ਸਹੇਲੀਆਂ (ਤਾਂ ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਦੇ ਜਤਨ ਕਰ ਰਹੀਆਂ ਹਨ ਮੈ ਜਿਹੜੇ ਨਿਰੇ ਵਿਖਾਵੇ ਦੇ ਹੀ ਧਰਮ-ਭੇਖ ਕਰਦੀ ਰਹੀ) ਮੈਂ ਸੜੇ ਕਰਮਾਂ ਵਾਲੀ ਕਿਸ ਦੇ ਦਰ ਤੇ ਜਾਵਾਂ ? ਹੇ ਸਖੀ ! (ਮੈਂ ਇਨ੍ਹਾਂ ਧਰਮ-ਭੇਖਾਂ ਤੇ ਹੀ ਟੇਕ ਰੱਖ ਕੇ) ਆਪਣੇ ਵਲੋਂ ਤਾਂ ਬੜੀ ਚੰਗੀ ਕਰਤੂਤ ਵਾਲੀ ਬਣੀ ਬੈਠੀ ਹਾਂ) । ਪਰ, ਹੇ ਪ੍ਰਭੂ ਪਤੀ ! ਕਿਸੇ ਇੱਕ ਵੀ ਗੁਣ ਕਰ ਕੇ ਮੈਂ ਤੈਨੂੰ ਪਸੰਦ ਨਹੀਂ ਆ ਰਹੀ । ਮੈਂ ਸਵਾਰ ਕੇ ਪੱਟੀਆਂ ਗੁੰਦਦੀ ਹਾਂ, ਮੇਰੀਆਂ ਪੱਟੀਆਂ ਦੇ ਚੀਰ ਵਿਚ ਸੰਧੂਰ ਵੀ ਭਰਿਆ ਜਾਂਦਾ ਹੈ (ਸਰੀਰ ਤੇ ਕਈ ਤਰ੍ਹਾਂ ਦੇ ਧਾਰਮਿਕ ਚਿੰਨ੍ਹ, ਤਿਲਕ ਆਦਿ ਲਾ ਲਏ, ਅਤੇ ਗੇਰੂਏ, ਲਾਲ, ਪੀਲੇ, ਕਾਲੇ ਕਈ ਰੰਗਾਂ ਦੇ ਅਤੇ ਕਈ ਨਮੂੰਨਿਆਂ ਦੇ ਧਾਰਮਿਕ ਬਾਣੇ ਪਾ ਲਏ, ਅਥਵਾ ਦਾਹੜੇ ਤੇ ਚਿਹਰੇ ਤੇ ਥਿੰਦਿਆਈ ਲਾ ਕੇ ਲਿਸ਼ਕਾ ਲਿਆ, ਕਈ ਚੱਕਰਾਂ, ਕੜਿਆਂ, ਖੰਡਿਆਂ ਕਿਰਪਾਨਾਂ ਨਾਲ ਸਜਾਇਆ ਬਾਣਾ ਪਾ ਲਿਆ, ਚਿੱਟੇ, ਪੀਲੇ, ਨੀਲੇ ਆਦਿ ਰੰਗਾਂ ਵਾਲੇ, ਲੰਮੇ ਚੋਲੇ ਪਾ ਲਏ, ਖ਼ਾਸ ਢੱਬ ਨਾਲ ਗੋਲ ਪੱਗ ਬੰਨ੍ਹ ਲਈ, ਹੱਥ ਵਿਚ ਸਿਮਰਨਾ ਜਾਂ ਤੀਰ ਆਦਿ ਫੜ ਲਿਆ, ਕਈ ਵਾਰੀ ਗਲ ਵਿਚ ਵੀ ਮਾਲਾ ਲਮਕਾ ਲਈ, ਆਦਿ, ਉਚੇਚੇ ਧਾਰਮਿਕ-ਭੇਖ ਪਾ ਲਏ) ਪਰ ਹੇ ਪ੍ਰਭੂ ! ਤੇਰੀ ਹਜ਼ੂਰੀ ਵਿਚ ਮੈਂ ਫਿਰ ਵੀ ਪ੍ਰਵਾਨ ਨਹੀਂ ਹੋ ਰਹੀ, (ਇਸ ਵਾਸਤੇ) ਝੂਰ ਝੂਰ ਕੇ ਮਰ ਰਹੀ ਹਾਂ । (ਪ੍ਰਭੂ ਪਤੀ ਤੋਂ ਵਿਛੁੜ ਕੇ) ਮੈਂ ਏਨੀ ਦੁਖੀ ਹੋ ਰਹੀ ਹਾਂ ਕਿ ਸਾਰਾ ਜਗਤ ਮੇਰੇ ਉਤੇ ਤਰਸ ਕਰ ਰਿਹਾ ਹੈ, ਜੰਗਲ ਦੇ ਪੰਛੀ ਵੀ (ਮੇਰੀ ਦੁਖੀ ਹਾਲਤ ਤੇ) ਤਰਸ ਕਰ ਰਹੇ ਹਨ । ਸਿਰਫ਼ ਇਹ ਮੇਰੇ ਅੰਦਰ ਦਾ ਵਿਛੋੜਾ ਹੀ ਹੈ ਜੋ ਤਰਸ ਨਹੀਂ ਕਰਦਾ, ਇਸ ਨੇ ਮੈਨੂੰ ਪ੍ਰਭੂ-ਪਤੀ ਤੋਂ ਵਿਛੋੜਿਆ ਹੋਇਆ ਹੈ (ਭਾਵ, ਵਿਛੋੜਾ ਲੰਮੇ ਤੋਂ ਲੰਮਾ ਹੁੰਦਾ ਜਾ ਰਿਹਾ ਹੈ )।

(ਹੇ ਪਤੀ !) ਮੈਨੂੰ ਤੂੰ ਸੁਪਨੇ ਵਿਚ ਮਿਲਿਆ (ਸੁਪਨਾ ਮੁੱਕਿਆ ਤੇ ਤੂੰ) ਫਿਰ ਚਲਾ ਗਿਆ, (ਵਿਛੋੜੇ ਦੇ ਦੁਖ ਵਿਚ) ਮੈਂ ਹੰਝੂ ਭਰ ਕੇ ਰੋਈ । ਹੇ ਪਿਆਰੇ ! ਮੈਂ (ਨਿਮਾਣੀ) ਤੇਰੇ ਪਾਸ ਅੱਪੜ ਨਹੀਂ ਸਕਦੀ, ਮੈਂ (ਗ਼ਰੀਬ) ਕਿਸੇ ਨੂੰ ਤੇਰੇ ਪਾਸ ਘੱਲ ਨਹੀਂ ਸਕਦੀ ( ਜੋ ਮੇਰੀ ਹਾਲਤ ਤੈਨੂੰ ਦੱਸੇ । ਨੀਂਦ ਅੱਗੇ ਹੀ ਤਰਲੇ ਕਰਦੀ ਹਾਂ--) ਹੇ ਭਾਗਾਂ ਵਾਲੀ ਸੋਹਣੀ ਨੀਂਦ ! ਤੂੰ (ਮੇਰੇ ਕੋਲ ਆ) ਸ਼ਇਦ (ਤੇਰੀ ਰਾਹੀ ਹੀ) ਮੈਂ ਆਪਣੇ ਖਸਮ-ਪ੍ਰਭੂ ਦਾ ਦੀਦਾਰ ਕਰ ਸਕਾਂ । (ਗੁਰੂ ਨਾਨਕ ਪਾਤਿਸ਼ਾਹ ਜੀ ਦਾ ਫ਼ੁਰਮਾਨ--) ਜੇ ਕੋਈ ਗੁਰਮੁਖਿ ਮੈਨੂੰ ਤੇਰੀ ਕੋਈ ਗੱਲ ਸੁਣਾਵੇ ਤਾਂ ਮੈਂ ਉਸ ਅੱਗੇ ਕਿਹੜੀ ਭੇਟ ਧਰਾਂ ? ਆਪਣਾ ਸਿਰ ਵੱਢ ਕੇ ਮੈਂ ਉਸ ਦੇ ਬੈਠਣ ਲਈ ਆਸਣ ਬਣਾ ਦਿਆਂ (ਭਾਵ,) ਆਪਾ-ਭਾਵ ਦੂਰ ਕਰ ਕੇ ਮੈਂ ਉਸ ਦੀ ਸੇਵਾ ਕਰਾਂ । ਜਦੋਂ ਸਾਡਾ ਪ੍ਰਭੂ-ਪਤੀ (ਸਾਡੀ ਮੂਰਖਤਾ ਦੇ ਕਾਰਨ) ਸਾਥੋਂ ਓਪਰਾ ਹੋ ਜਾਂਦਾ ਹੈ (ਤਾਂ ਉਸ ਨੂੰ ਮੁੜ ਆਪਣਾ ਬਨਾਉਣ ਲਈ ਇਹ ਇਕ ਤਰੀਕਾ ਹੈ ਕਿ) ਅਸੀ ਆਪਾ-ਭਾਵ ਮਾਰ ਦੇਈਏ ਤੇ ਆਪਣੀ ਜਿੰਦ ਉਸ ਤੋਂ ਸਦਕੇ ਕਰ ਦੇਈਏ । ੧ ।

੯੯- **ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥ ੧ ॥ ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝ ਕੁਰਬਾਨੋ ॥ ੧ ॥ ਰਹਾਉ ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥ ੨ ॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥ ੩ ॥ ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ੪ ॥ ਜਹਿ ਦੇਖਾ ਤਹ ਪਿਰੁ ਹੈ ਭਾਈ ॥ ਖੋਲਿਓ ਕਪਾਟੁ ਤਾ ਮਨੁ ਠਹਰਾਈ ॥ ੧ ॥ ਰਹਾਉ ਦੂਜਾ ॥ ੫ ।** [੭੩੭]-੫

**ਅਰਥ:**--ਹੇ ਸੱਜਣ ਪ੍ਰਭੂ ! ਮੈਨੂੰ ਮਿਲ, ਮੈਂ ਤੈਥੋਂ ਸਦਕੇ ਜਾਂਦੀ ਹਾਂ । (ਤੇਰੇ ਦਰਸ਼ਨ ਤੋਂ ਬਿਨਾ) ਮੇਰਾ ਇਹ ਨਿਮਾਣਾ ਦਿਲ ਕਿਵੇਂ ਧੀਰਜ ਫੜੇ ! **। ੧ । ਰਹਾਉ ।** ਪਿਆਰੇ ਦਾ ਸੁਨੇਹਾ ਸੁਣਦਿਆਂ ਮੈਂ ਹਿਰਦੇ-ਘਰ ਵਿਚ ਸੇਜ ਵਿਛਾ ਦਿੱਤੀ । ਮੇਰਾ ਹਿਰਦਾ ਪ੍ਰਭੂ ਨੂੰ ਮਿਲਣ ਵਾਸਤੇ ਖ਼ੁਸ਼ੀ ਨਾਲ (ਉਮਕਿਓ, ਭਾਵ, ਉਛੱਲ ਪਿਆ, ਅਥਵਾ- ) ਨੱਚ ਉਠਿਆ । ਮੈਂ (ਪ੍ਰਭੂ ਨੂੰ) ਲੱਭਣ ਚੜ੍ਹ ਪਿਆ ਕਿ ਮੈਂ ਪਿਆਰੇ ਦੀ ਰਹਿਣ ਦੀ ਥਾਂ ਕਿਤੇ ਵੇਖਾਂ । (ਪਰ) ਭਟਕ ਭਟਕ ਕੇ ਮੁੜ ਆਇਆ, ਤਦੋਂ (ਪ੍ਰਭੂ ਦੀ ਮਿਹਰ ਦੀ) ਨਿਗਾਹ ਹਾਸਲ ਨਾ ਹੋਈ **। ੧ ।** ਜੀਵ-ਇਸਤ੍ਰੀ ਅਤੇ ਪ੍ਰਭੂ-ਪਤੀ ਦੀ ਇਕੋ ਹੀ ਸੇਜ (ਜੀਵ-ਇਸਤ੍ਰੀ ਦੇ ਹਿਰਦੇ ਵਿਚ) ਵਿਛੀ ਹੋਈ ਹੈ, ਪਰ ਜੀਵ-ਇਸਤ੍ਰੀ (ਸਦਾ ਮਾਇਆ ਦੇ ਮੋਹ ਦੀ ਨੀਂਦ ਵਿਚ) ਸੁੱਤੀ ਰਹਿੰਦੀ ਹੈ, ਪ੍ਰਭੂ ਪਤੀ ਸਦਾ ਜਾਗਦਾ ਰਹਿੰਦਾ ਹੈ (ਭਾਵ, ਮਾਇਆ ਦੇ ਪ੍ਰਭਾਵ ਤੋਂ ਉਤਾਂਹ ਰਹਿੰਦਾ ਹੈ) ਜੀਵ-ਇਸਤ੍ਰੀ (ਮਾਇਆ ਦੇ ਮੋਹ ਵਿਚ) ਇਉਂ ਮਸਤ ਰਹਿੰਦੀ ਹੈ ਜਿਵੇਂ ਇਸ ਨੇ ਸ਼ਰਾਬ ਪੀਤੀ ਹੁੰਦੀ ਹੈ । (ਹਾਂ) ਜੀਵ-ਇਸਤ੍ਰੀ ਜਾਗ ਵੀ ਸਕਦੀ ਹੈ, ਜੇ ਪ੍ਰਭੂ-ਪਤੀ (ਆਪ) ਜਗਾਏ **। ੨ ।** ਹੇ ਸਖੀ ! (ਉਮਰ ਦੇ) ਬਹੁਤ ਸਾਰੇ ਦਿਨ ਬੀਤ ਗਏ ਹਨ, ਮੈਂ (ਬਾਹਰ) ਹੋਰ ਹੋਰ ਸਾਰੇ ਦੇਸ ਭਾਲ ਵੇਖੇ ਹਨ (ਪਰ ਬਾਹਰ ਪ੍ਰਭੂ-ਪਤੀ ਕਿਤੇ ਲੱਭਾ ਨਹੀਂ । ਹੁਣ) ਮੈਂ ਬਾਹਰ ਭਾਲ ਕੇ ਨਿਰਾਸ ਹੋ ਗਈ ਹਾਂ । ਉਸ ਪ੍ਰਭੂ-ਪਤੀ ਦੇ ਚਰਨਾਂ ਉਤੇ ਪੈਣ ਤੋਂ ਬਿਨਾ ਮੈਨੂੰ ਇਕ ਛਿਨ ਵਾਸਤੇ ਵੀ ਸ਼ਾਂਤੀ ਨਹੀਂ ਹੁੰਦੀ । (ਹਾਂ, ਹੇ ਸਖ਼ੀ !) ਜੇ ਉਹ ਆਪ ਕਿਰਪਾਲ ਹੋਵੇ, ਤਾਂ ਜੀਵ-ਇਸਤ੍ਰੀਆਂ ਚੰਗੇ ਭਾਗ ਜਾਗਣ ਨਾਲ ਉਸ ਪ੍ਰਭੂ ਨੂੰ ਮਿਲ ਸਕਦੀਆਂ ਹਨ **। ੩ ।** ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਪ੍ਰਭੂ ਮੇਰੇ ਉਤੇ ਦਇਆਵਾਨ ਹੋ ਗਿਆ ਹੈ । ਮੈਨੂੰ ਉਸ ਨੇ ਸਤਸੰਗ ਵਿਚ ਮਿਲਾ ਦਿੱਤਾ ਹੈ । ਮੇਰੀ (ਵਿਕਾਰਾਂ ਦੀ) ਤਪਸ਼ ਮਿਟ ਗਈ ਹੈ, ਮੈਂ ਉਸ ਪ੍ਰਭੂ-ਪਤੀ ਨੂੰ ਹਿਰਦੇ-ਘਰ ਵਿਚ ਹੀ ਲੱਭ ਲਿਆ ਹੈ। ਹੁਣ ਮੈਨੂੰ (ਆਪਣੇ) ਸਾਰੇ ਸ਼ਿੰਗਾਰ (ਉਦੱਮ) ਸੋਹਣੇ ਲੱਗ ਰਹੇ ਹਨ। ਗੁਰੂ ਨੇ ਮੇਰੀ ਭਟਕਣਾ ਦੂਰ ਕਰ ਦਿੱਤੀ ਹੈ ।

੧੦੦- **ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥ ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥ ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥ ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥ ੩ ॥**[੧੩੬੧]

੧੦੧- **ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥ ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥ ੧ ॥ ਹੁਣਿ ਨਹੀਂ ਸੰਦੇਸਰੋ ਮਾਇਓ ॥ ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥ ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥ ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥ ੨ ॥ ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ**

**ਪਾਤ ਪਰਦੋ ਬਿਨ ਪੇਖੇ ਦੂਰਾਇਓ ॥ ੩ ॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥ ੪ ॥ ਸਭੁ ਰਹਿਓ ਅੰਦੇਸਰੋ ਮਾਇਓ) ॥ ਜੋ ਚਾਹਤ ਸੋ ਗੁਰੂ ਮਿਲਾਇਓ ॥ ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥**[੬੨੪]-੧੧-੬੧

੧੯

## ਕਹਤੁ ਕਬੀਰ, ਸੁਨਹੁ ਰੇ ਲੋਈ ....॥

੧੦੨- **ਕਰਵਤੁ ਭਲਾ, ਨ ਕਰਵਟ ਤੇਰੀ ॥ ਲਾਗੁ ਗਲੇ, ਸੁਨੁ ਬਿਨਤੀ ਮੇਰੀ ॥ ੧ ॥ ਹਉ ਵਾਰੀ, ਮੁਖੁ ਫੇਰਿ ਪਿਆਰੇ ॥ ਕਰਵਟੁ ਦੇ, ਮੋ ਕਉ ਕਾਹੇ ਕਉ ਮਾਰੇ ॥ ੧ ॥ ਰਹਾਉ ॥ ਜਉ ਤਨੁ ਚੀਰਹਿ, ਅੰਗੁ ਨ ਮੋਰਉ ॥ ਪਿੰਡੁ ਪਰੈ, ਤਉ ਪ੍ਰੀਤਿ ਨ ਤੋਰਉ ॥ ੨ ॥ ਹਮ ਤੁਮ ਬੀਚੁ ਭਇਓ ਨਹੀ ਕੋਈ ॥ ਤੁਮਹਿ ਸੁ ਕੰਤ, ਨਾਰਿ ਹਮ ਸੋਈ ॥ ੩ ॥ ਕਹਤੁ ਕਬੀਰੁ, ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥ ੪ ॥**[੪੮੪]-੨-੩੫

**ਅਰਥ:**---ਹੇ ਪਿਆਰੇ ਪ੍ਰਭੂ ! ਮੈਂ ਤੈਥੋਂ ਕੁਰਬਾਨ ਹਾਂ ! ਮੇਰੇ ਵੱਲ ਤੱਕ, ਮੈਨੂੰ ਪਿੱਠ ਦੇ ਕੇ ਕਿਉਂ ਮਾਰ ਰਿਹਾ ਹੈ ? (ਭਾਵ, ਜੇ ਤੂੰ ਮੇਰੇ ਉ ੱਤੇ ਮਿਹਰ ਦੀ ਨਜ਼ਰ ਨਾ ਕਰੇਂ, ਤਾਂ ਮੈਂ ਜੀਊਂ ਨਹੀਂ ਸਕਦਾ ) । **ਰਹਾਉ ।** ਦਾਤਾ ਜੀ ! ਤੇਰੇ ਪਿੱਠ ਦੇਣ ਨਲੋਂ (ਸਰੀਰ ਉ ੱਤੇ) ਕਰਵੱਤ ਸਹਾਰ ਲੈਣਾ ਚੰਗਾ ਹੈ ( ਭਾਵ, ਆਰੇ ਨਾਲ ਸਰੀਰ ਚਿਰਾਉਣ ਵਿਚ ਇਤਨੀ ਪੀੜ ਨਹੀਂ ਜਿਤਨੀ ਤੇਰੀ ਮਿਹਰ ਦੀ ਨਿਗਾਹ ਤੋਂ ਵਾਂਜੇ ਰਹਿਣ ਵਿਚ ਹੈ), (ਹੇ ਸੱਜਣ ਪ੍ਰਭੂ !) ਮੇਰੀ ਅਰਜੋਈ ਸੁਣ, ਤੇ ਮੇਰੇ ਗਲ ਲੱਗ (ਭਾਵ, ਤੇਰੀ ਯਾਦ ਮੇਰੇ ਗਲ ਦਾ ਹਾਰ ਬਣੀ ਰਹੇ) **। ੧ ।** ਹੇ ਪ੍ਰਭੂ ! ਜੇ ਮੇਰਾ ਸਰੀਰ ਚੀਰ ਦੇਵੇਂ ਤਾਂ ਵੀ ਮੈਂ (ਇਸ ਨੂੰ ਬਚਾਉਣ ਦੀ ਖ਼ਾਤਰ) ਪਿਛਾਂਹ ਨਹੀਂ ਹਟਾਂਵਾਂਗਾ, ਇਹ ਸਰੀਰ ਨਾਸ ਹੋ ਜਾਣ ਤੇ ਵੀ ਮੈਂ ਤੇਰੇ ਨਾਲੋਂ ਪਿਆਰ ਨਹੀਂ ਤੋੜਾਂਗਾ **। ੨ ।** ਹੇ ਪਿਆਰੇ ! ਮੇਰੇ ਤੇਰੇ ਵਿਚ ਕੋਈ ਵਿੱਥ ਨਹੀਂ ਹੈ, ਤੂੰ ਉਹੀ ਪ੍ਰਭੂ-ਖ਼ਸਮ ਹੈ ਤੇ ਮੈਂ ਜੀਵ-ਇਸਤ੍ਰੀ ਤੇਰੀ ਨਾਰ ਹਾਂ **। ੩ ।** (ਇਹ ਵਿੱਥ ਪਾਉਣ ਵਾਲਾ ਚੰਦਰਾ ਜਗਤ ਦਾ ਮੋਹ ਸੀ, ਸੋ) ਕਬੀਰ ਆਖਦਾ ਹੈ--ਸੁਣ ਹੇ ਜਗਤ ! (ਹੇ ਜਗਤ ਦੇ ਮੋਹ !) ਹੁਣ ਕਦੇ ਮੈਂ ਤੇਰਾ ਇਤਬਾਰ ਨਹੀਂ ਕਰਾਂਗਾ (ਹੇ ਮੋਹ ! ਹੁਣ ਮੈਂ ਤੇਰੇ ਜਾਲ ਵਿਚ ਨ ਹੀਂ ਫਸਾਂਗਾ, ਤੂੰ ਹੀ ਮੈਨੂੰ ਮੇਰੇ ਪਤੀ-ਪ੍ਰਭੂ ਤੋਂ ਵਿਛੋੜਦਾ ਹੈਂ) । ੪ ।

ਜੀਵ-ਇਸਤ੍ਰੀ ਵਿਸ਼ੇ ਨੂੰ ਨੇਪਰੇ ਚਾੜ੍ਹਨ ਤੋਂ ਪਹਿਲਾਂ ਉਪਰੋਕਤ ਗੁਰੂ-ਸ਼ਬਦ ਨਾਲ ਜੁੜੇ ਕੋਝੇ ਭੁਲੇਖੇ ਨੂੰ ਦੂਰ ਕਰ ਲਈਏ । ਅਟੱਲ ਸਚਾਈ ਹੈ ਕਿ, ਪੰਚਮ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਸਮੇਤ ਪੰਜ ਗੁਰੂ ਸਾਹਿਬਾਨ ਦੀ ਉਚਾਰੀ ਬਾਣੀ ਸ਼ਾਮਲ ਕੀਤੀ ਹੈ ਅਤੇ ਜਾਂ ਉਨ੍ਹਾਂ ਬ੍ਰਹਮ ਗਿਆਨੀ ਮਹਾਂਪੁਰਖਾਂ ਦੀ ਬਾਣੀ ਹੈ--

(੧) ਜਿਨ੍ਹਾਂ ਦੀ ਵਿਚਾਰ-ਧਾਰਾ ਸ੍ਰੀ ਗੁਰੂ ਨਾਨਕ ਜੀ ਦੇ ਵਿਚਾਰਾਂ ਦੇ ਅਨਕੂਲ ਹੈ,,

(੨) ਜਿਨ੍ਹਾਂ ਦੀ ਬਾਣੀ ਨਿਰੋਲ ਸਦੀਵੀ ਸੱਚ ਦੀਆਂ ਵਡਿਆਈਆਂ ਦੀ ਵਿਚਾਰ ਨਾਲ ਜੋੜਦੀ ਹੈ,

੩) ਅਤੇ ਜਿਨ੍ਹਾਂ ਦੀ ਬਾਣੀ ਸਰਬ ਸਾਂਝੇ ਉਪਦੇਸ਼ ਵਾਲੀ ਹੈ ।

ਗੁਰਬਾਣੀ ਵਿਚ ਕਿਸੇ ਐਸੀਆਂ ਹੋ ਬੀਤੀਆਂ ਘਟਨਾਵਾਂ ਦਾ ਜਾਂ ਗੱਲਾਂ ਦਾ ਜਿਕਰ-ਮਾਤ੍ਰ ਨਹੀਂ ਹੈ, ਜੋ ਹੁਣ ਸਾਡੇ ਜੀਵਨ ਵਿਚ ਨਹੀਂ ਵਾਪਰ ਸਕਦੀਆਂ । ਗੁਰੂਬਾਣੀ ਵਿਚ ਜੀਵਨ ਦੇ ਉਹ ਤਰੰਗ ਤੇ ਉਹ ਨਿਯਮ ਦਿੱਤੇ ਹਨ, ਜੋ, ਜਦ ਤਕ ਜਗਤ ਬਣਿਆ ਰਹੇਗਾ ਮਨੁੱਖੀ ਜੀਵਨ ਉਤੇ ਢੁੱਕਦੇ ਰਹਿਣਗੇ, ਅਤੇ ਅਗਿਆਨੀ ਮਨੁੱਖ ਦੀ ਅਗਵਾਈ ਕਰਦੇ ਰਹਿਣਗੇ ।

ਗੁਰੂ ਕੇ ਸਿੱਖ ਦਾ ਅਟੱਲ ਵਿਸ਼ਵਾਸ਼ ਹੈ ਕਿ ਅਭੁੱਲ ਸਤਿਗੁਰਾਂ ਨੇ ਸੰਸਾਰੀ ਬਚਨ-ਬਿਲਾਸਾਂ ਨਾਲ ਸੰਬੰਧਤ, ਕਿਸੇ ਐਰੇ-ਗ਼ੈਰੇ ਦੀ ਉਚਾਰੀ ਇੱਕ ਤੁਕ ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ਼ਾਮਲ ਨਹੀਂ ਕੀਤੀ । ਸਾਡਾ ਦ੍ਰਿੜ ਵਿਸ਼ਵਾਸ਼ ਹੈ ਕਿ ਗੁਰੂ-ਬਾਣੀ ਨਿਰੋਲ ਬ੍ਰਹਮ ਦੀ ਵਿਚਾਰ ਹੈ, ਜਿਸ ਨੂੰ ਲਿਖਣ ਵਾਲੇ ਬ੍ਰਹਮ ਦੇ ਪੂਰਨ ਗਿਆਤਾ ਸਨ । ਪਰ ਗੁਰੂ ਨਿੰਦਕਾਂ ਨੇ ਗੁਰੂ-ਬਾਣੀ ਪ੍ਰਤੀ ਬਣੇ ਇਸ ਵਿਸ਼ਵਾਸ਼ ਨੂੰ ਖੰਡਨ ਕਰਨ ਲਈ ਉਪਰੋਕਤ ਗੁਰੂ-ਸ਼ਬਦ ਦੀ ਵਰਤੋਂ ਕਰ ਕੇ ਕਹਾਣੀਆਂ ਘੜ ਲਈਆਂ ਕਿ:--

(੧) ਪਰਮਾਤਮਾਂ ਦੇ ਪ੍ਰੇਮ ਰੰਗ ਵਿਚ ਰੰਗੇ ਕਬੀਰ ਸਾਹਿਬ ਜੀ ਦੀ ਰੁਚੀ ਘਰੋਗੀ ਕੰਮਾ ਵਲ ਘਟ ਗਈ । ਜਿਸ ਕਾਰਨ ਆਮਦਨ ਵਿਚ ਫ਼ਰਕ ਪੈਣਾ ਕੁਦਰਤੀ ਗੱਲ ਸੀ । ਫਿਰ ਸਤਸੰਗੀ ਮਹਾਤਮਾਂ ਦੀ ਖ਼ਾਤਰਦਾਰੀ ਤੇ ਖੁਲ੍ਹ-ਦਿਲੀ ਨਾਲ ਖ਼ਰਚ ਕਰਨ ਵਾਲਾ ਕਬੀਰ ਸਾਹਿਬ ਦਾ ਸੁਭਾਅ, ਮਾਈ ਲੋਈ ਨੂੰ ਨਾ ਭਾਇਆ, ਅਤੇ ਕਬੀਰ ਜੀ ਦੇ ਬਚਨਾਂ ਦੀ ਅਵੱਗਿਆ ਕਰ ਬੈਠੀ । ਪਰ ਫੇਰ ਖਿਮਾ ਮੰਗਦੀ ਹੈ, ਪਰ ਕਬੀਰ ਜੀ ਨਰਾਜ਼ ਹੀ ਰਹਿੰਦੇ ਹਨ ਅਤੇ ਕਹਿੰਦੇ ਹਨ ਕਿ ਹੁਣ ਅੱਗੇ ਤੋਂ ਤੇਰੇ ਉਤੇ ਕੋਈ ਇਤਬਾਰ ਨਹੀਂ ਰਿਹਾ ।

(੨) ਮਾਈ ਲੋਈ ਨੇ ਕਿਸੇ ਸੰਤ ਦੀ ਸੇਵਾ ਠੀਕ ਢੰਗ ਨਾਲ ਨਾ ਕੀਤੀ ਤਾਂ ਕਬੀਰ ਜੀ ਨਰਾਜ਼ ਹੋ ਕੇ ਬਹਿ ਗਏ । ਅਖੇ ਕਬੀਰ ਜੀ ਨੂੰ ਮਨਾਉਂਣ ਲਈ ਜੋ ਬੇਨਤੀ ਮਾਈ ਲੋਈ ਨੇ ਕੀਤੀ, ਉਹ ਉਪਰੋਕਤ ਸ਼ਬਦ ਦੀਆਂ ਪਹਿਲੀਆਂ ਤਿੰਨ ਤੁਕਾਂ ਹਨ । ਭਾਵ ਗੁਰੂ ਸ਼ਬਦ ਦੀਆਂ ਪਹਿਲੀਆਂ ਤਿੰਨ ਤੁਕਾਂ ਮਾਈ ਲੋਈ ਨੇ ਉਚਾਰਨ ਕੀਤੀਆਂ ਹਨ । ਕੇਵਲ ਅੰਤਲੀ ਤੁਕ--**ਕਹਤੁ ਕਬੀਰ ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥ ੪ ॥** ਕਬੀਰ ਸਾਹਿਬ ਦੀ ਆਪਣੀ ਹੈ ।

ਅਜੇਹੀ ਗੱਲ ਕਹਿਣ ਵਾਲੇ ਵੀ ਉਹੀ ਲੋਕ ਹਨ ਜਿਹੜੇ ਕਹਿੰਦੇ ਹਨ, ਕਿ ਪੰਚਮ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹਨੀ ਨਹੀਂ ਸੀ ਮੰਨੀ । ਨਿਯਮਾਂ ਦੇ ਪੱਕੇ, ਸਰਬੱਤ ਦੇ ਸਾਂਝੇ ਅਤੇ ਅਭੁੱਲ ਸਤਿਗੁਰੂ ਪੰਚਮ ਪਾਤਿਸ਼ਾਹ ਜੀ ਦੀ ਸ਼ਾਨ ਵਿਰੁੱਧ, ਕਿਡੀ ਬੇ-ਦਲੀਲੀ ਢੁੱਚਰ-ਬਾਜ਼ੀ ਨਾਲ, ਕੋਝਾ ਦੋਸ਼ ਲਾਇਆ ਜਾ ਰਿਹਾ ਹੈ ਉਨ੍ਹਾਂ ਨੇ ਕਬੀਰ ਦੀ ਮਨਮੁੱਖ ਮਾਤਾ ਦੀ ਬਾਣੀ ਗੁਰੂ ਬਾਣੀ ਬਣਾ ਦਿੱਤੀ । ਗੁਰਮਤਿ ਦੇ ਪੂਰਨ ਗਿਆਤਾ ਮਹਾਨ ਵਿਦਵਾਨ, ਭਾਈ ਗੁਰਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹਨੋਂ ਨਾਹ ਕਰ ਦੇਣ ਵਾਲੇ ਪੰਚਮ ਗੁਰੂ ਨਾਨਕ ਜੀ ਨੇ, ਕੀ ਆਪਣਾ ਪੱਕਾ ਨਿਯਮ ਆਪ ਹੀ ਭੰਗ ਕਰ ਦੇਣਾ ਸੀ ? ਜਿਸ ਮਾਤਾ ਲੋਈ ਦਾ ਨਾਮ, ਨਾ ਭਗਤਾਂ ਵਿਚ ਅਤੇ ਨਾ ਹੀ ਉ ੱਚ ਕੋਟੀ ਦੇ ਵਿਦਵਾਨਾ ਵਿਚ ਗਿਣਿਆਂ ਗਿਆ ਹੈ, ਉਸ ਮਾਈ ਲੋਈ ਦੇ ਆਪਣੇ ਪਤੀ ਨਾਲ ਹੋਏ ਕਥਿਤ ਵਿਵਾਦ ਨਾਲ ਸੰਬਧਤ ਵਚਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋ ਸਕਣ ਵਾਲੀ ਗਲ ਕਿਵੇਂ ਮੰਨ ਲਈ ਜਾਵੇ ? ਅਜੇਹਾ ਸੋਚਣਾ ਅਥਵਾ ਲਿਖਣਾਂ ਸਤਿਗੁਰਾਂ ਦੀ ਘੋਰ ਨਿੰਦਿਆ ਕਰਨ ਦਾ ਬੱਜਰ ਪਾਪ ਹੈ ।

ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਕਬੀਰ ਸਾਹਿਬ ਜੀ ਦੀ ਸੁਪੱਤਨੀ ਦਾ ਨਾਮ " ਲੋਈ " ਸੀ । ਪਰ " ਲੋਈ " ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਕਈ ਥਾਈਂ ਕੀਤੀ ਹੋਈ ਮਿਲਦੀ ਹੈ । ਉਪ੍ਰੋਕਤ ਸ਼ਬਦ ਵਿਚ **ਲੋਈ** ਪਦ ਦਾ ਅਰਥ **ਮਾਈ ਲੋਈ** ਕਰਨ ਵਾਲੇ ਸੱਜਣ ਕੀ, ਹੇਠ ਲਿਖੇ ਗੁਰਬਾਣੀ ਸ਼ਬਦਾਂ ਵਿਚ ਆਏ " ਲੋਈ " ਸ਼ਬਦ ਦਾ ਅਰਥ ਵੀ ਕਬੀਰ ਜੀ ਦੀ ਧਰਮ ਪੱਤਨੀ **ਮਾਈ ਲੋਈ "** ਹੀ ਸਮਝਣਗੇ ?

(੧) **ਆਸਾ ਵਿਚਿ ਸੁਤੇ ਕਈ ' ਲੋਈ ' ॥ ਸੋ ਜਾਗੈ ਜਾਗਾਵੈ ਸੋਈ ॥ ੧ ॥** [੪੨੩]-੩-੨੫
(੨) **ਲੋਇਣ ' ਲੋਈ ' ਡਿਠ ਪਿਆਸ ਨ ਬੂਝੈ ਮੂ ਘਣੀ ॥.........॥ ੧ ॥** [੭੭੭]-ਛੰਤ-੧
(੩) **......ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ " ਲੋਈ " ॥.........॥ ੧ ॥**[੫੦੯]-ਵਾਰ
(੪) **ਊਪਰਿ ਆਦਿ ਸਰਬ ਤਿਹੁ " ਲੋਈ " ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥ ੫ ॥** [੧੦੪੨]-੪-੨੧
(੫) **ਆਪੇ ਲੇਵੈ ਆਪੇ ਦੇਵੈ ਤਿਹੁ " ਲੋਈ " ਜਗਤ ਪਿਤ ਦਾਤਾ ਹੇ ॥ ੩ ॥** [੧੦੩੧]-੫-੧੧
(੬) **ਦੁਨੀਆ ਦੋਸੁ ਰੋਸੁ ਹੈ " ਲੋਈ " ॥ ਅਪਨਾ ਕੀਆ ਪਾਵੈ ਸੋਈ ॥ ੧੫ ॥**[੧੧੬੧]-੭-੧੫
(੭) **ਬਿਨੁ ਗੁਰ ਮੁਕਤਿ ਨਾਹੀ ਤ੍ਰੈ " ਲੋਈ " ਗੁਰਮੁਖਿ ਪਾਈਐ ਨਾਮੁ ਹਰੀ ॥ ੧ ॥** [੧੧੭੧]-੪-੧੨
(੮) **ਪੂਰੇ ਗੁਰ ਤੇ ਮਹਲੁ ਪਾਇਆ, ਪਤਿ ਪਰਗਟੁ " ਲੋਈ " ॥.................॥ ੨੮ ॥** [੧੨੪੮]-ਵਾਰ
(੯) **... ਸਸੀਅਰੁ ਗਗਨਿ ਜੋਤਿ ਤਿਹੁ ' ਲੋਈ ' ॥ ਕਰਿ ਕਰਿ ਵੇਖੈ ਕਰਤਾ ਸੋਈ ॥ ੧੯ ॥** [੮੪੦]-੧
(੧੦) **....ਆਪ ਅਗੋਚਰੁ ਧੰਧੈ " ਲੋਈ " ॥ ਜੋਗ ਜੁਗਤਿ ਜਗਜੀਵਨੁ ਸੋਈ ॥.........॥ ੧੫ ॥** [੯੩੧]-ਓ
(੧੧) **.....ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ
ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ " ਲੋਈ " ॥ ੩ ॥** [੫੪੯]-ਵਾਰ
(੧੨) **ਕਹਤੁ ਕਬੀਰੁ ਸੁਨਹੁ ਰੇ " ਲੋਈ, " ਭਰਮਿ ਨ ਭੂਲਹੁ ਕੋਈ ॥..... ॥ ੨ ॥** [੬੯੨]-੩
(੧੩) **ਕਹਤ ਕਬੀਰ ਸੁਨਹੁ ਰੇ " ਲੋਈ " ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ॥ ੫ ॥** [੪੮੧]-੮-੨੧
(੧੪) **ਸੁਨਿ ਅੰਧਲੀ " ਲੋਈ " ਬੇਪੀਰ ॥ ਇਨੑ ਮੁੰਡੀਅਨ ਭਜਿ ਸਰਨਿ ਕਬੀਰ ॥ ੪ ॥** [੮੭੧]-੩-੬

ਬਿਬੇਕਤਾ ਅਤੇ ਸੁਹਿਰਦਤਾ ਨਾਲ ਵਿਚਾਰ ਕਰੀਏ ਤਾਂ, ਇਨ੍ਹਾਂ ੧੪ ਗੁਰੂ ਫੁਰਮਨਾਂ ਵਿਚੋਂ ਪਹਿਲੇ ੧੩ ਵਿਚਲੇ ' ਲੋਈ ' ਸ਼ਬਦ ਦਾ ਅਰਥ ' ਮਾਈ ਲੋਈ ' ਨਹੀਂ ਬਣ ਸਕਦਾ । ਉਥੇ ਲੋਈ ਦਾ ਅਰਥ ' ਲੋਕ, ਜਗਤ, ਸੰਸਾਰ ਆਦਿ ' ਹੀ ਬਣਦਾ ਹੈ । ਕੇਵਲ ਆਖ਼ਰੀ (੧੪ਵੀਂ) ਪੰਗਤੀ ਵਿਚ ਕਬੀਰ ਸਾਹਿਬ ਨੇ ਆਪਣੀ ਧਰਮ-ਪੱਤਨੀ (ਮਾਤਾ) ਲੋਈ ਨੂੰ ਸੰਬੋਧਨ ਕੀਤਾ ਹੈ । ਤੇ ਇਸ ਲੋਈ ਦਾ ਅਰਥ ' ਲੋਕ ' ਜਾਂ ' ਸੰਸਾਰ ' ਕਿਸੇ ਤਰ੍ਹਾਂ ਨਹੀਂ ਬਣ ਸਕਦਾ ।

ਫਿਰ 'ਰੇ' ਸਦਾ ਹੀ ਪੁਲਿੰਗ ਵਾਸਤੇ ਹੁੰਦਾ ਹੈ ਤੇ ' ਰੀ ' ਇਸਤ੍ਰੀ-ਲਿੰਗ ਵਾਸਤੇ ਹੈ । ਜਿਵੇਂ ----

(੧) **ਰੇ ਗੁਨ ਹੀਨ ਦੀਨ ਮਾਇਆ ਕ੍ਰਿਮ .........** [੧੩੮੭]
(੨) **ਰੇ ਨਰ ਕਾਹੇ ਪਪੋਰਹੁ ਦੇਹੀ ......** [੬੦੯]
(੩) **ਰੇ ਨਰ ਕਾਇ ਪਰ ਗ੍ਰਿਹਿ .........** [੧੦੦੧]
(੪) **ਰੇ ਨਰ ਇਨ ਬਿਧਿ ਪਾਰਿ .......** [੧੦੦੨]
(੫) **ਰੇ ਪਾਪੀ ਤੈ ਕਵਨ ਕੀ ਮਤਿ.........** [੧੨੨੫]

ਇਹ ਪੰਜੇ ਪੰਗਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਗੁਰਬਾਣੀ ਸ਼ਬਦਾਂ ਵਿਚੋਂ ਹਨ । ਉਪਰੋਕਤ ੧੨ ਤੋਂ ੧੪ ਤਿੰਨ ਪੰਗਤੀਆਂ ਕਬੀਰ ਸਾਹਿਬ ਦੇ ਉਚਾਰੇ ਸ਼ਬਦਾਂ ਵਿਚੋਂ ਅਸਾਂ ਪੜ੍ਹ ਲਈਆਂ ਹਨ । ਉਨ੍ਹਾਂ ਵਿਚ ਵੀ " ਲੋਈ " ਨਾਲ **ਰੇ** ਜਾਂ **ਰੈ** ਪੁਲਿੰਗ ਵਰਤਿਆ ਹੈ । ਕਬੀਰ ਸਾਹਿਬ ਦੇ ਹੀ ਉਚਾਰੇ ਸ਼ਬਦਾਂ ਵਿਚ 'ਪੁਲਿੰਗ " ਰੇ " ਦੀ ਵਰਤੋਂ ਦੀਆਂ ਕੁਝ ਹੋਰ ਉਦਾਹਰਣਾ:---

(੧) **ਰੇ ਜਨ ਮਨੁ ਮਾਧ ਮਾਧਉ ਸਿਉ .......** [੩੨੪]
(੨) **ਰੇ ਨਰ ਨਾਵ ਚਉੜਿ ਕਤ .........** [੩੨੮]
(੩) **ਰੇ ਜੀਅ ਨਿਲਜ ਲਾਜ ਤੋੁਹਿ........** [੩੩੦]
(੪) **ਰੇ ਬਉਰੇ ਤੁਹਿ ਘਰੀ ਨ ਰਾਖੈ........** [੪੭੮]
(੫) **ਰੇ ਮਹਾਵਤ ਤੁਝੁ ਡਾਰਉ ਕਾਟਿ.......** [੮੭੦]

ਉਰੋਕਤ ੧੫ਵੀਂ ਪੰਗਤੀ ਵਿਚ " ਲੋਈ " ਤੋ ਪਹਿਲਾਂ ਕਬੀਰ ਸਾਹਿਬ ਨੇ " ਅੰਧੁਲੀ " ਇਸਤ੍ਰੀ-ਲਿੰਗ ਵਰਤਿਆ ਹੈ ਜਿਸ ਤੋਂ ' ਲੋਈ " ਦਾ ਅਰਥ " ਲੋਕ " ਨਹੀਂ ਸਗੋਂ " ਮਾਈ ਲੋਈ " ਹੀ ਸਮਝ ਵਿਚ ਆ ਰਿਹਾ ਹੈ । ਆਉ ਹੁਣ " ਰੇ 'ਪੁਲਿੰਗ ਦੇ ਥਾਂ " ਰੀ " ਇਸਤ੍ਰੀ ਲਿੰਗ ਦੀ ਵਰਤੋਂ ਵਾਲੇ ਗੁਰੂ ਸ਼ਬਦਾਂ ਦੀਆਂ ਕੁਝ ਪੰਗਤੀਆਂ ਦੇ ਦਰਸ਼ਨ ਕਰ ਲਈਏ :

(੧) **ਰੀ ਕਲਵਾਰਿ ਗਵਾਰਿ.........** [੧੧੨੩]
(੨) **ਰਹੁ ਰਹੁ ਰੀ ਬਹੁਰੀਆ .....** [ ੪੮੪ ]
(੩) **ਗਾਉ ਗਾਉ ਰੀ ਦੁਲਹਨੀ ..........** [ ੪੮੨ ]

(੪) **ਰੀ ਬਾਈ ਬੇਢੀ ਦੇਨੁ ਨਾ ਜਾਈ .......** [ ੬੫੭ ]

(੫) **ਅਰੀ ਬਾਈ ਗੋਬਿਦ ਨਾਮੁ ਮਤਿ .....** [ ੫੨੬ ]

ਇਸ ਵਿਚਾਰ ਤੋਂ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਬਾਣੀ ਨੂੰ ਜਾਂ ਕਿਸੇ ਸ਼ਬਦ ਨੂੰ ਕਿਸੇ ਉਸ ਸਮੇ ਦੀ ਸੰਸਾਰੀ ਘਟਣਾ ਬਾਰੇ ਘੜੀ ਕਹਾਣੀ ਨਾਲ ਜੋੜਨਾਂ ਸਤਿਗੁਰਾਂ ਦੀ ਨਿੰਦਿਆ ਹੈ । ਸਾਨੂੰ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ, ਗੁਰੂ-ਬਾਣੀ ਦੀ ਹਰ ਤੁਕ ਪ੍ਰਾਣੀ ਮਾਤ੍ਰ ਲਈ ਜ਼ਰੂਰ ਕੋਈ ਸਦੀਵੀ ਸੱਚ ਵਾਲਾ ਸੁਨੇਹਾ ਦੇ ਰਹੀ ਹੈ। ਅਸਾਂ ਸਦਾ ਹੀ ਉਸ ਸੁਨੇਹੇ ਦੀ ਭਾਲ ਕਰਕੇ ਉਸ ਨੂੰ ਗ੍ਰਹਣ ਕਰਨਾ ਹੈ ।

੧੦੩- **ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥ ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥ ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥ ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ, ਨਾਨਕ ਮਨਿ ਆਸ ਪੁਜਾਏ ॥ ੪ ॥**[੫੬੨]-੧-੩

੧੦੪- **ਛੂਟਰਿ ਤੇ ਗੁਰਿ ਕੀਈ ਸੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥**
**ਜਿਹ ਘਰ ਮਹਿ ਬੈਸਨੁ ਨਹੀ ਪਾਵਤ, ਸੋ ਥਾਨ ਮਿਲਿਓ ਬਸਾਨੀ ॥ ੧ ॥**
**ਉਨ੍ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ ॥**
**ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ ਸਭ ਚੂਕੀ ਕਾਣਿ ਲੋਕਾਨੀ ॥ ੨ ॥** [੧੨੧੦]-੮-੩੧

## ੨੦

## ਜੀਵ-ਇਸਤ੍ਰੀ ਲੇਖ ਲਿਖਣ ਦਾ ਮੰਤਵ ਅਤੇ ਸਿਖਿਆ

ਵੈਨਕੂਵਰ (ਕੈਨੇਡਾ) ਦੇ ਰੌਸ ਸਟਰੀਟ ਵਾਲੇ ਗੁਰੂ ਘਰ ਵਿਚ ' ਰਾਗੀ, ਢਾਡੀ, ਅਤੇ ਕਥਾ ਕਰਨ ਵਾਲੇ ਭਾਰਤ ਤੋਂ ਆਏ ਹੀ ਰਹਿੰਦੇ ਹਨ । ਕੀਰਤਨ ਦੇ ਨਾਲ ਗੁਰਬਾਣੀ ਦੀ ਲੜੀਵਾਰ ਕਥਾ ਵੀ ਹੁੰਦੀ ਰਹਿੰਦੀ ਹੈ। ਦਾਸ ਗੁਰਬਾਣੀ ਦੀ ਕਥਾ ਸੁਣਨ ਲਈ ਜਾਇਆ ਕਰਦਾ ਸੀ। ਫ਼ਰਵਰੀ -੧੯੯੬ ਦਾ ਮਹੀਨਾ ਸੀ । ਪੰਜਾਬੋਂ ਆਇਆ, ਚੜ੍ਹਦੀ ਉਮਰ ਦਾ ਸਿੰਘ, ਗੁਰੂ ਸ਼ਬਦ ਦੀ ਵਿਚਾਰ ਕਰਿਆ ਕਰਦਾ ਸੀ । (ਨਾਮ ਲਿਖਣਾ ਮੁਨਾਸਬ ਨਹੀਂ) । ਇਕ ਦਿਨ ਭਾਈ ਜੀ ਨੇ ਸ਼ਾਇਦ ਉਚੇਚੇ ਤੌਰ ਤੇ ਕਥਾ ਲਈ ਸ਼ਬਦ ਚੁਣਿਆ--**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥** ਭਾਈ ਜੀ ਨੇ ਬੀਬੀਆਂ ਨੂੰ ਸੰਬੋਧਨ ਕਰਕੇ ਤਸੱਲੀ ਕਰਾਉਣੀ ਅਰੰਭ ਕਰ ਦਿੱਤੀ ਕਿ ਸਤਿਗੁਰਾਂ ਨੂੰ ਭੈਣਾ ਨਾਲ ਬੜਾ ਉਚੇਚਾ ਪਿਆਰ ਸੀ । ਆਪਣੀ ਇਸ ਦਲੀਲ ਦੀ ਪੁਸ਼ਟੀ ਲਈਂ ਗੁਰੂ ਨਾਨਕ ਦੇਵ ਜੀ ਨਾਲ, ਬੇਬੇ ਨਾਨਕੀ ਜੀ ਦੇ ਪਿਆਰ ਬਾਰੇ ਸਾਖੀਆਂ ਸੁਣਾਉਣੀਆਂ ਅਰੰਭ ਕਰ ਦਿੱਤੀਆਂ । ਸੁਲਤਾਨ ਪੁਰ ਲੋਧੀ ਵਿਖੇ ਗੁਰਦੇਵ ਜੀ ਦੇ ਵੇਈਂ ਨਦੀ ਵਿਚ ਪ੍ਰਵੇਸ਼ ਵਾਲੀ ਸਾਖੀ ਬੜੀ ਵਧਾ ਚੜ੍ਹਾ ਕੇ ਸੁਣਾਈ । ਜ਼ੋਰ ਇਸ ਗੱਲ ਤੇ ਦਿੱਤਾ ਜਾ ਰਿਹਾ ਸੀ ਕਿ ਭਾਂਵੇ, ਹੋਰ ਸਾਰੇ ਲੋਕ ਸਮਝ ਬੈਠੇ ਸਨ ਕਿ ਸਤਿਗੁਰੂ ਜੀ ਨਦੀ ਵਿਚ ਡੁੱਬ ਗਏ ਹਨ, ਪਰ ਬੇਬੇ ਨਾਨਕੀ ਜੀ ਅਡੋਲ ਚਿੱਤ ਰਹਿ ਕੇ ਏਹੀ ਕਹਿੰਦੇ ਰਹੇ ਕਿ ਉਸ ਦੇ ਵੀਰ ਨੂੰ ਪਾਣੀ ਕਦੇ ਨਹੀ ਡੋਬ ਸਕਦਾ । ਸਾਰਾ ਸਮਾਂ ਏਹੀ ਦ੍ਰਿੜ ਕਰਾਇਆ ਜਾਂਦਾ ਰਿਹਾ ਕਿ ਸਤਿਗੁਰਾਂ ਨੂੰ ਭੈਣਾ ਨਾਲ ਉਚੇਚਾ ਪਿਆਰ ਹੈ । ਭੈਣਾ ਨੇ ਵੀ ਬੜੇ ਉਚੇਚੇ ਉਤਸ਼ਾਹ ਨਾਲ ਪਰਚਾਰਕ ਜੀ ਨੂੰ ਮਾਇਆ ਦੇ ਗੱਫੇ ਭੇਟਾ ਕੀਤੇ । ਮਗਰੋਂ ਪਤਾ ਲੱਗਾ ਕਿ ਕਈ ਬੀਬੀਆਂ ਨੇ ਅਪਣੇ ਘਰਾਂ ਵਿਚ ਉਨ੍ਹਾਂ ਦੇ ਚਰਨ ਪਵਾਉਣ ਲਈ ਉਨ੍ਹਾਂ ਨੂੰ ਪਰਸਾਦਾ ਛਕਾਇਆ ।

ਕੁਝ ਦਿਨਾਂ ਪਿਛੋਂ ਵਿਹਲ ਵੇਖ ਕੇ, ਇੱਕ ਵਿਚੋਲੇ ਰਾਹੀਂ ਉਸ ਪਰਚਾਰਕ ਜੀ ਨੂੰ ਦਾਸ ਨੇ ਅਪਣੇ ਕੋਲ ਬੁਲਾ ਲਿਆ । ਦਾਸ ਨੇ ਬੇਨਤੀ ਕੀਤੀ ਕਿ--" ਗੁਰਦੇਵ ਜੀ ਦੀ ਪਿਆਰਾਂ ਲੱਦੀ ਨਿੱਘੀ ਬੁੱਕਲ ਵਿਚ ਸਾਰਾ ਜਗਤ ਸਮਾਇਆ ਹੋਇਆ ਹੈ । ਗੁਰਬਾਣੀ ਦੀ ਹਰ ਪੰਗਤੀ ਸਰਬ ਸਾਂਝਾ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਹੈ । ਪਰ ਤੁਸੀ ਗੁਰੂ-ਸ਼ਬਦ ਦੇ ਅਰਥ ਠੀਕ ਨਾ ਕਰਕੇ ਗੁਰ-ਉਪਦੇਸ਼ ਕੇਵਲ ਬੀਬੀਆਂ ਜੋਗਾ ਹੀ ਸਿੱਧ ਕਰਨ ਵਿਚ ਸਾਰਾ ਸਮਾ ਲਾ ਦਿੱਤਾ ਸੀ " । ਪਰਚਾਕ ਜੀ ਨੇ ਉਤੇਜਨਾਂ ਵਿਚ ਆ ਕੇ ਕਿਹਾ ਕਿ ਤੁਸੀ ਕਿਵੇਂ ਕਹਿ ਸਕਦੇ ਹੋ ਕੇ ਕਿ ਉਸ ਗੁਰੂ ਸ਼ਬਦ ਵਿਚ ਕੇਵਲ ਭੈਣਾ ਨੂੰ ਸੰਬੋਧਨ ਨਹੀਂ ਕੀਤਾ ਗਿਆ ? " **ਆਵਹੁ ਭੈਣਾ ਗਲ ਮਿਲਹੁ** " ਪੰਗਤੀ ਵਿਚ ਭਰਾਵਾਂ ਦਾ ਜ਼ਿਕਰ ਕਿਥੇ ਹੈ ? ਦਾਸ ਨੇ ਪਿਆਰ ਨਾਲ ਸਮਝਾਇਆ ਕਿ ਗੁਰਮਤਿ ਦਾ ਸਿਧਾਂਤ ਹੈ--**ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥** ਜਗਤ ਦੇ ਪ੍ਰਾਣੀ ਮਾਤ੍ਰ ਦਾ ਪਤੀ ਕੇਵਲ ਪ੍ਰਭੂ ਹੀ ਹੈ । ਅਸੀਂ ਸਭ ਉਸ ਪ੍ਰਭੂ-ਪਤੀ ਦੀਆਂ ਇਸਤ੍ਰੀਆਂ ਹਾਂ । ਸੋ " ਆਵਹੁ ਭੈਣਾ " ਦਾ ਅਰਥ ਕੇਵਲ ਬੀਬੀਆਂ ਨਹੀਂ ਸਗੋਂ ਸਤਸੰਗਣ ਜੀਵ-ਇਸਤ੍ਰੀਆਂ ਹੈ । ਜਿਸ ਵਿਚ ਇਸਤ੍ਰੀ ਮਰਦ ਸਭ ਨੂੰ ਸਾਵਾਂ ਸੱਦਾ ਹੈ ।

ਕਿੱਡੀ ਹੈਰਾਨੀ ਦੀ ਅਤੇ ਪਸ਼ੇਮਾਨੀ ਦੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਅਸੀਂ ਸਾਰੇ ਬੈਠੇ ਹੁੰਦੇ ਹਾਂ ਅਤੇ ਮਾਇਆ ਦੀ ਉਗਰਾਹੀ ਕਰਨ ਦੀ ਨਿਯਤ ਨਾਲ ਪ੍ਰਚਾਰਕ ਬਣੇ ਹੋਏ ਠੱਗ, ਆਪਣੀ ਸੁਆਰਥੀ ਵਿਉਂਤ ਅਨੁਸਾਰ ਗੁਰਬਾਣੀ ਦੀ ਵਰਤੋਂ ਕਰਕੇ ਗੁਰੂ ਮਹਾਰਾਜ ਜੀ ਦਾ ਤ੍ਰਿਸਕਾਰ, ਗੁਰੂ ਦਰਬਾਰ ਵਿਚ ਹੀ ਪੂਰੀ ਦਲੇਰੀ ਨਾਲ ਕਰ ਰਹੇ ਹੁੰਦੇ ਹਨ । ਸੰਗਤਿ ਵਿਚੋਂ ਜਾਂ ਪ੍ਰਬੰਧਕਾਂ ਵਿਚੋਂ, ਕਿਸੇ ਨੂੰ ਵੀ ਗਿਆਨ ਨਹੀਂ ਹੁੰਦਾ ਕਿ ਗੁਰਬਾਣੀ ਦੇ ਅਰਥ ਗ਼ਲਤ ਕੀਤੇ ਜਾ ਰਹੇ ਹਨ । ੧੭੦੮ ਤੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰਦੇਵ ਅਤੇ ਸੱਚਾ ਪਾਤਿਸ਼ਾਹ ਮੰਨ ਰਹੇ ਹਾਂ, ਗੁਰਬਾਣੀ ਦੇ ਪਾਠਾਂ ਦੀਆਂ ਝੜੀਆਂ ਲਾਈ ਰੱਖੀਆਂ ਹਨ ਪਰ ਗੁਰਬਾਣੀ ਦੇ ਇਸ ਬੜੇ ਜ਼ਰੂਰੀ ਸਿਧਾਂਤ ਨੂੰ -ਕਿ--ਸੰਸਾਰ ਵਿਚ ਪੁਰਖ ਕੇਵਲ ਪਰਮਾਤਮਾ ਹੈ ਅਤੇ ਮਨੁੱਖ ਸਾਰੇ ਉਸ ਦੀਆਂ ਇਸਤ੍ਰੀਆਂ ਹਨ " --ਅਸੀਂ ਅੱਜ ਤੱਕ ਨਹੀਂ ਜਾਣ ਸਕੇ ।

ਜੀਵ-ਇਸਤ੍ਰੀ ਬਾਰੇ ਏਡੀ ਖੁਲ੍ਹੀ ਅਤੇ ਕਈ ਪੱਖਾਂ ਤੋਂ ਸ਼ਬਦ-ਵਿਚਾਰ ਕਰਨ ਤੋਂ ਜੋ ਉਚੇਚੀ ਸਿਖਿਆ ਮਿਲਦੀ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ:--

(੧) ਗੁਰਮਤਿ ਨੇ ਪਰਮਾਤਮਾ ਦਾ ਕੇਵਲ ਪੁਰਖ ਰੂਪ ਹੀ ਮੰਨਿਆ ਹੈ । ਹਿੰਦੂ ਧਰਮ ਨੇ ਦੁਰਗਾ, ਭਵਾਨੀ, ਗਿਰਜਾ, ਪਾਰਬਤੀ ਆਦਿ ਦੇਵੀਆਂ ਨੂੰ ਪਰਮ-ਸ਼ਕਤੀ ਦੇ ਰੂਪ ਵਿਚ ਮੰਨਿਆਂ ਅਤੇ ਪੂਜਿਆ ਹੈ ਪਰ ਗੁਰਮਤਿ ਵਿਚ ਪ੍ਰਭੂ-ਸ਼ਕਤੀ ਦਾ ਇਸਤ੍ਰੀ ਰੂਪ ਚਿਤਵਿਆ ਤੱਕ ਨਹੀਂ ਗਿਆ । ਪਰਮਾਤਮਾਂ ਨੂੰ ਦੇਵੀ ਰੂਪ ਵਿਚ ਮੰਨਣਾ ਬਿੱਪ੍ਰ-ਵਾਦ ਹੈ ।

(੨) ਗੁਰਮਤਿ ਅਨੁਸਾਰ ਸੰਸਾਰ ਦੇ ਸਾਰੇ ਜੀਵ ਪ੍ਰਭੂ-ਪਤੀ ਦੀਆਂ ਇਸਤ੍ਰੀਆਂ ਹਨ ।

(੩) ਪ੍ਰਭੂ-ਪਤੀ ਲਈ ਸੇਜ ਵਿਛਾਉਣੀ,ਅਧਵਾ ਸੇਜ ਤਿਆਰ ਕਰਨ ਦਾ ਭਾਵ ਹੈ, ਆਪਣੇ ਅੰਦਰੋਂ ਹੰਕਾਰ ਦੂਰ ਕਰਕੇ ਆਪਾ ਭਾਵ ਮਿਟਾ ਕੇ, ਪ੍ਰਭੂ-ਪਤੀ ਮਿਲਾਪ ਲਈ ਵਿਕਾਰਾਂ ਤੋਂ ਸਾਫ਼ ਹਿਰਦਾ-ਸੇਜ ਤਿਆਰ ਕਰਨੀ ।

(੪) ਪ੍ਰਭੂ-ਪਤੀ ਨਾਲ ਭੋਗ ਦਾ ਅਰਥ ਹੈ ਪ੍ਰਭ ਦਾ ਹਿਰਦੇ ਵਿਚ ਪ੍ਰਗਟ ਹੋ ਜਾਣ ਨਾਲ ਹਿਰਦਾ ਅਲੋਕਿਕ ਦੈਵੀ ਅਨੰਦ ਨਾਲ ਭਰ ਜਾਣਾ । ਹਿਰਦੇ ਦੇ ਅੰਦਰ ਅਨਹਦ ਝੁਣਕਾਰ ਦਾ ਅਰੰਭ ਹੋ ਜਾਣਾ । ਪ੍ਰਭੂ ਚਰਨਾਂ ਨਾਲ ਜੀਵ ਦਾ ਸਦੀਵੀ ਮਿਲਾਪ ਪ੍ਰਭੂ ਦਾ ਭੋਗ ਹੈ । ਅਤੇ ਤਨ ਮਨ ਅਰਪਣ ਕਰਨ ਦਾ ਅਰਥ ਹੈ--" **ਹਾਥਿ ਪਾਉ ਕਰਿ ਕਾਮ ਸਭ ਚੀਰ ਨਿਰੰਜਨ ਨਾਲ ਸਰੀਰ ਨਾਲ** " ।ਮਨੁ ਪ੍ਰਭੂ-ਯਾਦ ਵਿਚ ਜੁੜਿਆ ਰਹੇ ਅਤੇ ਤਨੁ ਗ਼ਰੀਬਾਂ ਲੋੜਵੰਦਾਂ ਦੀ ਸੇਵਾ ਦਾ ਅਵਸਰ ਮਿਲਣ ਤੇ ਕਦੇ ਆਲਸ ਨਾ ਕਰੇ । ਨੇਕੀ, [ਪਰਸੁਆਰਥ ਲਈ ਮਨ ਅਤੇ ਤਨ ਸਦਾ ਉੱਦਮੀ ਬਣੇ ਰਹਿਣ ]

(੫) ਪ੍ਰਭੂ ਦੀ ਯਾਦ ਸਦਾ ਲਈ ਹਿਰਦੇ ਵਿਚ ਵਸਾ ਲੈਣਾ, ਸਦ-ਜੀਵੇ ਪ੍ਰਭੂ ਨੂੰ ਪਤੀ ਬਣਾ ਲੈਣਾ ਹੈ, ਅਰਥਾਤ " ਸਦਾ ਸੋਹਾਗਣ " ਬਣ ਜਾਣ ਵਾਲੇ ਆਨੰਦ ਦੀ ਪ੍ਰਾਪਤੀ ਹੈ ।

੧੦੬- **ਗੂਜਰੀ ਜਾਤਿ ਗਵਾਰਿ, ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥ ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥ ਸਾ ਹੁਕਮ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ ਓਹੁ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰ ॥ ਭੈ ਪਇਐ ਮਲੁ ਕਟੀਐ ਨਿਰਮਲੁ ਹੋਵੈ ਸਰੀਰੁ ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥ ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥ ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥ ੧ ॥** [੫੧੬]-ਵਾਰ-੧੯

[ਅਜੇਹੇ ਹੋਰ ਗੁਰੂ ਸ਼ਬਦਾਂ ਵਿਚੋਂ ੧੮੮ ਪਾਵਨ ਸ਼ਬਦਾਂ ਦੀ ਸੂਚੀ ਤਿਆਰ ਪਈ ਹੈ]

# ਸਤਵਾਂ ਕਾਂਡ

## ੧

## ਜੀਵ-ਆਤਮਾ

ਹੁਣ ਇਹ ਸਵਾਲ ਪੈਦਾ ਹੋਣਾ ਸੁਭਾਵਕ ਹੀ ਹੈ ਕਿ ਆਤਮਾ ਕੀ ਹੈ ? ਇਸ ਦੀ ਹੋਂਦ ਦਾ ਸਪੱਸ਼ਟ ਸਬੂਤ ਕਿਵੇਂ ਮਿਲ ਸਕੇ ? ਮਹਾਨ ਕੋਸ਼ ਵਿਚ ਆਤਮਾ ਬਾਰੇ ਇਸ ਪ੍ਰਕਾਰ ਦੀ ਜਾਣਕਾਰੀ ਦਿੱਤੀ ਹੋਈ ਹੈ :--

ਆਤ੍ ਮਨ੍, । ਜਿਸ ਦ੍ਵਾਰਾ ਜਾਣੀਏ ਗਯਾਨ ਦਾ ਅਧਾਰ ਰੂਪ। ਅਥਵਾ--ਜਿਸ ਨੂੰ ਗੁਰ ਉਪਦੇਸ਼ ਅਤੇ ਆਤਮ ਗ੍ਰੰਥਾਂ ਤੋਂ ਜਾਣੀਏ . ਆਤਮਾ. ਰੂਹ. ਇਹ ਪ੍ਰਾਣੀਆਂ ਵਿਚ ਤੱਤ ਹੈ, ਜੋ ਅਨੇਕ ਚੇਸ਼ਟਾ ਦਾ ਕਾਰਣ ਹੈ . (ਚੇਸ਼ਟਾ--ਜਤਨ ਕਰਨਾ, ਝਗੜਾ ਕਰਨਾ, ਵਿਚਾਰਨਾ, ਫਿਰਨਾ) ਮਨੁੱਖਾਂ ਵਿੱਚ ਇਹ ਉਹ ਹਸਤੀ ਹੈ ਜਿਸ ਤੋਂ ਮੈਂ ਮੇਰੀ ਦਾ ਬੋਧ ਹੁੰਦਾ ਹੈ । ਕਿਸੇ ਨੇ ਇਸ ਦਾ ਨਿਵਾਸ ਹਿਰਦੇ ਵਿੱਚ, ਕਿਸੇ ਨੇ ਦਿਮਾਗ਼ ਵਿੱਚ ਅਤੇ ਕਿਸੇ ਨੇ ਸਾਰੇ ਹੀ ਅੰਗਾਂ ਵਿਚ ਪੂਰਣ ਮੰਨਿਆਂ ਹੈ । **ਨਿਯਾਯ** ਮਤ ਨੇ ਆਤਮਾ ਦਾ ਲੱਛਣ ਕੀਤਾ ਹੈ ਕਿ, ਇੱਛਾ, ਸੁਖ, ਦੁਖ, ਗਯਾਨ ਆਦਿ ਧਾਰਨ ਕਰਨ ਵਾਲਾ ਆਤਮਾ ਹੈ, ਅਰਥਾਤ ਜਿੱਥੇ ਇਹ ਹੋਣ ਉ ੱਥੇ ਆਤਮਾ ਹੈ । (ਨਯਾਯ ਦਰਸ਼ੰਨ,ਮਅ:, ਆਹਿਨਕ ਬ੧ ਸੂਤ੍ਰ ੧੦)

**ਵੇਦਾਂਤ ਦੇ** ਅਨੁਸਾਰ ਅਵਿਦਿਆ ਵਿੱਚ ਚੇਤਨ ਦਾ ਅਭਾਸ (ਅਕਸ) ਜੀਵ ਆਤਮਾ ਹੈ । ਜੀਵ ਆਤਮਾ ਇੱਕ ਹੈ, ਜਿਵੇਂ ਸੂਰਜ ਦਾ ਪ੍ਰਤਿਬਿੰਬ ਹਜ਼ਾਰਾਂ ਘੜਿਆਂ ਵਿੱਚ ਇੱਕ ਹੈ, ਤਿਵੇਂ ਅਨੇਕ ਸ਼ਰੀਰਾਂ ਵਿੱਚ ਜੀਵਾਤਮਾ ਹੈ । ਜੀਵਾਤਮਾ ਬ੍ਰਹਮ ਤੋਂ ਵੱਖ ਨਹੀਂ ਹੈ, ਅਰ ਉਪਾਧਿ ਨੇ ਹੀ ਜੀਵ ਈਸ਼ਵਰ ਭੇਦ ਕਰ ਰੱਖੇ ਹਨ ੨--ਪਰਮਾਤਮਾ, ਪਾਰਬ੍ਰਹਮ, ਵਾਹਿਗੁਰੂ । ੩--ਅੰਤਹਕਰਣ, ਮਨ, ਚਿਤ, " " **ਆਤਮਾ ਅਡੋਲੁ ਨ ਡੋਲਈ ਗੁਰਕੈ ਸਹਜਿ ਸੁਭਾਇ** " (ਵਾਰ ਸ੍ਰੀ ਮ: ੩ ) । ੪- ਸੁਭਾਉ, ਸਭਾਵ, । ੫--ਸ਼ਰੀਰ, ਦੇਹ । ੬--ਧੀਰਜ, ਧ੍ਰਿਤਿ । ੭--ਬੁੱਧ । ਸੂਰਜ । ੯-ਅਗਨਿ । ੧੦-ਪਵਨ, ਹਵਾ । ੧੧--ਪੁਤਰ । ।

ਮਹਾਨ ਕੋਸ਼ ਵਿਚ ਦੂਜੇ, ਤੀਜੇ ਨੰਬਰ ਤੇ ਲਿਖੇ " ਆਤਮਾ " ਦੇ ਅਰਥ " ਗੁਰਮਤਿ " ਦੇ ਅਨਕੂਲ ਹਨ, ੧੦ ਨੰਬਰ ਤੇ ਲਿਖਿਆ ' ਪਵਨ ' ਵੀ ਗੁਰਬਾਣੀ ਵਿਚ ਆਤਮਾ ਵਜੋਂ ਵਰਤਿਆ ਹੋਇਆ ਹੈ । ਗੁਰੂ-ਬਾਣੀ ਨੇ ਆਤਮਾਂ ਨੂੰ ਪਰਮਾਤਮਾ ਦਾ ਅੰਸ਼ ਮੰਨਿਆਂ ਹੈ--**ਕਹੁ ਕਬੀਰ ਇਹੁ ਰਾਮ ਕੀ ਅੰਸੁ ॥** ਸਾਰਿਆਂ ਦੇ ਅੰਦਰ ਵੱਸਦੇ ਪ੍ਰਭੂ ਨੂੰ " ਆਤਮਰਾਮੁ " ਵੀ ਕਿਹਾ ਹੈ--**ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥ ੫ ॥** [੯੧੬] ਭੈਰਉ ਰਾਗ ਅਸ਼ਟਪਦੀਆਂ ਵਿਚ ਸਤਿਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ ਜਿਸ ਤੇ ਪ੍ਰਭੂ ਦੀ ਮਿਹਰ ਹੋਵੇ ਉਹ ਮਨੁੱਖ

ਗੁਰੂ ਦੇ ਸ਼ਬਦ-ਗਿਆਨ ਦੀ ਵਿਚਾਰ ਰਾਹੀਂ ਇਹ ਪਛਾਣ ਲੈਂਦਾ ਹੈ ਕਿ ਜੀਵ-ਆਤਮਾ ਵਿਚ ਪਰਮਾਤਮਾ ਵਿਆਪਕ ਹੈ, ਅਤੇ ਪਰਮਾਤਾਮਾ ਦੇ ਵਿਚ ਹੀ ਜੀਵ ਜੀਊਂਦਾ ਹੈ:--**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨ੍ਸਿ ਗੁਰ ਬੀਚਾਰਾ ।।**[੧੧੫੩] ਸਿਧਾਂ ਨੂੰ ਤਤ ਗਿਆਨ ਦੀ ਬਖ਼ਸ਼ਸ਼ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ---**ਅਕਥ ਕਥਾ ਲੇ ਸਮ ਕਰਿ ਰਹੈ ।। ਤਉ ਨਾਨਕ ਆਤਮ ਰਾਮ ਕਉ ਲਹੈ ।। ੬੨ ।।** [੯੪੫]-ਜੇ ਮਨੁੱਖ ਅਕੱਥ ਪ੍ਰਭੂ ਦੇ ਗੁਣ ਗਾ ਕੇ (ਦੁਖ ਸੁਖ ਨੂੰ) ਇੱਕ-ਸਮਾਨ ਜਾਣ ਕੇ ਜੀਵਨ ਬਤੀਤ ਕਰੇ, ਤਾਂ ਉਹ ਸਾਰੇ ਸੰਸਾਰ-ਦੀ-ਜਿੰਦ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ । ਯਥਾ--**ਆਤਮ ਰਾਮੁ ਤਿਸੁ ਨਦਰੀ ਆਇਆ ।।** [ਸੁਖਮਨੀ] ਆਤਮਾਂ ਬਾਰੇ ਠੀਕ ਤਰ੍ਹਾਂ ਸਮਝਣ ਲਈ ਲੋੜੀਦਾ ਹੈ ਕਿ ਅਸੀਂ ਪੂਰੀ ਇਕਾਗਰਤਾ ਨਾਲ ਗੁਰੂ-ਸ਼ਬਦਾਂ ਦੀ ਖੁਲ੍ਹੀ ਵਿਚਾਰ ਕਰੀਏ ।

## ੨

## ਆਤਮਾ ਮਰਮਾਤਮਾ ਦਾ ਰੂਪ

੧- **ਅਚਰਜ ਕਥਾ ਮਹਾ ਅਨੂਪ ।। ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ।। ਰਹਾਉ ।।**[੮੬੮]-੧੯-੨੧

**ਅਰਥ:**--ਜੀਵਾਤਮਾ ਉਸ ਪਰਮਾਤਮਾ ਦਾ ਰੂਪ ਹੈ ਜਿਸ ਦੀ ਸਿਫ਼ਤਿ ਸਾਲਾਹ ਦੀਆਂ ਗੱਲਾਂ ਹੈਰਾਨ ਕਰ ਦੇਣ ਵਾਲੀਆਂ ਹਨ ਤੇ ਬੜੀਆਂ ਅਦੁਤੀ ਹਨ । ਰਹਾਉ ।

੨- **ਨਾ ਓਹੁ ਮਰਤਾ ਨਾ ਹਮ ਡਰਿਆ ।। ਨਾ ਓਹੁ ਬਿਨਸੈ ਨਾ ਹਮ ਕੜਿਆ ।। ਨਾ ਓਹੁ ਨਿਰਧਨੁ ਨਾ ਹਮ ਭੂਖੇ ।।**
**ਨਾ ਓਸੁ ਦੂਖੁ ਨ ਹਮ ਕਉ ਦੂਖੇ ।। ੧ ।। ਅਵਰੁ ਨ ਕੋਊ ਮਾਰਨਵਾਰਾ ।। ਜੀਅਉ ਹਮਾਰਾ ਜੀਉ ਦੇਨਹਾਰਾ ।। ੧ ।।**
**ਰਹਾਉ ।। ਨਾ ਉਸੁ ਬੰਧਨ ਨਾ ਹਮ ਬਾਧੇ ।। ਨਾ ਉਸੁ ਧੰਧਾ ਨਾ ਹਮ ਧਾਧੇ ।। ਨਾ ਉਸੁ ਮੈਲੁ ਨ ਹਮ ਕਉ ਮੈਲਾ ।।**
**ਓਸੁ ਅਨੰਦੁ ਤ ਹਮ ਸਦ ਕੇਲਾ ।। ੨ ।। ਨਾ ਉਸੁ ਸੋਚੁ ਨ ਹਮ ਕਉ ਸੋਚਾ ।। ਨਾ ਉਸੁ ਲੇਪੁ ਨ ਹਮ ਕਉ ਪੋਚਾ ।।**
**ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ।। ਜਾ ਉਹੁ ਨਿਰਮਲੁ ਤਾਂ ਹਮ ਜਚਨਾ ।। ੩ ।। ਹਮ ਕਿਛੁ ਨਾਹੀ ਏਕੈ ਓਹੀ ।।**
**ਆਗੈ ਪਾਛੈ ਏਕੋ ਸੋਈ ।। ਨਾਨਕ ਗੁਰਿ ਖੋਏ ਭ੍ਰਮ ਭੰਗਾ ।। ਹਮ ਓਇ ਮਿਲਿ ਹੋਏ ਇਕ ਰੰਗਾ ।। ੪ ।।**[੩੯੧]-੩੨-੮੩

**ਅਰਥ:**--(ਹੇ ਭਾਈ ! ਸਾਡੀ ਜੀਵਾਂ ਦੀ ਪਰਮਾਤਮਾ ਤੋਂ ਵੱਖਰੀ ਕੋਈ ਹਸਤੀ ਨਹੀਂ ਉਹ ਆਪ ਹੀ ਜੀਵਾਤਮਾ-ਰੂਪ ਵਿਚ ਸਰੀਰਾਂ ਦੇ ਅੰਦਰ ਵਰਤ ਰਿਹਾ ਹੈ) ਉਹ ਪਰਮਾਤਮਾ ਕਦੇ ਮਰਦਾ ਨਹੀਂ (ਸਾਡੇ ਅੰਦਰ ਭੀ ਉਹ ਆਪ ਹੀ ਹੈ) ਸਾਨੂੰ ਵੀ ਮੌਤ ਤੋਂ ਡਰ ਨਹੀਂ ਹੋਣਾ ਚਾਹੀਦਾ । ਉਹ ਪਰਮਾਤਮਾ ਕਦੇ ਨਾਸ ਨਹੀਂ ਹੁੰਦਾ, ਸਾਨੂੰ ਵੀ (ਵਿਨਾਸ਼ ਦੀ) ਕੋਈ ਚਿੰਤਾ ਨਹੀ । ਉਹ ਪ੍ਰਭੂ ਕੰਗਾਲ ਨਹੀਂ ਹੈ, ਅਸੀ ਵੀ ਆਪਣੇ ਆਪ ਨੂੰ ਭੁੱਖੇ-ਗ਼ਰੀਬ ਨਾ ਸਮਝੀਏ । ਉਸ ਨੂੰ ਕੋਈ ਦੁੱਖ ਨਹੀਂ ਪੋਹੰਦਾ, ਸਾਨੂੰ ਵੀ ਕੋਈ ਦੁਖ ਨਹੀਂ ਪੋਹਣਾ ਚਾਹੀਦਾ **। ੧ ।** ਜੀਓਂਦਾ ਰਹੇ ਸਾਨੂੰ ਜਿੰਦ ਦੇਣ ਵਾਲਾ ਪਰਮਾਤਮਾ (ਪਰਮਾਤਮਾ ਆਪ ਸਦਾ ਕਾਇਮ ਰਹਿਣ ਵਾਲਾ ਹੈ ਉਹੀ ਸਾਨੂੰ ਜੀਵਾਂ ਨੂੰ ਜਿੰਦ ਦੇਣ ਵਾਲਾ ਹੈ ਤੇ) ਉਸ ਤੋਂ ਬਿਨਾ ਕੋਈ ਹੋਰ ਸਾਨੂੰ ਮਾਰਨ ਦੀ ਤਾਕਤ ਨਹੀਂ ਰੱਖਦਾ **। ੧ । ਰਹਾਉ ।** ਉਸ ਪਰਮਾਤਮਾ ਨੂੰ ਮਾਇਆ ਦੇ ਬੰਧਨ ਵਿਚ ਜਕੜ ਨਹੀਂ ਸਕਦੇ (ਇਸ ਵਾਸਤੇ ਅਸਲ ਵਿਚ) ਅਸੀ ਵੀ ਮਾਇਆ ਦੇ ਮੋਹ ਵਿਚ ਬੱਝੇ ਹੋਏ ਨਹੀਂ ਹਾਂ । ਉਸ ਨੂੰ ਕੋਈ ਮਾਇਕ ਦੌੜ-ਭੱਜ ਗ੍ਰਸ ਨਹੀਂ ਸਕਦੀ, ਅਸੀ ਵੀ ਧੰਧਿਆਂ ਵਿਚ ਗ੍ਰਸੇ ਹੋਏ ਨਹੀਂ ਹਾਂ । (ਸਾਡੇ ਅਸਲੇ) ਉਸ ਪਰਮਾਤਮਾ ਨੂੰ ਵਿਕਾਰਾ ਦੀ ਮੈਲ ਨਹੀਂ ਲੱਗ ਸਕਦੀ, ਸਾਨੂੰ ਵੀ (ਅਜੇਹੀ ਕੋਈ) ਮੈਲ ਨਹੀਂ ਲੱਗਣੀ ਚਾਹੀਦੀ । ਉਸ ਨੂੰ ਸਦਾ ਅਨੰਦ ਹੀ ਅਨੰਦ ਹੈ, ਅਸੀ ਵੀ ਸਦਾ ਖਿੜੇ ਰਹੀਏ । ੨ । (ਹੇ ਭਾਈ !) ਉਸ ਪਰਮਾਤਮਾ ਨੂੰ ਕੋਈ ਚਿੰਤਾ-ਫ਼ਿਕਰ ਨਹੀਂ ਵਿਆਪਦਾ (ਸਾਡੇ ਅੰਦਰ ਉਹ ਆਪ ਹੀ ਹੈ) ਸਾਨੂੰ ਵੀ ਕੋਈ ਫ਼ਿਕਰ ਨਹੀਂ ਪੋਹਣਾ ਚਾਹੀਦਾ । ਉਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ, ਸਾਡੇ ਉਤੇ ਵੀ ਕਿਉਂ ਪਏ ? ਉਸ ਪਰਮਾਤਮਾ ਨੂੰ ਕੋਈ ਭੁੱਖ ਨਹੀਂ ਹੈ, ਸਾਨੂੰ ਵੀ ਮਾਇਆ ਦੀ ਕੋਈ ਤ੍ਰਿਸ਼ਨਾਂ ਨਹੀਂ ਵਿਆਪਣੀ ਚਾਹੀਦੀ । ਜਦੋਂ ਪਰਮਾਤਮਾ ਪਵਿਤ੍ਰ-ਸਰੂਪ ਹੈ (ਉਹੀ ਸਾਡੇ ਅੰਦਰ ਵਿਆਪਕ ਹੈ) ਤਾਂ ਅਸੀਂ ਵੀ ਸੁੱਧ-ਸਰੂਪ ਹੀ ਰਹਿਣੇ ਚਾਹੀਦੇ ਹਾਂ । ੩ । (ਹੇ ਭਾਈ !) ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ (ਸਭਨਾਂ ਵਿੱਚ) ਉਹ ਪਰਮਾਤਮਾ ਆਪ ਹੀ ਆਪ ਹੈ । ਇਸ ਲੋਕ ਵਿਚ ਅਤੇ ਪਰਲੋਕ ਵਿੱਚ ਉਹ ਆਪ ਹੀ ਆਪ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, ਜਦੋਂ ਗੁਰੂ ਨੇ (ਸਾਡੇ ਅੰਦਰੋਂ ਸਾਡੀ ਮਿਥੀ ਹੋਈ ਵੱਖਰੀ ਹਸਤੀ ਦੇ) ਭਰਮ ਦੂਰ ਕਰ ਦਿੱਤੇ ਜੋ (ਸਾਡੇ ਉਸ ਨਾਲ ਇੱਕ-ਰੂਪ ਹੋਣ ਦੇ ਰਾਹ ਵਿਚ) ਵਿਘਨ (ਪਾ ਰਹੇ ਸਨ), ਤਦੋਂ ਅਸੀਂ ਉਸ ਪ੍ਰਭੂ ਨਾਲ ਮਿਲ ਕੇ ਉਸ ਨਾਲ ਇੱਕ-ਮਿਕ ਹੋ ਗਏ । ੪ ।

੩- **ਆਤਮਾ ਦੇਉ ਪੂਜੀਐ, ਗੁਰ ਕੈ ਸਹਜਿ ਸੁਭਾਇ ।। ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ,**
**ਤਾ ਘਰ ਹੀ ਪਰਚਾ ਪਾਇ ।। ਆਤਮਾ ਅਡੋਲੁ ਨ ਡੋਲਈ, ਗੁਰ ਕੈ ਭਾਇ ਸੁਭਾਇ ।।**[੮੭]-ਵਾਰ-੧੨

**ਅਰਥ:**--ਗੁਰੂ ਦੀ ਮਤਿ ਲੈ ਕੇ ਤੇ ਗੁਰੂ ਦੇ ਸੁਭਾਉ ਵਿਚ (ਆਪਣਾ ਸੁਭਾਅ ਲੀਨ ਕਰ ਕੇ) ਜੀਵ-ਆਤਮਾ ਦਾ ਪ੍ਰਕਾਸ਼ ਕਰਨ ਵਾਲੇ ਹਰੀ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ । (ਇਸ ਤਰ੍ਹਾਂ) ਜਦੋਂ ਜੀਵ ਨੂੰ ਪ੍ਰਭੂ (ਦੀ ਹੋਂਦ ਤੇ) ਸਿਦਕ ਬੱਝ ਜਾਵੇ ਤਾਂ ਹਿਰਦੇ ਵਿਚ ਹੀ (ਪ੍ਰਭੂ ਨਾਲ) ਪਿਆਰ ਬਣ ਜਾਂਦਾ ਹੈ ਸਤਿਗੁਰਾਂ ਦੇ ਪਿਆਰ ਵਿਚ ਉਨ੍ਹਾਂ ਦੇ ਸੁਭਾਉ ਵਿਚ ਵਰਤਿਆਂ ਜੀਵਾਤਮਾ (ਮਾਇਆ ਵਲੋਂ) ਅਹਿਲ ਹੋ ਕੇ ਡੋਲਣੋ ਹਟ ਜਾਂਦਾ ਹੈ ।

੪- **ਕਈ ਕੋਟਿ ਭਏ ਬੈਰਾਗੀ ।। ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ।।**
**ਕਈ ਕੋਟਿ ਪ੍ਰਭ ਕਉ ਖੋਜੰਤੇ ।। ਆਤਮ ਮਹਿ ਪਾਰਬ੍ਰਹਮੁ ਲਹੰਤੇ ।।.. ੬ ।।. . .**
**ਕਈ ਕੋਟਿ ਪਾਰਬ੍ਰਹਮ ਕੇ ਦਾਸ ।। ਤਿਨ ਹੋਵਤ ਆਤਮ ਪਰਗਾਸ ।। ਕਈ ਕੋਟਿ ਤਤ ਕੇ ਬੇਤੇ ।।**
**ਸਦਾ ਨਿਹਾਰਹਿ ਏਕੋ ਨੇਤ੍ਰੇ ।। ਕਈ ਕੋਟਿ ਨਾਮ ਰਸੁ ਪੀਵਹਿ ।। ਅਮਰ ਭਏ ਸਦ ਸਦ ਹੀ ਜੀਵਹਿ ।।**
**ਕਈ ਕੋਟਿ ਨਾਮ ਗੁਨ ਗਾਵਹਿ ।। ਆਤਮ ਰਸਿ ਸੁਖਿ ਸਹਜਿ ਸਮਾਵਹਿ ।। ਅਪੁਨੇ ਜਨ ਕਉ ਸਾਸਿ**
**ਸਾਸਿ ਸਮਾਰੇ ।। ਨਾਨਕ ਓਇ ਪਰਮੇਸੁਰ ਕੇ ਪਿਆਰੇ ।। ੮ ।।**[੨੭੬]-ਅਸਟ-੧੦

੫- **ਨਾ ਇਹੁ ਮਾਨਸੁ ਨਾ ਇਹੁ ਦੇਉ ।। ਨਾ ਇਹੁ ਜਤੀ ਕਹਾਵੈ ਸੇਉ ।। ਨਾ ਇਹੁ ਜੋਗੀ ਨਾ ਅਵਧੂਤਾ ।। ਨਾ ਇਸੁ ਮਾਇ**
**ਨ ਕਾਹੂ ਪੂਤਾ ।। ੧ ।। ਇਆ ਮੰਦਰ ਮਹਿ ਕੌਨ ਬਸਾਈ ।। ਤਾ ਕਾ ਅੰਤੁ ਨ ਕੋਊ ਪਾਈ ।। ੧ ।। ਰਹਾਉ ।। ਨਾ ਇਹੁ**
**ਗਿਰਹੀ ਨਾ ਓਦਾਸੀ ।। ਨਾ ਇਹੁ ਰਾਜ ਨ ਭੀਖ ਮੰਗਾਸੀ ।। ਨਾ ਇਸੁ ਪਿੰਡੁ ਨ ਰਕਤੂ ਰਾਤੀ ।। ਨਾ ਇਹੁ ਬ੍ਰਹਮਨੁ**
**ਨਾ ਇਹੁ ਖਾਤੀ ।। ੨ ।। ਨਾ ਇਹੁ ਤਪਾ ਕਹਾਵੈ ਸੇਖੁ ।। ਨਾ ਇਹੁ ਜੀਵੈ ਨ ਮਰਤਾ ਦੇਖੁ ।। ਇਸੁ ਮਰਤੇ ਕਉ ਜੇ ਕੋਊ**
**ਰੋਵੈ ।। ਜੋ ਰੋਵੈ ਸੋਈ ਪਤਿ ਖੋਵੈ ।। ੩ ।। ਗੁਰ ਪ੍ਰਸਾਦਿ ਮੈ ਡਗਰੋ ਪਾਇਆ ।। ਜੀਵਨ ਮਰਨੁ ਦੋਊ ਮਿਟਵਾਇਆ ।।**
**ਕਹੁ ਕਬੀਰ ਇਹੁ ਰਾਮ ਕੀ ਅੰਸੁ ।। ਜਸ ਕਾਗਦ ਪਰ ਮਿਟੈ ਨ ਮੰਸੁ ।। ੪ ।।**[੮੭੧]-੨-੫

**ਅਰਥ:**--(ਕੀ ਮਨੁੱਖ ਤੇ ਕੀ ਦੇਵਤਾ, ਕੀ ਜਤੀ ਅਤੇ ਕੀ ਸ਼ਿਵ-ਉਪਾਸ਼ਕ, ਕੀ ਜੋਗੀ, ਤੇ ਕੀ ਤਿਆਗੀ, ਹਰੇਕ ਵਿਚ ਉਹੀ ਵੱਸਦਾ ਹੈ, ਪਰ ਫਿਰ ਵੀ ਸਦਾ ਲਈ) ਨਾ ਇਹ ਮਨੁੱਖ ਹੈ ਨਾ ਇਹ ਦੇਵਤਾ, ਨਾ ਜਤੀ, ਸ਼ਿਵ-ਉਪਾਸ਼ਕ, ਜੋਗੀ, ਅਤੇ ਨਾ ਹੀ ਤਿਆਗੀ ਹੈ, ਨਾ ਇਸ ਦੀ ਕੋਈ ਮਾਂ ਹੈ ਨਾਂ ਹੀ ਇਹ ਕਿਸੇ ਦਾ ਪੁੱਤਰ ਹੈ **। ੧ ।** (ਸਾਡੇ) ਇਸ ਸਰੀਰ-ਰੂਪ ਘਰ ਵਿਚ ਕੌਣ ਵੱਸਦਾ ਹੈ ? ਉਸ ਦਾ ਕੀ ਅਸਲਾ ਹੈ ?--ਇਸ ਗੱਲ ਦੀ ਤਹਿ ਵਿਚ ਕੋਈ ਨਹੀਂ ਅੱਪੜਿਆ **। ੧ । ਰਹਾਉ ।** (ਗ੍ਰਿਹਸਤੀ, ਉਦਾਸੀ, ਰਾਜਾ, ਬ੍ਰਾਹਮਣ, ਖੱਤ੍ਰੀ, ਸਭ ਵਿਚ ਇਹੀ ਵੱਸਦਾ ਹੈ, ਫਿਰ ਵੀ ਇਨ੍ਹਾਂ ਵਿਚ ਰਹਿਣ ਕਰਕੇ ਸਦਾ ਲਈ) ਨਾਂਹ ਇਹ ਗ੍ਰਿਹਸਤੀ ਹੈ, ਨਾ ਉਦਾਸੀ , ਨਾ ਰਾਜਾ, ਨਾ ਮੰਗਤਾ, ਨਾ ਇਹ ਬ੍ਰਾਹਮਣ ਹੈ ਨਾ ਖੱਤ੍ਰੀ ਹੈ । ਨਾ ਇਸ ਦਾ ਕੋਈ ਸ਼ਰੀਰ ਹੈ ਨਾ ਇਸ ਵਿਚ ਰਤਾ ਭਰ ਵੀ ਲਹੂ ਹੈ **। ੨ ।** (ਤਪੇ, ਸ਼ੇਖ, ਸਭ ਵਿਚ ਏਹੀ ਹੈ, ਸਭ ਸਰੀਰਾਂ ਵਿਚ ਆ ਕੇ ਜੰਮਦਾ ਮਰਦਾ ਵੀ ਜਾਪਦਾ ਹੈ, ਫਿਰ ਵੀ ਸਦਾ ਲਈ) ਨ ਇਹ ਕੋਈ ਤਪਸ੍ਵੀ ਹੈ ਨ ਕੋਈ ਸ਼ੇਖ਼ ਹੈ, ਨ ਇਹ ਜੰਮਦਾ ਹੈ ਨ ਮਰਦਾ ਹੈ । ਜਿਹੜਾ ਕੋਈ ਜੀਵ ਇਸ (ਅੰਦਰ-ਵੱਸਦੇ) ਨੂੰ ਮਰਦਾ ਸਮਝ ਕੇ ਰੋਂਦਾ ਹੈ ਉਹ ਖ਼ੁਆਰ ਹੀ ਹੁੰਦਾ ਹੈ **। ੩ ।** ਹੇ ਕਬੀਰ ਆਖ--(ਜਦੋਂ ਦਾ) ਮੈਂ ਆਪਣੇ ਗੁਰੂ ਦੀ ਕਿਰਪਾ ਨਾਲ (ਜ਼ਿੰਦਗੀ ਦਾ ਸਹੀ) ਰਸਤਾ ਲੱਭਾ ਹੈ, ਮੈਂ ਆਪਣਾ ਜਨਮ ਮਰਨ ਦੋਵੇਂ ਖ਼ਤਮ ਕਰਾ ਲਏ ਹਨ (ਭਾਵ, ਮੇਰਾ ਜਨਮ-ਮਰਨ ਦਾ ਗੇੜ ਮੁੱਕ ਗਿਆ ਹੈ, ਹੁਣ ਮੈਨੂੰ ਸਮਝ ਆ ਗਈ ਹੈ ਕਿ) ਸਾਡੇ ਅੰਦਰ ਵੱਸਣ ਵਾਲਾ (ਆਤਮਾ) ਪਰਮਾਤਮਾ ਦੀ ਅੰਸ ਹੈ, ਤੇ ਇਹ ਦੋਵੇਂ (-ਆਤਮਾ ਤੇ ਪਰਮਾਤਮਾ) ਆਪੋ ਵਿਚ ਜੁੜੇ ਹੋਏ ਹਨ ਜਿਵੇਂ ਕਾਗ਼ਜ਼ ਅਤੇ (ਕਾਗ਼ਜ਼ ਉ ੱਤੇ ਲਿਖੀ ਅੱਖਰਾਂ ਦੀ) ਸਿਆਹੀ । ੪ ।

ਅੰਡਡਜ ਜੇਰਜ ਉਤਭੁਜ਼ ਅਥਵਾ ਸੇਤਜ ਆਦਿ ਖਾਣੀਆਂ ਤੋਂ ਪੈਦਾ ਹੋਣ ਵਾਲੀਆਂ ਸਭ ਜੂਨੀਆਂ ਵਿਚ, ਏਹ ਜੀਵ ਆਤਮਾਂ ਵਿਚਰਦਾ ਰਿਹਾ ਹੈ :--

੬- **ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥**
**ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥ ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ**
**ਸੰਜਰੀਆ ॥ ੧ ॥ ਰਹਾਉ ॥ ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥**
**ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥**[੧੭੬]-੩-੭੨

**ਪਦ ਅਰਥ:**--ਕੀਟ--ਕੀੜੇ । ਗਜ--ਹਾਥੀ । ਮੀਨ--ਮੱਛੀ । ਕੁਰੰਗਾ--ਹਿਰਨ । ਪੰਖੀ--ਪੰਛੀ । ਸਰਪ--ਸੱਪ । ਹੈਵਰ--ਵਧੀਆ ਘੋੜੇ । ਬ੍ਰਿਖ--ਬਲਦ । ਜੋਇਓ--ਜੋਇਆ ਗਿਆ, ਜੋਤਿਆ ਗਿਆ । ੧ । ਜਗਦੀਸ--ਜਗਤ ਦੇ ਮਾਲਕ ਪ੍ਰਭੂ ਨੂੰ । ਬਰੀਆ--ਵਾਰੀ, ਸਮਾ । ਚਿਰੰਕਾਲ--ਲੰਮੇ ਸਮੇ ਪਿੱਛੋਂ । ਦੇਹ--ਸਰੀਰ । ਸੰਜਰੀਆ--ਮਿਲੀ ਹੈ । ੧ । ਰਹਾਉ । ਸੈਲ--ਪੱਥਰ । ਗਿਰਿ--ਪਹਾੜ । ਹਿਰਿ ਖਰਿਆ--ਛਣ ਗਏ, ਡਿੱਗ ਗਏ (ਗ੍ਰਭ-ਪਾਤ ਹੋ ਗਿਆ) । ਸਾਖ--ਸ਼ਾਖਾ, ਬਨਾਸਪਤੀ । ਕਰਿ--ਬਣਾ ਕੇ । ਭ੍ਰਮਾਇਆ--ਭਵਾਇਆ ਗਿਆ । ੨ ।

੭- **ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥ ਐਸੇ ਘਰ ਹਮ ਬਹੁਤੁ ਬਸਾਏ ॥**
**ਜਬ ਹਮ ਰਾਮ ਗਰਭ ਹੋਇ ਆਏ ॥ ੧ ॥ ਰਹਾਉ ॥ ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ,**
**ਕਬਹੂ ਭੇਖਾਰੀ ॥ ੨ ॥ ਸਾਕਤ ਮਰਹਿ, ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥ ੩ ॥**
**ਕਹੁ ਕਬੀਰ ਪ੍ਰਭ ਕਿਰਪਾ ਕੀਜੈ ਹਾਰਿ ਪਰੇ, ਅਬ ਪੂਰਾ ਦੀਜੈ ॥ ੪ ॥**[੩੨੬]-੧੩

**ਅਰਥ:**--ਅਸੀ (ਹੁਣ ਤਕ) ਅਸਥਾਵਰ (--ਇੱਕ ਥਾਂ ਖਲੋਤੇ ਰਹਿਣ ਵਾਲੇ ਪਰਬਤ, ਰੁੱਖ ਆਦਿ), ਜੰਗਮ (--ਤਰਨ ਵਾਲੇ ਪਸ਼ੂ -ਪੰਛੀ) ਕੀੜੇ-ਪਤੰਗੇ ਇਹੋ ਜਿਹੇ ਕਈ ਕਿਸਮਾਂ ਦੇ ਜਨਮਾਂ ਵਿਚ ਆ ਚੁਕੇ ਹਾਂ । ੧ । ਹੇ ਰਾਮ ! ਜਦੋਂ ਅਸੀਂ ਜੂਨਾਂ ਵਿਚ ਪੈਂਦੇ ਗਏ ਤਾਂ ਇਹੋ ਜਿਹੇ ਕਈ ਸਰੀਰਾਂ ਵਿਚੋਂ ਦੀ ਲੰਘ ਕੇ (ਮਨੁੱਖ ਜਨਮ ਵਿਚ) ਆਏ ਹਾਂ । ੧ । ਰਹਾਉ । (ਮਨੁੱਖਾ ਦੇਹ ਵਿਚ ਵੀ) ਕਦੇ ਅਸੀ ਜੋਗੀ ਬਣੇ, ਕਦੇ ਜਤੀ, ਕਦੇ ਤਪੀ, ਕਦੇ ਬ੍ਰਹਮਚਾਰੀ, ਕਦੇ ਛਤ੍ਰਪਤੀ ਰਾਜੇ ਬਣੇ ਤੇ ਕਦੇ ਮੰਗਤੇ ਬਣੇ । ੨ । ਜੋ ਮਨੁੱਖ ਰੱਬ ਨਾਲੋਂ ਟੁੱਟੇ ਰਹਿੰਦੇ ਹਨ ਉਹ ਸਦਾ (ਇਸ ਤਰ੍ਹਾਂ) ਕਈ ਜੂਨਾਂ ਵਿਚ ਪੈਂਦੇ ਰਹਿੰਦੇ ਹਨ, ਪਰ ਸੰਤ ਜਨ ਸਦਾ ਜੀਊਂਦੇ ਹਨ, (ਭਾਵ, ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ, ਕਿਉਂਕਿ) ਉਹ ਪ੍ਰਭੂ ਦੇ ਨਾਮ ਦਾ ਸ੍ਰੇਸ਼ਟ ਰਸ ਪੀਂਦੇ ਰਹਿੰਦੇ ਹਨ । ੩ । ਸੋ ਹੇ ਕਬੀਰ ! (ਪਰਮਾਤਮਾ ਦੇ ਅੱਗੇ ਇਸ ਤਰ੍ਹਾਂ) ਅਰਦਾਸ ਕਰ--ਹੇ ਪ੍ਰਭੂ ! ਅਸੀਂ ਥੱਕ ਟੁੱਟ ਕੇ (ਤੇਰੇ ਦਰ ਤੇ) ਆ ਡਿੱਗੇ ਹਾਂ, ਮਿਹਰ ਕਰ ਤੇ ਹੁਣ ਆਪਣਾ ਗਿਆਨ ਬਖ਼ਸ਼ । ੪ ।

## ੩

## ਆਤਮਾ ਅਮਰ ਹੈ

ਗੁਰਬਾਣੀ ਦੀ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ, ਪਸ਼ੂ-ਪੰਛੀਆਂ, ਕੀੜਿਆਂ-ਮਕੌੜਿਆਂ, ਬਨਾਸਪਤੀ ਅਥਵਾ ਪਾਣੀ ਵਿਚ ਉਹੀ ਜੀਵਾਤਮਾ ਹੈ ਜਿਹੜੀ ਆਤਮਾ ਮਨੁੱਖਾ ਦੇਹ ਵਿਚ ਹੈ । ਗੁਰਬਾਣੀ ਦਾ ਫ਼ੁਰਮਾਨ ਇਹ ਵੀ ਹੈ ਕਿ ਜੀਵ ਦਾ ਕੇਵਲ ਸਰੀਰ ਹੀ ਬਿਨਸਦਾ ਹੈ, ਜੀਵ-ਆਤਮਾ ਕਦੇ ਮਰਦਾ ਨਹੀਂ ।' (ਉਪ੍ਰੋਕਤ ਸ਼ਬਦ ਨੰ: ੫ ਦੀ ਤੀਸਰੀ ਤੁਕ) । " ਮਾਸੁ ਮਾਸੁ ਕਰਿ ਮੂਰਖੁ ਝਗੜੇ " ਪੁਤਕ ਵਿਚ ਗੁਰਮਤਿ ਸਿਧਾਂਤ ਦੇ ਇਸ ਪੱਖ ਨੂੰ ਬੜੇ ਵਿਸਥਾਰ ਨਾਲ ਵਿਚਾਰਿਆ ਗਿਆ ਹੈ ਕਿ, ਹਤਿਆ ਕੇਵਲ ਸਰੀਰ ਦੀ ਹੁੰਦੀ ਹੈ, ਜੀਵ ਅਮਰ ਹੈ:-

੮- **ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥ ੩ ॥**[੧੮੮]-੪੩-੧੧੨

੯- **ਪਕਰਿ ਜੀਉ ਆਨਿਆ, ਦੇਹ ਬਿਨਾਸੀ, ਮਾਟੀ ਕਉ ਬਿਸਮਿਲ ਕੀਆ ॥**
**ਜੋਤਿ ਸਰੂਪ ਅਨਾਹਤ ਲਾਗੀ, ਕਹੁ ਹਲਾਲੁ ਕਿਆ ਕੀਆ ॥ ੨ ॥**[੧੩੫੦]-੪

੧੦- **ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥**
**ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥ ੧੩ ॥**[੧੦੨੬]-੬

(ਪੁਸਤਕ "ਮਾਸੁ ਮਾਸੁ ਕਰਿ ਮੂਰਖੁ ਝਗੜੇ " ਵਿਚ ਇਨ੍ਹਾਂ ਸ਼ਬਦਾਂ ਦੇ ਅਰਥ (੧੬੭, ੧੭੦ ਅਤੇ ੧੬੯ ਨੰ: ਤੇ ਲਿਖੇ ਹੋਏ ਹਨ)

ਮਨੁੱਖ ਦੇ ਮਨ ਅੰਦਰ ਸੁਭਾਵਕ ਹੀ ਇਹ ਸ਼ੰਕਾ ਪੈਦਾ ਹੋ ਜਾਂਦਾ ਹੈ ਕਿ, ਪਰਮਾਤਮਾਂ ਦਾ ਇਹ ਅੰਸ਼ " ਆਤਮਾ ", ਕਿਸ ਖੁਨਾਮੀ ਕਾਰਨ ਆਪਣੇ ਅਸਲੇ ਤੋਂ ਜੁਦਾ ਹੋ ਕੇ ਜਨਮ ਮਰਨ ਦੇ ਗੇੜ ਵਿਚ ਪਿਆ ਦੁਖ ਸੁਖ ਝੱਲ ਰਿਹਾ ਹੈ ? ਇਸ **ਦਾ ਕੇਵਲ ਪਾਤ੍ਰ ਉ ੱਤਰ ਏਹੀ ਹੈ--" ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥** [ਸੁਖਮਨੀ-੧੪(੬)] ਚਲਿਤੁ ਦਾ ਅਰਥ ਹੈ--ਤਮਾਸ਼ਾ, ਖੇਲ । ਭਾਵ, ਨਾ ਕੁਝ ਜੰਮਦਾ ਹੈ ਨਾਹ ਕੁਝ ਮਰਦਾ ਹੈ, ਜਨਮ ਮਰਨ ਦਾ ਇਹ ਖੇਲ ਪ੍ਰਭੂ ਆਪ ਹੀ ਕਰ ਰਿਹਾ ਹੈ । ਸੋ ਖੇਲ ਦੇ ਕਿਸੇ ਵੀ ਨਿਯਮ ਬਾਰੇ ਕਿਸੇ ਕਿੰਤੂ ਪ੍ਰੰਤੂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। " ਸ੍ਰਿਸ਼ਟੀ ਸਿਰਜਨਾਂ "" ਪ੍ਰਭੂ ਦਾ ਇੱਕ ਖੇਲ ਹੈ--(ਇਸ ਵਿਸ਼ੇ ਬਾਰੇ ਪਹਿਲੇ ਕਾਂਡ ਦੇ ਚੌਥੇ ਲੇਖ ਵਿਚ ਵਿਸਥਾਰ ਪੂਰਬਕ ਵਿਚਾਰ ਲਿਖੀ ਜਾ ਚੁੱਕੀ ਹੈ)। ਜੀਵਾਤਮਾ ਨੂੰ ਅਮਰ ਦਰਸਾਉਂਦਿਆਂ ਹੋਇਆ, ਮਾਰਨ ਜੀਵਾਲਨ ਵਾਲੇ, ਪ੍ਰਭੂ ਦੇ ਇਸ ਤਮਾਸ਼ੇ ਦੀ ਅਸਲੀਯਤ ਸਮਝਾਉਂਣ ਲਈ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ :---

੧੧- **ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥ ੧ ॥ ਕਉਨੁ ਮੂਆ ਰੇ ਕਉਨੁ ਮੂਆ ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ, ਇਹੁ ਤਉ ਚਲਤੁ ਭਇਆ ॥ ੧ ॥ ਰਹਾਉ ॥ ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥ ੨ ॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥ ੩ ॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨ ਕੋਈ ਮਰੈ ਨ ਆਵੈ ਜਾਇਆ ॥ ੪ ॥**[੮੮੫]-੧੦

**ਅਰਥ:**--(ਹੇ ਭਾਈ ! ਜਦੋਂ ਅਸੀਂ ਇਹ ਸਮਝਦੇ ਹਾਂ ਕਿ ਕੋਈ ਪ੍ਰਾਣੀ ਮਰ ਗਿਆ ਹੈ, ਅਸਲ ਵਿਚ ਹੁੰਦਾ ਇਹ ਹੈ ਕਿ ਉਸ ਦੇ ਪੰਜ-ਤੱਤੀ ਸਰੀਰ ਵਿਚੋਂ) ਸੁਆਸ ਹਵਾ ਵਿਚ ਮਿਲ ਜਾਂਦੇ ਹਨ (ਸਰੀਰ ਦੀ) ਮਿੱਟੀ (ਧਰਤੀ ਨਾਲ ਮਿਲ ਜਾਂਦੀ ਹੈ, ਜੀਵਾਤਮਾ (ਸਰਬ-ਵਿਆਪਕ) ਜੋਤਿ ਨਾਲ ਰਲਦਾ ਹੈ । (ਮੁਏ ਨੂੰ) ਰੋਣ ਵਾਲਾ ਭੁਲੇਖੇ ਦੇ ਕਾਰਨ ਹੀ ਰੋਂਦਾ ਹੈ **। ੧ ।** (ਅਸਲ ਵਿਚ) ਕੋਈ ਵੀ ਜੀਵਾਤਮਾ ਮਰਦਾ ਨਹੀਂ, ਇਹ ਪੱਕੀ ਗੱਲ ਹੈ । ਜਿਹੜਾ ਕੋਈ ਗੁਰਮੁਖਿ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ, ਉਸ ਨੂੰ ਮਿਲ ਕੇ ਬੇਸ਼ਕ ਵਿਚਾਰ ਕਰ ਲਵੋ, (ਜੰਮਣ ਮਰਨ ਵਾਲੀ ਤਾਂ) ਇਹ ਇੱਕ ਖੇਡ ਬਣੀ ਹੋਈ ਹੈ **। ੧ । ਰਹਾਉ ।** (ਕਿਸੇ ਦੇ ਸਰੀਰਕ ਵਿਛੋੜੇ ਤੇ ਰੋਣ ਵਾਲਾ ਪ੍ਰਾਣੀ ਉਸ ਵੇਲੇ) ਅਗਾਂਹ (ਸਦਾ) ਬੀਤਣ ਵਾਲੀ ਗੱਲ ਨਹੀਂ ਸਮਝਦਾ ਕਿ ਜੇਹੜਾ (ਹੁਣ ਕਿਸੇ ਦੇ ਵਿਛੋੜੇ ਤੇ) ਰੋ ਰਿਹਾ ਹੈ (ਅੰਤ) ਉਸ ਨੇ ਵੀ ਏਥੋਂ ਕੂਚ ਕਰ ਜਾਣਾ ਹੈ । (ਹੇ ਭਾਈ ! ਜੀਵਾਂ ਨੂੰ) ਭਰਮ ਅਤੇ ਮੋਹ ਦੇ ਬੰਧਨ ਬੱਝੇ ਹੋਏ ਹਨ, (ਜੀਵਾਤਮਾ ਅਤੇ ਸਰੀਰ ਦਾ ਮਿਲਾਪ ਤਾਂ ਸੁਪਨੇ ਵਾਂਗ ਹੈ, ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਜੀਵ (ਵਿਅਰਥ ਹੀ) ਬਰੜਾਉਂਦਾ ਹੈ **। ੨ ।** ਹੇ ਭਾਈ ! ਇਹ ਜਗਤ ਤਾਂ ਕਰਤਾਰ ਨੇ ਇਕ ਖੇਡ ਰਚੀ ਹੋਈ ਹੈ । ਉਸ ਕਰਤਾਰ ਦੇ ਕਦੇ ਖ਼ਤਮ ਨਾਂ ਹੋਣ ਵਾਲੇ ਹੁਕਮ ਵਿਚ ਜੀਵ ਇਥੇ ਆਉਂਦੇ ਰਹਿੰਦੇ ਹਨ ਤੇ ਏਥੋਂ ਜਾਂਦੇ ਰਹਿੰਦੇ ਹਨ । ਉਂਵ ਕੋਈ ਵੀ ਜੀਵਾਤਮਾ ਕਦੇ ਮਰਦਾ ਨਹੀਂ ਹੈ, ਕਿਉਂਕਿ ਇਹ ਮਰਨ ਜੋਗ ਨਹੀਂ। ਇਹ ਜੀਵਾਤਮਾ ਕਦੇ ਨਾਸ ਨਹੀਂ ਹੁੰਦਾ, (ਕਿਉਂਕਿ) ਇਸ ਦਾ ਅਸਲਾ (ਪਰਮਾਤਮਾ) ਸਦਾ ਕਾਇਮ ਰਹਿਣ ਵਾਲਾ ਹੈ । ੩ । ਹੇ ਭਾਈ ! ਤੁਸੀਂ ਇਸ ਜੀਵਾਤਮਾ ਨੂੰ ਜਿਹੋ ਜਿਹਾ ਸਮਝਦੇ ਹੋ, ਇਹ ਉਹੋ ਜਿਹਾ ਨਹੀਂ ਹੈ । ਮੈਂ ਉਸ ਮਨੁੱਖ ਤੋਂ ਕੁਰਬਾਨ ਹਾਂ, ਜਿਸ ਨੇ ਇਹ ਅਸਲੀਅਤ ਸਮਝ ਲਈ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਗੁਰੂ ਨੇ ਜਿਸ ਦਾ ਭੁਲੇਖਾ ਦੂਰ ਕਰ ਦਿੱਤਾ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ, ਉਹ ਮੁੜ ਮੁੜ ਜੰਮਦਾ ਮਰਦਾ ਨਹੀਂ । ੪ ।

## <u>ਆਤਮ ਹਿਰਦਾ ਅਥਵਾ ਮਨ</u>

ਉਪਰ " **ਆਤਮ** " ਦਾ ਅਰਥ ਅਸਾਂ ਜੀਵਆਤਮਾ ਪੜ੍ਹਿਆ ਹੈ । ਸੁਖਮਨੀ ਸਾਹਿਬ ਵਿਚ ਇਹੀ ਪਦ ਹੋਰ ਅਰਥਾਂ ਵਿਚ ਵੀ ਆਇਆ ਹੈ :--

੧੨- **ਕਰਹਿ ਭਗਤਿ ' ਆਤਮ ' ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥ - - ੭ ॥**[੨੮੬]-੧੭

ਅਰਥ:--(ਪ੍ਰਭੂ ਦੇ ਸੇਵਕ) ਆਪਣੇ ਹਿਰਦੇ ਅੰਦਰਲੇ ਉਤਸ਼ਾਹ ਨਾਲ ਭਗਤੀ ਕਰਦੇ ਹਨ, ਤੇ ਆਪਣੇ ਪ੍ਰਭੂ ਨਾਲ ਜੁੜ ਜਾਂਦੇ ਹਨ ।

੧੩- **ਕਈ ਕੋਟਿ ਆਤਮ ਧਿਆਨੁ ਧਾਰਹਿ ॥ ਕਈ ਕੋਟਿ ਕਬਿ ਕਾਬਿ ਬੀਚਾਰਹਿ ॥ - - ੧ ॥**[੨੭੫]
**ਕਈ ਕੋਟਿ ਕਿਰਪਨ ਕਠੋਰ ॥ ਕਈ ਕੋਟਿ ਅਭਿਗ ਆਤਮ ਨਿਕੋਰ ॥ - - -੨ ॥**[੨੭੫]-੧੦।

**ਅਰਥ:**--ਕਈ ਕਰੋੜਾਂ ਮਨੁੱਖ ਆਪਣੇ ਮਨ ਅੰਦਰ ਸੁਰਤ ਜੋੜ ਰਹੇ ਹਨ ਅਤੇ ਕਈ ਕ੍ਰੋੜਾਂ ਮਨੁੱਖ ਕਵੀਆਂ ਦੀਆਂ ਕਵਿਤਾਂ ਵਿਚਾਰਦੇ ਹਨ । ੧ ।

ਕ੍ਰੋੜਾਂ (ਮਨੁੱਖ) ਸ਼ੂਮ ਤੇ ਪੱਥਰ-ਦਿਲ ਹਨ, ਅਤੇ ਕਈ ਕ੍ਰੋੜਾਂ ਅੰਦਰੋਂ ਕਹਾਂ ਕੋਰੇ ਦਿਲ ਵਾਲੇ ਹਨ (ਜੋ ਕਿਸੇ ਦਾ ਦੁਖ ਵੇਖ ਕੇ ਨਹੀਂ ਪਸੀਜਦੇ । ੨ ।

੧੪- **ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥- - - ੩ ॥**[੨੭੮]-੧੨

**ਅਰਥ:**--ਅਨੇਕ ਜਤਨ ਕੀਤਿਆਂ ਜੇ ਹਿਰਦਾ ਨਰਮ ਨਹੀਂ ਹੁੰਦਾ ਤਾਂ ਦੱਸੋ, ਉਹ ਮਨੁੱਖ ਪ੍ਰਭੂ ਦੇ ਦਰਬਾਰ ਵਿਚ ਕਿਵੇਂ ਪਹੁੰਚ ਸਕਦਾ ਹੈ ?

ਸੋ ਆਤਮ ਦਾ ਅਰਥ ਹਿਰਦਾ ਅਥਵਾ ਮਨ ਵੀ ਹੈ ।

੧੫- **ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪ ਦ੍ਰਿਸ਼ਟਲਨਿਓ ॥**
**ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ ॥ ੧ ॥**[੧੨੧੬]-੩੯-੬੨

੪

# ਜੋਤ, ਜੋਤਿ, ਜੋਤੀ,

**ਸਿਆਰੀ ਬਿਹਾਰੀ** ਤੋਂ ਬਿਨਾ ' **ਜੋਤ** ' **ਪਦ** ਦੀ ਵਰਤੋਂ ਵਾਲਾ ਗੁਰੂ ਸ਼ਬਦ ਇਸ ਪ੍ਰਕਾਰ ਹੈ:---

੧੬- **ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ ॥**
**ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ ॥ ੧ ॥** [੧੧੨੧]-੫-੧੩

**ਅਰਥ:**-- (ਹਰਿ-ਨਾਮ ਨੂੰ ਵਿਸਾਰ ਕੇ ਜਿਹੜੇ ਮਨੁੱਖ) ਅਨੇਕਾਂ ਚੰਗੇ ਚੰਗੇ ਖਾਣੇ ਖਾਂਦੇ ਪੀਂਦੇ ਹਨ (ਉਹ ਇਉਂ ਹਨ) ਜਿਵੇਂ ਭਾਰ ਢੋਣ ਵਾਲੇ ਖੋਤੇ । ਜੇਹੇ ਲੋਕ (ਅੱਠੇ ਪਹਿਰ ਮਾਇਆ ਸੀ ਖ਼ਾਤਰ ਦੌੜ ਭੱਜ ਕਰਦੇ ਹੋਏ) ਬੜਾ ਥਕੇਵਾਂ ਸਹਾਰਦੇ ਹਨ, ਜਿਵੇਂ ਜਿਵੇਂ ਕੋਈ ਬਲਦ ਕੋਹਲੂ ਅੱਗੇ ਜੋਇਆ ਹੁੰਦਾ ਹੈ।

ਜੋਤ ਦਾ ਅਰਥ:--ਜੋਤਿਆ ਹੋਇਆ । ਪੰਜਾਬ ਵਿਚ ਕਈ ਲੋਕ ਬੈਤ ਆਦਿ ਨੂੰ ਜੋਤਣ ਲਈ ਵਰਤੀ ਜਾਂਦੀ ਰੱਸੀ, ਰੱਸੇ ਅਥਵਾ ਪਟੇ ਆਦਿ ਨੂੰ ਵੀ **ਜੋਤ** ਕਹਿੰਦੇ ਹਨ।

**ਜੋਤਿ ਪਦ** ਦੀ ਪਰਚਲਤ ਵਰਤੋਂ ਬਾਰੇ ਵਿਚਾਰ:--

**੧)** ਬਚਪਨ ਤੋਂ ਹੀ ਸੁਣਦੇ ਆ ਰਹੇ ਹਾਂ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਬਾਬਾ ਲਹਿਣਾ ਜੀ ਦੇ ਅੱਗੇ ਪੰਜ ਪੈਸੇ ਰੱਖ ਕੇ ਉਨ੍ਹਾਂ ਦੀਆਂ ਪੰਜ ਪ੍ਰਦੱਖਣਾ ਕਰਕੇ ਜਦ ਮੱਥਾ ਟੇਕ ਦਿੱਤਾ ਤਾਂ ਗੁਰੂ ਨਾਨਕ ਜੀ ਦੀ " ਜੋਤਿ " ਬਾਬਾ ਲਹਿਣਾ ਜੀ ਵਿਚ ਪ੍ਰਵੇਸ਼ ਕਰ ਗਈ, ਅਤੇ ਉਹ ਸ੍ਰੀ ਗੁਰੂ

ਅੰਗਦ ਦੇਵ ਜੀ ਅਥਵਾ ਦੂਸਰੇ ਗੁਰੂ ਨਾਨਕ ਦੇਵ ਜੀ ਬਣ ਗਏ ਸਨ। ਗੁਰੂ ਅੰਗਦ ਦੇਵ ਜੀ ਤੋਂ ਓਸੇ ਵਿਧੀ ਅਨੁਸਾਰ ਉਹ " ਜੋਤਿ " ਗੁਰੂ ਅਮਰਦਾਸ ਜੀ ਵਿਚ ਗਈ ਤਾਂ ਉਹ ਵੀ ਗੁਰੂ ਨਾਨਕ ਜੀ ਬਣੇ ਅਤੇ ਏਸੇ ਤਰ੍ਹਾਂ ਹੀ ਬਾਕੀ ਗੁਰੂ ਸਾਹਿਬਾਨ ਦੇ ਅੰਦਰ ਗੁਰੂ ਨਾਨਕ ਸਾਹਿਬ ਜੀ ਦੀ ਕਰਾਮਾਤੀ ਜੋਤਿ " ਪ੍ਰਵੇਸ਼ ਕਰਦੀ ਰਹੀ ਅਤੇ ਉਹ ਸਿੱਖ ਤੋਂ ' ਗੁਰੂ ਨਾਨਕ ' ਜੀ ਬਣਦੇ ਰਹੇ । ਅੰਤ ਉਹੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆ ਬਿਰਾਜੀ । ਜੋਤਿ ਬਾਰੇ ਗੁਰਸਿੱਖੀ ਵਿਚਲੇ ਏਸੇ ਵਿਸ਼ਵਾਸ਼ ਦੀ ਕੁ-ਵਰਤੋਂ ਕਰਦਿਆਂ, " ਨਾਨਕ ਸਰੀ " ਗੱਦੀ ਦੇ ਸੰਤ, ਗੁਰੂ ਨਾਨਕ ਜੀ ਦੀ " ਜੋਤਿ ਦੇ ਪੱਕੇ ਮਾਲਕ ਬਣ ਬੈਠੇ ਹਨ । ਨਾਨਕ ਸਰੀਆਂ ਵਲੋ ਛਾਪੇ ਗਏ ਗੁਟਕੇ ਵਿਚ ਲਿਖਿਆ ਹੈ ਕਿ ਸੰਤ ਨੰਦ ਸਿੰਘ ਜੀ ਨੂੰ ਕਲਜੁਗ ਮਿਲਿਆ ਤਾਂ ਉਸ ਨੂੰ ਸੰਤਾਂ ਨੇ ਕਿਹਾ ਸੀ ਕਿ, " ਕਿਉਂਕਿ ਉਸ (ਭਾਵ, ਕਲਜੁਗ) ਦੇ ਰਹਿੰਦੇ ਸਮੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਪਹਿਰਾ ਰਹਿਣਾ ਹੈ, ਇਸ ਲਈ ਉਨ੍ਹਾਂ ਦੀ ਜੋਤਿ ਸੰਤਾਂ ਦੇ ੭੪ ਜਾਮਿਆਂ ਵਿਚ ਲਗਾਤਾਰ ਪ੍ਰਵੇਸ਼ ਹੁੰਦੀ ਰਹਿਣੀ ਹੈ । ਭਾਵ, ਨਾਨਕ ਸਰੀਆਂ ਦੇ ਡੇਰੇ ਦੇ ਸੰਚਾਲਕ ਕਥਿਤ " ਸੰਤ ਮਹਾਂਪੁਰਖ " ਦਸ ਗੁਰੂ ਸਾਹਿਬਾਨ ਵਾਂਗ, ਗੁਰੂ ਨਾਨਕ ਦੇਵ ਜੀ ਹੀ ਹਨ । ਇਸ ਤਰ੍ਹਾਂ **" ਜੋਤਿ "** ਪਦ ਦੀ ਵਰਤੋਂ, ਕਈ ਤਰ੍ਹਾਂ ਦੇ ਭਰਮਾਂ ਅਤੇ ਠੱਗ-ਡੇਰਿਆਂ ਦੀ ਜਨਮ-ਦਾਤੀ ਵੀ ਹੈ ।--

**੨)** " ਜੋਤਿ " ਇੱਕ ਬਿਮਾਰੀ ਹੈ, ਜੋ ਕੇਵਲ ਅਗਿਆਨਤਾ ਅਥਵਾ ਭਰਮ ਦੀ ਉਪਜ ਹੁੰਦੀ ਹੈ । ਭਾਵੇਂ ਇਹ ਬਿਮਾਰੀ ਕਈ ਮਰਦਾਂ ਵਿਚ ਵੀ ਵੇਖੀ ਜਾ ਸਕਦੀ ਹੈ ਪਰ ਅਦਭੁਤ ਕਿਸਮ ਦੀ ਇਹ **ਜੋਤਿ** ਬਹੁਤਾ ਕਰਕੇ ਇਸਤ੍ਰੀਆਂ ਵਿਚ ਹੀ ਰੌਣਕਾਂ ਲਾਉਂਦੀ ਵੇਖਣ ਵਿਚ ਆਉਂਦੀ ਹੈ । ਮਰੀਜ਼ ਆਪਣੇ ਵਾਲ ਖਿਲਾਰ ਕੇ ਸਿਰ ਮਾਰਦੇ ਹਨ ਅਤੇ ਕਈ ਤਰ੍ਹਾਂ ਦੀਆਂ ਅਜੀਬ ਗੱਲਾਂ ਕਰਦੇ ਹਨ । ਮੰਨਿਆਂ ਇਹ ਜਾਂਦਾ ਹੈ ਕਿ ਅਜੇਹੇ ਮਰੀਜ਼ ਵਿਚ ਕਿਸੇ ਭੂਤ ਜਾਂ ਅਵਗਤ ਪ੍ਰਾਣੀ ਦੀ ਰੂਹ ਅਥਵਾ " ਜੋਤਿ " ਦਾ ਵਾਸਾ ਹੋ ਗਿਆ ਹੈ । ਅਜੇਹੀ ਬਿਮਾਰੀ ਵਾਲੇ ਦਾ ਇਲਾਜ ਕਿਸੇ ਡਾਕਟਰ ਜਾਂ ਹਕੀਮ ਕੋਲੋਂ ਨਹੀਂ ਕਰਵਾਇਆ ਜਾਂਦਾ। ਜਿੰਨਾਂ ਭੂਤਾਂ ਦਥਵਾ ਮਸਾਣਾਂ ਦੀ ਕਥਿਤ " ਜੋਤਿ " ਦੇ ਕਾਬੂ ਆਏ ਅਜੇਹੇ ਮਰੀਜ਼ ਨੂੰ ਮਾਂਦਰੀਆਂ ਦੇ ਜਾਂ ਜੋਗੀਆਂ ਦੇ ਹਵਾਲੇ ਕੀਤਾ ਜਾਂਦਾ ਹੈ। ਭੂਤ ਪ੍ਰੇਤਾਂ ਦੀ ਕਥਿਤ ਜੋਤਿ ਨੂੰ ਕਾਬੂ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ **ਆਮ ਬੋਲੀ ਵਿਚ " ਸਿਆਣੇ "** ਕਿਹਾ ਜਾਂਦਾ ਹੈ। ਅਜੇਹੇ " ਸਿਆਣੇ " ਆਪਣੇ ਮਰੀਜ਼ ਕੋਲ ਧੂਪ, ਗੁੱਲ ਅਤੇ ਹੋਰ ਅਜੇਹੀਆਂ ਜੜੀਆਂ ਬੂਟੀਆਂ ਆਦਿ ਧੁਖਾਉਂਦੇ ਹਨ ਜਿਨ੍ਹਾਂ ਦੇ ਧੂਏਂ ਤੋਂ ਚੰਗੇ-ਭਲੇ ਬੰਦੇ ਦਾ ਸਿਰ ਚਕਰਾ ਜਾਂਦਾ ਹੈ। ਧੂੰਏ ਦੇ ਅਸਰ ਨੂੰ ਹੋਰ ਤੇਜ਼ ਕਰਨ ਲਏ ਇਹ ਲੋਕ ਮਰੀਜ਼ ਦੇ ਕੋਲ, ਛੈਣੇ, ਥਾਲੀਆਂ ਢੋਲ ਆਦਿ ਵਜਾ ਕੇ ਖਾਸ ਢੰਗ ਨਾਲ ਮੰਤ੍ਰ ਪੜ੍ਹਦੇ ਅਤੇ ਗਾਂਉਂਦੇ ਹਨ । ਅਜੇਹਾ ਮਾਹੌਲ ਬਣਾ ਦਿੱਤਾ ਜਾਂਦਾ ਹੈ ਕਿ ਮਰੀਜ਼ ਜ਼ੋਰ ਜ਼ੋਰ ਦੀ ਸਿਰ ਮਾਰਨ ਲੱਗ ਪੈਂਦਾ ਹੈ । " ਸਿਆਣੇ " ਉਸ ਮਰੀਜ਼ ਨੂੰ ਕਈ ਵਾਰੀ ਖੂਬ ਕੁੱਟਦੇ ਹਨ, ਜਿਸ ਤੋਂ ਮਰੀਜ਼ ਬੜਾ ਦੁਖੀ ਹੋ ਕੇ ਹਾਲ ਦੁਹਾਈ ਪਾਉਂਦਾ ਹੈ । ਮੰਨਿਆਂ ਇਹ ਜਾਂਦਾ ਹੈ ਕਿ " ਸਿਆਣੇ ' ਦੀ ਉਹ ਕੁੱਟ ਮਰੀਜ਼ ਨੂੰ ਨਹੀਂ ਸਗੋਂ ਉਸ ਵਿਚ ਆ ਵੜੀ ਮਸਾਣ-ਰੂਪੀ " ਜੋਤਿ " ਨੂੰ ਪੈ ਰਹੀ ਹੁੰਦੀ ਹੈ ਅਤੇ ਹਾਲ ਦੁਹਾਈ ਵੀਂ " ਜੋਤਿ " ਹੀ ਪਾ ਰਹੀ ਹੁੰਦੀ ਹੈ । ਕਈ ਵਾਰੀ ਅਜੇਹੇ ਜੋਗੀ ਏਨੀ ਬੇਥਵੀ ਕੁੱਟ ਮਾਰ ਕਰਦੇ ਹਨ ਕਿ ਕਥਿਤ " ਜੋਤਿ " ਵਾਲੇ ਮਰੀਜ਼ ਦੀ ਜਾਨ ਜਾਂਦੀ ਰਹਿੰਦੀ ਹੈ, ਅਤੇ ਜੋਗੀਆਂ ਨੂੰ ਪੁਲਸ ਫੜ ਕੇ ਲੈ ਜਾਂਦੀ ਹੈ ।

ਜ਼ਿਲ੍ਹਾ ਹੁਸ਼ਿਆਰ ਪੁਰ ਦੇ ਪਹਾੜੀ ਇਲਾਕੇ ਵਿਚ ਸੋਢੀਂ ਵਡਭਾਗ " ਸਿੰਘ ਦਾ ਡੇਰਾ, ਅਜੇਹੇ ਰੋਗੀਆਂ ਦਾ ਵੱਡਾ " ਇਲਾਜ-ਘਰ " ਮੰਨਿਆਂ ਗਿਆ ਹੈ । ਲੱਖਾਂ ਇਸਤ੍ਰੀ ਮਰਦ, ਆਪਣੇ ਵਾਲ ਖਿਲਾਰੀ, ਸਿਰ ਮਾਰਦੇ ਉਸ ਡੇਰੇ ਵਿਚਲੀ ਧੌਲੀ ਧਾਰ ਹੇਠ ਨੂੰ ਜਾਂਦੇ ਹੋਏ, ਚੀਕਾਂ ਮਾਰਦੇ ਦੁਹਾਈਆਂ ਦਿੰਦੇ ਅਜੀਬ ਸਮਾਂ ਬੰਨ੍ਹ ਰਹੇ ਹੁੰਦੇ ਹਨ। ਦੁਖਿਆਰਿਆਂ ਦੇ ਸਰੀਰ ਵਿਚ ਆ ਵੜੀਆਂ " ਮੰਦ-ਜੋਤਾਂ " ਨੂੰ ਬਾਬਾ ਵਡਭਾਗ ਸਿੰਘ ਦੀ " ਬਲਵਾਨ-ਜੋਤਿ " ਮਾਰ ਕੁਟ ਕੇ ਕੱਢ ਰਹੀ ਮੰਨੀ ਜਾਂਦੀ ਹੈ । ਭਰਮ ਦੇ ਮਰੀਜ਼ਾਂ ਦਾ ਭਰਮ ਦੂਰ ਹੋ ਜਾਣ ਨਾਲ ਕਈ ਮਰੀਜ ਸਿਰ ਮਾਰਨੋਂ ਹੱਟ ਜਾਂਦੇ ਹਨ। ਵਿਤੋਂ ਬਾਹਰਾ ਚੜ੍ਹਤ ਚੜ੍ਹਵਾ ਭੇਟਾ ਕਰਕੇ ਹੌਲੇ ਹੋ ਕੇ ਘਰਾਂ ਨੂੰ ਪਰਤ ਜਾਂਦੇ ਹਨ। ਇਸ ਭੂਤ-ਖੇਲ ਤੋਂ ਇਕੱਠੀ ਹੋਈ ਬੇਹਿਸਾਬੀ ਮਾਇਆ ਦੇ ਭਾਰ ਨੂੰ ਮੋਟਰਾਂ ਤੇ ਲੱਦ ਕੇ ਪ੍ਰਬੰਧਕ ਕਰਤਾਰ ਪੁਰ ਵਿਚਲੇ ਕੇਂਦਰੀ ਅੱਡੇ ਤੇ ਲੈ ਆਉਂਦੇ ਹਨ । ਜਿਨ੍ਹਾਂ ਨੂੰ ਅਸਲ ਵਿਚ ਕੋਈ ਸਰੀਰਕ ਬਿਮਾਰੀ ਹੁੰਦੀ ਹੈ ਉਹ ਇਸ ਧਿਙਾਣੇ ਦੀ ਖੇਚਲ ਨਾਲ, ਪਹਿਲਾਂ ਨਾਲੋਂ ਵੀ ਵੱਧ ਦੁਖੀ ਹੋ ਕੇ ਮੁੜਦੇ ਹਨ, ਪਰ ਪਖੰਡੀਆਂ ਦੇ ਮਾਇਆ-ਜਾਲ ਵਿਚੋਂ ਉਹ ਵੀ ਨਹੀਂ ਲਿਕਲ ਰਹੇ ਹੁੰਦੇ । ਏਹੀ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦੇ ਅੰਦਰ ਕਿਸੇ ਤਕੜੇ ਮਸਾਣ ਦੀ " ਜੋਤਿ " ਹੈ । ਪਿੰਜਰੇ ਵਿਚ ਕਾਬੂ ਕੀਤੇ " ਭੂਤ-ਜੋਤਿ " ਵਾਲੀ ਗੁਰੂ ਵਡਭਾਗ ਸਿੰਘ ਜੀ ਤਸਵੀਰ, ਕਈ ਸਿੱਖ-ਘਰਾਂ ਵਿਚ ਵੀ ਬੜੇ ਸਤਿਕਾਰ ਨਾਲ ਕੰਧ ਨਾਲ ਟੰਗੀ ਵੇਖੀ ਜਾਂਦੀ ਹੈ ।

੩) ਏਸੇ ਤਰ੍ਹਾਂ ਹੀ ਕਈ ਥਾਂਵਾਂ ਤੇ ਕੋਠੇ ਬਣਾ ਕੇ ਖ਼ਾਸ ਦਿਨਾਂ ਤੇ ਉਚੇਚੇ ਦੀਵੇ ਜਗਾਏ ਅਤੇ ਧੂਪ ਧੁਖਾਏ ਜਾਂਦੇ ਹਨ । ਬੜੇ ਭਰੋਸੇ ਨਾਲ ਕਿਹਾ ਜਾ ਰਿਹਾ ਹੁੰਦਾ ਹੈ ਕਿ, ਉਸ ਥਾਂ ਤੇ ਸ਼ਹੀਦਾਂ ਦੀ " ਜੋਤਿ " ਆਉਂਦੀ ਹੈ । ਮੁਸਲਮਾਨ ਧਰਮ ਵਿਚ ਭਾਵੇਂ ਕਿਸੇ ਅਜੇਹੀ ਜੋਤਿ ਨੂੰ ਕੋਈ ਥਾਂ ਨਹੀਂ ਹੈ, ਪਰ ਸਾਡਾ ਸਿੱਖ ਲਾਣਾ, ਕਈਆਂ ਕਬਰਾਂ ਤੇ ਕਿਸੇ ਫ਼ਕੀਰ ਦੀ " ਜੋਤਿ " ਦਾ ਪ੍ਰਵੇਸ਼ ਮੰਨ ਕੇ, ਮੱਥੇ ਰਗੜ ਰਿਹਾ ਹੁੰਦਾ ਹੈ । ਅਜਿਹੇ ਭਰਮੀ ਲੋਕ ਲਾਟਾਂ ਵਾਲੀ ਅਥਵਾ ਜੋਤਾਂ ਵਾਲੀ ਕਥਿਤ ਦੇਵੀ ਦੀ ਪੂਜਾ ਵੀ ਬੜੀ ਸ਼ਰਧਾ ਨਾਲ ਕਰਦੇ ਹਨ ਅਤੇ ਜੋਤਾਂ ਵਾਲੀ ਦੇਵੀ ਨੂੰ ਪਸ਼ੂ, ਦੀ ਅਤੇ ਮਨੁੱਖ ਦੀ ਬਲੀ ਭੇਟਾ ਦੇਣ ਦਾ ਭਰਮ ਵੀ ਪਰਚਲਤ ਰਿਹਾ ਹੈ ਜੋ ਕਈ ਥਾਈਂ ਅੱਜ ਵੀ ਹੈ ।

੪) ਅਰਦਾਸ ਕਰਦੇ ਸਮੇਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰਾਂ ਦੀ ਜੋਤਿ ਕਹਿੰਦੇ ਹਾਂ । ਭਾਵ, ਉਹੀ ਜੋਤਿ ਜੋ ਪਹਿਲੇ ੯ ਸਰੂਪਾ ਵਿਚ ਕੇਵਲ ਇੱਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਮੰਨੀ ਜਾਂਦੀ ਰਹੀ ਸੀ, ਯਾਰ੍ਹਵੇ ਥਾਂ, ਸ੍ਰੀ ਗੁਰੂ ਗ੍ਰੰਥ ਸਾਬਿ ਵਿਚ ਦਸਾਂ ਸਤਿਗੁਰਾਂ ਦੀ ਭਾਵ, ਇੱਕ ਦੇ ਥਾਂ ਜੋਤਿ ਨੇ ਦਸ ਰੂਪ ਧਾਰ ਲਏ ? **ਗੰਭੀਰ ਪ੍ਰਸ਼ਨ** (ੳ) ਕੀ ਇੱਕ ਸਰੀਰ ਵਿਚ ਇੱਕ ਤੋਂ ਵੱਧ ਜੋਤਾਂ ਟਿਕ ਸਕਦੀਆਂ ਹਨ ? ਗੁਰੂ ਬਾਣੀ ਵਿਚ **' ਏਕ ਜੋਤਿ ਦੁਇ ਮੂਰਤੀ '** ਤਾਂ ਹੈ ਪਰ' ਏਕ ਮੂਰਤਿ ਦੋਇ ਜੋਤਿ " ਕਿਤੇ ਨਹੀਂ ਹੈ । ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੱਕ ਦੇ

ਥਾਂ ਦਸਾਂ ਸਤਿਗੁਰਾਂ ਦੀ ਜੋਤਿ ਕਿਵੇਂ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਪਹਿਲੇ ੯ ਸਰੂਪਾਂ ਵਾਂਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਹੀ ਸਦੀਵੀ ਮਾਲਕ ਕਿਸ ਕਾਰਨ ਨਹੀਂ ?

(ਅ) ਉਹ ਕਿਹੜੀ ਜੋਤਿ ਹੈ ਜਿਸ ਬਾਰੇ ਗੁਰੂ ਬਾਣੀ ਦਾ ਆਪਣਾ ਫ਼ੁਰਮਾਨ ਇਸ ਪ੍ਰਕਾਰ ਹੈ--" **ਸਭ ਮਹਿ ਜੋਤਿ ਜੋਤਿ ਹੈ ਸੋਇ ॥** ਤਿਸ ਦੇ ਚਾਨਣ ਸਭੁ ਮਹਿ ਚਾਨਣ ਹੋਇ ॥ ? ਜਦ ਸਾਰਿਆਂ ਵਿਚ ਉਹੀ ਜੋਤਿ ਹੈ ਤਾਂ ਸਪੱਸ਼ਟ ਹੈ ਕਿ ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ ਜੀ ਆਦਿ ਸਾਰੇ ਰੱਬੀ ਬਹਾਂਪੁਰਖਾਂ ਵਿਚ ਵੀ ਉਹੀ ਜੋਤਿ ਸੀ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਵਿਚ ਸੀ । ਫਿਰ ਇਹ ਅੱਡਰੇ ਅੱਡਰੇ ਧਰਮ ਕਿਵੇਂ ਚੱਲ ਪਏ ? ਓਸੇ ਨਿਰੰਜਨੀ ਜੋਤਿ ਦੇ ਮਾਲਕ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਧਰਮ ਨਿਆਰਾ ਕਿਵੇਂ ਹੋਇਆ ? ਇਨ੍ਹਾਂ ਸ਼ੰਕਿਆਂ ਦਾ ਠੀਕ ਉੱਤਰ ਅਸਾਂ ਆਪਣੇ ਪੂਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਸਮਝਣਾ ਹੈ। ਪਹਿਲਾਂ ਮਹਾਨ ਕੋਸ਼ ਵਿਚੋਂ ਜੋਤਿ ਅਥਵਾ ਜੋਤੀ ਦੇ ਅਰਥ ਪੜ੍ਹ ਲਈਏ:--

## (੬) ਮਹਾਨ ਕੋਸ਼ ਦੇ ਸਫ਼ਾ ਪ੩੬ ਤੇ ਜੋਤਿ ਦੇ ਅਰਥ ਇਸ ਪ੍ਰਕਾਰ ਲਿਖੇ ਹਨ--

੧) ਚਮਕ, ਪ੍ਰਕਾਸ਼, ਰੌਸ਼ਨੀ । ਨਾ **ਸੂਰਜ ਚੰਦ ਨ ਜੋਤਿ ਅਪਾਰ ॥** (ਗੂਜ: ਅ: ਮ: !) । ੨- ਚਮਤਕਾਰੀ ਬੁੱਧਿ-" **ਜਾਣਹੁ ਜੋਤਿ, ਨ ਪੂਛਹੁ ਜਾਤੀ** ॥ (ਆਸਾ ਮ:੧) ੩- ਅਗਨਿ-" ਜੋਤਿ ਸ਼ਾਂਤ ਜਿਮਿ ਵਾਰ ਕਰ " (ਸਲੋਹ) ੪- ਸੂਰਜ ਚੰਦ੍ਰਮਾ ਅਤੇ ਨਛਤ੍ਰ । ੫- **ਪਰਮਾਤਮਾ ਵਾਹਿਗੁਰੂ** । ੬- ਆਤਮਕ ਰੌਸ਼ਨੀ, ਰੂਹਾਨੀ ਰੌਸ਼ਨ " **ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥** (ਪ੍ਰਭਾ-ਕਬੀਰ) । ੭- ਚਾਂਦਨੀ । ੮- ਨੇਤ੍ਰਾਂ ਦੀ ਰੌਸ਼ਨੀ ।

ਇਹ ਅੱਠ ਪ੍ਰਕਾਰ ਦੇ ਅਰਥ ਜੋਤਿ ਪਦ ਦੇ ਹਨ ਅਤੇ ਮਹਾਨ ਕੋਸ਼ ਅਨੁਸਾਰ ਹੀ-- **ਜੋਤੀ** ਦੇ ਅਰਥ:---੧- ਦੇਖਹੁ ਜੋਤਿ । ੨- ਦੇਹ ਨੂੰ ਪ੍ਰਕਾਸ਼ ਦੇਣ ਵਾਲਾ ਜੀਵਾਤਮਾ । " **ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ ॥**" (ਵਾਰ ਕਾਨ: ਮ: ੪) ੩- ਪਾਰਬ੍ਰਹਮ, ਕਰਤਾਰ- " **ਤਿਉ ਜੋਤੀ ਸੰਗ ਜੋਤਿ ਸਮਾਨਾ** " (ਸੁਖਮਨੀ ੪- **ਜੋਤੀ ਹੂ ਪ੍ਰਭੁ ਜਾਪਦਾ** " (ਸ੍ਰੀ :ਮ: ੩) ੫- ਆਤਮਵਿਦਿਯਾ, " ਗਯਾਨਪ੍ਰਕਾਸ਼ "।

ਜੋਤਿ ਅਥਵਾ ਜੋਤੀ ਬਾਰੇ ਅਗਲੀ ਵਿਚਾਰ ਅਰੰਭ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਪਹਿਲਾਂ ਉਪ੍ਰੋਕਤ ਅਰਥਾਂ ਵਿਚ ਗੁਰੂ ਬਾਣੀ ਦੀਆਂ ਟੂਕ ਮਾਤ੍ਰ ਮੰਗਤੀਆਂ ਦੀ ਵਿਚਾਰ ਕਰ ਲਈਏ:--

੧੭- **ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥**
**ਸਰਬ ਦ੍ਰਿਸ਼ਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥ ੩ ॥**[੫੦੩]-੨

**ਅਰਥ:**--ਤਦੋਂ ਨਾਂਹ ਇਹ ਮਾਇਆ ਸੀ, ਨਾਂਹ ਇਸ ਮਾਇਆ ਦੇ ਪ੍ਰਭਾਵ ਵਿਚ ਮਸਤ ਕੋਈ ਜੀਵ ਸੀ, ਨਾ ਤਦੋਂ ਸੂਰਜ ਸੀ ਨਾ ਚੰਦ੍ਰਮਾ ਸੀ, ਨਾ ਹੀ ਕੋਈ ਹੋਰ ਜੋਤਿ (ਉਚੇਚਾ ਪ੍ਰਕਾਸ਼) ਸੀ । ਹੇ ਪ੍ਰਭੂ ! ਸਾਰੇ ਜੀਵਾਂ ਨੂੰ ਵੇਖ ਸਕਣ ਵਾਲੀ ਤੇਰੀ ਅੱਖ, ਤਿੰਨਾ ਭਵਨਾਂ ਦੀ ਸਾਰ ਲੈ ਸਕਣ ਵਾਲੀ ਤੇਰੀ ਹੀ ਨਜ਼ਰ ਤੇਰੇ ਆਪਣੇ ਹੀ ਅੰਦਰ ਟਿਕੀ ਹੋਈ ਸੀ ।੩।

੧੮- **ਜਾਣਹ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ ੧ ॥ ਰਹਾਉ ॥**[੩੪੯]-੩

ਇਸ ਤੁਕ ਦੇ ਅਰਥ ਕਰਨ ਸਮੇ, ਭਾਈ ਵੀਰ ਸਿੰਘ ਜੀ ਨੇ ਅਥਵਾ ਪ੍ਰਿੰ: ਸਾਹਿਬ ਸਿੰਘ ਜੀ ਨੇ ਜੋਤਿ ਦੇ ਉਹ ਅਰਥ ਨਹੀਂ ਕੀਤੇ ਜੋ ਮਹਾਨਕੋਸ਼ ਦੇ ਕਰਤਾ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ (ਚਮਤਕਾਰੀ ਬੁੱਧੀ) ਕੀਤੇ ਹਨ। ਕੀ ਫਿਰ ਨਾਭਾ ਜੀ ਨੇ ਗੁਰੂ ਬਾਣੀ ਦੀ ਪੰਗਤੀ ਦੀ ਚੋਣ ਠੀਕ ਨਹੀਂ ਕੀਤੀ ? ਇਸ ਸ਼ੰਕਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਦੂਰ ਕੀਤਾ ਜਾ ਸਕੇਗਾ ।

ਅੱਗੇ ਛੇਵੇ ਥਾਂ ਜਿਥੇ ਜੋਤਿ ਦਾ ਅਰਥ ਆਤਮਕ ਰੌਸ਼ਨੀ ਕੀਤੀ ਹੈ ਉਥੇ ਗੁਰੂ ਬਾਣੀ ਦੀ ਪੰਗਤੀ ਵਰਤੀ ਹੈ ਪੂਰਾ ਸ਼ਬਦ ਇਅ ਪ੍ਰਕਾਰ ਹੈ:--

੧੯- **ਮਰਨ ਜੀਵਨ ਕੀ ਸੰਕਾ ਨਾਸੀ ॥ ਆਪਨ ਰੰਗਿ ਸਹਜ ਪਰਗਾਸੀ ॥ ੧ ॥ਪ੍ਰਗਟੀ ਜੋਤਿ, ਮਿਟਿਆ ਅੰਧਿਆਰਾ ॥**
**ਰਾਮ ਰਤਨੁ ਪਾਇਆ ਕਰਤ ਬੀਚਾਰਾ ॥ ੧ ॥ ਰਹਾਉ ॥**[੧੩੪੯]-੧

**ਅਰਥ:**--(ਪ੍ਰਭੂ ਦੇ ਨਾਮ ਵਿਚ) ਸੁਰਤ ਜੋੜਦਿਆਂ ਜੋੜਦਿਆਂ ਜਿਸ ਮਨੁੱਖ ਨੂੰ ਨਾਮ ਰਤਨ ਲੱਭ ਪੈਂਦਾ ਹੈ, ਤੇ (ਉਸ ਦੇ ਅੰਦਰੋਂ ਵਿਕਾਰ ਆਦਿਕਾਂ ਦਾ) ਹਨੇਰਾ ਮਿਟ ਜਾਂਦਾ ਹੈ **। ੧। ਰਹਾਉ।** (ਉਸ ਮਨੁੱਖ ਦੇ ਮਨ ਵਿਚੋਂ) ਜਨਮ ਮਰਨ ਦੇ ਗੇੜ ਵਿਚ ਪੈਣ ਦਾ ਤੌਖ਼ਲਾ ਮੁੱਕ ਜਾਂਦਾ ਹੈ, ਕਿਉਂਕਿ ਪਰਮਾਤਮਾ ਆਪਣੀ ਮਿਹਰ ਨਾਲ (ਉਸ ਦੇ ਅੰਦਰੋਂ) ਆਤਮਕ ਅਡੋਲਤਾ ਦਾ ਪ੍ਰਕਾਸ਼ ਕਰ ਦਿੰਦਾ ਹੈ **। ੧**

ਮਹਾਨ ਕੋਸ਼ ਦੇ ਇਨ੍ਹਾਂ ਅਰਥਾਂ ਤੋਂ ਉਸ ਜੋਤਿ ਦੀ ਟੋਹ ਨਹੀਂ ਮਿਲਦੀ ਜਿਹੜੀ ਜਦੋਂ ਮਰਜ਼ੀ ਹੈ ਕਿਸੇ ਜੀਵ ਵਿਚੋਂ ਦੂਜੇ ਵਿਚ ਪ੍ਰਵੇਸ਼ ਜਾ ਕਰਦੀ ਹੈ । ਜਾਂ ਕਿਸੇ ਕਰਮਾਤੀ ਢੰਗ ਨਾਲ ਸਾਧਾਂ ਸੰਤਾਂ ਵਿਚ ਵਾਰੀ ਵਾਰੀ ਪ੍ਰਵੇਸ਼ ਕਰਨਾ ਅਰੰਭ ਕਰ ਦਿੰਦੀ ਹੋਵੇ ?

## ਪੂਰਨ ਗੁਰੂ ਗ੍ਰੰਥ ਸਾਹਿਬ ਜੀ ਸ਼ਰਨ---

ਗੁਰੂ ਗ੍ਰੰਥ ਸਾਹਿਬ ਨੂੰ " ਪੂਰਨ ਗੁਰੂ " ਨਾ ਮੰਨਣ ਵਾਲਿਆਂ ਕੋਲੋਂ ਉੱਤਰ ਬਣੇ ਤੇ ਭਾਵੇਂ ਨਾ ਬਣੇ ਪਰ, ਦਾਸ ਲਈ " ਗੁਰੂ ਗ੍ਰੰਥ ਸਾਹਿਬ ਜੀ " ਹੀ ਕੇਵਲ ਮਾਤ੍ਰ ਪੂਰਨ ਗੁਰੂ ਸਾਹਿਬ ਜੀ " ਹੀ ਹਨ । ਦਾਸ ਲਈ ਕੇਵਲ ਮਾਤ੍ਰ " ਪੂਰਨ ਮਨੁੱਖ " ਉਹ ਗੁਰਮੁਖਿ ਪਿਆਰੇ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਆਪਣੀ ਜੀਵਨ-ਜੁਗਤ ਸੁਆਰ ਲਈ ਹੋਈ ਹੋਵੇ। ਇਤਿਹਾਸ ਦਾ ਲਿਖਾਰੀ ਭਾਵੇਂ ਕਿੱਡਾ ਵੀ ਖੋਜੀ ਅਤੇ ਵਿਦਵਾਨ ਹੈ, ਪਰ ਜੇ ਉਸ ਦੀ ਲਿਖਤ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਤਾਂ (ਗੁਰੂ ਨਾਨਕ ਸਾਹਿਬ ਜੀ ਦੇ ਗੁਰਮਖਿ ਸਿੱਖ ਲਈ) ਉਹ ਲਿਖਤ ਇੱਕ **ਬੇਦਲੀਲੀ ਗੱਪ ਹੈ** ਅਥਵਾ ਐਵੇਂ ਟਿੰਡ ਵਿਚ ਕਾਨਾ ਫੇਰੀ ਜਾਣ ਵਾਲੀ ਅੜਿਚਣ ਹੈ । ਆਉ ਸਾਰੇ ਸ਼ੰਕੇ ਦੂਰ ਕਰ ਲੈਣ ਲਈ ਆਪਣੇ ਪੂਰਨ ਅਤੇ ਅਨੁਪਮ ਸਤਿ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਈਏ:---

੫

# "_ਜੋਤਿ " ਪਰਮਾਤਮਾ ਦਾ ਅੰਸ਼_

ਈਸ਼ਵਰ " ਪਰਮ-ਆਤਮਾ " ਹੈ " ਆਤਮਾ " ਉਸ ਦਾ ਅੰਸ਼ ਹੈ, ਅਥਵਾ-- ਵਾਹਿਗੁਰੂ " ਪਰਮ-ਜੋਤ " ਹੈ " ਜੋਤਿ " ਉਸ ਜੋਤਿ ਦਾ ਅੰਸ਼ ਹੈ। ਭਾਵ, ਪਰਮ-ਆਤਮਾ ਹੀ ਪਰਮ-ਜੋਤਿ ਹੈ । ਪਰਮਾਤਮਾ ਹੀ ਪਰਮ ਰੌਸ਼ਨੀ ਹੈ । ਪਰਮਾਤਮਾ ਹੀ ਪਰਮ ਗਿਆਨ ਹੈ । ਸਾਰਾ ਸੰਸਾਰ ਉਸੇ ਦੀ

ਜੋਤਿ ਨਾਲ ਪ੍ਰਕਾਸ਼ਮਾਨ ਹੈ । ਸਾਗਰ ਦੀਆਂ ਬਹੁ-ਪ੍ਰਕਾਰੀ ਲਹਿਰਾਂ ਸਾਗਰ ਵਿਚ ਕਈ ਰੂਪਾਂ ਨਾਲ ਰੌਣਕਾਂ ਲਾਉਂਦੀਆਂ ਦਿੱਸ ਆਉਂਦੀਆਂ ਹਨ, ਪਰ ਉਹ ਸਾਗਰ ਤੋਂ ਅੱਡ ਨਹੀਂ ਹਨ । ਏਸੇ ਤਰ੍ਹਾਂ ਪਰਮ-ਆਤਮਾ ਦੀ ਆਤਮਾ ਜਗਤ ਦੇ ਬਹੁਰੰਗੀ ਜੀਵਾਂ ਵਿਚ ਜੀਵ-ਤਰੰਗਾਂ ਦਾ ਰੂਪ ਹੈ । ਜਿਵੇਂ ਸੂਰਜ ਦੀਆਂ ਕਿਰਣਾਂ ਸਾਰੇ ਸੰਸਾਰ ਵਿਚ ਰੌਸ਼ਨੀ ਖਿਲਾਰ ਰਹੀਆਂ ਹਨ, ਉਵੇਂ ਹੀ ਪਰਮ-ਜੋਤਿ ਪਰਮਾਤਮਾ ਦੀ ਜੋਤਿ ਅਪਾਰ ਸਿਰਜਣਾ ਦੇ ਬੇਅੰਤ ਜੀਵਾਂ ਵਿਚ ਪ੍ਰਕਾਸ਼ਮਾਨ ਹੈ । ਸਤਿਗੁਰਾਂ ਦਾ ਫ਼ੁਰਮਾਨ ਹੈ--**ਆਪੇ ਹਰਿ ਇਕੁ ਰੰਗੁ ਹੈ ਆਪੇ ਬਹੁ ਰੰਗੀ " ॥** ਆਉ ਅਸੀਂ ਵੀ ਉਸ ਬਹੁਰੰਗੀ ਸਿਜਣਹਾਰ ਦੇ ਹਰਿ ਇੱਕ ਰੰਗ ਦੇ ਦਰਸ਼ਨ ਕਰੀਏ ਅਤੇ ਸਦਾ ਏਹੀ ਆਖੀਏ--**ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥**[੭੨੬]

੨੦- **ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹਾਰੇ ॥**
**ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥ ੩ ॥**[੮੧੫]-੨੭-੫੭

**ਅਰਥ:**--ਹੇ ਸਭ ਤੋਂ ਉੱਚੇ ਚਾਨਣ ਦੇ ਸੋਮੇ ! ਹੇ ਸਭ ਗੁਣਾ ਨਾਲ ਭਰਪੂਰ ਪ੍ਰਭੂ ! ਹੇ ਸਰਬ ਵਿਆਪਕ ਪ੍ਰਭੂ ! ਅਸੀਂ ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹਾਂ । ਹੇ ਅਪਹੁੰਚ ਤੇ ਬੇ-ਅੰਤ ਪ੍ਰਭੂ ! ਜਿਵੇਂ ਤੂੰ ਮੈਨੂੰ ਰੱਖਦਾ ਹੈਂ, ਮੈਂ ਉਸੇ ਤਰ੍ਹਾਂ ਹੀ ਰਹਿ ਸਕਦਾ ਹਾਂ (ਮਾਇਆ ਦੇ ਬੰਧਨਾਂ ਤੋਂ ਤੂੰ ਹੀ ਮੈਨੂੰ ਬਚਾ ਸਕਦਾ ਹੈ) । ੩ ।

੨੧- **ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥ ਪੂਰਨ ਪਰਮ ਜੋਤਿ ਪਰਮੇਸਰੁ ਸਿਮਰਤ ਪਾਈਐ ਮਾਨੁ ॥ ੧ ॥ ਰਹਾਉ ॥**[੧੩੦੦]-੧-੧੨
ਇਨ੍ਹਾਂ ਦੋਹਾਂ ਗੁਰੂ ਫ਼ੁਰਮਾਨਾਂ ਵਿਚ ਪ੍ਰਭੂ ਨੂੰ ਪਰਮ ਜੋਤਿ ਕਿਹਾ ਹੈ ।

੨੨- **ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥**
**ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥ ੬ ॥**[੧੩੨੫]-ਅਸਟ-੪

**ਅਰਥ:**--(ਸਾਰੇ ਜਗਤ ਵਿਚ) ਇਕ (ਪਰਮਾਤਮਾ) ਦੀ ਜੋਤਿ ਹੀ ਵੱਸਦੀ ਹੈ), ਇਕ ਪਰਮਾਤਮਾ ਹੀ (ਸਭਨਾਂ ਦੇ) ਮਨ ਵਿਚ ਵੱਸਦਾ ਹੈ, ਸਾਰੀ ਲੁਕਾਈ ਵਿਚ ਸਿਰਫ਼ ਪ੍ਰਭੂ ਨੂੰ ਵੇਖਣ ਵਾਲੀ ਨਿਗਾਹ ਹੀ ਬਣਾਉਣੀ ਚਾਹੀਦੀ ਹੈ । ਸਾਰੀ ਸ੍ਰਿਸ਼ਟੀ ਵਿਚ ਇਕ ਪਰਮਾਤਮਾ ਹੀ ਪਸਾਰਾ ਪਸਾਰ ਰਿਹਾ ਹੈ, (ਇਸ ਵਾਸਤੇ) ਸਭਨਾਂ ਦੇ ਚਰਨਾਂ ਹੇਠ ਆਪਣਾ ਸਿਰ ਰੱਖਣਾ ਚਾਹੀਦਾ ਹੈ । (ਭਾਵ, ਕਿਸੇ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ) । ੬ ।

੨੩- **ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ ॥ ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ ॥ ੩ ॥**[੫੦੬]-੧-੭

**ਅਰਥ:**--ਸਾਰੇ ਜਗਤ ਵਿਚ ਇਕ ਅਦ੍ਰਿਸ਼ਟ ਤੇ ਨਿਰਲੇਪ ਪਰਮਾਤਮਾ ਹੀ ਵੱਸ ਰਿਹਾ ਹੈ ਸਾਰੇ ਸੰਸਾਰ ਵਿਚ ਪਰਮਾਤਮਾ ਦਾ ਹੀ ਨੂਰ ਪ੍ਰਕਾਸ਼ ਕਰ ਰਿਹਾ ਹੈ । ਹੇ ਪ੍ਰਭੂ ! ਇਕ ਤੂੰ ਹੀ (ਸਭ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈਂ, ਸਾਰੇ ਜੀਵ (ਤੇਰੇ ਦਰ ਤੇ) ਮੰਗਤੇ ਹਨ (ਤੇਰੇ ਅੱਗੇ) ਹੱਥ ਖਿਲਾਰ ਕੇ ਮੰਗ ਰਹੇ ਹਨ । ੩ ।

੨੪- **ਸਰੀਰ ਸਰੋਵਰ ਭੀਤਰੇ, ਆਛੈ ਕਮਲ ਅਨੂਪ ॥ ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥ ੧ ॥**[੮੫੭]-੧੦

**ਅਰਥ:**--ਜਿਸ ਉੱਤਮ ਪੁਰਖ ਪ੍ਰਭੂ ਦੀ ਪਰਮ ਜੋਤਿ ਦਾ ਰੂਪ-ਰੇਖ ਨਹੀਂ ਦੱਸਿਆ ਜਾ ਸਕਦਾ, ਉਹ ਪ੍ਰਭੂ ਇਸ ਸਰੀਰ-ਰੂਪ ਸੁਹਣੇ ਸਰੋਵਰ ਦੇ ਅੰਦਰ ਹੀ ਹੈ, ਉਸ ਦੀ ਬਰਕਤਿ ਨਾਲ ਹਿਰਦਾ-ਰੂਪ ਕੌਲ ਫੁੱਲ ਸੁਹਣਾ ਖਿੜਿਆ ਰਹਿੰਦਾ ਹੈ । ੧ ।

੨੫- **ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥ ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥ ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥ ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ ॥ ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ ॥ ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ ॥ ੪ ॥**[੮੪੩]-੧

## ੬

## ਜੋਤੀ ਜੋਤਿ ਸਮਾਉਣਾ

ਅਸੀਂ ਜੋਤੀ ਜੋਤਿ ਸਮਾਉਣ ਦਾ ਅਰਥ ਹੈ ਜੋਤੀ ਭਾਵ ਅਕਾਲਪੁਰਖ ਵਿਚ ਜੋਤਿ ਦੇਹ ਵਿਚਲੀ ਜੋਤਿ ਦਾ ਸਮਾ ਜਾਣਾ । ਪਰ ਅਸਾਂ ਜੋਤੀ ਜੋਤਿ ਸਾਮਾਉਣ ਦਾ ਅਰਥ ਚੜ੍ਹਾਈ ਕਰ ਜਾਣਾ, ਸਰੀਰ ਤਿਆਗਣਾ ਅਥਵਾ ਮੌਤ ਹੋ ਜਾਣੀ ਮੰਨਿਆਂ ਹੋਇਆ ਹੈ । ਸੁਹਿਰਦ ਪਾਠਕ ਜੀਓ ! ਆਉ, ਆਪਣੇ ਗੁਰਦੇਵ ਜੀ ਤੋਂ **ਜੋਤੀ ਜੋਤਿ** ਸਮਾਉਣ ਦੇ ਅਰਥ ਸਮਝੀਏ :---

੨੬- **ਮਨੂਰੈ ਤੇ ਕੰਚਨ ਭਏ ਭਾਈ, ਗੁਰੁ ਪਾਰਸੁ ਮੇਲਿ ਮਿਲਾਇ ॥**
**ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥ ੩ ॥** [੬੩੮]-੨

**ਅਰਥ:**--ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਪਾਰਸ-ਗੁਰੂ (ਆਪਣੀ ਸੰਗਤਿ ਵਿਚ) ਮਿਲਾ ਕੇ (ਪ੍ਰਭੂ-ਚਰਨਾਂ ਵਿਚ) ਜੋੜ ਦੇਂਦਾ ਹੈ, ਉਹ ਮਨੁੱਖ ਸੜੇ ਹੋਏ ਲੋਹੇ (-ਮਨੂਰ) ਤੋਂ ਸੋਨਾ ਬਣ ਜਾਂਦੇ ਹਨ । ਹੇ ਭਾਈ ! ਆਪਾ-ਭਾਵ ਤਿਆਗ ਕੇ ਉਨ੍ਹਾਂ ਦੇ ਮਨ ਵਿਚ ਪਰਮਾਤਮਾ ਦਾਂ ਨਾਮ ਆ ਵੱਸਦਾ ਹੈ । ਗੁਰੂ ਉਨ੍ਹਾਂ ਦੀ ਸੁਰਤਿ ਨੂੰ ਪ੍ਰਭੂ ਦੀ ਜੋਤਿ ਵਿਚ ਮਿਲਾ ਦਿੰਦਾ ਹੈ (ਉਨ੍ਹਾਂ ਦੀ ਆਤਮਕ ਅਵਸਥਾ ਉੱਚੀ ਹੋ ਜਾਂਦੀ ਹੈ) । ੩ ।

੨੭- **ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥**
**ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥ ੧ ॥**[੬੦੨]-੮

**ਅਰਥ:**--ਹੇ ਭਾਈ ! ਜੇ ਗੁਰੂ ਮਿਲ ਪਏ, ਤਾਂ ਮਨੁੱਖ ਆਤਮਕ ਜੀਵਨ ਦੀ ਸਮਝ ਹਾਸਲ ਕਰ ਲੈਂਦਾ ਹੈ, ਮਨੁੱਖ ਦੀ ਸੁਰਤਿ ਵਿਕਾਰਾਂ ਵਲੋਂ ਪਰਤ ਪੈਂਦੀ ਹੈ, ਦੁਨੀਆ ਦੇ ਕਾਰ-ਵਿਹਾਰ ਕਰਦਾ ਹੋਇਆ ਹੀ ਮਨੁੱਖ ਵਿਕਾਰਾਂ ਵਲੋਂ ਅਛੋਹ ਹੋ ਜਾਂਦਾ ਹੈ । ਜਿਸ ਮਨੁੱਖ ਦੀ ਆਤਮਾ ਨੂੰ ਗੁਰੂ ਪਰਮਾਤਮਾ ਵਿਚ (ਜੋਤੀ ਜੋਤਿ) ਮਿਲਾ ਦਿੰਦਾ ਹੈ, ਉਹ (ਅਸਲ) ਸਿੱਖ ਬਣ ਜਾਂਦਾ ਹੈ ।

੨੮- **ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥ ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥ ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥ ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥ ਨਾਨਕ ਸਚੁ ਨਾਮੁ ਜਿਨ ਹਿਰਦੈ**

**ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥ ੨ ॥**[੭੬੯]-ਛੰਤ-੩

**ਅਰਥ:**--ਹੇ ਭਾਈ ! ਸਦਾ-ਥਿਰ ਪ੍ਰਭੂ ਦੇ ਰੂਪ, ਗੁਰੂ ਨੇ ਜਿਸ ਮਨੁੱਖ ਨੂੰ ਪ੍ਰਭੂ ਦਾ ਗਿਆਨ ਦੇ ਦਿੱਤਾ ਉਸ ਦੀ ਲਾਜ ਸੱਚਾ ਪ੍ਰਭੂ ਆਪ ਰੱਖਦਾ ਹੈ । ਪ੍ਰਭੂ-ਚਰਨਾਂ ਨਾਲ ਅਟੱਲ ਪਿਆਰ ਉਸ ਮਨੁੱਖ ਦੀ ਆਤਮਕ ਖ਼ੁਰਾਕ ਬਣ ਜਾਂਦਾ ਹੈ, ਹਰੀ ਦੇ ਨਾਮ ਵਿਚ ਉਸ ਨੂੰ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ । ਜਿਸ ਵੀ ਮਨੁੱਖ ਨੂੰ ਪ੍ਰਭੂ ਦੇ ਨਾਮ ਵਿਚ ਆਤਮਕ ਆਨੰਦ ਲੱਭਦਾ ਹੈ, ਉਹ ਕਦੇ ਆਤਮਕ ਮੌਤ ਨਹੀਂ ਸਹੇੜਦਾ, ਉਹ ਜੂਨਾਂ ਵਿਚ ਨਹੀਂ ਪੈਂਦਾ, ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ । (ਗੁਰੂ ਨੇ ਜਿਸ ਮਨੁੱਖ ਦੀ) ਸੁਰਤਿ ਪਰਮਾਤਮਾ ਦੀ ਜੋਤਿ ਵਿਚ (--ਜੋਤੀ ਜੋਤਿ) ਮਿਲਾ ਦਿੱਤੀ, ਉਹ ਮਨੁੱਖ ਸਦਾ-ਥਿਰ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ, ਹਰਿ-ਨਾਮ ਦੀ ਬਰਕਤਿ ਨਾਲ (ਉਸ ਦੇ ਅੰਦਰ ਆਤਮਕ ਜੀਵਨ ਦਾ) ਚਾਨਣ ਪੈਦਾ ਹੋ ਜਾਂਦਾ ਹੈ । ਹੇ ਭਾਈ ! ਜਿੰਨ੍ਹਾਂ ਮਨੁੱਖਾਂ ਨੇ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਉਹ ਉਸੇ ਦਾ ਰੂਪ ਬਣ ਗਏ, ਉਹ ਹਰ ਵੇਲੇ ਉਸ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਦੇ ਰਹਿੰਦੇ ਹਨ । ਗੁਰਦੇਵ ਜੀ ਦਾ ਫ਼ੁਰਮਾਨ ਹੈ--ਜਿੰਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਸਦਾ-ਥਿਰ ਪ੍ਰਭੂ ਦਾ ਨਾਮ ਵੱਸ ਜਾਂਦਾ ਹੈ, ਉਹ ਫਿਰ ਪਰਮਾਤਮਾ ਦੇ ਚਰਨਾਂ ਤੋਂ ਵਿਛੁੜ ਕੇ ਦੁੱਖ ਨਹੀਂ ਪਾਉਂਦੇ । ੨ ।

੨੯- **ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥ ਆਵਾਗਉਣੁ ਨਿਵਾਰਿਆ**
**ਜੋਤੀ ਜੋਤਿ ਮਿਲਾਇ ॥ ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥ ੩ ॥**[੧੦੦੯]-ਅਸਟ-੨

**ਅਰਥ:**--ਗੁਰੂ ਦੇ ਹੁਕਮ ਅਨੁਸਾਰ ਚਲਣ ਵਾਲੇ (-ਗੁਰਮੁਖਿ) ਜਿਹੜੇ ਬੰਦੇ ਇਸ (ਸੰਸਾਰ ਸਮੁੰਦਰ ਵਿਚੋਂ) ਲੰਗਦੇ ਹਨ, ਉਹ ਪਰਮਾਤਮਾ ਦੇ ਚਰਨਾਂ ਵਿਚ ਸੁਰਤਿ ਜੋੜ ਕੇ ਪਾਰਲੇ ਕੰਢੇ ਜਾ ਅਪੜਦੇ ਹਨ । ਗੁਰੂ ਉਨ੍ਹਾਂ ਦੀ ਜੋਤਿ ਪ੍ਰਭੂ ਦੀ ਜੋਤਿ ਵਿਚ ਮਿਲਾ ਕੇ ਉਨ੍ਹਾਂ ਦਾ ਜਨਮ ਮਰਨ ਦਾ ਗੇੜ ਮੁਕਾ ਦਿੰਦਾ ਹੈ । ਗੁਰੂ ਦੀ ਸਿਖਿਆ ਲੈ ਕੇ ਜਿਸ ਮਨੁੱਖ ਦੇ ਅੰਦਰ ਅਡੋਲ ਆਤਮਕ ਅਵਸਥਾ ਪੈਦਾ ਹੁੰਦੀ ਹੈ ਉਹ-ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ । ੩ ।

੩੦- **ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ**
**ਨਾਹੀ ਸਹਸਾ ਸੋਗੁ ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥ ੨ ॥**[੨੧]-੨੦

**ਅਰਥ:**--ਜੇ ਪ੍ਰਭੂ ਦੀ ਜੋਤਿ ਵਿਚ ਆਪਣੀ ਆਤਮਾ ਰਲਾ ਦੇਈਏ, ਉਸ ਵਿਚ ਆਪਣੀ ਸੁਰਤਿ ਦਾ ਮੇਲ ਕਰ ਦੇਈਏ ਤਾਂ ਕਠੋਰਤਾ ਤੇ ਹਉਮੈ ਦੂਰ ਹੋ ਜਾਂਦੀਆਂ ਹਨ, ਕੋਈ ਸਹਮ ਤੇ ਚਿੰਤਾ ਵੀ ਨਹੀਂ ਰਹਿ ਜਾਂਦੀ । ਗੁਰੂ ਦੀ ਸਰਨ ਪੈ ਕੇ ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੀ ਯਾਦ ਟਿਕਦੀ ਹੈ, ਗੁਰੂ ਉਸ ਨੂੰ ਪਰਮਾਤਮਾ ਨਾਲ ਮਿਲਣ ਦਾ ਪੂਰਾ ਅਵਸਰ ਬਖ਼ਸ਼ਦਾ ਹੈ ।

ਉਪਰੋਕਤ ਗੁਰੂ-ਬਾਣੀ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ, **੧)** " ਜੋਤੀ " ਦਾ ਅਰਥ ਜੋਤਿ ਦਾ ਮਾਲਕ " ਵਾਹਿਗੁਰੂ " ਅਤੇ " ਜੋਤਿ " ਦਾ ਅਰਥ " ਆਤਮਾ " ਹੈ । **੨)** " **ਜੋਤੀ ਜੋਤਿ ਮਿਲੀ** " ਦਾ ਅਰਥ ਪਰਮਾਤਮਾ ਵਿਚ ਸੁਰਤ ਦਾ ਲੀਨ ਹੋ ਜਾਣਾ ਹੈ, ਭਾਵ, ---**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ੬ ॥**[੯੬੯] **੩)** ਅਜੇਹੀ ਉ ੱਚੀ ਆਤਮਕ ਅਵਸਥਾ ਕੇਵਲ ਮਨੁੱਖਾ ਸਰੀਰ ਵਿਚ ਵਿਚਰਦਿਆਂ ਹੀ ਮਿਲ ਸਕਦੀ ਹੈ । ਜੇ ਜੀਊਂਦਿਆਂ, ਜੇ ਸਰੀਰ ਵਿਚ ਸੁਆਸ ਚਲਦਿਆਂ, ਇਹ ਅਵਸਥਾ ਪ੍ਰਾਪਤ ਨ ਹੋ ਸਕੀ ਤਾਂ ਮਰ ਕੇ ਜੋਤੀ ਵਿਚ ਜੋਤਿ ਨਹੀਂ ਮਿਲ ਸਕਦੀ । **੪)** ਇਹ ਅਵਸਥਾ ਸਤਿਗੁਰਾਂ ਦੇ ਹੁਕਮ ਅਨੁਸਾਰ ਚਲਣ ਤੋਂ ਪ੍ਰਾਪਤ ਹੁੰਦੀ ਹੈ । ਭਾਵ, ਸਤਿਗੁਰਾਂ ਦੇ ਉਪਦੇਸ਼ ਅਨੁਸਾਰ ਜੀਵਨ ਵਿਚ ਘਾਲੀ ਘਾਲਣਾ ਨੇ ਹੀ ਮੌਤ ਉਪ੍ਰੰਤ ਫਲ ਦੇਣਾ ਹੁੰਦਾ ਹੈ **ਏਕ ਜੋਤਿ ਦੋਇ ਮੂਰਤੀ, ਜੀਊਂਦਿਆਂ ਹੀ ਹੋਣਾ ਹੈ**। ਜੇ ਜੀਊਂਦਿਆਂ ਨਹੀਂ ਤਾਂ ਮਰਨ ਉਪ੍ਰੰਤ " **ਜੋਤੀ** " ਨੇ ਕਿਸੇ ਨੂੰ ਕਿਥੋਂ ਮਿਲਣਾ ਹੈ ? ਇਸ ਦੀ ਖ਼ਬਰ ਹੋਣੀ ਮਨੱਖ ਦੀ ਸੂਝ ਤੋਂ ਪਰੇ ਦੀ ਗੱਲ ਹੈ।

ਬਿਲਾਵਲ ਰਾਗ ਵਿਚ ਪੰਚਮ ਪਾਤਿਸ਼ਾਹ ਜੀ ਦੇ ਛੰਤ (ਸ਼ਬਦ) ਵਿਚ ਪ੍ਰਾਣੀ ਨੂੰ ਆਤਮਕ ਉੱਚਤਾ ਤੇ ਅਪੜਾ ਦੇਣ ਵਾਲੀ ਉਚੇਚੀ ਵਡਮੁੱਲੀ ਸਿਖਿਆ ਹੈ । ਜਿਵੇਂ ਲਾਵਾਂ ਤੇ ਬੈਠੀ ਬੀਬੀ ਨੂੰ ਨੀਂਗਰ ਦਾ ਪੱਲਾ ਫੜਾਉਂਣ ਸਮੇ ਪੱਲੇ ਦਾ ਸ਼ਬਦ--**ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥ ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥ ੧ ॥** ਪੜ੍ਹਨ ਦੀ ਪੱਕੀ ਮਰਯਾਦਾ ਬਣ ਚੁੱਕੀ ਹੈ, ਏਵੇ ਹੀ ਮਿਰਤਕ ਪ੍ਰਾਣੀ ਦੇ ਨਮਿਤ ਰਖਾਏ ਪਾਠ ਦੇ ਭੋਗ ਤੇ ਉਸ ਪਾਵਨ ਛੰਤ ਦਾ ਚੌਥਾ ਬੰਦ ਚੁਣ ਕੇ ਦੀਵਾਨ ਵਿਚ ਗਾਵਿਆਂ ਜਾਂਦਾ ਹੈ । ਸ਼ਬਦ ਦੇ ਅਰਥ ਕਰਕੇ ਘਰ ਵਾਲਿਆਂ ਨੂੰ, ਅਥਵਾ ਦੀਵਾਨ ਵਿਚ ਬੈਠੀ ਸੰਗਤਿ ਨੂੰ, ਪਰਭਾਵ ਇਹ ਦਿੱਤਾ ਜਾਂਦਾ ਹੈ ਕਿ, ਮਰਨ ਵਾਲੇ ਦੀ ਆਤਮਾਂ, ਪ੍ਰਭੂ ਦੀ ਜੋਤਿ ਵਿਚ ਮਿਲ ਕੇ ਸੰਪੂਰਨ ਹੋ ਗਈ ਹੈ । ਅਜੇਹਾ ਕਰਨ ਵਾਲੇ ਰਾਗੀ, ਗ੍ਰੰਥੀ ਅਥਵਾ ਪਰਚਾਰਕ, ਸਰੋਤਿਆਂ ਦਾ ਮਨ ਰਾਜ਼ੀ ਕਰਨ ਲਈ ਗੁਰਬਾਣੀ ਦੀ ਨਿਰਾਦਰੀ ਕਰਨ ਦਾ ਪਾਪ ਖੱਟ ਰਹੇ ਹੁੰਦੇ ਹਨ । ਮਰੇ ਸੰਬੰਧੀ ਦੀ ਗੁਰੂ ਦਰਬਾਰ ਵਿਚ ਅਯੋਗ ਉਸਤਤਿ ਕਰਕੇ ਘਰ ਵਾਲਿਆਂ ਦੀ ਝੋਲੀ ਚੁੱਕਣ ਲਈ ਗੁਰੂ ਬਾਣੀ ਦੀ ਵਰਤੋਂ ਆਪਣੀ ਮਰਜ਼ੀ ਦੇ ਅਰਥਾਂ ਨਾਲ ਕਰਨੀ ਮਨਮੁਖਤਾਈ ਹੈ ਅਥਵਾ ਬਿੱਪ੍ਰਨ ਕੀ ਰੀਤ ਹੈ । ਅੱਜ ਦਾ ਰਿਵਾਜ ਕੱਲ ਨੂੰ ਧਰਮ ਦਾ ਹਿੱਸਾ ਬਣ ਜਾਂਦਾ ਹੈ । ਗੁਰਬਾਣੀ ਦੀ ਅਜੇਹੀ ਅਵੱਗਿਆ ਕੌਮ ਨੂੰ ਕੇਵਲ ਢਹਿੰਦੀਆਂ ਕਲਾਂ ਵੱਲ ਨੂੰ ਹੀ ਨਹੀਂ ਲੈ ਤੁਰਦੀ ਸਗੋਂ ਅਜੇਹੀਆਂ ਭੁੱਲਾਂ ਦੇ ਦੁਰ-ਰਸ ਸਿੱਟੇ ਹੋਰ ਵੀ ਵੱਧ ਦੁਖਦਾਈ ਹੁੰਦੇ ਹਨ । ਉਸ ਪਾਵਨ-ਛੰਤ ਦਾ ਚੌਥਾ ਬੰਦ, ਜਿਸ ਦੀ ਵਰਤੋਂ ਅਯੋਗ ਢੰਗ ਨਾਲ ਕੀਤੀ ਜਾਂਦੀ ਹੈ, ਇਸ ਪ੍ਰਕਾਰ ਹੈ:--

੩੧- **ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ**
**ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ**
**ਭੁਗਤਾ ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥ ੪ ॥**[੮੪੬]-ਛੰਤ-੨

ਇਸ ਚੌਥੇ ਬੰਦ ਦੇ ਪਦ ਅਰਥ ਅਤੇ ਅਰਥ ਇਸ ਪ੍ਰਕਾਰ ਹਨ:--

**ਪਦ ਅਰਥ:**--ਮਿਲੇ=ਮਿਲ ਕੇ । ਸੂਰਜ ਕਿਰਣਿ ਮਿਲੇ=ਸੂਰਜ ਦੀ ਕਿਰਣ ਨਾਲ ਮਿਲ ਕੇ । ਸੰਪੂਰਨੁ ਥੀਆ=ਸਾਰੇ ਗੁਣਾ ਦੇ ਮਾਲਕ ਪ੍ਰਭੂ ਦਾ ਰੂਪ ਹੋ ਜਾਂਦਾ ਹੈ । ਸੁਣਿਐ=(ਹਰੇਕ ਵਿਚ ਬੋਲਦਾ) ਉਸ ਨੂੰ ਸਣਿਆ ਜਾਂਦਾ ਹੈ । ਵਖਾਣੀਐ=ਜ਼ਿਕਰ ਹੋ ਰਿਹਾ ਹੁੰਦਾ ਹੈ । ਪਸਾਰਾ--ਖਿਲਾਰਾ, ਪਰਕਾਸ਼ । ਕਾਰਣੁ ਕੀਆ=(ਜਗਤ ਦਾ) ਮੁੱਢ ਬੱਧਾ । ਸੇਈ--ਉਹੀ ਬੰਦੇ । ਜਾਣਹਿ=ਜਾਣਦੇ ਹਨ । ੪ ।

**ਅਰਥ:**--ਹੇ ਭਾਈ ! ਜਿਵੇਂ ਸੂਰਜ ਦੀ ਕਿਰਣ ਨਾਲ ਮਿਲ ਕੇ (ਬਰਫ਼ ਤੋਂ) ਪਾਣੀ ਦਾ ਪਾਣੀ ਹੋ ਜਾਂਦਾ ਹੈ (ਸੂਰਜ ਦੇ ਨਿੱਘ ਨਾਲ ਬਰਫ਼-ਬਣੇ ਪਾਣੀ ਦੀ ਕਠੋਰਤਾ ਖ਼ਤਮ ਹੋ ਜਾਂਦੀ ਹੈ), (ਤਿਵੇਂ ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਜੀਵ ਦੇ ਅੰਦਰੋਂ ਰੁੱਖਾ-ਪਨ ਮੁੱਕ ਕੇ ਜੀਵ ਦੀ) ਜਿੰਦ ਪਰਮਾਤਮਾ ਦੀ ਜੋਤਿ ਨਾਲ ਇਕ-ਮਿਕ ਹੋ ਜਾਂਦੀ ਹੈ, ਜੀਵ ਸਾਰੇ ਗੁਣਾ ਦੇ ਮਾਲਕ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ । (ਤਦੋਂ ਉਸ ਨੂੰ ਹਰ ਥਾਂ ਪਰਮਾਤਮਾ ਹੀ (ਵੱਸਦਾ) ਨਜ਼ਰੀਂ ਆਉਂਦਾ ਹੈ, (ਹਰੇਕ ਵਿਚ) ਪ੍ਰਭੂ ਹੀ (ਬੋਲਦਾ ਉਸ ਨੂੰ) ਸੁਣਦਾ ਹੈ (ਉਸ ਨੂੰ ਇਉ ਜਾਪਦਾ ਹੈ ਕਿ ਹਰ ਥਾਂ) ਇਕ ਪਰਮਾਤਮਾ ਦਾ ਹੀ ਜ਼ਿਕਰ ਹੋ ਰਿਹਾ ਹੈ, ਪ੍ਰਭੂ ਤੋਂ ਬਿਨਾਂ ਉਹ ਕਿਸੇ ਹੋਰ ਨੂੰ ਕਿਤੇ ਨਹੀਂ ਪਛਾਣਦਾ (ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ) ਪਰਮਾਤਮਾ ਆਪੇ (ਹੀ ਸਭ ਨੂੰ) ਪੈਦਾ ਕਰਨ ਵਾਲਾ ਹੈ, (ਜੀਵਾਂ ਵਿਚ ਵਿਆਪਕ ਹੋ ਕੇ) ਆਪ (ਹੀ ਸਾਰੇ ਰੰਗ) ਮਾਣ ਰਿਹਾ ਹੈ, ਉਹ ਆਪ ਹੀ ਹਰੇਕ ਕੰਮ

ਦੀ ਪ੍ਰੇਰਨਾ ਕਰ ਰਿਹਾ ਹੈ । ਗੁਰਦੇਵ ਜੀ ਸਾਨੂੰ ਸਮਝਾਉਣ ਲਈ ਬੇਨਤੀ (ਬਿਨਵੰਤ) ਸ਼ਬਦ ਵਰਤ ਕੇ ਫ਼ੁਰਮਾਨ ਕਰਦੇ ਹਨ, (ਕਿ ਇਸ ਅਵਸਥਾ ਨੂੰ) ਉਹੀ ਮਨੁੱਖ ਸਮਝਦੇ ਹਨ, ਜਿਨ੍ਹਾਂ ਨੇ ਪਰਮਾਤਮਾ ਦੇ ਨਾਮ ਦਾ ਸੁਆਦ ਚੱਖਿਆ ਹੈ । ੪ ।

ਧਿਆਨ ਨਾਲ ਵਿਚਾਰੀਏ ਤਾਂ ਇਸ ਗੁਰੂ-ਫ਼ੁਰਮਾਨ ਵਿਚੋਂ ਅਜੇਹੀ ਸਿਖਿਆ ਕੋਈ ਨਹੀਂ ਮਿਲਦੀ ਜਿਹੜੀ ਮਰ ਚੁੱਕੇ ਪ੍ਰਾਣੀ ਲਈ ਲਾਹੇਵੰਦ ਹੋ ਸਕਦੀ ਹੋਵੇ । ਪਰ ਇਸ ਗੁਰੂ ਸ਼ਬਦ ਦੀ ਵਰਤੋਂ ਕੇਵਲ ਘਰ ਵਾਲਿਆਂ ਨੂੰ ਖ਼ੁਸ਼ ਕਰਨ ਲਈ ਹੀ ਕੀਤੀ ਜਾ ਰਹੀ ਹੁੰਦੀ ਹੈ । ਜਿੰਦਗੀ ਵਿਚ ਗੁਰੂ ਦੇ ਹੁਕਮ ਤੇ ਚਲ ਕੇ ਜੋ ਪੂਰਨ ਪ੍ਰਮਾਤਮਾ ਵਿਚ ਲੀਨ ਹੋ ਕੇ ਪੂਰਨ ਹੋ ਗਿਆ ਹੈ, ਮਰਨ ਉਪ੍ਰੰਤ ਓਸੇ ਨੇ ਪੂਰਨਤਾ ਪ੍ਰਾਪਤ ਕਰ ਲਈ ਸਮਝੋ । ਜਿਹੜਾ ਜਿੰਦਗੀ ਵਿਚ ਅਧੂਰਾ ਰਿਹਾ ਉਹ ਮਰ ਕੇ ਕਿਵੇ ਸੰਪੂਰਨ ਹੋ ਸਕਦਾ ਹੈ ?

੩੨- **ਸਬਦਿ ਮਰੈ ਸੋ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥**
**ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥ ੧ ॥** [੧੧੧]-ਅਸਟ-੪-੫

**ਅਰਥ:**--ਜਿਹੜਾ ਮਨੁੱਖ ਸ਼ਬਦ (-ਗਿਆਨ) ਵਿਚ ਜੁੜ ਕੇ (ਆਪਾ-ਭਾਵ ਵਲੋਂ) ਮਰਦਾ ਹੈ, ਉਹ (ਆਪਾ-ਭਾਵ ਵਲੋਂ) ਮਰਿਆ ਹੋਇਆ ਮਨੁੱਖ (ਜਗਤ ਵਿਚ) ਆਦਰ-ਮਾਣ ਪਾਉਂਦਾ ਹੈ, ਉਸ ਨੂੰ ਆਤਮਕ ਮੌਤ (ਆਪਣੇ ਪੰਜੇ ਵਿਚ) ਫ਼ਸਾ ਨਹੀਂ ਸਕਦੀ, ਉਸ ਨੂੰ ਕੋਈ ਦੁੱਖ-ਕਲੇਸ਼ ਦੁਖੀ ਨਹੀਂ ਕਰ ਸਕਦਾ । ਪ੍ਰਭੂ ਦੀ ਜੋਤਿ ਵਿਚ ਮਿਲ ਕੇ ਉਸ ਦੀ ਸੁਰਤ ਪ੍ਰਭੂ ਵਿਚ ਹੀ ਲੀਨ ਰਹਿੰਦੀ ਹੈ । ਤੇ, ਹੇ ਮਨ ! ਉਹ ਮਨੁੱਖ (ਪ੍ਰਭੂ ਦੀ ਸਿਫ਼ਤਿ-ਸਾਲਾਹ) ਸੁਣ ਕੇ ਸਦਾ-ਥਿਰ ਪਰਮਾਤਮਾ ਵਿਚ ਸਮਾਇਆ ਰਹਿੰਦਾ ਹੈ । ੧ ।

੩੩- **ਸਾਚਿ ਰਤੇ ਜਿਨ੍ਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥**
**ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥ ੨ ॥** [੧੧੭੫]-੧੦

**ਅਰਥ:**--ਭਗਤੀ ਦਾ ਲੇਖ ਦਰਗਾਹੋਂ ਹੀ ਲਿਖਵਾ ਕੇ ਆਏ ਹੋਏ ਮਨੁੱਖ ਸਦਾ-ਥਿਰ ਹਰਿ-ਨਾਮ ਵਿਚ ਰੰਗੇ ਰਹਿੰਦੇ ਹਨ। ਪਰਮਾਤਮਾ ਦਾ ਨਾਮ ਸਦਾ ਉਨ੍ਹਾਂ ਨੂੰ ਆਪਣੇ ਮਨ ਵਿਚ ਪਿਆਰਾ ਲੱਗਦਾ ਹੈ। ਗੁਰੂ ਦੀ ਬਾਣੀ ਦੀ ਬਰਕਤਿ ਨਾਲ ਉਨ੍ਹਾਂ ਦੇ ਅੰਦਰ ਸਦਾ ਆਤਮਕ ਆਨੰਦ ਬਣਿਆ ਰਹਿੰਦਾ ਹੈ, ਤੇ ਉਹ ਪਰਮਾਤਮਾ ਦੀ ਜੋਤਿ ਵਿਚ ਮਿਲਾਏ ਜਾਂਦੇ ਹਨ।੨।

ਜੀਉਂਦਿਆ ਹੀ ਅਜੇਹੇ ਆਤਮਕ ਉੱਚਤਾ ਦੇ ਟਿਕਾਣੇ ਤੇ ਪੁੱਜਣਾ ਹੈ ਕਿ, ਉਸ ਪਰਮਜੋਤਿ ਦਾ ਰੂਪ ਹੋ ਜਾਣਾ ਹੈ---

੩੪- **ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨਾ ਸਕੈ ਪਛਾਨੀ ॥ ੬ ॥**[੯੬੯]-੩

**ਅਰਥ:**-(ਆਪਣੇ ਗੁਰੂ ਦੀ ਕਿਰਪਾ ਨਾਲ) ਮੈਂ ਹੁਣ ਉ ੱਚੇ ਆਤਮਕ ਟਿਕਾਣੇ ਤੇ ਅੱਪੜ ਗਿਆ ਹਾਂ, ਜਿਵੇ ਮੈਨੂੰ ਪਰਮਾਤਮਾ ਮਿਲ ਪਿਆ ਹੈ। ਮੈਂ ਕਬੀਰ ਅਤੇ ਮੇਰਾ ਰਾਮ ਇੱਕ ਰੂਪ ਹੋ ਗਏ ਹਾਂ, ਕੋਈ ਸਾਡੇ ਵਿਚ ਫ਼ਰਕ ਨਹੀਂ ਦੱਸ ਸਕਦਾ । ੬ ।

੩੫- **ਜੇਹਾ ਡਿਠਾ ਮੈ ਤੇਹੋ ਕਹਿਆ ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥**
**ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥ ੪ ॥** [੯੭]-੩-੧੦

੭

# ਜੋਤਿ=ਪ੍ਰਕਾਸ਼, ਰੌਸ਼ਨੀ, ਨੂਰ, ਜਲਵਾ, ਜਹੂਰ

ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਜਗਤ ਦਾ ਸਾਰਾ ਚਾਨਣਾ ਪ੍ਰਭੂ ਦੀ ਜੋਤਿ ਤੋਂ ਹੀ ਪ੍ਰਕਾਸ਼ਮਾਨ ਹੈ--**ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥** [੫੦੯] ਸੋ ਜੋਤਿ ਪ੍ਰਕਾਸ਼ ਦੀ ਅਥਵਾ ਚਾਨਣੇ ਦੀ ਪ੍ਰਤੀਕ ਹੈ :---

੩੬- **ਮੈ ਅੰਧੁਲੇ ਨਾਵੈ ਕੀ ਜੋਤਿ ॥ ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥ ੧ ॥ ਰਹਾਉ ॥**[੧੨੭੫]-੧-੪

**ਅਰਥ:**--ਮੈਨੂੰ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਨੂੰ ਪਰਮਾਤਮਾ ਦੇ ਨਾਮ ਦੀ ਲੋ, (ਰੌਸ਼ਨੀ, ਚਾਨਣਾ) ਮਿਲ ਗਿਆ ਹੈ । ਹੁਣ ਮੈਂ (ਜੀਵਨ-ਪੰਧ ਵਿਚ) ਪ੍ਰਭੂ ਦੇ ਨਾਮ ਦੇ ਆਸਰੇ ਅਤੇ, ਗੁਰੂ ਦੇ ਡਰ-ਅਦਬ ਵਿਚ ਰਹਿ ਕੇ ਤੁਰਦਾ ਹਾਂ, (ਜੀਵਨ-ਔਕੜਾਂ ਬਾਰੇ) ਗੁਰੂ ਦੇ ਸਮਝਾਏ ਹੋਏ ਭੇਤ ਦੀ ਸਹਾਇਤਾ ਨਾਲ ਸਫ਼ਰ ਕਰ ਰਿਹਾ ਹਾਂ । ੧ । ਰਹਾਉ ।

੩੭- **ਊਰਮ ਧੂਰਮ ਜੋਤਿ ਉਜਾਲਾ ॥ ਤੀਨਿ ਭਵਣ ਮਹਿ ਗੁਰ ਗੋਪਾਲਾ ॥**
**ਊਗਵਿਆ ਅਸਰੂਪੁ ਦਿਖਾਵੈ ॥ ਕਰਿ ਕਿਰਪਾ ਅਪੁਨੈ ਘਰਿ ਆਵੈ ॥ . . . . ੮ ॥** [੯੩੦]-ੴ

**ਪਦ ਅਰਥ:**--ਊਰਮ--ਧਰਤੀ । ਧੂਰਮ--ਧੂਆਂ, ਆਕਾਸ਼ । ਜੋਤਿ--ਰੌਸ਼ਨੀ, ਪਰਭੂ । ਉਜਾਲਾ--ਚਾਨਣਾ । ਗੁਰ--ਸਭ ਤੋਂ ਵਡਾ । ਗੋਪਾਲਾ--ਪ੍ਰਿਥਵੀ ਦਾ ਪਾਲਣਹਾਰ। ਅਸਰੂਪ--ਆਪਣਾ-ਸਰੂਪ । ਘਰਿ ਆਵੈ--(ਉਹ ਮਨੁੱਖ) ਭਟਕਣਾ ਤੋਂ ਬਚ ਜਾਂਦਾ ਹੈ ।

੩੮- **ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥**
**ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥ ੨ ॥**[੪੮੯]-੨

**ਅਰਥ:**--ਉਹ ਪ੍ਰਭੂ ਇਤਨਾ ਵਡਾ ਹੈ ਕਿ ਸੂਰਜ ਅਤੇ ਚੰਦ੍ਰਮਾ ਉਸ ਦੇ ਤ੍ਰਿਭਵਣੀ ਜਗਤ ਵਿਚ (ਮਾਨੋ ਨਿਕੇ ਜਿਹੇ) ਦੀਵੇ ਹਨ, ਸਾਰੇ ਜਗਤ ਵਿਚ ਉਸੇ ਦੀ ਜੋਤਿ ਵਿਆਪਕ ਹੈ ਜੇਹੜਾ ਮਨੁੱਖ ਗੁਰੂ ਦੇ ਦਸੇ ਰਾਹ ਤੇ ਤੁਰ ਕੇ ਉਸ ਨੂੰ ਦਿਨ ਰਾਤ (ਸਿਮਰਦਾ ਹੈ-) ਉਹ ਪਵਿਤ੍ਰ ਜੀਵਨ ਵਾਲਾ ਹੋ ਜਾਂਦਾ ਹੈ । ਜੋ ਮਨੁੱਖ ਆਪਣੇ ਮਨ ਦੇ ਪਿਛੇ ਤੁਰਦਾ ਹੈ ਉਸ ਦੀ ਜ਼ਿੰਦਗੀ ਦੀ ਰਾਤ (ਅਗਿਆਨਤਾ ਦੇ) ਹਨੇਰੇ ਵਿਚ ਬੀਤਦੀ ਹੈ । ੨ ।

੩੯- **ਦਸਮੀ ਦਹਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥**
**ਜੋਤਿ ਸਰੂਪੀ ਤਤ ਅਨੂਪ ॥ ਅਮਲ, ਨ ਮਲ, ਨ ਛਾਹ ਨਹੀ ਧੂਪ ॥ ੧੧ ॥**[੩੪੪]-ਥਿਤੀ

**ਅਰਥ:**--(ਸਤਿਗੁਰਾਂ ਦੇ ਹੁਕਮ ਅਨੁਸਾਰ ਆਪਣਾ ਜੀਵਨ ਢਾਲ ਲੈਣ ਨਾਲ) ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਉਹ ਪਰਮਾਤਮਾ ਮਿਲ ਪੈਂਦਾ ਹੈ ਜੋ " ਨਿਰਾ ਨੂਰ ਹੀ ਨੂਰ ਹੈ " ਜੋ ਸਾਰੇ ਜਗਤ ਦਾ ਅਸਲਾ ਹੈ, ਜਿਸ ਵਰਗਾ ਹੋਰ ਕੋਈ ਨਹੀਂ ਹੈ, ਜਿਸ ਵਿਚ ਵਿਕਾਰਾਂ ਦੀ ਕੋਈ ਮੈਲ ਨਹੀਂ ਹੈ, ਨਾ ਉਸ ਵਿਚ ਅਗਿਆਨਤਾ ਦਾ ਹਨੇਰਾ ਹੈ ਅਤੇ ਨਾ ਹੀ ਤ੍ਰਿਸ਼ਨਾ ਆਦਿਕ ਵਿਕਾਰਾਂ ਦੀ ਅੱਗ ਹੈ । (ਐਸੇ ਪਰਮਾਤਮਾ ਨਾਲ ਮੇਲ ਹੋਇਆਂ) ਸਾਰੇ ਸੰਸਾਰ ਵਿਚ ਹੀ ਮਨੁੱਖ ਵਾਸਤੇ ਅਨੰਦ ਹੀ ਅਨੰਦ ਹੁੰਦਾ ਹੈ । ੧੧ ।

੪੦- **ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**
**ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥**[੧੩]-੩

**ਅਰਥ:**--ਸਾਰੇ ਜੀਵਾਂ ਵਿਚ ਇਕੋ ਹੀ ਪਰਮਾਤਮਾ ਦੀ ਜੋਤ ਵਰਤ ਰਹੀ ਹੈ । ਉਸ ਜੋਤਿ ਦੇ ਪ੍ਰਕਾਸ਼ ਨਾਲ ਸਭ ਜੀਵਾਂ ਵਿਚ ਚਾਨਣਾ (ਸੂਝ ਬੂਝ ) ਹੈ । ਹਰ ਇਸ ਜੋਤਿ ਦਾਗਿਆਨ ਗੁਰੂ ਦੀ ਸਿਖਿਆ ਨਾਲ ਹੀ ਹੁੰਦਾ ਹੈ । (ਗੁਰੂ ਰਾਹੀਂ ਇਹ ਸਮਝ ਆਉਂਦੀ ਹੈ ਕਿ ਹਰੇਕ ਦੇ ਅੰਦਰ ਪਰਮਾਤਮਾ ਦੀ ਹੀ ਜੋਤਿ ਹੈ) । (ਇਸ ਸਰਬ ਵਿਆਪਕ ਜੋਤਿ ਦੀ) ਆਰਤ ਇਹਹੈ ਕਿ ਜੋ ਕੁਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ (ਪ੍ਰਭੂ ਦੀ ਰਜ਼ਾ ਵਿਚ ਤੁਰਨਾ ਪ੍ਰੋਭੂ ਦੀ ਆਰਤੀ ਕਰਨੀ ਹੈ ) । ੩ ।

੪੧- **ਚੰਦੁ ਸੂਰਜੁ ਦੁਇ ਜੋਤਿ ਸਰੂਪ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥ ੧ ॥**
**ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥ ੧ ॥ ਰਹਾਉ ॥**
**ਹੀਰਾ ਦੇਖਿ ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ਨਿਰੰਜਨ ਅਲੇਖੁ ॥ ੨ ॥**[੮੭੨]-੨-੧੧

**ਅਰਥ:**--ਹੇ ਵਿਚਾਰਵਾਨ ਮਨੁੱਖ ! (ਤੂੰ ਤਾਂ ਚੰਦ ਸੂਰਜ ਆਦਿਕ ਨੂਰੀ ਚੀਜ਼ਾਂ ਨੂੰ ਵੇਖ ਕੇ ਨਿਰਾ ਇਨ੍ਹਾਂ ਨੂੰ ਹੀ ਸਲਾਹ ਰਿਹਾ ਹੈਂ, ਇਨ੍ਹਾਂ ਨੂੰ ਨੂਰ ਦੇਣ ਵਾਲੇ) ਪਰਮਾਤਮਾ (ਦੀ ਵਡਿਆਈ) ਦੀ ਵਿਚਾਰ ਕਰ, ਉਸ ਨੇ ਇਹ ਸਾਰਾ ਸੰਸਾਰ ਆਪਣੇ ਨੂਰ ਵਿਚੋਂ ਪੈਦਾ ਕੀਤਾ ਹੈ । **੧ । ਰਹਾਉ ।** ਇਹ ਚੰਦ ਤੇ ਸੂਰਜ ਦੋਵੇਂ ਉਸ ਪਰਮਾਤਮਾ ਦੀ ਜੋਤ ਦਾ (ਬਾਹਰਲਾ ਦਿਸਦਾ) ਸਰੂਪ ਹਨ, ਹਰੇਕ ਪ੍ਰਕਾਸ਼ ਵਿਚ ਸੁੰਦਰ ਪ੍ਰਭੂ ਆਪ ਵੱਸ ਰਿਹਾ ਹੈ। **੧ ।** ਕਬੀਰ ਆਖਦਾ ਹੈ--ਮੈਂ ਹੀਰੇ (ਆਦਿਕ ਸੁਹਣੇ ਕੀਮਤੀ ਚਮਕਦੇ ਪਦਾਰਥ) ਨੂੰ ਵੇਖ ਕੇ (ਉਸ ਅਪਾਰ ਅਨਮੋਲ) ਹੀਰੇ ਨੂੰ ਸਿਰ ਨਿਵਾਉਂਦਾ ਹਾਂ (ਜਿਸ ਨੇ ਇਨ੍ਹਾਂ ਨੂੰ ਇਹ ਗੁਣ ਬਖ਼ਸ਼ਿਆ ਹੈ, ਤੇ ਜੋ ਇਨ੍ਹਾਂ ਵਿਚ ਵੱਸਦਾ ਹੋਇਆ ਵੀ) ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ, ਤੇ ਜਿਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ । ੨ ।

੮

## " ਜੋਤਿ "=ਮਤਿ, ਸੁਰਤਿ, ਅਕਲ ਅਥਵਾ ਗਿਆਨ--

" ਜੋਤਿ " ਦੇ ਇਹ ਪੱਖ ਵੀ ਅਸਾਂ ਆਪਣੇ ਸਤਿਗੁਰਾਂ ਕੋਲੋਂ ਹੀ ਸਮਝਣੇ ਹਨ:--

੪੨- **ਜਜੈ ਜੋਤਿ ਹਿਰਿ ਲਈ ਤੇਰੀ ਮੂੜੇ, ਅੰਤਿ ਗਇਆ ਪਛੁਤਾਵਹਿਗਾ ॥**
**ਏਕੁ ਸਬਦੁ ਤੂੰ ਚੀਨ੍ਹਹਿ ਨਾਹੀ, ਫਿਰਿ ਫਿਰਿ ਜੂਨੀ ਆਵਹਿਗਾ ॥ ੪ ॥**[੪੩੪]-ਪੱਟੀ

**ਅਰਥ:**--ਹੇ ਮੂਰਖ ! (ਮਾਇਆ ਦੇ ਮੋਹ ਵਿਚ ਫਸਿਆਂ ਕੀਤੇ ਕੁਕਰਮਾਂ) ਨੇ ਤੇਰੀ ਅਕਲ (-ਜੋਤਿ) ਖੋਹ ਲਈ ਹੈ, ਆਖ਼ਰੀ ਵੇਲੇ ਜਦੋਂ ਇਥੋਂ ਤੁਰਨ ਲਗੋਂ, ਤਾਂ ਅਫ਼ਸੋਸ ਕਰੇਂਗਾ । (ਹੁਣ ਇਸ ਵੇਲੇ) ਤੂੰ ਪ੍ਰਭੂ ਦੀ ਸਿਫ਼ਤ ਸਾਲਾਹ ਦੀ ਬਾਣੀ ਨਾਲ ਸਾਂਝ ਨਹੀਂ ਪਾਉਂਦਾ, (ਸਿੱਟਾ ਇਹ ਨਿਕਲੇਗਾ ਕਿ) ਮੁੜ ਮੁੜ ਜੂਨਾਂ ਵਿਚ ਪਿਆ ਰਹੇਂਗਾ । ੪ ।

ਜੋਤਿ ਦਾ ਅਰਥ ਮਤਿ ਜਾਂ ਅਕਲ, ਸਤਿਗੁਰਾਂ ਨੇ ਪੱਟੀ ਬਾਣੀ ਦੇ ਹੀ ਅੱਗਲੇ ੭ਵੇਂ ਬੰਦ ਵਿਚ ਇਸ ਪ੍ਰਕਾਰ ਸਮਝਾ ਦਿੱਤਾ ਹੈ " **ਮਮੇ ਮਤਿ ਹਿਰ ਲਈ ਤੇਰੀ ਮੂੜੇ, ਹਉਮੈ ਵਡਾ ਰੋਗੁ ਪਇਆ .......੭ ॥**

੪੩- **ਜੋਤਿ ਕੀ ਜਾਤਿ, ਜਾਤਿ ਕੀ ਜੋਤੀ ॥ ਤਿਤੁ ਲਾਗੇ ਕੰਚੂਆ ਫਲ ਮੋਤੀ ॥ ੧ ॥**[੩੨੫]-੯

**ਅਰਥ:**--ਪਰਮਾਤਮਾ ਦੀ ਬਣਾਈ ਹੋਈ (ਸਾਰੀ) ਸ੍ਰਿਸ਼ਟੀ ਹੈ, ਇਸ ਸ੍ਰਿਸ਼ਟੀ ਦੇ ਜੀਵਾਂ ਦੀ ਜੋ ਬੁੱਧੀ (-ਜੋਤੀ) ਹੈ ਉਸ ਨੂੰ ਕੱਚ ਅਤੇ ਮੋਤੀ, ਫਲ ਲੱਗੇ ਹੋਏ ਹਨ (ਭਾਵ, ਕਈ ਮਨੁੱਖ ਭੈੜੀ ਸੰਗਤ ਵਿਚ ਰਲ ਕੇ 'ਕੱਚੇ-ਮੰਦੇ ਪਾਸੇ ਲੱਗੇ ਹੋਏ ਹਨ ਅਤੇ ਕਈ ਸੱਚੇ ਗੁਰੂ ਦੇ ਉਪਦੇਸ਼ ਰੂਪੀ ਮੋਤੀ ਹਾਸਲ ਕਰਕੇ ਉਨ੍ਹਾਂ ਅਨੁਸਾਰ ਆਪਣਾ ਜੀਵਨ ਦਾਲ ਲੈਂਦੇ ਹਨ ਅਤੇ " ਮੋਤੀਆਂ ਵਰਗੇ ਕੀਮਤੀ ਅਤੇ ਚੰਗੇ ਕਰਮ ਕਰ ਰਹੇ ਹਨ) ।

੯

## ਘਟ ਘਟ ਵਾਸੀ " ਜੋਤਿ " ਅਥਵਾ ਜੀਵਾਤਮਾ -

੪੪- **ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ ਤੁਧੁ ਵਿਚ ਤਾ ਤੂ ਜਗਿ ਮਹਿ ਆਇਆ ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥ ੩੩ ॥**[੯੨੧]

**ਅਰਥ:**--ਮੇਰੇ ਸਰੀਰ ! (ਤੂੰ ਦੁਨੀਆ ਦੇ ਪਦਾਰਥਾਂ ਵਿਚੋਂ ਅਨੰਦ ਢੂੰਢਦਾ ਹੈਂ, ਪਰ ਅਨੰਦ ਦਾ ਸੋਮਾ ਤਾਂ ਪਰਮਾਤਮਾ ਹੈ ਜੋ ਤੇਰੇ ਅੰਦਰ ਵੱਸਦਾ ਹੈ) ਤੂੰ ਜਗਤ ਵਿਚ ਆਇਆ ਹੀ ਤਦੋਂ, ਜਦੋਂ ਹਰੀ ਨੇ ਆਪਣੀ ਜੋਤਿ ਤੇਰੇ ਅੰਦਰ ਰੱਖ ਦਿੱਤੀ । (ਇਹ ਯਕੀਨ ਜਾਣ ਕਿ) ਜਦੋਂ ਤੇਰੇ ਅੰਦਰ ਪਰਮਾਤਮਾ ਨੇ ਆਪਣੀ ਜੋਤਿ ਰੱਖੀ ਤਦ ਹੀ ਤੂੰ ਜਗਤ ਵਿਚ (ਸਹੀ ਸਲਾਮਤ ਜੰਮਿਆ) (ਏਥੇ ਸਪੱਸ਼ਟ ਕਰ ਦਿੱਤਾ ਹੈ ਕਿ " ਜੋਤਿ " ਜੀਵਾਤਮਾਂ ਦਾ ਉਹ ਭਾਗ ਹੈ, ਜੋ ਜਿੰਦਗੀ-ਰੌ ਦਾ ਚਾਨਣਾ ਹੁੰਦਾ ਹੈ)

ਜੇਹੜਾ ਪਰਮਾਤਮਾ ਜੀਵ ਪੈਦਾ ਕਰਕੇ ਉਸ ਨੂੰ ਜਗਤ ਵਿਚ ਭੇਜਦਾ ਹੈ ਉਹ ਆਪ ਹੀ ਇਸ ਜੀਵ ਦੀ ਮਾਂ ਹੈ ਆਪ ਹੀ ਇਸ ਦਾ ਪਿਤਾ ਹੈ (ਪ੍ਰਭੂ ਆਪ ਹੀ ਮਾਪਿਆਂ ਵਾਂਗ ਜੀਵ ਨੂੰ ਹਰ ਤਰ੍ਹਾਂ ਦਾ ਸੁਖ ਦਿੰਦਾ ਹੈ । ਸੁਖ ਆਨੰਦ ਦਾ ਦਾਤਾ ਹੈ ਹੀ ਪ੍ਰਭੂ ਆਪ । ਪਰ ਜੀਵ ਜਗਤ ਦੇ ਮਾਇਕਿ ਪਦਾਰਥਾਂ ਵਿਚੋਂ ਆਨੰਦ ਭਾਲਦਾ ਹੈ) । ਜਦੋਂ ਗੁਰੂ ਦੀ ਮੇਹਰ ਨਾਲ ਜੀਵ ਨੂੰ ਗਿਆਨ ਹੁੰਦਾ ਹੈ ਤਾਂ ਇਸ ਨੂੰ ਸਮਝ ਆਉਂਦੀ ਹੈ ਕਿ ਇਹ ਜਗਤ ਤਾਂ ਇਕ ਖੇਡ ਹੀ ਹੈ, ਫਿਰ ਜੀਵ ਨੂੰ ਇਹ ਜਗਤ (ਮਦਾਰੀ ਦਾ) ਇੱਕ ਤਮਾਸ਼ਾ ਹੀ ਹੋ ਦਿੱਸਦਾ ਹੈ (ਭਾਵ, ਥਿਰ ਰਹਿਣ ਵਾਲਾ ਆਤਮਕ ਆਨੰਦ ਪਦਾਰਥਵਾਦ ਵਿਚ ਨਹੀ ਹੋ ਸਕਦਾ) ਗੁਰਦੇਵ ਜੀ ਦਾ ਫ਼ੁਰਮਾਨ ਹੈ--ਹੇ ਮੇਰੇ ਸਰੀਰ ! ਜਦੋਂ ਪ੍ਰਭੂ ਨੇ ਜਗਤ-ਰਚਨਾ ਦਾ ਮੁਢ ਬੱਧਾ, ਤਦੋਂ ਤੇਰੇ ਅੰਦਰ ਆਪਣੀ ਜੋਤਿ ਪਾਈ, ਤਦੋਂ ਤੂੰ ਜਗਤ ਵਿਚ ਜਨਮਿਆ ।

[ਨੋਟ--ਜੋਤਿ, ਚੇਤਨਾਂ ਦੀ ਲੋ, ਆਤਮਾ, ਜੀਵ, ਮਨ, ਅੰਤਹਕਰਨ-ਜ਼ਮੀਰ, ਥੁਹੜੇ ਜਿਹੇ ਫ਼ਰਕ ਨਾਲ, ਇੱਕ ਹੀ ਹਨ ।]

ਪ੍ਰਭੂ ਦੀ ਇਹ ਜੋਤਿ, ਬਿਨਾ ਕਿਸੇ ਵਿਤਕਰੇ ਦੇ ਸਰਬੱਤ ਜੀਵਾਂ ਵਿਚ ਇਕਸਾਰ ਵਿਆਪ ਰਹੀ ਹੈ :--

੪੫- **ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ**
**ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥ ੩ ॥**[੧੯]-੧੫

**ਅਰਥ:**--ਗੁਰੂ ਦੇ ਸ਼ਬਦ-ਗਿਆਨ ਦੀ ਜਿਸ ਨੂੰ ਰੰਗਣ ਚੜ੍ਹੀ ਹੋਵੇ ਉਸ ਨੂੰ (ਲੋਕ ਪਰਲੋਕ ਵਿਚ) ਆਦਰ ਮਿਲਦਾ ਹੈ, ਉਹ ਸਦਾ ਪਵਿਤ੍ਰ ਰਹਿੰਦਾ ਹੈ, ਉਸ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ । (ਉਸ ਨੂੰ ਯਕੀਨ ਬਣਿਆਂ ਰਹਿੰਦਾ ਹੈ ਕਿ) ਪਰਮਾਤਮਾ ਤੋਂ (ਸੂਖਮ ਤੱਤ, ਗੈਸਾਂ ਆਦਿ) ਪਵਨ ਬਣਿਆ, ਪਵਨ ਤੋਂ ਜਲ ਹੋਂਦ ਵਿਚ ਆਇਅ, ਜਲ ਤੋਂ ਸਾਰਾ ਜਗਤ ਰਚਿਆ ਗਿਆ, (ਤੇ, ਇਸ ਰਚੇ ਸੰਸਾਰ ਦੇ) ਹਰੇਕ ਘਟ ਵਿਚ ਪਰਮਾਤਮਾ ਦੀ ਜੋਤਿ ਸਮਾਈ ਹੈ । ੩ ।

ਭਾਵ, ਪ੍ਰਭੂ ਆਪਣੀ ਕਿਰਤ ਦੇ ਹਰ ਕਣ ਵਿਚ ਮਿਲਿਆ ਹੋਇਆ ਹੈ ।

੪੬- **ਆਪੇ ਮਛੁਲੀ ਆਪੇ ਜਾਲਾ ॥ ਆਪੇ ਗਊ ਆਪੇ ਰਖਵਾਲਾ ॥**
**ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥ ੧ ੧ ॥**[੧੦੨੦]-ਸੋਲਹੇ-੧

**ਅਰਥ:**--ਹੇ ਪ੍ਰਭੂ ਤੂੰ ਆਪ ਹੀ ਮੱਛ ਹੈ ਤੇ ਆਪ ਹੀ (ਮੱਛੀ ਨੂੰ ਫਸਾਉਂਣ ਵਾਲਾ) ਜਾਲ ਹੈਂ, ਤੂੰ ਆਪ ਹੀ ਗਾਂ ਹੈ ਤੇ ਆਪ ਹੀ ਗਾਈਆਂ ਦਾ ਰਾਖਾ ਹੈਂ । ਸਾਰੇ ਜੀਵਾਂ ਵਿਚ ਸਾਰੇ ਜਗਤ ਵਿਚ ਤੇਰੀ ਹੀ ਜੋਤਿ ਹੈ । ਜਗਤ ਦਾ ਸਾਰਾ ਕਾਰ ਵਿਹਾਰ ਪ੍ਰਭੂ ਦੇ ਹੁਕਮ ਵਿਚ ਹੋ ਰਿਹਾ ਹੈ । ੧੧ ।

ਸਮੁੰਦਰ ਜਾਂ ਦਰਿਆ ਆਦਿ ਵਿਚ ਕਲੋਲਾਂ ਕਰਦੀ ਮੱਛੀ ਨੂੰ ਕਾਬੂ ਕਰਨ ਵਾਲਾ ਸ਼ਿਕਾਰੀ ਵੀ ਆਪ ਹੈ । ਉਸ ਮੱਛੀ ਦੀ ਭਾਜੀ ਬਣਾਉਣ ਵਾਲਾ ਵੀ ਪ੍ਰਭੂ ਹੀ ਹੈ ।

੪੭- **ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥ ੧ ॥ ਰਹਾਉ ॥** [੩੫੧]-੧੧

**ਅਰਥ:**--ਜੋ ਮਨੁੱਖ ਆਪਣੇ ਮਨ ਨੂੰ ਵੱਸ ਵਿਚ ਕਰ ਲੈਂਦਾ ਹੈ, ਉਹ, ਮਾਨੋ, ਸ਼ਾਸਤ੍ਰਾਂ ਦਾ ਗਿਆਤਾ ਹੋ ਗਿਆ ਹੈ ਉਸ ਨੂੰ ਅਕਾਲਪੁਰਖ ਦੀ ਜੋ ਜੋਤਿ ਸਾਰੇ ਜੀਵਾਂ ਵਿਚ ਵਿਆਪਕ ਦਿੱਸਦੀ ਹੈ । ੧। ਰਹਾਉ ।

੪੮- **ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥ ੧ ॥ ਰਹਉ ॥**[੯੯੨]-੧੦

**ਅਰਥ:**--ਹੇ ਭਾਈ ! ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਨੂੰ (ਆਪਣੇ ਆਪ ਤੋਂ) ਦੂਰ ਵੱਸਦਾ ਨਾਂ ਸਮਝ (ਸੱਚਾ ਮਾਲਕ ਤੇਰੇ ਆਪਣੇ ਅੰਦਰ ਵੱਸ ਰਿਹਾ ਹੈ) । ਉਸ ਜਗਤ-ਦੇ-ਆਸਰੇ ਪ੍ਰਭੂ ਦੀ ਜੋਤਿ ਸਭ ਜੀਵਾਂ ਦੇ ਅੰਦਰ ਮੌਜੂਦ ਹੈ । ਪ੍ਰਭੂ ਦਾ ਹੁਕਮ ਹਰੇਕ ਜੀਵ ਦੇ ਸਿਰ ਉਤੇ ਸਦਾ ਅਟੱਲ ਹੈ । ੧ । ਰਹਾਉ ।

੪੯- **ਸਭ ਜੋਤਿ ਤੇਰੀ ਜਗਜੀਵਨਾ ਤੁ ਘਟਿ ਘਟਿ ਹਰਿ ਰੰਗ ਰੰਗਨਾ ॥**
**ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ ॥ - - - - ੨ ॥**[੧੩੧੩-]ਵਾਰ

**ਅਰਥ:**--ਹੇ ਜਗਤ ਦੇ ਜੀਵਨ ਪ੍ਰਭੂ ! ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਨੂਰ (ਚਾਨਣਾ ਕਰ ਰਿਹਾ ਹੈ), ਤੂੰ ਹਰੇਕ ਸਰੀਰਾਂ ਵਿਚ (ਮੌਜੂਦ ਹੈਂ ਤੇ ਆਪਣੇ ਨਾਮ ਦੀ) ਰੰਗਣ ਚਾੜ੍ਹਨ ਵਾਲਾ ਹੈ । ਹੇ ਮੇਰੇ ਪ੍ਰੀਤਮ ! ਸਾਰੇ ਜੀਵ ਤੈਨੂੰ ਹੀ ਸਿਮਰਦੇ ਹਨ। ਤੂੰ ਸਰਬ ਵਿਆਪਕ (ਤੇ ਫਿਰ ਵੀ) ਨਿਰਲੇਪ ਹੈਂ ।

੫੦- **ਹਰਿ ਜੀਉ ਸੇਵੀਐ ਅੰਤਰਜਾਮੀ ॥ ਘਟ ਘਟ ਅੰਤਰਿ ਜਿਸ**
**ਕੀ ਜੋਤਿ ਸਮਾਨੀ ॥ ਤਿਸੁ ਨਾਲਿ ਕਿਆ ਚਲੈ ਪਹਨਾਮੀ ॥ ੪ ॥**[੮੩੨]-੧-੩

**ਅਤਥ:**--ਜਿਸ ਪਰਮਾਤਮਾ ਦੀ ਜੋਤਿ ਹਰੇਕ ਸਰੀਰ ਵਿਚ ਮੌਜੂਦ ਹੈ, ਜੋ ਸਭ ਦੇ ਦਿਲ ਦੀ ਜਾਣਨ ਵਾਲਾ ਹੈ, ਉਸ ਪਰਮਾਤਮਾ ਦੀ ਸੇਵਾ-ਭਗਤੀ ਕਰਨੀ ਚਾਹੀਦੀ ਹੈ । ਉਸ ਨਾਲ ਕੋਈ ਲੁਕਾ ਛਿਪਾ ਨਹੀਂ ਕਰ ਸਕਦਾ ॥ ੪ ॥

ਸਿੱਧਾਂ ਨਾਲ ਹੋਈ ਚਰਚਾ-ਮਿਲਾਪ (ਸਿੱਧ ਗੋਸਟ) ਸਮੇ ਜੋਗੀਆਂ ਦੇ ਸਵਾਲ ਤੇ ਗੁਰੂ ਨਾਨਕ ਸਾਹਿਬ ਜੀ ਤ੍ਰਿਭਵਣੀ ਤੱਤ ਅਤੇ ਈਸ਼ਵਰੀ ਜੋਤਿ ਦੀ ਅਸਲੀਅਤ ਸਮਝਾਉਂਦੇ ਹੋਏ ਫ਼ੁਰਮਾਨ ਕਰਦੇ ਹਨ:---

੫੧- **ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ, ਗੁਰਮੁਖਿ ਮੂਲੁ ਪਛਾਣਿ ਰਹੈ ॥ ਨਾਭਿ ਪਵਨੁ ਘਰਿ ਆਸਣਿ**
**ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ, ਤ੍ਰਿਭਵਣ ਜੋਤਿ ਸੁ**
**ਸਬਦਿ ਲਹੈ ॥ ਖਾਵੈ ਦੂਖ, ਭੂਖ ਸਾਚੇ ਕੀ, ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ,**
**ਬਿਰਲੋ ਕੋ ਅਰਥਾਵੈ ॥ ਨਾਨਕੁ ਆਖੈ ਸਚੁ ਸੁਭਾਖੈ, ਸਚਿ ਰਪੈ ਰੰਗੁ ਕਬਹੂ ਨ ਜਾਵੈ ॥ ੬੫ ॥**[੯੪੫]

**ਅਰਥ:**--ਜੋ ਮਨੁੱਖ ਗੁਰੂ ਦੇ ਹੁਕਮ ਤੇ ਤੁਰ ਕੇ (ਜਗਤ ਦੇ) ਮੂਲ-(ਪ੍ਰਭੂ) ਨੂੰ ਪਛਾਣਦਾ ਹੈ (ਪ੍ਰਭੂ ਨਾਲ ਸਾਂਝ ਬਣਾਉਂਦਾ ਹੈ), ਤਾਂ ਇਹ ਮਨ ਅਡੋਲ ਹੋ ਕੇ ਹਿਰਦੇ ਵਿਚ ਟਿਕਦਾ ਹੈ । ਪ੍ਰਾਣ (ਭਾਵ, ਸੁਆਸ) ਨਾਭੀ-ਰੂਪ ਘਰ ਵਿਚ ਆਸਣ ਤੇ ਬੈਠਦਾ ਹੈ (ਭਾਵ, ਪ੍ਰਾਣਾਂ ਦਾ ਅਰੰਭ ਨਾਭੀ ਤੋਂ ਹੁੰਦਾ ਹੈ ), ਗੁਰੂ ਦੀ ਰਾਹੀਂ ਖੋਜ ਕਰਕੇ ਮਨੁੱਖ ਅਸਲੀਅਤ ਲੱਭਦਾ ਹੈ । ਉਹ ਸ਼ਬਦ (ਜੋ ਦੁੱਤਰ ਸਾਗਰ ਤੋਂ ਤਾਰਦਾ ਹੈ) ਇਕ-ਰਸ ਆਪਣੇ ਅਸਲ ਘਰ ਵਿਚ ਟਿਕਦਾ ਹੈ, ਮਨੁੱਖ ਉਸ ਸ਼ਬਦ ਦੀ ਰਾਹੀਂ ਹੀ ਤ੍ਰਿਲੋਕੀ ਵਿਚ ਵਿਆਪਕ ਪ੍ਰਭੂ ਦੀ ਜੋਤਿ ਨੂੰ ਲੱਭਦਾ ਹੈ, (ਜਿਉਂ ਜਿਉਂ) ਸੱਚੇ ਪ੍ਰਭੂ ਦੇ ਮਿਲਣ ਦੀ ਤਾਂਘ ਵਧਦੀ ਹੈ ( ਤਿਉਂ-ਤਿਉਂ) ਮਨੁੱਖ ਅਤੇ ਮਾਇਕ ਭੁੱਖਾਂ ਅਤੇ ਦੁੱਖਾਂ ਨੂੰ ਮੁਕਾ ਲੈਂਦਾ ਹੈ, ਸੱਚੇ ਪ੍ਰਭੂ ਵਿਚ ਹੀ ਤ੍ਰਿਪਤ ਰਹਿੰਦਾ ਹੈ । ਇਕ-ਰਸ ਇਕੋ ਰੱਬੀ ਜੀਵਨ-ਰੌ (-ਜੋਤਿ) ਨੂੰ ਕਿਸੇ ਵਿਰਲੇ ਗੁਰਮੁਖ ਨੇ ਜਾਣਿਆਂ ਹੈ, ਕਿਸੇ ਵਿਰਲੇ ਨੇ ਇਸ ਭੇਤ ਨੂੰ ਸਮਝਿਆ ਹੈ, ਅਤੇ ਜਿਸ ਨੇ ਇਸ ਭੇਤ ਨੂੰ ਸਮਝਿਆ ਹੈ ਉਹ ਪ੍ਰਭੂ ਪਿਆਰ ਦੇ ਰੰਗ ਵਿਚ ਰੰਗਿਆ ਸਦਾ ਉਸ ਦੀ ਯਾਦ ਨਾਲ ਜੁੜ ਜਾਂਦਾ ਹੈ । ਪਿਆਰ ਦਾ ਇਸ ਸੱਚਾ ਰੰਗ ਫਿਰ ਕਦੇ ਨਹੀਂ ਉਤਰਦਾ ।

ਈਸ਼ਵਰ ਦੀ ਜੋਤਿ, ਕਰਤੇ ਦਾ ਨੂਰ, ਪਰਮਾਤਮਾ ਦਾ ਜਲਵਾ, ਅਕਾਲਪੁਰਖ ਦਾ ਪ੍ਰਕਾਸ਼, ਸਾਰੀ ਸ੍ਰਿਸ਼ਟੀ ਵਿਚ ਇੱਕ ਸਾਰ ਵਿਆਪਕ ਹੈ । ਕਿਸੇ ਥਾਂ ਘੱਟ ਜਾਂ ਕਿਸੇ ਥਾਂ ਵੱਧ ਨਹੀਂ ਹੈ। ਪ੍ਰਭੂ ਦੀ ਜੋਤਿ ਹਰ ਪ੍ਰਾਣੀ ਦੇ ਹਿਰਦੇ ਵਿਚ ਇਕਸਾਰ ਟਿਕੀ ਹੋਈ ਹੈ । ਸਤਿਗੁਰਾਂ ਦੇ ਉਪਦੇਸ਼ ਤੇ ਚਲਦਿਆਂ, ਇਸ ਰੱਬੀ ਜੋਤਿ ਦੀ ਪਛਾਣ ਆ ਜਾਣੀ ਪ੍ਰਭੂ ਨਾਲ ਸੱਚਾ ਪਿਆਰ ਬਣ ਜਾਣ ਦੀ ਨਿਸ਼ਾਨੀ ਹੈ ।

### ਜੋਤਿ ਦਾ ਇੱਕ ਇਹ ਅਰਥ ਵੀ ਹੈ:--

੫੨- **ਦਾਤਿ ਜੋਤਿ ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ ਹਉਮੈ ਮੇਰੀ ॥ ..... ੨ ॥**[੧੨੫੧]-ਵਾਰ-੩੫

**ਅਰਥ:**--(ਹੇ ਪ੍ਰਭੂ !) ਇਹ ਜਿੰਦ (-ਜੋਤਿ) ਤੇ ਇਹ ਸਰੀਰ (-ਸੂਰਤਿ) ਸਭ ਤੇਰੀ ਬਖ਼ਸ਼ੀ ਹੋਈ ਦਾਤ ਹੈ, (ਤੇਰਾ ਸ਼ੁਕਰ ਕਰਨ ਦੇ ਥਾਂ) ਬੜੀਆਂ ਚਲਾਕੀਆਂ (ਕਰਨੀਆਂ) ਹਉਮੈ ਤੇ ਮਮਤਾ ਦੇ ਕਾਰਨ ਹੀ ਹੈ ।

੫੩- **ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥**
**ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥**
**ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥ ੨ ॥**[੨੯੧]-੨੧

**ਅਰਥ:**--ਜਦੋਂ ਸੁਤੇ ਹੀ ਪ੍ਰਭੂ ਤ੍ਰਿਗੁਣੀ ਮਾਇਆ ਤੋਂ ਪਰੇ ਸੀ, (ਭਾਵ, ਜਦੋਂ ਉਸ ਨੇ ਮਾਇਆ ਰਚੀ ਹੀ ਨਹੀਂ ਸੀ) ਤਦੋਂ ਦੱਸੋ, ਕਿੱਥੇ ਸਨ ਜੀਵ ਤੇ ਕਿੱਥੇ ਸੀ ਮਾਇਆ ? ਜਦੋਂ ਪ੍ਰਭੂ ਆਪ ਹੀ ਆਪ ਆਣੀ ਜੋਤਿ ਜਗਾਈ ਬੈਠਾ ਸੀ, ਤਦੋਂ ਕੌਣ ਨਿਡਰ ਸੀ ਤੇ ਕੌਣ ਕਿਸੇ ਤੋਂ ਡਰਦੇ ਸਨ ? ਹੇ ਨਾਨਕ ! ਅਕਾਲ-ਪੁਰਖ ਅਗਮ ਤੇ ਬੇਅੰਤ ਹੈ, ਆਪਣੇ ਤਮਾਸ਼ੇ ਆਪ ਹੀ ਕਰਨ ਵਾਲਾ ਹੈ । ੨ ।

੧੦

# ਏਕ ਜੋਤਿ ਦੋਇ ਮੂਰਤੀ--

੫੪- **ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਇ ਜਨੁ ਕੋਇ ॥ ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥ ੪ ॥**[੩੦]-੧੧-੪੪

**ਅਰਥ:**--ਕੋਈ ਵੀ ਮਨੁੱਖ (ਗੁਰੂ ਚਰਨਾਂ ਵਿਚ) ਸ਼ਰਧਾ ਬਣਾ ਕੇ ਵੇਖ ਲਏ, ਸਤਿਗੁਰੂ ਨੂੰ ਜਿਹੋ ਜਿਹਾ ਕਿਸੇ ਨੇ ਸਮਝਿਆ ਹੈ ਉਸ ਨੂੰ ਉਹੋ ਜਿਹਾ ਆਤਮਕ ਆਨੰਦ ਪ੍ਰਾਪਤਿ ਹੋਇਆ ਹੈ । ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ ਹੈ (ਕਿਉਂਕਿ) ਹੇ ਨਾਨਕ ! (ਜਿਸ ਸਿੱਖ ਦਾ ਗੁਰੂ ਨਾਲ ਗੁਰੂ ਦੇ) ਸ਼ਬਦ-ਗਿਆਨ ਦੀ ਰਾਹੀਂ ਮਿਲਾਪ ਹੋ ਜਾਂਦਾ ਹੈ, (ਉਹ ਸਿੱਖ ਅਤੇ ਗੁਰੂ ਦੀ) ਜੋਤਿ ਇੱਕ ਹੋ ਜਾਂਦੀ ਹੈ, (ਸੁੱਚਾ ਪ੍ਰੇਮ, ਗਿਆਨ ਅਤੇ ਆਚਰਨ ਇੱਕ ਜਿਹਾ ਹੋ ਜਾਂਦਾ ਹੈ) ਸਰੀਰ ਭਾਂਵੇਂ ਦੋ ਹੁੰਦੇ ਹਨ । ੪ ।

ਗੁਰੂ ਦੇ ਦੱਸੇ ਗਿਆਨ ਅਨੁਸਾਰ ਆਪਣਾ ਜੀਵਨ ਢਾਲ ਲੈਣ ਲਈ ਆਪਣੇ ਗੁਰੂ ਨਾਲ ਪੱਕੀ ਸਾਂਝ ਪਾ ਲੈਣ ਵਾਲਾ ਸਿੱਖ, ਗੁਰੂ ਦਾ ਰੂਪ ਅਥਵਾ ਗੁਰੂ ਹੀ ਹੋ ਜਾਂਦਾ ਹੈ । ਭਾਈ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਹੋ ਕੇ, ਗੁਰੂ ਨਾਨਕ ਹੀ ਬਣ ਗਏ । ਫਿਰ ਸਰੀਰ ਦੋ ਸਨ ਪਰ ਜੋਤਿ ਇੱਕ ਸੀ--**ਰਾਮ ਕਬੀਰਾ ਏਕ**-- ਹੋ ਚੁੱਕੇ ਸਨ । ਆਪਣੇ ਗੁਰੂ ਅਥਵਾ ਗੁਰੂ ਤੋਂ ਮਿਲਦੇ ਗਿਆਨ ਤੇ ਪੱਕਾ ਭਰੋਸਾ, ਫਿਰ ਅਟੱਲ ਵਿਸ਼ਵਾਸ ਭਰਪੂਰ ਹਿਰਦੇ ਵਿਚ ਉਪਜੀ ਆਪਣੇ ਗੁਰੂ ਪ੍ਰਤੀ ਅਪਾਰ ਸ਼ਰਧਾ, ਨਾਲ ਗੁਰੂ-ਗਿਆਨ ਅਨੁਸਾਰ ਜ਼ਿੰਦਗੀ ਢਾਲ ਲੈਣ ਦੀ **ਤੀਬਰ ਸੱਧਰ** ਹੀ ਸੱਚੀ ਸਿੱਖੀ ਹੈ । ਉਚੇਚੀ ਦਾਨ-ਦੱਛਣਾ ਦੇ ਕੇ ਦੁਖਾਂ ਦੀ ਨਿਵਿਰਤੀ ਲਈ ਅਰਦਾਸਾਂ ਕਰਵਾਉਣੀਆਂ, ਫਿਰ ਕਾਰਜ ਨੇਪਰੇ ਚੜ੍ਹ ਜਾਣ ਤੇ ਸਤਿਗੁਰਾਂ ਦੇ ਸ਼ੁਕਰਾਨੇ ਲਈ ਅਖੰਡਪਾਠ ਕਰਾਈ ਜਾਣੇ, ਕਈ ਖਾਣਿਆਂ ਵਾਲੇ ਲੰਗਰ ਕਰਾ ਕੇ ਲੋਕਾਂ ਤੋਂ ਵਾਹ-ਵਾ ਖੱਟਣੀ ਗੁਰਸਿੱਖੀ ਨਹੀਂ ਹੈ । ਇਹ ਕੇਵਲ ਸਿੱਖ ਹੋਣ ਦਾ ਇੱਕ ਡਰਾਮਾ ਹੈ, ਲੇਣ ਦੇਣ ਦਾ ਵਪਾਰ ਹੈ । ਆਪਣੇ ਆਪ ਨਾਲ ਕੀਤਾ ਜਾ ਰਿਹਾ ਸਖ਼ਤ ਧੋਖਾ ਹੈ। ਅਨਮੋਲ ਮਨੁੱਖਾ ਜਨਮ ਨੂੰ ਅਜਾਈਂ ਗੁਆਈ ਜਾਣ ਵਾਲੀ ਭੁੱਲ ਹੈ।

ਆਪਸੀ ਵਿਚਾਰਾਂ ਦੀ ਸੱਚੀ ਸਾਂਝ ਤੋਂ ਅਥਵਾ ਭਰੋਸੇ ਵਾਲੇ ਪਿਆਰ ਤੋਂ ਸਖਣਾ ਗ੍ਰਿਹਸਤੀ ਜੀਵਨ ਕੋਈ ਜੀਵਨ ਨਹੀਂ । ਗਲ ਪਿਆ ਢੋਲ ਵਜਾਉਣ ਵਾਲੀ ਗੱਲ ਹੈ। ਗ੍ਰਿਹਸ਼ਤੀ ਜੀਵਨ ਦਾ ਇਹ ਵੀ ਇੱਕ ਡਰਾਮਾ ਹੀ ਖੇਡਿਆ ਜਾ ਰਿਹਾ ਹੁੰਦਾ ਹੈ। ਪਰ ਆਪਸ ਵਿਚ ਦੋਹਾਂ ਜੀਆਂ ਦੇ ਖ਼ਿਆਲਾਂ ਦੀ ਅਥਵਾ ਵਿਚਾਰਾਂ ਦੀ ਸਾਂਝ, ਭਰੋਸੇ ਵਾਲਾ ਸੱਚਾ ਪਿਆਰ, ਸੁੱਚਾ ਆਚਰਨ, ਗੁਰਮੁਖਾਂ ਵਾਲੇ ਸ਼ੁੱਭ ਗੁਣਾ ਦੀ ਪੂਰੀ ਸਾਂਝ ਵਾਲੇ ਪਤੀ-ਪਤਨੀ, ਦੋ ਸਰੀਰ ਤੋਂ ਇੱਕ ਬੇਸ਼ਕ ਨਹੀਂ ਹੋ ਸਕੇ ਹੁੰਦੇ, ਪਰ ਉਨ੍ਹਾਂ ਦੀ **ਜੋਤਿ** ਇਕ ਹੋ ਗਈ ਮੰਨੀ ਜਾਂਦੀ ਹੈ । ਅਜਿਹੇ ਭਾਗਾਂਵਾਲੇ ਦੰਪਤੀ ਦਾ ਗ੍ਰਹਸਤ ਜੀਵਨ ਸੁਖੀ ਅਤੇ ਖ਼ੁਸ਼ੀਆਂ ਭਰਪੂਰ ਹੁੰਦਾ ਹੈ। ਸਤਿਗੁਰਾਂ ਦਾ ਫ਼ੁਰਮਾਨ:--

੫੫- **ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥ ਏਕੁ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥**[੭੮੮]- ਵਾਰ-੯

ਅਰਥ:--ਜੋ (ਸਿਰਫ ਸਰੀਰਕ ਤੌਰ ਤੇ) ਰਲ ਕੇ ਬਹਣ ਉਨ੍ਹਾਂ ਨੂੰ ਅਸਲ ਇਸਤ੍ਰੀ ਖਸਮ ਨਹੀਂ ਆਖੀਦਾ, ਜਿੰਨ੍ਹਾਂ ਦੇ ਦੋਹਾਂ ਜਿਸਮਾ ਵਿਚ ਇਕੋ ਆਤਮਾ ਹੋ ਜਾਏ ਉਹ ਇਸਤ੍ਰੀ ਤੇ ਉਹ ਹੈ ਪਤੀ । ੩ ।

ਅਸਲੀ ਗੱਲ ਤੋਂ ਲਾਂਭੇ ਜਾਣ ਦਾ ਬਹਾਨਾ ਨਹੀਂ ਬਣਾ ਲੈਣਾ ਚਾਹੀਦਾ । ਸਦਾ ਯਾਦ ਰੱਖੀਏ ਕਿ **ਧਨ** ਜੀਵ-ਇਸਤ੍ਰੀ ਹੈ ਅਤੇ **ਪਿਰੁ "** ਪ੍ਰਭੂ-ਪਤੀ ਹੈ । ਉਸੇ ਨਾਲ ਹੀ ਇੱਕ ਜੋਤਿ ਹੋਣ ਦਾ ਉਪਦੇਸ਼ ਹੈ ।

੧੧

# " ਜੋਤਿ " ਦਾ ਪ੍ਰਗਟ ਹੋਣਾ

੫੬- **ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥ ੨ ॥**[੬੫੬]

ਅਸਾਂ ਵੇਖਿਆ ਹੈ ਕਿ ਜੋਤਿ ਆਤਮਾ ਦਾ ਹੀ ਦੂਜਾ ਨਾ ਹੈ । ਆਤਮਾ ਵਾਂਗ ਜੋਤਿ, ਪਰਮਾਤਮਾ ਦਾ ਅੰਸ਼ ਹੀ ਹੈ । ਪ੍ਰਭੂ ਦਾ ਅੰਸ਼ ਇਹ **ਜੋਤਿ**, ਸਾਰੇ ਸਰੀਰਾਂ ਵਿਚ ਨਿਰੰਤਰ ਵਿਚਰ ਰਹੀ ਹੈ । ਜਦ ਜੋਤਿ ਇੱਕ ਹੈ ਤਾਂ ਫਿਰ ਕੋਈ ਗੁਰੂ ਤੇ ਕੋਈ ਚੇਲਾ ਕਿਵੇਂ ? ਕੋਈ ਸਾਧਾਰਨ ਮਨੁੱਖ ਅਤੇ ਕੋਈ ਬਰਕਤਾਂ ਵਾਲਾ ਕਰਾਮਾਤੀ ਮਹਾਂਪੁਰੱਖ ਕਿਵੇਂ ? ਜਦ ਅਵਤਾਰਾਂ ਪੈਗ਼ੰਬਰਾਂ, ਸੁਧਾਰਕਾਂ ਵਿਚ ਬਿਨਾ ਕਿਸੇ ਵਿਤਕਰੇ ਦੇ ਜੋਤਿ ਇੱਕ ਹੈ, ਤਾਂ ਉਨ੍ਹਾਂ ਦੇ ਚਲਾਏ ਧਰਮ ਅੱਡ ਅੱਡ ਕਿਵੇਂ ਹੋਏ ? ਫਿਰ ਗੁਰੂ ਨਾਨਕ ਦੇਵ ਜੀ ਦੂਜਿਆਂ ਨਾਲੋਂ ਨਿਆਰੇ-ਗੁਰੂ ਕਿਵੇਂ ਹੋਏ ? ਜਦ ਸਾਰੇ ਸੰਸਾਰ ਦੇ ਪ੍ਰਾਣੀਆਂ ਵਿਚ ਉਸੇ ਇੱਕ ਪ੍ਰਭੂ ਦੀ ਹੀ ਜੋਤਿ ਹੈ ਫਿਰ ਧਰਮਾ ਦੀ ਵੰਡ ਨਾਲ ਇਹ ਵਖੇਵਾਂ ਕਿਵੇਂ ਬਣਿਆਂ ? ਇਹ ਕਿਵੇਂ ਕਿਹਾ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਸਾਂ ਗੁਰਾਂ ਦੀ ਜੋਤਿ ਹਨ ? ਜਦ ਇੱਕ ਸਰੀਰ ਵਿਚ ਕਦੇ ਦੋ ਆਤਮਾਂ ਨਹੀਂ ਹੋ ਸਕਦੀਆਂ ਤਾਂ ਫਿਰ ਇੱਕ ਸਰੀਰ ਵਿਚ ਦੋ ਜਾਂ ਵੱਧ ਜੋਤਾਂ ਕਿਵੇਂ ਹੋ ਸਕਦੀਆਂ ਹਨ । ਆਓ ਇਸ ਭੇਤ ਦੀ ਸੋਝੀ ਵੀ ਆਪਣੇ ਪੂਰੇ ਗੁਰੂ ਕੋਲੋਂ ਹੀ ਲਈਏ ।

ਪੁਰਾਣਕ ਗ੍ਰੰਥਾਂ ਵਿਚ ਵੀ ਇਹੀ ਲਿਖਿਆ ਹੋਇਆ ਹੈ ਕਿ ਪ੍ਰਭੂ ਦੀ ਜੋਤਿ, ਪਰਮਾਤਮਾ ਦਾ ਅੰਸ਼ 'ਆਤਮਾਂ ਸਾਰੇ ਜੀਵਾਂ ਵਿਚ ਨਿਰੰਤਰ ਹੈ । ਪਰ ਇਹ ਬ੍ਰਾਹਮਣੀ ਗ੍ਰੰਥ ਧ੍ਰੂ ਆਦਿ ਬੇਸ਼ੁਮਾਰ ਭਗਤਾਂ ਦੀਆਂ ਅਜੇਹੀਆਂ ਕਹਾਣੀਆਂ ਨਾਲ ਵੀ, ਭਰੇ ਹੋਏ ਹਨ, ਜਿਨ੍ਹਾਂ ਵਿਚ ਇਹ ਸਿੱਧ ਕੀਤਾ ਹੋਇਆ ਹੈ ਕਿ ਜੰਗਲਾਂ ਵਿਚ ਜਾ ਕੇ, ਅਥਵਾ ਪਹਾੜਾ ਤੇ ਤਪ ਸਾਧਨਾਂ ਵਾਲੀ ਭਗਤੀ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ । ਗੁਰਿਮਤਿ ਨੇ ਅਜੇਹੇ ਹਠ-ਯਤਨਾ ਨੂੰ ਫੋਕਟ ਅਥਵਾ ਨਿਸਫ਼ਲ ਫ਼ੁਰਮਾਨ ਕੀਤਾ ਹੈ:--**ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥** [੧੫੨] **ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥**[੩੧੩] ਜੇ ਪ੍ਰਭੂ ਦੀ ਜੋਤਿ ਅੰਦਰ ਹੈ ਤਾਂ ਉਸ ਦਾ ਪਤਾ ਕਿਵੇਂ ਲੱਗੇ ?

੫੭- **ਘਟਿ ਘਟਿ ਵਸਹਿ ਜਾਣਹਿ ਥੋਰਾ ॥ ਹੈ ਕੋਈ ਸਾਜਣੁ ਪਰਦਾ ਤੋਰਾ ॥**
**ਕਰਉ ਜਤਨ ਜੇ ਹੋਇ ਮਿਹਰਵਾਨਾ ॥ ਤਾ ਕਉ ਦੇਈ ਜੀਉ ਕੁਰਬਾਨਾ ॥ ੩ ॥**[੫੬੨]-੧

**ਅਰਥ:**--ਹੇ ਪ੍ਰਭੂ ! ਤੂੰ ਹਰੇਕ ਸਰੀਰ ਵਿਚ ਵੱਸਦਾ ਹੈਂ, ਪਰ ਬਹੁਤ ਥੋੜੇ ਮਨੁੱਖ ( ਇਸ ਭੇਤ ਨੂੰ ) ਸਮਝਦੇ ਹਨ (ਕਿਉਂਕਿ ਜੀਵਾਂ ਦੇ ਅੰਦਰ ਤੇਰੇ ਨਾਲੋਂ ਵਿੱਥ ਬਣੀ ਰਹਿੰਦੀ ਹੈ) ਕੋਈ ਵਿਰਲਾ ਹੀ ਗੁਰਮੁਖਿ ਹੁੰਦਾ ਹੈ ਜਿਹੜਾ ਉਸ ਵਿਥ ਨੂੰ ਦੂਰ ਕਰਦਾ ਹੈ । ਮੈਂ ਉਸ ਗੁਰਮੁਖਿ ਦੇ ਅੱਗੇ ਆਪਣੀ ਜਿੰਦ ਭੇਟਾ ਕਰਨ ਨੂੰ ਤਿਆਰ ਹਾਂ, ਮੈ ਜਤਨ ਕਰਦਾ ਹਾਂ ਕਿ ਉਹ ਗੁਰਮੁਖ ਮੇਰੇ ਉਤੇ ਦਇਆਵਾਨ ਹੋਵੇ । ੩ ।

ਪਤਾ ਲੱਗ ਗਿਆ ਹੈ ਕਿ ਮਨੁੱਖ ਦੇ ਅੰਦਰੇ ਵਸਦੀ ਉਸ ਜੋਤਿ ਅਤੇ ਮਨੁੱਖ ਦੇ ਵਿਚਕਾਰ ਪਰਦਾ ਬਣਿਆਂ ਹੋਇਆ ਹੈ । ਉਸ ਪਰਦੇ ਨੂੰ ਵਿਰਲੇ ਗੁਰਮੁਖਾਂ (ਭਾਵ, ਉਨ੍ਹਾਂ ਨੇ ਜਿਹੜੇ ਆਪਣੇ ਗੁਰੂ ਦੇ ਹੁਕਮ ਅਨਸਾਰ ਜੀਵਨ ਢਾਲ ਲੈਂਦੇ ਹਨ) ਨੇ ਤੋੜਿਆ ਹੈ । ਦਇਆਲੂ ਸਤਿਗੁਰੂ ਜੀ ਤਤ ਰੂਪੀ ਉਸ ਜੋਤਿ ਦੇ ਮਿਲਾਪ ਦਾ ਰਸਤਾ ਸਮਝਾਉਂਦੇ ਹੋਏ ਫ਼ੁਰਮਾਨ ਕਰਦੇ ਹਨ:--

੫੮- **ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥ ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥ ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥ ੧ ॥ ਰਹਾਉ ॥ ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥ ਬਿਨੁ ਸਬਦੈ ਨਾਮੁ ਨ ਪਾਏ ਕੋਈ, ਗੁਰ ਕਿਰਪਾ ਮੰਨਿ ਵਸਾਵਣਿਆ ॥ ੨ ॥ ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ " ਜੋਤੀ ਜੋਤਿ " ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥ ੩ ॥ ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥ ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥ ੪ ॥ ਗੁਰਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥ ੫ ॥ ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥ ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥ ੬ ॥ ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥ ੭ ॥ ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥ ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥ ੮ ॥ [੧੨੪]-੨੪-੨੫**

**ਅਰਥ:**--(ਜੋਗੀ ਲੋਕ ਪਹਾੜਾਂ ਦੀਆਂ ਗੁਫ਼ਾਂ ਵਿਚ ਅਥਵਾ ਜੰਗਲਾਂ ਵਿਚ ਬਣਾਏ ਭੋਰਿਆਂ ਆਦਿ ਵਿਚ ਬੈਠ ਕੇ ਆਤਮਕ ਸ਼ਕਤੀਆਂ ਪ੍ਰਾਪਤ ਕਰਨ ਦੇ ਜਤਨ ਕਰਦੇ ਹਨ, ਪਰ) ਇਸ ਸਰੀਰ ਗੁਫ਼ਾ ਵਿਚ (ਆਤਮਕ ਗੁਣਾਂ ਦੇ ਇਤਨੇ) ਖ਼ਜ਼ਾਨੇ (ਭਰੇ ਹੋਏ ਹਨ ਜੋ) ਮੁਕਣ ਜੋਗੇ ਨਹੀਂ (ਕਿਉਂਕਿ ਸਾਰੇ ਗੁਣਾਂ ਦਾ ਮਾਲਕ) ਅਦ੍ਰਿਸ਼ਟ ਤੇ ਬੇਅੰਤ ਹਰੀ ਇਸ ਸਰੀਰ ਵਿਚ ਹੀ ਵੱਸਦਾ ਹੈ । ਜਿੰਨ੍ਹਾਂ ਮਨੁੱਖਾਂ ਨੇ ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ (ਆਪਣੇ ਅੰਦਰੋਂ) ਆਪਾ ਭਾਵ ਦੂਰ ਕਰ ਲਿਆ ਉਨ੍ਹਾਂ ਨੂੰ ਦਿੱਸ ਪੈਂਦਾ ਹੈ ਕਿ ਉਹ ਪਰਮਾਤਮਾ ਆਪ ਹੀ ਹਰ ਥਾਂ ਵੱਸ ਰਿਹਾ ਹੈ, ਕਿਸੇ ਨੂੰ ਪਰਤੱਖ ਨਜ਼ਰੀਂ ਆ ਜਾਂਦਾ ਹੈ ਕਿਸੇ ਨੂੰ ਲੁਕਿਆ ਹੋਇਆ ਹੀ ਪ੍ਰਤੀਤ ਹੁੰਦਾ ਹੈ **। ੧ ।** ਮੈਂ ਉਨ੍ਹਾਂ ਤੋਂ ਸਦਾ ਸਦਕੇ ਕੁਰਬਾਨ ਜਾਂਦਾ ਹਾਂ, ਜਿਹੜੇ ਆਤਮਕ ਜੀਵਨ ਦੇਣ ਵਾਲਾ ਹਰੀ ਨਾਮ ਆਪਣੇ ਮਨ ਵਿਚ ਵਸਾਉਂਦੇ ਹਨ । ਆਤਮਕ ਜੀਵਨ-ਦਾਤਾ ਹਰਿ-ਨਾਮ ਬਹੁਤ ਰਸ ਵਾਲਾ ਤੇ ਮਿੱਠਾ ਹੈ । ਗੁਰੂ ਦੀ ਮਤਿ ਤੇ ਤੁਰਦਿਆਂ ਹੀ ਇਹ ਨਾਮ ਅੰਮ੍ਰਿਤ ਪੀਤਾ ਜਾ ਸਕਦਾ ਹੈ **। ੧ । ਰਹਾਉ ।**

ਜਿਸ ਮਨੁੱਖ ਨੇ (ਆਪਣੇ ਅੰਦਰੋਂ) ਹਉਮੈ ਮਾਰ ਕੇ (ਹਉਮੈ ਦੇ) ਕਰੜੇ ਭਿੱਤ ਖੋਲ੍ਹ ਲਏ ਹਨ, ਉਸ ਨੇ ਗੁਰੂ ਦੀ ਕਿਰਪਾ ਨਾਲ ਉਹ ਨਾਮ ਅੰਮ੍ਰਿਤ (ਅੰਦਰੋਂ ਹੀ) ਲੱਭ ਲਿਆ ਜੋ ਕਿਸੇ (ਦੁਨੀਆਵੀ ਪਦਾਰਥ ਦੇ ਵੱਟੇ) ਮੁੱਲ ਨਹੀਂ ਮਿਲਦਾ । ਗੁਰੂ ਦੇ ਸ਼ਬਦ (ਵਿਚ ਜੁੜਨ) ਤੋਂ ਬਿਨਾ ਕੋਈ ਮਨੁੱਖ ਨਾਮ ਅੰਮ੍ਰਿਤ ਪ੍ਰਾਪਤ ਨਹੀਂ ਕਰ ਸਕਦਾ, ਗੁਰੂ ਦੀ ਕਿਰਪਾ ਨਾਲ (ਹਰਿ ਨਾਮ) ਮਨ ਵਿਚ ਵਸਾਇਆ ਜਾ ਸਕਦਾ ਹੈ । ੨ ।

ਜਿਸ ਮਨੁੱਖ ਨੇ ਗੁਰੂ ਤੋਂ ਗਿਆਨ ਦਾ ਸਦਾ ਥਿਰ ਰਹਿਣ ਵਾਲਾ ਸੁਰਮਾ (ਆਪਣੀਆਂ ਆਤਮਕ) ਅੱਖਾਂ ਵਿਚ ਪਾਇਆ ਹੈ, ਉਸ ਦੇ ਅੰਦਰ (ਆਤਮਕ) ਚਾਨਣ ਹੋ ਗਿਆ ਹੈ, ਉਸ ਨੇ (ਆਪਣੇ ਅੰਦਰੋਂ) ਅਗਿਆਨ-ਹਨੇਰਾ ਦੂਰ ਕਰ ਲਿਆ ਹੈ । ਉਸ ਦੀ ਜੋਤਿ **ਪ੍ਰਭੂ ਦੀ ਜੋਤਿ ਵਿਚ ਮਲੀ ਗਈ,** ਉਸ ਦਾ ਮਨ (ਪ੍ਰਭੂ ਦੀ ਯਾਦ ਵਿਚ) ਗਿੱਝ ਜਾਂਦਾ ਹੈ, ਉਹ ਮਨੁੱਖ ਪਰਮਾਤਮਾ ਦੇ ਦਰ ਤੇ ਸੋਭਾ ਪਾਉਂਦਾ ਹੈ **। ੩ ।** (ਪਰ ਜੇ ਮਨੁੱਖ ਆਪਣੇ) ਸਰੀਰ ਤੋਂ ਬਾਹਰ (ਜੰਗਲਾਂ ਪਹਾੜਾਂ ਦੀਆਂ ਗੁਫ਼ਾਂ ਵਿਚ ਇਸ ਆਤਮਕ ਚਾਨਣ ਨੂੰ) ਲਭਣ ਜਾਂਦਾ ਹੈ, ਉਸ ਨੂ (ਇਹ ਆਤਮਕ ਚਾਨਣ ਦੇਣ ਵਾਲਾ) ਹਰਿ ਨਾਮ ਤਾਂ ਨਹੀਂ ਲੱਭਦਾ, ਉਹ ਸਗੋਂ (ਵਿਗਾਰ ਵਿਚ ਫ਼ਸੇ ਕਿਸੇ) ਵਿਗਾਰੀ ਵਾਂਗ ਦੁੱਖ ਹੀ ਪਾਉਂਦਾ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ ਨੂੰ ਸਮਝ ਨਹੀਂ ਪੈਂਦੀ । (ਜੰਗਲਾਂ ਪਹਾੜਾਂ ਵਿਚ ਖ਼ੁਆਰ ਹੋ ਹੋ ਕੇ) ਆਖ਼ਰ ਉਹ ਗੁਰੂ ਦੀ ਸ਼ਰਨ ਪੈ ਕੇ ਹੀ ਨਾਮ ਅੰਮ੍ਰਿਤ ਪ੍ਰਾਪਤ ਕਰਦਾ ਹੈ **। ੪ ।** ਜਦੋਂ ਮਨੁੱਖ ਗੁਰੂ ਦੀ ਕਿਰਪਾ ਨਾਲ ਸਦਾ-ਥਿਰ ਹਰੀ ਦਾ ਮਿਲਾਪ ਪ੍ਰਾਪਤ ਕਰਦਾ ਹੈ, ਤਾਂ ਉਹ ਆਪਣੇ ਮਨ ਵਿਚ ਹੀ ਆਪਣੇ ਤਨ ਵਿਚ ਹੀ ਉਸ ਦਾ ਦਰਸ਼ਨ ਕਰ ਲੈਂਦਾ ਹੈ, ਤੇ ਉੱਸ ਦੇ ਅੰਦਰੋਂ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ । ਆਪਣੇ ਸੁੱਧ ਹੋਏ ਹਿਰਦੇ ਥਾਂ ਵਿਚ ਹੀ ਬੈਠ ਕੇ (ਭਟਕਣਾ ਰਹਿਤ ਹੋ ਕੇ) ਉਹ ਸਦਾ ਪਰਮਾਤਮਾ ਦੇ ਗੁਣ ਗਾਉਂਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਸਦਾ ਥਿਰ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ **। ੫ ।** ਜਿਸ ਮਨੁੱਖ ਨੇ ਆਪਣੇ ਨੌਂ ਦਰਵਾਜ਼ੇ (ਨੌਂ ਗੋਲਕਾਂ) (ਵਿਕਾਰਾਂ ਦੇ ਪ੍ਰਭਾਵ ਵਾਲੇ ਪਾਸੇ ਵਲੋਂ) ਬੰਦ ਕਰ ਲਏ ਹਨ, ਜਿਸ ਨੇ (ਵਿਕਾਰਾਂ ਵਲ) ਦੌੜਦਾ ਆਪਣਾ ਮਨ ਕਾਬੂ ਕਰ ਲਿਆ ਹੈ, ਉਸ ਨੇ ਆਪਣੇ ਚਿੱਤ ਆਕਾਸ਼ ਦੀ ਰਾਹੀਂ (ਆਪਣੀ ਉ ੱਚੀ ਹੋਈ ਸੁਰਤਿ ਦੀ ਰਾਹੀਂ) ਆਪਣੇ ਅਸਲ ਘਰ ਵਿਚ (ਪ੍ਰਭੂ ਚਰਨਾਂ ਵਿਚ) ਨਿਵਾਸ ਪ੍ਰਾਪਤ ਕਰ ਲਿਆ ਹੈ । ਉਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਅੰਦਰ (ਹਿਰਦੇ ਵਿਚ) ਸਦਾ ਇਕ ਰਸ ਪਰਮਾਤਮਾ ਦੀ ਸਿਫ਼ਤ ਸਾਲਾਹ ਦੇ ਬੋਲ ਆਪਣਾ ਪ੍ਰਭਾਵ ਪਾਈ ਰੱਖਦੇ ਹਨ । ਉਹ ਦਿਨ ਰਾਤ ਗੁਰੂ ਦੀ ਮਤਿ ਤੇ ਤੁਰ ਕੇ ਸਿਫ਼ਤਿ ਸਾਲਾਹ ਦੀ

ਬਾਣੀ ਨੂੰ ਹੀ ਆਪਣੀ ਸੁਰਤਿ ਵਿਚ ਟਿਕਾਈ ਰੱਖਦਾ ਹੈ। **੬।** ਗੁਰੂ ਦੇ ਸ਼ਬਦ ਤੋਂ ਬਿਨਾ ਮਨੁੱਖ ਦੇ ਮਨ ਵਿਚ ਮਾਇਆ ਦੇ ਮੋਹ ਦਾ ਹਨੇਰਾ ਬਣਿਆ ਰਹਿੰਦਾ ਹੈ ਜਿਸ ਕਰਕੇ ਉਸ ਨੂੰ ਆਪਣੇ ਅੰਦਰ ਨਾਮ ਪਦਾਰਥ ਨਹੀਂ ਲੱਭਦਾ ਤੇ ਉਸ ਦਾ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। (ਮੋਹ ਦੇ ਬੱਜਰ ਕਿਵਾੜ ਖੋਹਲਣ ਲਈ) ਕੁੰਜੀ ਗੁਰੂ ਦੇ ਹੱਥ ਵਿਚ ਹੀ ਹੈ, ਕਿਸੇ ਹੋਰ ਵਸੀਲੇ ਨਾਲ ਉਹ ਦਰਵਾਜ਼ਾ ਨਹੀਂ ਖੁਲਦਾ। ਤੇ, ਗੁਰੂ ਵੀ ਵੱਡੀ ਕਿਸਮਤ ਨਾਲ ਹੀ ਮਿਲਦਾ ਹੈ **।੭।** ਹੇ ਪ੍ਰਭੂ ! ਤੂੰ ਸਭ ਥਾਵਾਂ ਵਿਚ ਮੌਜੂਦ ਹੈਂ, (ਕਿਸੇ ਨੂੰ) ਪਰਤੱਖ (ਦਿੱਸ ਪੈਂਦਾ ਹੈਂ ਕਿਸੇ ਦੇ ਭਾ ਦਾ ) ਲੁਕਿਆ ਹੋਇਆ ਹੈਂ। (ਤੇਰੇ ਸਰਬ ਵਿਆਪਕ ਹੋਣ ਦੀ) ਸਮਝ ਗੁਰੂ ਦੀ ਕਿਰਪਾ ਨਾਲ (ਤੈਨੂੰ) ਮਿਲ ਕੇ ਹੁੰਦੀ ਹੈ।

ਗੁਰਦੇਵ ਜੀ ਦਾ ਫ਼ੁਰਮਾਨ--(ਗੁਰੂ ਦੀ ਸਰਨ ਪੈ ਕੇ) ਸਦਾ ਪਰਮਾਤਮਾ ਦੇ ਨਾਮ ਦੀ ਸਿਫ਼ਤਿ ਸਾਲਾਹ ਕਰਦਾ ਰਹੁ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ। ੮।

ਸ਼ਬਦ ਦਾ ਭਾਵ--ਆਪਣੇ ਮਨ ਦੇ ਪਿੱਛੇ ਲੱਗ ਕੇ ਹੋਰ ਹੋਰ ਜਪਾਂ ਤਪਾਂ ਵਿਚ ਅਥਵਾ ਵਿਖਾਵੇ ਵਾਲੇ ਧਰਮ-ਕਰਮਾ, ਤੀਰਥ ਯਾਤ੍ਰਾ, ਦਾਨ ਪੁੰਨ ਆਦਿ ਵਿਚ ਫਸੇ ਰਹਿਣ ਨਾਲ ਕੁਝ ਨਹੀਂ ਸੌਰਦਾ। ਸਤਿਗੁਰਾਂ ਦੀ ਸਰਨ ਪੈ ਕੇ ਉਨ੍ਹਾਂ ਦੇ ਉਪਦੇਸ਼ ਅਨੁਸਾਰ ਚਲਿਆਂ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਸੁਰਤ ਪ੍ਰਭੂ ਚਰਨਾਂ ਵਿਚ ਟਿਕ ਜਾਂਦੀ ਹੈ। ਜਿਵੇ ਗੁਰੂ ਦੀ ਜੋਤਿ ਪਰਮਾਤਮਾ ਦੀ ਜੋਤਿ ਵਿਚ ਰਲ ਚੁੱਕੀ ਹੁੰਦੀ ਹੈ, ਓਵੇਂ ਹੀ ਅਜੇਹੇ ਗੁਰਮੁਖਿ ਦੀ ਜੋਤਿ ਵੀ ਉਸੇ ਪ੍ਰਭੂ ਨਾਲ ਅਭੇਦ ਹੋ ਜਾਂਦੀ ਹੈ। ਸੱਚੀ ਸਾਧਨਾਂ ਅਤੇ ਨਿਸ਼ਕਾਮ ਘਾਲ ਕਮਾਈ ਨਾਲ ਗੁਰਮੁਖਿ ਵੀ ਓਸੇ ਜੋਤਿ ਦਾ ਮਾਲਕ ਬਣ ਜਾਂਦਾ ਹੈ ਜਿਹੜੀ ਸ਼ਬਦ-ਗਿਆਨ-ਰੂਪ " **ਜੋਤਿ** " ਗੁਰੂ ਦੀ ਹੁੰਦੀ ਹੈ--**ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ, ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥** ਸੱਚਾ ਸਿਦਕੀ ਗੁਰਮੁਖ ਵੇਖਣ ਨੂੰ ਆਪਣੇ ਗੁਰੂ ਨਾਲੋਂ ਅੱਡਸ਼ਰਾ ਹੈ ਪਰ ਜੋਤਿ ਦੋਹਾਂ ਦੀ ਇੱਕ ਹੋ ਚੁੱਕੀ ਹੁੰਦੀ ਹੈ ॥ ਜਦ ਗੁਰੂ ਚੇਲੇ ਦਾ ਗਿਆਨ ਇੱਕ, ਵਿਚਾਰ ਇੱਕ, ਭਾਵ ਜਦ ਗੁਰੂ ਸਿੱਖ ਦੀ ਆਤਮਕ ਅਵਸਥਾ ਇਕ ਹੋ ਗਈ ਤਾਂ--**ਬਿਸਮਨ ਬਿਸਮ ਭਏ, ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥ ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥ ੧ ॥** ਫਿਰ ਗੁਰੂ ਨਾਨਕ ਤੋਂ ਗੁਰੂ ਅੰਗਦ ਅਤੇ ਗੁਰੂ ਅੰਗਦ ਜੀ ਤੋਂ ਗੁਰੂ ਅਮਰਦਾਸ ਜੀ ਬਣਦੇ ਗਏ। ਪੰਚਮ ਪਾਤਿਸ਼ਾਹ ਜੀ ਪ੍ਰਭੂ ਮਿਲਾਪ ਦਾ ਅਤੇ ਜੋਤੀ ਵਿਚ ਜੋਤਿ ਰਲ ਜਾਣ ਦਾ ਰੱਬੀ-ਵਿਧਾਨ ਸਮਝਾਉਂਦੇ ਹਨ:--

੫੯- **ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥ ੧ ॥ ਰਹਾਉ ॥ ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥ ੧ ॥ ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥ ੨ ॥ ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ ੩ ॥ ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧ ਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥ ੪ ॥ ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿਸਮਾਈ ॥੧॥ ਰਹਾਉ ਦੂਜਾ ॥**[੨੦੪-੫]-੧੨੨

**ਅਰਥ:**---ਹੇ ਮੇਰੇ ਪਾਤਿਸ਼ਾਹ ! ਮੈਨੂੰ ਧਰਤੀ ਦੇ ਖ਼ਸਮ (-ਗੁਸਾਈ) ਕਿਨ੍ਹਾਂ ਤਰੀਕਿਆਂ ਨਾਲ ਮਿਲ ਸਕੇ ? ਆਤਮਕ ਅਡੋਲਤਾ ਦਾ ਆਨੰਦ ਦੇਣ ਵਾਲਾ ਕੋਈ ਇਹੋ ਜਿਹਾ ਸੰਤ ਮੈਨੂੰ ਮਿਲ ਪਏ, ਜਿਹੜਾ ਮੈਨੂੰ ਰਸਤਾ ਦੱਸ ਦੇਵੇ **। ੧ । ਰਹਾਉ ।** (ਹਰੇਕ ਜੀਵ ਦੇ) ਅੰਦਰ ਅਦ੍ਰਿਸ਼ਟ ਪ੍ਰਭੂ ਵੱਸਦਾ ਹੈ, ਪਰ (ਜੀਵ ਨੂੰ) ਇਹ ਸਮਝ ਨਹੀਂ ਆ ਸਕਦੀ, ਕਿਉਂਕਿ (ਜੀਵ ਦੇ ਅੰਦਰ) ਹਉਮੈ ਦਾ ਪਰਦਾ ਪਿਆ ਹੋਇਆ ਹੈ। ਸਾਰਾ ਜਗਤ ਹੀ ਮਾਇਆ ਦੇ ਮੋਹ ਵਿਚ ਸੁੱਤਾ ਪਿਆ ਹੈ। (ਹੇ ਭਾਈ !) ਦੱਸ, (ਜੀਵ ਦੀ) ਇਹ ਭਟਕਣਾ ਕਿਉਂ ਦੂਰ ਹੋਵੇ ? **। ੧ ।** (ਆਤਮਾ ਤੇ ਪਰਮਾਤਮਾ ਦੀ) ਇਕੋ ਹੀ ਸੰਗਤਿ ਹੈ, ਦੋਵੇ ਇਕੋ ਹੀ (ਹਿਰਦੇ-) ਘਰ ਵਿਚ ਵੱਸਦੇ ਹਨ, ਪਰ (ਆਪੋ ਵਿਚ) ਮਿਲ ਕੇ (ਕਦੇ) ਗੱਲ ਨਹੀਂ ਕਰਦੇ। ਇਕ (ਨਾਮ) ਪਦਾਰਥ ਤੋਂ ਬਿਨਾ (ਜੀਵ ਦੇ) ਪੰਜੇ ਗਿਆਨ-ਇੰਦ੍ਰੇ ਦੁਖੀ ਰਹਿੰਦੇ ਹਨ। ਉਹ (ਨਾਮ) ਪਦਾਰਥ ਅਜੇਹੇ ਥਾਂ ਵਿਚ ਹੈ, ਜਿਥੇ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ **। ੨ ।** ਜਿਸ ਹਰੀ ਦਾ ਬਣਾਇਆ ਹੋਇਆ ਸਰੀਰ ਘਰ ਹੈ, ਉਸ ਨੇ ਹੀ (ਮੋਹ ਦਾ) ਜੰਦ੍ਰਾ ਮਾਰਿਆ ਹੋਇਆ ਹੈ, ਤੇ ਕੁੰਜੀ ਗੁਰੂ ਨੂੰ ਸੌਂਪ ਦਿੱਤੀ ਹੈ। ਗੁਰੂ ਦੀ ਸਰਨ ਪੈਣ ਤੋਂ ਬਿਨਾ ਜੀਵ ਹੋਰ ਹੋਰ ਅਨੇਕਾਂ ਹੀਲੇ ਕਰਦਾ ਹੈ, (ਪਰ ਉਨ੍ਹਾਂ ਹੀਲਿਆਂ ਨਾਲ ਪਰਮਾਤਮਾ ਨੂੰ) ਲੱਭ ਨਹੀਂ ਸਕਦਾ **। ੩ ।** ਸਤਿਗੁਰਾਂ ਨੇ ਜਿਨ੍ਹਾਂ ਦੇ (ਮਾਇਆ ਦੇ) ਬੰਧਨ ਕੱਟ ਦਿੱਤੇ, ਉਨ੍ਹਾਂ ਨੇ ਸਾਧ (-ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਟਿਕ ਕੇ (ਭਾਵ, ਗੁਰੂ ਬਾਣੀ ਵਿਚ ਸੁਰਤਿ ਜੋੜ ਕੇ) (ਪ੍ਰਭੂ ਨਾਲ) ਪ੍ਰੀਤਿ ਬਣਾ ਲਈ। ਉਨ੍ਹਾਂ ਦੇ ਪੰਜੇ ਗਿਆਨ ਇੰਦ੍ਰਿਆਂ ਨੇ ਮਿਲ ਕੇ ਸਿਫ਼ਤਿ-ਸਾਲਾਹ ਦਾ ਗੀਤ ਗਾਇਆ। ਉਨ੍ਹਾਂ ਵਿਚ ਤੇ ਹਰੀ ਵਿਚ ਕੋਈ ਵਿਥ ਨਾ ਰਹੀ **। ੪ ।** ਹੇ ਮੇਰੇ ਪ੍ਰਭੂ ਪਾਤਿਸ਼ਾਹ ! ਇਨ੍ਹਾਂ ਤਰੀਕਿਆਂ ਨਾਲ ਧਰਤੀ ਦਾ ਖਸਮ-ਪਰਮਾਤਮਾ ਮਿਲਦਾ ਹੈ। ਜਿਸ ਮਨੁੱਖ ਨੂੰ ਆਤਮਕ ਅਡੋਲਤਾ ਪ੍ਰਾਪਤ ਹੋ ਗਈ, ਉਸ ਦੀ (ਮਾਇਆ ਦੀ ਖ਼ਾਤਰ) ਭਟਕਣਾ ਇਕ ਖਿਨ ਵਿਚ ਦੂਰ ਹੋ ਗਈ। ਉਸ ਦੀ **ਜੋਤਿ ਪ੍ਰਭੂ** ਵਿਚ ਮਿਲ ਕੇ ਪ੍ਰਭੂ ਵਿਚ ਲੀਨ ਹੋ ਗਈ। ੧। ਰਹਾਉ ਦੂਜਾ।

ਸਤਿਗੁਰਾਂ ਨੇ ਪਹਿਲਾਂ ਪ੍ਰਸ਼ਨ ਕਰਕੇ ਕਿ ਪ੍ਰਮਾਤਮਾਂ ਨੂੰ ਕਿਨ੍ਹਾਂ ਢੰਗਾਂ ਨਾਲ ਮਿਲ ਸਕੀਦਾ ਹੈ ? ਇਹ ਭੇਤ ਸਮਝਾਉਣ ਲਈ ਸਤਿਗੁਰਾਂ ਨੇ ਪ੍ਰਭੂ ਅਤੇ ਜੀਵ ਦੇ ਵਿਚਕਾਰ ਬਣੇ ਹਉਮੈ ਦੇ ਪਰਦੇ ਦੀ ਸੂਝ ਕਰਾਈ ਹੈ। ਫਿਰ ਉਸ ਪਰਦੇ ਨੂੰ ਦੂਰ ਕਰ ਸਕਣ ਦਾ ਸਾਧਨ ਤੇ ਢੰਗ ਸਮਝਾਇਆ ਹੈ। ਹਉਮੈ ਨੂੰ ਦੂਰ ਕਰਕੇ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਆਤਮਕ ਅਡੋਲਤਾ ਵਿਚ ਟਿਕਣਾ, ਅੰਦਰ ਵੱਸਦੇ ਪ੍ਰਭੂ ਨਾਲ ਮਿਲਾਪ ਦਾ ਸਾਧਨ ਹੈ। ਅਜੇਹੀ ਆਤਮਕ ਅਵਸਥਾ ਦੀ ਪ੍ਰਾਪਤੀ ਦਾ ਸਿੱਖ ਕੋਲ ਇਕੋ ਇੱਕ ਵਸੀਲਾ, ਸਾਧ-ਗੁਰੂ-ਗ੍ਰੰਥ ਸਾਹਿਬ ਦੀ ਸੰਗਤਿ ਹੀ ਹੈ। ਸਤਿਗੁਰਾਂ ਦੀ ਸਿਖਿਆ ਅਨੁਸਾਰ ਜੀਵਨ ਢਾਲ ਕੇ ਪ੍ਰਭੂ ਦੀ ਜੋਤਿ ਵਿਚ ਜੋਤਿ ਮਲਾਉਣ ਵਾਲਾ ਹੀ ਸਤਿਗੁਰਾ ਦੀ ਜੋਤਿ-ਚਾਨਣੇ ਦਾ ਮਾਲਕ ਬਣਦਾ ਹੈ। ਅਤੇ **ਗੁਰੂ ਦੀ ਉਹ ਜੋਤਿ ਗੁਰੂ ਦਾ " ਗਿਆਨ " ਹੈ।** ਇਸ ਭੇਦ ਨੂੰ ਹੋਰ ਸਪੱਸ਼ਟ ਕਰਨ ਲਈ ਅਨੇਕ ਗੁਰੂ ਸ਼ਬਦ ਹਨ:--

੬੦- **ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ ੧ ॥**[੬੧੭]-੧-੨੯

**ਅਰਥ:**--ਹੇ ਭਾਈ ! ਜਿਵੇਂ ਸਭ ਬੂਟਿਆਂ ਵਿਚ ਅੱਗ (ਗੁਪਤ ਮੌਜੂਦ) ਹੈ, ਜਿਵੇਂ ਹਰੇਕ ਕਿਸਮ ਦੇ ਦੁੱਧ ਵਿਚ ਘਿਉ (ਮੱਖਣ) ਗੁਪਤ ਮੌਜੂਦ ਹੈ, ਤਿਵੇਂ ਚੰਗੇ ਮੰਦੇ ਸਭ ਜੀਵਾਂ ਵਿਚ ਪ੍ਰਭੂ ਦੀ ਜੋਤਿ ਸਮਾਈ ਹੋਈ ਹੈ, ਪਰਮਾਤਮਾ ਹਰੇਕ ਸਰੀਰ ਵਿਚ ਹੈ, ਸਭ ਜੀਵਾਂ ਵਿਚ ਹੈ। ੧।

ਪ੍ਰਭੂ ਜੋਤਿ ਦੀ ਹੋਂਦ ਦਾ ਗਿਆਨ ਅਤੇ ਹੁਣ ਅੱਗੇ ਉਸ ਦੀ ਪ੍ਰਾਪਤੀ ਦਾ ਸਾਧਨ:--

੬੧- **ਕਾਸਟ ਮਹਿ ਜਿਉ ਹੈ ਬੈਸੰਤਰੁ, ਮਥਿ ਸੰਜਮਿ ਕਾਢਿ ਕਢੀਜੈ ॥**
**ਰਾਮ ਨਾਮੁ ਹੈ " ਜੋਤਿ " ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥ ੧ ॥**[੧੩੨੩]-੧ --

**ਅਰਥ:**--ਜਿਵੇਂ (ਹਰੇਕ) ਲੱਕੜੀ ਵਿਚ ਅੱਗ (ਲੁਕੀ ਰਹਿੰਦੀ) ਹੈ, (ਪਰ)ਜੁਗਤ ਨਾਲ ਉ ੱਦਮ ਕਰ ਕੇ ਪਰਗਟ ਕਰ ਸਕੀਦੀ ਹੈ, ਤਿਵੇਂ ਪਰਮਾਤਮਾ ਦਾ ਨਾਮ (ਐਸਾ) ਹੈ ਕਿ ਇਸ ਦੀ ਜੋਤਿ ਸਾਰੀ ਸਿਰਸ਼ਟੀ ਵਿਚ (ਗੁਪਤ) ਹੈ, ਇਸ ਅਸਲੀਅਤ ਨੂੰ ਗੁਰੂ ਦੀ ਮਤਿ ਦੀ ਰਾਹੀਂ ਸਮਝ ਸਕੀਦੀ ਹੈ । ੧ ।

ਸਤਿਗੁਰਾਂ ਦੀ ਕਿਰਪਾ ਨਾਲ ਸਮਝ ਆ ਰਹੀ ਹੈ ਕਿ, ਜੋਤਿ ਦੀ ਅਸਲੀਅਤ ਗੁਰੂ ਦੀ ਮਤਿ ਤੋਂ ਜਾਣੀ ਜਾ ਸਕਦੀ ਹੈ:--

੬੨- **ਗੁਰਮੁਖਿ ਚਲਤੁ ਰਚਾਇਓਨੁ, ਗੁਣ ਪਰਗਟੀ ਆਇਆ ॥ ਗੁਰ ਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥ ਸਕਤਿ ਗਈ ਭ੍ਰਮੁ ਕਟਿਆ, ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨ ਹੈ ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥ ੨ ॥**[੧੨੩੮]-ਵਾਰ ੨

**ਅਰਥ:**--(ਪ੍ਰਭੂ ਦੀ ਜਗਤ ਰਚਨਾ ਵਿਚ ਜਿਹੜਾ ) ਕੋਈ ਮਨੁੱਖ ਗੁਰੂ ਦੇ ਸਨਮੁਖ ਹੈ (ਭਾਵ, ਗੁਰੂ ਦੀ ਮਤਿ ਗ੍ਰਹਣ ਕਰਦਾ ਹੈ ਅਤੇ ਉਸ ਅਨੁਸਾਰ ਆਪਣੀ ਜੀਵਨ ਜੁਗਤ ਢਾਲਦਾ ਹੈ) ਪਰ ਇਹ (ਹੁਕਮ ਰੂਪੀ) ਕੌਤਕ ਵੀ ਪ੍ਰਭੂ ਦਾ ਹੀ ਰਚਿਆ ਹੋਇਆ ਹੈ ( ਉਸ ਗੁਰਮੁਖਿ ਮਨੁਖ ਵਿਚ ਪ੍ਰਭੂ ਆਪਣੇ) ਗੁਣ ਪਰਗਟ ਕਰਦਾ ਹੈ (ਜਿਨ੍ਹਾਂ ਦੀ ਬਰਕਤ ਨਾਲ ਉਹ ਗੁਰਮੁਖਿ) ਸਦਾ ਸਤਿਗੁਰੂ ਦੀ (ਦੱਸੀ) ਬਾਣੀ ਉਚਾਰਦਾ ਹੈ ਤੇ ਪ੍ਰਭੂ ਨੂੰ ਮਨ ਵਿਚ ਰੱਖਦਾ ਹੈ, ਉਸ ਦੇ ਅੰਦਰ ਰੱਬੀ ਜੋਤਿ ਜਗ ਪੈਂਦੀ ਹੈ, ( ਉਸ ਦੇ ਅੰਦਰੋਂ) ਮਾਇਆ (ਦਾ ਹਨੇਰਾ) ਦੂਰ ਹੋ ਜਾਂਦਾ ਹੈ ਤੇ ਉਸ ਦੀ ਭਟਕਣਾ ਮੁੱਕ ਜਾਂਦੀ ਹੈ । (ਭਾਵ ਜਿੰਦਗੀ ਦੇ ਰਾਹ ਤੇ ਉਹ ਮਾਇਆ ਦੇ ਹਨੇਰੇ ਵਿਚ ਠੇਡੇ ਨਹੀਂ ਖਾਂਦਾ, ਪੂਰਨਤਾ ਨੂੰ ਪ੍ਰਾਪਤ ਕਰ ਲੈਂਦਾ ਹੈ । ਬਾਬੇ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਬਣ ਜਾਂਦਾ ਹੈ)

ਪਰ ਜਿੰਨ੍ਹਾਂ ਦੇ ਭਾਗਾਂ ਵਿਚ ( ਪਿਛਲੀ ਕੀਤੀ ) ਨੇਕ ਕਮਾਈ ਹੈ (ਉਨ੍ਹਾਂ ਨੂੰ ਪ੍ਰਭੂ) ਮਹਾਂ ਪੁਰਖ ਸਤਿਗੁਰੂ ਮਿਲਾ ਦਿੰਦਾ ਹੈ । ਹੇ ਨਾਨਕ ! ਉਹ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ (ਪ੍ਰਭੂ ਵਿਚ) ਮਿਲ ਰਹਿੰਦਾ ਹੈ । ਪ੍ਰਭੂ ਦੇ ਨਾਮ ਵਿਚ ਟਿਕਿਆ ਰਹਿੰਦਾ ਹੈ ।

**ਗੁਰੂ-ਸ਼ਬਦ-ਗਿਆਨ** ਤੇ ਤੁਰਨ ਦੀ ਘਾਲ-ਕਮਾਈ ਦਾ ਫਲ ਪ੍ਰਾਪਤ ਹੋਇਆ, ਪੂਰਨ ਸਤਿਗੁਰੂ ਦੀਆਂ ਮਿਹਰਾਂ ਹੋ ਗਈਆਂ । ਕਪਾਟ ਖੁਲ੍ਹ ਗਏ । **ਅੰਦਰੇ ਟਿਕੀ ਹੋਈ ਜੋਤਿ ਪ੍ਰਗਟ ਹੋ ਗਈ** । ਬੁਧੀ ਚਮਕ ਪਈ । ਗਿਆਨ ਦਾ ਪਰਕਾਸ਼ ਹੋ ਜਾਣਾ ਹੈ--**ਅੰਤਰਿ ਹੋਇ ਗਿਆਨ ਪਰਗਾਸੁ ॥**(ਸੁਖਮਨੀ) **ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥ ੧ ॥ ਰਹਾਉ ॥**[੧੩੪੯]

ਆਤਮਕ ਅਡੋਲਤਾ ਦੀ ਪ੍ਰਾਪਤੀ ਦਾ ਸਾਧਨ ਅਤੇ ਫਿਰ ਆਤਮਕ ਅਡੋਲਤਾ ਦੁਆਰਾ ਕਾਇਆ ਕਲਪ ਹੋ ਜਾਣ ਦੀ ਸੂਝ ਬਖ਼ਸ਼ਦੇ ਹੋਏ ਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ :--

੬੩- **ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ, ਭੇਖੀ ਭਰਮਿ ਭੁਲਾਇ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥ ੧ ॥ ਭਾਈ ਰੇ , ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਉਪਜੈ ਹਰਿ ਪਾਇਆ ਸਚੁ ਸੋਇ ॥ ੧ ॥ ਰਹਾਉ ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੈ ਹੀ ਤੇ ਸੁਖ ਸਾਤਿ ਹੋਇ, ਬਿਨੁ ਸਹਜੈ ਜੀਵਣੁ ਬਾਦਿ ॥ ੨ ॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥ ੩ ॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥ ੪ ॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ ੫ ॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ ੬ ॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਿਜ ਮਿਲਾਇਸੀ ਸਬਦਿ ਮਿਲਾਵਾ ਹੋਇ ॥ ੭ ॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥ ੮ ॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥ ੯ ॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ, ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥ ੧੦ ॥**[੬੮]-੬-੨੩

**ਅਰਥ:**--ਹੇ ਭਾਈ ! ਗੁਰੂ ਦੀ ਸਰਣ ਤੋਂ ਬਿਨਾ (ਮਨੁੱਖ ਦੇ ਅੰਦਰ) ਆਤਮਕ ਅਡੋਲਤਾ ਪੈਦਾ ਨਹੀਂ ਹੋ ਸਕਦੀ । ਗੁਰੂ ਦੇ ਸ਼ਬਦ (-ਉਪਦੇਸ਼) ਵਿਚ ਜੁੜਨ ਤੋਂ ਹੀ ਆਤਮਕ ਅਡੋਲਤਾ (-ਮਨ ਦੀ ਸ਼ਾਂਤੀ, ਮਨ ਦਾ ਟਿਕਾਉ) ਪੈਦਾ ਹੁੰਦਾ ਹੈ, ਤੇ ਉਹ ਸਦਾ ਥਿਰ ਰਹਿਣ ਵਾਲਾ ਹਰੀ ਮਿਲਦਾ ਹੈ । ੧ । ਰਹਾਉ ।

ਇਹ ਸਦਾ ਯਾਦ ਰੱਖਣਾ ਹੈ ਕਿ, ਸਤਿਗੁਰੂ ਦੀ ਸਿਖਿਆ ਤੇ, ਤਨੋ ਮਨੋ ਤੁਰਨ ਤੋਂ ਬਿਨਾ, ਸਹਿਜ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ--

ਸਾਰੀ ਸ੍ਰਿਸ਼ਟੀ ਮਨ ਦੀ ਸ਼ਾਂਤੀ ਲਈ ਤਰਸਦੀ ਹੈ, ਪਰ ਗੁਰੂ ਦੀ ਸਰਨ (--ਗੁਰੂ ਦੀ ਸਿਖਿਆ ਲਈ ਜੋੜਦੀ) ਤੋਂ ਬਿਨਾ ਇਹ ਸਹਜ ਅਵਸਥਾ ਨਹੀਂ ਮਿਲਦੀ । ਪੰਡਿਤ ਤੇ ਜੋਤਸ਼ੀ (ਸ਼ਾਸਤ੍ਰ ਆਦਿਕ ਧਰਮ-ਪੁਸਤਕਾਂ) ਪੜ੍ਹ ਪੜ੍ਹ ਕੇ ਥੱਕ ਗਏ ਹਨ (ਪਰ ਸਹਜ-ਅਵਸਥਾ ਪ੍ਰਾਪਤਿ ਨਾ ਕਰ ਸਕੇ) ਛੇ ਭੇਖਾਂ ਦੇ ਸਾਧੂ ਵੀ ਭਟਕ ਭਟਕ ਕੇ ਕੁਰਾਹੇ ਹੀ ਪਏ ਰਹੇ (ਉਹ ਵੀ ਸਹਜ-ਅਵਸਥਾ ਨਾ ਲੱਭ ਸਕੇ । ਜਿੰਨ੍ਹਾਂ ਉਤੇ ਪਰਮਾਤਮਾ ਆਪਣੀ ਰਜ਼ਾ ਅਨੁਸਾਰ ਕਿਰਪਾ ਕਰਦਾ ਹੈ, ਉਹ ਗੁਰੂ ਨੂੰ ਮਿਲ ਕੇ ਸਹਜ-ਅਵਸਥਾ ਪ੍ਰਾਪਤ ਕਰਦੇ ਹਨ । **੧** । ਪਰਮਾਤਮਾ ਦੇ ਗੁਣਾ ਦਾ ਕੀਰਤਨ ਕਰਨਾ ਵੀ ਤਦੋਂ ਹੀ ਪਰਵਾਨ ਹੁੰਦਾ ਹੈ, ਜੇ ਆਤਮਕ ਅਡੋਲਤਾ ਵਿਚ ਟਿਕ ਕੇ ਕੀਤਾ ਜਾਏ । ਆਤਮਕ ਅਡੋਲਤਾ ਤੋਂ ਬਿਨਾ

ਧਾਰਮਿਕ ਗੱਲਾਂ ਦਾ ਕਹਿਣਾ ਵਿਅਰਥ ਜਾਂਦਾ ਹੈ । ਆਤਮਕ ਅਡੋਲਤਾ ਵਿਚ ਟਿਕਿਆਂ ਹੀ (ਮਨੁੱਖ ਦੇ ਅੰਦਰ ਪਰਮਾਤਮਾ ਦੀ) ਭਗਤੀ (ਦਾ ਜਜ਼ਬਾ) ਪੈਦਾ ਹੁੰਦਾ ਹੈ, ਆਤਮਕ ਅਡੋਲਤਾ ਰਾਹੀਂ ਹੀ ਮਨੁੱਖ ਪ੍ਰਭੂ ਦੇ ਪਿਆਰ ਵਿਚ ਟਿਕਦਾ ਹੈ, (ਦੁਨੀਆ ਵਲੋਂ ਵੈਰਾਗ ਵਿਚ ਰਹਿੰਦਾ ਹੈ । ਆਤਮਕ ਅਡੋਲਤਾ ਤੋਂ ਆਤਮਕ ਆਨੰਦ ਤੇ ਸ਼ਾਂਤੀ ਪੈਦਾ ਹੁੰਦੀ ਹੈ, ਆਤਮਕ ਅਡੋਲਤਾ ਤੋਂ ਬਿਨਾ (ਮਨੁੱਖ ਦੀ ਸਾਰੀ) ਜਿੰਦਗੀ ਵਿਅਰਥ ਜਾਂਦੀ ਹੈ **। ੨ ।** ( ਹੇ ਭਾਈ ! ) ਤੂੰ ਆਤਮਕ ਅਡੋਲਤਾ ਵਿਚ ਟਿਕ ਕੇ ਆਤਮਕ ਅਡੋਲਤਾ ਵਿਚ ਸਮਾਧੀ ਲਾ ਕੇ ਸਦਾ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਦਾ ਰਹੀਂ । ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੇ ਗੁਣ ਗਾਉਂਦਾ ਹੈ, ਪ੍ਰਭੂ ਚਰਨਾਂ ਵਿਚ ਸੁਰਤਿ ਜੋੜ ਕੇ ਭਗਤੀ ਕਰਦਾ ਹੈ, ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਹੀ ਉਸ ਦੇ ਮਨ ਵਿਚ ਪਰਮਾਤਮਾ ਵੱਸਦਾ ਹੈ । ਉਸ ਦੀ ਜੀਭ ਪਰਮਾਤਮਾ ਦੇ ਨਾਮ ਦਾ ਸੁਆਦ ਚੱਖਦੀ ਰਹਿੰਦੀਹੈ **। ੩ ।** ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸਰਨ ਪੈ ਕੇ ਆਤਮਕ ਅਡੋਲਤਾ ਵਿਚ ਟਿਕ ਕੇ ਜਿੰਨ੍ਹਾਂ ਨੇ ਆਤਮਕ ਮੌਤ ਨੂੰ ਮਾਰ ਲਿਆ, ਇਹ ਸਦਾ ਨਾਲ ਨਿਭਣ ਵਾਲੀ ਕਾਰ ਕਰਨ ਦੇ ਕਾਰਨ ਉਨ੍ਹਾਂ ਦੇ ਅੰਦਰ ਪ੍ਰਭੂ ਦਾ ਨਾਮ ਆ ਵੱਸਦਾ ਹੈ । ਤੇ, ਜਿੰਨ੍ਹਾਂ ਨੇ ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲਿਆ, ਉਹ ਬੰਦੇ ਵਡੇ ਭਾਗਾਂ ਵਾਲੇ ਹੋ ਗਏ, ਉਹ ਸਦਾ ਆਤਮਕ ਅਡੋਲਤਾ ਵਿਚ ਲੀਨ ਰਹਿੰਦੇ ਹਨ **। ੪ ।** ਮਾਇਆ (ਦੇ ਮੋਹ) ਵਿਚ ਟਿਕੇ ਰਿਹਾਂ ਆਤਮਕ ਅਡੋਲਤਾ ਪੈਦਾ ਨਹੀਂ ਹੁੰਦੀ, ਮਾਇਆ ਤਾਂ (ਪ੍ਰਭੂ ਤੋਂ ਬਿਨਾ ਕਿਸੇ) ਹੋਰ ਪਿਆਰ ਵਿਚ (ਫਸਾ ਦਿੰਦੀ ਹੈ ) । ਅਜੇਹੇ ਮਨਮੁਖਤਾ ਵਾਲੇ ਕਰਮ ਕੀਤਿਆਂ ਮਨੁੱਖ ਹਉਮੈ ਵਿਚ ਹੀ ਸੜਦਾ ਹੈ, (ਆਪਣੇ ਆਪ ਨੂੰ) ਸਾੜਦਾ ਹੈ । ਉਸ ਦਾ ਜਨਮ ਮਰਨ ਦਾ ਗੇੜ ਕਦੇ ਮੁੱਕਦਾ ਨਹੀਂ, ਉਹ ਮੁੜ ਮੁੜ ਜੰਮਦਾ ਰਹਿੰਦਾ ਹੈ **। ੫ ।** ਮਾਇਆ (ਦੇ ਮੋਹ) ਵਿਚ ਟਿਕੇ ਰਿਹਾਂ ਆਤਮਕ ਅਡੋਲਤਾ ਪੈਦਾ ਨਹੀਂ ਹੁੰਦੀ, ਮਾਇਆ ਦੇ ਤਿੰਨ ਗੁਣਾ (ਰਜੋ, ਸਤੋ, ਤਮੋ) ਦੇ ਕਾਰਨ ਹੀ ਜੀਵ ਭਟਕਣਾ ਵਿਚ ਫਸ ਕੇ ਕੁਰਾਹੇ ਪਿਆ ਰਹਿੰਦਾ ਹੈ । (ਇਸ ਹਾਲਤ ਵਿਚ) ਧਾਰਮਿਕ ਪੁਸਤਕਾਂ ਪੜ੍ਹਨ ਦਾ ਵਿਚਾਰਨ ਦਾ ਤੇ ਹੋਰਨਾਂ ਨੂੰ ਸੁਣਾਉਣ ਦਾ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਜੀਵ ਆਪਣੇ ਮੂਲ-ਪ੍ਰਭੂ ਤੋਂ ਖੁੰਝ ਕੇ ( ਗ਼ਲਤ ਜੀਵਨ-ਰਾਹ ਤੇ) ਤੁਰਦਾ ਹੈ । (ਮਾਇਆ ਦੇ ਤਿੰਨ ਗੁਣਾ ਤੋਂ ਲੰਘ ਕੇ) ਚੌਥੀ (ਭਾਵ, ਮਾਇਆ ਮੋਹ ਤੋਂ ਮਿਰਲੇਪਤਾ ਵਾਲੀ) ਆਤਮਕ ਅਵਸਥਾ ਵਿਚ ਅੱਪੜਿਆਂ ਮਨ ਸਾਂਤੀ ਵਿਚ ਟਿਕਦਾ ਹੈ, ਤੇ ਇਹ ਆਤਮਕ ਅਵਸਥਾ ਗੁਰੂ ਦੀ ਸਰਨ ਪਿਆਂ (ਸਿਖਿਆ ਲਈ ਗੁਰੂ ਅੱਗੇ ਜੋਦੜੀਆਂ ਕਰਦੇ ਰਹਿਣ ਨਾਲ ਅਤੇ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਣਾ ਲੈਣ ਨਾਲ) ਪ੍ਰਾਪਤ ਹੁੰਦੀ ਹੈ (ਗੁਰੂ ਨੂੰ ਨਿਰੀਆਂ ਡੰਡੌਤਾਂ ਕਰਦੇ ਰਹਿਣ ਨਾਲ ਕੁਝ ਨਹੀਂ ਸੌਰਦਾ) । ੬ ।

ਤਿੰਨਾ ਗੁਣਾਂ ਤੋਂ ਨਿਰਲੇਪ ਪਰਮਾਤਮਾ ਦਾ ਨਾਮ (ਸਭ ਪਦਾਰਥਾਂ ਦਾ) ਖ਼ਜ਼ਾਨਾ ਹੈ, ਆਤਮਕ ਅਡੋਲਤਾ ਵਿਚ ਪਹੁੰਚਿਆਂ ਇਹ ਸਮਝ ਪੈਂਦੀ ਹੈ । ( ਸ਼ੁਭ ) ਗੁਣਾ ਵਾਲੇ ਜੀਵ ਹੀ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ । (ਜੇਹੜਾ ਮਨੁੱਖ ਸਿਫਤਿ-ਸਾਲਾਹ ਕਰਦਾ ਹੈ ਉਹ) ਸਦਾ ਥਿਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ, ਉਸ ਦੀ ਸੋਭਾ ਵੀ ਅਟੱਲ ਹੋ ਜਾਂਦੀ ਹੈ । (ਉਹ ਪਰਮਾਤਮਾ ਇਤਨਾ ਦਇਆਲੂ ਹੈ ਕਿ ਉਹ ਸਰਨ ਆਏ) ਕੁਰਾਹੇ ਪਏ ਬੰਦਿਆਂ ਨੂੰ ਵੀ ਆਤਮਕ ਅਡੋਲਤਾ ਵਿਚ ਜੋੜ ਦਿੰਦਾ ਹੈ । ਗੁਰੂ ਦੇ ਸ਼ਬਦ (-ਗਿਆਨ) ਦੀ ਬਰਕਤ ਨਾਲ ਉਸ (ਵਡਭਾਗੀ ਦਾ ਪਰਮਾਤਮਾ ਨਾਲ) ਮਿਲਾਪ ਹੋ ਜਾਂਦਾ ਹੈ । ੭ ।

ਆਪਣੇ ਸਤਿਗੁਰੂ ਦਾ ਉਪਦੇਸ਼ ਗ੍ਰਹਣ ਕਰਕੇ ਉਸ ਅਨੁਸਾਰ ਚੱਲਣਾ, ਅਤੇ ਪਰਮਾਤਮਾਂ ਦੀ " ਨਦਰ ' ਦਾ ਸਦਕਾ ਹੀ ਪ੍ਰਭੂ ਨਾਲ ਬਣ ਆਉਂਦੀ ਹੈ । ਪ੍ਰਭੂ ਦੀ ਬਖ਼ਸ਼ਸ਼ ਦਾ ਦਰ, ਸਤਿਗੁਰੂ ਜੀ ਦੀ ਸਿਖਿਆ ਤੇ ਚੱਲਣ ਤੋਂ ਖੁਲ੍ਹਦਾ ਹੈ । ਗੁਰੂ ਦੀ ਸਿਖਿਆ ਅਤੇ ਪ੍ਰਭੂ ਦੀ ਨਦਰ, ਦੋਹਾਂ ਦੀ ਪ੍ਰਾਪਤੀ ਹੋਣੀ ਜ਼ਰੂਰੀ ਹੈ। ਸ਼ਬਦ ਦੀਆਂ ਰਹਿੰਦੀਆਂ ਤੁਕਾਂ ਦੇ ਅਰਥ:--

ਮਨ ਦੀ ਸ਼ਾਂਤੀ ਤੋਂ ਬਿਨਾ ਸਾਰਾ ਜਗਤ (ਮਾਇਆ ਦੇ ਮੋਹ ਵਿਚ) ਅੰਨ੍ਹਾ ਹੋਇਆ ਰਹਿੰਦਾ ਹੈ, (ਜਗਤ ਉ ੱਤੇ) ਮਾਇਆ ਦੇ ਮੋਹ ਦਾ ਘੁਪ ਹਨੇਰਾ ਛਾਇਆ ਰਹਿੰਦਾ ਹੈ । ਸਦਾ-ਥਿਰ ਪ੍ਰਭੂ ਦੀ ਸਿਫਤਿ-ਸਾਲਾਹ ਦੇ ਸ਼ਬਦ ਦੀ ਰਾਹੀਂ ਜਿਸ ਮਨੁੱਖ ਨੂੰ ਆਤਮਕ ਅਡੋਲਤਾ ਵਿਚ ਜੁੜ ਕੇ (ਪਰਮਾਤਮਾ ਦੇ ਗੁਣਾਂ ਦੀ) ਸੂਝ ਪੈਂਦੀ ਹੈ, ਉਹ ਉਸ ਅਪਾਰ ਪ੍ਰਭੂ ਵਿਚ (ਸੁਰਤਿ ਜੋੜੀ ਰੱਖਦਾ ਹੈ) । (ਅਜੇਹੇ ਭਾਗਾਂ ਵਾਲੇ ਬੰਦਿਆਂ ਨੂੰ) ਪੂਰੇ ਗੁਰੂ ਦੀ ਕਿਰਪਾ ਦੁਆਰਾ ਕਰਤਾਰ ਨੇ ਆਪ ਹੀ ਮਿਹਰ ਕਰ ਕੇ (ਆਪਣੇ ਚਰਨਾਂ ਵਿਚ ) ਮਿਲਾ ਲਿਆ ਹੁੰਦਾ ਹੈ **। ੮ ।** ਆਤਮਕ ਅਡੋਲਤਾ ਵਿਚ ਪਹੁੰਚ ਕੇ ਪਰਮਾਤਮਾ ਨਾਲ ਸਾਂਝ ਬਣਦੀ ਜਾਂਦੀ ਹੈ, ਜੋ ਇਨ੍ਹਾਂ ਅੱਖਾਂ ਨਾਲ ਨਹੀਂ ਦਿੱਸਦਾ ਜਿਸ ਨੂੰ ਕਿਸੇ ਦਾ ਡਰ ਨਹੀਂ ਜੋ ਨਿਰਾ ਚਾਨਣ ਹੀ ਚਾਨਣ ਹੈ ਤੇ ਜਿਸ ਦਾ ਕੋਈ ਖ਼ਾਸ ਸਰੂਪ ਦੱਸਿਆ) ਨਹੀਂ (ਜਾ ਸਕਦਾ) ।ਉਹੀ ਪਰਮਾਤਮਾ ਸਾਰੇ ਜੀਵਾਂ ਨੂੰ ਸਭ ਦਾਤਾਂ ਦੇਣ ਵਾਲਾ ਹੈ, ਤੇ ਸਭ ਦੀ " ਜੋਤਿ " (ਸੁਰਤਿ) ਨੂੰ ਆਪਣੀ ਜੋਤਿ ਵਿਚ ਮਿਲਾ ਦੇਣ ਦੇ ਸਮਰੱਥ ਹੈ । (ਹੇ ਭਾਈ !) ਪੂਰੇ ਗੁਰੂ ਦੇ ਸ਼ਬਦ ਦੀ ਰਾਹੀਂ ਉਸ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ, ਜਿਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਜਿਸ ਦੇ ਵਡੱਪਣ ਦਾ ਉਰਲਾ ਤੇ ਪਾਰਲਾ ਬੰਨਾ ਨਹੀਂ ਲੱਭ ਸਕਦਾ **। ੯ ।** ਜਿਹੜੇ ਮਨੁੱਖ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ, ਪਰਮਾਤਮਾ ਦਾ ਨਾਮ ਹੀ ਉਨ੍ਹਾਂ ਦਾ ਅਸਲ ਧਨ ਬਣ ਜਾਂਦਾ ਹੈ, ਉਹ ਆਤਮਕ ਅਡੋਲਤਾ ਵਿਚ ਟਿਕ ਕੇ ਇਸ ਨਾਮ-ਧਨ ਦਾ ਹੀ ਵਪਾਰ ਕਰਦੇ ਹਨ । ਉਹ ਹਰ ਵੇਲੇ (ਪਰਮਾਤਮਾ ਦਾ ਨਾਮ ਸਿਮਰ ਕੇ) ਪਰਮਾਤਮਾ ਦਾ ਨਾਮ-ਲਾਭ ਹੀ ਖੱਟਦੇ ਹਨ, ਨਾਮ-ਧਨ ਨਾਲ ਭਰੇ ਹੋਏ ਉਨ੍ਹਾਂ ਦੇ ਖ਼ਜ਼ਾਨੇ ਕਦੇ ਮੁੱਕਦੇ ਨਹੀਂ ਹਨ । ਹੇ ਨਾਨਕ ! ਇਹ ਖ਼ਜ਼ਾਨੇ ਦੇਵਣਹਾਰ ਦਾਤਾਰ ਨੇ ਆਪ ਉਨ੍ਹਾਂ ਨੂੰ ਦਿੱਤੇ ਹੋਏ ਹਨ, ਇਨ੍ਹਾਂ ਖ਼ਜ਼ਾਨਿਆਂ ਵਿਚ ਕਦੇ ਵੀ ਤੋਟ ਨਹੀਂ ਆਉਂਦੀ । ੧੦ ।

ਪ੍ਰਭੂ ਦੀ ਜੋਤਿ ਸਭ ਵਿਚ ਹੈ ਪਰ ਮਨੁੱਖ ਨੂੰ ਵਿਸ਼ੇਸ਼ ਆਤਮਕ ਉ ੱਚਤਾ ਦੀ ਪ੍ਰਾਪਤੀ ਤੱਦ ਹੁੰਦੀ ਹੈ ਜਦ " ਜੋਤਿ " ਦੇ ਪ੍ਰਗਟ ਹੋ ਜਾਣ ਤੋਂ " ਮਤਿ ਪ੍ਰਗਾਸ " ਹੋ ਜਾਂਦੀ ਹੈ, ਭਾਵ ਆਤਮਕ-ਜੀਵਨ ਦਾ ਚਾਨਣਾ ਹੋ ਜਾਂਦਾ ਹੈ। ਮਨੁੱਖ ਨੂੰ ਅਜੇਹੇ ਉ ੱਚੇ ਜੀਵਨ ਦੀ ਪ੍ਰਾਪਤੀ ਕਿਵੇਂ ਹੋਵੇ ?:--

੬੪- **ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥ ਗੁਰ ਕਿਰਪਾਲ ਭਏ ਤਬ**
**ਪਾਇਆ ਹਰਿ ਚਰਣੀ ਚਿਤੁ ਲਾਇ ॥ ੨ ॥ ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ**
**ਤਤਿ ਲਿਵ ਲਾਇ ॥ ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥ ੩ ॥**[੧੧੯੯]-੪

**ਅਰਥ:**--ਹੇ ਭਾਈ ! ਜਦੋਂ ! ਜਦੋਂ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ, ਤਦੋਂ ਹੀ ਉਸ ਦਾ ਮਨ (ਮਾਇਆ ਦੀਆਂ ਭੁੱਖਾਂ ਵਲੋਂ) ਰੱਜ ਜਾਂਦਾ ਹੈ, ਉਸ ਦੇ ਮਨ ਵਿਚ ਸ਼ਾਂਤੀ ਆ ਵੱਸਦੀ ਹੈ । ਸਤਿਗੁਰੂ ਜੀ ਜਦੋਂ ਉਸ ਉਤੇ ਦਇਆਵਾਨ ਹੁੰਦੇ ਹਨ, ਤਦੋਂ ਉਹ ਮਨੁੱਖ ਪਰਮਾਤਮਾ ਦੇ ਚਰਨਾਂ ਵਿਚ ਚਿੱਤ ਜੋੜ ਕੇ ਪਰਮਾਤਮਾ ਨਾਲ ਮਿਲਾਪ ਹਾਸਲ ਕਰ ਲੈਂਦਾ ਹੈ । ੨ । ਆਤਮਕ ਜੀਵਨ ਦੀ ਸੂਝ ਦੀ ਰਾਹੀਂ ਜਿਸ ਮੁੱਖ ਨੇ ਜਗਤ ਦੇ ਮੂਲ-ਪ੍ਰਭੂ ਵਿਚ ਸੁਰਤਿ ਜੋੜ ਲਈ ਉਸ ਦਾ ਸਿਮਰਨ ਕੀਤਾ, ਉਸ ਦੀ ਮਤਿ ਵਿਚ ਆਤਮਕ ਜੀਵਨ ਦਾ ਚਾਣਨਾ ਹੋ ਗਿਆ, ਉਸ ਦੇ ਅੰਦਰ ਦੀ ਜੋਤਿ ਪਰਗਟ ਹੋ ਗਈ, ਆਤਮਕ ਅਡੋਲਤਾ ਦੀ ਰਾਹੀਂ ਪਰਮਾਤਮਾ ਦੀ ਯਾਦ ਵਿਚ ਮਨ ਇਕਾਗਰ ਕਰ ਕੇ ਉਸ ਦਾ ਮਨ (ਉਸ ਦੀ ਯਾਦ ਵਿਚ ) ਲੀਨ ਰਹਿੰਦਾ ਹੈ । ੩ ।

ਸਤਿਗੁਰਾਂ ਦੀ ਸਹਾਇਤਾ ਅਤੇ ਪ੍ਰਭੂ ਦੀ ਕਿਰਪਾ ਦੁਆਰਾ ਹਉਮੈ ਦਾ ਪਰਦਾ ਹਟ ਕੇ ਜੋਤਿ ਦਾ ਪ੍ਰਕਾਸ਼ ਹੋਣਾ ਹੈ ਅਤੇ ਹਿਰਦੇ ਵਿਚ ਖੇੜਾ ਆ ਜਾਣਾ ਹੈ-**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥.....੮ ॥** [੨੭੧]-ਅਸਟ-੬ ਅਜੇਹੀਆਂ ਅਨਮੋਲ ਪ੍ਰਾਪਤੀਆਂ ਸਤਿਗੁਰਾਂ ਦੇ ਸਨਮੁਖ ਰਹਿਣ ਨਾਲ ਹੁੰਦੀਆਂ ਹਨ:---

੬੫- **ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥**
**ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ**
**ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥**
**ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥ ੨ ॥**[੧੧੧੧]-੩

**ਅਰਥ:**---ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦੇ ਹਨ (ਉਨ੍ਹਾਂ ਦੇ ਅੰਦਰੋਂ) ਹੰਕਾਰ ਵਾਲੀ ਦਸ਼ਾ ਮੁੱਕ ਜਾਂਦੀ ਹੈ । (ਉਨ੍ਹਾਂ ਦੇ ਅੰਦਰ) ਹਰ ਵੇਲੇ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, ਉਨ੍ਹਾਂ ਦੀ ਸੁਰਤ ਪ੍ਰਭੂ ਵਿਚ ਜੁੜੀ ਰਹਿੰਦੀ ਹੈ । ਇਸ ਦਸ਼ਾ ਵਿਚ ਉਨ੍ਹਾਂ ਦਾ ਮਨ ਸਦਾ ਪ੍ਰਸੰਨ ਰਹਿੰਦਾ ਹੈ । ਗੁਰੂ ਦੇ ਸਨਮੁੱਖ ਰਹਿਣ ਵਾਲੇ ਮਨੁੱਖ ਸਦਾ ਸੁਚੇਤ ਰਹਿੰਦੇ ਹਨ । ਗੁਰੂ ਉਨ੍ਹਾਂ ਨੂੰ ਹਰੀ ਨਾਮ ਦੀ ਬਖ਼ਸ਼ਸ਼ ਕਰ ਦਿੰਦਾ ਹੈ ਅਤੇ ਉਨ੍ਹਾਂ ਦੀ ਲਿਵ ਸਦਾ ਪਰਮਾਤਮਾਂ ਦੇ ਚਰਨਾ ਵਿਚ ਜੁੜੀ ਰਹਿੰਦੀ ਹੈ । ਅਜੇਹੇ ਗੁਰਮੁਖਾਂ ਦੇ ਅੰਦਰ ਪਰਮਾਤਮਾ ਦੀ ਜੋਤਿ ਦਾ ਚਾਨਣ ਹੋ ਜਾਂਦਾ ਹੈ,ਉਹ ਹਰੇਕ ਜੀਵ ਵਿਚ ਉਸੇ ਰੱਬੀ ਜੋਤਿ ਨੂੰ ਵੱਸਦੀ ਸਮਝਦੇ ਹਨ । ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ ਭਟਕਣਾ ਦੇ ਕਾਰਨ ਕੁਰਾਹੇ ਪਈ ਰਹਿੰਦੀ ਹੈ । ਹੇ ਨਾਨਕ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁਖਾਂ ਦੇ ਅੰਦਰ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, ਉਨ੍ਹਾਂ ਦਾ ਮਨ (ਉਸ ਚਾਨਣ ਵਿਚ) ਪਰਚਿਆ ਰਹਿੰਦਾ ਹੈ । (ਮਾਇਆ ਦੇ ਹੱਲਿਆਂ ਵੱਲੋਂ ) ਸੁਚੇਤ ਰਹਿੰਦਿਆਂ ਉਨ੍ਹਾਂ ਦੀ ਜੀਵਨ-ਰਾਤ ਬਤੀਤ ਹੁੰਦੀ ਹੈ । ੨ ।

ਸਾਧ-ਗੁਰੂ ਦੀ ਸੰਗਤਿ ਵਿਚ ਰਿਹਾਂ ਹੀ ਹੰਕਾਰ ਨੂੰ ਨੱਥ ਪੈ ਸਕਦੀ ਹੈ ਅਤੇ ਸਾਧ-ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤਿ ਲਗਨ ਅਤੇ ਇਕਾਗਰਤਾ ਨਾਲ ਕੀਤਿਆਂ, ਅਤੇ ਬੁੱਧ ਪ੍ਰਾਪਤੀ ਲਈ, ਨਿਰਮਰਤਾ ਨਾਲ ਜੋਦੜੀਆਂ ਕਰਨੀਆਂ ਹਨ, ਤਦ ਸ੍ਰੇਸ਼ਟ ਗਿਆਨ ਦਾ ਪ੍ਰਕਾਸ਼ ਹੋ ਕੇ ਪ੍ਰਭੂ ਦਾ ਮਿਲਾਪ ਅੰਦਰੋਂ ਹੀ ਹੋ ਜਾਂਦਾ ਹੈ--**ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥ ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥.... ੧ ॥** [੨੭੧]-੭

੬੬- **ਪਉੜੀ ॥ ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥**
**ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥**
**ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥ ੬ ॥** [੫੧੨]-ਵਾਰ

**ਅਰਥ:**--ਜੋ ਮਨੁੱਖ ਗੁਰੂ ਦਾ ਹੋ ਕੇ ਰਹਿੰਦਾ ਹੈ ਉਹ ਪਵਿਤ੍ (ਜੀਵਨ ਵਾਲਾ) ਹੋ ਜਾਂਦਾ ਹੈ, ਉਸ ਨੂੰ ਸਤ ਸੰਤੋਖ ਪ੍ਰਾਪਤ ਹੁੰਦਾ ਹੈ, ਹਰ ਥਾਂ ਪ੍ਰਭੂ ਦਿੱਸਦਾ ਹੈ, ਉਸ ਦੇ ਮਨ ਵਿਚੋਂ ਖੋਟ ਤੇ ਵਿਕਾਰ ਦੂਰ ਹੋ ਜਾਂਦਾ ਹੈ, ਉਹ ਸੌਖੇ ਹੀ ਮਨ ਨੂੰ ਵੱਸ ਕਰ ਲੈਂਦੇ ਹਨ, ਇਸ ਅਵਸਥਾ ਵਿਚ (ਅਪੱੜ ਕੇ ਉਸ ਦੇ ਅੰਦਰ ਪਰਮਾਤਮਾ ਦੀ) ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਆਤਮਕ ਆਨੰਦ ਦੀ ਉਸ ਨੂੰ ਚਾਟ ਲੱਗ ਜਾਂਦੀ ਹੈ ਤੇ ਅਗਿਆਨ ਦੂਰ ਹੋ ਜਾਂਦਾ ਹੈ, (ਫਿਰ) ਉਹ ਹਰ ਵੇਲੇ ਪਰਮਾਤਮਾ ਦੇ ਗੁਣ ਗਾਉਂਦਾ ਹੈ, ਰੱਬੀ ਗੁਣ ਉਸ ਦੇ ਅੰਦਰ ਪ੍ਰਗਟ ਹੋ ਜਾਂਦੇ ਹਨ, (ਉਸ ਨੂੰ ਇਹ ਯਕੀਨ ਬਣ ਜਾਂਦਾ ਹੈ ਕਿ) ਇਕ ਪ੍ਰਭੂ ਹੀ ਸਾਰੇ ਜੀਵਾਂ ਦਾ ਦਾਤਾ ਹੈ ਤੇ (ਅਸਲੀ) ਮਿੱਤਰ ਹੈ । ੬ ।

੬੭- **ਕਬਹੂ ਸਾਧ ਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥**
**ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥**
**ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥**
**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥... ੮ ॥** [੨੭੮]-੧੧

**ਅਰਥ:**--ਜਦੋਂ ਕਦੇ (ਪ੍ਰਭੂ ਦੀ ਅੰਸ਼) ਇਹ ਜੀਵ ਸਤਿ (-ਸ਼ਬਦ-ਪ੍ਰਭੂ) ਦੀ ਸੰਗਤਿ ਵਿਚ ਅੱਪੜਦਾ ਹੈ ਤਾਂ ਉਸ ਥਾਂ ਤੋਂ ਮੁੜ ਵਾਪਸ ਨਹੀਂ ਆਉਂਦਾ, (ਕਿਉਂਕਿ) ਇਸ ਦੇ ਅੰਦਰ **ਪ੍ਰਭੂ ਦੇ ਗਿਆਨ ਦਾ ਪਰਕਾਸ਼** ਹੋ ਜਾਂਦਾ ਹੈ (ਤੇ) ਉਸ (ਗਿਆਨ ਦੇ ਪਰਕਾਸ਼ ਵਾਲੀ) ਹਾਲਤ ਦਾ ਨਾਸ ਨਹੀਂ ਹੁੰਦਾ । (ਜਿਨ੍ਹਾਂ ਮਨੁੱਖਾਂ ਦੇ) ਤਨ ਮਨ ਪ੍ਰਭੂ ਦੇ ਨਾਮ ਵਿਚ ਤੇ ਪਿਆਰ ਵਿਚ ਰੱਤੇ ਰਹਿੰਦੇ ਹਨ, ਉਹ ਸਦਾ ਪ੍ਰਭੂ ਦੀ ਹਜ਼ੂਰੀ ਵਿਚ ਵੱਸਦੇ ਹਨ । ਸੋ ਜਿਵੇਂ ਪਾਣੀ ਵਿਚ ਪਾਣੀ ਆ ਰਲਦਾ ਹੈ ਤਿਵੇਂ ਸਤਿ (-ਪ੍ਰਭੂ) ਦੇ ਸੰਗ ਵਿਚ ਟਿਕੇ ਹੋਏ ਦੀ) ਆਤਮਾ ਪ੍ਰਭੂ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ ।

੬੮- **ਜਹ ਝਿਲਿਮਿਲਿਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ ॥ ਜੋਤੀ ਜੋਤਿ ਸਮਾਨੀ ॥**
**ਮੈ ਗੁਰ ਪਰਸਾਦੀ ਜਾਨੀ ॥ ੨ ॥ ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥**
**ਨੇਰੈ, ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥ ੩ ॥** [੬੫੭]-੧

੬੯- **ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥**
**ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥ ੨ ॥**[੨੦੯]-੧੫-੧੩੬

ਗੁਰੂ ਬਾਣੀ ਵਿਚ ਆਏ ਜੋਤਿ ਦੇ ਸਾਰੇ ਪੱਖਾਂ ਨੂੰ ਵਿਚਾਰਨ ਤੋਂ ਸਿੱਧ ਹੋਇਆ ਹੈ ਕਿ :--

੧) ਕਿਉਂਕਿ ਜੀਵਾਤਮਾਂ ਦਾ ਹੀ ਦੂਜਾ ਨਾਮ " ਜੋਤਿ " ਹੈ ਇਸ ਲਈ ਜਿਵੇਂ ਇੱਕ ਸਰੀਰ ਵਿਚ ਕੇਵਲ ਇੱਕ ਹੀ ਜੀਵ-ਆਤਮਾ ਦੀ ਹੋਂਦ ਮੰਨੀ ਗਈ ਹੋਈ ਹੈ ਏਵੇਂ ਹੀ " ਜੋਤਿ " ਵੀ ਇੱਕ ਸਰੀਰ ਵਿਚ ਕੇਵਲ ਇੱਕ ਹੀ ਹੁੰਦੀ ਹੈ । ਕਿਸੇ ਕਥਿਤ ਅਵਗਤੀ ਮਨੁੱਖ ਦੀ ਜੋਤਿ, ਅਥਵਾ ਜਿੰਨ ਭੂਤ ਦੀ ਜੋਤਿ ਕਿਸੇ ਬਿਮਾਰ ਦੇ ਸਰੀਰ ਵਿਚ ਆ ਵੜੀ ਮੰਨ ਕੇ ਉਸ ਨੂੰ ਕਥਿਤ " ਸਿਆਣਿਆਂ " ਕੋਲ ਜਾਂ ਵਡਭਾਗ ਸਿੰਘ ਦੇ ਡੇਰੇ ਲਈ ਫਿਰਨਾ, ਦੁਖਦਾਈ ਭਰਮ ਹੈ । ਅਜਿਹੀ ਆਵਾਰਾ ਫਿਰਦੀ, ਖੱਜਲ ਹੁੰਦੀ ਅਤੇ ਦੂਜਿਆਂ ਨੂੰ ਦੁਖੀ ਕਰਦੀ, ਅਜੇਹੀ ਕਿਸੇ ਕਥਿਤ ਜੋਤਿ ਦਾ ਸੰਕੇਤ ਤੱਕ ਵੀ ਗੁਰਬਾਣੀ ਵਿਚ ਨਹੀਂ ਮਿਲਦਾ ।

੨) ਆਤਮਾ ਦਾ ਅਰਥ " ਚੇਤਨਤਾ " ਜ਼ਮੀਰ, ਮਨ, ਅਥਵਾ ਸੂਝ ਬੂਝ ਅਤੇ ਸੂਰਜ ਵੀ ਮੰਨਿਆਂ ਗਿਆ ਹੈ । ਪਰ ਆਤਮਾ ਦਾ ਪਰਚਲਤ ਅਰਥ " ਲੋ " ਜਾਂ " ਰੌਸਨੀ " ਆਮ ਬੋਲੀ ਵਿਚ ਕਦੇ ਨਹੀਂ ਸੁਣੇ ਜਾਂਦੇ । ਜਦ ਕਿ " ਜੋਤਿ " ਦੇ ਅਰਥ ਆਮ ਬੋਲੀ ਵਿਚ ਵੀ ਦੀਪਕ, ਰੌਸ਼ਨੀ ਅਥਵਾ ਚਾਨਣ ਆਦਿ ਹਨ । ਆਤਮਕ ਰੌਸ਼ਨੀ, ਅਥਵਾ ਅਗਿਆਨਤਾ ਦਾ ਹਨੇਰਾ ਦੂਰ ਕਰਨ ਵਾਲੇ **" ਗਿਆਨ "** ਨੂੰ ਵੀ **ਜੋਤਿ** ਹੀ ਕਿਹਾ ਗਿਆ **ਹੈ** ।

੩) ਆਤਮਾ ਅਥਵਾ " ਜੋਤਿ " ਰੂਪੀ ਗਿਆਨ ਦੀ ਹੋਂਦ ਤਾਂ ਸਾਰੇ ਸਰੀਰਾਂ ਵਿਚ ਹੈ । ਪਰ ਇਹ (" ਜੋਤਿ-ਰੂਪੀ ਗਿਆਨ ") ਸਾਰੇ ਸਰੀਰਾਂ ਵਿਚ ਸਮਾਨ ਨਹੀਂ ਹੈ । ਜੋਤਿ ਦਾ ਵਾਸਾ ਮੂਰਖਾਂ ਅਤੇ ਪਾਗਲਾਂ ਵਿਚ ਵੀ ਹੈ, ਪਰ ਉਨ੍ਹਾਂ ਵਿਚ ਗਿਆਨ ਦੀ ਅਣਹੋਂਦ ਹੁੰਦੀ ਹੈ ।

੪) ਕਰਤੇ ਦਾ ਹੁਕਮ ਰੂਪੀ " ਖੇਲ " ਹੈ ਕਿ ਗਿਆਨ ਰੂਪੀ ਜੋਤਿ ਮਾਇਆ ਦੇ ਪ੍ਰਭਾਵ ਹੇਠ ਸੁੱਤੀ ਹੁੰਦੀ ਹੈ । ਮਾਤਾ ਦੇ ਉਦਰ ਦੀ ਅਗਨੀ ਤੋਂ ਬਾਹਰ ਆਉਂਦਿਆਂ ਹੀ, ਭਾਵ ਸੰਸਾਰ ਵਿਚ ਜਨਮ ਲੈਂਦਿਆਂ ਹੀ ਮਾਇਆ ਆਪਣਾ ਜ਼ੋਰ ਪਾ ਲੈਂਦੀ ਹੈ--**ਜੈਸੀ**

**ਅਗਨਿ ਉਦਰ ਮਹਿ, ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ ॥**ਮਾਇਆ ਦੇ ਪ੍ਰਭਾਵ ਹੇਠ ਆਇਆ "ਜੀਵ ਮਾਇਆ ਦੇ ਨਸ਼ੇ ਵਿਚੰ ਗੂੜੀ ਨੀਂਦ ਸੁਤਾ ਜਿੰਦਗੀ ਰੂਪੀ ਰਾਤ ਗੁਜ਼ਾਰ ਜਾਂਦਾ ਹੈ---**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ, ਸੁਤਿਆ ਰੈਣ ਵਿਹਾਣੀ ॥**[੯੨੧] ਮਾਇਆ ਦੇ ਨਸੇ ਵਿਚ ਸੁਤੀ " ਜੋਤਿ ", ਚੇਤਨਤਾ, " ਅਥਵਾ " ਮਨ-ਰੂਪੀ " ਗਿਆਨ " ਨੂੰ ਗੁਰੂ ਦੀ ਕਿਰਪਾ ਦੁਆਰਾ ਜਗਾਇਆ ਜਾਂਦਾ ਹੈ । ਸੰਸਾਰੀ ਗਿਆਨ ਦਾ ਵਿਕਾਸ ਸਕੂਲੀ ਗੁਰੂ (ਟੀਚਰ, ਪ੍ਰੋਫ਼ੈਸ਼ਰ ਆਦਿ) ਦੁਆਰਾ ਹੁੰਦਾ ਹੈ, ਪਰ ਆਤਮਕ ਜੋਤਿ-ਗਿਆਨ ਦੇ ਸਰੂਪ ਦੀ ਸੋਝੀ, ਉਸ ਮਹਾਂਪੁਰਖ-ਸਤਿਗੁਰੂ ਜੀ ਨੇ ਕਰਾਉਣੀ ਹੈ ਜੋ ਧੁਰੋਂ ਬਰਤਕਤਾਂ ਦਾ ਮਾਲਕ ਬਣ ਕੇ ਆਉਂਦੇ ਹਨੈ--**ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥**[੪੪੧]

੫) " ਜੋਤਿ " ਦਾ ਗਿਆਨ ਰੂਪੀ ਪੱਖ ਇੱਕ ਉਚੇਚੀ ਦਾਤ ਹੈ ਜੋ ਪਰਮਾਤਮਾਂ ਦੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ । ਅਕਾਲ ਪੁਰਖ ਦੇ ਹੁਕਮ ਰੂਪੀ ਵਿਧਾਨ ਦਾ ਇੱਕ ਅਟੱਲ ਨਿਯੱਮ ਹੈ ਕਿ, ਉੱਚੀ ਆਤਮਾ ਦੀ ਪ੍ਰਾਪਤੀ ਅਥਵਾ ਬਰਕਤਾਂ ਵਾਲੀ ਜੋਤਿ-ਰੂਪ-ਬ੍ਰਹਮ ਦੀ ਪਛਾਣ, ਜਨਮਾਂ ਜਨਮਾਂਤਰਾਂ ਦੀ ਕੀਤੀ ਕਮਾਈ ਨਾਲ ਬਣਾਏ ਸੰਸਕਾਰਾਂ ਦੁਆਰਾ (ਪਰਮਾਤਮਾਂ ਦੀ ਮਿਹਰ ਨਾਲ) ਪ੍ਰਾਪਤਿ ਹੁੰਦੀ ਹੈ । ਜਿੰਨੀ ਵਡੀ ਕਮਾਈ ਕੀਤੀ ਹੁੰਦੀ ਹੈ ਓਡੀ ਵਡੀ ਦਾਤ ਸੰਭਾਲਣ ਦੀ ਯੋਗਤਾ ਦੀ ਪ੍ਰਾਪਤੀ ਹੁੰਦੀ ਹੈ । ਹਜ਼ਰਤ ਮੂਸਾ ਜੀ, ਹਜ਼ਰਤ ਈਸਾ ਜੀ, ਹਜ਼ਰਤ ਮੁਹੰਮਦ ਜੀ ਆਪਣੀ ਆਪਣੀ ਕਮਾਈ ਅਨੁਸਾਰ ਪ੍ਰਾਪਤ ਹੋਈ ਸ਼ਕਤੀ ਵਾਲੀ ਗਿਆਨ-ਜੋਤਿ ਲੈ ਕੇ ਸੰਸਾਰ ਤੇ ਆਏ ਸਨ ਅਤੇ ਉਨ੍ਹਾਂ ਨੇ ਉਸ ਅਨੁਸਾਰ ਧਰਮ ਚਲਾਏ । ਜਿਹੜੇ ਚੇਲੇ ਉਨ੍ਹਾਂ ਮਹਾਂਪੁਰਖਾਂ ਅਥਵਾ ਖ਼ੁਦਾਈ ਪੁਰਖਾਂ ਦੇ ਗਿਆਨ-ਰੂਪੀ-ਜੋਤਿ ਵਾਲੇ ਬਣ ਗਏ, ਉਹ ਉਸ ਧਰਮ ਦੇ ਧਾਰਨੀ ਹੋ ਕੇ ਆਪਣੇ ਇਸ਼ਟ ਦੇ ਪਿਆਰੇ ਹੋ ਗਏ । ਜਿਨ੍ਹਾਂ ਨੇ ਉਨ੍ਹਾਂ ਪੈਗੰਬਰਾਂ ਦੇ ਗਿਆਨ ਨੂੰ ਨਾ ਅਪਣਾਇਆ ਉਹ ਉਸ ਗਿਆਨ-ਜੋਤਿ ਤੋਂ ਵਾਂਜੇ ਰਹਿ ਗਏ ।

੬) ਸੰਸਾਰੀ ਵਿਦਿਆ ਵਿਚ ਵਡੇ ਅਤੇ ਛੋਟੇ ਵਿਦਵਾਨ, ਵਿਗਿਆਨਕ, ਫ਼ਲਾਸਫ਼ਰ, ਲੇਖਕ, ਡਾਕਟਰ ਆਦਿ ਵੀ ਪੂਰਬ ਜਨਮਾਂ ਵਿਚ ਕੀਤੀ ਕਮਾਈ ਤੋਂ ਬਣੇ ਸੰਸਕਾਰਾਂ ਕਾਰਨ ਅਤੇ ਪ੍ਰਭੂ ਦੀ ਮਿਹਰ ਦੀ ਦੇਣ ਹਨ*। [* Foot note:--" ਕਰਮ-ਫਲ " ਲੇਖ ਵਿਚ ਇਹ ਪੱਖ ਨੂੰ ਵਿਸਥਾਰ ਨਾਲ ਵਿਚਾਰਿਆ ਗਿਆ ਹੈ]

੭) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚੇਚੀ ਕਮਾਈ ਅਤੇ ਅਕਾਲਪੁਰਖ ਵਲੋਂ ਹੋਈ ਉਚੇਚੀਆਂ ਬਰਕਤਾਂ ਵਾਲੀ ਬਖ਼ਸ਼ਸ਼ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ--" ਪਹਿਲਾਂ ਬਾਬੇ ਪਾਯਾ ਬਖਸ ਦਰਿ, ਪਿਛੋ ਦੇ ਫਿਰਿ ਘਾਲ ਕਮਾਈ "। ਉਚੇਚੀ ਕਮਾਈ ਦੁਆਰਾਂ ਪ੍ਰਾਪਤ ਹੋਈ ਨਿਆਰੀ "ਗਿਆਨ-ਜੋਤਿ" ਦੇ ਮਾਲਕ ਗੁਰੂ ਨਾਨਕ ਜੀ ਨੇ ਨਿਆਰਾ ਨਿਰਮਲ ਪੰਥ ਚਾਲਾਇਆ * ।

। (* Fott note:- ਅਸਾਂ ਪਿਛੇ ਗੁਰਬਾਣੀ ਸ਼ਬਦਾਂ ਵਿਚ ਪੜ੍ਹਿਆ ਹੈ ਕਿ ਕਮਾਈ ਤੋਂ ਬਣੇ ਸੰਸਕਾਰਾਂ ਦੇ ਅਧਾਰ ਤੇ ਪ੍ਰਭੂ ਦਰ ਤੋਂ ਬਖ਼ਸ਼ਸ਼ਾਂ ਹੁੰਦੀਆਂ ਹਨ । ਏਥੇ ਪਹਿਲਾਂ ਪਾਇਆ ਬਖ਼ਸ਼ ਦਰਿ--ਦਾ ਭਾਵ, ਅਕਾਲਪੁਰਖ ਦੀ ਕਰਣ-ਕਾਰਣ ਅਤੇ ਪ੍ਰਸਾਦਿ ਸ਼ਕਤੀ ਦਾ ਵਰਣਨ ਹੈ )

੮) ਜਿਨ੍ਹਾਂ ਨੇ ਆਪਣੇ ਗੁਰੂ ਦੀ ਮਤ ਲੈ ਕੇ ਆਪਣੀ ਜਿੰਦਗੀ ਸੁਆਰ ਲਈ ਉਹ ਬਰਕਤਾ ਦੇ ਮਾਲਕ ਬਣ ਗਏ । ਲੋਕ ਪਰਲੋਕ ਦੀ ਸੋਭਾ ਖੱਟ ਲਈ । ਜਿਸ ਨੇ ਗੁਰੂ ਦੇ ਗਿਆਨ ਵਿਚ ਆਪਣਾ ਆਪਾ ਲੀਨ ਕਰ ਦਿਤਾ, ਆਪਣੀ ਹੋਂਦ ਨੂੰ ਗੁਰੂ ਦੀ ਹੋਂਦ ਵਿਚ ਸਮਾ ਦਿੱਤਾ, ਜਿਹੜੇ " ਏਕ ਜੋਤਿ ਦੋਇ ਮੂਰਤੀ " ਦੀ ਅਵਸਥਾ ਨੂੰ ਪੁੱਜ ਗਏ, ਉਹ--ਲਹਿਣੇ ਤੋਂ, ਗੁਰੂ ਅੰਗਦ ਜੀ, ਅਮਰਦਾਸ ਤੋਂ ਗੁਰੂ ਅਮਰਦਾਸ ਜੀ, ਜੇਠਾ ਜੀ ਤੋਂ ਗੁਰੂ ਰਾਮਦਾਸ ਜੀ ਬਣਦੇ ਗਏ । ਜਿਨ੍ਹਾਂ ਨੇ ਪੂਰਬ ਜਨਮ ਦੀ ਕਮਾਈ ਦਾ ਸਦਕਾ ਗੁਰੂ ਮਿਲ ਪਿਆ, ਅਤੇ ਜਿਨ੍ਹਾਂ ਨੇ ਆਪਾ ਭਾਵ ਮਿਟਾ ਕੇ, ਸਤਿਗੁਰਾਂ ਦੀ ਗਾਖੜੀ (-ਔਖੀ) ਸੇਵਾ ਚਿਤ ਲਾ ਕੇ ਕੀਤੀ ਅਥਵਾ ਜਿਨ੍ਹਾਂ ਨੇ ਪੂਰਨ ਯੁਕਤੀ ਅਨੁਸਾਰ ਗੁਰੂ ਪਾਰਸ ਦੀ ਛੋਹ ਪ੍ਰਾਪਤਿ ਕਰ ਲਈ ਉਹ ਸਤਿਗੁਰਾਂ ਦੀ ਜੋਤਿ ਵਿਚ ਸਮਾ ਕੇ ਆਪ ਵੀ ਪਾਰਸ ਬਣਦੇ ਗਏ :--

੧੦- **ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥**
**ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥ ੪ ॥** [੨੭]-੩-੩੬

ਪੂਰਬਲੇ ਕਰਮਾਂ ਦੀ ਕਮਾਈ ਅਤੇ ਵਾਹਿਗੁਰੂ ਦੀ ਬਖ਼ਸ਼ਸ਼ ਦਾ ਸਦਕਾ ਹੀ ਗੁਰੂ ਨਾਲ ਮਿਲਾਪ ਹੁੰਦਾ ਹੈ ਅਥਵਾ ਸਤਿਗੁਰਾਂ ਦੇ ਘਰ ਵਿਚ ਜਨਮ ਹੁੰਦਾ ਹੈ । ਗੁਰੂ ਨਾਨਕ ਸਾਹਿਬ ਜੀ ਦੀ " ਗਿਆਨ-ਰੂਪੀ ਜੋਤਿ " ਦਸਾਂ ਗੁਰੂ ਸਾਹਿਬਾਨ ਵਿਚ ਵਿਚਰੀ । " ਸ੍ਰੀ ਗੁਰੂ ਗ੍ਰੰਥ ਸਾਹਿਬ ਜੀ " ਵੀ ਗੁਰ ਨਾਨਕ ਦੇਵ ਜੀ ਦੇ ਗਿਆਨ ਦਾ ਹੀ ਵਿਕਾਸ-ਰੂਪ ਹਨ । ਦਸਾਂ ਗੁਰੂ ਸਾਹਿਬਾਨ ਦੀ ਜੀਵਨ-ਕਮਾਈ ਨਾਲ ਪ੍ਰਗਟਿਆ, ਅਥਾਹ ਬਰਕਤਾਂ ਵਾਲਾ ਮਹਾਨ ਗਿਆਨ-ਸਾਗਰ--ਗੁਰੂ ਗ੍ਰੰਥ ਸਾਹਿਬ ਜੀ, ਦਸਾਂ ਗੁਰਾਂ ਦੀ ਜੋਤਿ ਦਾ ਸਾਖਸ਼ਾਤ ਪ੍ਰਕਾਸ਼ ਹਨ । ਬ੍ਰਹਮ ਵਿਚਾਰ ਵਾਲੇ ਇਸ ਗਿਆਨ ਦੀ ਛੋਹ, ਜਿਸ ਕਰਮਾਂ ਵਾਲੇ ਨੇ ਪ੍ਰਾਪਤਿ ਕਰ ਲਈ, ਕੇਵਲ ਉਹੀ ਸਤਿਗੁਰਾਂ ਦੀ ਗਿਆਨ-ਜੋਤਿ ਦੇ ਪ੍ਰਕਾਸ਼ ਦਾ ਅਗੰਮੀ ਆਨੰਦ ਮਾਣ ਸਕਦਾ ਹੈ । ਇਹ ਗੁਰੂ-ਗਿਆਨ-ਜੋਤਿ ਵਿਰਸੇ ਵਿਚ ਕਦੇ ਕਿਸੇ ਨੂੰ ਨਹੀਂ ਮਿਲੀ । ਪੂਰਬ ਜਨਮ ਦੀ ਕਰੜੀ ਘਾਲਣਾ ਅਤੇ ਪ੍ਰਮੇਸ਼ਰ ਦੀ ਨਦਰ ਨਾਲ ਗੁਰੂ ਮਿਲਦਾ ਹੈ । ਫਿਰ ਗੁਰੂ ਦਾ ਗਿਆਨ, ਆਪਾ ਭਾਵ ਮਿਟਾ ਕੇ, ਗਾਖੜੀ ਘਾਲਣਾ ਦੁਆਰਾ ਪ੍ਰਾਪਤਿ ਹੁੰਦਾ ਹੈ ।

[**Foot note:-ਗੁਰੂ-ਗਿਆਨ** ਨੂੰ ਭੂਤ ਖੇਲ ਵਾਲੀ ਕਰਾਮਾਤੀ ਜੋਤਿ ਸਮਝ ਲੈਣਾ ਅਗਿਆਨਤਾ ਹੈ। ਸਰੀਰ ਤੋਂ ਬਿਨਾਂ ਗਿਆਨ ਦਾ ਅਰਥ ਹੀ ਕੋਈ ਨਹੀਂ । ਜਿਸ ਦੇਹ, ਜਿਸ ਸਰੀਰ ਵਿਚ (ਦਸਾਂ ਜਾਮਿਆਂ ਵਾਲੇ) ਪੂਰੇ ਗੁਰੂ ਨਾਨਕ ਜੀ ਦਾ ਗਿਆਨ ਹੈ ਉਹ ਅਕਾਰ, ਕਾਗ਼ਜ਼ਾਂ ਦਾ ਉਹ ਸਰੀਰ-ਗ੍ਰੰਥ, ਸਾਡੇ ਲਈ ਉਹੀ ਨਾਨਕਾਨਾ ਸਾਹਿਬ ਵਿਖੇ ਆਉਣ ਵਾਲੇ ਪਿਆਰੇ ਗੁਰੂ ਨਾਨਕ ਸਾਹਿਬ ਜੀ ਹੀ ਹਨ । ਇਨ੍ਹਾਂ ਦਾ ਹਰ ਹੁਕਮ, ਰੱਬੀ ਸੁਨੇਹਾ ਹੈ । ਉਸ ਰੱਬੀ ਹੁਕਮ ਨੂੰ ਸਮਝ ਕੇ ਉਸ ਅਨੁਸਾਰ ਜਿੰਦਗੀ ਢਾਲਣੀ ਹੀ ਗੁਰ-ਸਿੱਖੀ ਹੈ । ਉਸ ਦੀ ਬਾਣੀ ਨੂੰ ਅਗਾਧ ਬੋਧ ਅਤੇ ਮਨੱਖੀ ਸਮਝ ਤੋਂ ਪਰੇ ਦੀ ਗੱਲ ਕਰਨੀ ਗੁਰੂ ਨਾਨਕ ਜੀ ਦੇ ਗਿਆਨ ਨੂੰ ਸਿੱਖ ਤੋਂ ਦੂਰ ਰੱਖਣ ਦੀ ਜਾਂ ਕੁਟਲਤਾ ਹੈ ਜਾਂ ਅਗਿਆਨਤਾ ਹੈ, ਅਤੇ ਜਾਂ ਫਿਰ ਬਿੱਪ੍ਰ ਦੀ ਏਜੰਟੀ ਹੈ । ]

੯) ਇਹ ਕਹਿਣਾ ਸਰਾਸਰ ਅਗਿਆਨਤਾ ਹੈ ਕਿ ਗੁਰੂ ਨਾਨਕ ਦੇਵ ਜੀ ਵਿਚ ਉਦੋਂ ਗਿਆਨ ਪ੍ਰਗਟ ਹੋਇਆ ਸੀ ਜਦੋਂ ਉਹ ਸੁਲਤਾਨਪੁਰ ਲੋਧੀ ਸਨ । ਗੁਰੂ ਨਾਨਕ ਜੀ ਜਨਮ ਤੋਂ ਬ੍ਰਹਮ ਦੀ ਪਛਾਣ ਵਾਲੇ ਸਨ । ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ, ਆਪਣੇ ਗੁਰੂ ਦੇ ਇਸ ਫ਼ੁਰਮਾਨ ਨੂੰ ਬੇਲੋੜਾ ਸਮਝ ਕੇ ਗੁਰੂ ਨਿੰਦਕ ਕਿਉਂ ਬਣੇ? " **ਤੈ, ਜਨਮਤ ਗੁਰਮਤਿ ਬ੍ਰਹਮ ਪਛਾਣਿਓ ॥** [੧੪੦੭] ਭਾਵ, ਹੇ ਸਤਿਗੁਰੂ ਜੀ ! ਤੁਸਾਂ ਜਨਮ ਤੋਂ ਹੀ ਗੁਰੂ (-ਪਰਮੇਸ਼ਰ) ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣਿਆ ਹੈ (ਜਨਮ ਤੋਂ ਹੀ ਪਰਮਾਤਮਾਂ ਨਾਲ ਡੂੰਘੀ ਸਾਂਝ ਪਾਈ ਹੋਈ ਹੈ ) ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਤਿਗੁਰ ਗੁਰੂ ਨਾਨਕ ਸਾਹਿਬ ਜੀ ਜਨਮ ਸਿੱਧ ਸਾਰੀਆਂ ਬਰਕਤਾਂ ਵਾਲੇ ਸਨ । ਸੰਸਾਰੀ ਤਜਰਬਿਆਂ ਦਾ " ਜਨਮਤ ਗਿਆਨ " ਵਿਚ ਰਲਣਾ ਹੋਰ ਗੱਲ ਹੈ । ਪਰ ਜਨਮ ਸਿੱਧ ਮਹਾਂਪੁਰਖ ਹੋਣ ਨੂੰ ਗ਼ਲਤ ਕਹਿਣਾ ਦੁਖਦਾਈ ਅਗਿਆਨਤਾ ਹੈ । ਉਂਜ ਵੀ ਸੰਸਾਰ ਵਿਚ ਚਮਤਕਾਰੀ ਬੁੱਧੀ ਵਾਲੇ ਬੱਚੇ ਪੈਦਾ ਹੁੰਦੇ ਹੀ ਰਹਿੰਦੇ ਹਨ । ੧੦/੧੨ ਸਾਲ ਦੀ ਉਮਰ ਵਿਚ ਬਚਿਆਂ ਨੇ Univesrsity ਵਿਚ ਦਾਖ਼ਲਾ ਲਿਆ ਅਤੇ ਤੀਖਣ ਬੁੱਧੀ ਦੇ ਕਾਰਨ ਸੰਸਾਰ ਵਿਚ ਛੇਤੀ ਹੀ ਉਘੇ ਹੋ ਗਏ । ਸਭ ਪਿਛਲੇ ਜਨਮਾਂ ਦੀ ਘਾਲ-ਕਮਾਈ ਦਾ ਫਲ ਹੈ।

੧੦) ਉਪ੍ਰੋਕਤ ਗੁਰਬਾਣੀ ਵਿਚਾਰ ਤੋਂ ਸਿੱਧ ਹੋਇਆ ਹੈ ਕਿ, ਸਤਿਗੁਰੂ ਜੀ ਦਾ ਸਿਰਜਿਆ ਖ਼ਾਲਸਾ ਪੰਥ, ਜੇ ਆਪਣੇ ਸਤਿਗੁਰੂ ਦੇ **ਸ਼ਬਦ-ਗਆਨ** ਦੇ ਅਨੁਸਾਰ ਜੀਵਨ ਜੀਊਂ ਰਿਹਾ ਹੈ ਤਦ ਹੀ ਉਹ ਆਪਣੇ ਗੁਰੂ ਦੀ **ਜੋਤ** ਦਾ ਮਾਲਕ ਹੈ । ਕੇਵਲ ਏਹੀ ਸ਼ਰਤ ਗੁਰੂ-ਪੰਥ ਨੂੰ ਸਤਿਗੁਰਾਂ ਦੀ ਗੁਰਿਆਈ ਦਾ ਭਾਈਵਾਲ ਬਣਾਉਂਦੀ ਹੈ। ਜੇ ਖ਼ਾਲਸਾ ਸ਼ਬਦ-ਗੁਰੂ ਦੇ ਗਿਆਨ ਨੂੰ ਵਿਸਾਰ ਬੈਠਾ ਹੈ, ਅਤੇ ਮਨਮਤੀਆ ਬਣ ਚੁੱਕਾ ਹੈ, ਤਦ ਇਹ ਗੁਰੂ ਦਾ ਖ਼ਾਲਸਾ ਨਹੀਂ ਸਗੋਂ ਅਕਿਰਤਘਣਾ ਅਤੇ ਵਿਸ਼ਵਾਸ਼ ਘਾਤੀਆਂ ਦਾ ਸਮੂਹ ਹੈ । ਜਿਹੜੇ ਲੋਕ ਗੁਰੂ ਦੇ ਗਿਆਨ ਦੀ ਗੱਲ ਛੱਡ ਕੇ ਪੰਥ ਨੂੰ ਗੁਰਿਆਈ ਦਾ ਮਾਲਕ ਅਤੇ ਸਤਿਗੁਰਾਂ ਦੀ ਜੋਤਿ ਦਾ ਮਾਲਕ ਕਹਿ ਕੇ ਵਡਿਆਉਂਦੇ ਹਨ, ਉਹ ਫੋਕਾ ਹੰਕਾਰ ਪੈਦਾ ਕਰਕੇ ਪੰਥ ਨੂੰ ਵਾਹਿਗੁਰੂ ਤੋਂ ਹੋਰ ਵੀ ਦੁਰਾਡੇ ਲਈ ਜਾਣ ਦੀ ਭੁੱਲ ਕਰ ਰਹੇ ਹਨ । ਪੰਥ ਨੂੰ ਉਸ ਦੇ ਅੰਦਰ ਵਾਪਰ ਚੁੱਕੀ ਤਬਦੀਲੀ ਦਾ ਚੇਤਾ ਕਰਾਉਣ ਦੀ ਲੋੜ ਹੈ *। [

* Foot Note:--ਇਸ ਪੁਸਤਕ ਦੇ ਪੰਜਵੇਂ ਭਾਗ ਦੇ ਅਠਵੇਂ ਕਾਂਡ ਦੇ ਦੂਜੇ- ( **ਦਸ਼ਮੇਸ਼ ਜੀ ਦੇ ਹੁਕਮ ਦੀਆਂ ਵੰਡੀਆਂ** ") ਲੇਖ ਨੂੰ ਪੜ੍ਹੋ ਅਤੇ ਨਿਰਣਾ ਕਰੋ ਕਿ, ਕੀ, ਅੱਜ ਅਸੀਂ ਉਹੀ " ਪਰਮਾਤਮ ਕੀ ਫ਼ੌਜ " ਹਾਂ ਜਿਸ ਨੂੰ ਸੰਬੋਧਨ ਕਰਕੇ ਦਸ਼ਮੇਸ਼ ਜੀ ਨੇ ਖ਼ਾਲਸਾ ਜੀ ਨੂੰ ਸੱਜਣ ਸੂਰਾ ਅਤੇ ਸਤਿਗੁਰ ਪੂਰਾ ਕਿਹਾ ਸੀ ? ਕੀ ਅਸੀਂ ੧੯੪੯ ਤੋ ਆਪਣਾ ਸਾਰੇ ਦਾ ਸਾਰਾ ਤੇਜ-ਪ੍ਰਤਾਪ ਗੁਆ ਕੇ ਇਹ ਸਿੱਧ ਨਹੀਂ ਸੀ ਕਰ ਦਿੱਤਾ, ਕਿ, ਅਸੀਂ ਨਿਆਰੇ ਆਚਰਨ ਤੋਂ ਡਿੱਗ ਕੇ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣ ਰਹੇ ਹਾਂ ? ਖ਼ਾਲਾਸ ਜੀਓ ! ਗੁਰੂ ਨਾਨਕ ਦੇ ਦਰਬਾਰ ਵਿਚ ਗੁਰਿਆਈ ਸਦਾ ਉਸੇ ਕੋਲ ਆਈ ਹੈ ਜੋ ਇਸ ਦੀ ਸੰਭਾਲ ਦੇ ਯੋਗ ਹੁੰਦਾ ਸੀ । ਇਸ ਪਦਾਰਥ ਨੂੰ ਜੱਦੀ ਬਣਾ ਬਹਿਣਾ ਸਿਆਣਪ ਨਹੀਂ ਹੈ}

ਆਪੇ ਨੂੰ ਪਰਖਣ ਦੀ ਲੋੜ ਹੈ--**ਨਾਨਕ ਪਰਖੇ ਆਪ ਕਉ ਤਾਂ ਪਾਰਖੁ ਜਾਣੁ ॥** [੧੪੮]- **ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥** [੨੨੯] **ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨ ॥** [੬੮੪] ਫ਼ਰੀਦ ਸਾਹਿਬ ਵੀ ਏਹੀ ਫ਼ੁਰਮਾਨ ਕਰ ਰਹੇ ਹਨ ਕਿ--**ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ ੬ ॥** [੧੩੭੮] ਹੇ ਖ਼ਾਲਸਾ ਜੀ ! ਅੱਜ ਤੂੰ ਪਰਉਪਕਾਰੀ ਅਤੇ ਬਹਾਦਰਾਂ ਵਾਲਾ ਜੀਵਨ ਤਿਆਗ ਕੇ, ਗੁਰੂ ਦੀ ਬਖ਼ਸ਼ੀ ਸੁਰਤ ਮੂਰਤਿ ਨੂੰ ਤਿਲਾਂਜਲੀ ਦੇ ਕੇ " ਫਿਲਮਾਂ ਦਾ ਐਕਟਰ ਬਣੀ ਜਾ ਰਿਹਾ ਹੈਂ " । ਸਿੱਖੀ ਸਰੂਪ ਦਾ ਭੋਗ ਪਾਉਣ ਨੂੰ ਫ਼ੈਸ਼ਨ ਮੰਨੀ ਜਾਣ ਵੱਲ ਨੂੰ ਰੁਚੀ ਫੜ ਬੈਠਾ ਹੈਂ । ਗੁਰੂ ਦਰਬਾਰ ਵਿਚ ਜਿੰਨੀਆਂ ਵਧੀਕੀਆਂ ਤੂੰ ਕਰਦਾ ਹੈ ਹੋਰ ਕਿਸੇ ਧਰਮ ਵਿਚ ਅਜੇਹੀ ਮੰਦ-ਹਰਕਤ ਨਜ਼ਰ ਨਹੀਂ ਆਉਂਦੀ । ਨਾ ਤੇਰੇ ਲੰਗਰ ਦੀ ਮਰਯਾਦਾ ਉਹ ਰਹੀ, ਨਾ ਤੂੰ ਗੁਰੂ ਦਰਬਾਰ ਦੀ ਮਰਯਾਦਾ ਹੀ ਰਹਿਣ ਦਿੱਤੀ । ਆਚਰਨ ਦੀ ਆਭਾ ਵੀ ਗੁਆ ਬੈਠਾ ਹੈਂ । ਹਰ ਪਾਸਿਉਂ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੋ ਕੇ ਵੀ, ਜੇ ਤੂੰ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਦਾ ਭਾਈਵਾਲ ਹੋਣ ਦਾ ਹੰਕਾਰ ਸਾਂਭੀ ਫਿਰਦਾ ਹੈਂ ਤਾਂ ਰਾਜ ਭਾਗ ਦੂਰ ਤੋਂ ਦੂਰ ਹੁੰਦਾ ਜਾਣਾ ਹੈ ।

ਪੰਥ ਵਿਚ ਅਜੇਹੇ ਗੁਰੂ ਕੇ ਲਾਲਾਂ ਦੀ ਰੌਣਕ ਵੀ ਨਜ਼ਰੀਂ ਆ ਸਕਦੀ ਹੈ ਜਿਹੜੇ ਸਤਿਗੁਰੂ ਨਾਨਕ ਜੀ ਦੇ ਗੁਰੂ-ਗਿਆਨ ਦੇ ਅਸਲ ਸਿਧਾਂਤ ਨੂੰ ਸਮਝ ਚੁੱਕੇ ਹਨ ਅਤੇ ਬ੍ਰਾਹਮਣੀ ਮਾਇਆ-ਜਾਲ ਤੋਂ ਪੂਰੀ ਤਰ੍ਹਾਂ ਸੁਚੇਤ ਹਨ । ਪਰ ਉਨ੍ਹਾਂ ਦੀ ਅੱਜ ਸੁਣਦਾ ਕੋਈ ਨਹੀਂ । ਹੇ ਖ਼ਾਲਸਾ ਜੀਓ ! ਅਜੇ ਵੀ ਤੂੰ ਮੁੜ ਉਨ੍ਹਾਂ ਹੀ ਬਰਕਤਾਂ ਦਾ ਮਾਲਕ ਬਣ ਸਕਦਾ ਹੈਂ । ਕਿਉਂਕਿ ਅਜੇ ਤੂੰ ਆਪਣੇ ਪੂਰਨ ਗੁਰੂ ਗ੍ਰੰਥ ਸਾਹਿਬ ਤੋਂ ਮੁੱਖ ਨਹੀਂ ਫੇਰਿਆ ਅਤੇ ਤੇਰੇ ਅੰਦਰੋਂ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਅਜੇ ਪੂਰੀ ਤਰ੍ਹਾਂ ਨਹੀਂ ਮਰੀ । ਇਸ ਨਿਆਰੇ ਗੁਰੂ ਦੇ ਨਿਆਰੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਆਚਰਨ ਬਣਾਉਣ ਦੀ ਲੋੜ ਹੈ । ਬਿੱਪ੍ਰਨ ਕੀ ਰੀਤ ਨੂੰ ਸਮਝ ਕੇ ਉਸ ਨੂੰ ਤਲਾਂਜਲੀ ਦੇਣੀ ਹੈ ਅਤੇ ਉਸ ਮਰਯਾਦਾ ਦੇ ਧਾਰਨੀ ਹੋਣਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮਝਾ ਰਹੇ ਹਨ ।

ਜਿਸ ਕੌਮ ਕੋਲ ਗੁਰੂ ਨਾਨਕ ਦੇਵ ਜੀ ਦੀ ਸਾਖ਼ਸ਼ਾਤ ਕਰਾਮਾਤ- **ਸ੍ਰੀ ਗੁਰੂ ਗ੍ਰੰਥ ਸਾਹਿਬ** ਜੀ ਹੋਣ ਉਹ ਢਹਿਦੀਆਂ ਕਲਾਂ ਵੱਲ ਕਿਉਂ ਤੁਰੇ ? ਸ਼ੁੱਧ ਗਿਆਨ ਦੇ ਸਾਗਰ, ਇਸ ਗੁਰੂ ਨੂੰ ਨਿਰਾ ਪੂਜੀ ਜਾਣ ਨਾਲ, ਜਾਂ ਇਸ ਦੇ ਅੱਗੇ ਖੜੇ ਹੋ ਕੇ ਲੰਮੀਆਂ ਅਰਦਾਸਾਂ ਕਰ ਕੇ ਮੱਥੇ ਰਗੜੀ ਜਾਣ ਨਾਲ, ਜਾਂ ਕਈ ਤਰ੍ਹਾਂ ਦੀਆਂ ਵਿਧੀਆਂ ਨਾਲ ਇਸ ਦੇ ਪਾਠ ਕਰੀ ਕਰਾਈ ਜਾਣ ਨਾਲ, ਕੁਝ ਨਹੀਂ ਸੌਰਨਾਂ । ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ । ਖ਼ਾਲਸਾ ਜੀਓ ! ਡੂੰਘੀ ਨੀਂਦ ਤੋਂ ਜਾਗੋ ਅਤੇ ਗੁਰੂ ਦੇ ਗਿਆਨ ਨੂੰ ਸਮਝ ਕੇ ਇਸ ਨੂੰ ਸੰਸਾਰ ਵਿਚ ਪ੍ਰਚਾਰਨ ਦੇ ਵਿਸ਼ਾਲ ਸਾਧਨ ਬਣਾਉ ।

ਜੋਤੀ ਜੋਤਿ ਸਮਾਉਣ ਦੀ ਗੱਲ ਚੱਲ ਪਈ ਤਾਂ " ਜੋਤਿ " ਦੇ ਠੀਕ ਦਰਸ਼ਨ ਕਰ ਲੈਣ ਦੀ ਸੱਧਰ ਜਾਗ ਪਈ । ਸਤਿਗੁਰਾਂ ਦੇ ਇਸ ਫ਼ੁਰਮਾਨ ਨੂੰ ਸਦਾ ਯਾਦ ਰਖੀਏ ਕਿ, ਜਿਹੜਾ ਮਨੁੱਖ ਆਪਣੀ ਜਿੰਦਗੀ ਵਿਚ " ਜੋਤੀ ਜੋਤਿ " ਨਾ ਸਮਾਇਆ ਉਹ ਮਰਨ ਉਪਰੰਤ, ਉਸ " ਜੋਤੀ " ਦੀ ਜੋਤਿ ਵਿਚ ਕਿਸੇ ਯਤਨ ਨਾਲ ਵੀ ਨਹੀਂ ਸਮਾ ਸਕਦਾ । ਉਸ ਨੇ ਆਪਣੇ ਕਰਮਾ ਦਾ ਫਲ ਜ਼ਰੂਰ ਭੁਗਤਨਾ ਹੈ । " ਜੋਤਿ " ਪਦ ਦੀ ਵਰਤੋਂ ਵਾਲੇ ਕੁਝ ਸ਼ਬਦਾਂ ਦੀ ਸੂਚੀ :--

ਏਨੇ ਗੁਰੂ ਸ਼ਬਦਾਂ ਵਿਚ ਨਾ ਉਨ੍ਹਾਂ ਅਰਥਾਂ ਵਾਲਾ " ਜੋਤੀ ਜੋਤਿ ਸਮਾਉਣਾ " ਹੈ , ਅਤੇ ਨਾ ਉਹ ' ਜੋਤਿ ' ਹੀ ਹੈ ਜੋ ਅਸੀਂ ਸਮਝੀ ਬੈਠੇ ਹਾਂ ।

੭੧- **ਸੋ ਜਪੁ ਤਪੁ ਸੇਵਾ ਚਾਕਰੀ, ਜੋ ਖਸਮੈ ਭਾਵੈ ॥ ਆਪੇ ਬਖਸੇ ਮੇਲਿ ਲਏ,**
**ਆਪਤੁ ਗਵਾਵੈ ॥ ਮਿਲਿਆ ਕਦੇ ਨ ਵੀਛੁੜੈ ' ਜੋਤੀ ਜੋਤਿ ' ਮਿਲਾਵੈ ॥**
**ਨਾਨਕ ਗੁਰ ਪਰਸਾਦੀ ਸੋ ਬੁਝਸੀ, ਜਿਸੁ ਆਪਿ ਬੁਝਾਵੈ ॥੨॥**[੧੨੪੭]-ਵਾਰ-੨੭

**ਅਰਥ:**--ਜਿਹੜੀ ਕਾਰ ਮਾਲਕ-ਪ੍ਰਭੂ ਨੂੰ ਪਸੰਦ ਆ ਜਾਏ, ਉਹੀ ਕਾਰ ਸੇਵਕ ਦਾ ਜਪ ਹੈ ਤਪ ਹੈ ਤੇ ਸੇਵਾ ਚਾਕਰੀ ਹੈ, ਜਿਹੜਾ ਮਨੁੱਖ ਆਪਾ-ਭਾਵ ਮਿਟਾਉਂਦਾ ਹੈ ਉਸ ਨੂੰ ਪ੍ਰਭੂ ਹੀ ਮਿਹਰ ਕਰਕੇ (ਆਪਣੇ ਨਾਲ) ਮਿਲਾ ਲੈਂਦਾ ਹੈ, ਤੇ (ਪ੍ਰਭੂ-ਚਰਨਾਂ ਵਿਚ) ਮਿਲਿਆ ਹੋਇਆ ਅਜਿਹਾ ਬੰਦਾ ਕਦੇ ਵਿਛੁੜਦਾ ਨਹੀਂ ਹੈ, ਉਸ ਦੀ ਆਤਮਾ ਪ੍ਰਭੂ-ਆਤਮਾ ਨਾਲ ਇਕ-ਮਿਕ ਹੋ ਜਾਂਦੀ ਹੈ । ਗੁਰਦੇਵ ਜੀ ਦਾ ਫ਼ੁਰਮਾਨ--(ਇਸ ਭੇਤ ਨੂੰ) ਗੁਰੂ ਦੀ ਕਿਰਪਾ ਨਾਲ ਉਹੀ ਮਨੁੱਖ ਸਮਝਦਾ ਹੈ ਜਿਸ ਨੂੰ ਪ੍ਰਭੂ ਆਪ ਸਮਝ ਬਖ਼ਸ਼ਦਾ ਹੈ ।

੭੨- **ਥਾਵਰ ਥਿਰੁ ਕਰਿ ਰਾਖੇ ਸੋਇ ॥ ਜੋਤਿ ਦੀਵਟੀ ਘਟ ਮਹਿ ਜੋਇ ॥**
**ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥ ੭ ॥** [੩੪੫]

**ਅਰਥ:**--ਰੱਬੀ ਨੂਰ ਦੀ ਜੋ ਸੁਹਣੀ ਜਿਹੀ ਨਿੱਕੀ ਜੋਤ ਹਰੇਕ ਹਿਰਦੇ ਵਿਚ ਹੁੰਦੀ ਹੈ (ਹਰੀ ਦੀ ਸਦੀਵੀ ਯਾਦ ਨਾਲ ਜੁੜੇ ਰਹਿ ਕੇ ਮਨੁੱਖ) ਉਸ ਜੋਤਿ ਨੂੰ ਆਪਣੇ ਅੰਦਰ ਸਾਂਭ ਕੇ ਰੱਖਦਾ ਹੈ, (ਭਾਵ, ਉਸ ਦੀ ਬਰਕਤ ਨਾਲ ਉਸ ਦੇ) ਅੰਦਰ-ਬਾਹਰ ਜੋਤ ਦਾ ਹੀ **ਪ੍ਰਕਾਸ਼** ਹੋ ਜਾਂਦਾ ਹੈ (ਭਾਵ, ਉਸ ਨੂੰ ਆਪਣੇਂ ਅੰਦਰ ਤੇ ਸਾਰੀ ਸ੍ਰਿਸ਼ਟੀ ਵਿਚ ਵੀ ਇਕੋ ਪਰਮਾਤਮਾ ਦੀ ਹੀ ਜੋਤ ਦਿੱਸਦੀ ਹੈ) । ਇਸ ਅਵਸਥਾ ਵਿਚ ਅੱਪੜ ਕੇ ਉਸ ਦੇ ਪਿਛਲੇ ਕੀਤੇ ਸਾਰੇ ਕਰਮਾਂ (ਦੇ ਸੰਸਕਾਰਾਂ) ਦਾ ਨਾਸ ਹੋ ਜਾਂਦਾ ਹੈ । ੭ ।

੭੩- **ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥**
**ਅਪਰੰਪਰ, ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ ੫ ॥**[੫੯੯]-੧੧

[ਜੋਤਿ ਬਾਰੇ ਹੋਰ ਗੁਰੂ ਸ਼ਬਦਾਂ ਵਿਚ ੧੩੨ਆਂ ਦੀ ਸੂਚੀ ਤਿਆਰ ਹੈ]

੧੨

## ਕੇਵਲ ਮਨੁੱਖ ਨੂੰ ਪ੍ਰਾਪਤ ਹੋਈ, ਅਲੋਕਾਰ ਸ਼ਕਤੀ
## ' ਮਨ '

ਸਤਿਗੁਰਾਂ ਦਾ ਫ਼ੁਰਮਾਨ ਹੈ--**ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥** [੨੩੯] ਇਹ ਕਹਿਣਾ ਅਤ-ਕਥਨੀ ਨਹੀਂ ਹੈ ਕਿ, ਜੀਵ ਨੂੰ ਪਰਮਾਤਮਾ ਨਾਲ ਜੋੜਨ ਲਈ **' ਮਨ '** ਸਾਧਨ ਹੈ ਅਤੇ ਮਨੁੱਖ ਨੂੰ ਪ੍ਰਭੂ ਤੋਂ ਦੂਰ ਲੈ ਜਾਣ ਵਿਚ ਵੀ ਮੁਖ ਕਾਰਨ **' ਮਨ '** ਹੀ ਬਣਦਾ ਹੈ । ਕਰਮ ਲੇਖਾਂ ਦੇ ਚੰਗੇ ਜਾਂ ਮਾੜੇ ਬਣਾਉਣ ਵਿਚ ਮਨ ਦਾ ਹੀ ਬਹੁਤਾ ਹਿੱਸਾ ਹੁੰਦਾ ਹੈ । ਕੇਵਲ **ਮਨ** ਦਾ ਸਥਿਰ ਨਾ ਹੋ ਸਕਣਾ, ਜਨਮ ਮਰਨ ਦੇ ਗੇੜ ਵਿਚ ਪੈਣ ਦਾ ਕਾਰਨ ਬਣਦਾ ਹੈ, ਅਤੇ ਪ੍ਰਭੂ ਦੀ ਯਾਦ ਵਿਚ ਲੀਨ ਹੋ ਕੇ ਕਿਸੇ ਕਰਮਾਂ ਵਾਲੇ ਮਨੁੱਖ ਦੀ ਜੋਤਿ ਦਾ ਸਦਾ-ਥਿਰ ਜੋਤੀ ਵਿਚ ਰਲਣਾ, **ਮਨ** ਦੇ ਸਥਿਰ ਹੋਣ ਤੇ ਹੀ ਨਿਰਭਰ ਹੈ । ਜ਼ਰੂਰੀ ਬਣਦਾ ਹੈ ਕਿ **ਮਨ ਸ਼ਕਤੀ** ਬਾਰੇ ਵੀ ਅਸੀਂ ਖੁਲ੍ਹੀ ਗੁਰਮਤਿ-ਵਿਚਾਰ ਕਰ ਲਈਏ ।

**ਗੁਰਮਤਿ ਮਾਰਤੰਡ** ਵਿਚ ਭਾਈ ਕਾਨ੍ਹ ਸਿੰਘ ਜੀ ਨੇ **ਮਨ** ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੋਈ ਹੈ:--

[ਅੰਤਹਕਰਣ] ਵਿਦਵਾਨਾਂ ਨੇ ਅੰਤਹਕਰਣ (ਭੀਤਰੀ ਇੰਦ੍ਰਯ) ਦੇ ਚਾਰ ਭੇਦ ਕਲਪੇ ਹਨ--੧, ਮਨ (ਸੰਕਲਪ ਵਿਕਲਪ ਰੂਪ ਵ੍ਰਿੱਤਿ), ੨. ਬੁਧਿ (ਵਿਵੇਕ ਨਾਲ ਨਿਸ਼ਚਯ ਕਰਨ ਵਾਲੀ ਸ਼ਕਤੀ), ੩. ਚਿੱਤ (ਜਿਸ ਤੋਂ ਬਾਤਾਂ ਦਾ ਚੇਤਾ [ਸਿਮਰਣ] ਹੁੰਦਾ ਹੈ), ੪. ਅਹੰਕਾਰ ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਪ੍ਰਤੀਤ ਹੁੰਦਾ ਹੈ ।

**ਸਿੱਖ ਮਿਸ਼ਨਰੀ** ਕਾਲਜ ਲੁਧਿਆਣਾ ਵਾਲਿਆਂ ਨੇ **" ਮਨ "** ਬਾਰੇ ਇਹ ਕੁਝ ਲਿਖਿਆ ਹੈ:--

ਮਨ (ਸੰਸਿਕ੍ਰਤ, ਮਨਸ਼ । ਮਨ=ਗਯਾਨ, ਧਾਤੂ) ਦਾ ਅਰਥ ਹੈ, ਸਾਰੀਆਂ ਦਿਮਾਗੀ ਤਾਕਤਾਂ, ਗਿਆਨ ਸ਼ਕਤੀਆਂ । ਸੰਕਲਪ, ਵਿਕਲਪ, ਸਮਝ, ਬੂਝ, ਸਿਆਣਪ, ਇੱਛਾ, ਵਿਚਾਰ, ਅੰਤਹਕਰਣ, ਆਦਿਕ ਸਾਰੇ ਮਨ ' ਵਿਚ ਆ ਜਾਂਦੇ ਹਨ ' । ਪਰ ਮਨ ਨੂੰ ਅੰਤਹਕਰਣ ਦੇ ਚਾਰ ਭੇਦਾਂ ਵਿਚੋਂ ਇਕ ਭੇਦ ਵੀ ਸਮਝਿਆ ਜਾਂਦਾ ਹੈ । ਅੰਤਹਕਰਣ ਦੇ ਚਾਰ ਭੇਦ ਇਹ ਕੀਤੇ ਜਾਂਦੇ ਹਨ:---

੧. **ਮਨ**--------ਜਿਸ ਕਰਕੇ ਸੰਕਲਪ (ਕਿਸੇ ਕੰਮ ਲਈ ਇਰਾਦਾ ਕਰਨਾ) ਤੇ ਵਿਕਲਪ (ਇਰਾਦਾ ਢਾ ਦੇਣਾ) ਫੁਰਦੇ ਹਨ ।
੨. **ਬੁਧਿ**------ਜਿਸ ਤੋਂ ਵਿਚਾਰ (ਚੰਗੇ ਮੰਦੇ ਦਾ ਨਿਰਣਾ) ਅਤੇ ਸਿਟਾ ਹੁੰਦਾ ਹੈ ।
੩. **ਚਿਤ**------ਜਿਸ ਕਰਕੇ ਸਮਰਣ (ਚੇਤਾ) ਹੁੰਦਾ ਹੈ । ਵਿਚਾਰਾਂ ਜਾਂ ਤਜਰਬਿਆਂ ਨੂੰ ਇਕੱਤ੍ਰ ਕਰਕੇ ਰਖਦਾ ਹੈ ।
੪. **ਅਹੰਕਾਰ**--ਜਿਸ ਤੋਂ ਪਦਾਰਥਾਂ ਨਾਲ ਆਪਣਾ ਸਬੰਧ ਹੁੰਦਾ ਹੈ ।

### ਗੁਰਬਾਣੀ ਵੀਚਾਰ:---

ਉਪਰ ਲਿਖੇ ਮਨ ਦੇ ਇਨ੍ਹਾਂ ਭੇਦਾਂ ਨੂੰ ਗੁਰੂ ਬਾਣੀ ਵਿਚ ਬੜੇ ਵਿਸਥਾਰ ਨਾਲ ਸਮਝਾਇਆ ਹੋਇਆ ਹੈ । ਸੁਰਤਿ, ਮਨਿ ਅਤੇ ਬੁਧਿ, ਜਪੁਜੀ ਦੀ ਸਾਹਿਬ ਦੀ ੧੩ਵੀਂ ਪਉੜੀ ਦੀ ਤੁਕ-**ਮੰਨੈ ਸੁਰਤਿ ਹੋਵੈ ਮਨਿ ਬੁਧਿ ॥** ਅਤੇ ਫਿਰ ਗਿਆਨ ਖੰਡ ਵਾਲੀ ਅਵਸਥਾ ਸਮਝਾਉਂਦਿਆਂ ੩੬ਵੀਂ ਪਉੜੀ ਵਿਚ--**ਤਿਥੈ ਘੜੀਐ ਸੁਰਤਿ ਮਤਿ ਮਨ ਬੁਧਿ ॥** ਆਇਆ ਹੈ । ਪਹਿਲੀ ਤੁਕ ਦਾ ਅਰਥ ਇਸ ਪ੍ਰਕਾਰ ਹੈ--ਜੇ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਨਾਮ ਦੀ ਲਗਨ ਲੱਗ ਜਾਏ, ਤਾਂ ਉਸ ਦੀ ਸੁਰਤਿ ਅਤੇ ਬੁਧੀ, ਉੱਚੀ ਹੋ ਜਾਂਦੀ ਹੈ, ਉਸ ਦੇ ਮਨ ਵਿਚ ਜਾਗ੍ਰਤ ਆ ਜਾਂਦੀ ਹੈ, (ਭਾਵ, ਮਾਇਆ ਦੇ ਨਸ਼ੇ ਵਚ ਸੁਤਾ ਮਨ ਜਾਗ ਪੈਂਦਾ ਹੈ) । ਦੂਜੀ ਤੁਕ ਦਾ ਭਾਵ ਵੀ ਏਹੀ ਹੈ, ਕਿ, ਮਿਹਨਤ ਵਾਲੀ ਅਵਸਥਾ ਵਿਚ ਮਨੁੱਖ ਦੀ ਸੁਰਤਿ ਅਤੇ ਮਤ ਉ ੱਚੀ ਹੋ ਜਾਂਦੀ ਹੈ ਅਤੇ ਮਨ ਵਿਚ ਜਾਗ੍ਰਤ ਆ

ਜਾਂਦੀ ਹੈ । ਸਪੱਸ਼ਟ ਹੁੰਦਾ ਹੈ ਕਿ ਮਨ, ਬੁਧ ਅਤੇ ਸੁਰਤਿ ਦਾ ਅਪਸ ਵਿਚ ਡੂੰਘਾ ਸੰਬੰਧ ਹੈ । ਇਛਿਆ ਕਰਨਾ ਮਨ ਦੀ ਮੁੱਖ ਕਿਰਿਆ ਹੈ, ਕਿਸੇ ਕੰਮ ਲਈ ਇਰਾਦਾ ਕਰਨਾ, ਕਿਸੇ ਚੀਜ਼ ਵਿਚ ਨਿਸਚਾ ਲਿਆਉਣਾ ਜਾਂ ਕਿਸੇ ਚੀਜ਼ ਵਲੋਂ ਹਟ ਜਾਣਾ, ਇਰਾਦੇ ਨੂੰ ਕਰੜਾ ਕਰਨਾ ਜਾਂ ਨਰਮ ਕਰਨਾ, ਸ਼ਰਮ ਅਨੁਭਵ ਕਰਨਾ ਡਰਨਾ ਆਦਿ ਸਭ ਮਨ ਦੀ ਕਿਰਿਆ ਹੈ । ਸਰੀਰ ਦੇ ਗਿਆਨ ਇੰਦਰਿਆਂ ਤੇ ਮਨ ਦਾ ਬੜਾ ਤਕੜਾ ਪ੍ਰਭਾਵ ਹੈ । ਮਨ ਤਕੜਾ ਹੋ ਜਾਏ ਤਾਂ ਸਰੀਰ ਵਿਚ ਹਿੰਮਤ ਆ ਜਾਂਦੀ ਹੈ । ਮਨ ਕਮਜ਼ੋਰੀ ਫੜ ਜਾਏ, ਮਨ ਡਰ ਜਾਏ ਤਾਂ ਸਰੀਰ ਢਿੱਲਾ ਪੈ ਜਾਂਦਾ ਹੈ । ਮਨ ਦੇ ਭੈ-ਭੀਤ ਹੋ ਜਾਣ ਨਾਲ, ਕਈ ਵਾਰੀ ਸਰੀਰ ਦੀ ਮੌਤ ਹੋ ਜਾਂਦੀ ਹੈ ।

ਗਾਣ ਵਜਾਉਣੇ ਦਾ ਬੜਾ ਵਧੀਆਂ ਰੰਗਾ ਰੰਗ ਪ੍ਰੋਗਰਾਮ ਕਰਨ ਵਾਲੇ ਫ਼ਿਲਮੀ ਸਤਾਰੇ ਆਏ ਹੋਣ ਕਰਕੇ ਬੜੀ ਮਹਿੰਗੀ ਟਿਕਟ ਖਰਚ ਕੇ ਕੋਈ ਮਨੁੱਖ ਉਸ ਰੌਣਕ ਨੂੰ ਮਾਣ ਰਿਹਾ ਹੈ । ਉਸ ਦਾ ਸਾਰਾ ਧਿਆਨ ਉਸ ਪ੍ਰੋਗਰਾਮ ਨੂੰ ਸੁਣਨ ਵਿਚ ਖੁੱਭਾ ਹੋਇਆ ਹੈ, ਜਾਂ ਬਲੈਕ ਵਿਚ ਵਿਕਦੀ ਦੂਣੇ ਮੁੱਲ ਤੇ ਟਿਕਟ ਖ਼ਰੀਦ ਕੇ ਕੋਈ ਬੜੀ ਵਧੀਆ ਅਤੇ ਨਵੀਂ ਆਈ ਫ਼ਿਲਮ ਵੇਖ ਰਿਹਾ ਹੈ, ਜਾਂ ਅਸੀਂ ਕਿਸੇ ਬੜੇ ਵਿਦਵਾਨ ਅਤੇ ਵਧੀਆ ਬੋਲਣ ਵਾਲੇ ਪਰਚਾਰਕ ਦਾ ਵਿਆਖਿਆਨ ਸੁਣ ਰਹੇ ਹਾਂ, ਗੁਰੂ ਘਰ ਵਿਚ ਬੈਠੇ ਬੜੇ, ਸੁਰ ਤਾਲ ਅਤੇ ਰਾਗ ਵਿਦਿੱਆ ਵਿਚ ਨਿਪੁੰਨ, ਬੜੀ ਮਿੱਠੀ, ਸੁਰੀਲੀ ਆਵਾਜ਼ ਵਾਲੇ ਗੁਰਬਾਣੀ ਦੇ ਗਿਆਤਾ, ਕਿਸੇ ਪ੍ਰਸਿੱਧ ਰਾਗੀ ਦਾ ਰਸ-ਭਿੰਨਾ ਕੀਰਤਨ ਸੁਣਨ ਵਿਚ ਮਗਨ ਹੋਈਏ, ਸਾਡਾ ਧਿਆਨ ਜ਼ਰਾ ਵੀ ਕਿਸੇ ਹੋਰ ਗੱਲ ਵੱਲ ਜਾਣਾ ਅਸੰਭਵ ਬਣਿਆ ਹੋਇਆ ਹੋਵੇ, ਉਸ ਸਮਾਗਮ ਵਿਚਲੀ ਹਰ ਗੱਲ ਸੁਣਨੀ ਸਾਡੇ ਲਈ ਬੜੀ ਕੀਮਤੀ ਬਣੀ ਹੋਈ ਹੋਵੇ, ਪਰ ਉਸ ਸਮੇਂ ਜੇ ਕੰਨ ਵਿਚ ਇਹ ਖ਼ਬਰ ਪੈ ਜਾਵੇ ਕਿ, " ਤੁਹਾਡੇ ਘਰ ਨੂੰ ਅੱਗ ਲੱਗੀ ਹੋਈ ਹੈ ", ਜਾਂ ਤੁਹਾਡੇ ਕਿਸੇ ਪਿਆਰੇ ਨੂੰ ਦਿਲ ਦਾ ਦੌਰਾ ਪੈਣ ਦੀ ਖ਼ਬਰ ਹੋਵੇ, ਅਥਵਾ ਕਿਸੇ ਹੋਰ ਅਜੇਹੀ ਖ਼ਤਰਨਾਕ ਦੁਰਘਟਨਾਂ ਦੀ ਭਿਣਕ ਪੈ ਜਾਵੇ ਤਾਂ ਫਿਰ ਉਸ ਦੁਰਲੱਭ ਥਾਂ ਤੇ ਬੈਠਣਾ ਔਖਾ ਹੋ ਜਾਂਦਾ ਹੈ । ਉਸ ਥਾਂ ਦੀ ਉਹੀ ਗੱਲ ਜਿਸ ਦਾ ਇੱਕ ਇੱਕ ਅੱਖਰ ਕੀਮਤੀ ਮੋਤੀ ਬਣਿਆਂ ਹੋਇਆ ਸੀ, ਸਭ ਕੁਝ ਸੁਣਨੋ ਰਹਿ ਜਾਂਦਾ ਹੈ । ਸਾਰਾ ਧਿਆਨ ਸੜਦੇ ਘਰ ਨੂੰ ਬਚਾਉਣ ਵੱਲ ਚਲਾ ਜਾਂਦਾ ਹੈ । ਉਹੀ ਰਸ ਬੇਰਸੀ ਹੋ ਦਿਸਦੀ ਹੈ । ਕਾਰਨ ? ਪਹਿਲਾਂ ਮਨ ਹਾਜ਼ਰ ਸੀ, ਫਿਰ ਮਨ ਉਸ ਥਾਂ ਤੋਂ ਗ਼ੈਰ ਹਾਜ਼ਰ ਹੋ ਗਿਆ । ਅਸੀਂ ਕਿਸੇ ਖ਼ਾਸ ਥਾਂ ਪੁੱਜਣ ਲਈ ਤੁਰੇ ਜਾ ਰਹੇ ਹਾਂ । ਖ਼ਿਆਲਾਂ ਵਿਚ ਏਡੇ ਗੁਆਚ ਜਾਂਦੇ ਹਾਂ ਕਿ ਅਸਲ ਥਾਂ ਨਾਲੋਂ ਅੱਗੇ ਨਿਕਲ ਜਾਂਦੇ ਹਾਂ । ਪਿੱਛੇ ਪਰਤਣਾ ਪੈਂਦਾ ਹੈ । ਮਨ ਪ੍ਰਦੇਸੀ ਹੋ ਗਿਆ ਸਭ ਕੁਝ ਸਾਡੇ ਲਈ ਪ੍ਰਦੇਸ ਬਣ ਗਿਆ । **ਮਨੁ ਪਰਦੇਸੀ ਜੇ ਥੀਐ ਸਭੁ ਦੇਸ ਪ੍ਰਾਇਆ** ॥ [੧੬੭]

ਦਰਬਾਰੀ ਮੌਲਵੀ ਦੀ ਚੁੱਕ ਵਿਚ ਆ ਕੇ ਸੁਲਤਾਨਪੁਰ ਲੋਧੀ ਦੇ ਨਵਾਬ ਨੇ, ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਜੇ ਤੁਹਾਡੇ ਲਈ ਹਿੰਦੂ ਮੁਸਲਮਾਨ ਬਰਾਬਰ ਹਨ ਤਾਂ ਕੀ ਤੁਸੀਂ ਮਸੀਤੇ ਚੱਲ ਕੇ ਸਾਡੇ ਨਾਲ ਨਮਾਜ਼ ਪੜ੍ਹ ਸਕੋਗੇ " ? ਸਤਿਗੁਰਾਂ ਫ਼ੁਰਮਾਨ ਕੀਤਾ " ਕਿ ਹਾਂ ਮੈਂ ਤੁਹਾਡੇ ਨਾਲ ਮਸੀਤ ਵਿਚ ਵੀ ਨਿਮਾਜ਼ ਪੜ੍ਹਨ ਲਈ ਤਿਆਰ ਹਾਂ " । ਗੁਰਦੇਵ ਜੀ ਉਨ੍ਹਾਂ ਦੇ ਨਾਲ ਹੋ ਤੁਰੇ । ਮਸੀਤੇ ਜਾ ਕੇ ਸਾਰੇ ਜਣੇ ਨਮਾਜ਼ ਪੜ੍ਹਨ ਲੱਗ ਪਏ । ਗੁਰਦੇਵ ਜੀ ਨਮਾਜ਼ੀਆਂ ਦੀ ਕਤਾਰ ਵਿਚ ਖੜੇ ਰਹੇ । ਉਨ੍ਹਾਂ ਨੇ ਦੂਜਿਆਂ ਦੇ ਨਾਲ ਰਲ ਕੇ ਸਿਜਦਾ ਇੱਕ ਵਾਰੀ ਵੀ ਨਾ ਕੀਤਾ । ਨਮਾਜ਼ ਪੜ੍ਹ ਕੇ ਹਟੇ ਤਾਂ ਮੌਲਵੀ ਅਤੇ ਨਵਾਬ ਨੇ ਇਤ੍ਰਾਜ਼ ਕੀਤਾ--" ਬਚਨ ਕਰਕੇ ਤੁਸਾਂ ਨਿਮਾਜ਼ ਵਿਚ ਉਨ੍ਹਾਂ ਨਾਲ ਸ਼ਾਮਲ ਨਾ ਹੋ ਕੇ ਆਪਣਾ ਬਚਨ ਭੰਗ ਕੀਤਾ ਹੈ "। ਸਤਿਗੁਰਾਂ ਨੇ ਫ਼ੁਰਮਾਇਆ, ਕਿ, " ਤੁਸੀਂ ਦੋਵੇਂ ਹੀ ਮਸੀਤ ਵਿਚ ਹਾਜ਼ਰ ਨਹੀਂ ਸਾਉ, ਅਸੀਂ ਨਮਾਜ਼ ਕਿਸ ਨਾਲ ਰਲ ਕੇ ਪੜ੍ਹਦੇ ? ਮੌਲਵੀ ਨੂੰ ਆਪਣੀ ਘੋੜੀ ਦੀ ਵਛੇਰੀ ਦਾ ਫ਼ਿਕਰ ਲੱਗਾ ਹੋਇਆ ਸੀ ਕਿ ਕਿਤੇ ਖੂਹੀ ਵਿਚ ਨਾ ਜਾ ਪਏ । ਅਤੇ ਨਵਾਬ ਜੀ ! ਤੁਸੀਂ ਕਾਬਲ ਵਿਚ ਘੋੜੇ ਖ਼ਰੀਦ ਰਹੇ ਸਾਉ " । ਗੱਲ ਸੱਚੀ ਸੀ । ਮਨ ਕਰਕੇ ਦੋਵੇਂ ਹੀ ਗ਼ੈਰ ਹਾਜ਼ਰ ਸਨ । ਮਨ ਹਾਜ਼ਰ ਨਹੀਂ ਤਾਂ ਸਰੀਰ ਦੀ ਹਾਜ਼ਰੀ ਵਿਅਰਥ ਹੋ ਜਾਂਦੀ ਹੈ । ਸਤਿਗੁਰਾਂ ਦਾ ਫ਼ੁਰਮਾਨ ਹੈ:--**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥ ੨ ॥**[੮੪]-ਵਾਰ-੪ ਮਨ ਦਾ ਸਰੀਰ ਦੇ ਇੰਦ੍ਰਿਆਂ ਤੇ ਏਨਾ ਕਾਬੂ ਹੈ ਕਿ ਅਖੀਆਂ ਵੇਖਣੋ ਹਟ ਜਾਂਦੀਆਂ ਹਨ ਅਤੇ ਕੰਨ ਸੁਣਨੋਂ ਰੁਕ ਜਾਂਦੇ ਹਨ । ਲੱਤਾਂ ਪਤਾ ਨਹੀਂ ਕਦੋਂ ਦੌੜਨਾ ਅਰੰਭ ਕਰ ਦਿੰਦੀਆਂ ਹਨ ।

ਅਮਰੀਕਾ ਵਿਚ ਇਨ੍ਹੀ ਦਿਨੀ **ਡਾਕਟਰ ਦੀਪਕ ਚੋਪੜੇ** ਦੇ ਭਾਸ਼ਨ ਸ਼ੋਜਨਾ ਬੱਧ ਢੰਗ ਨਾਲ T.V. ਤੇ ਸੁਣਾਏ ਜਾ ਰਹੇ ਹਨ । ਉਸ ਦੇ ਭਾਸ਼ਨਾਂ ਦੀਆਂ ਟੇਪਾਂ ਅਤੇ ਪੁਸਤਕਾਂ ਬੜੀਆਂ ਮਹਿੰਗੀਆਂ ਵਿਕ ਰਹੀਆਂ ਹਨ । ਉਸ ਨੇ ਸਿੱਧ ਕੀਤਾ ਹੈ ਕਿ " **ਮਨ** " ਦੇ ਤਕੜੇ ਹੋ ਜਾਣ ਨਾਲ ਬੜੀਆਂ ਭੈੜੀ ਬਿਮਾਰੀਆਂ ਭਾਵ ਅਸਾਧ ਰੋਗ, ਦੂਰ ਹੋ ਜਾਂਦੇ ਹਨ । ਕਿਸੇ ਭੈੜੀ ਤੋਂ ਭੈੜੀ ਬਿਮਾਰੀ ਵਾਲੇ ਰੋਗੀ ਮਨੁੱਖ ਦੇ ਮਨ ਵਿਚ ਇਹ ਦ੍ਰਿੜ੍ਹਤਾ ਭਰ ਦਿੱਤੀ ਜਾਂਦੀ ਹੈ ਕਿ, ਉਸ ਨੂੰ ਉਹ ਬਿਮਾਰੀ ਹੋਈ ਹੀ ਨਹੀਂ ਸੀ । ਉਸੇ ਘੜੀ ਬਿਮਾਰੀ ਮੋੜਾ ਖਾ ਜਾਂਦੀ ਹੈ । ਉਸ ਡਾਕਰ ਨੇ ਕੈਂਸਰ (Cancer) ਵਰਗੀ ਨਾਮੁਰਾਦ ਬਿਮਾਰੀ ਵੀ ਮਨ ਦੀ ਮਜ਼ਬੂਤੀ ਨਾਲ ਠੀਕ ਕਰ ਵਿਖਾਈ ਹੈ । ਸਰੀਰ-ਇੰਦ੍ਰਿਆਂ ਤੇ ਮਨ ਦੀ ਹਕੂਮਤ (Controle) ਦੇ ਕਈ ਹੈਰਾਨ ਕਰ ਦੇਣ ਵਾਲੇ ਤਜਰਬੇ ਕਰ ਕੇ ਵਿਖਾਏ ਜਾ ਰਹੇ ਹਨ । ਜਿਸ ਮਨੁੱਖ ਨੇ ਆਪਣੇ ਮਨ ਵਿਚ ਪੱਕਾ ਯਕੀਨ ਕਰ ਲਿਆ ਕਿ ਉਸ ਦੇ ਹੱਥ ਵਿਚ ਬਰਫ਼ ਹੈ, ਤਾਂ ਉਸ ਦੇ ਹੱਥ ਦਾ ਤਾਤਮਾਨ ਘਟ ਗਿਆ । ਏਸੇ ਤਰ੍ਹਾਂ ਜਿਸ ਮਨੁੱਖ ਦੇ ਮਨ ਵਿਚ ਇਹ ਯਕੀਨ ਪੱਕਾ ਹੋ ਗਿਆ ਕਿ ਉਹ ਬੜੀ ਸਖਤ ਗਰਮੀ ਵਿਚ ਬੈਠਾ ਹੈ, ਉਸ ਦੇ ਸਰੀਰ ਦਾ ਤਾਤਮਾਨ ਵਧਿਆ ਹੋਇਆ ਮਿਣ ਕੇ ਵਿਖਾ ਦਿੱਤਾ । ਜੰਗਲੀ ਜਾਨਵਰ ਦੇ ਭੈ ਕਾਰਨ ਦੌੜਿਆ ਹੋਇਆ ਮਨੁੱਖ ਪਾਣੀ ਦਾ ਏਡਾ ਚੌੜਾ ਨਾਲਾ ਟੱਪ ਗਿਆ ਜਿਹੜਾ ਉਹ ਨਾ ਕਦੇ ਪਹਿਲਾਂ ਟੱਪ ਸਕਿਆ ਸੀ ਅਤੇ ਨਾ ਉਸ ਤੋਂ ਮਗਰੋਂ ਸਾਰਾ ਯਤਨ ਕਰਨ ਤੇ ਟੱਪ ਸਕਿਆ । ਏਸੇ ਤਰ੍ਹਾਂ ਮਨ ਦੀ ਸ਼ਕਤੀ ਵਰਤ ਕੇ ਭਾਰ ਚੁੱਕਣ ਦਾ ਹੈਰਾਨ ਕਰ ਦੇਣ ਵਾਲਾ ਤਜਰਬਾ ਕਰ ਵਿਖਾਇਆ । ਗਿਆਨ ਇੰਦ੍ਰਿਆਂ ਅਤੇ ਕਰਮ ਇੰਦ੍ਰਿਆਂ ਤੇ ਏਡਾ ਅਸਰਦਾਰ ਕਾਬੂ ਰੱਖਣ ਵਾਲੇ ਮਨ ਨੂੰ ਤਦੇ ਹੀ ਸਤਿਗੁਰਾਂ ਨੇ ਸਰੀਰ ਨਗਰੀ ਦਾ ਰਾਜਾ ਫ਼ੁਰਮਾਨ ਕੀਤਾ ਹੈ:--

## ੧੩

## ਮਨ ਰਾਜਾ ਸੁਲਤਾਨ

ਸ੍ਰੀ ਅਕਾਲ ਸਹਾਇ

੭੪- **ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ**
**ਮਨ ਮਹਿ ਮੈਲੁ ਗੁਮਾਨੁ ॥ ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ੪ ॥** [੬੦]-੧੨

**ਅਰਥ:**--ਵਿਦਿਆ ਪੜ੍ਹ ਪੜ੍ਹ ਕੇ (ਮਨ ਵਿਚ ਵਿਦਿਆ ਦਾ ਹੰਕਾਰ ਹੋ ਜਾਣ ਦੇ ਕਾਰਨ) ਕੁਰਾਹੇ ਪਈਦਾ ਹੈ, (ਗ੍ਰਿਹਸਤ-ਤਿਆਗੀਆਂ ਦੇ) ਭੇਖਾਂ ਨਾਲ ਵੀ (ਮਨ ਵਿਚ) ਬੜਾ ਮਾਣ ਪੈਦਾ ਹੁੰਦਾ ਹੈ। ਤੀਰਥਾਂ ਤੇ ਇਸ਼ਨਾਨ ਕਰਨ ਨਾਲ ਵੀ (ਤੀਰਥ ਇਸ਼ਨਾਨੀ ਹੋਣ ਦੇ) ਹੰਕਾਰ ਦੀ ਮੈਲ ਵਿਗਾੜ ਪੈਦਾ ਕਰਦੀ ਹੈ। ਮਨ (ਇਸ ਸਰੀਰ ਨਗਰੀ ਦਾ) ਰਾਜਾ ਬਣੀ ਬੈਠਾ (ਹੁੰਦਾ ਹੈ)। ਗੁਰੂ ਤੋਂ ਬਿਨਾ ਇਸ ਨੂੰ ਸਮਝਾ ਕੋਈ ਨਹੀਂ ਸਕਿਆ। ੪।

ਗੁਰੂ ਦੀ ਮਤਿ ਅਨੁਸਾਰ ਤੁਰਨ ਦੇ ਰਾਹ ਵਿਚ ਵੀ ਮਨ ਹੀ ਰੁਕਾਵਟਾਂ ਪਾਉਂਦਾ ਹੈ। ਮਨ ਹੀ ਸੰਸਾਰੀ ਪਦਾਰਥਾਂ ਦੇ ਲੋਭ ਵਿਚ ਮਨੁੱਖ ਨੂੰ ਫ਼ਸਾਉਦਾ ਹੈ ਅਤੇ ਜੀਵਆਤਮਾ ਨੂੰ ਖ਼ੁਆਰ ਕਰਦਾ ਹੈ:---

੭੫- **ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥ ੩ ॥**
**ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥ ੪ ॥**[੪੧੯]-੧੫

**ਅਰਥ:**--(ਮਾਇਆ ਦਾ ਲੋਭੀ ਇਹ) ਮਨ (ਸਰੀਰ-ਨਗਰ ਦਾ) ਰਾਜਾ (ਬਣ ਬੈਠਦਾ ਹੈ) ਲੋਭ ਵਿਚ ਫਸਿਆ ਸਦਾ ਮਾਇਆ ਦਾ ਲੋਭ ਹੀ ਕਰਦਾ ਰਹਿੰਦਾ ਹੈ। ਗੁਰੂ ਦੀ ਸਰਨ ਪੈ ਕੇ ਜਿਹੜਾ ਮਨੁੱਖ ਮਨ ਦਾ ਲੋਭ ਦੂਰ ਕਰ ਲੈਂਦਾ ਹੈ ਉਸ ਦੀ ਪਰਮਾਤਮਾ ਨਾਲ ਪ੍ਰੀਤ ਬਣ ਆਉਂਦੀ ਹੈ **। ੩ ।** ਜੇ ਕੱਲਰ ਵਿਚ ਖੇਤੀ ਬੀਜੀ ਜਾਏ, ਤਾਂ (ਬੀਜਣ ਵਾਲਾ ) ਉਸ ਵਿਚੋਂ ਲਾਭ ਨਹੀਂ ਲੈ ਸਕਦਾ। (ਤਿਵੇਂ) ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਝੂਠ ਵਿਚ ਰੁਲਦਾ ਹੈ ਅਤੇ ਪਰਮਾਤਮਾ ਵਿਚ ਰਚ-ਮਿਚ ਨਹੀ ਸਕਦ। ੪।

੭੬- **ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥**
**ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥ ੩ ॥**[੧੧੨੫]-੧-੨

**ਅਰਥ:**--(ਗੁਰੂ ਦੀ ਮਿਹਰ ਨਾਲ) ਜਿਹੜਾ ਮਨ ਆਪਣੇ ਸਰੀਰਕ ਇੰਦ੍ਰਿਆਂ ਦਾ ਰਾਜਾ ਹੋ ਗਿਆ (ਭਾ:, ਸਰੀਰ ਦੇ ਇੰਦ੍ਰਿਆਂ ਤੇ ਕਾਬੂ ਪਾਉਣ ਜੋਗਾ ਹੋ ਗਿਆ) ਉਹ ਮਨ ਮਾਇਕ ਫੁਰਨਿਆਂ ਦੇ ਪਿੱਛੇ ਦੌੜ-ਭੱਜ ਬੰਦ ਕਰਨੀ ਮੰਨ ਗਿਆ, ਉਸ ਮਨ ਦੀ ਵਾਸਨਾ ਉਸ ਦੇ ਆਪਣੇ ਅੰਦਰ ਹੀ ਲੀਨ ਹੋ ਗਈ। (ਗੁਰੂ ਦੀ ਮਿਹਰ ਨਾਲ ਉਹ) ਮਨ ਪ੍ਰਭੂ-ਚਰਨਾਂ ਦਾ ਮਿਲਾਪੀ ਹੋ ਗਿਆ, ਉਹ ਆਪਾ-ਭਾਵ ਵਲੋਂ ਖ਼ਤਮ ਹੋ ਕੇ ਪ੍ਰਭੂ (-ਦੀਦਾਰ) ਦਾ ਪ੍ਰੇਮੀ ਹੋ ਗਿਆ। ਉੱਚੀ ਸੂਝ ਵਾਲਾ ਹੋ ਚੁੱਕਾ ਅਜੇਹਾ ਮਨ, ਫਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨ ਲੱਗ ਪੈਂਦਾ ਹੈ। ੩।

੧੪

# ਮਨ ਹਾਥੀ

ਮਨ ਦੇ ਅਮੋੜ ਪੁਣੇ ਨੂੰ ਅਥਵਾ **ਚੰਚਲਤਾਈ** ਆਦਿ ਨੂੰ ਗੁਰਬਾਣੀ ਵਿਚ ਪਸ਼ੂ ਪੰਖੀਆਂ ਦੇ ਸੁਭਾ ਨਾਲ ਤੁਲਣਾ ਦਿੱਤੀ ਹੈ:--

੭੭- **ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭਾ ਸੁ ਮਾਨੈ ॥ ੧ ॥**[੨੨੧]-੨
**[ਨੋਟ--ਜਿਸ ਗੁਰੂ ਸ਼ਬਦ ਦੀ ਇਹ ਤੁਕ ਹੈ ਉਹ ਪੂਰਾ ਗੁਰੂ-ਸ਼ਬਦ ਅੱਗੇ ੧੩੧ ਨੰਬਰ ਤੇ ਅਰਥਾਂ ਸਮੇਤ ਲਿਖਿਆ ਗਿਆ ਹੈ]**

੭੮- **ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥**
**ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥ ੨ ॥ ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥**
**ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥ ੩ ॥**[੧੫੯]-੫-੨੫

**ਅਰਥ:**--ਜਦੋਂ ਮਨੁੱਖ, ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਵਾਲਾ ਆਚਰਨ ਬਣਾ ਲੈਣ ਦੀ ਕਾਰ ਕਰਦਾ ਹੈ, ਤਦੋਂ ਉਸ ਨੂੰ ਇਸ ਮਨ (ਦੇ ਸੁਭਾਵ) ਦੀ ਸਮਝ ਆ ਜਾਂਦੀ ਹੈ, ਕਿ (ਉਸ ਦਾ) ਮਨ ਹਉਮੈ ਵਿਚ ਇਉਂ ਮਸਤ ਰਹਿੰਦਾ ਹੈ, ਜਿਵੇਂ ਕੋਈ ਹਾਥੀ ਸ਼ਰਾਬ ਵਿਚ ਮਸਤ ਹੋਵੇ। ਫਿਰ ਗੁਰੂ ਹੀ (ਆਤਮਕ ਮੌਤ ਮਰੇ ਹੋਏ ਇਸ ਮਨ ਨੂੰ ਆਪਣੇ ਸ਼ਬਦ-ਗਿਆਨ ਦਾ) ਅੰਕਸ ਮਾਰ ਕੇ ਮੁੜ ਆਤਮਕ ਜੀਵਨ ਬਖ਼ਸ਼ਦਾ ਹੈ **। ੨ ।** ਇਹ ਮਨ (ਸੌਖੇ ਤਰੀਕੇ ਨਾਲ) ਵੱਸ ਵਿਚ ਨਹੀਂ ਆ ਸਕਦਾ, ਕੋਈ ਵਿਰਲਾ ਮਨੁੱਖ (ਗੁਰੂ ਦੀ ਸਰਨ ਪੈ ਕੇ ਇਸ ਨੂੰ) ਵੱਸ ਵਿਚ ਲਿਆਉਂਦਾ ਹੈ। ਜਦੋਂ ਮਨੁੱਖ (ਗੁਰੂ ਦੀ ਸਹਾਇਤਾ ਨਾਲ ਆਪਣੇ ਮਨ ਦੇ) ਅਮੋੜ-ਪੁਣੇ ਨੂੰ ਮੁਕਾ ਲੈਂਦਾ ਹੈ, ਤਦੋਂ ਮਨ ਪਵਿਤ੍ਰ ਹੋ ਜਾਂਦਾ ਹੈ। ਗੁਰੂ ਦੀ ਸ਼ਰਨ ਪੈਣ ਵਾਲਾ ਮਨੁੱਖ ਇਸ ਮਨ ਨੂੰ ਸੋਹਣਾ ਬਣਾ ਲੈਂਦਾ ਹੈ, ਉਹ (ਆਪਣੇ ਅੰਦਰੋਂ) ਹਉਮੈ ਛੱਡ ਦਿੰਦਾ ਹੈ ਵਿਕਾਰ ਤਿਆਗ ਦਿੰਦਾ ਹੈ। ੩।

੭੯- **ਮਨੁ ਕੁੰਚਰੁ ਪੀਲਕੁ ਗੁਰੂ, ਗਿਆਨੁ ਕੁੰਡਾ, ਜਹ ਖਿੰਚੇ ਤਹ ਜਾਇ ॥**
**ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥ ੨ ॥**[੫੧੬]-ਵਾਰ-੨੦

**ਅਰਥ:**--ਮਨ (ਮਾਨੋਂ) ਹਾਥੀ ਹੈ, ਜੇ ਸਤਿਗੁਰੂ ਇਸ ਦਾ ਮਹਾਵਤ ਬਣੇ ਤੇ ਗੁਰੂ ਦੀ ਦਿੱਤੀ ਮਤਿ (ਇਸ ਦੇ ਸਿਰ ਤੇ) ਕੁੰਡਾ ਹੋਵੇ, ਤਾਂ ਇਹ ਮਨ ਓਧਰ ਜਾਂਦਾ ਹੈ ਜਿਧਰ ਗੁਰੂ ਤੋਰਦਾ ਹੈ। ਪਰ, ਹੇ ਨਾਨਕ ! ਕੁੰਡੇ ਤੋਂ ਬਿਨਾ ਹਾਥੀ ਮੁੜ ਮੁੜ ਕੁਰਾਹੇ ਪੈਂਦਾ ਹੈ। ੨।

੮੦- **ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥ ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉਕਰਿ ਜਾਇ ॥**
**ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੧॥**[੫੦੯]-ਵਾਰ-੪

**ਅਰਥ:**--ਹੇ ਕਬੀਰ ! (ਮਾਇਆ ਦੇ ਮੋਹ ਤੋਂ) ਖ਼ਲਾਸੀ ਪਾਉਣ ਦਾ ਦਰਵਾਜ਼ਾ ਇਤਨਾ ਸੁੰਗੜਿਆ ਹੋਇਆ ਹੈ ਕਿ ਰਾਈ ਦੇ ਦਾਣੇ ਤੋਂ ਵੀ ਦਸਵਾਂ ਹਿੱਸਾ ਹੈ, ਪਰ ਸਾਡਾ ਮਨ (ਹਉਮੈ ਨਾਲ) ਮਸਤ ਹਾਥੀ ਬਣਿਆ ਪਿਆ ਹੈ (ਇਸ ਵਿਚੋਂ) ਕਿਵੇ ਲੰਘਿਆ ਜਾ ਸਕੇ ? ਜੇ ਕੋਈ ਅਜੇਹਾ ਗੁਰੂ ਮਿਲ ਪਏ ਜੋ ਪ੍ਰਸੰਨ ਹੋ ਕੇ ਸਾਡੇ ਉਤੇ ਕਿਰਪਾ ਕਰੇ, ਤਾਂ ਮੁਕਤੀ ਦਾ ਰਾਹ ਬੜਾ ਖੁਲ੍ਹਾ ਹੋ ਜਾਂਦਾ ਹੈ, ਉਸ ਵਿਚੋ ਸੌਖੇ ਹੀ ਆ ਜਾ ਸਕੀਦਾ ਹੈ (ਭਾਵ, ਗੁਰੂ ਦੇ ਗਿਆਨ ਤੇ ਤੁਰਿਆਂ ਮਨ ਸੰਤੋਖੀ ਹੋ ਕੇ ਪ੍ਰਭੂ ਪ੍ਰੇਮ ਵਿਚ ਰੰਗਿਆ ਜਾਂਦਾ ਹੈ)। ੧।

੧੫

# ਮਨ ਡੱਡੂ

੮੧- **ਮਨੁ ਮੁਗਧੌ ਦਾਦਰੁ ਭਗਤਿ ਹੀਨੁ ॥ ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥**
**ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ ਸਭਿ ਦੂਖ ਸਖਾਈ ਗੁਣਹ ਬੀਨ ॥ ੩ ॥**[੧੧੮੮]-੨

**ਅਰਥ:**--ਮੂਰਖ ਮਨ ਭਗਤੀ ਤੋਂ ਵਾਂਜਿਆ ਰਹਿੰਦਾ ਹੈ, (ਇਹ ਮੂਰਖ ਮਨ, ਮਾਨੋ) ਡੱਡੂ ਹੈ ( ਜੋ ਨੇੜੇ ਹੀ ਉ `ਗੇ ਹੋਏ ਕੌਲ ਫੁੱਲ ਦੀ ਕਦਰ ਨਹੀਂ ਜਾਣਦਾ) । (ਕੁਰਾਹੇ ਪਿਆ ਹੋਇਆ ਮਨ) ਪ੍ਰਭੂ ਦੇ ਦਰ ਤੋਂ ਡਿੱਗਿਆ ਹੋਇਆ ਹੈ, (ਮਾਨੋ) ਸਰਾਪਿਆ ਹੋਇਆ, ਪਰਮਾਤਮਾ ਦੇ ਨਾਮ ਤੋਂ ਸੱਖਣਾ ਹੈ । ਜੇਹੜਾ ਮਨੁੱਖ ਨਾਮ ਤੋਂ ਖ਼ਾਲੀ ਹੈ ਉਸ ਦੀ ਨਾ ਕੋਈ ਚੰਗੀ ਜਾਤਿ ਹੈ ਨਾ ਚੰਗੀ ਕੁਲ ਹੈ, ਕੋਈ ਉਸ ਦਾ ਨਾਮ ਤਕ ਨਹੀਂ ਲੈਂਦਾ, ਉਹ ਆਤਮਕ ਗੁਣਾਂ ਤੋਂ ਵਾਂਜਿਆ ਰਹਿੰਦਾ ਹੈ, ਸਾਰੇ ਦੁਖ ਹੀ ਦੁਖ ਉਸ ਦੇ ਸਾਥੀ ਬਣੇ ਰਹਿੰਦੇ ਹਨ ।

੮੨- **ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀਂ ਮੂਲਿ ਪਾਈ ॥**
**ਭਉਰ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਂਈ ॥ ੨ ॥**[੨੪]-੨੭

**ਅਰਥ:**--(ਜਦ ਤੱਕ) ਸਰੀਰ ਦੇ ਅੰਦਰ ਵਿਕਾਰਾਂ ਦਾ ਚਿੱਕੜ ਹੈ, ਤੇ ਇਹ ਮਨ (ਉਸ ਚਿੱਕੜ ਵਿਚ) ਡੱਡੂ (ਬਣ ਕੇ ਰਹਿੰਦਾ) ਹੈ, (ਚੱਕੜ ਵਿਚ ਉ `ਗੇ ਹੋਏ) ਕੌਲ ਫੁੱਲ ਦੀ ਕਦਰ (ਇਸ ਡੱਡੂ-ਮਨ) ਨੂੰ ਨਹੀਂ ਪੈ ਸਕਦੀ (ਭਾਵ, ਹਿਰਦੇ ਵਿਚ ਵੱਸਦੇ ਪ੍ਰਭੂ ਦੀ ਸੂਝ ਨਹੀਂ ਆ ਸਕਦੀ) । ਭੌਰਾ ਆ ਕੇ ਕੌਲ ਫੁੱਲ ਉਤੇ ਗੁੰਜਾਰ ਪਾਉਂਦਾ ਹੈ, ਪਰ ਕੌਲ ਫੁੱਲ ਦੇ ਨੇੜੇ ਹੀ ਚਿੱਕੜ ਵਿਚ ਮਸਤ ਡੱਡੂ ਫੁੱਲ ਦੀ ਕਦਰ ਨਹੀਂ ਜਾਣਦਾ । (ਗੁਰੂ-) ਭੌਰਾ ਸਦਾ (ਹਰੀ-ਸਿਮਰਨ ਦਾ) ਉਪਦੇਸ਼ ਕਰਦਾ ਹੈ, ਪਰ ਇਹ ਡੱਡੂ-ਮਨ ਉਸ ਉਪਦੇਸ਼ ਨੂੰ ਨਹੀਂ ਸਮਝਦਾ, ਇਸ ਨੂੰ ਅਜੇਹੀ ਸਮਝ ਨਹੀਂ ਹੈ । ੨ ।

੧੬

## ਮਨ ਕਰਹਲਾ

[ਕਰਹਲਾ = ਊਠ" **ਜੈਸੇ ਕਰਹਲੁ ਬੇਲਿ ਰੀਝਾਈ** " ॥ (ਆਸਾ ਮ: ੪)**]** ਸਦਾ ਪਰਦੇਸੀਂ ਤੁਰੇ ਰਹਿਣ ਵਾਲਾ ਸੌਦਾਗਰਾਂ ਦਾ ਊਠ ।

੮੩- **ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥ ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥ ੧ ॥ ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥ ੧ ॥ ਰਹਾਉ ॥**[੨੩੪]--੧

**ਅਰਥ:**--ਹੇ (ਬੇ-ਮੁਹਾਰ) ਊਠ (ਮੇਰੇ) ਮਨ ! ਪਰਮਾਤਮਾ ਦੇ ਰੂਪ ਗੁਰੂ ਨੂੰ ਚੇਤੇ ਰੱਖ । ੧ । ਰਹਾਉ । ਹੇ ਬੇ-ਮੁਹਾਰ ਮਨ ! ਹੇ ਏਥੇ ਪਰਦੇਸ ਵਿਚ ਰਹਿਣ ਵਾਲੇ ਮਨ (ਤੂੰ ਸਦਾ ਇਸ ਵਤਨ ਵਿਚ ਨਹੀਂ ਟਿਕੇ ਰਹਿਣਾ । ਕਦੇ ਸੋਚ ਕਿ ਉਸ) ਪਰਮਾਤਮਾ ਨੂੰ ਕਿਵੇਂ ਮਿਲਿਆ ਜਾਵੇ ਜਿਹੜਾ ਮਾਂ (ਵਾਂਗ ਸਾਨੂੰ ਪਾਲਦਾ ਹੈ)।(ਹੇ ਬੇ-ਮੁਹਾਰ ਮਨ ! ਜਿਸ ਮਨੁੱਖ ਨੂੰ) ਪੂਰੀ ਕਿਸਮਤ ਨਾਲ ਗੁਰੂ ਮਿਲ ਪੈਂਦਾ ਹੈ, ਪਿਆਰਾ ਪਰਮਾਤਮਾ ਉਸ ਨੂੰ ਗਲ ਨਾਲ ਆ ਲੱਉਂਦਾ ਹੈ । ੧ ।

੧੭

## ਮਨ ਪੰਛੀ--

੮੪ **ਤਰਵਰੁ ਕਾਇਆ, ਪੰਖਿ ਮਨੁ, ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ, ਤਿਨ ਕਉ ਫਾਸ ਨ ਰੰਚ ॥**
**ਉਡਹਿ ਤ ਬੇਗੁਲ ਬੇਗੁਲੇ, ਤਾਕਹਿ ਚੋਗ ਘਣੀ ॥ ਪੰਖ ਤੁਟੇ, ਫਾਹੀ ਪੜੀ, ਅਵਗੁਣਿ ਭੀੜ ਬਣੀ..॥ ੩੩ ॥**[੯੩੪]-ੳ

**ਅਰਥ:**--(ਮਨੁੱਖਾ) ਸਰੀਰ ਇਕ ਰੁੱਖ (ਸਮਾਨ) ਹੈ, ਇਸ ਰੁੱਖ ਉਤੇ ਮਨ ਪੰਛੀ ਦੇ ਪੰਜ (ਗਿਆਨ ਇੰਦ੍ਰੇ) ਪੰਛੀ ਬੈਠੇ ਹੋਏ ਹਨ । (ਜਿਨ੍ਹਾਂ ਮਨੁੱਖਾਂ ਦੇ ਇਹ ਪੰਛੀ-ਮਨ ਅਤੇ ਗਿਆਨ ਇੰਦ੍ਰੇ) ਪ੍ਰਭੂ ਨਾਲ ਮਿਲ ਕੇ ' ਨਾਮ-ਰੂਪ ' ਫਲ ਖਾਂਦੇ ਹਨ, ਉਨ੍ਹਾਂ ਨੂੰ ਰਤਾ ਵੀ (ਮਾਇਆ ਦੀ) ਫਾਹੀ ਨਹੀਂ ਪੈਂਦੀ । (ਪਰ ਜੋ) ਕਾਹਲੀ ਕਾਹਲੀ ਉ `ਡਦੇ ਹਨ ਤੇ ਬਹੁਤੇ ਚੋਗੇ (ਭਾਵ, ਬਹੁਤੇ ਪਦਾਰਥ) ਤੱਕਦੇ ਫਿਰਦੇ ਹਨ, (ਉਨ੍ਹਾਂ ਦੇ) ਖੰਭ ਟੁੱਟ ਜਾਂਦੇ ਹਨ (ਉਨ੍ਹਾਂ ਨੂੰ ਮਾਇਆ ਦੀ ਫਾਹੀ ਆ ਪੈਂਦੀ ਹੈ ਤੇ (ਬਹੁਤੀ ਚੋਗ ਵੱਲ ਤੱਕਣ ਦੇ) ਔਗਣ ਬਦਲੇ ਉਨ੍ਹਾਂ ਉਤੇ ਇਹ ਬਿਪਤਾ ਆ ਬਣਦੀ ਹੈ ।

੮੫- **ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹ ਦਿਸ ਜਾਇ ॥**
**ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥ ੮੬ ॥** [੧੩੬੯]

੧੮

## ਮਨ ਮੋਰੁ-

੮੬- **ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥ ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ॥**
**ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥ ਜਨ ਨਾਨਕ ਪ੍ਰੇਮਿ ਰਤੰਨਾ ॥ ੪ ॥**[੧੭੩]-੧-੨੭-੬੫

**ਅਰਥ:--(**ਜਿਵੇਂ) ਸਾਵਣ ਦੇ ਮਹੀਨੇ ਵਿਚ ਬੱਦਲ (ਵਰ੍ਹਦਾ ਹੈ ਤੇ) ਜਗਤ ਨੂੰ (ਧਰਤੀ ਨੂੰ) ਜਲ ਨਾਲ ਭਰਪੂਰ ਕਰ ਦਿੰਦਾ ਹੈ )ਉਸ ਬੱਦਲ ਨੂੰ ਵੇਖ ਵੇਖ ਕੇ) ਮੋਰ ਆਪਣੀ ਮਿੱਠੀ ਬੋਲੀ ਵਿਚ ਬੋਲਦਾ ਹੈ, (ਤਿਵੇਂ ਗੁਰੂ) ਨਾਮ-ਅੰਮ੍ਰਿਤ ਨਾਲ ਜਗਤ ਨੂੰ ਪ੍ਰਭਾਵਿਤ ਕਰਦਾ ਹੈ (ਜਿਸ ਵਡ-ਭਾਗੀ ਉਤੇ ਮਿਹਰ ਹੁੰਦੀ ਹੈ ਉਸ ਦਾ) ਮਨ ਉਛਾਲੇ ਮਾਰਦਾ ਹੈ (ਉਹ ਮਨੁੱਖ ਗੁਰੂ ਦੇ) ਸ਼ਬਦ ਨੂੰ ਆਪਣੇ ਮੂੰਹ ਵਿਚ ਪਾਉਂਦਾ ਹੈ । (ਜਿਸ ਮਨੁੱਖ ਦੇ ਹਿਰਦੇ ਵਿਚ) ਨਾਮ ਅੰਮ੍ਰਿਤ ਆ ਵੱਸਦਾ ਹੈ (ਜਿਸ ਨੂੰ) ਪਰਮਾਤਮਾ ਮਿਲ ਪੈਂਦਾ ਹੈ ਉਹ ਪ੍ਰਭੂ-ਪ੍ਰੇਮ ਵਿਚ ਰੰਗਿਆ ਜਾਂਦਾ ਹੈ । ੪ ।

੧੯

## ਮਨ ਬੈਲ (ਬਲਦ)

੮੭- **ਘਟ ਅਵਘਟ ਡੂਗਰ ਘਣਾ, ਇਕੁ ਨਿਰਗੁਣੁ ਬੈਲੁ ਹਮਾਰ ॥**
**ਰਮਈਏ ਸਿਉ ਇਕ ਬੇਨਤੀ, ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥**[੩੪੫]-੧

**ਅਰਥ:**--(ਜਿੰਨ੍ਹੀ ਰਾਹੀਂ ਪ੍ਰਭੂ ਦੇ ਨਾਮ ਦਾ ਸੌਦਾ ਲੱਦ ਕੇ ਲੈ ਜਾਣ ਵਾਲਾ ਮੇਰਾ ਟਾਂਡਾ ਲੰਘਣਾ ਹੈ, ਉਹ) ਬੜੇ ਔਖੇ ਪਹਾੜੀ ਰਸਤੇ ਹਨ, ਤੇ ਮੇਰਾ (ਮਨ-) ਬਲਦ ਮਾੜਾ ਜਿਹਾ ਹੈ, (ਭਾਵ, ਮੇਰਾ ਮਨ ਮਾਇਆ ਅੱਗੇ ਝੱਟ ਡੋਲ ਜਾਣ ਵਾਲਾ ਹੈ) ਪਿਆਰੇ ਪ੍ਰਭੂ ਅੱਗੇ ਹੀ ਮੇਰੀ ਅਰਜ਼ੋਈ ਹੈ--ਹੇ ਪ੍ਰਭੂ ! ਮੇਰੀ ਰਾਸ-ਪੂੰਜੀ ਦੀ ਤੂੰ ਆਪ ਹੀ ਰਖਿਆ ਕਰ (ਮੇਰਾ ਮਨ ਆਪਣੇ ਚਰਨਾਂ ਵਿਚ ਜੋੜੀ ਰੱਖ)। ੧ ।

੨੦

## ਮਨ ਕਾਲਾ ਹਰਨ--ਮਨ ਭੌਰਾ

੮੮- **ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥ ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥ ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ ॥ ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥ ੧ ॥ ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥ ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ॥ ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ ॥ ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ ॥ ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥ ੨ ॥** [੪੩੮]-ਛੰਤ-੧-੫

**ਅਰਥ:**--ਹੇ ਕਾਲੇ ਹਰਣ ! (ਹੇ ਕਾਲੇ ਹਰਣ ਵਾਂਗ ਸੰਸਾਰ-ਬਨ ਵਿਚ ਬੇ-ਪਰਵਾਹ ਹੋ ਕੇ ਚੁੰਗੀਆਂ ਮਾਰਨ ਵਾਲੇ ਮਨ !) ਤੂੰ ਇਸ (ਜਗਤ-)ਫੁਲਵਾੜੀ ਵਿਚ ਕਿਉਂ ਮਸਤ ਹੋ ਰਿਹਾ ਹੈਂ ? (ਇਸ ਫੁਲਵਾੜੀ ਦਾ) ਫਲ ਜ਼ਹਰ ਹੈ, ( ਭਾਵ, ਆਤਮਕ ਮੌਤ ਪੈਦਾ ਕਰਦਾ ਹੈ) ਇਸ ਥੋਹੜੇ ਦਿਨ ਹੀ ਸੁਆਦਲਾ ਲੱਗਦਾ ਹੈ, ਪਰਮਾਤਮਾ ਦੇ ਨਾਮ ਤੋਂ ਬਿਨਾ ਫਿਰ ਇਹ ਬਹੁਤ ਦੁਖਦਾਈ ਬਣ ਜਾਂਦਾ ਹੈ । (ਇਹ-ਮਾਇਆ-ਫਲ) ਸਮੁੰਦਰ ਦੀਆਂ ਲਹਿਰਾਂ ਵਾਂਗ ਅਥਵਾ ਬਿਜਲੀ ਦੀ ਚਮਕ ਵਾਂਗ (ਥੁਹੜਾ ਸਮਾ ਹੀ ਰਹਿੰਦਾ ਹੈ । (ਹੇ ਹਰਨ ਵਾਂਗ ਚੁੰਗੀਆਂ ਮਾਰਨ ਵਾਲੇ ਮਨ !) ਜਿਸ ਪਰਮਾਤਮਾ ਦੇ ਨਾਮ ਨੂੰ ਤੂੰ ਭੁਲਾਈ ਬੈਠਾ ਹੈਂ, ਕੇਵਲ ਉਹ ਪ੍ਰਭੂ ਹੀ ਤੇਰਾ ਰਾਖਾ ਹੈ (ਅਤੇ ਉਹੀ ਸਦਾ ਨਾਲ ਨਿਭਣ ਵਾਲਾ ਹੈ) । ਸੋ ਹੇ ਕਾਲੇ ਹਰਨ । ਹੇ ਮਨ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਨੂੰ ਸਿਮਰ, ਨਹੀਂ ਤਾਂ (ਇਸ ਜਗਤ-ਫੁਲਵਾੜੀ ਵਿਚ ਮਸਤ ਹੋ ਕੇ) ਤੂੰ ਆਪਣੀ ਆਤਮਕ ਮੌਤ ਸਹੇੜ ਲਵੇਂਗਾ ।੧। ਹੇ (ਹਰੇਕ) ਫੁੱਲ ਫੁੱਲ ਤੇ ਉ ੱਡਣ ਵਾਲੇ ਭੌਰੇ (ਮਨ !) (ਫੁੱਲ ਫੁੱਲ ਦੀ ਸੁਗੰਧੀ ਲੈਂਦੇ ਫਿਰਨ ਵਿਚੋਂ) ਬੜਾ ਭਾਰੀ ਦੁੱਖ ਨਿਕਲਦਾ ਹੈ । (ਹੇ ਭੌਰੇ ਮਨ ! ਤੇਰੀ ਇਹ ਹਾਲਤ) ਵਿਚਾਰ ਕੇ ਮੈਂ ਆਪਣੇ (ਉਸ ਗੁਰੂ) ਕੋਲੋਂ ਪੁਛਿਆ ਹੈ ਜਿਹੜਾ ਸਦਾ-ਥਿਰ ਪ੍ਰਭੂ ਨੂੰ ਸਦਾ ਆਪਣੇ ਵਿਚਾਰ ਮੰਡਲ ਵਿਚ ਟਿਕਾਈ ਰੱਖਦਾ ਹੈ ਕਿ ਇਹ ਮਨ-ਭੌਰਾ ਤਾਂ ਵੇਲਾਂ ਫੁੱਲਾਂ ਉਤੇ (ਦੁਨੀਆ ਦੇ ਸੁੰਦਰ ਪਦਾਰਥਾਂ ਦੇ ਰਸਾਂ ਵਿਚ) ਮਸਤ ਹੋ ਰਿਹਾ ਹੈ (ਇਸ ਦਾ ਕੀ ਬਣੇਗਾ ? ਮੈਨੂੰ ਗੁਰੂ ਨੇ ਮਤਿ ਦਿੱਤੀ ਹੈ ਕਿ) ਜਦੋਂ ਜਿੰਦਗੀ ਦੀ ਰਾਤ ਮੁੱਕ ਜਾਂਦੀ ਹੈ (ਜਦੋਂ ਦਿਨ ਚੜ੍ਹ ਪੈਂਦਾ ਹੈ) ਇਹ ਸਰੀਰ ਢਹਿ ਢੇਰੀ ਹੋ ਜਾਂਦਾ ਹੈ (ਵਿਕਾਰਾਂ ਵਿਚ ਫਸੇ ਰਹਿਣ ਕਰਕੇ ਜੀਵ ਇਉਂ ਦੁਖੀ ਹੁੰਦਾ ਹੈ ਜਿਵੇ) ਤੇਲ ਤਾਉੜੀ ਵਿਚ ਪਾ ਕੇ ਤਾਇਆ ਜਾਂਦਾ ਹੈ । ਹੇ (ਦੁਨੀਆ ਦੇ ਪਦਾਰਥਾਂ ਵਿਚ ਮਸਤ ਹੋਏ) ਭੂਤ ! ਸਤਿਗੁਰਾਂ ਦੇ ਸ਼ਬਦ ਤੋਂ ਖੁੰਝ ਕੇ ਤੂੰ ਬੜੇ ਵਡੇ ਦੁਖਦਾਈ ਰਸਤੇ ਤੇ ਪਿਆ ਹੋਇਆ ਖ਼ੁਆਰ ਹੋਵੇਂਗਾ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਹੇ ਮੇਰੇ ਮਨ ! ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਨੂੰ ਸਿਮਰ ਨਹੀਂ ਤਾਂ ਭੌਰੇ ( ਮਨ !) ਆਤਮ ਮੌਤ ਸਹੇੜ ਲਏਂਗਾ । ੨ ।

### ਮਨ-ਭੌਰੇ ਦਾ ਦੂਜਾ ਰੂਪ--

੮੯- **ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥**
**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥ ੧ ॥**[੬੯੪]-੨

**ਅਰਥ:**--(ਮੇਰੀ ਅਰਦਾਸ ਹੈ ਕਿ) ਮੈਂ ਚਿਤ ਨਾਲ ਪ੍ਰਭੂ ਦਾ ਸਿਮਰਨ ਕਰਦਾ ਰਹਾਂ, ਅੱਖਾਂ ਨਾਲ ਉਸ ਦੇ ਦੀਦਾਰ ਕਰਦਾ ਰਹਾਂ, ਕੰਨਾ ਵਿਚ ਉਸ ਦੀ ਬਾਣੀ ਤੇ ਉਸ ਦਾ ਸੋਹਣਾ ਜਸ ਭਰੀ ਰੱਖਾਂ, ਆਪਣੇ ਮਨ ਨੂੰ (ਪ੍ਰਭੂ ਦੇ ਚਰਨ-ਕਮਲਾਂ ਦਾ ਮਧੁਕਰ, ਭਾਵ,) ਭੌਰਾ ਬਣਾਈ ਰੱਖਾਂ, ਅਤੇ ਹਿਰਦੇ ਵਿਚ ਟਿਕਾ ਰੱਖਾਂ । ਜੀਭ ਨਾਲ ਉਸ ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਉਚਾਰਦਾ ਰਹਾਂ । ੧ ।

੨੧

## ਮਨ ਘੋੜਾ

੯੦- **ਦੇਹਿ ਮੁਹਾਰ, ਲਗਾਮੁ ਪਹਿਰਾਵਉ ॥ ਸਗਤ ਜੀਨੁ ਗਗਨ ਦਉਰਾਵਉ ॥ ੧ ॥ ਅਪਨੈ ਬੀਚਾਰਿ, ਅਸਵਾਰੀ ਕੀਜੈ ॥ ਸਹਜ ਕੈ ਪਾਵੜੈ, ਪਗੁ ਧਰਿ ਲੀਜੈ ॥ ੧ ॥ ਰਹਾਉ ॥ ਚਲੁ ਰੇ, ਬੈਕੁੰਠ ਤੁਝਹਿ ਲੇ ਤਾਰਉ ॥ ਹਿਚਹਿ, ਤ ਪ੍ਰੇਮ ਕੈ ਚਾਬੁਕ ਮਾਰਉ ॥ ੨ ॥ ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥ ੩ ॥**[੩੨੯]-੩੧

**ਅਰਥ**:--(ਮੈ ਤਾਂ ਆਪਣੇ ਮਨ-ਰੂਪ ਘੋੜੇ ਨੂੰ ਉਸਤਤਿ ਨਿੰਦਾ ਤੋਂ ਰੋਕਣ ਦੀ) ਪੂਜੀ (--ਲਗਾਮ ਦੇ ਹੇਠਾਂ ਘੋੜੇ ਦੇ ਪੇਟ ਵਲ ਤੰਗ ਨਾਲ ਬੰਧੀ ਰੱਸੀ ਆਦ, ਜੋ ਘੋੜੇ ਨੂੰ ਉਤਾਂਹ ਮੂੰਹ-ਸਿਰ ਨਹੀਂ ਮਾਰਨ ਦਿੰਦੀ) ਦੇ ਕੇ (ਪ੍ਰੇਮ ਦੀ ਲਗਨ ਦੀ) ਲਗਾਮ ਪਾਉਂਦਾ ਹਾਂ ਅਤੇ ਪ੍ਰਭੂ ਨੂੰ ਸਭ ਥਾਈਂ ਵਿਆਪਕ ਜਾਣਨਾ--ਇਹ ਕਾਠੀ ਪਾ ਕੇ (ਮਨ ਨੂੰ) ਨਿਰੰਕਾਰ ਦੇ ਦੇਸ ਦੀ ਉਡਾਰੀ ਲਵਾਉਂਦਾ ਹਾਂ (ਭਾਵ, ਮਨ ਨੂੰ ਪ੍ਰਭੂ ਦੀ ਯਾਦ ਵਿਚ ਜੋੜਾ ਹਾਂ) **। ੧ ।** (ਆਓ, ਭਾਈ !) ਆਪਣੇ ਸਰੂਪ ਦੇ ਗਿਆਨ-ਰੂਪ ਘੋੜੇ ਉ ੱਤੇ ਸਵਾਰ ਹੋ ਜਾਈਏ (ਭਾਵ, ਸਾਡਾ ਅਸਲਾ ਕੀ ਹੈ, ਇਸ ਵਿਚਾਰ ਨੂੰ ਘੋੜਾ ਬਣਾ ਕੇ ਇਸ ਉ ੱਤੇ ਸਵਾਰ ਹੋਈਏ, ਹਰ ਵੇਲੇ ਆਪਣੇ ਅਸਲੇ, ਪ੍ਰਭੂ ਦਾ ਚੇਤਾ ਰੱਖੀਏ), ਅਤੇ ਆਪਣੀ ਅਕਲ-ਰੂਪ ਪੈਰ ਨੂੰ ਸਹਿਜ ਅਵਸਥਾ ਦੀ ਰਕਾਬ ਵਿਚ ਰੱਖੀਏ **। ੧ । ਰਹਾਉ ।** ਚਲ, ਹੇ (ਮਨ-ਰੂਪ ਘੋੜੇ) ! ਤੈਨੂੰ ਬੈਕੁੰਠ ਦੀ ਸੈਰ ਕਰਾਵਾਂ, ਜੇ ਅੜੀ ਕੀਤੀਓਈ, ਤਾਂ ਤੈਨੂੰ ਮੈਂ ਪ੍ਰੇਮ ਦਾ ਚਾਬਕ ਮਾਰਾਂਗਾ **। ੨ ।** ਕਬੀਰ ਆਖਦਾ ਹੈ--(ਇਹੋ ਜਿਹੇ) ਸਿਆਣੇ ਅਸਵਾਰ (ਜੋ ਆਪਣੇ ਮਨ ਉ ੱਤੇ ਸਵਾਰ ਹੁੰਦੇ ਹਨ) ਵੇਦਾਂ ਤੇ ਕਤੇਬਾਂ ਤੋਂ ਵਖਰੇ ਰਹਿੰਦੇ ਹਨ (ਉਨ੍ਹਾਂ ਵਿਚ ਕੀ ਲਿਖਿਆ ਹੈ ?, ਇਸ ਬਾਰੇ ਪਤਾ ਕਰਨ ਦੀ ਅਜੇਹੇ ਪੰਧੀਆਂ ਨੂੰ ਕੋਈ ਲੋੜ ਨਹੀਂ ਰਹਿੰਦੀ) । ੩ । ।

੨੨

## ਮਨ ਚੰਚਲ, ਅਥਵਾ ਅਮੋੜ ਬਾਲਕ

ਮਨ ਦਾ ਟਿਕਾਉ ਲੱਭਣ ਲਈ ਕਈ ਤਰ੍ਹਾਂ ਦੀਆਂ ਸਾਧਨਾ ਕਰ ਕਰ ਕੇ ਕਈ ਸਾਧਕ ਹਾਰ ਗਏ ਪਰ ਕਿਸੇ ਸਾਧਨਾ ਨਾਲ ਮਨ ਕਾਬੂ ਨਹੀਂ ਆਇਆ । ਪੁਰਾਣਾ ਵਿਚ ਵਿਸ਼ਵਾਮਿਤ੍ਰ ਵਰਗੇ ਤਪੀਸ਼ਰਾਂ ਦੀਆਂ ਕਹਾਣੀਆਂ ਹਨ ਜਿਹੜੇ ਮਨ ਦੀ ਚੰਚਲਤਾਈ ਦੇ ਹਥੋਂ ਮਾਰ ਖਾ ਗਏ । ਜਪਾਂ ਤਪਾਂ ਨਾਲ ਮਨ ਹੰਕਾਰੀ ਤਾਂ ਜ਼ਰੂਰ ਹੋਇਆ, ਪਰ ਮਨ ਸਥਿਰ ਕਿਸੇ ਵਿਰਲੇ ਦਾ ਹੀ ਭਾਵੇਂ ਹੋਇਆ ਹੋਵੇ । ਕਿਉਂਕਿ ਹੰਕਾਰ-ਰਹਿਤ ਹੋ ਕੇ ਸਥਿਰ ਹੋਣ ਦੀ--**ਮਨੁ ਚੰਚਲੁ ਬਿਧਿ ਨਾਹੀ ਜਾਣੈ ॥** [੪੧੪] ੮੭-**ਮਨ ਚਚਲ ਬਹੁ ਚੋਟਾ ਖਾਇ ॥ ਏਥਹੁ ਛੁੜਕਿਆ ਠਉਰ ਨ ਪਾਇ ॥ ਗਰਭ ਜੋਨਿ ਵਿਸਟਾ ਕਾ ਵਾਸੁ ॥ ਤਿਤ ਘਰਿ ਮਨਮੁਖੁ ਕਰੇ ਨਿਵਾਸ ॥ ੩ ॥**[੩੬੨]-੬-੪੫ ਗੁਰਬਾਣੀ ਵਿਚ ਕਈ ਸ਼ਬਦਾਂ ਦੁਆਰਾ ਇਸ ਮਨ ਦੀ ਚੰਚਲਤਾ ਦਾ ਜ਼ਿਕਰ ਕੀਤਾ ਹੋਇਆ ਹੈ:--

੯੧- **ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥**

ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥ ੨ ॥[੬੮੫]-੩

**ਅਰਥ:**--ਇਹ ਸਦਾ ਭਟਕਦਾ ਰਹਿਣ ਵਾਲਾ ਮਨ ਦਸੀਂ ਪਾਸੀਂ ਦੌੜਦਾ ਹੈ । ਜਿਸ ਮਨੁੱਖ ਨੇ ਇਸ ਮਨ ਨੂੰ ਅਡੋਲ ਕਰ ਕੇ ਟਿਕਾ ਲਿਆ ਹੈ, ਸਮਝ ਲਉ ਕਿ ਉਸ ਮਨੁੱਖ ਨੂੰ ਵਿਕਾਰਾਂ ਤੋਂ ਖ਼ਲਾਸੀ ਮਿਲ ਗਈ । ੨ ।

੯੨- ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥ ੧ ॥[੧੧੯੧]-੧-੯

**ਅਰਥ:**--ਸਰੀਰ-ਨਗਰ ਵਿਚ (ਇਹ ਮਨ) ਇਕ (ਅਜਿਹਾ) ਅੰਞਾਣਾ ਬਾਲ ਵੱਸਦਾ ਹੈ ਜੋ ਰਤਾ ਭਰ ਸਮੇ ਲਈ ਵੀ ਟਿਕਿਆ ਨਹੀਂ ਰਹਿ ਸਕਦਾ । (ਇਸ ਨੂੰ ਟਿਕਾਉਣ ਵਾਸਤੇ ਲੋਕ) ਅਨੇਕਾਂ ਹੀਲੇ ਅਨੇਕਾਂ ਜਤਨ ਕਰ ਕੇ ਥਕ ਜਾਂਦੇ ਹਨ, ਪਰ ਇਹ ਮਨ ਮੁੜ ਮੁੜ ਭਟਕਦਾ ਹੈ । ੧ ।

੯੩- ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥ ੮ ॥[੨੨੨]-੩

**ਅਰਥ:**-- (ਆਤਮਕ ਗੁਣਾ ਤੋਂ ਸੱਖਣਾ) ਮਨ ਚੰਚਲ ਰਹਿੰਦਾ ਹੈ (ਮਾਇਆ ਦੇ ਪਿੱਛੇ) ਦੌੜਦਾ ਹੈ ਮੁੜ ਮੁੜ ਦੌੜਦਾ ਹੈ । ਸਦਾ ਥਿਰ ਰਹਿਣ ਵਾਲੇ ਤੇ (ਵਿਕਾਰਾਂ ਦੀ ਭਿੱਟ ਤੋਂ ) ਸੁੱਚੇ ਪਰਮਾਤਮਾ ਨੂੰ (ਮਨੁੱਖ ਦੇ ਮਨ ਦੀ ਇਹ) ਮੈਲ ਚੰਗੀ ਨਹੀਂ ਲੱਗਦੀ (ਇਸ ਵਾਸਤੇ ਇਹ ਪਰਮਾਤਮਾ ਤੋਂ ਵਿਛੁੜਿਆ ਰਹਿੰਦਾ ਹੈ) । ਹੇ ਨਾਨਕ ! ਜਿਹੜਾ ਮਨੁੱਖ ਗੁਰੂ ਦੀ ਸਰਣ ਪੈਂਦਾ ਹੈ, ਉਹ ਪਰਮਾਤਮਾ ਦੇ ਗੁਣ ਗਾਣ (ਗਿੱਝ ਜਾਂਦਾ ਹੈ (ਤੇ ਉਸ ਦਾ ਜਨਮ-ਮਨੋਰਥ ਸਿਰੇ ਚੜ੍ਹ ਜਾਂਦਾ ਹੈ) । ੮ ।

੯੪- ਧਾਇਓ ਰੇ ਮਨ ਦਹ ਦਿਸ ਧਾਇਓ ॥ ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥ ਹਰਿ ਕਥਾ ਹਰਿ ਜਸ ਸਾਧ ਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ ॥ ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ ॥ ੧ ॥ ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ ॥ ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥ ੨ ॥ ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥ ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥ ੩ ॥ ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥ ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥ ੪ ॥ ਕਰਉ ਬੇਨਤੀ ਸਾਧ ਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥ ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥[੭੧੨]-੧-੩

ਪੰਚਮ ਪਾਤਿਸ਼ਾਹ ਜੀ ਨੇ ਮਾਇਕ ਪਦਾਰਥਾਂ ਦੇ ਮਗਰ ਹਰ ਪਾਸੇ ਦੌੜਦੇ ਮਨ ਦੀ ਹਾਲਤ ਫ਼ੁਰਮਾਨ ਕੀਤੀ ਹੈ । ਚੰਚਲਤਾਈ ਵਿਚ ਪਿਆਂ ਮਨ ਨਾ ਕਦੇ ਭਲਾਈ ਦੇ ਕੰਮ ਵੱਲ ਜਾਂਦਾ ਹੈ ਅਤੇ ਨਾ ਹੀ ਪਰਮਾਤਮਾਂ ਦਾ ਸਿਮਰਨ ਕਰਦਾ ਹੈ । ਕਾਮ ਕ੍ਰੋਧ ਆਦਿ ਪੰਜਾਂ ਵਿਕਾਰਾਂ ਵਿਚ ਫਸਿਆ, ਮਾਇਆ ਦੇ ਨਸ਼ੇ ਵਿਚ ਮਸਤ ਪਤਮਾਤਮਾ ਨੂੰ ਭੁਲਾਈ ਰਖ ਕੇ ਮਨੁੱਖ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰਖਦਾ ਹੈ । ਵਾਹਿਗੁਰੂ ਹੀ ਮਿਹਰ ਕਰੇ ਤੇ ਇਸ ਮਨ ਨੂੰ ਸਾਧ ਸੰਗਤਿ ਨਾਲ ਜੋੜੇ । ਅਗਲੇ ਪਾਵਨ ਸ਼ਬਦ ਵਿਚ, ਨੌਵੇਂ ਗੁਰੂ ਨਾਨਕ ਸ੍ਰੀ ਗੁਰੂ ਤੇਗ਼ਬਹਾਦੁਰ ਜੀ ਮਨ ਤੇ ਕਾਬੂ ਪਾਉਣਾ, ਬੜਾ ਕਠਨ ਕੰਮ ਫ਼ੁਰਮਾਨ ਕਰਦੇ ਹਨ :--

੯੫- ਸਾਧੋ ਇਹੁ ਮਨੁ ਗਹਿਓ ਨ ਜਾਈ ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ, ਯਾ ਤੇ ਥਿਰੁ ਨ ਰਹਾਈ ॥ ੧ ॥ ਰਹਉ ॥ ਕਠਨ ਕ੍ਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥ ੧ ॥ ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥ ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥ ੨ ॥[੨੧੯]-੪

**ਅਰਥ:**--ਹੇ ਸੰਤ ਜਨੋ ! ਇਹ ਮਨ ਵੱਸ ਵਿਚ ਨਹੀਂ ਕੀਤਾ ਜਾ ਸਕਦਾ, (ਕਿਉਂਕਿ ਇਹ ਮਨ ਸਦਾ) ਅਨੇਕਾਂ ਹਾਵ-ਭਾਵ ਕਰਨ ਵਾਲੀ ਤ੍ਰਿਸ਼ਨਾ ਨਾਲ ਵੱਸਦਾ ਹੈ ਜਿਸ ਕਰਕੇ ਇਹ ਕਦੇ ਟਿਕ ਕੇ ਨਹੀਂ ਰਹਿੰਦਾ । **੧ । ਰਹਾਉ** । ਵੱਸ ਵਿਚ ਨਾ ਆਉਣ ਵਾਲਾ ਕ੍ਰੋਧ ਵੀ ਇਸ ਦੇ ਵਿਚ ਹੀ ਵੱਸਦਾ ਹੈ, ਜਿਸ ਨੇ (ਮਨੁੱਖ ਨੂੰ ਭਲੇ ਪਾਸੇ ਦੀ) ਸਾਰੀ ਹੋਸ਼ ਭੁਲਾ ਦਿੱਤੀ ਹੈ । (ਕ੍ਰੋਧ) ਨੇ ਹਰੇਕ ਮਨੁੱਖ ਦਾ ਸ੍ਰੇਸ਼ਟ ਗਿਆਨ ਚੁਰਾ ਲਿਆ ਹੈ, ਉਸ ਨਾਲ ਕਿਸੇ ਦੀ ਕੋਈ ਪੇਸ਼ ਨਹੀਂ ਜਾਂਦੀ । **੧** । ਸਾਰੇ ਜੋਗੀ (ਇਸ ਮਨ ਨੂੰ ਕਾਬੂ ਕਰਨ ਦੇ) ਜਤਨ ਕਰਦੇ ਥੱਕ ਗਏ, ਵਿਦਵਾਨ ਮਨੁੱਖ ਵਿਦਿਆ ਦੀਆਂ ਵਡਿਆਈਆਂ ਕਰਦੇ ਥੱਕ ਗਏ (ਨਾ ਜੋਗ-ਸਾਧਨ, ਨਾ ਵਿਦਿਆ--ਮਨ ਨੂੰ ਕੋਈ ਵੀ ਵੱਸ ਵਿਚ ਲਿਆਉਣ ਦੇ ਸਮਰੱਥ ਨਹੀਂ ਹੈ) । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਜਦੋਂ ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਤਾਂ (ਇਸ ਮਨ ਨੂੰ ਕਾਬੂ ਵਿਚ ਰੱਖਣ ਦੇ) ਸਾਰੇ ਢੋ ਢੁੱਕ ਪੈਂਦੇ ਹਨ । ੨ ।

ਮਨ ਦੀ ਚੰਚਲਤਾ ਨੂੰ ਮੋੜ ਕਿਵੇਂ ਪਵੇ ? ਬਸੰਤੁ ਰਾਗ ਦੇ ਪਾਵਨ ਗੁਰੂ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਅਨਮੋਲ ਸਿਖਿਆ :---

੯੬- ਚੰਚਲੁ ਚੀਤੁ ਨ ਪਾਵੈ ਪਾਰਾ॥ ਆਵਤ ਜਾਤ ਨ ਲਾਗੈ ਬਾਰਾ॥ ਦੂਖੁ ਘਣੋ ਮਰੀਐ ਕਰਤਾਰਾ॥ ਬਿਨੁ ਪ੍ਰਿਤਮ ਕੋ ਕਰੈ ਨ ਸਾਰਾ ॥ ੧ ॥ ਸਭ ਉਤਮ ਕਿਸੁ ਆਖਉ ਹੀਨਾ ॥ ਹਰਿ ਭਗਤੀ ਸਚਿ ਨਾਮਿ ਪਤੀਨਾ ॥ ੧ ॥ ਰਹਾਉ ॥ ਅਉਖਧ ਕਰਿ ਥਾਕੀ ਬਹੁਤੇਰੇ ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ॥ ਬਿਨ ਹਰਿ ਦੂਖ ਘਨੇਰੇ ॥ ਦੁਖ ਸੁਖ ਦਾਤੇ ਠਾਕੁਰ ਮੇਰੇ॥ ੨ ॥ ਰੋਗ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੁਝੈ ਸੋ ਕਾਟੈ ਪੀਰਾ॥ ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ॥ ੩ ॥ ਗੁਰ ਕਾ ਸਬਦੁ ਦਾਰੂ ਹਰਿ ਨਾਉ ॥ ਜਿਉ ਤੂ ਰਾਖਹੁ ਤਿਵੈ ਰਹਾਉ ॥ ਜਗੁ ਰੋਗੀ ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ ਨਿਰਮਲੁ ਨਾਉ ॥ ੪ ॥ ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥ ਗੁਰ ਮਹਲੀ ਸੋ ਮਹਲਿ ਬੁਲਾਵੈ ॥ ਮਨ ਮਹਿ ਮਨੂਆ ਚਿਤ ਮਹਿ ਚੀਤਾ ॥ ਐਸੇ ਹਰਿ ਕੇ ਲੋਗ ਅਤੀਤਾ ॥ ੫ ॥ ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖੁ ਹਰਿਨਾਮਿ ਨਿਵਾਸਾ ॥ ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥ ਗੁਰ ਦੀਆ ਸਚੁ ਅੰਮ੍ਰਿਤੁ ਪੀਵਉ ॥ ਸਹਜਿ ਮਰਉ ਜੀਵਤ ਹੀ ਜੀਵਉ ॥ ਅਪਣੋ ਕਰਿ ਰਾਖਹੁ ਗੁਰ ਭਾਵੈ ॥ ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥ ਭੋਗੀ ਕਉ ਦੁਖੁ ਰੋਗ ਵਿਆਪੈ ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ॥ ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥ ਨਾਨਕ ਰਾਮੁ ਰਵੈ ਹਿਤ ਚੀਤਾ ॥ ੮ ॥ ੪ ॥[੧੧੮੯]

**ਅਰਥ**:--ਸਾਰੀ ਲੁਕਾਈ ਚੰਗੀ ਹੈ, (ਕਿਉਂਕਿ ਸਭ ਵਿਚ ਪਰਮਾਤਮਾ ਆਪ ਮੌਜੂਦ ਹੈ) ਮੈਂ ਕਿਸੇ ਨੂੰ ਮਾੜਾ ਨਹੀਂ ਆਖ ਸਕਦਾ। (ਪਰ ਅਸਲ ਵਿਚ ਉਹੀ ਮਨੁੱਖ ਚੰਗਿਆਈ ਪ੍ਰਾਪਤ ਕਰਦਾ ਹੈ, ਜਿਸ ਦਾ ਮਨ) ਪਰਮਾਤਮਾ ਦੀ ਭਗਤੀ ਵਿਚ (ਜੁੜਦਾ ਹੈ) ਪ੍ਰਭੂ ਦੇ ਸਚੇ (-ਸਦਾ-ਥਿਰ)-ਨਾਮ ਵਿਚ (ਲੀਨ ਹੋ ਕੇ) ਪ੍ਰਸੰਨ ਹੁੰਦਾ ਹੈ । ੧ । ਰਹਾਉ ।

ਹੇ ਕਰਤਾਰ ! (ਮਾਇਆ ਦੇ ਮੋਹ ਵਿਚ ਫਸ ਕੇ) ਚੰਚਲ (ਹੋ ਚੁਕਿਆ) ਮਨਮ (ਆਪਣੇ ਉੱਦਮ ਨਾਲ) ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ, (ਹਰ ਵੇਲੇ) ਭਟਕਦਾ ਹੀ ਫਿਰਦਾ ਹੈ, ਰਤਾ ਭਰ ਵੀ ਨਹੀਂ ਟਿਕਦਾ, (ਏਹੀ ਕਾਰਨ ਹੈ ਕਿ ਮਨੁੱਖ ਨੂੰ) ਬਹੁਤ ਦੁਖ ਸਹਾਰਨਾ ਪੈਂਦਾ ਹੈ, ਤੇ ਆਤਮਕ ਮੌਤ ਹੋ ਜਾਂਦੀ ਹੈ। (ਇਸ ਬਿਪਤਾ ਵਿਚੋਂ) ਪ੍ਰੀਤਮ-ਪ੍ਰਭੂ ਤੋਂ ਬਿਨਾ ਹੋਰ ਕੋਈ ਧਿਰ ਸਹਾਇਤਾ ਨਹੀਂ ਕਰ ਸਕਦੀ **। ੧ ।** ਦੁਖ ਅਤੇ ਸੁਖ ਦੇਣ ਵਾਲੇ ਹੇ ਮੇਰੇ ਪਾਲਣਹਾਰ ! (ਮਨ ਨੂੰ ਚੰਚਲਤਾ ਦੇ ਰੋਗ ਤੋਂ ਬਚਾਉਣ ਲਈ) ਮੈਂ ਅਨੇਕ ਦਵਾਈਆਂ (ਭਾਵ, ਕਈ ਉੱਦਮ) ਕਰਕੇ ਹਾਰ ਗਈ ਹਾਂ, ਪਰ ਪਿਆਰੇ ਗੁਰੂ (ਦੀ ਸਹਾਇਤਾ) ਤੋਂ ਬਿਨਾ ਇਹ ਦੁੱਖ ਦੂਰ ਨਹੀਂ ਹੁੰਦਾ। ਪਰਮਾਤਮਾ ਦੀ ਭਗਤੀ ਤੋਂ ਬਿਨਾ (ਮਨ ਨੂੰ) ਅਨੇਕਾਂ ਹੀ ਦੁੱਖ ਆ ਘੇਰਦੇ ਹਨ **। ੨ ।** (ਚੰਚਲਤਾ ਦਾ ਇਹ) ਰੋਗ ਬਹੁਤ ਵਡਾ ਹੈ (ਇਸ ਦੇ ਹੁੰਦਿਆਂ) ਮੈਨੂੰ ਆਤਮਕ ਸ਼ਾਂਤੀ ਨਹੀਂ ਮਿਲਦੀ। (ਮੇਰੇ ਇਸ) ਰੋਗ ਨੂੰ (ਸਤਿ) ਗੁਰੂ (ਜੀ) ਹੀ ਸਮਝ ਸਕਦੇ ਹਨ ਤੇ ਉਹੀ ਮੇਰਾ ਦੁਖ ਕੱਟ ਸਕਦੇ ਹਨ। (ਇਸ ਰੋਗ ਦੇ ਕਾਰਨ) ਮੇਰੇ ਮਨ ਵਿਚ ਤੇ ਮੇਰੇ ਸਰੀਰ ਵਿਚ ਔਗਣ ਹੀ ਔਗਣ ਵਧ ਰਹੇ ਹਨ। ਢੂੰਢਦਿਆਂ ਤੇ ਭਾਲ ਕਰਦਿਆਂ (ਆਖ਼ਰ) ਸਤਿਗੁਰਾਂ ਨੇ ਮੈਨੂੰ ਵੀਰ-ਗੁਰਮੁਖਾਂ ਦੀ ਸੰਗਤਿ ਮਿਲਾ ਦਿੱਤੀ । ੩ ।

ਜਗਤ (ਆਪ ਹੀ) ਰੋਗੀ ਹੈ, ਮੈਂ ਕਿਸ ਨੂੰ ਲੱਭ ਕੇ ਆਪਣਾ ਰੋਗ ਦੱਸਾਂ ? ਇੱਕ ਪਰਮਾਤਮਾ ਹੀ ਪਵਿੱਤ੍ਰ ਹੈ, ਪਰਮਾਤਮਾ ਦਾ ਨਾਮ ਹੀ ਪਵਿਤ੍ਰ ਹੈ (ਗੁਰੂ ਦੀ ਸਰਨ ਪੈ ਕੇ ਇਹ ਹਰੀ-ਨਾਮ ਹੀ ਬਿਵਹਾਜਣਾ ਚਾਹੀਦਾ ਹੈ **। ੪ ।** ਸਤਿਗੁਰੂ (ਜੀ) ਹੀ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਵੇਖ ਕੇ ਹੋਰਨਾ ਨੂੰ ਵਿਖਾ ਸਕਦੇ ਹਨ, ਸਭ ਤੋਂ ਉੱਚੇ ਮਹਲ ਦੇ ਵਾਸੀ ਉਹ ਸਤਿਗੁਰੂ ਜੀ ਹੀ ਜੀਵ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਪੁਚਾ ਕੇ (ਉਥੇ ਟਿਕਾ ਸਕਦਾ ਹੈ ।) ਜਿੰਨ੍ਹਾਂ ਨੂੰ ਸਤਿਗੁਰੂ ਜੀ ਪ੍ਰਭੂ ਦੀ ਹਜ਼ੂਰੀ ਵਿਚ ਅਪੜਾਉਂਦੇ ਹਨ ਉਨ੍ਹਾਂ ਦੇ ਮਨ ਚਿਤ (ਬਾਹਰ ਭਟਕਣੋਂ ਹਟ ਕੇ) ਅੰਦਰ ਹੀ ਟਿਕ ਜਾਂਦੇ ਹਨ, ਤੇ ਇਸ ਤਰ੍ਹਾਂ ਪਰਮਾਤਮਾ ਦੇ ਸੇਵਕ (ਮਾਇਂਆ ਦੇ ਮੋਹ ਤੋਂ) ਨਿਰਲੇਪ ਹੋ ਜਾਂਦੇ ਹਨ **। ੫ ।**(ਨਿਰਲੇਪ ਹੋਏ ਹੋਏ ਹਰੀ ਦੇ ਸੇਵਕ) ਖ਼ੁਸ਼ੀ ਗ਼ਮੀ ਤੋਂ ਉਤਾਂਹ ਰਹਿੰਦੇ ਹਨ, ਆਤਮਕ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਚੱਖ ਕੇ ਉਹ ਬੰਦੇ ਪਰਮਾਤਮਾ ਦੇ ਨਾਮ ਵਿਚ ਹੀ (ਆਪਣੇ ਮਨ ਦਾ) ਟਿਕਾਣਾ ਬਣਾ ਲੈਂਦੇ ਹਨ। ਜੇਹੜੇ ਮਨੁੱਖ ਆਪਣੇ ਆਤਮਕ ਜੀਵਨ ਨੂੰ ਪਰਖ ਕੜ ਪ੍ਰਭੂ ਦੀ ਯਾਦ ਵਿਚ ਸੁਰਤਿ ਜੋੜੀ ਰੱਖਦੇ ਹਨ, ਉਹ ਜੀਵਨ ਦੀ ਬਾਜ਼ੀ ਜਿੱਤ ਲੈਂਦੇ ਹਨ। ਸਤਿ ਗੁਰੂ ਜੀ ਦੀ ਮਤਿ ਤੇ ਤੁਰਨ ਨਾਲ (ਚੰਚਲਤਾ ਵਾਲਾ) ਦੁੱਖ ਦੂਰ ਹੋ ਜਾਂਦਾ ਹੈ (ਗੁਰੂ ਜੀ ਦੀ ਮਤਿ ਅਨੁਸਾਰ ਜੀਵਨ ਢਾਲ ਲੈਣ ਤੇ ਮਨ ਕਾਬੂ ਆ ਜਾਂਦਾ ਹੈ) **। ੬ ।** ਜੇ ਸਤਿਗੁਰੂ ਜੀ ਮਿਹਰ ਕਰਨ (ਭਾਵ, ਸਤਿਗੁਰਾਂ ਦੀ ਮਿਹਰ ਨਾਲ ਹੀ ਮੈਂ ਇਹ ਅਰਦਾਸ ਕਰਨ ਜੋਗਾ ਹੋਇਆ ਹਾਂ ਕਿ--ਹੇ ਪ੍ਰਭੂ !) ਮੈਨੂੰ ਆਪਣਾ ਸੇਵਕ ਬਣਾ ਕੇ (ਆਪਣੇ ਚਰਨ ਵਿਚ) ਰੱਖ। ਜਿਹੜਾ ਬੰਦਾ ਤੇਰਾ (ਸੇਵਕ) ਬਣ ਜਾਂਦਾ ਹੈ, ਉਹ ਤੇਰੇ ਵਿਚ ਹੀ ਲੀਨ ਹੋ ਜਾਂਦਾ ਹੈ**। ੭ ।** ਜਿਹੜਾ ਮਨੁੱਖ ਦੁਨੀਆ ਦੇ ਪਦਾਰਥ ਭੋਗਣ ਵਿਚ ਹੀ ਮਸਤ ਰਹਿੰਦਾ ਹੈ ਉਸ ਨੂੰ (ਕਈ ਤਰ੍ਹਾਂ ਦੇ) ਰੋਗਾਂ ਦਾ ਦੁੱਖ ਆ ਦਬਾਉਂਦਾ ਹੈ। ਪਰ, ਹੇ ਨਾਨਕ ! ਜਿਸ ਮਨੁੱਖ ਨੂੰ ਪਰਮਾਤਮਾ ਹਰੇਕ ਘਟ ਵਿਚ ਵਿਆਪਕ ਦਿੱਸ ਪੈਂਦਾ ਹੈ, ਉਹ ਗੁਰੂ-ਸ਼ਬਦ-ਗਿਆਨ ਅਨੁਸਾਰ ਤੁਰ ਕੇ ਸੁਖਾਂ ਦੁਖਾਂ ਤੋਂ ਨਿਰਲੇਪ ਰਹਿੰਦਾ ਹੈ, ਉਹ ਚਿੱਤ ਦੇ ਪਿਆਰ ਨਾਲ (ਸਦਾ) ਪਰਮਾਤਮਾ ਦਾ ਨਾਮ ਸਿਮਰਦਾ ਹੈ। ੮ ।

ਕੋਈ ਚੰਗਾ ਡੇਰਾ ਡੇਰਾ ਸਿਰਜ ਕੇ ਕਈ ਵਿਹਲੜਾਂ ਨੂੰ ਚੇਲੇ ਭਰਤੀ ਲੈਣ ਵਾਲਾ ਅਥਵਾ ਉਚੇਚੇ ਭੇਖ ਪਹਰਾਵੇ ਦੇ ਸਹਾਰੇ ਬਣਕਥਿਤ ਬਾਲ ਬ੍ਰਹਮਚਾਰੀਆਂ ਦੀ ਅਥਵਾ ਹਰੇਕ ਮਨੁੱਖ ਦੇ ਮਨ ਦੀ ਸਹੀ ਹਾਲਤ ਸਤਿਗੁਰਾਂ ਨੇ ਬੜੇ ਹੀ ਸਾਦੇ ਅਤੇ ਸਪੱਸ਼ਠਟ ਸ਼ਬਦਾਂ ਵਿਚ ਦਰਸਾਉਣ ਦਾ ਉਪਕਾਰ ਇਸ ਗੁਰੂ ਸ਼ਬਦ ਦੁਆਰਾ ਕੀਤਾ ਹੈ :--

੯੭- **ਮਾਈ ਮਨੁ ਮੇਰੋ ਬਸਿ ਨਾਹਿ ॥ ਨਿਸਿ ਬਾਸਰੁ ਬਿਖਿਅਨ ਕਉ ਧਾਵਤੁ ਕਿਹਿ ਬਿਧਿ ਰੋਕਉ ਤਾਹਿ ॥ ੧ ॥ ਰਹਾਉ ॥ ਬੇਦ ਪੁਰਾਨ ਸਿਮ੍ਰਿਤਿ ਕੋ ਮਤ ਸੁਨਿ ਨਿਮਖ ਨ ਹੀਏ ਬਸਾਵੈ॥ ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥ ੧ ॥ ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥ ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨਾ ਜਾਨਾ ॥ ੨ ॥ ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥ ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥ ੩ ॥** [੬੩੨]-੭

੨੩

## ਨਾਮ ਬਿਹੂਣੇ ਮਨ ਹੱਥੋਂ ਮਨੁੱਖ ਦੁਖੀ

੯੮- **ਕਵਨੁ ਕਵਨੁ ਨਹੀ ਪਤਰਿਆ ਤੁਮਰੀ ਪਰਤੀਤਿ ॥ ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ੧ ॥ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੂਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥ ਜਪ ਤਪ ਸੰਜਮ ਤੁਮ ਖੰਡੇ ਜਮ ਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥ ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥ ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ ॥ ੪ ॥**[੮੧੫]-੨੮-੫੮

**ਅਰਥ:**--ਹੇ ਖੋਟੇ ਮਨ ! ਤੇਰਾ ਇਹ ਇਤਬਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਤੂੰ (ਮਾਇਆ ਦੇ ਨਸ਼ੇ ਵਿਚ) ਮਸਤ ਰਹਿੰਦਾ ਹੈਂ । (ਜਿਵੇਂ) ਖੋਤੇ ਦੀ ਪਿਛਾੜੀ ਤਦੋਂ ਖੋਲ੍ਹੀ ਜਾਂਦੀ ਹੈ, ਜਦੋਂ ਉਸ ਨੂੰ ਉਤੋਂ ਲੱਦ ਲਿਆ ਜਾਂਦਾ ਹੈ (ਤਿਵੇਂ ਤੈਨੂੰ ਵੀ ਖ਼ਰਮਸਤੀ ਕਰਨ ਦਾ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ **। ੧ । ਰਹਾਉ ।**

ਹੇ ਮਨ ਤੇਰਾ ਇਤਬਾਰ ਕਰਕੇ ਕਿਸ ਕਿਸ ਨੇ ਧੋਖਾ ਨਹੀਂ ਖਾਧਾ ? ਤੂੰ ਵਡੀ ਮੋਹਨ ਵਾਲੀ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈਂ (ਤੇ, ਇਹ) ਰਸਤਾ (ਸਿੱਧਾ) ਨਰਕ ਦਾ (ਦੁਖਦਾਈ ਆਤਮਕ ਮੌਤ ਦਾ ਹੈ) **। ੧ ।** ਹੇ ਮਨ ਤੂੰ ਜਪ, ਤਪ, ਸੰਜਮ (ਆਦਿਕ ਭਲੇ ਕੰਮਾਂ ਦੇ ਨੇਮ) ਤੋੜ ਦਿੰਦਾ ਹੈਂ (ਇਸ ਕਰ ਕੇ) ਆਤਮਕ ਮੌਤ ਦਾ ਡੰਨ ਸਹਾਰਦਾ ਹੈ । ਹੇ ਬੇਸ਼ਰਮ ਭੰਡ ! ਤੂੰ ਜਨਮ ਮਰਨ ਦੇ ਗੇੜ ਦੇ ਦੁੱਖ ਚੇਤੇ ਨਹੀਂ ਕਰਦਾ **। ੨ ।** ਹੇ ਮਨ ! ਪਰਮਾਤਮਾ (ਹੀ ਸਦਾ) ਤੇਰੇ ਨਾਲ ਤੇਰਾ ਸਹਾਈ ਅਤੇ ਤੇਰਾ ਮਿੱਤਰ ਹੈ, ਉਸ ਨਾਲੋਂ ਤੇਰੀ ਵਿੱਥ ਬਣੀ ਪਈ ਹੈ । ਤੈਨੂੰ (ਕਾਮਾਦਿਕ) ਪੰਜ ਲੁਟੇਰਿਆਂ ਨੇ ਆਪਣੇ ਵੱਸ ਵਿਚ ਕਰ ਰੱਖਿਆ ਹੈ (ਜਿਸ ਕਰਕੇ ਤੇਰੇ ਅੰਦਰ) ਬੜਾ ਦੁੱਖ-ਕਲੇਸ਼ ਬਣਿਆਂ ਰਹਿੰਦਾ ਹੈ **। ੩ ।** ਹੇ ਨਾਨਕ ! ਜਿਨ੍ਹਾਂ ਸੰਤ ਜਨਾ ਨੇ ਆਪਣਾ ਮਨ ਵੱਸ ਵਿਚ ਕਰ ਲਿਆ ਹੈ, ਉਨ੍ਹਾਂ ਦੀ ਸਰਨ ਪੈਣਾ ਚਾਹੀਦਾ ਹੈ । ਆਪਣਾ ਤਨ, ਆਪਣਾ ਮਨ, ਸਭ ਕੁਝ ਉਨ੍ਹਾਂ ਸੰਤ ਜਨਾਂ ਤੋਂ ਸਦਕੇ ਕਰਨਾ ਚਾਹੀਦਾ ਹੈ । ੪ ।

੯੯- **ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥ ੧ ॥ ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥ ੧ ॥ ਰਹਾਉ ॥ ਮਨੁ ਭੂਲੋ ਬਹੁ ਚਿਤੈ**

**ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥ ੨ ॥ ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥ ੩ ॥ ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥ ੪ ॥ ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥ ੫ ॥**[੨੨੨]-੩

**ਅਰਥ:**--ਪਰਮਾਤਮਾ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਹੈ, ਤੇ, ਉਚੇ ਆਤਮਕ ਗੁਣਾਂ ਦੇ ਵੱਸ ਵਿਚ ਹੈ (ਭਾਵ, ਜੋ ਮਨੁੱਖ ਉੱਚੇ ਆਤਮਕ ਗੁਣਾਂ ਨੂੰ ਆਪਣੇ ਅੰਦਰ ਵਸਾਉਂਦਾ ਹੈ, ਪਰਮਾਤਮਾ ਉਸ ਨਾਲ ਪਿਆਰ ਕਰਦਾ ਹੈ) । ਜਿਹੜਾ ਮਨੁੱਖ ਆਪਾ-ਭਾਵ ਦੂਰ ਕਰ ਲੈਂਦਾ ਹੈ ਉਹ ਸੁਭ ਗੁਣਾਂ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ **। ੧ । ਰਹਾਉ ।** ਜਿੰਨਾ ਚਿਰ ਮਨੁੱਖ ਦਾ ਮਨ ਕਾਮਾਦਿਕ ਵਿਕਾਰਾਂ ਦੇ ਵੱਸ ਵਿਚ ਹੈ, ਕੋਝੀ ਮਤਿ ਦੇ ਅਧੀਨ ਹੈ, ਮੇਰ-ਤੇਰ ਦੇ ਕਾਬੂ ਵਿਚ ਹੈ, ਉਨਾ ਚਿਰ ਮਨ (ਤ੍ਰਿਸ਼ਨਾ ਵਲੋਂ) ਮਰਦਾ ਨਹੀਂ ਤੇ ਉਨਾ ਚਿਰ (ਪਰਮਾਤਮਾ ਨਾਲ ਇੱਕ-ਰੂਪ ਹੋਣ ਦਾ) ਜਨਮ-ਮਨੋਰਥ ਵੀ ਸਿਰੇ ਨਹੀਂ ਚੜ੍ਹਦਾ । ਜਦੋਂ ਗੁਰੂ ਤੋਂ (ਸਿਖਿਆ ਲੈ ਕੇ ਮਨੁੱਖ ਦਾ) ਮਨ (ਸਿਫ਼ਤਿ-ਸਾਲਾਹ ਵਿਚ) ਗਿੱਝ ਜਾਂਦਾ ਹੈ, ਤਦੋਂ ਇਹ ਪਰਮਾਤਮਾ ਨਾਲ ਇੱਕ-ਰੂਪ ਹੋ ਜਾਂਦਾ ਹੈ । ੧ ।

੧੦੦- **ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥ ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥ ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥ ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥ ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥ ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥ ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥ ਸਚਿ ਰਤੇ ਸੇ ਨਿਰਮਲੇ, ਜੋਤੀ ਜੋਤਿ ਮਿਲਾਇ ॥ ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥ ੨ ॥**[੬੪੪]-ਵਾਰ-੬

**ਅਰਥ:**--ਮਨਮੁਖ ਦਾ ਮਨ ਉਸ ਦੇ ਕਾਬੂ ਤੋਂ ਬਾਹਰ ਹੈ, ਕਿਉਂਕਿ ਉਹ ਮਾਇਆ ਵਿਚ ਜਾ ਕੇ ਲੱਗਾ ਹੋਇਆ ਹੈ, (ਸਿੱਟਾ ਇਹ ਹੈ ਕਿ) ਉਸ ਨੂੰ ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ, (ਉਸ ਦੀ ਉਮਰ) ਸਦਾ ਦੁੱਖ ਵਿਚ ਹੀ ਗੁਜ਼ਰਦੀ ਹੈ । ਅਨੇਕਾਂ ਪੰਡਿਤ ਲੋਕ ਪੜ੍ਹ ਪੜ੍ਹ ਕੇ ਤੇ ਸਿੱਧ ਸਮਾਧੀਆਂ ਲਾ ਲਾ ਕੇ ਥੱਕ ਗਏ ਹਨ, ਕਈ ਕਰਮ ਕਰ ਕੇ ਥੱਕ ਗਏ ਹਨ, (ਪੜ੍ਹਨ ਨਾਲ ਤੇ ਸਮਾਧੀਆਂ ਨਾਲ) ਇਹ ਮਨ ਕਾਬੂ ਨਹੀਂ ਆਉਂਦਾ । ਭੇਖ ਕਰਨ ਵਾਲੇ ਮਨੁੱਖ (ਭਾਵ, ਸਾਧੂ ਲੋਕ) ਕਈ ਭੇਖ ਕਰ ਕੇ ਤੇ ਅਠਾਹਠ ਤੀਰਥਾਂ ਤੇ ਨ੍ਹਾ ਕੇ ਥੱਕ ਗਏ ਹਨ, ਹਉਮੈ ਤੇ ਭਰਮ ਵਿਚ ਭੁੱਲੇ ਹੋਇਆਂ ਨੂੰ ਮਨ ਦੀ ਸਾਰ ਨਹੀਂ ਆਈ । ਵਡੇ ਭਾਗ ਨਾਲ ਸਤਿਗੁਰੂ ਦੀ ਕਿਰਪਾ ਦੀ ਰਾਹੀਂ ਭਉ ਉਪਜਦਾ ਹੈ ਤੇ ਮਨ ਵਿਚ ਆ ਵੱਸਦਾ ਹੈ, ਹਰੀ ਦਾ ਭਉ ਉਪਜਿਆਂ ਹੀ, ਤੇ ਹਉਮੈਂ ਸਤਿਗੁਰੂ ਦੇ ਸ਼ਬਦ-ਗਿਆਨ ਨਾਲ ਸਾੜ ਕੇ ਹੀ ਮਨ ਵੱਸ ਵਿਚ ਆਉਂਦਾ ਹੈ । ਜੋ ਮਨੁੱਖ ਜੋਤੀ-ਪ੍ਰਭੂ ਵਿਚ ਆਪਣੀ ਬ੍ਰਿਤੀ ਮਿਲਾ ਕੇ ਸੱਚੇ ਵਿਚ ਰੰਗੇ ਗਏ ਹਨ, ਉਹ ਨਿਰਮਲ ਹੋ ਗਏ ਹਨ, ਪਰ ਹੇ ਨਾਨਕ ! ਸਤਿਗੁਰੂ ਦੇ ਮਿਲਿਆਂ ਹੀ ਨਾਮ ਮਿਲਦਾ ਹੈ, ਤੇ ਸੁਖ ਵਿਚ ਸਮਾਈ ਹੁੰਦੀ ਹੈ । ੨ ।

੧੦੧- **ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ ॥ ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ ॥... ੨ ॥** [੭੭੬]-ਛੰਤ-੨-੬-੧੮

**ਅਰਥ:**--ਹੇ ਭਾਈ ! ਆਪਣੇ ਇਸ ਮਨ ਨੂੰ ਸਦਾ ਆਪਨੇ ਵੱਸ ਵਿਚ ਰਖੋ । (ਮਨੁੱਖ ਦਾ ਇਹ) ਮਨ ਸਦਾ (ਸ਼ਿਕਾਰੀ ਪੰਛੀ) -ਬਾਜ਼ੇ ਵਾਂਗ ਭਟਕਦਾ ਰਹਿੰਦਾ ਹੈ । ਸਦਾ ਆਸਾਂ ਹੀ ਆਸਾਂ ਬਣਾਉਂਦਿਆਂ (ਮਨੁੱਖ ਦੀ ਸਾਰੀ ਜਿੰਦਗੀ ਦੀ) ਰਾਤ ਦੁੱਖ ਵਿਚ ਹੀ ਬੀਤਦੀ ਹੈ ।

੧੦੨- **ਮਨ, ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥** [੧੨]-੩

੨੪

## ਸੰਬੋਧਨ ਮਨ ਨੂੰ, ਉਪਦੇਸ਼ ਮਨੁੱਖ ਨੂੰ

ਮਨ ਨੂੰ ਕਾਬੂ ਵਿਚ ਰੱਖਣ ਲਈ ਮਨੁੱਖ ਨੂੰ ਉਪਦੇਸ਼ ਦੇਣ ਦਾ ਨਿਆਰਾ ਅਤੇ ਮਿੱਠਾ ਢੰਗ ਵਰਤਦਿਆਂ, ਸਤਿਗੁਰਾਂ ਨੇ ਮਨੁੱਖ ਦੇ ਥਾਂ ਸਿੱਧਾ ਮਨ ਨੂੰ ਹੀ ਸੰਬੋਧਨ ਕਰਕੇ ਕਈ ਸ਼ਬਦ ਰਚਨ ਦੀ ਕਿਰਪਾਲਤਾ ਕੀਤੀ :--

੧੦੩- **ਸੁਣਿ ਮਨ ਮਿਤ੍ਰ ਪਿਆਰਿਆ, ਮਿਲੁ, ਵੇਲਾ ਹੈ ਇਹ ॥ ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥ ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥ ੧ ॥ ਮੇਰੇ ਮਨ, ਲੈ ਲਾਹਾ ਘਰਿ ਜਾਹਿ ॥ ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥ ੧ ॥ ਰਹਉ ॥**[੨੦]-੧੭

**ਅਰਥ:**--ਹੇ ਪਿਆਰੇ ਮਿਤ੍ਰ ਮਨ !(ਮੇਰੀ ਸਿੱਖਿਆ) ਸੁਣ । ਪਰਮਾਤਮਾ ਨੂੰ ਮਿਲ, (ਉਸ ਨੂੰ ਮਿਲਣ ਦਾ) ਇਹ (ਮਨੁੱਖਾ ਜਨਮ ਹੀ ਅਸਲ ਅਸਲ) ਵੇਲਾ ਹੈ । ਜਦੋਂ ਤਕ ਜੁਆਨੀ ਵਿਚ ਹਾਂ ਤੇ ਸਾਹ ਆ ਰਿਹਾ ਹੈ, ਤਦੋਂ ਤਕ ਹੀ ਇਹ ਸਰੀਰ ਕੰਮ ਦੇ ਰਿਹਾ ਹੈ । ਜੇ ਪ੍ਰਭੂ ਦੇ ਗੁਣ (ਆਪਣੇ ਅੰਦਰ) ਨਾ ਵਾਸਾਏ, ਤਾਂ ਇਹ ਸਰੀਰ ਕਿਸ ਕੰਮ ? ਇਹ ਤਾਂ ਆਖ਼ਰ ਢਹਿ ਕੇ ਮਿੱਟੀ ਦੀ ਢੇਰੀ ਹੋ ਜਾਣਾ ਹੈ **। ੧ ।** ਹੇ ਮੇਰੇ ਮਨ ! ਲਾਭ ਖੱਟ ਕੇ (ਆਪਣੇ ਪਰਲੋਕ) ਘਰ ਵਿਚ ਜਾਹ । ਗੁਰੂ ਦੀ ਸਰਨ ਪੈ ਕੇ ਇਥੇ ਪ੍ਰਭੂ ਦਾ ਨਾਮ ਸਲਾਹੁਣਾ ਚਾਹੀਦਾ ਹੈ, ਨਾਮ ਦੀ ਬਰਕਤ ਨਾਲ ਹਉਮੈ ਦੀ ਅੱਗ ਅੰਦਰੋਂ ਮਿਟ ਜਾਂਦੀ ਹੈ (ਇਹ ਅੱਗ ਕਿ ਮੈਂ ਵੱਡਾ, ਮੈਂ ਵੱਡਾ ਬਣ ਜਾਂ--ਬੁੱਝ ਜਾਂਦੀ ਹੈ) ।੧। ਰਹਾਉ ।

੧੦੪- **ਮੇਰੇ ਮਨ, ਤਜਿ ਨਿੰਦਾ ਹਉਮੈ ਅਹੰਕਾਰੁ ॥ ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥**[੨੯]-੯-੪੨

**ਅਰਥ:**--ਹੇ ਮੇਰੇ ਮਨ ! ਨਿੰਦਾ ਕਰਨੀ ਛੱਡ ਦੇਹ, (ਆਪਣੇ ਅੰਦਰੋਂ) ਹਉਮੈ ਤੇ ਹੰਕਾਰ ਦੂਰ ਕਰ । ਗੁਰੂ ਦੀ ਸਰਨ ਪੈ ਕੇ ਤੂੰ ਸਦਾ ਸਰਬ-ਵਿਆਪਕ ਪਰਮਾਤਮਾ ਨੂੰ ਸਿਮਰਦਾ ਰਹੁ । ੧ । ਰਹਾਉ ।

੧੦੫- **ਮਨ ਰੇ, ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ, ਇਆ ਮਾਇਆ ਕੇ ਡਾਂਡੇ ॥ ਸੂਰੁ ਕਿ ਸਨਮੁਖ ਰਨ ਤੇ ਡਰਪੈ, ਸਤੀ ਕਿ ਸਾਂਚੈ ਭਾਂਡੇ ॥ ੧ ॥ ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥ ੧ ॥ ਰਹਾਉ ॥ ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥ ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥ ੨ ॥**[੩੩੮]-੨-੧੭-੬੮

**ਅਰਥ:**--(ਮਨ ਰੇ ! ਵਿਕਾਰਾਂ ਦੇ ਪਿੱਛੇ ਦੌੜ-ਭੱਜ ਛੱਡ ਦੇਹ, ਇਹ (ਕਾਮ, ਕ੍ਰੋਧ, ਆਦਿਕ) ਸਭ ਮਾਇਆ ਦੀਆਂ ਠੱਗੀਆਂ ਹਨ, (ਜਦ ਤੂੰ ਸਭ ਤੋਂ ਉੱਚੇ ਪ੍ਰਭੂ ਦੀ ਸ਼ਰਨ ਆ ਗਿਆ, ਹੁਣ ਇਨ੍ਹਾਂ ਤੋਂ ਕਿਉਂ ਡਰੇਂ ? ਹੁਣ ਨਿਡਰ ਹੋ ਕੇ ਉਤਸ਼ਾਹ ਵਿਚ ਰਹੁ) । ਉਹ ਸੂਰਮਾ ਕਾਹਦਾ ਜੋ ਸਾਹਮਣੇ ਦਿਸਦੀ ਰਣ ਭੂਮੀ ਤੋਂ ਡਰ ਜਾਏ ? ਉਹ ਇਸਤ੍ਰੀ ਸਤੀ ਨਹੀਂ ਹੋ ਸਕਦੀ ਜੋ (ਘਰ ਦੇ) ਭਾਂਡੇ ਸਾਂਭਣ ਲੱਗ ਪਏ (ਸੂਰਮੇ ਵਾਂਗ ਤੇ ਸਤੀ ਵਾਂਗ, ਹੇ ਮਨ ! ਤੂੰ ਵੀ ਕਾਮਾਦਿਕਾਂ ਦਾ ਟਾਕਰਾ ਕਰਨਾ ਹੈ ਤੇ ਆਪਾ-ਭਾਵ ਸਾੜਨਾ ਹੈ) **। ੧ ।** ਹੇ ਕਮਲੇ ਮਨ ! (ਸਭ ਤੋਂ ਉੱਚੇ ਮਾਲਕ ਦੀ ਸ਼ਰਨ ਆ ਕੇ ਹੁਣ) ਜੱਕੋ ਤੱਕੇ ਛੱਡ ਦੇਹ । (ਜਿਸ ਇਸਤ੍ਰੀ ਨੇ) ਹਥ ਵਿਚ ਸੰਧਉਰਾ (ਸੰਧੂਰਿਆ ਹੋਇਆ ਨਲੀਏਰ) ਲੈ ਲਿਆ, ਉਸ

ਨੂੰ ਤਾਂ ਹੁਣ ਸੜ ਕੇ ਮਰਿਆਂ ਹੀ ਸਿੱਧੀ (ਭਾਵ, ਸਤੀ ਵਾਲਾ ਕਥਿਤ ਮਰਾਤਬਾ) ਮਿਲੇਗਾ, (ਤਿਵੇਂ ਹੇ ਮਨ ! ਤੂੰ ਪ੍ਰਭੂ ਦੀ ਓਟ ਲਈ ਹੈ, ਹੁਣ ਕਾਮਾਦਿਕਾਂ ਦੇ ਸਾਹਮਣੇ ਡੋਲਣਾ ਛੱਡ ਦੇਹ, ਹੁਣ ਤਾਂ ਆਪਾ-ਭਾਵ ਮਾਰਿਆਂ ਹੀ ਇਹ ਪ੍ਰੀਤ ਨਿਭੇਗੀ **। ੧ । ਰਹਾਉ ।** ਕਿਸੇ ਨੂੰ ਕਾਮ ਨੇ ਠੱਗ ਲਿਆ ਹੈ, ਕਿਸੇ ਨੂੰ ਕ੍ਰੋਧ ਨੇ ਠਗਿਆ ਹੈ, ਕਿਸੇ ਨੂੰ ਮਾਇਆ (ਦੇ ਕਿਸੇ ਹੋਰ ਤਰੰਗ) ਨੇ--ਏਸੇ ਤਰ੍ਹਾਂ ਸਾਰਾ ਜਗਤ ਖ਼ੁਆਰ ਹੋ ਰਿਹਾ ਹੈ । (ਇਨ੍ਹਾਂ ਤੋਂ ਬਚਨ ਲਈ) ਕਬੀਰ ਤਾਂ ਇਹੀ ਅਰਦਾਸ ਕਰਦਾ ਹੈ ਕਿ ਮੈਂ ਸਭ ਤੋਂ ਉ ੱਚੇ ਮਾਲਕ ਪਰਮਾਤਮਾ ਨੂੰ ਨਾਹ ਵਿਸਾਰਾਂ । ੨ ।

੧੦੬- **ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**
**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ**
**ਵਿਸਾਰੇ ॥ ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥ ੨ ॥**[੯੧੭]-ਅਨੰਦ

ਸਦਾ ਦੇ ਸਾਥੀ ਵਾਹਿਗੁਰੂ ਨੂੰ ਕਦੇ ਵੀ ਨਾ ਵਿਸਾਰਨ ਦੇ ਇਸ ਪਾਵਨ ਗੁਰੂ-ਉਪਦੇਸ਼ ਨੂੰ, ਹਰ ਭਾਗਾਂ ਵਾਲਾ ਗੁਰਸਿੱਖ, ਨਿਤ ਹੀ ਨੇਮ ਨਾਲ ਪੜ੍ਹਦਾ ਅਤੇ ਵਿਚਾਰਦਾ ਹੈ । ਸਤਿਗੁਰਾਂ ਦਾ ਮਨ ਨੂੰ ਕੀਤਾ ਇਹ ਉਪਦੇਸ਼ ਵੀ, ਨਾਲ ਹੀ ਯਾਦ ਕਰਦੇ ਰਹਿਣਾ ਚਾਹੀਦਾ ਹੈ--ਮ**ਨ ਰੇ, ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸਿ ॥ ੧ ॥ ਰਹਉ ॥**[੨੬]

੧੦੭- **ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ ਛਡਿ ਅਵਗਣ ਗੁਣੀ**
**ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀਂ ਮੇਲਾ ॥ ਕਿਉ ਦੁਤਰੁ**
**ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ**
**ਰੁਧਾ ਕਿਆ ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥ ੧ ॥**[੧੧੧੨]-ਛੰਤ-੧

**ਅਰਥ:**-- ਹੇ ਮੇਰੇ ਮਨ ! ਜਿਹੜੇ ਮਨੁੱਖ ਅਨੇਕਾਂ (ਪਦਾਰਥਾਂ ਦੇ) ਸੁਆਦਾਂ ਵਿਚ ਫਸੇ ਰਹਿੰਦੇ ਹਨ, ਉਹ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ (ਪਰਮਾਤਮਾ ਤੋਂ ਵਿਛੁੜੇ ਰਹਿੰਦੇ ਹਨ । ਇਨ੍ਹਾਂ ਸੰਸਕਾਰਾਂ ਦੇ ਕਾਰਨ ਹੀ) ਉਨ੍ਹਾਂ ਵਿਛੁੜੇ ਹੋਇਆਂ ਦਾ (ਆਪਣੇ ਆਪ ਪਰਮਾਤਮਾ ਨਾਲ) ਮਿਲਾਪ ਨਹੀਂ ਹੋ ਸਕਦਾ । ਹੇ ਮੇਰੇ ਮਨ ! ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਬਹੁਤ ਔਖਾ ਹੈ, (ਆਪਣੇ ਉ ੱਦਮ ਨਾਲ) ਪਾਰ ਨਹੀਂ ਲੰਘ ਸਕੀਦਾ । ਜਮਾਂ ਦੇ ਡਰ ਨਾਲ ਸਹਿਮੇ ਰਹੀਦਾ ਹੈ । ਹੇ ਮਨ ! ਜਮਾਂ ਵਾਲੇ ਪਾਸੇ ਲੈ ਜਾਣ ਵਾਲਾ ਰਸਤਾ (ਭਾਵ, ਆਤਮਕ ਮੌਤ ਵਾਲੇ ਰਸਤੇ ਪੈਣ ਦਾ ਸਿੱਟਾ) ਬੜਾ ਦੁਖਦਾਈ ਹੈ । ਹੇ ਮੇਰੇ ਮਨ ! ਜਿਸ ਮਨੁੱਖ ਨੇ ਆਪਣੇ ਮਨ ਵਿਚ ਸਵੇਰੇ ਸ਼ਾਮ (ਕਿਸੇ ਵੀ ਵੇਲੇ) ਪਰਮਾਤਮਾ ਨਾਲ ਸਾਂਝ ਨਹੀਂ ਪਾਈ, ਉਹ (ਮਾਇਆ ਦੇ ਮੋਹ ਦੇ) ਔਖੇ ਰਾਹ ਵਿਚ ਫਸ ਜਾਂਦਾ ਹੈ (ਇਸ ਵਿਚੋਂ ਨਿਕਲਣ ਲਈ) ਉਹ ਕੁਝ ਵੀ ਨਹੀਂ ਕਰ ਸਕਦਾ । (ਪਰ ਹਾਂ, ਮਾਇਆ ਦੇ ਮੋਹ ਦੀ) ਰੱਸੀ ਨਾਲ ਬੱਝਾ ਹੋਇਆ, ਇਸ ਤਰੀਕੇ ਨਾਲ ਖ਼ਲਾਸੀ ਪਾ ਸਕਦਾ ਹੈ ਕਿ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਸਿਮਰਨ ਕਰੇ । ੧ ।

੧੦੮- **ਏ ਮਨ ਨਾਮੁ ਨਿਧਾਨੁ ਤੁ ਪਾਇ ॥ ਆਪਣੇ ਗੁਰ ਕੀ ਮੰਨਿ ਲੈ ਰਜਾਇ ॥ ੧ ॥ ਰਹਾਉ ॥**
**ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥ ੨ ॥** [੫੬੦]-੮

੧੦੯- **ਏ ਮਨ, ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭੇਰਪੂਰਿ ॥ ੧ ॥ ਰਹਾਉ ॥** [੪੨੮]-੧੩-੩੫

੧੦- **ਛਛਾ ਇਹੈ ਛਤ੍ਰਪਤਿ ਪਾਸਾ ॥ ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ ॥**
**ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥ ਤਾਹਿ ਛਾਡਿ ਕਤ ਆਪੁ ਬਧਾਵਾ ॥ ੧੩ ॥**[੩੪੦]-ਬਾਵਨ ਅਖਰੀ

**ਅਰਥ:**--(ਹੇ ਮੇਰੇ ਮਨ !) ਆਸਾਂ ਛੱਡ ਕੇ ਤੇ ਤਕੜਾ ਹੋ ਕੇ ਕਿਉਂ ਤੂੰ ਇਸ (ਪ੍ਰਭੂ) ਪਾਸ ਹੀ ਨਹੀਂ ਰਹਿੰਦਾ ਜੋ (ਸਭ ਦਾ) ਪਾਤਸ਼ਾਹ ਹੈ ? ਹੇ ਮਨ ! ਮੈ ਤੈਨੂੰ ਹਰ ਵੇਲੇ ਸਮਝਾਉਂਦਾ ਹਾਂ ਕਿ ਉਸ (ਪਰਮਾਤਮਾ) ਨੂੰ ਵਿਸਾਰ ਕੇ ਕਿਥੇ (ਉਸ ਦੀ ਰਚੀ ਮਾਇਆ ਵਿਚ) ਤੂੰ ਆਪਣੇ ਆਪ ਨੂੰ ਜਕੜ ਰਿਹਾ ਹੈ । ੧੩ ।

(ਏਸੇ ਤਰ੍ਹਾਂ, ਮਨ ਨੂੰ ਸੰਬੋਧਨ ਕਰ ਕੇ ਦਿੱਤੇ ਉਪਦੇਸ਼ ਵਾਲੇ ਗੁਰੂ ਫ਼ੁਰਮਾਨਾਂ ਵਿਚੋ ੨੧ ਪਾਵਨ ਗੁਰੂ ਸ਼ਬਦਾਂ ਦੀ ਸੂਚੀ ਮੌਜੂਦ ਹੈ-

੧੧੧- **ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥ ਸੰਪਤ ਦੋਲ ਝੋਲ ਸੰਗਿ**
**ਝੂਲਤ ਮਾਇਆ ਮਗਨ ਭ੍ਰਮਤ ਘੁਘਨਾ ॥ ਸੁਤ ਬਨਿਤਾ ਸਾਜਨ ਸੁਖ ਬੰਧਪ ਤਾ ਸਿਉ ਮੋਹੁ**
**ਬਢਿਓ ਸੁ ਘਨਾ ॥ ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ ॥ ਮਿਰਤੁ**
**ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੁਖ ਭੁਖਨਾ ॥ ਸਿਮਰਿ ਗੁਪਾਲ ਦਇਆਲ**
**ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ ॥ ੪ ॥** [੧੩੮੭-੮੮]

੨੫

# ਮਨ ਅੰਧੇ ਜਨਮੁ ਗਵਾਇਆ

ਬਹੁਤਾ ਕਰਕੇ ਮਨ ਠੀਕ ਰਸਤੇ ਤੋਂ ਭਟਕਿਆ ਰਹਿੰਦਾ ਹੈ । ਏਸੇ ਕਾਰਨ ਸਤਿਗੁਰਾਂ ਨੇ ਮਨ ਨੂੰ ਅੰਧਾ ਭਾਵ ਅੰਨ੍ਹਾਂ ਵੀ ਫ਼ੁਰਮਾਨ ਕੀਤਾ ਹੈ-" **ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥ ੨ ॥** " [੫੦੬]-੧-੬ ਜਿਨ੍ਹਾਂ ਵਿਕਾਰੀ ਅਤੇ ਆਪ-ਹੁਦਰੇ ਮਾਇਆ ਧਾਰੀਆਂ ਨੇ ਸਾਰੀ ਉਮਰ, ਸਹੀ ਜੀਵਨ-ਜੁਗਤ ਨੂੰ ਨਹੀਂ ਸਮਝਿਆ ਉਨ੍ਹਾਂ ਮੂਰਖਾਂ ਨੂੰ, ਆਸਾ ਦੀ ਵਾਰ ਵਿਚ, ਗੁਰਦੇਵ ਜੀ ਨੇ--**ਮਨਿ ਅੰਧੈ ਜਨਮੁ ਗਵਾਇਆ** " (੪੬੪) ਫ਼ੁਰਮਾਨ ਕੀਤਾ ਹੈ । ਅਤੇ ਫਿਰ ਦੁਨੀਆਂ ਦੀ ਨਜ਼ਰ ਵਿਚ ਬੜੇ ਵਡੇ ਧਾਰਮਿਕ ਆਗੂ ਬਣੇ ਹੋਏ ਮਨਮੁਖਾਂ ਲਈ ਸਤਿਗੁਰਾਂ ਨੇ ਇਉਂ ਫ਼ੁਰਮਾਨ ਕੀਤਾ ਹੈ--**.... ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥** [੪੭੧] । ਸਾਰੰਗ ਕੀ ਵਾਰ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦਾ ਮਨ ਦੇ ਅੰਨ੍ਹਿਆਂ ਬਾਰੇ ਇਹ ਫ਼ੁਰਮਾਨ :--

੧੧੨- **ਮਨਹੁ ਜਿ ਅੰਧੇ ਕੂਪ, ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲਿ, ਦਿਸਨਿ ਖਰੇ**

ਕਰੂਪ ॥ ਇਕਿ ਕਹਿ ਜਾਣਹਿ ਕਹਿਆ ਬੁਝਹਿ, ਤੇ ਨਰ ਸੁਘੜ ਸਰੂਪ ॥ ਇਕਨ੍ਾ ਨਾਦ ਨ ਬੇਦ ਨ ਗੀਅ ਰਸੁ, ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤਿ ॥ ੨ ॥[੧੨੪੫]-ਵਾਰ-੨੨

**ਅਰਥ:**--ਜੋ ਮਨੁੱਖ ਮਨ ਦੇ ਅੰਨ੍ਹੇ ਘੁੱਪ ਹਨ (ਭਾਵ, ਪੁੱਜ ਕੇ ਮੂਰਖ ਹਨ), ਉਹ ਦਸਿਆ ਵੀ ਇਨਸਾਨੀ ਫ਼ਰਜ਼ ਨਹੀਂ ਜਾਣਦੇ, ਮਨ ਅੰਨ੍ਹਾਂ ਹੋਣ ਕਰਕੇ ਤੇ ਹਿਰਦਾ-ਕਵਲ (ਧਰਮ ਵਲ ਕੋਰਾ ਹੋਣ ਕਰਕੇ) ਉਹ ਬੰਦੇ ਬਹੁਤ ਕੋਝੇ ਲੱਗਦੇ ਹਨ । ਕਈ ਮਨੁੱਖ ਐਸੇ ਹਨ ਜੋ ਗੱਲ ਕਰਨੀ ਵੀ ਜਾਣਦੇ ਹਨ ਤੇ ਕਿਸੇ ਦੂਜੇ ਦੀ ਕਹੀ ਗੱਲ ਸਮਝਦੇ ਵੀ ਹਨ, ਉਹ ਮਨੁੱਖ ਸੁਚੱਜੇ ਤੇ ਸੋਹਣੇ ਜਾਪਦੇ ਹਨ । ਕਈ ਬੰਦਿਆਂ ਨੂੰ ਨਾ ਜੋਗੀਆਂ ਦੇ ਨਾਦ ਦਾ ਰਸ, ਨਾ ਵੇਦ ਦਾ ਭਾਵ ਗਿਸ਼ਨ ਦਾ ਸ਼ੌਕ, ਨਾ ਰਾਗ ਦੀ ਖਿੱਚ--ਕਿਸੇ ਤਰ੍ਹਾਂ ਦੇ ਕੋਮਲ ਉਨਰ ਵਲ ਰੁਚੀ ਨਹੀਂ ਹੈ, ਨਾ ਸੂਝ, ਨਾ ਬੁੱਧੀ, ਨਾ ਅਕਲ ਦੀ ਸਾਰ, ਤੇ ਇੱਕ ਅੱਖਰ ਵੀ ਪੜ੍ਹਨਾ ਨਹੀਂ ਜਾਣਦੇ । ਹੇ ਨਾਨਕ ! ਜਿਨ੍ਹਾਂ ਵਿਚ ਕੋਈ ਵੀ ਗੁਣ ਨਾਹ ਹੋਵੇ ਤੇ ਹੰਕਾਰ ਕਰੀ ਜਾਣ, ਉਹ ਮਨੁੱਖ ਨਿਰੇ ਖੋਤੇ ਹਨ । ੨ ।

੧੧੩- **ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥ ੩ ॥**[੮੩੨]-ਅਸਟ-੧-੩

**ਅਰਥ:**--(ਜਿਹੜਾ ਮਨੁੱਖ ਆਤਮਕ ਜੀਵਨ ਬਾਰੇ) ਆਪ ਤਾਂ ਕੁਝ ਸਮਝਦਾ ਨਹੀਂ, ਪਰ ਲੋਕਾਂ ਨੂੰ ਸਮਝਾਉਂਦਾ ਰਹਿੰਦਾ ਹੈ, ਉਸ ਦਾ ਆਪਣਾ ਮਨ ਆਤਮਕ ਜੀਵਨ ਵਲੋਂ ਅੰਨ੍ਹਾਂ ਹੈ, (ਭਾਵ, ਆਤਕ ਜੀਵਨ ਹਲੋਂ ਕੋਰਾ ਹੈ, ਇਸ ਕਾਰਨ ਹਿਚਦਾ ਆਤਮਕ ਜੀਵਨ ਦੇ ਰਸਤੇ ਤੇ ਠੇਡੇ ਖਾਂਦਾ ਰਹਿੰਦਾ ਹੈ ਅਤੇ), ਆਪ ਅੰਨ੍ਹਿਆਂ ਵਾਲੇ ਕੰਮ ਕਰਦਾ ਹੈ । ਅਜੇਹਾ ਮਨੁਖ ਪਰਮਾਤਮਾ ਦਾ ਦਰ ਘਰ ਮਹਲ, ਪਰਮਾਤਮਾ ਦਾ ਟਿਕਾਣਾ ਬਿਲਕੁਲ ਨਹੀਂ ਲੱਭ ਸਕਦਾ । ੩ ।

੧੧੪- **ਬਿਨੁ ਗੁਰ ਸਾਚੇ ਭਰਮਿ ਭੁਲਾਏ ॥ ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥ ੪ ॥**[੨੩੧]-੫

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਸਦਾ-ਥਿਰ ਪ੍ਰਭੂ ਦੇ ਰੂਪ ਗੁਰੂ ਤੋਂ ਖੁੰਝ ਕੇ ਭਟਕਣਾ ਦੇ ਕਾਰਨ ਕੁਰਾਹੇ ਪਏ ਰਹਿੰਦੇ ਹਨ । ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਹੋਏ ਉਹ ਸਦਾ ਇਹ ਮੋਹ ਦਾ ਜ਼ਹਿਰ ਖਾਂਦੇ ਰਹਿੰਦੇ ਹਨ ਜਿਸ ਕਰਕੇ ਉਹ ਆਤਮਕ ਮੌਤ ਸੀ ਸਜ਼ਾ ਭੁਗਤਦੇ ਹਨ ਤੇ ਸਦਾ ਦੁਖੀ ਰਹਿੰਦੇ ਹਨ । ੪ ।

੧੧੫- **ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥**

**ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥ ੩ ॥**[੧੨੮੭]-੨੧

**ਅਰਥ:**--ਜਿਉਂ ਜਿਉਂ ਵਿਚਾਰ-ਹੀਣ ਹੋ ਕੇ ਮੰਦੇ ਕੰਮ ਕੀਤੇ ਜਾਣ, ਤਿਉਂ ਤਿਉਂ ਮਨ ਅੰਨ੍ਹਾ (ਭਾਵ, ਵਿਚਾਰੋਂ ਸੱਖਣਾ) ਹੁੰਦਾ ਜਾਂਦਾ ਹੈ, ਤੇ ਮਨ ਵਿਚਾਰ-ਹੀਣ ਹੋਇਆ ਗਿਆਨ-ਇੰਦ੍ਰੇ ਵੀ ਅੰਨ੍ਹੇ ਹੋ ਜਾਂਦੇ ਹਨ (ਭਾਵ, ਅੱਖਾਂ, ਕੰਨ ਆਦਿਕ ਵੀ ਮੰਦੇ ਪਾਸੇ ਤੁਰਦੇ ਹਨ) । ਸੋ, ਜਦੋਂ ਪੱਥਰਾਂ ਦਾ ਬੰਨ੍ਹ (ਭਾਵ, ਪ੍ਰਭੂ-ਨਾਮ ਦੇ ਵਿਚਾਰ ਦਾ ਪੱਕਾ ਆਸਰਾ) ਟੁੱਟ ਜਾਂਦਾ ਹੈ ਤਾਂ ਚਿੱਕੜ ਲਾਇਆ ਕੁਝ ਨਹੀਂ ਬਣਦਾ (ਭਾਵ, ਹੋਰ ਹੋਰ ਆਸਰੇ ਢੂੰਢਿਆਂ ਖ਼ੁਆਰ ਹੀ ਹੋਈਦਾ ਹੈ) । ਜਦੋਂ ਬੰਨ੍ਹ ਟੁੱਟ ਗਿਆ, ਨਾ ਬੇੜੀ ਰਹੀ, ਨਾ ਤੁਲਹਾ ਰਿਹਾ, ਨਾ (ਪਾਣੀ) ਦੀ ਹਾਥ ਪੈ ਸਕੀ (ਭਾਵ, ਪਾਣੀ ਵੀ ਬਹੁਤ ਡੂੰਘਾ ਹੋਇਆ), ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, (ਅਜੇਹੀ ਹਾਲਤ ਵਿਚ) ਪ੍ਰਭੂ ਦੇ ਸੱਚੇ ਨਾਮ(-ਰੂਪ ਬੰਨ੍ਹ ਬੇੜੀ ਤੁਲਹਾ) ਤੋਂ ਬਿਨਾ ਕਈ ਪੂਰਾ ਦੇ ਪੂਰ ਡੁੱਬਦੇ ਹਨ । ੩ ।

੧੧੬- **ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥**

**ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥ ੨ ॥**[੧੨੫੬]-੨-੭

**ਅਰਥ:**--ਜਦੋਂ ਮਨੁੱਖ ਨੇ ਪ੍ਰਭੂ-ਪਤੀ ਨੂੰ ਭੁਲਾ ਕੇ (ਵਿਸ਼ੇ ਵਿਕਾਰਾਂ ਦੇ) ਰਸ ਮਾਨਣੇ ਸ਼ੁਰੂ ਕਰ ਦਿੱਤੇ, ਤਾਂ ਉਸ ਦੇ ਸਰੀਰ ਵਿਚ ਬੀਮਾਰੀਆਂ ਪੈਦਾ ਹੋਣ ਲਗ ਪਈਆਂ । (ਕੁਰਾਹੇ ਪਏ ਮਨੁੱਖ ਨੂੰ ਸਹੀ ਰਸਤੇ ਤੇ ਪਾਉਣ ਲਈ, ਇਸ ਦੇ) ਮਾਇਆ-ਮੋਹ ਵਿਚ ਅੰਨ੍ਹੇ ਹੋਏ ਮਨ ਨੂੰ (ਸਰੀਰਕ ਰੋਗਾਂ ਦੀ ਰਾਹੀਂ) ਸਜ਼ਾ ਮਿਲਦੀ ਹੈ । ਸੋ ਹੇ ਅੰਞਾਣ ਵੈਦ ! (ਸਰੀਰਕ ਰੋਗਾਂ ਨੂੰ ਦੂਰ ਕਰਨ ਵਾਸਤੇ ਦਿੱਤੀ) ਤੇਰੀ ਦਵਾਈ ਦਾ ਲਾਭ ਨਹੀਂ (ਵਿਸ਼ੇ ਵਿਕਾਰਾਂ ਦੇ ਕਾਰਨ ਇਹ ਰੋਗ ਤਾਂ ਮੁੜ ਮੁੜ ਪੈਦਾ ਹੋਣਗੇ । ੨ ।

੧੧੭- **ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥ ੧ ॥ ਰਹਾਉ ॥** [੧੧੯੦]-੬

## ੨੬

## ਮਨੁ ਖੋਟੇ, ਮਨ ਕਠੋਰ, ਮਨ ਜੂਠੇ, ਮਨ ਮੈਲੇ

੧੧੮- **ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**

**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ ॥ ੨ ॥**[੭੮੯]-ਵਾਰ-੧੨

**ਅਰਥ:**--ਜੇ ਖੋਟੇ ਮਨ ਨਾਲ ਤੀਰਥਾਂ ਤੇ ਨ੍ਹਾਉਣ ਤੁਰ ਪਏ ਅਤੇ ਸਰੀਰ ਵਿਚ ਕਾਮਾਦਿਕ ਚੋਰ ਵੀ ਟਿਕੇ ਰਹੇ, ਤਾਂ ਨ੍ਹਾਉਣ ਨਾਲ ਇੱਕ ਹਿੱਸਾ (ਭਾਵ, ਸਰੀਰ ਦੀ ਬਾਹਰਲੀ) ਮੈਲ ਤਾਂ ਲਹਿ ਗਈ ਪਰ (ਮਨ ਵਿਚ ਹੰਕਾਰ ਆਦਿਕ ਦੀ) ਦੂਣੀ ਮੈਲ ਹੋਰ ਚੜ੍ਹ ਗਈ, (ਤੂੰਮੀ ਵਾਲਾ ਹਾਲ ਹੀ ਹੋਇਆ) ਤੂੰਮੀ ਬਾਹਰੋਂ ਤਾਂ ਧੋਤੀ ਗਈ, ਪਰ ਉਸ ਦੇ ਅੰਦਰ ਨਿਰੋਲ ਵਿੱਸੁ (ਭਾਵ, ਕੌੜੱਤਣ) ਟਿਕੀ ਰਹੀ । ਭਲੇ ਮਨੁੱਖ (ਤੀਰਥਾਂ ਤੇ) ਨ੍ਹਾਉਣ ਤੋਂ ਬਿਨਾ ਹੀ ਭਲੇ ਹਨ, ਤੇ ਚੋਰ (ਤੀਰਥਾਂ ਤੇ ਨ੍ਹਾ ਕੇ ਵੀ ਚੋਰ ਹੀ ਹਨ । ੨ ।

੧੧੯- **ਵੇਸ ਕਰੇ ਕੁਰੂਪਿ ਕੁਲਖਣੀ, ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ,**

**ਹੁਕਮੁ ਕਰੇ ਗਾਵਾਰਿ ॥ ਗੁਰ ਕੈ ਭਾਣੈ ਜੋ ਚਲੈ, ਸਭਿ ਦੁਖ ਨਿਵਾਰਣਹਾਰਿ ॥.... ੧ ॥** [੮੯]-ਵਾਰ-੧੬

**ਅਰਥ:**--ਝੂਠੀ, ਮਨੋ ਖੋਟੀ, ਭੈੜੇ ਲੱਛਣਾ ਵਾਲੀ ਤੇ ਕਰੂਪ ਇਸਤ੍ਰੀ ਆਪਣੇ ਸਰੀਰ ਨੂੰ ਸ਼ਿੰਗਾਰਦੀ ਹੈ, ਪਰ ਪਤੀ ਦੇ ਹੁਕਮ ਵਿਚ ਨਹੀਂ ਤੁਰਦੀ ਸਗੋਂ ਮੂਰਖ ਇਸਤ੍ਰੀ ਪਤੀ ਤੇ ਹੁਕਮ ਚਲਾਉਂਦੀ ਹੈ (ਸਿੱਟਾ ਇਹ ਹੁੰਦਾ ਹੈ ਕਿ ਸਦਾ ਦੁਖੀ ਰਹਿੰਦੀ ਹੈ) । ਜੋ (ਜੀਵ ਇਸਤ੍ਰੀ) ਸਤਿਗੁਰੂ ਦੀ ਰਜ਼ਾ ਵਿਚ ਚੱਲਦੀ ਹੈ ਉਹ ਆਪਣੇ ਸਾਰੇ ਦੁੱਖ ਕਲੇਸ਼ ਨਿਵਾਰ ਲੈਂਦੀ ਹੈ । (ਭਾਵ, ਜਿਹੜਾ ਮਨੁੱਖ ਸੰਤ ਬਾਣਿਆ ਨਾਲ ਜਾਂ ਹੋਰ ਕਈ ਤਰ੍ਹਾਂ ਦੇ ਧਾਰਮਿਕ ਪਹਿਰਾਵਿਆਂ ਨਾਲ ਆਪਣੇ ਆਪ ਨੂੰ ਸ਼ਿਗਾਰੀ ਰੱਖਦਾ ਹੈ ਪਰ, ਗੁਰੂ ਦੇ ਹੁਕਮ ਤੋਂ ਵਿਰੁੱਧ ਚੱਲਦਾ ਹੈ, ਉਹ ਬੇ-ਮੁਖ ਆਤਮਕ ਤੌਰ ਤੇ ਕਦੇ ਸੁਖੀ ਨਹੀਂ ਹੋ ਸਕਦੇ ) ।

੧੨੦- **ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥**

**ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥ ੧ ॥**[੨੬]-੨-੩੫

**ਅਰਥ**:--ਬਹੁਤੇ ਧਾਰਮਿਕ ਪਹਿਰਾਵੇ ਪਹਿਨ ਕੇ (ਦੂਜਿਆਂ ਨੂੰ ਠੱਗਣ ਲਈ ਆਪਣੇ) ਮਨ ਵਿਚ ਅਥਵਾ ਹਿਰਦੇ ਵਿਚ ਖੋਟ ਕਮਾ ਕੇ ਆਪ ਹੀ ਭਟਕਣਾ ਵਿਚ ਪੈ ਜਾਈਦਾ ਹੈ। (ਜਿਹੜਾ ਮਨੁੱਖ ਇਹ ਵਿਖਾਵਾ-ਠੱਗੀ ਕਰਦਾ ਹੈ ਉਹ) ਪਰਮਾਤਮਾ ਦੀ ਹਜ਼ੂਰੀ ਪ੍ਰਾਪਤ ਨਹੀਂ ਕਰ ਸਕਦਾ, (ਉਹ ਸਗੋਂ) ਆਤਮਕ ਮੌਤ ਸਹੇੜ ਕੇ (ਠੱਗੀ ਆਦਿਕ ਵਿਕਾਰਾਂ ਦੇ) ਗੰਦ ਵਿਚ ਫਸਿਆ ਰਹਿੰਦਾ ਹੈ।੧।

## ਮਨ ਕਠੋਰ

੧੨੧- **ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨ ਕਠੋਰੁ ਅਜਹੂ ਨ ਪਤੀਨਾ ॥**
**ਕਹਿ ਕਬੀਰ, ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥ ੪ ॥**[੮੭੧]-੧-੪

**ਅਰਥ**:--(ਕਾਜ਼ੀ ਨੇ ਚਾੜ੍ਹ ਚਾੜ੍ਹ ਕੇ) ਤਿੰਨ ਵਾਰੀ ਪਰਤਾਵਾ ਲਿਆ, ਪਰ ਉਸ ਦੀ ਫਿਰ ਵੀ ਤਸੱਲੀ ਨਾ ਹੋਈ (ਕਿਉਂਕਿ ਉਹ ) **ਮਨ ਦਾ ਕਠੋਰ** ਸੀ। ਕਬੀਰ ਸਾਹਿਬ ਦਾ ਕਹਿਣਾ ਹੈ ਕਿ--(ਕਾਜ਼ੀ ਨੂੰ ਇਹ ਸਮਝ ਨਾ ਆਈ ਕਿ) ਸਾਡਾ ਰਾਖਾ ਪਰਮਾਤਮਾ ਹੈ, ਪ੍ਰਭੂ ਦੇ ਦਾਸਾਂ ਦੀ ਜਿੰਦ ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ (ਇਸ ਵਾਸਤੇ ਉਨ੍ਹਾਂ ਨੂੰ ਕੋਈ ਡਰ ਧਮਕਾ ਨਹੀਂ ਸਕਦਾ)।੪।

੧੨੨- **ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥**
**ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥ ੩ ॥** [੪੮੪]-੪-੩੭

**ਅਰਥ**:--ਮਨ ਦਾ ਕਠੋਰ ਮਨੁੱਖ ਭਾਵੇਂ ਕਾਂਸ਼ੀ ਵਿਚ ਵੀ ਪ੍ਰਾਣ ਤਿਆਗ ਦੇਵੇ, ਤਾਂ ਵੀ ਉਹ ਨਰਕ ਵਿਚ ਪੈਣੋ ਨਹੀਂ ਛੁੱਟ ਸਕਦਾ। (ਦੂਜੇ ਪਾਸੇ) ਪਰਮਾਤਮਾ ਦਾ ਭਗਤ ਮਗਹਰ ਦੀ ਸ੍ਰਾਪੂ ਧਰਤੀ ਵਿਚ ਵੀ ਜਾ ਮਰੇ, ਤਾਂ ਉਹ ਸਗੋਂ ਹੋਰ ਸਾਰੇ ਲੋਕਾਂ ਨੂੰ ਵੀ ਤਾਰ ਲੈਂਦਾ ਹੈ।੧।

ਗੰਗਾ ਨਦੀ ਤੋਂ ਪਾਰ ਅਜੁਧਯਾ ਤੋਂ ੮੪ ਮੀਲ ਤੇ ਮਗਹਰ ਪਿੰਡ ਹੈ। ਬਿੱਪ੍ਰ ਜੀ ਨੇ ਉਸ ਧਰਤੀ ਦਾ ਨਾਮ ਹਾੜੰਬਾ ਰਖ ਦਿਤਾ ਹੋਇਆ ਹੈ। ਬ੍ਰਾਹਮਣ ਦੇ ਲਿਖੇ ਗ੍ਰੰਥਾਂ ਅਨੁਸਾਰ ਜਿਹੜਾ ਮਨੁੱਖ ਕਾਂਸ਼ੀ ਵਿਚ ਮਰਦਾ ਹੈ ਉਹ ਸਿੱਧਾ ਸੁਰਗਾਂ ਨੂੰ ਜਾਂਦਾ ਹੈ ਪਰ ਜਿਹੜਾ ਮਗਹਰ ਦੀ ਧਰਤੀ ਤੇ ਪ੍ਰਾਣ ਤਿਆਗੇ ਤਾਂ ਉਹ ਗਧੇ ਦੀ ਜੂੰਨ ਪੈਂਦਾ ਹੈ ਅਥਵਾ ਉਸ ਦਾ ਨਰਕਾਂ ਵਿਚ ਜਾਣਾਂ ਕਿਸੇ ਤਰ੍ਹਾਂ ਨਹੀਂ, ਰੁਕ ਸਕਦਾ। ਕਬੀਰ ਸਾਹਿਬ ਨੇ ਉਸ ਬਿੱਪ੍ਰੀ-ਭਰਮ ਦੀ ਖੰਡਨਾ ਕੀਤੀ ਹੈ, ਉਂਜ ਨਰਕ ਸਰੁਗ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਹੈ--**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥** [੯੬੯]-੩

## ਮਨ ਜੂਠੇ

੧੨੩- **ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥**
**ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥ ੧ ॥**[੫੬]-੫

[ਚੌਥੇ ਭਾਗ ਦੇ ਪਹਿਲੇ ਕਾਂਡ ਦੇ ਛੇਵੇਂ ਲੇਖ ਜੂਠ ਅਥਵਾ ਭਿੱਟ --ਦਾ ਅਰਥਾਂ ਸਮੇਤ ਸ਼ਬਦ ਨੰ: ੪੩]

੧੨੪ **..... ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥**
**ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ, ਸਚੁ ਪਾਈਐ ॥ ੨ ॥**[੪੭੧]-ਵਾਰ-੧੬

[Note:--ਲੇਖ ਨੂੰ: ੩ ਦੇ ੨੬ਵੇਂ ਥਾਂ ਇਸ ਗੁਰੂ ਵਾਕ ਦੀ ਵਿਚਾਰ ਹੋ ਚੁੱਕੀ ਹੈ]

੧੨੫- **ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥**
**ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ ..... ੩ ॥** [੮੮]-ਵਾਰ-੧੪

## ਮਨ ਮੈਲੇ

੧੨੬- **ਗਲੀ ਅਸੀ ਚੰਗੀਆ, ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥**
**ਰੀਸਾ ਕਰਹਿ ਤਿਨਾੜੀਆ, ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ, ਮਾਣਹਿ ਸੁਖਿ ਰਲੀਆਹ ॥**
**ਹੋਦੈ ਤਾਣਿ ਨਿਤਾਣੀਆ, ਰਹਹਿ ਨਿਮਾਨਣੀਆਹੁ ॥ ਨਾਨਕ ਜਨਮੁ ਸਕਾਰਥਾ, ਜੇ ਤਿਨ ਕੈ ਸੰਗਿ ਮਿਲਾਹ ॥੨॥**[੮੪-ਵਾਰ-੭

**ਅਰਥ**:--ਅਸੀਂ ਗੱਲਾਂ ਵਿਚ ਸੁਚੱਜੀਆਂ (ਹਾਂ, ਪਰ) ਆਚਰਨ ਦੀਆਂ ਮਾੜੀਆਂ ਹਾਂ, ਮਨੋਂ ਖੋਟੀਆਂ ਤੇ ਕਾਲੀਆਂ ਹਾਂ ਪਰ ਬਾਹਰੋਂ ਸਾਫ਼ ਸੁਥਰੀਆਂ। (ਫਿਰ ਵੀ) ਅਸੀਂ ਰੀਸਾਂ ਉਨ੍ਹਾਂ ਦੀਆਂ ਕਰਦੀਆਂ ਹਾਂ, ਜੋ ਸਾਵਧਾਨ ਹੋ ਕੇ ਖਸਮ ਦੇ ਪਿਆਰ ਵਿਚ ਭਿੱਜੀਆਂ ਹੋਈਆਂ ਹਨ ਤੇ ਆਨੰਦ ਵਿਚ ਰੰਗ ਰਲੀਆਂ ਮਾਣਦੀਆਂ ਹਨ, ਜੋ ਤਾਣ ਹੁੰਦਿਆਂ ਨਿਰਮਾਣ ਰਹਿੰਦੀਆਂ ਹਨ। ਹੇ ਨਾਨਕ ! ਸਾਡਾ ਜਨਮ ਸਫ਼ਲ (ਤਾਂ ਹੀ ਹੋ ਸਕਦਾ ਹੈ) ਜੇ ਉਨ੍ਹਾਂ ਦੀ ਸੰਗਤਿ ਵਿਚ ਰਹੀਏ।੨।

੧੨੭- **ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨਾ ਹੋਇ ॥**
**ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ ੧ ॥**[੫੫੮]-੧

**ਅਰਥ**:--ਜੇ ਮਨੁੱਖ ਦਾ ਮਨ (ਵਿਕਾਰਾਂ ਦੀ) ਮੈਲ ਨਾਲ ਭਰਿਆ ਰਹੇ (ਤਾਂ ਉਤਨਾ ਚਿਰ ਮਨੁੱਖ ਜੋ ਕੁਝ ਕਰਦਾ ਹੈ) ਸਭ ਕੁਝ ਵਿਕਾਰ ਹੀ ਕਰਦਾ ਹੈ, ਸਰੀਰ ਨੂੰ (ਤੀਰਥ ਆਦਿਕਾਂ ਦੇ) ਇਸ਼ਨਾਨ ਕਰਾਉਣ ਨਾਲ ਮਨ ਪਵਿਤ੍ਰ ਨਹੀਂ ਹੋ ਸਕਦਾ। ਪਰ ਇਹ ਸੰਸਾਰ (ਤੀਰਥ-ਇਸ਼ਨਾਨ ਤੋਂ ਮਨ ਦੀ ਪਵਿਤ੍ਰਤਾ ਮਿਲ ਜਾਣ ਦੇ) ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ (ਇਸ ਸਚਾਈ ਨੂੰ) ਸਮਝਦਾ ਹੈ।੧।

## ਮਨ ਕਪਟੀ ਲੋਭੀ ਪਖੰਡੀ

੧੨੮- **ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥**
**ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥ ੧ ॥ ਰਹਾਉ ॥**[੩੫੯]-੧-੩੪

**ਅਰਥ**:--ਮੇਰਾ ਮਨ ਦਿਆਲ ਪਰਮਾਤਮਾ ਦੀ ਯਾਦ ਵਿਚ ਜੁੜਦਾ ਨਹੀਂ ਹੈ। ਇਸ ਉਤੇ ਮਾਇਆ ਨੇ ਬਹੁਤ ਜੋਰ ਪਾਇਆ ਹੋਇਆ ਹੈ। ਇਹ ਲੋਭੀ ਕਪਟੀ ਪਾਪੀ ਪਾਖੰਡੀ ਬਣਿਆਂ ਹੋਇਆ ਹੈ।੧। ਰਹਾਉ।

੨੭

## ਮਨ ਹੋਰ ਮੁਖਿ ਹੋਰ॥

੧੨੯- **ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥** [੪੮੮]-੧

੧੩੦- **ਅਤੀਤੁ ਸਦਾਏ ਮਾਇਆ ਕਾ ਮਾਤਾ ॥ ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥ ੩ ॥** [੭੩੮]-੧-੭

**ਅਰਥ**:-ਆਪਣੇ ਆਪ ਨੂੰ ਤਿਆਗੀ ਅਖਵਾਉਂਦਾ ਹੈ, ਪਰ ਮਾਇਆ ਦੇ ਲਾਲਚ ਮਸਤੀ ਵਿਚ ਰਹਿੰਦਾ ਹੈ । ਮਨ ਤਾਂ ਪ੍ਰਭੂ ਦੇ ਪਿਆਰ ਤੋਂ ਖ਼ਾਲੀ ਹੈ ਪਰ ਮੂੰਹੋਂ ਕਹਿੰਦਾ ਹੈ ਕਿ ( ਮੈਂ ਪ੍ਰਭੂ ਦੇ ਪਿਆਰ ਵਿਚ ਰੰਗਿਆ ਹੋਇਆ ਹਾਂ ।

ਭਾਵੇਂ ਕੋਈ ਅੰਮ੍ਰਿਤ ਧਾਰੀ ਹੈ, ਭਾਵੇਂ ਉਹ ਬਾਣੀਆਂ ਦਾ ਨਿਤਨੇਮੀ ਅਤੇ ਬਾਣੇ ਵਿਚ ਫਬਿਆ ਹੋਇਆ ਹੈ, ਪਰ ਜੇ ਉਹ ਢਿਡੋਂ ਹੋਰ ਅਤੇ ਮੂੰਹੋਂ ਹੋਰ ਹੈ, ਤਾਂ ਉਸ ਨੂੰ, ਸਿੰਘ ਅਥਵਾ ਸਿੱਖ ਸਮਝਣਾ ਤਾਂ ਦੂਰ ਰਿਹਾ ਦਸ਼ਮੇਸ਼ ਜੀ ਅਜੇਹੇ ਦੁਰੰਗੇ ਮਨੁੱਖ ਨੂੰ ਮਨੁੱਖ ਹੀ ਨਹੀਂ ਮੰਨਦੇ--

**ਹਮੂ ਮਰਦ ਬਾਇਦ ਸ਼ਵਦ ਸੁਖ਼ਨਵਰ ॥**

**ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥** [ਜ਼ਫ਼ਰ ਨਾਮਹ]

੨੮

## ਮਨ ਮਾਰਨਾ

ਸੰਨਿਆਸੀਆਂ, ਬ੍ਰਹਮਚਾਰੀਆਂ, ਜੋਗੀਆਂ, ਸਿਧਾਂ ਮੁਨੀਆਂ ਆਦਿ ਬਾਰੇ ਮਸ਼ਹੂਰ ਕੀਤਾ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਮਨ ਦੀਆਂ ਸਾਰੀਆਂ ਕਾਮਨਾਵਾਂ ਮਾਰ ਲਈਆਂ ਹੁੰਦੀਆਂ ਹਨ ਅਥਵਾ ਉਨ੍ਹਾਂ ਨੇ ਆਪਣਾ ਚੰਚਲ ਮਨ ਮਾਰ ਲਿਆ ਹੁੰਦਾ ਹੈ । ਕੀ ਸਚ-ਮੁਚ ਮਨ ਮਾਰਿਆ ਜਾ ਸਕਦਾ ਹੈ ? ਕੀ ਗੁਰਬਾਣੀ ਨੇ ਮਨ ਮਾਰ ਲੈਣ ਦੀ ਗੱਲ ਨੂੰ ਸਵੀਕਾਰ ਕੀਤਾ ਹੈ ? ਇਸ ਵਿਸ਼ੇ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਇਉਂ ਹਨ:--

੧੩੧- **ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ, ਕਵਨ ਸਿਧਿ ਥਾਪੀ ॥ ੧ ॥ ਕਵਨੁ ਸੁ ਮੁਨਿ, ਜੋ ਮਨੁ ਮਾਰੈ ॥ ਮਨ ਕਉ ਮਾਰਿ, ਕਹਹੁ ਕਿਸੁ ਤਾਰੈ ॥ ੧ ॥ ਰਹਾਉ ॥ ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ, ਭਗਤਿ ਨ ਹੋਈ ॥ ੨ ॥ ਕਹੁ ਕਬੀਰ, ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥**[੩੨੯]-੨੮

**ਅਰਥ**:--(ਹਰੇਕ ਮਨੁੱਖ ਦੇ) ਮਨ ਦੀ ਅੰਦਰਲੀ ਲਗਨ (ਜੋ ਵੀ ਹੋਵੇ ਉਹ ਉਸ ਮਨੁੱਖ ਦੇ) ਸਾਰੇ ਮਨ (ਭਾਵ, ਮਨ ਦੀ ਸਾਰੀ ਦੌੜ-ਭੱਜ ਸਾਰੇ ਮਨੁੱਖੀ ਜੀਵਨ) ਤੇ ਪ੍ਰਭਾਵ ਪਾ ਰੱਖਦੀ ਹੈ, (ਭਾਵ, ਮਨੁਖਾ ਜੀਵਨ ਮਨ ਦੀ ਉਸੇ ਪ੍ਰੇਰਨਾ ਤੇ ਹੀ ਨਿਰਭਰ ਹੁੰਦਾ ਹੈ, ਤਾਂ ਫਿਰ ) ਮਨ ਨੂੰ ਮਾਰ ਕੇ ਕਿਹੜੀ ਕਮਾਈ ਕਰ ਲਈਦੀ ਹੈ ?(ਭਾਵ, ਕੋਈ ਵਿਸ਼ੇਸ਼ ਕਾਮਯਾਬੀ ਵਾਲੀ ਗੱਲ ਨਹੀਂ ਹੁੰਦੀ) । ੧ । ਉਹ ਕਿਹੜਾ ਮਨੁੱਖ ਹੈ ਜੋ ਮਨ ਨੂੰ ਮਾਰਦਾ ਹੈ ? ਦੱਸੋ, ਮਨ ਨੂੰ ਮਾਰ ਕੇ ਉਹ ਕਿਸ ਨੂੰ ਤਾਰਦਾ ਹੈ ? । ੧ । ਰਹਾਉ । ਹਰੇਕ ਮਨੁੱਖ ਮਨ ਦਾ ਪ੍ਰੇਰਿਆ ਹੋਇਆ ਹੀ ਬੋਲਦਾ ਹੈ (ਭਾਵ, ਜੋ ਚੰਗੇ ਮੰਦੇ ਕੰਮ ਮਨੁੱਖ ਕਰਦਾ ਹੈ, ਉਨ੍ਹਾਂ ਲਈ ਪ੍ਰੇਰਨਾ ਮਨ ਵਲੋਂ ਹੀ ਹੁੰਦੀ ਹੈ, ਇਸ ਵਾਸਤੇ) ਮਨ ਨੂੰ ਮਾਰਨ ਤੋਂ ਬਿਨਾ (ਭਾਵ, ਮਨ ਨੂੰ ਵਿਕਾਰਾਂ ਤੋਂ ਰੋਕਣ ਤੋਂ ਬਿਨਾ) ਭਗਤੀ ਵੀ ਨਹੀਂ ਹੋ ਸਕਦੀ । ੨ । ਕਬੀਰ ਜੀ ਫ਼ੁਰਮਾਨ ਕਰਦੇ ਹਨ--ਜੋ ਮਨੁੱਖ ਇਸ ਰਮਜ਼ ਨੂੰ ਸਮਝਦਾ ਹੈ ਉਸ ਦਾ ਮਨ ਤਿੱਨਾਂ ਲੋਕਾਂ ਨੂੰ ਚਾਨਣ ਦੇਣ ਵਾਲੇ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ । ੩ ।

ਮਨ ਨੂੰ ਮਾਰ ਲੈਣਾ, ਜਿੰਦਗੀ ਦਾ ਸਾਰਾ ਮਨੋਰਥ ਖ਼ਤਮ ਕਰ ਲੈਣਾ ਹੋਵੇਗਾ । ਮਨ ਨੂੰ ਕਾਬੂ ਕਰਨਾ ਹੈ, ਮਨ ਨੂੰ ਵੱਸ ਵਿਚ ਕਰਨ ਦੀ ਲੋੜ ਹੈ । ਜਿਵੇ--**ਮਨ ਮਾਰੇ ਧਾਤੁ ਮਰਿ ਜਾਇ ॥** ਭਾਵ, ਮਨ ਨੂੰ ਵੱਸ ਵਿਚ ਕਰ ਲੈਣ ਨਾਲ ਭਟਕਣਾ ਮੁੱਕਦੀ ਹੈ । ਗੁਰਮਤਿ ਵਿਚ ਮਨ ਨੂੰ ਮਾਰ ਲੈਣ ਦਾ ਭਾਵ ਆਪਾ ਭਾਵ ਮਿਟਾਉਣਾ ਹੈ । ਹਉਮੈ ਦਾ ਤਿਆਗ ਕਰਕੇ, ਨਿਮਰਤਾ ਵਾਲਾ ਸੁਭਾਵ ਬਣਾਉਣਾ ਹੈ । ਮਨ ਨੂੰ ਕਾਬੂ ਵਿਚ ਕਰ ਲੈਣਾ ਮਨ ਨੂੰ ਵਿਕਾਰਾਂ ਵਲੋਂ ਇਉਂ ਰੋਕ ਲੈਣਾ ਹੈ, ਜਿਵੇ ਵਿਕਾਰਾਂ ਲਈ ਮਨ ਮਰ ਗਿਆ ਹੈ । ਇਸ ਗੁਰਮਤਿ-ਸਿਧਾਂਤ ਨੂੰ ਸਮਝਣ ਲਈ ਕੁਝ ਗੁਰੂ-ਸ਼ਬਦਾਂ ਦੀ ਹੋਰ ਵਿਚਾਰ:--

੧੩੨- **ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭਾ ਸੁ ਮਾਨੈ ॥ ੧ ॥ ਚਤੁਰਾਈ ਨ ਚੀਨਿਆ ਜਾਇ ॥ ਬਿਨ ਮਾਰੇ ਕਿਉ ਕੀਮਤਿ ਪਾਇ ॥ ੧ ॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰ ਲੇਈ ॥ ਨੰਨਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥ ੨ ॥ ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨ ਦੇ ਲੀਆ ਰਹਸਿ ਗੁਣ ਗਾਈ ॥ ੩ ॥ ਜੈਸਾ ਘਰਿ, ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥ ੪ ॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥ ੫ ॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥ ੬ ॥ ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥ ੭ ॥ ਉਅਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤ ॥ ੮ ॥ ੩ ॥**[੨੨੧]

ਅਰਥ:--ਮਨ ਨੂੰ ਵਿਕਾਰਾਂ ਵਲੋਂ ਮਾਰਨ ਤੋਂ ਬਿਨਾ ਮਨ ਦੀ ਕਦਰ ਨਹੀਂ ਪੈ ਸਕਦੀ (ਭਾਵ, ਉਹ ਮਨ ਆਦਰ-ਸਤਕਾਰ ਦਾ ਹੱਕਦਾਰ ਹੈ, ਜਿਹੜਾ ਨੁੱਖ ਦੇ ਵੱਸ ਵਿਚ ਹੈ) । ਚਤੁਰਾਈ ਵਿਖਾਲਣ ਨਾਲ ਇਹ ਪਛਲਾਣ ਨਹੀਂ ਹੁੰਦੀ ਕਿ (ਚਤੁਰਾਈ ਵਿਖਾਉਣ ਵਾਲਾ) ਮਨ ਕੀਮਤਿ ਪਾਉਣ ਦਾ ਹੱਕਦਾਰ ਹੋ ਗਿਆ ਹੈ । ੧ । ਰਹਾਉ ।

ਇਸ ਸਰੀਰ ਜੰਗਲ ਵਿਚ ਮਨ ਹਾਥੀ (ਸਮਾਨ) ਹੈ । (ਜਿਸ ਮਨ-ਹਾਥੀ ਦੇ ਸਿਰ ਉਤੇ) ਗੁਰੂ ਕੁੰਡਾ ਹੋਵੇ ਅਤੇ ਸਦਾ-ਥਿਰ (ਪ੍ਰਭੂ ਦੀ ਸਿਫ਼ਤ-ਸਾਲਾਹ ਦਾ) ਸ਼ਬਦ ਨੀਸ਼ਾਨ (ਝੁੱਲ ਰਿਹਾ) ਹੋਵੇ, (ਉਹ ਮਨ-ਹਾਥੀ) ਪ੍ਰਭੂ-ਪਾਤਸ਼ਾਹ ਦੇ ਦਰ ਤੇ ਸੋਭਾ ਅਤੇ ਆਦਰ ਪਾਉਂਦਾ ਹੈ । ੧ । (ਮਨੁੱਖ ਦੇ ਹਿਰਦੇ-) ਘਰ ਵਿਚ ਨਾਮ-ਅੰਮ੍ਰਿਤ ਮੌਜੂਦ ਹੈ, (ਪਰ ਮੋਹ ਵਿਚ ਫਸਿਆ ਹੋਇਆ ਮਨ-)ਚੋਰ (ਉਸ ਅੰਮ੍ਰਿਤ ਨੂੰ) ਚੁਰਾਈ ਜਾਂਦਾ ਹੈ, (ਇਹ ਮਨ-ਹਾਥੀ ਏਨਾ ਆਕੀ ਹੋਇਆ ਪਿਆ ਹੈ ਕਿ ਕੋਈ ਜੀਵ ਇਸ ਦੇ ਅੱਗੇ ਨਾਂਹ-ਨੁੱਕਰ ਨਹੀਂ ਕਰ ਸਕਦਾ) । ਪਰਮਾਤਮਾ ਆਪ ਜਿਸ (ਦੇ ਅੰਦਰ ਵੱਸਦੇ ਅੰਮ੍ਰਿਤ) ਦੀ ਰਾਖੀ ਕਰਦਾ ਹੈ, ਉਸ ਨੂੰ ਵਡਿਆਈ ਬਖ਼ਸ਼ਦਾ ਹੈ । ੨ । ਇਸ ਮਨ ਵਿਚ) ਤ੍ਰਿਸ਼ਨਾ ਦੀ ਬੇਅੰਤ ਅੱਗ ਇਕੋ

ਥਾਂ ਤੇ ਪਈ ਹੈ, ਜਿਸ ਨੂੰ ਗੁਰੂ ਨੇ (ਤ੍ਰਿਸ਼ਨਾ-ਅੱਗ ਤੋਂ ਬਚਨ ਦੀ) ਸਮਝ ਬਖ਼ਸ਼ੀ ਹੈ, ਉਸ ਦੀ ਇਹ ਅੱਗ ਪ੍ਰਭੂ ਦੇ ਨਾਮ-ਜਲ ਨਾਲ ਬੱਝ ਜਾਂਦੀ ਹੈ, (ਪਰ ਜਿਸ ਨੇ ਵੀ ਨਾਮ-ਜਲ ਲਿਆ ਹੈ) ਆਪਣਾ ਮਨ (ਵੱਟੇ ਵਿਚ) ਦੇ ਕੇ ਲਿਆ ਹੈ, ਉਹ ਫਿਰ ਰਹਸਿ (-ਚਾਉ) ਨਾਲ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੁਣ ਗਾਉਂਦਾ ਹੈ । ੩ । (ਜੇ ਮਨ ਹਾਥੀ ਦੇ ਸਿਰ ਉਤੇ ਗੁਰ&ੂ-ਗਿਆਨ-ਰੂਪ ਕੁੰਡਾ ਨਹੀਂ ਹੈ ਤਾਂ) ਜਿਹੋ ਜਿਹਾ (ਅਮੋੜ) ਇਹ ਗ੍ਰਿਹਸਤ ਵਿਚ (ਰਹਿੰਦਿਆਂ) ਹੈ, ਉਹੋ ਜਿਹਾ (ਅਮੋੜ) ਇਹ ਬਾਂਹਰ (ਜੰਗਲਾਂ ਵਿਚ ਰਹਿੰਦਿਆਂ) ਹੁੰਦਾ ਹੈ । ਪਹਾੜ ਦੀ ਗੁਫ਼ਾ ਵਿਚ ਵੀ ਬੈਠ ਕੇ ਮੈਂ ਕੀ ਆਖਾਂ ਕਿ ਕਿਹੋ ਜਿਹਾ ਬਣ ਦਿਆ ਹੈ ? (ਗੁਫ਼ਾ ਵਿਚ ਟਿਕੇ ਰਿਹਾਂ ਵੀ ਮਨ ਅਮੋੜ ਹੀ ਰਹਿੰਦਾ ਹੈ) । ਸਮੁੰਦਰ ਵਿਚ ਵੜੇ (ਤੀਰਥਾਂ ਵਿਚ ਚੁੱਭੀ ਲਾਵੇ) ਪਹਾੜ (ਦੀ ਗੁਫ਼ਾ) ਵਿਚ ਬੈਠੇ ਇਹ ਇਕੋ ਜਿਹਾ ਨਿਡਰ ਰਹਿੰਦਾ ਹੈ । ੪ । ਪਰ ਜੇ ਇਹ (ਮਨ ਹਾਥੀ ਗੁਰੂ-ਕੰਡੇ ਦੇ ਅਧੀਨ ਰਹਿ ਕੇ ਵਿਕਾਰਾਂ ਵਲੋਂ) ਮਰ ਜਾਏ ਤਾਂ ਕੋਈ ਵਿਕਾਰ ਇਸ ਤੇ ਚੋਟ ਨਹੀਂ ਕਰ ਸਕਦਾ , ਜੇ ਇਹ (ਮਨ ਗੁਰੂ ਕੁੰਡੇ ਦੇ ਡਰ ਵਿਚ ਰਹਿ ਕੇ) ਨਿਡਰ (ਦਲੇਰ) ਹਾ ਜਾਏ, ਤਾਂ ਦੁਨੀਆ ਵਾਲਾ ਕਈ ਡਰ ਇਸ ਨੂੰ ਪੋਹ ਨਹੀਂ ਸਕਦਾ । (ਕਿਉਂਕਿ) ਗੁਰੂ ਦੇ ਸ਼ਬਦ ਵਿਚ ਜੁੜ ਕੇ ਇਹ ਪਛਾਣ ਲੈਂਦਾ ਹੈ ਕਿ (ਇਸ ਦਾ ਰਾਖਾ ਪਰਮਾਤਮਾ) ਤਿੰਨਾ ਹੀ ਭਵਨਾਂ ਵਿਚ ਹੇ ਥਾਂ ਵੱਸਦਾ ਹੈ । ੫ । ਜਿਸ ਮਨੁੱਖ ਨੇ (ਨਿਰੀ ਮਨ ਦੀ ਚਤੁਰਾਈ ਨਾਲ ਹੀ ਇਹ) ਕਹਿ ਦਿੱਤਾ (ਕਿ ਪਰਮਾਤਮਾ ਤਿੰਨਾ ਭਵਨਾਂ ਵਿਚ ਹਰ ਥਾਂ ਵਿਆਪਕ ਹੈ) ਉਸ ਨੇ ਜ਼ਬਾਨੀ ਹੀ ਆਖ ਦਿੱਤਾ (ਉਸ ਦਾ ਮਨ-ਹਾਥੀ ਅਜੇ ਵੀ ਅਮੋੜ ਹੀ ਹੈ) । ਜਿਸ ਨੇ (ਗੁਰੂ-ਅੰਕਸ ਦੇ ਅਧੀਨ ਰਹਿ ਇਹ ਭੇਤ) ਸਮਝ ਲਿਆ, ਉਸ ਨੇ ਅਡੋਲ ਆਤਮਕ ਅਵਸਥਾ ਵਿਚ ਟਿਕ ਕੇ (ਉਸ ਤਿੰਨਾ ਭਵਨਾਂ ਵਿਚ ਵੱਸਦੇ ਨੂੰ) ਪਛਾਣ ਲਿਆ । (ਹਰ ਥਾਂ ਪ੍ਰਭੂ ਦਾ) ਦਰਸ਼ਨ ਕਰ ਕੇ ਪ੍ਰਭੂ ਦੇ ਗੁਣਾਂ ਨੂੰ ਵਿਚਾਰ ਕੇ ਉਸ ਦਾ " ਮੇਰਾ ਮੇਰਾ " ਆਖਣ ਵਾਲਾ ਮਨ (ਪ੍ਰਭੂ ਦੀ ਸਿਫ਼ਰਿ-ਸਾਲਾਹ ਵਿਚ) ਗਿੱਝ ਜਾਂਦਾ ਹੈ । ੬ । ਜਿਸ ਹਿਰਦੇ ਵਿਚ ਇੱਕ ਪਰਮਾਤਮਾ ਦੀ ਸਿਫ਼ਤਿ ਸਾਲਾਹ ਹੈ ਉਥੇ ਸੋਭਾ ਹੈ, ਸੁੰਦਰਤਾ ਹੈ, ਵਿਕਾਰਾਂ ਤੋਂ ਖ਼ਲਾਸੀ ਹੈ, ਉਥੇ ਹੀ ਮਾਇਆ ਦੇ ਪ੍ਰਭਾਵ ਤੋਂ ਰਹਿਤ ਪਰਮਾਤਮਾ ਹਰ ਵੇਲੇ (ਪ੍ਰਤੱਖ) ਵਿਆਪਦਾ ਹੈ । (ਉਹੀ ਹਿਰਦਾ ਪਰਮਾਤਮਾ ਦਾ ਆਪਣਾ ਘਰ ਬਣ ਗਿਆ, ਉਸ ਦਾ ਆਪਣਾ ਨਿਵਾਸ ਅਸਥਾਨ ਬਣ ਗਿਆ), ਉਥੇ ਆਪਣੇ ਘਰ ਵਿਚ ਉਹ ਹਰ ਵੇਲੇ ਮੌਜੂਦ ਹੈ । ੭ । ਅਨੇਕਾਂ ਹੀ ਮੁਨੀ ਲੋਕ (ਮਨ-ਹਾਥੀ ਨੂੰ ਗੁਰੂ-ਕੁੰਡੇ ਦੇ ਅਧੀਨ ਕਰ ਕੇ) ਪਵਿੱਤ੍ਰ ਸਰੀਰ ਨਾਲ ਪਵਿੱਤ੍ਰ ਪਿਆਰ ਵਿਚ ਜੁੜ ਕੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦੇ ਹਨ, ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਉਨ੍ਹਾਂ ਦੇ ਹਿਰਦੇ ਵਿਚ ਵੱਸਦਾ ਹੈ । ਹੇ ਨਾਨਕ ! ਤੂੰ ਵੀ (ਏਸੇ ਤਰ੍ਹਾਂ ਮਨ ਨੂੰ ਕਾਬੂ ਵਿਚ ਰੱਖ ਕੇ) ਸਦਾ ਸਦਾ ਉਸ ਪਰਮਾਤਮਾ ਦਾ ਭਜਨ ਕਰ । ੮ ।

੧੩੩- **ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥**
**ਜਨ ਨਾਨਕ ਕਰਮੀ ਪਾਈਅਨਿ ਹਰਿਨਾਮਾ ਭਗਤਿ ਭੰਡਾਰ ॥ ੪ ॥**[੧੬੨]-੨-੧੬-੩੬

ਅਰਥ--ਜਿਸ ਮਨੁੱਖ ਦਾ ਮਨ ਗੁਰੂ ਦੇ ਸ਼ਬਦ ਵਿਚ ਜੁੜਨ ਕਰਕੇ ਆਪਾ-ਭਾਵ ਵਲੋਂ ਮਰਦਾ ਹੈ, ਉਸ ਦੀ (ਗੁਰੂ ਦੇ ਸ਼ਬਦ ਵਿਚ) ਸ਼ਰਧਾ ਬਣ ਜਾਂਦੀ ਹੈ ਤੇ ਉਹ ਆਪਣੈ ਅੰਦਰੋਂ ਹਉਮੈ (ਆਦਿਕ) ਵਿਕਾਰ ਤਿਆਗਦਾ ਹੈ । ਹੇ ਦਾਸ ਨਾਨਕ ! ਪਰਮਾਤਮਾ ਦੇ ਨਾਮ ਦੇ, ਅਥਵਾ ਉਸਦੀ ਭਗਤੀ ਦੇ ਭੰਡਾਰ ਪਰਮਾਤਮਾ ਦੀ ਮਿਹਰ ਨਾਲ ਹੀ ਮਿਲਦੇ ਹਨ । ੪ ।

੧੩੪- **ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿਨਾਮੁ ਵਸੈ ਮਨਿ ਆਇ ॥ ਤਿਸ ਕੀ ਕੀਮਤਿ**
**ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥ ੩ ॥**[੧੨੫੮]-੨

**ਅਰਥ:**--ਜੇ ਗੁਰੂ ਮਿਲ ਪਏ, ਤਾਂ ਮਨੁੱਖ ਦਾ ਮਨ (ਅੰਦਰੋਂ) ਆਪਾ-ਭਾਵ ਦੂਰ ਕਰ ਲੈਂਦਾ ਹੈ, ਉਸ ਦੇ ਮਨ ਵਿਚ ਹਰਿ-ਨਾਮ ਆ ਵੱਸਦਾ ਹੈ, (ਫਿਰ ਉਸ ਦਾ ਜੀਵਨ ਇਤਨਾ ਉ ੱਚਾ ਹੋ ਜਾਂਦਾ ਹੈ ਕਿ) ਉਸ ਦਾ ਮੁੱਲ ਨਹੀਂ ਪੈ ਸਕਦਾ, ਨਾ ਹੀ ਉਸ ਦਾ ਵਰਣਨ ਕੀਤਾ ਜਾ ਸਕਦਾ ਹੈ । ਅਜੇਹਾ ਮਨੁੱਖ ਉਸ ਅਵਸਥਾ ਵਿਚ ਟਿਕ ਜਾਂਦਾ ਹੈ ਜਿੱਥੇ ਮਾਇਆ ਦੇ ਤਿੰਨ ਗੁਣਾਂ ਦਾ ਜੋਰ ਨਹੀਂ ਪੈ ਸਕਦਾ, ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਲੀਨ ਹੋਇਆ ਰਹਿੰਦਾ ਹੈ । ੩ ।

੧੩੫- **ਵਿਣੁ ਮਨੁ ਮਾਰੇ ਕੋਇ ਨ ਸਿਝਈ, ਵੇਖਹੁ ਕੋ ਲਿਵ ਲਾਇ ॥ ਭੇਖਧਾਰੀ ਤੀਰਥੀ ਭਵਿ ਥਕੇ**
**ਨਾ ਏਹੁ ਮਨ ਮਾਰਿਆ ਜਾਇ ॥ ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥**
**ਨਾਨਕ ਇਸੁ ਮਨੁ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥ ੨ ॥**[੬੫੦]-ਵਾਰ-੨੧

**ਅਰਥ:**--ਤੁਸੀਂ ਕੋਈ ਵੀ ਮਨੁੱਖ ਬ੍ਰਿਤੀ ਜੋੜ ਕੇ ਵੇਖ ਲਵੋ, ਮਨ ਨੂੰ ਕਾਬੂ ਕਰਨ ਤੋਂ ਬਿਨਾ ਕੋਈ ਨਹੀਂ ਸਿੱਝਿਆ (ਭਾਵ, ਕਿਸੇ ਦੀ ਘਾਲ ਥਾਇ ਨਹੀਂ ਪਈ), ਭੇਖ ਕਰਨ ਵਾਲੇ (ਸਾਧੂ ਵੀ) ਤੀਰਥਾਂ ਦੀ ਯਾਤ੍ਰਾ ਕਰ ਕੇ ਰਹਿ ਗਏ ਹਨ, (ਇਸ ਤਰ੍ਹਾਂ) ਇਹ ਮਨ ਮਾਰਿਆ ਨਹੀਂ ਜਾਂਦਾ । ਸਤਿਗੁਰੂ ਦੇ ਸਨਮੁਖ ਹੋਇਆਂ ਮਨੁੱਖ ਸੱਚੇ ਹਰੀ ਵਿਚ ਬ੍ਰਿਤੀ ਜੋੜੀ ਰੱਖਦਾ ਹੈ (ਇਸ ਕਰਕੇ) ਉਸ ਦਾ ਮਨ ਜੀਊਂਦਾ ਹੀ ਮੋਇਆ ਹੈ (ਭਾਵ, ਮਾਇਆ ਵਿਚ ਵਰਤਦਿਆਂ ਵੀ ਮਾਇਆ ਤੋਂ ਉਦਾਸ ਹੈ, ਮਾਇਆ ਦੇ ਮੋਹ ਵਿਚ ਨਹੀਂ ਫਸਦਾ) । ਹੇ ਨਾਨਕ ! ਇਹ ਮਨ ਦੀ ਮੈਲ ਇਸ ਤਰ੍ਹਾਂ ਉਤਰਦੀ ਹੈ ਕਿ ਮਨ ਦੀ ਹਉਮੈ ਸਤਿਗੁਰੂ ਦੇ) ਸ਼ਬਦ-ਗਿਆਨ ਨਾਲ ਸਾੜੀ ਜਾਏ । ੨ ।

੧੩੬- **ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨਕੂਟੈ, ਤਉ ਜਮ ਤੇ ਛੂਟੈ ॥**
**ਕੁਟਿ ਕੁਟਿ ਮਨੁ ਕਸਵੱਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥ ੧ ॥**
**ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥ ੧ ॥ ਰਹਾਉ ॥**[੮੭੨]-੭-੧੦

**ਅਰਥ:**--ਹੇ ਜਗਤ ਦੇ ਲੋਕੋ ! ਤੁਸੀਂ " ਕੂਟਨ " ਕਿਸ ਨੂੰ ਆਖਦੇ ਹੋ ? ਸਾਰਿਆਂ ਲਫ਼ਜ਼ਾਂ ਦੇ ਵੱਖੋ-ਵੱਖਰੇ ਭਾਵ ਹੋ ਸਕਦੇ ਹਨ (ਜਿਵੇਂ ਕੂਟ ਦਾ ਅਰਥ-- ਕੂੜ, ਠੱਗੀ ਫ਼ਰੇਬ ਹੈ । ਕੂਟਨ--ਠੱਗ, ਫ਼ਰੇਬੀ, ਦੱਲਾ . ਗੁਰਦਾਸਪੁਰ ਜ਼ਿਲ੍ਹੇ ਵਿਚ ਕਈ ਲੋਕ ਅਜੇਹੇ ਠੱਗ " ਫਫੇ-ਕੁਟਣ " ਅਤੇ ਠੱਗਣੀ ਨੂੰ " ਫਫੇ-ਕੁਟਣੀ " ਕਹਿੰਦੇ ਹਨ । (੨) ਤੇ ਕੂਟਨ ਦਾ ਦੂਜਾ ਅਰਥ ਹੈ ਕੁੱਟਣ ਵਾਲਾ, ਛੜਨ ਵਾਲਾ ਜਿਵੇਂ ਮੋਹਲੇ ਉਖਲੀ ਵਿਚ ਚੌਲ) **। ੧ । ਰਹਾਉ ॥** (ਤੁਸੀਂ ' ਕੁਟਨ " ਠੱਗ ਨੂੰ ਆਖਦੇ ਹੋ, ਪਰ) ਕੂਟਨ ਉਹ ਵੀ ਹੈ ਜੋ ਆਪਣੇ ਮਨ ਨੂੰ ਮਾਰਦਾ ਹੈ ਤੇ ਜੋ ਮਨੁੱਖ ਆਪਣੇ ਮਨ ਨੂੰ ਮਾਰਦਾ ਹੈ ਉਹ ਜਮਾਂ ਤੋਂ (ਭਾਵ, ਆਤਮਕ ਮੌਤ ਤੋਂ) ਬਚ ਜਾਂਦਾ ਹੈ । ਜੋ ਮਨੁੱਖ ਮੁੜ ਮੁੜ ਮਨ ਨੂੰ ਮਾਰ ਕੇ (ਫਿਰ ਉਸ ਦੀ) ਜਾਂਚ-ਪੜਤਾਲ ਕਰਦਾ ਰਹਿੰਦਾ ਹੈ, ਉਹ (ਵਿਕਾਰਾਂ ਤੋਂ) ਮੁਕਤੀ ਪ੍ਰਾਪਤ ਕਰ ਲੈਂਦਾ ਹੈ । ੨ ।

੧੩੭- **ਗ੍ਰਿਹ ਬਨੁ ਸਮਸਰਿ ਸਹਜਿ ਸੁਭਾਇ ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥ ਸਚ ਪਉੜੀ ਸਾਚਉ ਮੁਖਿ ਨਾਂਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ ॥ ੧ ॥ ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥ ੧ ॥ ਰਹਾਉ ॥ ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥ ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥ ੨ ॥ ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥ ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥ ੩ ॥ ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥ ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥ ੪ ।** [੩੫੧]-੧੧

**ਅਰਥ:**--ਜੋ ਮਨੁਖ ਆਪਣੇ ਮਨ ਨੂੰ ਵੱਸ ਵਿਚ ਕਰ ਲੈਂਦਾ ਹੈ, ਉਹ, ਮਾਨੋ ਛੇ ਸ਼ਾਸਤ੍ਰਾਂ ਦਾ ਗਿਆਤਾ ਹੈ ਉਸ ਨੂੰ ਅਕਾਲਪੁਰਖ ਦੀ ਜੋਤਿ ਸਭ ਜੀਵਾਂ ਵਿਚ ਵਿਆਪਕ ਦਿਸਦੀ ਹੈ । ੧ । ਰਹਾਉ । (ਜਿਸ ਨੇ ਮਨ ਨੂੰ ਵੱਸ ਵਿਚ ਕਰ ਲਿਆ, ਉਸ ਮਨੁੱਖ ਨੂੰ) ਘਰ ਤੇ ਜੰਗਲ ਇੱਕ ਸਮਾਨ ਹੈ, ਕਿਉਂਕਿ ਉਹ ਅਡੋਲ ਅਵਸਥਾ ਵਿਚ ਟਿਕਿਆ ਸਦਾ ਪ੍ਰਭੂ ਦੇ ਪਿਆਰ ਵਿਚ (ਮਸਤ ਰਹਿੰਦਾ) ਰਹਿੰਦਾ ਹੈ । ਉਸ ਮਨੁੱਖ ਦੀ ਭੈੜੀ ਮਤਿ ਦੂਰ ਹੋ ਜਾਂਦੀ ਹੈ ਅਤੇ ਉਸ ਦੇ ਥਾਂ ਉਸ ਦੇ ਅੰਦਰ ਪ੍ਰਭੂ ਦੀ ਸਿਫ਼ਤਿ-ਸਾਲਾਹ ਵੱਸਦੀ ਹੈ । ਸਦਾ-ਥਿਰ

ਪ੍ਰਭੂ ਦਾ ਨਾਮ, ਸਤਿਗੁਰੂ ਦੇ ਗਿਆਨ-ਜੋਤਿ ਤੋਂ ਮਿਲੀ ਇੱਕ ਸਚੀ ਪਉੜੀ ਹੈ, ਜਿਸ ਦੁਆਰਾ ਮਨੁੱਖ ਉਹ ਆਤਮਕ ਟਿਕਾਣਾ ਪ੍ਰਾਪਤ ਕਰ ਲੈਂਦਾ ਹੈ ਜੋ ਸਦਾ ਉਸ ਦਾ ਆਪਣਾ ਬਣਿਆ ਰਹਿੰਦਾ ਹੈ **। ੧ ।** ਪਰ ਜੇ ਮਨੁੱਖ ਦੇ ਅੰਦਰ ਮਾਇਆ ਦੀ ਬਹੁਤ ਤ੍ਰਿਸ਼ਨਾ ਹੋਵੇ (ਬਾਹਰ ਜਗਤ-ਵਿਖਾਵੇ ਲਈ) ਬਹਤ ਧਾਰਮਿਕ ਲਿਬਾਸ ਪਹਿਨੇ, ਮਾਇਆ ਦੇ ਮੋਹ ਤੋਂ ਪੈਦਾ ਹੋਇਆ ਕਲੇਸ਼ ਉਸ ਦੇ ਅੰਦਰ ਆਤਮਕ ਸੁਖ ਨੂੰ ਦੂਰ ਕਰ ਦਿੰਦਾ ਹੈ, ਤੇ ਕਾਮ ਕ੍ਰੋਧ ਉਸ ਦੇ ਅੰਦਰਲੇ ਨਾਮ-ਧਨ ਨੂੰ ਚੁਰਾ ਲੈ ਜਾਂਦਾ ਹੈ । (ਤ੍ਰਿਸ਼ਨਾ ਦੇ ਹੜ ਵਿਚੋਂ ਉਹੀ ਮਨੁੱਖ) ਪਾਰ ਲੰਘਦਾ ਹੈ ਜੋ ਪ੍ਰਭੂ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ ਤੇ ਜੋ ਦੁਚਿਤਾ-ਪਨ ਛੱਡਦਾ ਹੈ **। ੨ ।** (ਜਿਸ ਮਨੁੱਖ ਨੇ ਮਨ ਨੂੰ ਵੱਸ ਵਿਚ ਕਰ ਲਿਆ) ਉਹ ਪਰਮਾਤਮਾ ਦੀ ਸਿਫਤਿ-ਸਾਲਾਹ ਕਰਦਾ ਹੈ ਅਤੇ ਆਤਮਕ ਅਡੋਲਤਾ ਦਾ ਅਨੰਦ ਮਾਣਦਾ ਹੈ, ਗੋਬਿੰਦ ਦੇ ਪ੍ਰੇਮ ਨੂੰ ਆਪਣਾ ਸਾਥੀ ਅਥਵਾ ਮਿੱਤ੍ਰ ਬਣਾਉਂਦਾ ਹੈ । ਆਪਣਾ ਤਨ, ਮਨ ਆਪਣੀ ਜਿੰਦ ਪ੍ਰਭੂ ਦੇ ਹਵਾਲੇ ਕਰੀ ਰੱਖਦਾ ਹੈ, ਉਸ ਨੂੰ ਯਕੀਨ ਬਣਿਆਂ ਰਹਿੰਦਾ ਹੈ ਕਿ ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਆਪ ਹੀ ਦਾਤਾਂ ਬਖ਼ਸ਼ਣ ਵਾਲਾ ਹੈ । **੩ ।** (ਮਨ ਮਾਰ ਕੇ ਆਤਮਕ ਆਨੰਦ ਲੈਣ ਵਾਲੇ ਨੂੰ) ਝੂਠ ਆਦਿਕ ਵਿਕਾਰ ਸਰੀਰ ਵਾਸਤੇ ਭਾਰੀ ਕਸ਼ਟ (ਦਾ ਮੂਲ) ਜਾਪਦੇ ਹਨ, (ਜਗਤ-ਵਿਖਾਵੇ ਵਾਲੇ) ਸਾਰੇ ਧਾਰਮਿਕ ਭੇਖ ਤੇ ਵਰਨ (ਆਸ਼ਰਮ ਦਾ ਮਾਣ) ਮਿੱਟੀ ਸਮਾਨ ਦਿੱਸਦੇ ਹਨ । ਉਸ ਨੂੰ ਯਕੀਨ ਬਣ ਜਾਂਦਾ ਹੈ ਕਿ ਜਗਤ ਪੈਦਾ ਹੋ ਕੇ ਨਾਸ ਹੁੰਦਾ ਰਹਿੰਦਾ ਹੈ, ਸਦਾ ਰਹਿਣ ਵਾਲਾ ਇੱਕ ਪਰਮਾਤਮਾ ਦਾ ਨਾਮ ਹੀ ਹੈ।੪।

੧੩੮- **ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ ੨੧੬ ॥** [੧੩੭੬]

## ੨੯

# ਮਨ, ਵੱਸ ਵਿਚ ਕਿਵੇਂ ਆਵੇ ?

ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਗੁਰੂ ਦੇ ਉਪਦੇਸ਼-ਗਿਆਨ ਦਾ ਬੱਝਾ ਹੀ ਮਨ ਟਿਕ ਸਕਦਾ ਹੈ :--

੧੩੯- **ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥**
**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ ॥ ੫॥** [੪੬੯]-ਵਾਰ-੧੨

**ਅਰਥ**:--ਜਿਵੇਂ ਪਾਣੀ ਨੂੰ ਟਿਕਾ ਕੇ ਰੱਖਣ ਲਈ ਘੜੇ ਦਾ ਹੋਣਾ ਜ਼ਰੂਰੀ ਹੈ, ਪਰ ਪਾਣੀ ਤੋਂ ਬਿਨਾ ਘੜਾ ਨਹੀਂ ਬਣਾਇਆ ਜਾ ਸਕਦਾ, ਏਸੇ ਤਰ੍ਹਾਂ ਗਿਆਨ ਤੋਂ ਬਿਨਾ ਮਨ ਨਹੀਂ ਟਿਕਾਇਆ ਜਾ ਸਕਦਾ ਪਰ (ਮਨ ਨੂੰ ਕਾਬੂ ਵਿਚ ਕਰ ਸਕਣ ਵਾਲਾ ) ਗਿਆਨ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦਾ । ੫ ।

ਕਬੀਰ ਸਾਹਿਬ ਨੇ ਵੀ ਜੀਵਨ ਪੰਧ ਵਿਚ ਸਫ਼ਲਤਾ ਲਈ ਗੁਰਮਤਿ-ਗਿਆਨ ਦੀ ਪ੍ਰਾਪਤੀ ਨੂੰ ਬੜਾ ਜ਼ਰੂਰੀ ਦੱਸਿਆ ਹੈ--**ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ, ਗਿਆਨ ਗੋਨਿ ਭਰਿ ਡਾਰੀ ॥ ਕਹਤੁ ਕਬੀਰ ਸੁਨਹੁ ਰੇ ਸੰਤਹੁ, ਨਿਬਹੀ ਖੇਪ ਹਮਾਰੀ ॥ ੩ ॥**[੧੧੨੩]

੧੪੦- **ਬਿਨੁ ਬਿਦਿਆ ਕਹਾ ਕੋਈ ਪੰਡਿਤ ॥ ਬਿਨੁ ਅਮਰੈ ਕੈਸੇ ਰਾਜ ਮੰਡਿਤ ॥**
**ਬਿਨੁ ਬੂਝੇ ਕਹਾ ਮਨੁ ਠਹਰਾਨਾ ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥ ੩ ॥**[੧੧੪੦]-੬-੧੯

ਭਾਵ, ਜਿਵੇਂ ਪੰਡਿਤ ਉਹੀ ਹੈ ਜੋ ਵਿਦਵਾਨ ਹੋਵੇ, ਅਤੇ ਰਾਜ ਤਦ ਹੀ ਹੈ ਜੇ ਹੁਕਮ ਹਾਸਲ ਹੋਵੇ, ਏਵੇ ਹੀ ਮਨ ਦਾ ਟਿਕਾਉ ਤਦ ਹੀ ਹੋ ਸਕਦਾ ਹੈ ਜੇ ਆਤਮਕ ਜੀਵਨ ਦੀ ਸੂਝ ਹੋਵੇ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ, ਪਰਮਾਤਮਾਂ ਦੇ ਨਾਮ ਤੋਂ ਖੁੰਝਿਆ ਮਨੁੱਖ ਸਦਾ ਚਿੰਤਾ ਫ਼ਿਕਰਾਂ ਵਿਚ ਪਿਆ ਭਟਦਾ ਰਹਿੰਦਾ ਹੈ ।

੧੪੧- **ਇਹੁ ਮਨੂਆ ਕਿਉ ਕਰਿ ਵਸਿ ਆਵੈ ॥ ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥**[੪੨੬]-੮-੩੦

ਅਰਥ:--(ਕੀ ਤੁਹਾਨੂੰ ਪਤਾ ਹੈ ਕਿ) ਇਹ ਮਨ ਕਿਸ ਤਰ੍ਹਾਂ ਕਾਬੂ ਵਿਚ ਆਉਂਦਾ ਹੈ ? (ਵੇਖੋ, ਇਸ ਮਨ ਨੂੰ) ਗੁਰੂ ਦੀ ਕਿਰਪਾ ਨਾਲ ਹੀ (ਵਿਕਾਰਾਂ ਵਲੋਂ ਰੋਕਿਆ ਜਾ ਸਕਦਾ ਹੈ । (ਗੁਰੂ ਦੇ ਬਖ਼ਸ਼ੇ ਹੋਏ) ਗਿਆਨ ਦੀ ਮਤਿ ਦੇ ਆਸਰੇ (ਇਹ ਮਨ) ਅੰਤਰ ਆਤਮੇ ਆ ਟਿਕਦਾ ਹੈ । ੧ । ਰਹਾਉ ।

੧੪੨- **ਸਤਿਗੁਰ ਮਿਲਿਐ ਧਾਵਤੁ ਥੰਮਿ੍ਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ, ਨਾਮੁ ਲਏ ਨਾਮਿ ਰਹੇ ਸਮਾਏ ॥ ਧਾਵਤੁ ਥੰਮਿ੍ਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥ ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ ॥ ਤਹ ਅਨੇਕ ਵਾਜੇ ਸਦਾ ਅਨਦੁ ਹੈ, ਸਚੇ ਰਹਿਆ ਸਮਾਏ ॥ ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮਿ੍ਆ ਨਿਜ ਘਰਿ ਵਸਿਆ ਆਏ ॥ ੪ ॥**[੪੪੦-੪੧]-੨-੭-੫-੨-੭

**ਅਰਥ**:--ਜੇ ਸਤਿਗੁਰੂ ਮਿਲ ਪਏ ਤਾਂ ਇਹ ਮਨ ਭਟਕਣੋਂ ਰੁਕ ਜਾਂਦਾ ਹੈ, ਇਹ ਪ੍ਰਭੂ ਚਰਨਾਂ ਵਿਚ ਆ ਟਿਕਦਾ ਹੈ । ਫਿਰ ਇਹ ਪਰਮਾਤਮਾ ਦਾ ਸਿਮਰਨ ਕਰਦਾ ਰਹਿੰਦਾ ਹੇ । ਸਤਿਗੁਰੂ ਦੀ ਕਿਰਪਾ ਨਾਲ ਭਟਕਣੋਂ ਹਟੇ ਮਨ ਦੀ (ਇਹ ਆਤਮਕ ਅਵਸਥਾ ਅਜੇਹੀ ਹੁੰਦੀ ਹੈ ਕਿ ਇਸ ਨੂੰ) ਦਸਵਾਂ ਦਰਵਾਜਾ ਲਭ ਪੈਂਦਾ ਹੈ (ਜੋ ਗਿਆਨ-ਇੰਦ੍ਰਿਆਂ ਤੇ ਕਰਮ ਇੰਦ੍ਰਿਆਂ ਤੋਂ ਉ ਚਾ ਰਹਿੰਦਾ ਹੈ) । ਉਸ ਆਤਮਕ ਅਵਸਥਾ ਵਿਚ (ਪਹੁੰਚ ਕੇ ਇਹ ਮਨ) ਆਤਮਕ ਜੀਵਨ ਦੇਣ ਵਾਲੇ ਨਾਮ ਦੀ ਖ਼ੁਰਾਕ ਖਾਂਦਾ ਹੈ, (ਇਸ ਦੇ ਅੰਦਰ) ਆਤਮਕ ਅਡੋਲਤਾ ਦੀ ਰੌ ਚਲ ਪੈਂਦੀ ਹੈ । ਉਸ ਆਤਮਕ ਅਵਸਥਾ ਵਿਚ (ਇਹ ਮਨ) ਗੁਰ-ਸ਼ਬਦ ਦੀ ਬਰਕਤਿ ਨਾਲ ਦੁਨੀਆ ਦੇ ਮੋਹ ਨੂੰ ਰੋਕ ਰੱਖਦਾ ਹੈ । (ਜਿਵੇਂ ਅਨੇਕ ਕਿਸਮਾਂ ਦੇ ਸਾਜ ਵੱਜਣ ਨਾਲ ਬੜਾ ਸੁੰਦਰ ਰਾਗ ਪੈਦਾ ਹੁੰਦਾ ਹੈ, ਤਿਵੇਂ) ਉਸ ਆਤਮਕ ਅਵਸਥਾ ਵਿਚ (ਮਨ ਦੇ ਅੰਦਰ ਮਾਨੋ) ਅਨੇਕਾਂ ਸੰਗੀਤਕ ਸਾਜ਼ ਵੱਜਣ ਲੱਗ ਪੈਂਦੇ ਹਨ, ਅਤੇ ਸਦਾ ਅਨੰਦ ਬਣਿਆਂ ਰਹਿੰਦਾ ਹੈ । ਮਨ ਸਦਾ-ਥਿਰ ਪਰਮਾਤਮਾ ਵਿਚ ਲੀਨ ਰਹਿੰਦਾ ਹੈ ।

੧੪੩- **ਖਖਾ ਇਹੈ ਖੋੜਿ ਮਨੁ ਆਵਾ ॥ ਖੋੜੇ ਛਾਡਿ, ਨ ਦਹਦਿਸ ਧਾਵਾ ॥**
**ਖਸਮਹਿ ਜਾਣਿ, ਖਿਮਾਕਰਿ ਰਹੈ ॥ ਤਉ ਹੋਇ ਨਿਖਿਅਉ, ਅਖੈ ਪਦੁ ਲਹੈ ॥ ੮ ॥**[੩੪੦]

**ਅਰਥ**:---ਜਦੋਂ ਇਹ ਮਨ (-ਪੰਛੀ ਜਿਸ ਨੂੰ ਗਿਆਨ-ਕਿਰਨ ਮਿਲ ਚੁੱਕੀ ਹੈ) ਸਵੈ-ਸਰੂਪ ਦੀ ਖੋੜ ਵਿਚ (ਭਾਵ, ਪ੍ਰਭੂ-ਚਰਨਾਂ ਵਿਚ) ਆ ਟਿਕਦਾ ਹੈ ਤਾਂ ਇਸ ਅਹਲਣੇ (ਭਾਵ, ਪ੍ਰਭੂ-ਚਰਨਾਂ) ਨੂੰ ਛੱਡ ਕੇ ਦਸੀਂ ਪਾਸੀਂ ਨਹੀਂ ਦੌੜਦਾ । ਖਸਮ-ਪ੍ਰਭੂ ਨਾਲ ਸਾਂਝ ਪਾ ਕੇ ਖਿਮਾ ਦੇ ਸੋਮੇ ਵਿਚ ਟਿਕਿਆ ਰਹਿੰਦਾ ਹੈ, ਤੇ ਤਦੋਂ ਅਵਿਨਾਸ਼ੀ ਪ੍ਰਭੂ ਨਾਲ ਮਿਲ ਕੇ ਕਦੇ ਨਾ ਨਾਸ ਹੋਣ ਵਾਲੀ ਪਦਵੀ ਪ੍ਰਾਪਤ ਕਰ ਲੈਂਦਾ ਹੈ । ੮ ।

੧੪੪- **ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥**
**ਮਨ ਸਮਝਾਵਨ ਕਾਰਨੇ ਕਛੂਅ ਕ ਪੜੀਐ ਗਿਆਨ ॥ ੫ ॥** [੩੪੧]-ਥਿਤੀ

ਗੁਰੂ ਬਾਣੀ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸਤਿਗੁਰਾਂ ਨੇ ਮਨ ਨੂੰ ਭਟਕਣਾ ਤੋਂ ਹਟਾਉਣ ਦਾ ਇਲਾਜ, ਆਤਮਕ ਗਿਆਨ ਫ਼ੁਰਮਾਨ ਕੀਤਾ ਹੈ। ਮਨ ਦੀ ਅਗਿਆਨਤਾ ਦੂਰ ਕਰਕੇ ਉਸ ਨੂੰ ਮਾਇਆ ਮੋਹ ਦੀ ਨੀਂਦ ਵਲੋਂ ਜਗਾ ਕੇ ਪ੍ਰਭੂ ਦੀ ਯਾਦ ਵਿਚ ਜੋੜਨ ਦਾ ਉਪਦੇਸ਼, ਸੁਖਮਨੀ ਸਾਹਿਬ ਵਿਚ ਇਸ ਪ੍ਰਕਾਰ ਹੈ--**ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹ ਦਿਸਿ ਧਾਵਤ ਆਵੈ ਠਾਇ ॥** [੨੮੮]-੧੯ ਆਤਮਕ ਗੁਣਾ ਤੋਂ ਸੱਖਣਾ ਮਨ ਚੰਚਲ ਰਹਿੰਦਾ ਹੈ। ਮਾਇਆ ਦੇ ਪਿੱਛੇ ਮੁੜ ਮੁੜ ਉਠ ਦੌੜਦਾ ਹੈ। ਸਦਾ ਥਿਰ ਰਹਿਣ ਵਾਲੇ, ਤੇ ਵਿਕਾਰਾਂ ਦੀ ਭਿੱਟ ਤੋਂ ਸੁੱਚੇ ਪਰਮਾਤਮਾ ਨੂੰ ਮਨੁੱਖ ਦੇ ਮਨ ਦੀ ਇਹ ਮੈਲ ਚੰਗੀ ਨਹੀਂ ਲੱਗਦੀ। ਇਸ ਵਾਸਤੇ ਇਹ ਮਨ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ--**ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥** [੨੨੨]-੩।

੧੪੫- **ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥**
**ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥ ੧ ॥** [੧੧੭੯]-੪-੬

**ਅਰਥ:**---(ਮਨੁੱਖ ਦਾ) ਮਨ ਹਰੇਕ ਖਿਨ ਭਟਕ ਭਟਕ ਕੇ (ਮਾਇਆ ਦੀ ਖ਼ਾਤਰ) ਬਹੁਤ ਦੌੜਦਾ ਫਿਰਦਾ ਹੈ, ਇਸ ਤਰ੍ਹਾਂ ਇਹ ਰਤਾ ਭਰ ਸਮੇ ਲਈ ਵੀ ਆਪਣੇ ਸਰੀਰ-ਪਘਰ ਵਿਚ ਸ੍ਵੈ ਸਰੂਪ ਵਿਚ) ਟਿਕ ਨਹੀਂ ਸਕਦਾ। (ਗੁਰੂ ਦਾ) ਸ਼ਬਦ (ਮਨ ਦੀ ਭਟਕਣਾ ਦੂਰ ਕਰਨ ਦੀ) ਦਵਾਈ (ਹੈ। ਜਿਵੇਂ ਮਹਾਵਤ ਹਾਥੀ ਨੂੰ ਵੱਸ ਵਿਚ ਰੱਖਣ ਲਈ ਲੋਹੇ ਦਾ ਡੰਡਾ ਉਸ ਦੇ ਸਿਰ ਉਤੇ ਮਾਰਦਾ ਹੈ, ਤਿਵੇਂ) ਗੁਰੂ ਨੇ ( ਜਿਸ ਮਨੁੱਖ ਦੇ) ਸਿਰ ਉ ੱਤੇ ਆਪਣਾ ਸ਼ਬਦ-ਅੰਕਸ ਰੱਖ ਦਿੱਤਾ, ਉਸ ਦੇ ਮਨ ਨੂੰ ਹਿਰਦੇ-ਘਰ ਵਿਚ ਹਿਰਦੇ-ਮੰਦਰ ਵਿਚ ਲਿਆ ਕੇ ਟਿਕਾ ਦਿੱਤਾ। ੧।

੧੪੬- **ਮਹਾ ਗੰਭੀਰੁ ਸਦਾ ਸੁਖਦਾਤਾ ਤਿਸ ਕਾ ਅੰਤੁ ਨ ਪਾਇਆ ॥**
**ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥**
**ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ ਵਿਚਹੁ ਭਰਮੁ ਚੁਕਾਇਆ ॥ ੩ ॥** [੬੦੦]-੩

੩੦

## ਮਨ ਇਛੇ ਫਲ ?

ਮਨ ਨੂੰ ਕਾਮਨਾਂ ਦਾ ਅਣਮੁੱਕ ਭੰਡਾਰ ਮੰਨਿਆਂ ਗਿਆ ਹੈ। ਮਨ ਦੀਆਂ ਕਾਮਨਾਂ ਨੇ ਹੀ ਕਾਮ-ਧੇਨ ਗਊ ਨੂੰ ਅਤੇ ਪਾਰਜਾਤ ਰੁੱਖ ਨੂੰ ਜਨਮ ਦਿੱਤਾ ਹੈ। **ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥** [੬੪੧]--੧-੩ ਮਨ ਦੀ ਇਛਿਆ ਪੂਰੀ ਹੋ ਜਾਣੀ ਸੱਭ ਤੋਂ ਵੱਡੀ ਖ਼ੁਸ਼ੀ ਭਰਪੂਰ-ਪ੍ਰਾਪਤੀ ਮੰਨੀ ਜਾਂਦੀ ਹੈ। ਮਨੁ ਦੀ ਏਸੇ ਲਾਲਸਾ ਦਾ ਵਰਣਨ ਗੁਰਬਾਣੀ ਵਿਚ **ਮਨ ਇਛੇ ਫਲ** ਦੇ ਜ਼ਿਕਰ ਨਾਲ ਕਈ ਥਾਈਂ ਕੀਤਾ ਹੈ। ਉਦਾਹਰਣ ਵਜੋਂ ਕੁਝ ਗੁਰੂ ਫ਼ੁਰਮਾਨ ਇਸ ਪ੍ਰਕਾਰ ਹਨ---

੧੪੭- **ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ ॥**
**ਮਨਿ ਬਾਂਛਤ ਚਿਤਵਤ ਨਾਨਕ ਦਾਸ ਪੇਖਿ ਜੀਵਾ ਪ੍ਰਭ ਚਰਣੀ ॥ ੨ ॥**[੧੨੧੯]-੫੪-੭੭

**ਅਰਥ:**--ਹੇ ਅਨਾਥਾਂ ਦੇ ਨਾਥ ਪ੍ਰਭੂ ! ਹੇ ਦਇਆ ਦੇ ਸੋਮੇ ਪ੍ਰਭੂ ! ਹੇ ਸੁਖਾਂ ਦੇ ਸਮੁੰਦਰ ! ਹੇ ਜੀਵਾਂ ਦੇ ਸਾਰੇ ਡਰ ਦੂਰ ਕਰਨ ਵਾਲੇ ! (ਤੇਰਾ ਦਾਸ ਤੇਰੇ ਦਰ ਤੋਂ ਇਹ) ਮਨ ਮੰਗੀ ਮੁਰਾਦ ਚਾਹੁੰਦਾ ਹੈ ਕਿ ਹੇ ਪ੍ਰਭੂ ! ਤੇਰੇ ਚਰਨਾਂ ਦਾ ਦਰਸਨ ਕਰ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ। ੨।

੧੪੮- **ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥**
**ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥ ੨ ॥**[੯੨੯]-੧-੬-੮

**ਅਰਥ**--ਹੇ ਨਾਨਕ ! ਪਰਮਾਤਮਾ ਦਾ ਨਾਮ ਉਚਾਰਿਆਂ ਮਨ-ਮੰਗੀਆਂ ਮੁਰਾਦਾਂ ਮਿਲ ਜਾਂਦੀਆਂ ਹਨ, ਪਿਆਰੇ ਪ੍ਰੀਤਮ-ਪ੍ਰਭੂ ਦੇ ਚਰਨਾਂ ਵਿਚ ਜੁੜਿਆਂ (ਮਾਨੋਂ ਅਨੇਕਾਂ) ਰਾਗਾਂ ਤਮਾਸ਼ਿਆਂ ਤੇ ਕੌਤਕਾਂ ਦੇ ਅਨੰਦ (ਮਾਣ ਲਈਦੇ ਹਨ)। ੨।

ਧਿਆਨ ਰਹੇ ਕਿ, ਮਨ ਮੰਗੀਆਂ ਮੁਰਾਦਾਂ ਦਾ ਭਾਵ, ਮਾਇਕ ਪਦਾਰਥਾਂ ਦੀ ਮੰਗ ਨਾਲ ਜੋੜਨਾ **ਗੁਰਮਤਿ ਦੀ ਖੰਡਨਾ** ਹੈ।

੧੪੯- **ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥ ੧ ॥**
**ਦੋਖ ਹਮਾਰੇ ਬਖਸਿਅਨੁ ਆਪਣੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥ ੨ ॥** [੮੧੯]-੧੬-੮੦

**ਅਰਥ:**--ਜਿਸ ਪ੍ਰਭੂ ਦਾ (ਸਭ ਤੋਂ) ਵਡਾ ਤੇਜ-ਪ੍ਰਤਾਪ ਹੈ ਉਸ ਨੇ ਆਪਣੇ ਭਗਤਾਂ ਦੀ ਅਰਜ਼ੋਈ ਸਦਾ ਸੁਣੀ ਹੈ (ਉਨ੍ਹਾਂ ਦੇ ਅੰਦਰੋਂ ਮਾਇ ਦੀ ਉਪਜ, ਵਿਕਾਰਾਂ ਦਾ ਅਤੇ ਭਟਕਣਾ ਦਾ) ਰੋਗ ਮਿਟਾ ਕੇ ਉਨ੍ਹਾਂ ਨੂੰ ਆਤਮਕ ਜੀਵਨ ਦੀ ਦਾਤ ਬਖ਼ਸ਼ੀ ਹੈ। **੧**। ਹੇ ਪ੍ਰਭੂ ! ਉਸ ਪ੍ਰਭੂ ਪਿਤਾ ਨੇ (ਅਸਾਂ ਬਚਿਆਂ ਦੇ) ਐਬ ਸਦਾ ਬਖ਼ਸ਼ੇ ਹਨ, ਅਤੇ ਸਾਡੇ ਅੰਦਰ ਆਪਣੇ ਨਾਮ ਦੀ ਤਾਕਤ ਭਰੀ ਹੈ। ਹੇ ਨਾਨਕ ! ਪ੍ਰਭੂ-ਪਿਤਾ ਨੇ ਅਸਾਂ ਬਚਿਆਂ ਨੂੰ ਸਦਾ (ਆਪਣੀ ਯਾਦ ਵਿਚ ਜੋੜ ਲੈਣ ਰੂਪੀ) ਮਨ-ਮੰਗੇ ਫਲ ਦਿੱਤੇ ਹਨ, ਉਸ ਪ੍ਰਭੂ ਤੋਂ ਸਦਾ ਸਦਕੇ ਜਾਣਾ ਚਾਹੀਦਾ ਹੈ। ੨।

ਜੇ ਅਸੀਂ ਪਹਿਲੀ ਤੁਕ ਅਰਥਾਂ ਸਮੇਤ ਨਾ ਲਿਖ ਕੇ ਕੇਵਲ ਦੂਜੀ ਤੁਕ ਦੇ ਅੱਖਰੀ ਅਰਥ ਕਰਦੇ, ਤਾਂ " ਮਨ ਬਾਂਛਤ ਫਲ " ਦਾ ਅਰਥ ਮਾਇਕ ਪਦਾਰਥਾਂ ਦੀ ਮੰਗ ਨਾਲ ਜੋੜਿਆ ਜਾ ਸਕਦਾ ਸੀ। ਜੋ ਗੁਰਮਤਿ ਸਿਧਾਂਤ ਦੀ ਖੰਡਨਾਂ ਹੈ।

੧੫੦- **ਹਰਿ ਗੁਣ ਗਾਵਹੁ ਸਦਾ ਸੁਭਾਈ ॥ ਮਨਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥ ੧ ॥ ਰਹਾਉ ॥**[੬੨੩]-੯-੫੯

**ਅਰਥ:**--ਹੇ ਭਾਈ ! ਸਦਾ ਪਿਆਰ ਨਾਲ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਉਂਦੇ ਰਿਹਾ ਕਰੋ। (ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਪ੍ਰਭੂ ਦੇ ਦਰਸ਼ਨਾਂ ਵਾਲੇ) ਮਨ-ਮੰਗੇ ਫਲ (ਪ੍ਰਭੂ ਦੇ ਦਰ ਤੋਂ) ਪ੍ਰਾਪਤ ਕਰਦੇ ਰਹੋਗੇ, ਪਰਮਾਤਮਾ ਜਿੰਦ ਦੇ ਨਾਲ (ਵੱਸਦਾ ) ਸਾਥੀ ਪਰਤੀਤ ਹੁੰਦਾ ਹੈ। ੧। ਰਹਾਉ।

੧੫੧- **ਕੋਟ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥ ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥**
**ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ ॥ ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ ॥**

**ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ ॥ ੫ ॥**[੭੦੭]-ਵਾਰ-੫

**ਅਰਥ:**--ਪ੍ਰਭੂ ਦਾ ਨਾਮ ਸਿਮਰਿਆਂ ਕ੍ਰੋੜਾਂ ਪਾਪ ਸਾਰੇ ਦੇ ਸਾਰੇ ਨਾਸ ਹੋ ਜਾਂਦੇ ਹਨ। ਪ੍ਰਭੂ ਦੀ ਸਿਫ਼ਤਿ ਸਾਲਾਹ ਕੀਤਿਆਂ ਮਨ-ਇਛਤ ਫਲ ਪਾਈਦੇ ਹਨ, ਜੰਮਣ ਤੋਂ ਮਰਨ ਤੱਕ ਦੇ ਸਾਰੇ ਸਹਮ ਕੱਟੇ ਜਾਂਦੇ ਹਨ ਤੇ ਅਟੱਲ ਸੱਚੀ ਪਦਵੀ ਮਿਲ ਜਾਂਦੀ ਹੈ। (ਪਰ) ਪ੍ਰਭੂ ਦੇ ਚਰਨਾਂ ਵਿਚ ਸਮਾਈ ਤਾਂ ਹੀ ਹੁੰਦੀ ਹੈ ਜੇ ਧੁਰੋਂ ਮੱਥੇ ਤੇ ਭਾਗ ਲਿਖਿਆ ਹੋਵੇ। (ਇਸ ਵਾਸਤੇ) ਹੇ ਨਾਨਕ ! (ਪ੍ਰਭੂ ਅੱਗੇ ਅਰਦਾਸ ਕਰ ਕਿ) ਹੇ ਪ੍ਰਭੂ ! ਮਿਹਰ ਕਰ, ਮੈਨੂੰ ਪਾਪਾਂ ਤੋਂ ਬਚਾ ਲੈ, ਮੈਂ ਤੈਥੋਂ ਕੁਰਬਾਨ ਹਾਂ। ੫।

ਕਾਮਨਾਂ ਕਰਨ ਵਾਲੇ ਮਨ ਨੂੰ ਮਾਇਕ ਪਦਾਰਥਾਂ ਮਗਰ ਭਟਕਣੋਂ ਰੋਕਣ ਦਾ ਯਤਨ ਕਰੀ ਰੱਖਣਾ, ਗੁਰਮਤਿ ਹੈ। ਉ ੱਪਰ ਵਿਚਾਰੇ ਗੁਰੂ ਸ਼ਬਦਾਂ ਨੂੰ ਮਾਇਕ ਪਦਾਰਥਾਂ ਦੀ, ਇਛਿਆ ਪੂਰੀ ਕਰਨ ਵਾਲੇ " ਗੁਰੂ-ਬਚਨ " ਸਮਝਣਾ, ਮਨ-ਮਤਿ ਹੈ, ਅਥਵਾ ਗੁਰਮਤਿ ਦੀ ਅਵੱਗਿਆ ਹੈ। ਮਾਇਆ ਦੀ ਪ੍ਰਾਪਤੀ ਲਈ ਨੇਕ ਕਮਾਈ ਕਰਨ ਦਾ ਉਪਦੇਸ਼ ਹੈ। ਕਮਾਈ ਕਰਨੀ ਛੱਡ ਛਡਾ ਕੇ ਉਚੇਚੀਆਂ ਵਿਧੀਆਂ ਦੁਆਰਾ ਪਾਠ ਕਰੀ ਜਾਣ ਦੀ ਸਿਖਿਆ ਦੇਣੀ, ਅਤੇ ਪ੍ਰਭੂ ਦੀ ਹਜ਼ੂਰੀ ਵਿਚੋਂ ਮਾਇਕ ਪਦਰਥਾਂ ਦੀ ਪ੍ਰਾਪਤੀ ਲਈ ਲੰਮੀਆਂ ਲੰਮੀਆਂ ਅਰਦਾਸਾਂ ਕਰੀ ਜਾਣ ਦੇ ਢੰਗ ਦੱਸਣ ਵਾਲੇ ਲੋਕ, ਮਹਾਂਪੁਰਖ ਨਹੀਂ ਸਗੋਂ ਪਖੰਡੀ ਹਨ, ਠੱਗ ਹਨ। ਪ੍ਰਭੂ ਦੀ ਯਾਦ ਤੋਂ ਬਿਨਾਂ ਹੋਰ ਸਾਰੀਆਂ ਮਾਇਕ ਮੰਗਾਂ, ਦੁਖਾਂ ਦਾ ਕਾਰਨ ਬਣਦੀਆਂ ਹਨ।

੧੫੨- **ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ**
**ਕਰਣੈਹਾਰੁ ਪਛਾਨੁ ॥ ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥**
**ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥ ੨ ॥** [੪੬]-੧੧-੮੧

## ੩੧

# ਮਨਿ ਹਠਿ ਕਰਮ

ਮਨ ਦੇ ਹਠ ਨਾਲ ਪਰਮਾਤਮਾ ਨੂੰ ਅਥਵਾ ਇਸ਼ਟ ਨੂੰ ਪ੍ਰਸੰਨ ਕਰਨ ਲਈ ਕੀਤੇ ਜਾਣ ਵਾਲੇ ਕਰਮਾ ਦਾ ਵੇਰਵਾ ਪੁਸਤਕ ਦੇ ਤੀਜੇ ਭਾਗ ਛੇਵੇਂ ਕਾਂਡ ਵਿਚ ਵਿਸਥਾਰ ਨਾਲ ਆ ਚੁਕਿਆ ਹੈ। ਮਨ ਪ੍ਰਤੀ ਇਸ ਅੱਡਰੀ ਵਿਚਾਰ ਵਿਚ ਵੀ ਮਨ ਦਾ ਇਹ ਪੱਖ ਵੀ ਲਿਖਣਾ ਫ਼ਰਜ਼ ਬਣਦਾ ਸੀ। ਇਸ ਲੇਖ ਵਿਚ ਪਾਠਕਾਂ ਨੂੰ ਕਿ ਇਸ ਲੇਖ ਵਿਚ ਨੂੰ ਨਵੇਂ ਗੁਰੂ ਬਾਣੀ ਸ਼ਬਦਾਂ ਤੋਂ ਜਾਣੂੰ ਕਰਾਇਆ ਜਾ ਰਿਹਾ ਹੈ। ਧਿਆਨ ਰੱਖਿਆ ਗਿਆ ਹੈ ਕਿ ਤੀਜੇ ਭਾਗ ਵਿਚ ਆਇਆ ਕੋਈ ਵੀ ਗੁਰਬਾਣੀ ਸ਼ਬਦ ਇਸ ਲੇਖ ਵਿਚ ਨਾ ਆਵੇ।

ਧੂਣੀਆਂ ਤਪਣੀਆਂ, ਜਲ-ਧਾਰੇ ਕਰਨੇ, ਇੱਕ ਥਾਂ ਇੱਕੋ ਹਾਲਤ ਵਿਚ ਖੜੇ ਰਹਿ ਕੇ ਸਰੀਰ ਦੇ ਅੰਗ ਨਾਕਾਰ ਕਰ ਲੈਣੇ, ਅੱਗ ਵਿਚ ਸੜ ਮਰਨਾ, ਮੋਨ ਧਾਰਨੀ, ਵਰਤ ਰੱਖਣੇ ਆਦਿ, ਸਰੀਰ ਨੂੰ ਕਸ਼ਟ ਦੇਣ ਵਾਲੇ ਕਈ ਪ੍ਰਕਾਰ ਦੇ ਤਪ ਕਰਨੇ, ਅਥਵਾ ਗੁਰੂ ਬਾਣੀ ਦੇ ਅਖੰਡ ਪਾਠ, ਸਹਿਜ ਪਾਠ ਅਥਵਾ ਸੰਪਟ ਪਾਠ ਆਦਿ ਨਾਵਾਂ ਵਾਲੇ ਮੰਤ੍ਰ-ਪਾਠ ਕਰਵਾਈ ਜਾਣ ਤੇ ਬੇਅੰਤ ਤਰ੍ਹਾਂ ਦੇ ਖ਼ਰਚ ਕਰੀ ਜਾਣ ਦਾ ਹਠ ਕਰੀ ਰੱਖਣਾ , **ਹਠਕਰਮ** ਹਨ। **ਗੁਰਮਤਿ ਅਨੁਸਾਰ** ਅਜੇਹੇ ਸਾਰੇ **ਫੋਕਟ ਕਰਮ** ਹਨ। ਜੇ ਕਿਸੇ ਤਪੀ ਮਨੁੱਖ ਦਾ ਮਨ, ਹਠ ਹਾਰ ਬੈਠੇ ਤਾਂ ਉਸ ਦਾ ਤਪ ਸਿਰੇ ਨਹੀਂ ਚੜ੍ਹਦਾ। ਆਪਣੇ ਇਸ਼ਟ ਦੀ ਪ੍ਰਸੰਨਤਾ ਹਾਸਲ ਕਰਨ ਲਈ ਇੱਕ ਦੂਜੇ ਨੂੰ ਵੇਖ ਕੇ ਅਜੇਹੇ ਕਰਮਾਂ ਦੁਆਰਾ ਆਪਣੀ ਅਰੋਗਤਾ ਨੂੰ ਨਸ਼ਟ ਕਰਕੇ ਸਦਾ ਲਈ ਦੁਖ ਸਹੇੜ ਬਹਿਣ ਵਾਲੇ ਅਤੇ ਮਨ ਕਰਕੇ ਹੰਕਾਰੀ ਬਣ ਜਾਣ ਵਾਲੇ ਮਨ-ਹਠ-ਕਰਮੀਆਂ ਬਾਰੇ ਗੁਰੂ ਫ਼ੁਰਮਾਨ ਇਸ ਪ੍ਰਕਾਰ ਹਨ :---

੧੫੩- **ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥**
**ਕੋਈ ਐਸੋ ਰੇ ਸੁਖਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥ ੭ ॥**[੬੮੭]-੧-੩

**ਅਰਥ**:--ਜਿਹੜਾ ਮਨੁੱਖ ਮਨ ਦੇ ਹਠ ਨਾਲ (ਕੋਈ ਕਥਿਤ ਧਰਮ-ਕਰਮ ਵਾਲੀ ਘਾਲ) ਕਰਦਾ ਹੈ, (ਪਰਮਾਤਮਾ ਉਸ ਦੀ ਇਸ ਮਿਹਨਤ ਨੂੰ) ਰਤਾ ਭਰ ਵੀ ਪਰਵਾਨ ਨਹੀਂ ਕਰਦਾ (ਕਿਉਂਕਿ) ਹੇ ਭਾਈ ! ਉਹ ਮਨੁੱਖ ਬਗੁਲੇ ਵਾਂਗ ਸਮਾਧੀ ਲਾ ਰਿਹਾ ਹੁੰਦਾ ਹੈ, ਆਪਣੇ ਮਨ ਵਿਚ ਉਹ ਮਾਇਆ ਦਾ ਮੋਹ ਹੀ ਟਿਕਾਈ ਰੱਖਦਾ ਹੈ। ਜੇ ਕੋਈ ਅਜੇਹਾ ਆਤਮਕ ਆਨੰਦ-ਦਾਤਾ ਮਿਲ ਪਏ, ਜਿਹੜਾ ਸਾਨੂੰ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਗੱਲ ਸੁਣਾਏ, ਤਾਂ ਉਸ ਨੂੰ ਮਿਲ ਕੇ ਸਾਡੀ ਆਤਮਕ ਅਵਸਥਾ ਉੱਚੀ ਹੋ ਸਕਦੀ ਹੈ। ੭।

੧੫੪- **ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ**
**ਪੂਰਿ ਭਰੇ ਅਹੰਕਾਰਿ ॥ ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥ ੧ ॥**[੨੦]-੧੬

**ਅਰਥ**:--ਨੇ ਨਾਨਕ ! (ਸੰਸਾਰ ਇਕ ਅਥਾਹ ਸਮੁੰਦਰ ਹੈ) ਜੇ ਗੁਰੂ ਦੀ ਸਿਖਿਆ ਤੇ ਤੁਰ ਕੇ ਸਿਮਰਨ ਦੀ ਬੇੜੀ ਬਣਾ ਲਈਏ ਤਾਂ (ਇਸ ਸੰਸਾਰ ਸਮੁੰਦਰ ਤੋਂ) ਪਾਰ ਲੰਘ ਸਕੀਦਾ ਹੈ। ਪਰ ਅਨੇਕਾਂ ਹੀ ਹੰਕਾਰੀ ਜੀਵ (ਜੋ ਆਪਣੀ ਹੀ ਅਕਲ ਦੇ ਮਾਣ ਵਿਚ ਰਹਿ ਕੇ ਕੁਰਾਹੇ ਪਏ) ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ ਆਪਣੇ ਮਨ ਦੇ ਹਠ ਤੇ ਤੁਰਿਆਂ (ਸੰਸਾਰ ਸਮੁੰਦਰ ਦੇ ਵਿਕਾਰਾਂ ਵਿਚ ਹੀ) ਡੁੱਬਦੇ ਹਨ। ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਸ ਨੂੰ ਪਰਮਾਤਮਾ ਪਾਰ ਲੰਘਾ ਲੈਂਦਾ ਹੈ। ੧।

ਲੋਕਾਂ ਵਲ ਵੇਖਾ ਵੇਖੀ ਜਿਹੜੇ ਸੜ ਮਰਨ ਵਿਚ ਆਪਣੀ ਕਲਿਆਣ ਮੰਨ ਬੈਠਦੇ ਹਨ ਉਨ੍ਹਾਂ ਦਾ ਸੜ ਮਰਨਾ ਸਗੋਂ ਉਨ੍ਹਾਂ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰੱਖਣ ਪਾਲਾ ਕੁਕਰਮ ਹੋ ਨਿੱਬੜਦਾ ਹੈ--

੧੫੫- **ਦੇਖਾ ਦੇਖੀ ਮਨਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥ ੨ ॥**[੧੮੫]-੩੦-੯੯

੧੫੬- **ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥**
**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨ ਅੰਧੇਰਾ ਜਾਇ ॥**
**ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਿਜ ਸਮਾਇ ॥ ੧ ॥**[੫੯੩]-ਵਾ-੧੯

**ਅਰਥ:**--ਕਿਸੇ ਮਨੁੱਖ ਨੇ ਮਨ ਦੇ ਹਠ ਨਾਲ ਰੱਬ ਨੂੰ ਨਹੀਂ ਪਾਇਆ, ਸਾਰੇ ਜੀਵ (ਭਾਵ, ਕਈ ਮਨੁੱਖ, ਹਠ ਨਾਲ) ਕਰਮ ਕਰ ਕੇ (ਓੜਕ) ਥੱਕ ਗਏ ਹਨ, ਮਨ ਦੇ ਹਠ ਨਾਲ (ਕਈ ਤਰ੍ਹਾਂ ਦੇ) ਭੇਖ ਕਰ ਕਰ ਕੇ ਭਟਕਦੇ ਹਨ ਤੇ ਮਾਇਆ ਦੇ ਮੋਹ ਵਿਚ ਦੁੱਖ ਪਾਉਂਦੇ ਹਨ। ਰਿਧੀਆਂ ਤੇ ਸਿਧੀਆਂ ਵੀ ਨਿਰੋਲ ਮੋਹ (- ਰੂਪ) ਹਨ, (ਇਨ੍ਹਾਂ ਨਾਲ) ਹਰੀ ਦਾ

ਨਾਮ ਹਿਰਦੇ ਵਿਚ ਨਹੀਂ ਵੱਸ ਸਕਦਾ । ਸਤਿਗੁਰਾਂ ਦੀ ਦੱਸੀ ਸੇਵਾ ਨਾਲ ਮਨ ਸਾਫ਼ ਹੁੰਦਾ ਹੈ, ਹੇ ਨਾਨਕ ! ਨਾਮ (ਰੂਪ) ਰਤਨ ਹਿਰਦੇ ਵਿਚ ਪਰਤੱਖ ਹੋ ਜਾਂਦਾ ਹੈ ਤੇ ਸਹਿਜ ਅਵਸਥਾ ਵਿਚ (ਭਾਵ, ਸੁਤੇਅ ਹੀ ਨਾਮ ਸਿਮਰਨ ਵਾਲੀ ਦਸ਼ਾ ਵਿਚ) ਮਨੁੱਖ ਲੀਨ ਹੋ ਜਾਂਦਾ ਹੈ। ੧ ।

੧੫੭- **ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥**
**ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥ ੪ ॥**[੭੮੭]-ਵਾ-੭

੩੨

## ਮਨਿ ਜੀਤੈ ਜਗੁ ਜੀਤੁ ॥

**ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥**
**ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥ ੧੫ ॥**[੩੦੦]-ਥਿਤੀ

ਜੋਗ ਸਾਧਨਾ ਨਾਲ ਮਨ ਨੂੰ ਵੱਸ ਵਿਚ ਕਰ ਲੈਣ ਦਾ ਅਡੰਬਰ ਰਚਾਈ ਫਿਰਦੇ ਜੋਗੀਆਂ ਦੇ ਭੇਖ ਨੂੰ ਸਤਿਗੁਰਾਂ ਨੇ ਪਸੰਦ ਨਹੀਂ ਕਤਾ । ਭਟਕਣਾ ਵਿਚ ਪਏ ਜੋਗੀ ਦੇ ੧੨ ਫ਼ਿਰਕਿਆਂ ਵਿਚੋਂ, ਸਭ ਤੋਂ ਕਥਿਤ ਉੱਚੇ ਫ਼ਿਰਕੇ, ਵਾਲੇ (ਆਈ ਪੰਥੀਏ) ਭੇਖੀ ਜੋਗੀਆਂ ਦੇ ਭੇਖ ਨੂੰ ' ਜਪੁ ' ਬਾਣੀ ਵਿਚ ਹੀ, ਰੱਦ ਕਰਕੇ, ਸਤਿਗੁਰਾਂ ਨੇ ਬੜੇ ਮਿੱਠੇ ਸ਼ਬਦਾਂ ਵਿਚ, **ਮਨ ਨੂੰ ਜਿਤਣ** ਦਾ ਉਪਦੇਸ਼ ਦਿੱਤਾ ਹੈ:---

੧੫੮- **ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਜੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ**
**ਜੁਗਤਿ, ਡੰਡਾ ਪਰਤੀਤਿ ॥ ਆਈ ਪੰਥੀ, ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥**
**ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥ ੨੮ ॥**[ਪੰਨਾ, ੬]

**ਅਰਥ**:--(ਹੇ ਜੋਗੀ !) ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ, ਮਿਹਨਤ ਨੂੰ ਖੱਪਰ ਤੇ ਝੋਲੀ, ਅਤੇ ਮਿਹਨਤ (-ਘਾਲ ਕਮਾਈ) ਨੂੰ ਖੱਪਰ ਤੇ ਝੋਲੀ ਬਣਾ ਲਵੇਂ, ਅਤੇ (ਗੋਹਿਆਂ ਲਕੜਾਂ ਆਦਿ ਦੀ ਸੁਆਹ ਮਲੀ ਫਿਰਨ ਦੇ ਥਾਂ) ਅਕਾਲਪੁਰਖ ਦੇ ਧਿਆਨ ਦੀ ਸੁਆਹ (ਪਿੰਡੇ ਤੇ ਮਲੇਂ), ਮੌਤ ਦਾ ਭਉ ਤੇਰੀ ਗੋਦੜੀ ਹੋਵੇ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ (-ਕੁਆਰੀ ਕਾਇਆ) ਰੱਖਣਾ ਤੇਰੇ ਲਈ ਜੋਗ ਦੀ ਰਹਿਤ ਅਤੇ ਸ਼ਰਧਾ ਨੂੰ ਡੰਡਾ ਬਣਾਵੇਂ (ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ) । ਜੋ ਮਨੁੱਖ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਸੱਜਣ ਮਿੱਤਰ ਸਮਝਦਾ ਹੈ ਅਸਲ ਵਿਚ ਉਹੀ ਆਈ ਪੰਥ ਵਾਲਾ ਹੈ । ਜੇ **ਆਪਣਾ ਮਨ ਜਿੱਤਿਆ ਜਾਏ**, ਤਾਂ ਸਾਰਾ ਜਗਤ ਹੀ ਜਿਤਿਆ ਜਾਂਦਾ ਹੈ (ਭਾਵ, ਤਾਂ ਜਗਤ ਦੀ ਮਾਇਆ ਪਰਮਾਤਮਾ ਤੋਂ ਵਿਛੋੜ ਨਹੀਂ ਸਕਦੀ) । ਕੇਵਲ ਉਸ ਅਕਾਲਪੁਰਖ ਨੂੰ ਪਰਨਾਮ ਕਰੋ, ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ ਜਿਸ ਦਾ ਕੋਈ ਮੁੱਢ ਨਹੀਂ (ਲੱਭ ਸਕਦਾ), ਜੋ ਨਾਸ-ਰਹਿਤ ਹੈ ਅਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ । ੨੮ ।

੧੫੯- **ਜਟਾ ਭਸਮ ਲੇਪਨ ਕੀਆ, ਕਹਾ ਗੁਫਾ ਮਹਿ ਬਾਸੁ ॥**
**ਮਨੁ ਜੀਤੇ ਜਗੁ ਜੀਤਿਆ, ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥ ੨ ॥**[੧੧੦੩]-੨

**ਅਰਥ**:--ਜੇ ਜਟਾਂ (ਧਾਰ ਕੇ ਉਨ੍ਹਾਂ) ਨੂੰ ਸੁਆਹ ਲਿੰਬ ਲਈ, ਜਾਂ (ਘਰ ਘਾਟ ਤਿਆਗ ਕੇ) ਕਿਸੇ ਗੁਫ਼ਾ ਵਿਚ ਜਾ ਡੇਰਾ ਲਾਇਆ, ਤਾਂ ਵੀ ਕੀ ਹੋਇਆ ? (ਮਾਇਆ ਦਾ ਮੋਹ ਇਸ ਤਰ੍ਹਾਂ ਖ਼ਲਾਸੀ ਨਹੀਂ ਕਰਦਾ) । ਜਿੰਨ੍ਹਾਂ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ ਉਨ੍ਹਾਂ ਨੇ (ਮਾਨੋ) ਸਾਰੇ ਜਗਤ ਨੂੰ ਜਿੱਤ ਲਿਆ, ਕਿਉਂਕਿ ਮਨ ਜਿੱਤਣ ਨਾਲ ਮਾਇਆ ਤੋਂ ਉਪਰਾਮ ਹੋਈਦਾ ਹੈ । ੨ ।

ਜਿਸ ਮਨ ਨੇ ਵਡੇ ਵਡੇ ਕਥਿਤ ਦੇਵੀ ਦੇਵਤਿਆਂ ਅਤੇ ਬੜੇ ਪੁੱਗੇ ਹੋਏ ਸਾਧਾ ਸੰਤਾਂ ਅਥਵਾ ਤਪੀਆਂ ਨੂੰ ਕੁਰਾਹੇ ਪਾ ਦਿੱਤਾ, ਆਪ-ਹੁਦਰੇ ਅਤੇ ਮੂੰਹ ਜ਼ੋਰ **ਮਨ** ਨਾਲ, ਜੂਝ ਕੇ ਇਸ ਨੂੰ ਜਿੱਤਣਾ ਪੈਣਾ ਹੈ :--

੧੬੦- **ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥**
**ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥ ੪ ॥**[੩੫੩]-੧੬

**ਅਰਥ**:--ਜਿਹੜਾ ਮਨੁੱਖ ਆਪਣੇ ਮਨ ਨਾਲ ਤਕੜਾ ਟਾਕਰਾ ਕਰ ਕੇ ਹਉਮੈ ਵਲੋਂ ਮਰ ਜਾਂਦਾ ਹੈ (ਭਾਵ, ਹਉਮੈ ਮੁਕਾ ਲੈਂਦਾ ਹੈ), ਮਨ ਦੇ ਫੁਰਨੇ ਮਨ ਦੇ ਅੰਦਰ ਹੀ (ਪ੍ਰਭੂ ਦੀ ਯਾਦ ਵਿਚ) ਲੀਨ ਕਰ ਦਿੰਦਾ ਹੈ, ਉਹ ਪ੍ਰਭੂ ਨੂੰ ਪਾ ਲੈਂਦਾ ਹੈ । ਹੇ ਨਾਨਕ !ਜਗਤ ਦਾ ਜੀਵਨ ਪ੍ਰਭੂ ਜਿਸ ਮਨੁੱਖ ਉਤੇ ਮਿਹਰ ਕਰਦਾ ਹੈ, ਉਹ ਅਡੋਲ-ਚਿੱਤ ਰਹਿ ਕੇ (ਪ੍ਰਭੂ-ਚਰਨਾਂ ਵਿਚ) ਜੁੜਿਆ ਰਹਿੰਦਾ ਹੈ । ੪ ।

੧੬੧- **ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾਦੂ ਹੋਇ ॥**
**ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥**
**ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥**
**ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥ ੩੧ ॥**[੨੫੬]-

**ਅਰਥ**:--ਇਸ ਜਗਤ ਰਣ-ਭੂਮੀ ਵਿਚ ਹਉਮੈ ਨਾਲ ਹੋ ਰਹੇ ਜੰਗ ਵਿਚਾਂ ਤਦੋਂ ਹੀ ਸਫ਼ਲ ਹੋਈਦਾ ਹੈ, ਜੇ ਮਨੁੱਖ ਆਪਣੇ ਆਪ ਨੂੰ ਜਿੱਤ ਲਏ । ਜਿਹੜਾ ਮਨੁੱਖ ਹਉਮੈ ਤੇ ਦ੍ਵੈਤ ਨਾਲ ਟਾਕਰਾ ਕਰ ਕੇ ਹਉਮੈ ਨੂੰ ਮੁਕਾ ਲੈਂਦਾ ਹੈ, (ਸੰਸਾਰਕ ਸੰਘਰਸ਼ ਵਿਚ ਉਹੀ ਸੂਭਾਦੂ ਹੈ, (ਭਾਵ ਉਹ ਦੋਹਾਂ ਹੱਥਾਂ ਨਾਲ ਦੋ ਤਲਵਾਰਾਂ ਚਲਾਉਣ ਵਾਲਾ ਅਜਿੱਤ ਸੂਰਮਾ ਹੈ) । ਜਿਹੜਾ ਮਨੁੱਖ ਸੰਸਾਰਕ ਵਾਸ਼ਨਾਂ ਵਲੋਂ ਅਜਿੱਤ ਹੋ ਜਾਂਦਾ ਹੈ, ਆਪਣੇ ਮਨ ਨੂੰ ਜਿੱਤ ਲੈਂਦਾ ਹੈ (ਮਨ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ) ਉਹ ਮਨੁੱਖ ਪਰਮਾਤਮਾ ਨੂੰ ਮਿਲ ਪੈਂਦਾ ਹੈ (ਸੰਸਾਰਕ ਰਣ-ਭੂਮੀ ਵਿਚ) ਉਸੇ ਦਾ ਵੇਸ (ਵਰਦੀ, ਪਹਿਰਾਵਾ) ਸੂਰਮਿਆਂ ਵਾਲੀ ਸਮਝੋ । ਹੇ ਨਾਨਕ ! ਜਿਹੜਾ ਮਨੁੱਖ ਇਕ ਪ੍ਰਭੂ ਦਾ ਆਸਰਾ-ਪਰਨਾ ਲੈਂਦਾ ਹੈ, ਕਿਸੇ ਹੋਰ ਨੂੰ ਆਪਣਾ ਆਸਰਾ ਨਹੀਂ ਸਮਝਦਾ, ਸਰਬ-ਵਿਆਪਕ ਬੇਅੰਤ ਪ੍ਰਭੂ ਨੂੰ ਦਿਨ ਰਾਤ, ਹਰ ਵੇਲੇ ਸਿਮਰਦਾ ਰਹਿੰਦਾ ਹੈ, ਆਪਣੇ ਇਸ ਮਨ ਨੂੰ ਸਭਨਾ ਦੀ ਚਰਨ-ਧੂੜ ਬਣਾਉਂਦਾ--ਜਿਹੜਾ ਮਨੁੱਖ ਇਹ ਕਰਮ ਕਮਾਉਂਦਾ ਹੈ, ਉਹ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ, ਸਦਾ ਆਤਮਕ ਆਨੰਦ ਮਾਣਦਾ ਹੈ, ਪਿਛਲੇ ਕੀਤੇ, ਭਲੇ ਕਰਮਾਂ ਦਾ ਲੇਖ ਉਸ ਦੇ ਮੱਥੇ ਉਤੇ ਉਘੜ ਪੈਂਦਾ ਹੈ । ੩੧ ।

੧੬੨- **ਜਿਸ ਕਉ ਸਬਦੁ ਬਸਾਵੈ ਅੰਤਰਿ, ਚੂਕੈ ਤਿਸਹਿ ਪਿਆਸਾ ॥**

**ਹੁਕਮੈ ਬੂਝੈ ਚਉਪੜਿ ਖੇਲੈ, ਮਨੁ ਜਿਣਿ ਢਾਲੇ ਪਾਸਾ ॥ ੩ ॥**[੭੯੩]-੪

**ਅਰਥ:**--ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਆਪਣੀ ਸਿਫ਼ਤਿ-ਸਾਲਾਹ ਦੀ ਬਾਣੀ ਵਸਾਉਂਦਾ ਹੈ, ਉਸ ਦੀ (ਮਾਇਆ ਦੀ) ਪਿਆਸ ਮਿਟ ਜਾਂਦੀ ਹੈ । ਉਹ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਸਮਝ ਲੈਂਦਾ ਹੈ, (ਰਜ਼ਾ ਵਿਚ ਰਾਜ਼ੀ ਰਹਿਣ ਦਾ) ਚੌਪੜ ਉਹ ਖੇਡਦਾ ਹੈ, **ਮਨ ਨੂੰ ਜਿੱਤ** ਕੇ ਪਾਸਾ ਸੁੱਟਦਾ ਹੈ (ਭਾਵ, ਮਨ ਨੂੰ ਜਿੱਤਣ-ਇਹ ਉਸ ਲਈ ਚੌਪੜ ਦੀ ਖੇਡ ਵਿਚ ਪਾਸਾ ਸੁਟਣਾ ਹੈ) । ੩ ।

੧੬੩- **ਸੋਇ ਮੁਕਤ ਜਿ ਮਨੁ ਜਿਣਹਿ, ਫਿਰਿ ਧਾਤੁ ਨ ਲਾਗੈ ਆਇ ॥**
**ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥ ੩ ॥**[੪੯੦]-੩-੫

**ਅਰਥ:**--ਜਿਹੜੇ ਮਨੁੱਖ ਆਪਣਾ ਮਨ ਜਿੱਤ ਲੈਂਦੇ ਹਨ, ਉਹ ਮਾਇਆ ਦੇ ਬੰਧਨਾ ਤੋਂ ਆਜ਼ਾਦ ਹੋ ਜਾਂਦੇ ਹਨ, ਉਨ੍ਹਾਂ ਉ ੱਤੇ ਮੁੜ ਮਾਇਆ ਆਪਣਾ ਜ਼ੋਰ ਨਹੀਂ ਪਾ ਸਕਦੀ । ਜਿਹੜੇ ਵੀ ਮਨੁੱਖ (ਇੰਦ੍ਰਿਆਂ ਦੀ ਪਹੁੰਚ ਤੋਂ ਉਤਾਂਹ) ਚਿੱਤ-ਆਕਾਸ਼ ਵਿਚ (ਉ ੱਚੇ ਆਤਮਕ ਮੰਡਲ ਵਿਚ) ਆਪਣੀ ਰਿਹਾਇਸ਼ ਬਣਾ ਲੈਂਦਾ ਹੈ, ਉਸ ਨੂੰ ਤਿੰਨ ਭਵਨਾਂ ਵਿਚ ਵਿਆਪਕ ਪ੍ਰਭੂ ਦੀ ਸਮਝ ਪੈ ਜਾਂਦੀ ਹੈ । ੩ ।

੧੬੪- **ਗੁਰਮੁਖਿ ਮਨੁ ਜੀਤਾ, ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰਧਾਰਿ ॥**
**ਗੁਰਮੁਖਿ ਜਗੁ ਜੀਤਾ, ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥**
**ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥ ੭੧ ॥** [੯੪੬]

੩੩

## ਮਨ ਰੰਗਣਾ

[ਨੋਟ:--ਸਤਵੇਂ ਭਾਗ ਵਿਚ ਅਰੰਭ ਹੋਇਆ ' ਮਨ ' ਲੇਖ ਪੂਰਾ ਨਹੀਂ ਸੀ ਲਿਖਿਆ ਜਾ ਸਕਿਆ । ਉਸ ਤੋਂ ਅਗਲਾ ਹਿੱਸਾ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੈ ।

ਜਪੁ (ਜੀ ਸਾਹਿਬ) ਦੀ ੨੦ਵੀਂ ਪਉੜੀ ਵਿਚ ਇਹ ਪਾਵਨ ਪੰਗਤੀ ਰੋਜ਼ ਪੜ੍ਹਦੇ ਹਾਂ--**ਭਰੀਐ ਮਤਿ, ਪਾਪਾ ਕੈ ਸੰਗਿ ॥ ਓਹੁ ਧੋਪੈ, ਨਾਵੈ ਕੈ ਰੰਗਿ ॥** ਭਾਵ, ਨਿਰਾ, ਰਾਮ, ਮੁਰਾਰੀ, ਮਦਸੂਧਨ, ਧਰਨੀਧਰ, ਅੱਲਾਹ, ਖ਼ੁਦਾਅ, ਜਾਂ ਵਾਹਿਗੁਰੂ ਆਦ ਕਿਸੇ ਸ਼ਬਦਾਂ ਦੇ ਜੋੜ ਨੂੰ ਰੱਬ ਦਾ ਨਾਮ ਮੰਨ ਕੇ ਉਸ ਦਾ ਜਾਪ ਕਰੀ ਜਾਣ ਨਾਲ ਪਾਪਾਂ, ਦੀ ਜਾਂ ਵਿਕਾਰਾਂ ਦੀ ਮੈਲ ਮਨ ਤੋਂ ਨਹੀਂ ਲਹਿੰਦੀ, ਸਗੋਂ ਪ੍ਰਭੂ ਦੇ ਪਿਆਰ-ਰੰਗ ਵਿਚ ਰੰਗੇ ਜਾਣ ਨਾਲ **ਮਨ**, ਪਾਪਾਂ-ਰੂਪੀ ਅਥਵਾ ਵਿਕਾਰਾਂ-ਰੂਪੀ ਮੈਲ ਤੋਂ ਸਾਫ਼ ਹੋ ਸਕਦਾ ਹੈ । ਅਰਥਾਤ, ਵਾਹਿਗੁਰੂ ਜੀ ਦੀਆਂ ਵਡਿਆਈਆਂ ਦਾ ਹਿਰਦੇ ਤੋਂ ਸਿਮਰਨ ਕਰਦੇ ਰਹਿਣ ਨਾਲ ਮਨ ਸਿਰਜਣ ਹਾਰ ਦੇ ਪਿਆਰ ਵਿਚ ਰੰਗਿਆ ਜਾਣਾ ਹੀ, ਮਨੁੱਖਾ ਜੀਵਨ ਦੀ ਅਸਲ ਪ੍ਰਾਪਤੀ ਹੈ । ਇਸ ਅਵਸਥਾ ਤੇ ਪੁਜੇ ਮਨ ਦੇ ਵੇਰਵਾ ਸਮਝਾਉਣ ਵਾਲੇ ਗੁਰੂ ਫ਼ੁਰਮਾਨ:--

੧੬੫- **ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ ॥**
**ਹਰਿ ਨਿਰਮਲੁ ਸਦਾ ਸੁਖਦਾਤਾ ਮਨਿ ਚਿੰਦਿਆ ਫਲੁ ਪਾਉ ॥ ੩ ॥**[੫੬੫]-੨

**ਅਰਥ:**--ਹੇ ਮੇਰੇ ਮਨ ! ਸਦਾ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹੁ, ਸਦਾ ਪਰਮਾਤਮਾ ਦੀ ਸਿਫ਼ਤਿ ਦੇ ਗੀਤ ਗਾਉਂਦਾ ਰਹੁ । ਪਰਮਾਤਮਾ ਸਦਾ ਪਵਿਤ੍ਰ ਹੈ, ਸਦਾ ਸੁਖ ਦੇਣ ਵਾਲਾ ਹੈ (ਉਸ ਦੀ ਸਿਫ਼ਤਿ ਸਾਲਾਹ ਕਰਿਆ ਕਰ) ਮਨ-ਇੱਛਤ ਫਲ ਪ੍ਰਾਪਤ ਕਰ ਲਵੇਂਗਾ । ੩ ।

੧੬੬- **ਨਾਮਿ ਰਤੇ ਸੇ ਨਿਰਮਲੇ।, ਗੁਰ ਕੈ ਸਹਜਿ ਸੁਭਾਇ ॥ ਮਨੁ ਤਨੁ ਰਾਤਾ ਰੰਗ ਸਿਉ**
**ਰਸਨਾ ਰਸਨ ਰਸਾਇ ॥ ਨਾਨਕ ਰੰਗੁ ਨ ਉਤਰੈ ਜੋ ਹਰਿ ਧੁਰਿ ਛੋਡਿਆ ਲਾਇ ॥ ੪ ॥**[੩੧]-੧੪-੪੭

**ਅਰਥ:**--ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਜਿਹੜੇ ਮਨੁੱਖ ਪਰਮਾਤਮਾ ਦੇ ਨਾਮ (-ਰੰਗ) ਵਿਚ ਰੰਗੇ ਜਾਂਦੇ ਹਨ ਉਹ (ਪਵਿਤ੍ਰ (ਜੀਵਨ ਵਾਲੇ) ਹੋ ਜਾਂਦੇ ਹਨ । ਉਹ ਆਤਮਕ ਅਡੋਲਤਾ ਵਿਚ ਟਿਕ ਕੇ, ਪ੍ਰਭੂ-ਪ੍ਰੇਮ ਵਿਚ ਜੁੜੇ ਰਹਿੰਦੇ ਹਨ । ਉਨ੍ਹਾਂ ਦਾ ਮਨ ਉਨ੍ਹਾਂ ਦਾ ਸਰੀਰ ਪ੍ਰਭੂ ਪ੍ਰੇਮ-ਰੰਗ ਵਿਚ ਰੰਗਿਆ ਜਾਂਦਾ ਹੈ, (ਜਿਸ ਕਾਰਨ) ਉਨ੍ਹਾਂ ਦੀ ਜੀਭ ਵੀ ਨਾਮ-ਰਸ ਵਿਚ ਰਸੀ ਰਹਿੰਦੀ ਹੈ । ਹੇ ਨਾਨਕ ! ਜਿੰਨ੍ਹਾਂ ਨੂੰ ਪਰਮਾਤਮਾ ਧੁਰੋਂ ਆਪਣੀ ਰਜ਼ਾ ਵਿਚ ਨਾਮ-ਰੰਗ ਚਾੜ੍ਹ ਦਿੰਦਾ ਹੈ, ਉਨ੍ਹਾਂ ਦਾ ਉਹ ਰੰਗ ਕਦੇ ਉਤਰਦਾ ਨਹੀਂ । ੪ ।

੧੬੭- **ਅਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥**
**ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥ ੨ ॥** [੮੬੬]-੧੧-੧੩

**ਅਰਥ:**--ਹਰਿ ਵੇਲੇ ਪ੍ਰਮਾਤਮਾ ਦੇ ਗੁਣ ਗਾਉਂਦਾ ਰਿਹਾ ਕਰ । ਤੇਰੀ ਜਿੰਦ-ਜਾਨ ਦਾ (ਸੰਸਾਰ ਵਿਚ) ਇਹੀ (ਸਭ ਤੋਂ ਵੂਡਾ) ਮਨੋਰਥ ਹੈ ।ਹੰਕਾਰ ਦੂਰ ਕਰਕੇ ਪ੍ਰਭੂ ਨੂੰ ਅੰਗ-ਸੰਗ ਵੱਸਦਾ ਸਮਝ । ਗੁਰੂ ਦੀ ਕਿਰਪਾ ਨਾਲ ਆਪਣੇ ਮਨ ਨੂੰ ਪਰਮਾਤਮਾ ਦੇ (ਪ੍ਰੇਮ-ਰੰਗ ਨਾਲ) ਰੰਗ ਲੈ । ੨ ।

੧੬੮- **ਮਨੁ ਤਨੁ ਰਤਾ ਰਾਮ ਪਿਆਰੇ ॥ ਸਰਬਸੁ ਦੀਜੈ ਅਪਨਾ ਵਾਰੇ ॥**
**ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨਾ ਕੋਈ ਸਾਸਾ ਜੀਉ ॥ ੧ ॥**[੧੦੮]-੪੦-੪੭

**ਅਰਥ**:--(ਜਿਸ ਭਾਗਾਂ ਵਾਲੇ ਮਨੁੱਖ ਦੇ ਹਿਰਦੇ ਵਿਚ ਜਦ ਸੱਧਰ ਜਾਗ ਪੈਂਦੀ ਹੈ ਕਿ ਉਸ ਦਾ) ਮਨ ਤਨ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਜਾਵੇ, ਤਦ ਅਜੇਹੇ ਪ੍ਰੇਮ-ਰਸ ਦੇ ਵੱਟੇ ਉਹ ਆਪਣਾ ਸਭ ਕੁਝ ਸਦਕੇ ਕਰਦਾ ਹੈ । ਅੱਠੇ ਪਹਿਰ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ । ਪ੍ਰਭੂ ਦੀ ਯਾਦ ਤੋਂ ਸੱਖਣਾ ਕੋਈ ਇੱਕ ਸੁਆਸ ਵੀ ਨਹੀਂ ਲੈਂਦਾ । ੧ ।

੧੬੯- **ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥ ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥**
**ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ ॥ ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ ॥**
**ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ ॥ ੯ ॥**[੭੮੮]-ਵਾਰ

**ਅਰਥ:**--ਪ੍ਰਭੂ ਦੇ ਡਰ (ਵਿਚ ਰਹਣ) ਤੋਂ ਬਿਨਾ ਉਸ ਦੀ ਭਗਤੀ ਨਹੀਂ ਹੋ ਸਕਦੀ ਤੇ ਉਸ ਦੇ ਨਾਮ ਵਿਚ ਪਿਆਰ ਨਹੀਂ ਬਣ ਸਕਦਾ (ਭਾਵ, ਉਸ ਦਾ ਨਾਮ ਪਿਆਰਾ ਨਹੀਂ ਲੱਗ ਸਕਦਾ) ਇਹ ਡਰ ਤਾਂ ਹੀ ਪੈਦਾ ਹੁੰਦਾ ਹੈ ਜੇ ਗੁਰੂ ਮਿਲੇ, (ਇਸ ਤਰ੍ਹਾਂ) ਡਰ ਅਤੇ ਪਿਆਰ ਦੀ ਰਾਹੀਂ ਭਗਤੀ ਦਾ ਰੰਗ ਸੋਹਣਾ ਚੜ੍ਹਦਾ ਹੈ । (ਪ੍ਰਭੂ ਦੇ ਡਰ ਤੇ ਪਿਆਰ ਦੀ ਸਹੈਤਾ

ਨਾਲ) ਹਉਮੈ ਤੇ ਤ੍ਰਿਸਨਾ ਨੂੰ ਮਾਰ ਕੇ ਮਨੁੱਖ ਦਾ ਮਨ ਤੇ ਸਰੀਰ (ਪ੍ਰਭੂ ਦੀ ਭਗਤੀ ਨਾਲ ਰੰਗੇ ਜਾਂਦੇ ਹਨ, ਪ੍ਰਭੂ ਨੂੰ ਮਿਲਿਆਂ ਮਨ ਤੇ ਸਰੀਰ ਪਵਿਤ੍ਰ ਤੇ ਸੁੰਦਰ ਹੋ ਜਾਂਦੇ ਹਨ। ਇਸ ਡਰ ਤੇ ਪ੍ਰੇਮ ਸਭ ਕੁਝ ਜਿਸ ਪ੍ਰਭੂ ਦਾ (ਬਖ਼ਸ਼ਿਆ ਮਿਲਦਾ) ਹੈ ਉਹ ਆਪ ਜਗਤ ਵਿਚ (ਹਰ ਥਾਂ) ਮੌਜੂਦ ਹੈ। ੯।

[ਨੋਟ:--ਹਿੰਦੂਆਂ ਦੇ ਧਰਮ ਗ੍ਰੰਥਾਂ ਵਿਚ ਜਿਹੜਾ ਨਾਮ ਵੀ ਵਾਹਿਗੁਰੂ ਨੂੰ ਦਿੱਤਾ ਗਿਆ ਹੈ ਉਹ ਨਾਮ ਸਤਿਗੁਰਾਂ ਨੇ ਬਾਣੀ ਵਿਚ ਵੀ ਵਰਤਿਆ ਹੈ। ਬ੍ਰਾਹਮਣੀ ਗ੍ਰੰਥਾਂ ਵਿਚ " ਕ੍ਰਿਸ਼ਨ ਮੁਰਾਰ " ਸਰਬ ਵਿਆਪੀ, ਕਰਨ ਕਾਰਨ ਪਰਮਾਤਮਾ ਦਾ ਨਾਮ ਹੈ। ' ਮੁਰ ' ਦੈਂਤ ਨੂੰ ਮਾਰਨ ਵਾਲਾ ਕ੍ਰਿਸ਼ਨ, ਭਾਵ, ਵਾਹਿਗੁਰੂ। ਦੇਵਕੀ ਦੇ ਪੁੱਤ੍ਰ ਲੀਲ੍ਹਾ ਪਰਸ਼ੋਤਮ ਕ੍ਰਿਸ਼ਨ ਨਾਲ ਗੁਰਮਤਿ ਦਾ ਕੋਈ ਵਾਸਤਾ ਨਹੀਂ ਹੈ]

## ਮਾਇਆ ਦਾ ਰੰਗ ?

੧੭੦- **ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥ ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ ॥ ਮਨੁ ਰਤਾ ਕੁਟੰਬ ਸਿਉ ਨਿਤ ਗਰਬਿ ਫਿਰਾਮੀ ॥ ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ ਦਾਮੀ ॥ ਚਲਦਿਆ ਨਾਲਿ ਨ ਚਲਈ ਖਿਨ ਜਾਇ ਬਿਲਾਮੀ ।,। ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ ॥ ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ ॥ ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ॥੧੪॥**[੧੦੯੯]-**ਵਾਰ**

**ਅਰਥ:**--ਰੱਬ ਬਾਹਰਲੇ ਭੇਖਾਂ ਨਾਲ ਨਹੀਂ ਮਿਲਦਾ (ਕਿਉਂਕਿ) ਉਹ ਹਰੇਕ ਦੇ ਦਿਲ ਦੀ ਜਾਣਦਾ ਹੈ, ਤੇ ਇਕ ਰੱਬ ਦੇ ਮਿਲਾਪ ਤੋਂ ਬਿਨਾ ਸਾਰੀ ਸ੍ਰਿਸ਼ਟੀ ਵਿਅਰਥ ਵਿਚਰਦੀ ਹੈ। ਜਿੰਨ੍ਹਾਂ ਬੰਦਿਆਂ ਦਾ ਮਨ ਪਰਵਾਰ ਦੇ ਮੋਹ ਵਿਚ ਰੰਗਿਆ ਰਹਿੰਦਾ ਹੈ, ਉਹ ਸਦਾ ਹੰਕਾਰ ਵਿਚ ਹੀ ਫਿਰਦੇ ਹਨ, ਮਾਇਆ-ਧਾਰੀ ਬੰਦੇ ਜਗਤ ਵਿਚ ਆਕੜ ਆਕੜ ਕੇ ਚਲਦੇ ਹਨ, ਪਰ ਉਨ੍ਹਾਂ ਦਾ ਹੰਕਾਰ ਕਿਸੇ ਅਰਥ ਨਹੀਂ (ਕਿਉਂਕਿ) ਜਗਤ ਤੋਂ ਤੁਰਨ ਵੇਲੇ ਮਾਇਆ ਜੀਵ ਦੇ ਨਾਲ ਨਹੀਂ ਜਾਂਦੀ, ਖਿਨ ਪਲ ਵਿਚ ਹੀ ਸਾਥ ਛੱਡ ਜਾਂਦੀ ਹੈ। ਅਜੇਹੇ ਬੰਦੇ ਪਰਮਾਤਮਾ ਦੀ ਰਜ਼ਾ ਅਨੁਸਾਰ ਸੰਸਾਰ ਵਿਚ (ਵਿਅਰਥ ਜੀਵਨ ਗੁਜ਼ਾਰ ਜਾਂਦੇ ਹਨ। ਜਿਸ ਮਨੁੱਖ ਉਤੇ ਪ੍ਰਭੂ ਦੀ ਮਿਹਰ ਦਾ ਦਰਵਾਜ਼ਾ ਖੁਲ੍ਹਦਾ ਹੈ, ਉਸ ਨੂੰ ਗੁਰੂ ਮਿਲਦਾ ਹੈ (ਗੁਰੂ ਦੀ ਰਾਹੀਂ) ਉਸ ਨੂੰ ਮਾਲਕ-ਪ੍ਰਭੂ ਮਿਲ ਪੈਂਦਾ ਹੈ। ਜੋ ਮਨੁੱਖ ਪ੍ਰਭੂ ਦਾ ਸੇਵਕ ਬਣ ਜਾਂਦਾ ਹੈ, ਪ੍ਰਭੂ ਉਸ ਦਾ ਕੰਮ ਸਵਾਰਦਾ ਹੈ। ੧੪।

ਇਹ ਬਹੁ ਰੰਗੀ ਮਾਇਆ ਨਾਲ ਮਿਲ ਕੇ ਮਨ ਮਾਇਆ ਦਾ ਰੂਪ ਵੀ ਜ਼ਰੂ ਹੋ ਜਾਂਦਾ ਹੈ ਪਰ ਜਦੋਂ ਪ੍ਰਭੂ ਦੇ ਨਾਲ ਨਾਲ ਰੰਗੀਜ ਕੇ ਮਨ ਪੂਰਨ ਖਿੜਾਉ ਵਿਚ ਆ ਜਾਵੇ ਤਾਂ :----

੧੭੧- **ਇਹ ਮਨ ਸਕਤੀ ਇਹੁ ਮਨੁ ਸੀਉ ॥ ਇਹ ਮਨੁ ਪੰਚ ਤਤ ਕੋ ਜੀਉ ॥ ਇਹੁ ਮਨ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥** [੩੪੨]-ਬਾਵਨ ਅਖਰੀ

ਪਦ ਅਰਥ:--ਸਕਤੀ=ਮਾਇਆ। ਸੀਉ=ਅਨੰਦ ਸਰੂਪ ਪ੍ਰਭੂ। ਪੰਜ ਤੱਤ ਕਾ ਜੀਉ=ਪੰਜਾਂ ਤੱਤਾਂ ਦਾ ਜੀਵ, ਸੀਰ। ਲੇ=ਲੈ ਕੇ ਵੱਸ ਵਿਚ ਕਰਕੇ। ਉਨਮਨਿ=ਉਨਮਨ ਵਿਚ, ਖਿੜਾਉ ਵਿਚ। ਰਹੈ=ਟਿਕਦਾ ਹੈ। ਤਉ=ਤਦੋਂ। ਤੀਨਿ ਲੋਕ ਕੀ ਬਾਤੇ=ਸਾਰੇ ਜਗਤ ਵਿਚ ਵਿਆਪਕ ਪ੍ਰਭੂ ਦੀਆਂ ਗੱਲਾਂ। ਕਹੈ=ਆਖਦਾ ਹੈ। ੩੩।

੩੪

## ਮਨਿ ਸੰਤੋਖੁ, ਆਤਮ ਪਤੀਆਨੇ ॥

ਮਨ ਨੂੰ ਸੰਤੋਖ ਆ ਜਾਵੇ, ਤਾਂ ਜੀਵ ਦੀ ਪਰਮਤਮਾ ਨਾਲੋਂ ਵਿੱਥ ਘਟਦੀ ਹੈ। ਪਰ ਮਨ ਨੂੰ ਸੰਤੋਖ ਆਵੇ ਕਿਵੇਂ ? :--

੧੭੨- **ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਅਧਾਰੁ ॥ ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥ ੩ ॥**[੩੩੧]-੪੦

**ਅਰਥ:**-- ਮਾਇਆ ਦੇ ਥਾਂ ਜਦ ਮਨ ਦਾ ਆਸਰਾ ਪ੍ਰਭੂ ਦਾ ਨਾਮ ਬਣ ਗਿਆ ਤਾਂ (ਮੇਰੇ ਅੰਦਰੋਂ) ਮਾਇਆ ਵਾਲੀ ਸੜਨ ਮਿਟ ਗਈ ਹੈ, ਮਾਇਆ ਦਾ ਬਲਦਾ ਭਾਂਬੜ ਬੁੱਝ ਗਿਆ ਹੈ, ਹੁਣ ਮੇਰੇ ਮਨ ਵਿਚ ਸੰਤੋਖ ਹੈ। ਪਾਣੀ ਅਤੇ ਧਰਤੀ ਤੇ, ਹਰ ਥਾਂ (ਹੁਣ) ਪ੍ਰਭੂ-ਖ਼ਸਮ ਜੀ ਵੱਸ ਰਹੇ (ਜਾਪਣ ਲੱਗੇ ਪਏ) ਹਨ। ਮੈਂ ਜਿੱਧਰ ਤੱਕਦਾ ਹਾਂ, ਓਧਰ ਘਟ ਘਟ ਦੀ ਜਾਨਣ ਵਾਲਾ ਪ੍ਰਭੂ ਹੀ (ਦੱਸਦਾ) ਹੈ। ੩।

੧੭੩- **ਗੁਰ ਬਚਨੀ ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥ ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥ ੩ ॥**[੯੯੭]-੩੬-੪੭

**ਅਰਥ:**--ਗੁਰੂ ਦੇ ਬਚਨਾਂ ਦੀ ਰਾਹੀਂ (ਸਾਰੇ) ਸੁਖ ਦੁਖ ਇਕੋ ਜਿਹੇ ਜਾਪਣ ਲੱਗ ਪੈਂਦੇ ਹਨ, ਮਾਇਆ ਦੀ ਤ੍ਰਿਸ਼ਨਾ, ਮਾਇਆ ਦੀ ਭੁੱਖ ਕਦੇ ਆਪਣਾ ਜ਼ੋਰ ਨਹੀਂ ਪਾ ਸਕਦੀ। ਗੁਰੂ ਦੇ ਸ਼ਬਦ ਦੀ ਰਾਹੀਂ ਮਨ ਵਿਚ ਸੰਤੋਖ ਪੈਦਾ ਹੋ ਜਾਂਦਾ ਹੈ, (ਮਨ) ਰੱਜ ਜਾਂਦਾ ਹੈ। ਪਰਮਾਤਮਾ ਦਾ ਨਾਮ ਜਪ ਕੇ ਸਾਰੇ ਪੜਦੇ ਕੱਜੇ ਜਾਂਦੇ ਹਨ (ਲੋਕ ਪਰਲੋਕ ਵਿਚ ਇੱਜ਼ਤ ਬਣ ਜਾਂਦੀ ਹੈ)। ੩।

੧੭੪- **ਅਖੀ ਸੰਤੋਖੀਆ ਏਕ ਲਿਵ ਲਾਇ ॥ ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥ ੨ ॥** [੫੬੦]-੭

**ਅਰਥ:**--(ਗੁਰੂ ਦੇ ਸ਼ਬਦ-ਗਿਆਨ ਦੀ ਬਰਕਤਿ ਨਾਲ) ਇਕ ਪਰਮਾਤਮਾ ਵਿਚ ਸੁਰਤਿ ਜੋੜ ਕੇ ਮਨੁੱਖ ਦੀਆਂ ਅੱਖਾਂ (ਪਰਾਏ ਰੂਪ-ਧਨ ਵਲੋਂ) ਰੱਜ ਜਾਂਦੀਆਂ ਹਨ, (ਅੰਦਰੋਂ) ਮਾਇਆ ਦਾ ਪਿਆਰ ਦੂਰ ਕਰ ਕੇ ਮਨੁੱਖ ਦਾ ਮਨ (ਤ੍ਰਿਸ਼ਨਾ ਵਲੋਂ) ਰੱਜ ਜਾਂਦਾ ਹੈ। ੨।

ਚੰਦ੍ਰਮੇ ਦੇ ਘਟਣ ਵਧਨ ਦੇ ਦਿਨਾਂ ਬਾਰੇ ਭਰਮ ਪਾ ਕੇ ਬ੍ਰਾਹਮਣ ਨੇ ਕਈ ਤਰ੍ਹਾਂ ਦੇ ਵਰਤ ਅਤੇ ਪੁੰਨ ਦਾਨ ਕਰਨ ਦਾ ਚੱਕਰ ਚਲਾਇਆ ਹੋਇਆ ਸੀ। ਉਸ ਭਰਮ-ਜਾਲ ਵਿਚੋਂ ਕੱਢਣ ਲਈ ਪੰਚਮ ਗੁਰੂ ਨਾਨਕ, ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਥਿੱਤੀ ਗਉੜੀ ਬਾਣੀ ਵਿਚ ਉਨ੍ਹਾਂ ਸਾਰੇ ਦਿਨਾਂ ਦਾ ਜ਼ਿਕਰ ਕਰ ਕੇ ਠੀਕ ਜੀਵਨ ਜੁਗਤ ਦਾ ਗਿਆਨ ਬਖ਼ਸ਼ਸ਼ ਕੀਤਾ ਹੈ। ਚੰਦ ਦੀ ਦਸਵੀਂ ਵਾਲੇ ਦਿਨ ਦੇ ਜ਼ਿਕਰ ਨਾਲ ਗੁਰਮਤਿ ਉਦੇਸ਼ ਇਸ ਪ੍ਰਕਾਰ ਹੈ:--

੧੭੫- **ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥ ੧੦ ॥**[੨੯੯]-੧੦

**ਅਰਥ:**--(ਜਦੋਂ ਪਰਮਾਤਮਾ ਦੀ ਕਿਰਪਾ ਨਾਲ ਮਨੁੱਖ) ਪਰਮਾਤਮਾ ਦਾ ਨਾਮ ਜਪਦਾ ਹੈ ਤਾਂ ਉਸ ਦੇ ਮਨ ਵਿਚ ਸੰਤੋਖ ਪੈਦਾ ਹੁੰਦਾ ਹੈ, ਦਸਾਂ ਹੀ ਇੰਦ੍ਰਿਆਂ ਨੂੰ ਮਨੁੱਖ ਆਪਣੇ ਕਾਬੂ ਵਿਚ ਕਰ ਲੈਂਦਾ ਹੈ। (ਪ੍ਰਭੂ ਦੀ ਕਿਰਪਾ ਰਾਹੀਂ) ਕੰਨਾ ਨਾਲ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੀ ਸਿਫ਼ਤਿ-ਸਾਲਾਹ ਸੁਣੀਦੀ ਹੈ, ਅੱਖਾਂ ਨਾਲ ਦਇਆ ਦੇ ਘਰ ਗੁਰੂ ਦਾ ਦਰਸ਼ਨ

ਕਰੀਦਾ ਹੈ, ਜੀਭ ਬੇਅੰਤ ਪ੍ਰਭੂ ਦੇ ਗੁਣ ਗਾਣ ਲੱਗ ਪੈਂਦੀ ਹੈ ਤੇ ਮਨੁੱਖ ਆਪਣੇ ਮਨ ਵਿਚ ਸਰਬ-ਵਿਆਪਕ ਭਗਵਾਨ (ਦੇ ਗੁਣ) ਚੇਤੇ ਕਰਦਾ ਹੈ । ਹੱਥਾਂ ਨਾਲ ਸੰਤ ਜਨਾਂ ਦੇ ਚਰਨਾਂ ਦੀ ਟੈਹਲ ਕੀਤੀ ਜਾਂਦੀ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਇਹ (ਉਪਰ ਦੱਸੀ) ਜੀਵਨ-ਜੁਗਤਿ ਪਰਮਾਤਮਾ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ ।

੧੭੬- **ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ਮਨਿ ਸੰਤੋਖੁ ਸਰਬ ਜੀਅ ਦਇਆ ॥**
**ਇਨ ਬਿਧਿ ਬਰਤੁ ਸੰਪੂਰਨ ਭਇਆ ॥ ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥**
**ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ ੧੧ ॥**[੨੯੯]

**ਅਰਥ:**--ਪਰਮਾਤਮਾ ਨੂੰ (ਸਦਾ ਆਪਣੇ) ਨੇੜੇ (ਵੱਸਦਾ) ਵੇਖੋ, ਆਪਣੇ ਇੰਦ੍ਰਿਆਂ ਨੂੰ ਕਾਬੂ ਵਿਚ ਰੱਖ ਕੇ ਪਰਮਾਤਮਾ ਦਾ ਨਾਮ ਸੁਣਿਆਂ ਕਰੋ-ਏਹੀ ਹੈ ਇਕਾਦਸੀ (ਦਾ ਵਰਤ) । (ਜਿਹੜਾ ਮਨੁੱਖ ਆਪਣੇ) ਮਨ ਵਿਚ ਸੰਤੋਖ (ਧਾਰਦਾ ਹੈ ਤੇ) ਸਭ ਜੀਵਾਂ ਨਾਲ ਦਇਆ-ਪਿਆਰ ਵਾਲਾ ਸਲੂਕ ਕਰਦਾ ਹੈ,ਇਸ ਤਰੀਕੇ ਨਾਲ (ਜੀਵਨ ਗੁਜ਼ਾਰਦਿਆਂ ਉਸ ਦਾ) ਵਰਤ ਕਾਮਯਾਬ ਹੋ ਜਾਂਦਾ ਹੈ (ਭਾਵ, ਇਹੀ ਹੈ ਅਸਲੀ ਵਰਤ)। (ਇਸ ਤਰ੍ਹਾਂ ਨਾਲ ਉਹ ਮਨੁੱਖ ਵਿਕਾਰਾਂ ਵਲ) ਦੋੜਦੇ ਆਪਣੇ ਮਨ ਨੂੰ ਟਿਕਾਣੇ ਤੇ ਟਿਕਾ ਰੱਖਦਾ ਹੈ, ਪਰਮਾਤਮਾ ਦਾ (ਨਾਮ) ਜਪਦਿਆਂ (ਪਰਮਾਤਮਾ ਦੇ) ਨਾਮ ਵਿਚ ਜੁੜਿਆਂ ਉਸ ਦਾ ਮਨ ਪਵਿੱਤ੍ਰ ਹੋ ਜਾਂਦਾ ਹੈ), ਉਸ ਦਾ ਹਿਰਦਾ ਪਵਿਤ੍ਰ ਹੋ ਜਾਂਦਾ ਹੈ । ਏਜਿਹੜਾ ਪ੍ਰਭੂ ਸਾਰੇ ਜਗਤ ਵਿਚ ਹਰ ਥਾਂ ਵਿਆਪਕ ਹੈ, ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਰਹੁ, ਇਹ ਐਸਾ ਧਰਮ ਹੈ ਜਿਸ ਦਾ ਫਲ ਜ਼ਰੂਰ ਮਿਲਦਾ ਹੈ ।

੧੭੭- **ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ**
**ਸਹਜ ਲਾਗਾ ਪ੍ਰਭ ਕੀ ਸੇਵ ॥ ਟੂਟੇ ਬੰਦਨ ਬਹੁ ਬਿਕਾਰ ਸਫ਼ਲ ਪੂਰਨ ਤਾ ਕੇ ਕਾਮ ॥**
**ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥L.੧੫ ॥**[੩੦੦] ਪਉੜੀ

੧੭੮- **ਮਨੁ ਤ੍ਰਿਪਤਾਨੋ ਮਿਟੇ ਜੰਜਾਲ ॥ ਪ੍ਰਭੁ ਅਪੁਨਾ ਹੋਇਆ ਕਿਰਪਾਲ ॥ ੧ ॥**[੩੯੯]-੨੭-੭੮

੧੭੯- **ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥ ੩ ॥**[੮੦੪]-੫-੧੦

੧੮੦- ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥ ਏਕ੍ ਦਵਸ ਮਨ ਭਈ ਉਮੰਗ ॥
ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ ॥ ੧ ॥[੧੧੯੫]-੧

**ਪਦ ਅਰਥ:**--ਕਤ=ਹੋਰ ਕਿੱਥੇ ? ਰੰ੍ਗ=ਮੌਜ / ਘਰਿ=ਹਿਰਦੇ-ਰੂਪ ਘਰ ਵਿਚ ਹੀ । ਨ ਚਲੈ+ਭਟਕਦਾ ਨਹੀਂ ਹੈ । ਪੰਗ=ਪਿੰਗਲਾ, ਜੋ ਹਿੱਲ ਜੁਲ ਨਹੀਂ ਸਕਦਾ । ੧ । ਰਹਾਉ । ਦਿਵਸ=ਦਿਨ । ਉਮੰਗ=ਚਾਹ, ਤਾਂਘ । ਘਰਿ=ਘਸਾ ਕੇ। ਚੋਆ=ਅਤਰ । ਬ੍ਰਹਮ ਠ#ਇ=ਠਾਕੁਰ ਦੁਆਰੇ, ਮੰਦਰ ਵਿਚ । ੧ ।

**ਅਰਥ:**--ਹੇ ਭਾਈ ! ਹਰਿ ਕਿਥੇ ਜਾਈਏ ? (ਹੁਣ ਕਿਤੇ ਹੋਰ ਥਾਂ ਜਾਣ ਦੀ ਲੋੜ ਨਹੀਂ ਰਹੀ ) । (ਹੁਣ ਤਾਂ) ਹਿਰਦੇ-ਘਰ ਵਿਚ ਹੀ ਮੌਜ ਬਣ ਗਈ ਹੈ, ਮੇਰਾ ਚਿਤ ਹੁਣ ਢੋਲਦਾ ਨਹੀਂ, ਥਿਰ ਹੋ ਗਿਆ ਹੈ। ੧ । ਰਹਾਉ । ਇੱਕ ਦਿਨ ਮੇਰੇ ਮਨ ਵਿਚ ਵੀ ਤਾਂਘ ਪੈਦਾ ਹੋਈ ਸੀ, ਮੈਂ ਚੰਦਨ ਘਸਾ ਕੇ ਅਤਰ ਤੇ ਹੋਰ ਕਈ ਸੁਗੰਧੀਆ ਲੈ ਲਈਆਂ, ਤੇ ਮੈਂ ਮੰਦਰ ਵਿਚ ਪੂਜਾ ਲਈ ਤੁਰ ਪਿਈ । ਪਰ ਹੁਣ ਤਾਂ ਮੈਨੂੰ ਪਰਮਾਤਮਨਾ (ਜਿਸ ਨੂੰ ਮੈਂ ਮੰਦਰ ਵਿਚ ਰਹਿੰਦਾ ਸਮਝਦੀ ਸਾਂ) ਮੇਰੇ ਗੁਰੂ ਨੇ ਮਨ ਵਿਚ ਵੱਸਦਾ ਹੀ ਵਿਖਾ ਦਿੱਤਾ ਹੈ । ੧ ।

੧੮੧- **ਸਫ਼ਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥ ਭੇਟਤ ਸੰਗਿ ਰਾਮ ਗੁਨ ਰਵੇ ॥**
**ਪਾਰਬ੍ਰਹਮ ਕੀ ਦਰਗਹ ਗਵੇ ॥ ਸੁਨਿ ਕਰਿ ਬਚਨ ਕਰਨ ਆਘਾਨੇ ॥ਮਨਿ ਸੰਤੋਖੁ ਆਤਮ ਪਤੀਆਨੇ ॥**
**ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ ਗੁਣ ਬਿਅੰਤ ਕੀਮਤਿ ਨਹੀ ਪਾਇ ॥**
**ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥**[੨੮੭]-ਅ:-੧੮

੩੫

# ਮਨ ਬੈਰਾਗੀ

੧੮੨- **ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥**
**ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਏ ॥ ੫ ॥**[੨੧]-੧੮

**ਅਰਥ:**---(ਮਾਇਆ ਵਲੋਂ) ਵੈਰਾਗਵਾਨ ਮਨ (ਭਟਕਣਾ ਤੋਂ ਬਚਿਆ ਰਹਿ ਕੇ) ਆਪਣੇ ਸਰੂਪ ਵਿਚ ਟਿਕਿਆ ਰਹਿੰਦਾ ਹੈ, (ਕਿਉਂਕਿ) ਉਹ ਪਰਮਾਤਮਾ ਦੇ ਅਦਬ ਵਿਚ ਰੰਗਿਆ ਰਹਿੰਦਾ ਹੈ ਅਤੇ ਪਰਮਾਤਮਾ ਨਾਲ ਡੂੰਘੀ ਸਾਂਝ ਦਾ ਮਹਾ ਆਨੰਦ ਮਾਣਦਾ ਹੈ, ਉਸ ਨੂੰ ਮੁੜ ਮਾਇਆ ਦੀ ਤ੍ਰਿਸ਼ਨਾ ਨਹੀਂ ਵਿਆਪਦੀ । ਗੁਰਦੇਵ ਜੀ ਦਾ ਫ਼ੁਰਮਾਨ ਹੈ--ਤੂੰ ਵੀ ਇਸ ਮਨ ਨੂੰ (ਮਾਇਆ ਦੇ ਮੋਹ ਵਲੋਂ) ਮਾਰ ਕੇ (ਪ੍ਰਭੂ-ਚਰਨਾਂ ਵਿਚ) ਜੁੜਿਆ ਰਹੁ, ਫਿਰ ਕਦੇ (ਪ੍ਰਭੂ ਤੋਂ ਵਿਛੋੜੇ ਦਾ) ਦੁੱਖ ਨਹੀਂ ਵਿਆਪੇਗਾ । ੫ ।

੧੮੩- **ਮਨਿ ਬੈਰਾਗੁ ਭਾਇਆ ਦਰਸਨੁ ਦੇਖਣੈ ਕਾ ਚਾਉ ॥ ਧੰਨੁ ਸੁ ਤੇਰਾ ਥਾਨੁ ॥ ੧ ॥ ਰਾਹਾਉ ॥**[੫੦]-੨੩-੯੩

**ਅਰਥ:**- ਉਹ ਸਰੀਰ ਭਾਗਾਂ ਵਾਲਾ ਹੈ ਜਿਸ ਵਿਚ ਤੇਰਾ ਨਿਵਾਸ ਹੈ (ਜਿਥੇ ਤੈਨੂੰ ਯਾਦ ਕੀਤਾ ਜਾ ਰਿਹਾ ਹੈ) । ਉਹ ਮਨੁੱਖ ਭਾਗਾਂ ਵਾਲਾ ਹੈ ਜਿਸ ਦੇ) ਮਨ ਵਿਚ ਤੇਰਾ ਪਿਆਰ ਪੈਦਾ ਹੋ ਗਿਆ ਹੈ, ਜਿਸ ਦੇ ਮਨ ਵਿਚ ਤੇਰੇ ਦਰਸ਼ਨ ਦੀ ਤਾਂਘ ਪੈਦਾ ਹੋਈ ਹੈ । ੧ । ਰਹਾਉ ।

੧੮੪- **ਮਨੁ ਬ੍ਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ**
**ਸਭਤੇ ਰਹਿਆ ਸਮਾਇ ॥ ਗੁਰ ਕਿਰਪਾ ਤੇ ਮਿਲੈ ਮਿਲਾਇ ॥ ੨ ॥**[੨੩੩]-੮

੧੮੫- **ਮੇਰੇ ਮਨ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ ॥ ਮੇਰੇ ਮੀਤ ਸਖਾ ਹਰਿ ਜੀਉ**
**ਗਰ ਪੁਰਖ ਬਿਧਾਤੇ ॥ ਪੁਰਖੇ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ ॥**
**ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ ॥ ਸਾਸਿ ਸਾਸਿ ਨ ਘੜੀ**
**ਵਿਸਰੈ ਪਲੁ ਮੂਰਤੁ ਦਿਨੁ ਰਾਤੈ ॥ ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥ ੧ ॥**[੨੪੭]-ਛੰਤ-੧

**੧੮੬-** **ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥ ਮਨਸਾ ਕਾ**
**ਨਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦ ਹੀ ਭਰਪੂਰਾ ॥ ੧ ॥ ਰਹਾਉ ॥[੩੭੫]-੧੭**

**ਅਰਥ:**--ਹੇ ਮੇਰੇ ਮਨ ! ਤੂੰ ਕਿਉ ਘਾਬਰਦਾ ਹੈਂ ? (ਯਕੀਨ ਰੱਖ, ਤੇਰੇ ਸਿਰ ਤੇ ਉਹ) ਅਪਾਰ ਸਤਿਗੁਰੂ (ਰਾਖਾ) ਹੈ ਜੋ ਮਨ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਹੈ ਜੋ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ ਅਤੇ ਜਿਸ ਅੰਮ੍ਰਿਤ ਦੇ ਸੋਵਰ-ਗੁਰੂ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਨਕਾ-ਨਕ ਭਰਿਆ ਹੋਇਆ ਹੈ। ੧ । ਰਹਾਉ।

੧੮੭- **ਮਨ ਬੈਰਾਗੀ ਕਿਉ ਨ ਅਰਾਧੇ ॥ ਕਾਚ ਕੋਠਰੀ ਮਾਹਿ ਤੂੰ ਬਸਤਾ**
**ਸੰਗਿ ਸਗਲ ਬਿਖੈ ਕੀ ਬਿਆਧੇ ॥ ੧ ॥ ਰਹਾਉ ॥**[੪੦੨]-੪-੧੨੬

**ਅਰਥ:**--ਹੇ ਮੇਰੇ ਮਨ ! ਤੂੰ ਮਾਇਆ ਦੇ ਮੋਹ ਵਲੋਂ ਉਪਰਾਮ ਹੋ ਕੇ ਪਰਮਾਤਮਾ ਦੀ ਅਰਾਧਨਾ ਕਿਉ ਨਹੀਂ ਕਰਦਾ ? (ਤੇਰਾ ਇਹ ਸਰੀਰ ਕੱਚੀ ਕੋਠੜੀ ( ਹੈ ਜਿਸ ਜਿਸ ਵਿਚ ਤੂੰ ਵੱਸ ਰਿਹਾ ਹੈਂ, ਤੇਰੇ ਨਾਲ ਸਾਰੇ ਵਿਸ਼ੇ-ਵਿਕਾਰਾਂ ਦੇ ਰੋਗ ਚੰਬੜੇ ਪਏ ਹਨ । ੧ । ਰਹਾਉ ।

੧੮੮- **ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥**
**ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥ ੫ ॥**[੪੧੫]-੮
**{ਨੋਟ--ਅੱਗੇ ੪੯ ਨੰਬਰ ਤੇ ਇਸ ਪਾਵਲ ਤੁਕ ਸਮੇਤ ਪੂਰੇ ਗੁਰੂ-ਸ਼ਬਦ ਦੇ ਅਰਥ ਲਿਖੇ ਗਏ ਹਨ]**

**੧੮੯- ਅਨਹਦੋ ਅਨਹਦੁ ਵਾਜੈ ਰੁਣਝੁਣਕਾਰੇ ਰਾਮ ॥ ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥**
**ਅਨਦਿਨੁ ਰਾਤਾ ਮਨ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ ॥ ਆਦਿ ਪੁਰਖੁ ਅਪਰਪਰੁ ਪਿਆਰਾ**
**ਸਤਿਗੁਰਿ ਅਲਖ ਲਖਾਇਆ ॥ ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥**
**ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰਣਝੁਣਕਾਰੇ ॥ ੧ ॥ [੪੩੬]-੨**

**ਅਰਥ:**--ਮੇਰਾ ਮਨ ਪਿਆਰੇ (ਦੇ ਪ੍ਰੇਮ ਰੰਗ) ਵਿਚ ਰੰਗਿਆ ਗਿਆ ਹੈ। ਹੁਣ ਮੇਰੇ ਅੰਦਰ (ਮਾਨੋ) ਘੰਘਰੂਆਂ ਝਾਂਜਰਾਂ ਦੀ ਛਣਕਾਰ ਦੇਣ ਵਾਲਾ (ਵਾਲਾ) ਇੱਕ-ਰਸ ਵੱਜ ਰਿਹਾ ਹੈ। ਮੇਰਾ ਮਨ ਹਰ ਵੇਲੇ (ਪ੍ਰਭੂ-ਪ੍ਰੀਤਮ ਦੀ ਯਾਦ ਵਿਚ) ਮਤਵਾਲਾ, ਮਸਤ ਰਹਿੰਦਾ ਹੈ। ਮੈਂ ਹੁਣ ਅਜੇਹੇ ਉੱਚੇ ਮੰਡਲਾਂ ਵਿਚ ਟਿਕਾਣਾ ਲੱਭ ਲਿਆ ਹੈ ਜਿੱਥੇ ਕੋਈ ਮਾਇਕ ਫੁਰਨਾ ਨਹੀਂ ਉਠਦਾ। ਸਤਿਗੁਰੂ ਨੇ ਮੈਨੂੰ ਉਹ ਅਦ੍ਰਿਸ਼ਟ ਪ੍ਰਭੂ ਵਿਖਾ ਦਿੱਤਾ ਹੈ ਜੋ ਸਭ ਦਾ ਮੁਢ ਹੈ ਜੋ ਸਭ ਵਿਚ ਵਿਆਪਕ ਹੈ ਜੋ ਸਭ ਦਾ ਪਿਆਰਾ ਹੈ ਜਿਸ ਤੋਂ ਪਰੇ ਹੋਰ ਕੋਈ ਹਸਤੀ ਹੈ ਹੀ ਨਹੀਂ । ਮੇਰੇ ਮਨ ਗੁਰੂ ਦੇ ਸ਼ਬਦ ਦੀ ਵਿਚਾਰ ਦੀ ਬਰਕਤਿ ਨਾਲ ਨਾਰਾਇਣ ਵਿਚ ਮਸਤ ਰਹਿੰਦਾ ਹੈ ਜੋ ਆਪਣੇ ਆਸਣ ਆਪਣੇ ਆਪਣੇ ਤਖ਼ਤ ਉਤੇ ਸਦਾ ਅਡੋਲ ਰਹਿੰਦਾ ਹੈ। ਹੇ ਨਾਨਕ ! ਜਿਨ੍ਹਾਂ ਦੇ ਮਨ ਪ੍ਰਭੂ ਦੇ ਨਾਮ ਵਿਚ ਰੰਗੇ ਜਾਂ:ਦੇ ਹਨ, (ਪ੍ਰਭੂ ਨਾਮ ਦੇ) ਮਤਵਾਲੇ ਹੋ ਜਾਂਦੇ ਹਨ, ਉਨ੍ਹਾਂ ਦੇ ਅੰਦਰ, ਮਾਨੋ ਝਾਂਜਰਾਂ ਘੁੰਘਰੂਆਂ ਦੀ ਛਣਕਾਰ ਦੇਣ ਵਾਲਾ (ਵਾਜਾ) ਇਕ-ਰਸ ਵੱਜਦਾ ਰਹਿੰਦਾ ਹੈ । ੧ ।

੧੯੦- **ਮੇਰੇ ਮਨ ਬੈਰਾਗੀਆ ਤੂੰ ਬੈਰਾਗ ਕਰਿ ਕਿਸੁ ਦਿਖਾਵਹਿ ॥ ਹਰਿ ਸੋਹਿਲਾ ਤਿਨ੍ ਸਦ ਸਦਾ**
**ਜੋ ਹਰਿਗੁਣ ਗਾਵਹਿ ॥ ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥ ਜਲਿ**
**ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣੇ ॥ ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ**
**ਸਰਬ ਸੁਖੁ ਪਾਵਏ ॥ ਇਕ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥ ੨ ॥** [੪੪੦]-੨-੭-੫-੨-੭

**ਅਰਥ:**--ਹੇ ਵੈਰਾਗ ਵਿਚ ਆਏ ਹੋਏ ਮਨ ਤੂੰ ਵੈਰਾਗ ਕਰਕੇ ਕਿਸ ਨੂੰ ਵਿਖਾਉਂਦਾ ਹੈਂ ? (ਇਸ ਉਪਰੋਂ ਉਪਰੋਂ ਵਿਖਾਵੇ ਵਾਲੇ ਵੈਰਾਗ ਨਾਲ ਤੇਰੇ ਅੰਦਰ ਆਤਮਕਆਨੰਦ ਨਹੀਂ ਬਣੇਗਾ))। ਹੇ ਮਨ ! ਜਿਹੜੇ ਮਨੁੱਖ ਪਰਮਾਤਮਾ ਦੇ ਗੁਣ ਗਾਉਂਦੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰ ਸਦਾ ਹੀ ਖਿੜਾਉ ਤੇ ਚਾਉ ਬਣਿਆ ਰਹਿੰਦਾ ਹੈ। ਹੇ ਮੇਰੇ ਮਨ ! (ਬਾਹਰਲੇ ਵਿਖਾਵੇ ਵਾਲੇ ਵੈਰਾਗ ਦਾ) ਪਖੰਡ ਛੱਡ ਦੇ (ਤ ਆਪਣੇ ਅੰਦਰ) ਮਿਲਣ ਦੀ ਤਾਂਘ ਪੈਦਾ ਕਰ (ਕਿਉਂਕਿ) ਉਹ ਖ਼ਸਮ-ਪ੍ਰਭੂ (ਅੰਦਰ ਦੀ) ਹਰੇਕ ਗੱਲ ਜਾਣਦਾ ਹੈ, ਉਹ ਪ੍ਰਭੂ ਆਪ ਹੀ ਜਲ ਵਿਚ ਧਰਤੀ ਵਿਚ ਆਕਾਸ਼ ਵਿਚ ( ਹੇ ਥਾਂ ਸਮਾਇਆ ਹੈ) ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਉਹ ਉਸ ਪ੍ਰਭੂ ਦੀ ਰਜ਼ਾ ਨੂੰ ਸਮਝਦਾ ਹੈ। ਹੇ ਮੇਰੇ ਮਨ ! ਜਿਸ ਮਨੁੱਖ ਨੇ ਪਰਮਾਤਮਾ ਦੀ ਰਜ਼ਾ ਸਮਝ ਲਈ ਉਹੀ ਸਾਰੇ ਆਨੰਦ ਪ੍ਰਾਪਤ ਕਰਦਾ ਹੈ, ਨਾਨਕ ਤੈਨੂੰ ਇਉਂ ਦੱਸਦਾ ਹੈ, ਕਿ ਇਹੋ ਜਿਹਾ ਮਿਲਾਪ ਦੀ ਤਾਂਘ ਰੱਖਣ ਵਾਲਾ ਮਨੁੱਖ ਹਰ ਵੇਲੇ ਪ੍ਰਭੂ ਚਰਨਾਂ ਵਿਚ ਸੁਰਤਿ ਜੋੜੀ ਰੱਖਦਾ ਹੈ । ੨ ।

੧੯੧- **ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥ ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ**
**ਸਿਉ ਲਿਵ ਲਾਈ ॥ ਰਹਾਉ ॥ ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥ ਹਿਰਦੈ ਸਬਦਿ**
**ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥ ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥ ਸਹਜੇ ਮਾਤਾ ਸਦਾ**
**ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥ ੨ ॥ ਮਨੂਆ ਪਉਣੁ ਬਿੰਦੁ ਸੁਖਵਾਸੀ, ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ**
**ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥ ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥**
**ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਿਜ ਪੀਆਈ ॥ ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥**
**ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥ ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥**
**ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ ॥ ੪ ॥**[੬੩੪]-੧

**ਅਰਥ:**--ਹੇ ਮੇਰੀ ਮਾਂ ! ਮੇਰਾ ਮਨ ਗੁਰੂ ਦੇ ਸ਼ਬਦ ਵਿਚ ਪ੍ਰੋਤਾ ਗਿਆ ਹੈ, (ਸਬਦ-ਗਿਆਨ ਦੀ ਬਰਕਤਿ ਨਾਲ ਮੇਰੇ ਅੰਦਰ ਪਰਮਾਤਮਾ ਤੋਂ ਵਿਛੋੜੇ ਦਾ ਅਹਿਸਾਸ ਪੈਦਾ ਹੋ ਗਿਆ ਹੈ) । ਉਹ ਮਨੁੱਖ ਅਸਲ ਤਿਆਗੀ ਹੈ ਜਿਸ ਦਾ ਮਨ ਪਰਮਾਤਮਾ ਦੇ ਬਿਰਹੋਂ-ਰੰਗ ਵਿਚ ਰੰਗਿਆ ਗਿਆ ਹੈ । ਉਸ (ਬੈਰਾਗੀ) ਦੇ ਅੰਦਰ **ਪ੍ਰਭੂ ਦੀ ਜੋਤਿ ਜਗ ਪੈਂਦੀ ਹੈ,** ਉਹ ਇਕ-ਰਸ ਸਿਫ਼ਤਿ ਸਾਲਾਹ ਦੀ ਬਾਣੀ ਵਿਚ (ਮਸਤ ਰਹਿੰਦਾ ਹੈ), ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ (ਦੇ ਚਰਨਾਂ ਵਿਚ) ਉਸ ਦੀ ਸੁਰਤਿ ਜੁੜੀ ਰਹਿੰਦੀ ਹੈ **। ੧ । ਰਹਾਉ ।** ਅਨੇਕਾਂ ਹੀ ਵੈਰਾਗੀ ਵੈਰਾਗ ਦੀਆਂ ਗੱਲਾਂ ਕਰਦੇ ਹਨ, ਪਰ ਅਸਲ ਵੈਰਾਗ ਉਹ ਹੈ ਜੋ (ਪਰਮਾਤਮਾ ਦੇ ਬਿਰਹੋਂ-ਰੰਗ ਵਿਚ ਇਤਨਾ ਰੰਗਿਆ ਹੋਇਆ ਹੈ ਕਿ ਉਹ) ਖ਼ਸਮ-ਪ੍ਰਭੂ ਦਾ ਪਿਆਰਾ ਬਣ ਜਾਂਦਾ ਹੈ, ਉਹ ਗੁਰੂ ਦੇ ਸ਼ਬਦ-ਗਿਆਨ ਦੀ ਰਾਹੀਂ ਆਪਣੇ ਹਿਰਦੇ ਵਿਚ (ਪਰਮਾਤਮਾ ਦੀ ਯਾਦ ਵਸਾਉਂਦਾ ਹੈ ਤੇ) ਸਦਾ ਪਰਮਾਤਮਾ ਦੇ ਡਰ-ਅਦਬ ਵਿਚ ਮਸਤ (ਰਹਿ ਕੇ) ਗੁਰੂ ਦੀ ਦੱਸੀ ਹੋਈ ਕਾਰ ਕਰਦਾ ਹੈ । ਉਹ ਬੈਰਾਗੀ ਸਿਰਫ਼ ਪਰਮਾਤਮਾ ਨੂੰ ਚੇਤਦਾ ਹੈ (ਜਿਸ ਕਰਕੇ ਉਸ ਦਾ) ਮਨ (ਮਾਇਆ ਵਾਲੇ ਪਾਸੇ) ਨਹੀਂ ਡੋਲਦਾ, ਉਹ ਬੈਰਾਗੀ (ਮਾਇਆ ਵਲ ਦੌੜਦੇ ਮਨ ਨੂੰ ਰੋਕ ਕੇ (ਪ੍ਰਭੂ-ਚਰਨਾਂ ਵਿਚ) ਜੋੜੀ ਰੱਖਦਾ ਹੈ । ਅਡੋਲ ਅਵਸਥਾ ਵਿਚ ਉਹ ਬੈਰਾਗੀ ਸਦਾ (ਪ੍ਰਭੂ ਦੇ ਨਾਮ-) ਰੰਗ ਵਿਚ ਰੰਗਿਆ ਰਹਿੰਦਾ ਹੈ, ਤੇ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਦਾ ਹੈ **। ੨ ।** ਹੇ ਭਾਈ ! (ਜਿਸ ਮਨੁੱਖ ਦਾ) ਚੰਚਲ ਮਨ ਰਤਾ ਭਰ ਵੀ ਆਤਮਕ ਆਨੰਦ ਵਿਚ ਨਿਵਾਸ ਦੇਣ ਵਾਲੇ ਨਾਮ ਵਿਚ ਵੱਸਦਾ ਹੈ (ਉਹ ਮਨੁੱਖ ਅਸਲ ਬੈਰਾਗੀ ਹੈ, ਤੇ ਉਹ ਬੈਰਾਗੀ) ਆਤਮਕ ਆਨੰਦ ਮਾਣਦਾ ਹੈ । ਹੇ ਪ੍ਰਭੂ ! ਤੂੰ ਆਪ (ਉਸ ਬੈਰਾਗੀ ਨੂੰ ਜੀਵਨ ਦੇ ਠੀਕ ਰਾਹ ਰਸਤੇ ਦੀ) ਸਮਝ ਦਿੱਤੀ ਹੈ, (ਜਿਸ ਦੀ ਬਰਕਤਿ ਨਾਲ ਉਸ ਦੀ ਤ੍ਰਿਸ਼ਨਾ-) ਅੱਗ ਬੁਝ ਗਈ ਹੈ, ਤੇ ਉਸ ਦੀ ਜੀਭ ਉਸ ਦੀਆਂ ਅੱਖਾਂ (ਆਦਿਕ) ਇੰਦ੍ਰੇ ਸਦਾ-ਥਿਰ (ਹਰਿ-ਨਾਮ) ਵਿਚ ਰੰਗੇ ਰਹਿੰਦੇ ਹਨ । ਉਹ ਬੈਰਾਗੀ ਦੁਨੀਆ ਦੀਆਂ ਆਸਾਂ ਤੋਂ ਨਿਰਮੋਹ ਹੋ ਕੇ ਜੀਵਨ ਬਤੀਤ ਕਰਦਾ ਹੈ, ਉਹ (ਦੁਨੀਆ ਵਾਲੇ ਘਰ-ਘਾਟ ਦੀ ਅਪਣਤ ਛੱਡ ਕੇ) ਉਸ ਘਰ ਵਿਚ ਸੁਰਤਿ ਜੋੜੀ

ਰੱਖਦਾ ਹੈ ਜੋ ਸਚ ਮੁਚ ਉਸ ਦਾ ਆਪਣਾ ਹੀ ਰਹੇਗਾ । ਅਜੇਹੇ ਬੈਰਾਗੀ (ਗੁਰੂ-ਦਰ ਤੋਂ ਮਿਲੀ) ਨਾਮ-ਭਿਛਿਆ ਨਾਲ ਰੱਜੇ ਰਹਿੰਦੇ ਹਨ, ਸੰਤੋਖੀ ਰਹਿੰਦੇ ਹਨ, (ਕਿਉਂਕਿ ਉਨ੍ਹਾਂ ਨੂੰ ਗੁਰੂ ਨੇ) ਅਡੋਲ ਆਤਮਕ ਅਵਸਥਾ ਵਿਚ ਟਿਕਾ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪਿਲਾ ਦਿੱਤਾ ਹੈ **। ੩ ।** ਜਦ ਤੱਕ ਮਨ ਵਿਚ ਰਤਾ ਭਰ ਵੀ ਕੋਈ ਹੋਰ ਝਾਕ ਹੈ, ਕਿਸੇ ਹੋਰ ਆਸਰੇ ਦੀ ਭਾਲ ਹੈ, ਤਦ ਤਕ ਬਿਰਹੋਂ-ਅਵਸਥਾ ਪੈਦਾ ਨਹੀਂ ਹੋ ਸਕਦੀ (ਪਰ ਹੇ ਪ੍ਰਭੂ ! ਇਹ ਬਿਰਹੋਂ ਦੀ) ਦਾਤ ਦੇਣ ਵਾਲਾ ਤੂੰ ਇੱਕ ਆਪ ਹੀ ਹੈਂ, ਤੈਥੋਂ ਬਿਨਾ ਕੋਈ ਹੋਰ (ਇਹ ਦਾਤ) ਦੇਣ ਵਾਲਾ ਨਹੀਂ ਹੈ, ਤੇ ਇਹ ਸਾਰਾ ਜਗਤ ਤੇਰਾ ਆਪਣਾ ਹੀ (ਰਚਿਆ ਹੋਇਆ) ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਸਦਾ ਦੁੱਖ ਵਿਚ ਟਿਕੇ ਰਹਿੰਦੇ ਹਨ, ਜਿਹੜੇ ਬੰਦੇ ਗੁਰੂ ਦੀ ਸ਼ਰਨ ਪੈਂਦੇ ਹਨ, ਉਨ੍ਹਾਂ ਨੂੰ ਪ੍ਰਭੂ (ਨਾਮ ਦੀ ਦਾਤ ਦੇ ਕੇ) ਆਦਰ ਮਾਣ ਬਖ਼ਸ਼ਦਾ ਹੈ । ਉਸ ਬੇਅੰਤ ਅਪਹੁੰਚ ਤੇ ਅਗੋਚਰ ਪ੍ਰਭੂ ਦੀ ਕੀਮਤ ਜੀਵਾਂ ਦੇ ਬਿਆਨ ਕਰਨ ਨਾਲ ਨਹੀਂ ਦੱਸੀ ਜਾ ਸਕਦੀ (ਉਸ ਦੇ ਬਰਾਬਰ ਦਾ ਹੋਰ ਕੋਈ ਦੱਸਿਆ ਨਹੀਂ ਜਾ ਸਕਦਾ । ੪ ।

੧੯੨- **ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥**
**ਵਾਜੈ ਅਨਹਦੁ ਮੇਰਾ ਮਨ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥ ੧ ॥**[੯੦੩]-੩

੧੯੩- **ਮਨ ਬੈਰਾਗੈ ਗੀ ॥ ਖੋਜਤੀ ਦਰਸਾਰ ॥ ੧ ॥ ਰਹਾਉ ॥ ਸਾਧੂ ਸੰਤਨ ਸੇਵਿ**
**ਕੈ ਪ੍ਰਿਉ ਹੀਅਰੈ ਧਿਆਇਓ ॥ ਅਨੰਦ ਰੂਪੀ ਪੇਖਿ ਹਉ ਮਹਲੁ ਪਾਵਉਗੀ ॥ ੧ ॥**[੧੨੩੦]-੭-੧੩੬

੧੯੪- **ਮਨਿ ਬਿਰਾਗੈਗੀ ॥ ਖੋਜਤੀ ਦਰਸਾਰ ॥ ੧ ॥ ਰਹਾਉ ॥** [੧੨੩੦]-੭-੧੩੬

## ੩੬

## ਮਨ ਰਤਨ, ਜਵਾਹਰ, ਮਾਣਕ

ਪ੍ਰਭੂ ਦੇ ਨਾਮ ਦੀ ਬਰਕਤਿ ਨਾਲ ਇਹ ਮਨ ਅਨਮੋਲ ਬਣ ਜਾਂਦਾ ਹੈ:--

੧੯੩- **ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹ ਜਾਨਾ ਰੇ ॥**
**ਸਿਰਮਰਤ ਨਾਮੁ ਨਿਧਾਨੁ ਨਿਰਮੋਲਕੁ ਮਨ ਮਾਣਕ ਪਤੀਆਨਾ ਰੇ ॥ ੩ ॥** [੪੦੩]-੧-੧੩੦

੧੯੪- **ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ ਮਿਲਿ ਸਤ ਸੰਗਤਿ ਹਰਿ ਪਾਈਐ ਗੁਰਮੁਖਿ**
**ਹਰਿ ਲਿਵ ਲਾਇ ॥ ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥ ੨ ॥**[੨੨]-੪-੨੨

**ਅਰਥ:**-- ਪਰਮਾਤਮਾ ਦੇ ਨਾਮ ਵਿਚ ਜੁੜ ਕੇ ਇਹ ਮਨ ਵਡ-ਮੁੱਲਾ ਮੋਤੀ ਬਣ ਜਾਂਦਾ ਹੈ ਅਤੇ ਹਰ ਥਾਂ ਇੱਜ਼ਤ ਪਾਉਂਦਾ ਹੈ । ਪਰ ਪਰਮਾਤਮਾ ਦਾ ਨਾਮ ਸਾਧ(-ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਮਿਲ ਕੇ ਹੀ ਪ੍ਰਾਪਤ ਹੁੰਦਾ ਹੈ, ਗੁਰੂ ਦੀ ਸਰਨ ਪਿਆਂ ਹੀ (ਭਾਵ, ਆਪਾ ਭਾਵ ਮਿਟਾ ਕੇ ਗੁਰੂ ਦੇ ਹੁਕਮ ਵਿਚ ਚਲਿਆਂ ਹੀ) ਪਰਮਾਤਮਾ ਦੇ ਚਰਨਾਂ ਵਿਚ ਸੁਰਤਿ ਜੁੜਦੀ ਹੈ, ਆਤਮਕ ਆਨੰਦ ਮਿਲਦਾ ਹੈ, (ਪਰਮਾਤਮਾ ਨਾਲ ਮਨੁੱਖ ਇਉਂ ਇੱਕ-ਮਿੱਕ ਹੋ ਜਾਂਦਾ ਹੈ) ਜਿਵੇਂ ਪਾਣੀ ਨਾਲ ਪਾਣੀ ਮਿਲ ਕੇ (-ਸਲਲੈ ਸਲਲ ਸਮਾਇ) ਇਕ-ਰੂਪ ਹੋ ਜਾਂਦਾ ਹੈ ।

੧੯੫- **ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ**
**ਮੋਲੁ ਅਫਾਰਾ ॥ ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥ ੫ ॥**[੭੫੪]-ਅਸਟ-੨

**ਅਰਥ:**--ਇਸ ਮਨੁੱਖਾ ਸਰੀਰ ਵਿਚ ਨਾਮ-ਰਤਨ ਦੀ ਪਰਖ ਕਰਨ ਵਾਲਾ ਪ੍ਰਭੂ ਆਪ ਹੀ ਵੱਸਦਾ ਹੈ, ਉਹ ਆਪ ਪਰਖ ਕਰ ਕੇ ਨਾਮ-ਰਤਨ ਦੀ ਪਰਖ ਦੀ ਜਾਚ ਸਿਖਾਉਂਦਾ ਹੈ (ਜਿਸ ਮਨੁੱਖ ਨੂੰ ਜਾਚ ਸਿਖਾ ਦਿੰਦਾ ਹੈ, ਉਸ ਦਾ ) ਇਹ ਮਨ ਮਾਨੋਂ ਰਤਨ ਜਵਾਹਰ ਮੋਤੀ (ਵਰਗਾ ਕੀਮਤੀ ਬਣ ਜਾਂਦਾ ਹੈ । ਇਤਨਾ ਕੀਮਤੀ ਬਣ ਜਾਂਦਾ ਹੈ ਕਿ) ਉਸ ਦਾ ਮੁੱਲ ਨਹੀਂ ਪੈ ਸਕਦਾ । (ਉਸ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਪਰਮਾਤਮਾ ਦਾ) ਨਾਮ ਕਿਸੇ ਦੁਨਿਆਵੀ ਕੀਮਤ ਨਾਲ ਨਹੀਂ ਮਿਲ ਸਕਦਾ । ਸਤਿਗੁਰੂ ਜੀ ਦੀ ਬਾਣੀ ਦੀ ਵਿਚਾਰ ਦੀ ਬਰਕਤਿ ਨਾਲ ਹੀ ਪ੍ਰਭੂ ਦਾ ਨਾਮ ਮਿਲਦਾ ਹੈ । ੫ ।

੧੯੫- **ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥ ਸਰਬ ਕਲਾ ਲੇ ਆਪੇ ਰਹੈ ॥**
**ਮਨੁ ਮਾਣਕੁ ਰਤਨਾ ਮਹਿ ਗੁਹੈ ॥ ੮ ॥** [੯੭੪]-੧

**ਪਦ ਅਰਥ:**--ਪਲੂ--ਪੱਲਵ, ਪੱਤੀਆਂ, ਪੰਖੜੀਆਂ ।ਅਨਤ--ਅਨੰਤ । ਰਹੈ--ਰਹਿੰਦਾ ਹੈ । ਰਤਨ--ਪ੍ਰਭੂ ਦੇ ਗੁਣ । ਗੁਹੈ--ਲੁਕਿਆ ਰਹਿੰਦਾ ਹੈ, ਜੁੜਿਆ ਰਹਿੰਦਾ ਹੈ । ਸਰਬ ਕਲਾ--ਸਾਰੀਆਂ ਤਾਕਤਾਂ ਵਾਲਾ ਪ੍ਰਭੂ । ੮ ।

**ਅਰਥਾ:**-- ਪ੍ਰਭੂ ਦੀ (ਪ੍ਰਗਟ-) ਜੋਤਿ ਦੁਆਰਾ ਮਨੁੱਖ ਦੇ ਅੰਦਰ ਮਾਨੋ ਚਾਰ ਮੂਹਾਂ ਵਾਲਾ ਦੀਵਾ ਜਗ ਪੈਂਦਾ ਹੈ (ਜਿਸ ਕਰਕੇ ਹਰ ਪਾਸੇ ਚਾਨਣ ਹੀ ਚਾਨਣ ਰਹਿੰਦਾ ਹੈ), ( ਉਸ ਦੇ ਅੰਦਰ, ਮਾਨੋ, ਇੱਕ ਐਸਾ ਫੁੱਲ ਖਿੜ ਪੈਂਦਾ ਹੈ, ਜਿਸ ਦੇ) ਵਿਚਕਾਰ ਪ੍ਰਭੂ-ਰੂਪ ਮਕਰੰਦ ਹੁੰਦਾ ਹੈ ਤੇ ਉਸ ਦੀਆਂ ਬੇਅੰਤ ਪੱਤੀਆਂ ਹੁੰਦੀਆਂ ਹਨ (ਅਨੰਤ ਰਚਨਾ ਵਾਲਾ ਪ੍ਰਭੂ ਉਸ ਦੇ ਅੰਦਰ ਪਰਗਟ ਹੋ ਪੈਂਦਾ ਹੈ) ਉਹ ਮਨੁੱਖ ਸਾਰੀਆਂ ਤਾਕਤਾਂ ਦਾ ਮਾਲਕ ਪ੍ਰਭੂ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ, ਉਸ ਦਾ ਮਨ, ਮੋਤੀ (ਬਣ ਕੇ ਪ੍ਰਭੂ ਦੇ ਗੁਣ ਰੂਪ) ਰਤਨਾਂ ਵਿਚ ਜੁੜਿਆ ਰਹਿੰਦਾ ਹੈ । ੮ ।

੧੯੬- **ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥ ੧ ॥**[੩੫੯]-੧-੩੫

**ਅਰਥ:**--ਜੀਵ ਇਸਤ੍ਰੀ ਆਪਣੇ ਮਨ ਨੂੰ ਸੁੱਚੇ ਮੋਤੀ ਵਰਗਾ ਗਹਣਾ ਬਣਾ ਲਏ (ਮੋਤੀਆਂ ਦੀ ਮਾਲਾ ਬਨਾਉਣ ਲਈ ਧਾਗੇ ਦੀ ਲੋੜ ਪੈਂਦੀ ਹੈ) ਜੋ ਸੁਆਸ ਸੁਆਸ (ਦਾ ਸਿਮਰਨ ਮੋਤੀ ਪ੍ਰੋਣ ਲਈ) ਧਾਗਾ ਬਣਾ ਲਏ, ਜੇ ਦੁਨੀਆ ਦੀ ਵਧੀਕੀ ਨੂੰ ਸਹਾਰ ਲੈਣ ਦੇ ਸੁਭਾਵ ਨੂੰ ਜੀਵ-ਇਸਤ੍ਰੀ ਸ਼ਿੰਗਾਰ ਬਣਾ ਕੇ ਆਪਣੇ ਸਰੀਰ ਉਤੇ ਪਹਿਨ ਲਏ, ਤਾਂ ਪਤੀ ਪ੍ਰਭੂ ਦੀ ਪਿਆਰੀ ਹੋ ਕੇ ਉਸ ਨੂੰ ਮਿਲ ਪੈਂਦੀ ਹੈ । ੧ ।

੧੯੭- **ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ ॥**
**ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ ॥ ੩ ॥**[੧੩੨੫]-੪

**ਅਰਥ**:---ਪਰਮਾਤਮਾ ਦਾ ਨਾਮ-ਹੀਰਾ ਬਹੁਤ ਹੀ ਕੀਮਤੀ ਹੈ ਬਹੁਤ ਹੀ ਸੋਹਣਾ ਹੈ, ਇਸ ਨਾਮ ਹੀਰੇ ਨਾਲ (ਆਪਣੇ ਮਨ-) ਹੀਰੇ ਨੂੰ ਸਦਾ ਪ੍ਰੋਈ ਰੱਖਣਾ ਚਾਹੀਦਾ ਹੈ । ਗੁਰੂ ਦੇ ਸ਼ਬਦ ਦੀ ਰਾਹੀਂ ਇਹ ਮਨ ਸ੍ਰੇਸ਼ਟ ਮੋਤੀ ਬਣ ਸਕਦਾ ਹੈ, ਕਿਉਂਕਿ ਸ਼ਬਦ ਦੀ ਬਰਕਤਿ ਨਾਲ ਨਾਮ ਹੀਰੇ ਦੀ ਕਦਰ-ਕੀਮਤ ਦੀ ਸਮਝ ਪੈ ਜਾਂਦੀ ਹੈ । ੩ ।

੩੭

# ਇਸ ਮਨ ਕਉ ਕੋਈ ਖੋਜਹੁ ਭਾਈ ॥

ਮਨ ਨੂੰ ਪਰਖਣਾ, ਆਪਣੇ ਆਪੇ ਨੂੰ ਪੜ੍ਹਨਾ, ਆਪਣੇ ਅੰਦਰ ਝਾਤੀ ਮਾਰਨੀ, ਆਪਣੇ ਗੁਣ ਆਉਗਣਾ ਦੀ ਵਿਚਾਰ ਕਰਨੀ, ਆਪਣੇ ਜੀਵਨ ਦੇ ਹੰਕਾਰੀ ਪੱਖ ਤੋਂ ਹੋਈਆਂ ਹਾਨੀਆਂ ਦੀ ਵਿਚਾਰ ਕਰਨੀ, ਆਪਣੇ ਵਿਕਾਰਾਂ ਦਾ ਲੇਖਾ-ਜੋਖਾ ਕਰਨਾ, ਆਪਣੇ ਸਤਿਗੁਰੂ ਜੀ ਦੀ ਸਿਖਿਆ ਅਨੁਸਾਰ ਜੀਵਨ ਢਾਲ ਲੈਣ ਦਾ ਯਤਨ--ਇਹ ਸੱਭ ਕੁਝ ਮਨ ਨੂੰ ਖੋਜਣ ਦਾ ਹੀ ਉੱਦਮ ਹੈ । ਮਨ ਨੂੰ ਪੜ੍ਹਨ ਬਾਰੇ ਸਤਿਗੁਰਾਂ ਦੀ ਸਿਖਿਆ ਦੇ ਬਚਨ ਇਸ ਪ੍ਰਕਾਰ ਹਨ---

੧੯੮- **ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥ ੧ ॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥ ੧ ॥ ਰਹਾਉ ॥ ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੋੁਲਾਇਆ ॥ ੨ ॥ ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥ ੩ ॥ ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥ ੪ ॥ ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥ ੫ ॥ ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ੬ ॥**[੧੧੨੮]-੫

**ਅਰਥ**:--ਹੇ ਭਾਈ ! ਆਪਣੇ ਇਸ ਮਨ ਨੂੰ ਖੋਜਦੇ ਰਿਹਾ ਕਰੋ । ਮਨ (ਦੀ ਦੌੜ-ਭੱਜ) ਦੀ ਪੜਤਾਲ ਕਰਦਿਆਂ ਪਰਮਾਤਮਾ ਦਾ ਨਾਮ ਮਿਲ ਜਾਂਦਾ ਹੈ, ਇਹ ਨਾਮ ਹੀ ਮਾਨੋਂ ਧਰਤੀ ਦੇ ਸਾਰੇ ਨੌਂ ਖ਼ਜ਼ਾਨੇ ਹਨ **। ੧ । ਰਹਾਉ ।** ਅਸਲ ਮੋਨ-ਧਾਰੀ ਸਾਧੂ ਉਹ ਹੈ ਜਿਹੜਾ ਆਪਣੇ ਮਨ ਦੀ ਮੇਰ-ਤੇਰ ਮੁਕਾ ਦਿੰਦਾ ਹੈ, ਅਤੇ ਫਿਰ (ਉਸ ਮੇਰ-ਤੇਰ ਦੇ ਥਾਂ) ਪਰਮਾਤਮਾ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ **। ੧ ।** (ਜਗਤ-ਰਚਨਾ ਦੇ) ਮੁੱਢ ਮੋਹ ਨੂੰ ਬਣਾ ਕੇ ਕਰਤਾਰ ਨੇ ਜਗਤ ਪੈਦਾ ਕੀਤਾ । ਜੀਵਾਂ ਨੂੰ ਅਪਣੱਤ ਚੰਬੋੜ ਕੇ (ਮਾਇਆ ਦੀ ਖ਼ਾਤਰ) ਭਟਕਣਾ ਵਿਚ ਪਾ ਕੇ (ਉਸ ਨੇ ਆਪ ਹੀ) ਕੁਰਾਹੇ ਪਾ ਦਿੱਤਾ **। ੨ ।** ਇਸ ਮਨ (ਦੇ ਮੇਰ-ਤੇਰ ਅਪਣੱਤ ਆਦਿਕ ਦੇ ਸੰਸਕਾਰਾਂ) ਤੋਂ ਹੀ ਸਾਰਾ ਜਨਮ ਮਰਨ ਦਾ ਸਿਲਸਲਾ ਬਣਦਾ ਹੈ । ਮਨ ਦੇ ਸੁਚੱਜੇ ਵੀਚਾਰ ਦੀ ਰਾਹੀਂ ਪਰਮਾਤਮਾ ਦੀ ਰਜ਼ਾ ਨੂੰ ਸਮਝ ਕੇ ਜੀਵ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ **। ੩ ।** ਜਦੋਂ ਪਰਮਾਤਮਾ ਦੀ ਮਿਹਰ ਹੁੰਦੀ ਹੈ, (ਜੀਵ ਉੱਤੇ) ਕਿਰਪਾ ਕਰਦਾ ਹੈ, ਜੀਵਾਂ ਦਾ ਇਹ ਮਨ ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦਾ ਹੈ, ਇਸ ਮਨ ਦੀ ਮੇਰ-ਤੇਰ ਮੁੱਕ ਜਾਂਦੀ ਹੈ **। ੪ ।** ਜੀਵ ਦੇ ਮਨ ਦਾ ਅਸਲਾ ਉਹ ਪ੍ਰਭੂ ਹੈ ਜੋ ਮਾਇਆ ਤੋਂ ਸਦਾ ਨਿਰਲੇਪ ਰਹਿੰਦਾ ਹੈ । ਜੋ ਸਭ ਵਿਚ ਵੱਸਦਾ ਹੈ ਜੋ ਵਿਰੱਕਤ ਹੈ ਜੋ ਨਿਰਮੋਹ ਹੈ **। ੫ ।** ਤੀਸਰੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ--ਜਿਹੜਾ ਮਨੁੱਖ ਆਪਣੇ ਇਸ ਅਸਲੇ ਬਾਰੇ ਇਹ ਭੇਤ ਸਮਝ ਲੈਂਦਾ ਹੈ ਉਹ (ਪਰਮਾਤਮਾ ਦੀ ਯਾਦ ਵਿਚ ਜੁੜ ਕੇ ਪਰਮਾਤਮਾ ਦੇ ਨਾਮ ਦੀ ਬਰਕਤਿ ਨਾਲ ਆਪਣੇ ਅੰਦਰੋਂ ਮਮਤਾ ਦੁਬਿਧਾ ਆਦਿਕ ਨੂੰ ਮੁਕਾ ਕੇ) ਉਸ ਪਰਮਾਤਮਾ ਦਾ ਰੂਪ ਬਣ ਜਾਂਦਾ ਹੈ ਸਭ ਦਾ ਮੁਢ ਹੈ ਜੋ ਸਭ ਵਿਚ ਵਿਆਪਕ ਹੈ ਜੋ ਮਾਇਆ ਦੇ ਮੋਹ ਤੋਂ ਨਿਰਲੇਪ ਚਾਨਣ-ਰੂਪ ਹੈ । ੬ ।

੧੯੯- **ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥ ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥ ਆਪੇ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥ ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥**[੧੦੯੩]-ਵਾ-੧੯

**ਅਰਥ**:--ਇਹ ਮਨੁ ਸੁਚਾ ਮੋਤੀ ਹੈ, ਜਿਸ ਨੇ ਗੁਰੂ ਦੀ ਰਾਹੀਂ ਵਿਚਾਰ ਕਰ ਕੇ (ਇਸ ਸੁੱਚੇ ਮੋਤੀ ਨੂੰ) ਪਰਖ ਲਿਆ ਹੈ, ਉਸ ਦਾ ਆਪਾ, ਹਉਮੈ ਤੇ ਮੇਰ-ਤੇਰ- ਨੂੰ ਮਾਰ ਕੇ ' ਆਪੇ ' ਨਾਲ ਮਿਲਿਆ ਰਹਿੰਦਾ ਹੈ । ਪਰ ਇਸ ਕਲਜੁਗੀ ਸੰਸਾਰ ਵਿਚ (ਭਾਵ, ਜਿੱਥੇ ਵਿਕਾਰਾਂ ਦਾ ਪਹਿਰਾ ਹੈ) ਅਜੇਹੇ ਬੰਦੇ ਬੜੇ ਘੱਟ ਵੇਖੀਦੇ ਹਨ । ਹੇ ਨਾਨਕ ! ਜੋ ਮਨੁੱਖ ਨਾਮ ਵਿਚ ਰੰਗੇ ਜਾਂਦੇ ਹਨ, ਉਹ ਇਸ ਡਰਾਉਣੇ ਸੰਸਾਰ-ਸਮੁੰਦਰ ਤੋਂ ਲੰਘ ਜਾਂਦੇ ਹਨ ਜਿਸ ਨੂੰ ਤਰਨਾ ਬੜਾ ਔਖਾ ਹੈ । ੨ ।

੨੦੦- **ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ ॥**
**ਬਾਰੰਬਾਰ ਮਾਇਆ ਤੇ ਅਟਕੈ, ਲੈ ਨਰਜਾ ਮਨੁ ਤੋਲੈ ਦੇਵ ॥ ੧ ॥** [੮੫੭]-੧੨

**ਅਰਥ**:--(ਸਿਮਰਨ ਦੀ ਬਰਤਕਤਿ ਨਾਲ) ਜਦੋਂ ਮਨੁੱਖ ਆਪਣੇ ਅੰਦਰੋਂ ਵਿੰਗੀ-ਟੇਢੀ ਘੁੰਡੀ (ਭਾਵ, ਖੋਟ) ਕੱਢਦਾ ਹੈ, ਤਾਂ ਉਸ ਦੇ ਅੰਦਰ ਇਹ ਮੱਤ ਉਪਜਦੀ ਹੈ ਕਿ ਉਸ ਨੂੰ ਹਰ ਥਾਂ ਪ੍ਰਭੂ ਹੀ ਦਿੱਸਦਾ ਹੈ । ਉਹ ਮਨੁੱਖ ਮੁੜ ਮੁੜ ਆਪਣੇ ਮਨ ਨੂੰ ਮਾਇਆ ਵਲੋਂ ਰੋਕਦਾ ਹੈ, ਤੇ ਤੱਕੜੀ ਲੈ ਕੇ ਤੋਲਦਾ ਰਹਿੰਦਾ ਹੈ (ਭਾਵ, ਮਨ ਦੇ ਔਗਣਾ ਨੂੰ ਪੜਤਾਲਦਾ ਰਹਿੰਦਾ ਹੈ । ੧ ।

੨੦੧- **ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥**
**ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥ ੨ ॥**[੧੧੦]-੨

**ਅਰਥ**:--ਜਦੋਂ ਮਨੁੱਖ ਆਪਣੇ ਮਨੁ ਨੂੰ ਅਤੇ ਤਨ ਨੂੰ ਖੋਜਦਾ ਰਹੇ (ਭਾਵ, ਜੇ ਮਨੁੱਖ ਇਹ ਧਿਆਨ ਰੱਖੇ ਕਿ ਕਿਤੇ ਮਨ ਤੇ ਗਿਆਨ-ਇੰਦ੍ਰੇ ਵਿਕਾਰਾਂ ਵਲ ਤਾਂ ਨਹੀਂ ਪਰਤ ਰਹੇ), ਤਦੋਂ ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲੈਂਦਾ ਹੈ, (ਤੇ ਇਸ ਤਰ੍ਹਾਂ ਵਿਕਾਰਾਂ ਵਾਲੇ ਪਾਸੇ) ਦੌੜਦੇ ਮਨ ਨੂੰ ਕਾਬੂ ਕਰ ਲੈਂਦਾ ਹੈ, ਤੇ ਮਨ ਨੂੰ ਰੋਕ ਕੇ (ਪ੍ਰਭੂ-ਚਰਨਾਂ ਵਿਚ) ਜੋੜੀ ਰੱਖਦਾ ਹੈ । ਉਹ ਮਨੁੱਖ ਹਰ ਵੇਲੇ ਗੁਰੂ ਦੀ ਬਾਣੀ (-ਗਿਆਨ) ਦੀ ਬਰਕਤਿ ਨਾਲ ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੀ ਭਗਤੀ ਕਰਦਾ ਰਹਿੰਦਾ ਹੈ । ੨ ।

੨੦੨- **ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤਾ ਸੋਝੀ ਹੋਈ ॥**
**ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ ॥ ੧੦ ॥**[੧੦੨੬]-੧-੭

**ਅਰਥ**:--ਜਿਹੜਾ ਕੋਈ ਮਨੁੱਖ ਆਪਣੇ ਆਤਮਕ ਜੀਵਨ ਦੀ ਪੜਤਾਲ ਕਰਦਾ ਰਹਿੰਦਾ ਹੈ ਉਹ ਪਛਤਾਉਂਦਾ ਨਹੀਂ ਹੈ । ਪਰ ਇਹ ਸੋਝੀ ਗੁਰੂ ਤੋਂ ਹੀ ਆਉਂਦੀ ਹੈ । ਕਰੜੇ ਕਿਵਾੜਾਂ ਵਾਲੀ ਮਾਇਆ-ਮੋਹ ਕੈਦ ਵਿਚ ਫਸਿਆ ਮਨੁੱਖ, ਗੁਰੂ ਦੀ ਸਿਖਿਆ ਤੇ ਤੁਰਨ ਤੋਂ ਬਿਨਾਂ ਇਸ ਵਿਚੋਂ ਬਾਹਰ ਨਹੀਂ ਨਿਕਲ ਸਕਦਾ ।

ਇਸ ਮਨ ਨੂੰ ਆਪੇ ਦਾ ਦਰਸ਼ਨ ਕਰਾਉਣ ਵਾਲੀ ' ਆਰਸੀਂ ਵੀ ਕਿਹਾ ਹੈ--

੨੦੩- **ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨਾ ਲਾਗੈ ਜਾ ਹਉਮੈ ਸੋਖੈ ॥**
**ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥ ੪ ॥** [੧੧੫]-੯-੧੦

੩੮

# ਮਨ ਮੰਦਰੁ, ਮਨ ਸੰਪਟ

੨੦੪- **ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥**
**ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸ ਘਰ ਕੀ ਕੀਮਤਿ ਪਰੀ ॥ ੭ ॥**[੨੩੫]-੧

**ਅਰਥ**:--ਜਦੋਂ (ਕਿਸੇ ਮਨੁੱਖ ਨੂੰ) ਗੁਰੂ ਮਿਹਰ ਕਰ ਕੇ ਮਿਲ ਪੈਂਦਾ ਹੈ, ਉਸ ਦੇ ਮਨ ਮੰਦਰ ਵਿਚ ਗਿਆਨ-ਰੂਪ ਦੀਵਾ ਜਗ ਪੈਂਦਾ ਹੈ, (ਜਿਵੇਂ ਹਨੇਰੇ ਘਰ ਵਿਚ ਦੀਵਾ ਜਗ ਪੈਣ ਨਾਲ ਘਰ ਦੀ ਹਰੇਕ ਚੀਜ਼ ਦਿੱਸ ਪੈਂਦੀ ਹੈ, ਏਵੇ ਹੀ ਅਗਿਆਨਤਾ ਦੇ ਹਨੇਰੇ ਵਿਚ ਭਟਕਦੇ ਮਨ-ਮੰਦਰ ਵਿਚ ਗਿਆਨ ਦਾ ਚਾਨਣ ਹੋ ਜਾਂਦਾ ਹੈ) ਤਦੋਂ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਮਨੁੱਖਾ ਜੀਵਨ ਵਿਚ ਅਸਲ ਜਿੱਤ ਕੀ ਹੈ ਤੇ ਹਾਰ ਕੀ ਹੈ, ਤਦੋਂ ਇਸ ਨੂੰ ਆਪਣੇ ਸਰੀਰ-ਘਰ ਦੀ ਕਦਰ ਮਲੂਮ ਹੋ ਜਾਂਦੀ ਹੈ (ਤੇ ਇਸ ਨੂੰ ਵਿਕਾਰਾਂ ਵਿਚ ਨਹੀਂ ਰੋਲਦਾ)।

੨੦੫- **ਮਨੁ ਮੰਦਰੁ ਤਨੁ ਸਾਜੀ ਬਾਰਿ ਇਸ ਹੀ ਮਧੇ ਬਸਤੁ ਅਪਾਰ ॥ ਇਸ ਹੀ**
**ਭੀਤਰਿ ਸੁਨੀਅਤ ਸਾਹੁ ॥ ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥ ੧ ॥**[੧੯੦-੯੧]-੧੬-੮੫

੨੦੬- **ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥**
**ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ ੧ ॥**[੭੯੫]-੨

੨੦੭- **ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥**
**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥ ੪ ॥**[੩੫੯]-੧-੩੫

## ਮਨ ਸੰਪਟ

੨੦੮- **ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥**
**ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥ ੩ ॥**[੭੨੮]-੧

**ਅਰਥ**:--(ਜਿਵੇਂ ਪੁਜਾਰੀ ਮੂਰਤੀ ਨੂੰ ਸੰਪਟ (-ਡੱਬੇ) ਵਿਚ ਪਾਉਂਦਾ ਹੈ, ਜੇ ਮਨੁੱਖ ਵੀ) ਆਪਣੇ ਮਨ ਨੂੰ (ਠਾਕੁਰ-ਮੂਰਤੀ ਪਾਉਣ ਵਾਲਾ) ਡੱਬਾ ਬਣਾਏ (ਉਸ ਵਿਚ ਪਰਮਾਤਮਾ ਦਾ ਨਾਮ ਟਿਕਾ ਕੇ ਰੱਖੇ) ਉਸ ਨਾਮ ਦੀ ਰਾਹੀਂ ਸਾਧ ਸੰਗਤਿ ਸਰੋਵਰ ਵਿਚ ਇਸ਼ਨਾਨ ਕਰੇ, (ਮਨ ਵਿਚ ਟਿਕੇ ਹੋਏ ਪ੍ਰਭੂ-ਠਾਕੁਰ ਨੂੰ) ਸ਼ਰਧਾ ਦੇ ਪੱਤਰਾਂ ਨਾਲ ਪ੍ਰਸੰਨ ਕਰੇ, ਜੇ ਜੀਵ ਸੇਵਕ ਬਣ ਕੇ ਆਪਾ-ਭਾਵ ਛੱਡ ਕੇ (ਅੰਦਰ-ਵੱਸਦੇ ਠਾਕੁਰ=ਪ੍ਰਭੂ ਦੀ) ਸੇਵਾ-ਸਿਮਰਨ ਕਰੇ, ਤਾਂ ਇਨ੍ਹਾਂ ਤਰੀਕਿਆਂ ਨਾਲ ਉਹ ਜੀਵ ਮਾਲਕ-ਪ੍ਰਭੂ ਨੂੰ ਸਦਾ ਮਿਲਿਆ ਰਹਿੰਦਾ ਹੈ।

੩੯

# ਮਨ ਅਰਪਨ ਕਰਨਾ

ਸਤਿਗੁਰੂ ਨੂੰ ਮਨ ਦਿੱਤੇ ਬਿਨਾ ਪ੍ਰਭੂ ਮਿਲਾਪ ਦੀ ਅਥਵਾ ਸਹੀ ਜੀਵਨ-ਜੁਗਤ ਦੀ ਸੋਝੀ ਕਦੇ ਨਹੀਂ ਆ ਸਕਦੀ । ਸਤਿਗੁਰਾਂ ਦੀ ਹਜ਼ੂਰੀ ਦਾ ਅਰਥ ਮਨ ਦੀ ਹਾਜ਼ਰੀ ਨਾਲ ਜੁੜਿਆ ਹੋਇਆ ਹੈ--**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥ ੨ ॥** [੮੪] ਲੋ ਵਿਖਾਵੇ ਵਾਲੇ ਕਈ ਅਦੰਬਰ ਰਚ ਕੇ, ਭਾਵੇਂ ਜਿੰਨੀ ਮਰਜ਼ੀ ਹੈ ਨਿਮਰਤਾ ਦੀ ਪ੍ਰਦਰਸ਼ਨੀ ਕਰਦਿਆਂ ਜਿੰਨੇ ਮਰਜ਼ੀ ਹੈ ਮਾਇਆ ਦੇ ਢੇਰਾਂ ਦੇ ਢੇਰ ਦਾਨ ਕੀਤੇ ਜਾਣ, ਮਨ ਵਿਚ ਸ਼ਾਂਤੀ ਆਉਣ ਦੇ ਥਾਂ ਮਨ ਦੀ ਭਟਕਣਾ ਹੋਰ ਵਧਦੀ ਹੈ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ, ਪਾਰ ਉਤਾਰਾ ਹੋਣ ਦੇ ਥਾਂ ਅਜੇਹੇ ਧਰਮ-ਕਰਮੀ ਸਗੋਂ ਸੰਸਾਰ ਸਮੁੰਦਰ ਵਿਚ ਡੁੱਬ ਕੇ, ਆਤਮਕ ਮੌਤ ਮਰਦੇ ਹਨ--**ਜੇਤੇ ਜਤਨ ਕਰਤ ਤੇ ਡੂਬੇ, ਭਵ ਸਾਗਰੁ ਨਹੀ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ, ਅਹੰਬੁਧਿ ਮਨ ਜਾਰਿਓ ਰੇ ॥ ੧ ॥**[੩੩੫] ਮਾਇਆ ਦਾਨ ਕਰਨ ਵਾਲੇ ਹਰ ਦਾਨੀ ਦੇ ਮਨ ਵਿਚ (ਭਾਵੇਂ ਸੂਖ਼ਸ਼ਮ ਰੂਪ ਵਿਚ ਹੀ ਹੋਵੇ ਪਰ) " ਮੈਂ " ਅਤੇ " ਮੇਰੀ " ਜ਼ਰੂਰ ਉਪਜ ਰਹੀ ਹੁੰਦੀ ਹੈ । " ਮੈਂ ਆਪਣੀ ਕਮਾਈ ਵਿਚੋਂ ਏਨਾ ਗੁਪਤ ਦਾਨ ਕੀਤਾ ਹੈ " । ਏਹੀ ਹੈ ਘਾਤਕ ਅਨੁਭਵ, ਜੋ ਹੰਕਾਰ ਦਾ ਮੂਲ ਬਣਦਾ ਹੈ ਅਤੇ--ਫਿਰ **" ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** ਜਿਥੇ ਹੰਕਾਰ ਹੈ ਉਥੇ ਪ੍ਰਭੂ ਦਾ ਨਾਮ ਨਹੀਂ ਵੱਸ ਸਕਦਾ । ਸਾਡੇ ਸਾਰੇ ਧਰਮ-ਕਰਮ ਕਿਸੇ ਨਾ ਕਿਸੇ ਰੂਪ ਵਿਚ ਲੋਕ ਲਾਜ ਨਾਲ ਬੱਝੇ ਹੁੰਦੇ ਹਨ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ, ਲੋਕ-ਲਾਜ ਦੀ ਖ਼ਾਤਰ ਕੀਤਾ ਹਰਿ-ਧਰਮ ਕਰਮ, ਲੋਕ ਵਿਖਾਵਾ (ਕਰਨ ਦੀ ਚਾਹ) ਹਉਮੈ ਦਾ ਹੀ ਰੂਪ ਹੈ । ਕਿਸੇ ਮਾਇਕ=ਕਾਮਨਾ ਦਾ ਹੋਣਾ ਸੇਵਾ ਨੂੰ ਨਿਸਫ਼ਲ ਬਣਾ ਦਿੰਦਾ ਹੈ । ਇਸ ਲਈ ਲੋਕ ਲਾਜ ਦੇ ਖ਼ਿਆਲ ਤੋਂ ਰਹਿਤ, ਨਿਸ਼ਕਾਮ, ਨਿਸ਼ਕਪਟ ਹੋ ਕੇ ਆਪਾ ਵਾਰ ਦੇਣਾ, ਦਰਗਾਹੇ ਪੁੱਜਣ ਦਾ ਸਾਧਨ ਹੈ --**ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ ੧ ॥ ਰਹਾਉ ॥**[੭੩੭] ਧਨ ਦੌਲਤ, ਸੋਨਾ ਭਾਵੇਂ ਆਪਣੇ ਸਰੀਰ ਦੇ ਭਾਰ ਬਰਾਬਰ ਤੋਲ ਕੇ ਦਾਨ ਕੀਤਾ ਜਾਵੇ, ਸਭ ਨਿਸਫ਼ਲ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਸੋਨੇ ਦੇ ਵੱਟੇ ਪ੍ਰਭੂ ਦੇ ਦਰਸ਼ਨ ਹੋਣੇ ਅਸੰਭਵ ਹਨ, ਪਰ (ਮਾਇਆ ਦੀ ਉਪਜ, ਹਉਮੈ ਆਦਿਕ ਵਿਕਾਰਾਂ ਤੋਂ ਪਾਕ-ਸਾਫ਼) **ਪਵਿੱਤਰ ਮਨ** ਦੇ ਵੱਟੇ ਤਾਂ ਰੱਬ ਨੂੰ **ਮੁੱਲ ਹੀ ਲੈ** ਸਕੀਦਾ ਹੈ--**ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥**[੩੨੭]-੧-੧੯ ਆਉ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋ ਕੇ ਪਤਾ ਕਰੀਏ ਕਿ ਪਰਮਾਤਮਾ ਨੂੰ ਕਿਵੇਂ ਮਿਲਿਆ ਜਾਵੇ ? **" ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥"** ਪ੍ਰਭੂ ਦੇ ਮਿਲਾਪ ਦੀ ਸੱਧਰ, ਸਿੱਕ ਅਤੇ ਵਿਛੋੜੇ ਦੀ ਪੀੜ ਨਾਲ ਲੁੱਛਦੇ ਮਨ ਵਾਲੇ ਜੀਵ ਦੀ ਜੋਦੜੀ :--

੨੦੯- **ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥ ਮਨੁ ਅਰਪਉ ਧਨੁ ਰਾਖਉ ਆਗੈ, ਮਨ ਕੀ ਮਤਿ ਮੋਹਿ ਸਗਲ ਤਿਆਗੀ ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥ ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ ੨ ॥**[੨੦੪]-੨-੧੧੯

੨੧੦- **ਸਤਿਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥ ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥ ਸਦ ਬਲਿਹਾਰੀ ਗੁਰ ਆਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ ॥ ੭ ॥**[੬੮]-੫-੨੨

੨੧੧- **ਰਾਮਾ ਰਮ ਰਾਮੈ ਪੂਜ ਕਰੀਜੈ ॥ ਮਨੁ ਤਨੁ ਅਰਪਿ ਧਰਉ**
**ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥ ੧ ॥ ਰਹਾਉ ॥**[੧੩੨੫]-੪

੨੧੨- **ਮਨੁ ਤਨੁ ਅਰਪਿ ਧਰੀ ਹਰਿ ਆਗੈ ॥ ਜਨਮ ਜਨਮ ਕਾ ਸੋਇਆ ਜਾਗੈ ॥**
**ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ ॥ ੭ ॥**[੧੦੮੦]-੨-੯

**ਅਰਥ:**--ਜਿਸ ਮਨੁੱਖ ਨੇ ਆਪਣਾ ਮਨ ਆਪਣਾ ਤਨ (ਭਾਵ, ਆਪਣੇ ਤਨ ਦਾ ਹੰਕਾਰ ਤਿਆਗ ਕੇ ਗਿਆਨ ਇੰਦ੍ਰੀਆਂ ਦੀ ਸਾਰੀ ਦੌੜ ਭੱਜ ਮੁਕਾ ਕੇ ਸਭ ਕੁਝ ਪ੍ਰਭੂ) ਚਰਨਾ ਵਿਚ ਭੇਟਾ ਕਰ ਦਿੱਤਾ, ਉਹ ਮਨੁੱਖ ਅਨੇਕਾਂ ਜਨਮਾਂ ਦਾ ਸੁੱਤਾ ਹੋਇਆ ਵੀ ਜਾਗ ਪੈਂਦਾ ਹੈ (ਭਾਵ, ਅਜੇਹਾ ਮਨੁੱਖ ਆਤਮਕ ਜੀਵਨ ਦੀ ਸੂਝ ਵਾਲਾ ਹੋ ਜਾਂਦਾ ਹੈ) । ਜਿਸ ਪਰਮਾਤਮਾ ਨੇ ਉਸ ਨੂੰ ਪੈਦਾ ਕੀਤਾ ਸੀ, ਉਹੀ ਉਸ ਦਾ ਰਾਖਾ ਬਣ ਜਾਂਦਾ ਹੈ, ਉਹ ਮਨੁੱਖ ਆਤਮਕ ਮੌਤ ਲਿਆਉਣ ਵਾਲੀ ਹਉਮੈ ਸਦਾ ਲਈ ਤਿਆਗ ਦਿੰਦਾ ਹੈ । ੭ ।

੨੧੩-- **ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥**
**ਮਨ ਦੇ ਲੀਆ ਰਹਸਿ ਗੁਣ ਗਾਈ ॥ ੨ ॥**[੨੨੧]

ਹਾਜ਼ਰਾ ਹਜ਼ੂਰ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਜੇ ਆਪਣੀ ਅੱਡਰੀ ਹੋਂਦ ਦਾ ਅਨੁਭਵ ਮਿਟਾ ਕੇ, ਆਪਣੇ ਮਨ ਦੇ, ਆਪਣੇ ਜੀਅ ਦੇ, ਅਥਵਾ ਆਪਣੀ ਜਿੰਦ ਦੇ ਵੱਟੇ, ਪ੍ਰਭੂ-ਪ੍ਰੀਤ ਦਾ ਮਹਿੰਗਾ ਵੱਖਰ ਖ਼ਰੀਦਿਆ ਹੋਵੇ, ਤਾਂ ਸਦਾ ਏਹੀ ਤੌਖਲਾ ਬਣਿਆਂ ਰਹਿੰਣਾ ਚਾਹੀਦਾ ਹੈ ਕਿ " ਹਾਏ ਏਡੇ ਮਹਿੰਗੇ ਮੁੱਲ ਦੇ ਵੱਟੇ ਲਈ ਗੋਬਿੰਦ-ਪ੍ਰਭੂ ਦੀ ਪ੍ਰੀਤ ਕਿਤੇ ਘਟ ਨਾ ਜਾਵੇ:--

੨੧੩- **ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**
**ਮੈ ਤਉ ਮੋਲਿ ਮਹਗੀ ਲਈ <u>ਜੀਅ</u> ਸਟੈ ॥ ੧ ॥ ਰਹਾਉ ॥**[੬੯੪]-੨

੪੦

# ਮਨ ਤੂੰ ਜੋਤਿ ਸਰੂਪ ਹੈ ..॥

੨੧੪- **ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ੫ ॥**[੪੪੧]-੨-੭-੫

**ਅਰਥ**:---ਹੇ ਮੇਰੇ ਮਨ ! ਤੂੰ ਉਸ ਪਰਮਾਤਮਾ ਦੀ ਅੰਸ ਹੈਂ ਜੋ ਨਿਰਾ ਨੂਰ ਹੀ ਨੂਰ ਹੈ (ਹੇ ਮਨ !) ਆਪਣੇ ਉਸ ਅਸਲੇ ਨਾਲ ਸਾਂਝ ਬਣਾ । ਹੇ ਮਨ ! ਉਹ ਪਰਮਾਤਮਾ ਸਦਾ ਤੇਰੇ ਅੰਗ-ਸੰਗ ਵੱਸਦਾ ਹੈ, ਗੁਰੂ ਦੀ ਮਤਿ ਲੈ ਕੇ ਉਸ ਦੇ ਮਿਲਾਪ ਦਾ ਸੁਆਦ ਲੈ । ਹੇ ਮਨ ! ਜੇ ਤੂੰ ਆਪਣਾ ਅਸਲਾ ਸਮਝ ਲਏਂ ਤਾਂ ਉਸ ਖਸਮ-ਪ੍ਰਭੂ ਨਾਲ ਤੇਰੀ ਡੂੰਘੀ ਜਾਣ-ਪਛਾਣ ਬਣ ਜਾਏਗੀ, ਤਦੋਂ ਤੈਨੂੰ ਇਹ ਸਮਝ ਵੀ ਆ ਜਾਇਗੀ ਕਿ ਆਤਮਕ ਮੌਤ ਕੀ ਚੀਜ਼ ਹੈ ਤੇ ਆਤਮਕ ਜਿੰਦਗੀ ਕੀ ਹੈ । ਹੇ ਮਨ ! ਜੇ ਗੁਰੂ ਦੀ ਕਿਰਪਾ ਨਾਲ ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਏਂ ਤਾਂ ਤੇਰੇ ਅੰਦਰ (ਪਰਮਾਤਮਾ ਤੋਂ ਬਿਨਾ) ਕੋਈ ਹੋਰ ਮੋਹ ਪ੍ਰਬਲ ਨਹੀਂ ਹੋ ਸਕੇਗਾ । ਜਦੋਂ ਮਨੁੱਖ ਦੇ ਮਨ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ, ਜਦੋਂ ਇਸ ਦੇ ਅੰਦਰ ਚੜ੍ਹਦੀ ਕਲਾ ਪ੍ਰਬਲ ਹੋ ਜਾਂਦੀ ਹੈ ਤਦੋਂ ਇਹ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ । ਗੁਰਦੇਵ ਜੀ ਇਉਂ ਫ਼ੁਰਮਾਨ ਕਰਦੇ ਹਨ--ਹੇ ਮੇਰੇ ਮਨ ! ਤੂੰ ਉਸ ਪਰਮਾਤਮਾ ਦੀ ਅੰਸ ਹੈਂ ਜੋ ਨਿਰਾ ਚਾਨਣ ਹੀ ਚਾਨਣ ਹੈ (ਹੇ ਮਨ !) ਆਪਣੇ ਉਸ ਅਸਲੇ ਨਾਲ ਸਾਂਝ ਬਣਾ । ੫ ।

ਵਿਦਵਾਨਾ ਦਾ ਕਥਨ ਹੈ ਕਿੰ ਮਨ ' ਮਨੁੱਖ ਦੇ ਕੀਤੇ ਕਰਮਾਂ ਤੋਂ ਬਣੇ ਸੰਸਕਾਰਾਂ ਦਾ ਅਜੇਹਾ ਇਕੱਠ ਹੈ ਜੋ ਮਨੁੱਖ ਦੀ ਆਦਤ ਦਾ ਰੂਪ ਧਾਰ ਕੇ ਮਨੁੱਖ ਦੇ ਆਚਰਨ ਉਤੇ ਡੂੰਘਾ ਪ੍ਰਭਾਵ ਪਾਉਂਦਾ ਹੈ ਭਾਵ, ਮਨੁੱਖ ਦੇ ਆਪਣੇ ਕੀਤੇ ਕਰਮਾਂ ਤੋਂ ਬਣਾਏ ਸੰਸਕਾਰ ਮਨੁੱਖ ਦੀ ਜਿੰਦਗੀ ਤੇ ਅਸਰ ਪਾਈ ਰੱਖਦੇ ਹਨ । ਨੇਕੀ ਅਤੇ ਬਦੀ ਵੱਲ ਮਨੁੱਖ ਦੀ ਪ੍ਰੇਰਨਾ ਮਨੁੱਖ ਦੇ ਬਣਾਏ ਉਨ੍ਹਾਂ ਸੰਸਕਾਰਾਂ ਦੇ ਕਾਰਨ ਹੀ ਹੁੰਦੀ ਹੈ । ਨਿਰਸੰਦੇਹ ਮਨ ਦਾ ਇਹ ਪੱਖ ਬੜਾ ਮਹਤਵ ਪੂਰਨ ਹੈ । ਪਰ ਸਾਨੂੰ ਇਹ ਵੀ ਨਹੀਂ ਭੁੱਲ ਜਾਣਾ ਚਾਹੀਦਾ ਕਿ ਸਾਡਾ ਇਹ **ਮਨ** ਜੋਤਿ ਸਰੂਪ ਵੀ ਹੈ । ਇਹੀ ਮਨ " ਪਰਮ-ਆਤਮਾ " ਪ੍ਰਭੂ ਦੇ ਅੰਸ, " ਆਤਮਾ " ਦਾ ਦੂਸਰਾ ਸੂਖਸ਼ਮ ਰੂਪ ਹੈ । ਇਸ ਮਨ-ਸ਼ਕਤੀ ਦੀ ਹੋਰ ਵਧੇਰੇ ਅਸਲੀਯਤ ਸਮਝਣ ਵਾਸਤੇ, ਇਕਾਗਰ-ਚਿਤ ਨਾਲ ਹੋਰ ਗੁਰਬਾਣੀ-ਵਿਚਾਰ ਕਰ ਲਈਏ:--

੨੧੫- **ਮਮਾ ਮੂਲ ਗਹਿਆ, ਮਨੁ ਮਾਨੈ ॥ ਮਰਮੀ ਹੋਇ, ਸੁ ਮਨ ਕਉ ਜਾਨੈ ॥ ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥ ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥ ੩੨ ॥ ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੇ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥[੩੪੨]**ਬਾਵਨ ਅਖਰੀ

**ਅਰਥ:**---ਜੇ ਜਗਤ ਦੇ ਮੂਲ-ਪ੍ਰਭੂ ਨੂੰ ਆਪਣੇ ਮਨ ਵਿਚ ਵਸਾ ਲਈਏ, ਤਾਂ ਮਨ ਭਟਕਣੋ ਹਟ ਜਾਂਦਾ ਹੈ । (ਜਿਸ ਤੋਂ ਵਿੱਛੜ ਕੇ ਆਇਆ ਭਟਕ ਰਿਹਾ ਸੀ ਉਸੇ ਨਾਲ ਮਿਲ ਕੇ ਟਿਕ ਜਾਣਾਂ, ਕੁਦਰਤੀ ਨਿਯਮ ਹੈ ) । ਜੋ ਜੀਵ ਇਹ ਭੇਤ ਪਾ ਲੈਂਦਾ ਹੈ (ਕਿ ਪ੍ਰਭੂ-ਚਰਨਾਂ ਵਿਚ ਜੁੜਿਆਂ ਮਨ ਟਿਕ ਜਾਂਦਾ ਹੈ) ਉਹ ਜੀਵ ਮਨ (ਦੀ ਦੌੜ-ਭੱਜ) ਨੂੰ ਸਮਝ ਲੈਂਦਾ ਹੈ (ਕਿ ਪ੍ਰਭੂ ਦੀ ਅੰਸ ਇਹ ' ਮਨ ' ਆਪਣੇ ਮੂਲ ਨੂੰ ਲੱਭਣ ਲਈ ਭਟਕਿਆ ਹੋਇਆ ਹੈ) । ਸੋ ਜੇ ਮਨ (ਪ੍ਰਭੂ ਚਰਨਾਂ ਵਿਚ) ਜੁੜਨ ਲੱਗੇ ਤਾਂ ਮਤਾਂ ਕੋਈ (ਇਸ ਕੰਮ ਵਿਚ) ਢਿੱਲ ਕਰੇ, (ਕਿਉਂਕਿ ਪ੍ਰਭੂ-ਚਰਨਾਂ ਵਿਚ ਜੁੜਨ ਦੀ ਬਰਕਤ ਨਾਲ) ਮਨ (ਪ੍ਰਭੂ ਵਿਚ) ਲੀਨ ਹੋ ਜਾਂਦਾ ਹੈ, ਅਤੇ ਉਹ ਸਦਾ ਥਿਰ ਰਹਿਣ ਵਾਲੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ **। ੩੧ ।** (ਹਰੇਕ ਜੀਵ ਦਾ ਜਗਤ ਵਿਚ ਆਉਣ ਦਾ ਅਸਲ) ਕੰਮ ਮਨ ਨਾਲ ਹੈ (ਉਹ ਕੰਮ ਇਹ ਹੈ ਕਿ ਜੀਵ ਆਪਣੇ ਮਨ ਨੂੰ ਕਾਬੂ ਵਿਚ ਰੱਖੇ) । ਮਨ ਨੂੰ ਵੱਸ ਵਿਚ ਕੀਤਿਆਂ ਹੀ (ਜੀਵ ਨੂੰ ਅਸਲ ਮਨੋਰਥ ਦੀ) ਕਾਮਯਾਬੀ ਹੁੰਦੀ ਹੈ (ਭਾਵ, ਮਨ ਦਾ ਪ੍ਰਭੂ ਵਿਚ ਲੀਨ ਹੋਣਾ ਹੀ ਜਿੰਦਗੀ ਦੀ ਸਫ਼ਲਤਾ ਹੈ) । ਕਬੀਰ ਜੀ ਦਾ ਫ਼ੁਰਮਾਨ ਹੈ--(ਕਿ ਜੀਵ ਦਾ ਅਸਲ ਕੰਮ) ਨਿਰੋਲ ਮਨ ਨਾਲ ਹੀ ਹੈ, ਮਨ ਵਰਗਾ (ਜੀਵ ਨੂੰ) ਹੋਰ ਕੋਈ ਨਹੀਂ ਮਿਲਿਆ (ਜਿਸ ਨਾਲ ਇਸ ਦਾ ਅਸਲ ਵਾਹ ਪੈਂਦਾ ਹੋਵੇ) **। ੩੨ । (**ਮਾਇਆ ਨਾਲ ਮਿਲ ਕੇ)

ਇਹ ਮਨ ਮਾਇਆ (ਦਾ ਰੂਪ) ਹੋ ਜਾਂਦਾ ਹੈ । (ਅਨੰਦ-ਸਰੂਪ ਹਰੀ ਨਾਲ ਮਿਲ ਕੇ) ਇਹ ਮਨ ਅਨੰਦ-ਸਰੂਪ ਹਰੀ ਬਣ ਜਾਂਦਾ ਹੈ । (ਸਰੀਰ ਨਾਲ ਜੁੜ ਕੇ) ਇਹ ਮਨ ਸਰੀਰ-ਰੂਪ ਹੀ ਹੋ ਜਾਂਦਾ ( ਭਾਵ, ਆਪਣੇ ਆਪ ਨੂੰ ਸਰੀਰ ਨਾਲੋਂ ਵੱਖਰਾ ਨਹੀਂ ਸਮਝਦਾ, ਆਪਣੇ ਕਰਤੱਬ ਖਾਣਾ-ਪੀਣਾ ਹੀ ਸਮਝਦਾ ਹੈ) । ਪਰ ਜਦੋਂ ਮਨੁੱਖ ਇਸ ਮਨ ਨੂੰ ਵੱਸ ਵਿਚ ਕਰ ਕੇ ਪੂਰਨ ਖਿੜਾਉ ਵਿਚ ਟਿਕਦਾ ਹੈ, ਤਦੋਂ ਉਹ ਸਾਰੇ ਜਗਤ ਵਿਚ ਵਿਆਪਕ ਪ੍ਰਭੂ ਦੀਆਂ ਹੀ ਗੱਲਾਂ ਕਰਦਾ ਹੈ । ੩੩ ।

੨੧੬- **ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥ ੪ ॥ ਗੁਰਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥ ੫ ॥ ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ, ਤਿਨਿ ਸਾਚੁ ਪਛਾਨਾ ॥ ੬ ॥ ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ, ਹੁਕਮੁ ਬੂਝਿ ਸਮਾਈ ॥ ੭ ॥ ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥ ੮ ॥ ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥ ੯ ॥**[੩੩੦]-੧-੩੬

**ਅਰਥ:**--ਹੇ ਭਾਈ ! ਕੋਈ ਧਿਰ ਇਸ ਮਨ ਦੀ ਵੀ ਖੋਜ ਕਰੋ ਕਿ ਸਰੀਰ ਨਾਲੋਂ ਵਿਛੋੜਾ ਹੋਣ ਤੇ ਇਹ ਮਨ ਕਿਥੇ ਜਾ ਟਿਕਦਾ ਹੈ **। ੪ ।** ਸਤਿਗੁਰੂ ਦੀ ਕਿਰਪਾ ਨਾਲ, ਇਨ੍ਹਾਂ ਜੈਦੇਵ ਤੇ ਨਾਮਦੇਵ ਜੀ (ਵਰਗੇ ਭਗਤਾਂ) ਨੇ ਚਾਉ ਨਾਲ ਗੱਲ ਸਮਝੀ ਹੈ (ਕਿ, " **ਤਨ ਛੂਟੇ ਮਨ ਕਹਾ ਸਮਾਈ** " **। ੫ ।** ਜਿਸ ਮਨੁੱਖ ਦੀ (ਸੁਖਾਂ ਵਾਸਤੇ) ਭਟਕਣਾ ਦੂਰ ਹੋ ਗਈ ਹੈ, ਉਸ ਨੇ ਪ੍ਰਭੂ ਨੂੰ ਪਛਾਣ ਲਿਆ ਹੈ (ਪ੍ਰਭੂ ਨਾਲ ਸਾਂਝ ਪਾ ਲਈ ਹੈ), ਉਸ ਮਨੁੱਖ ਦੇ ਆਤਮਾ ਨੂੰ ਜਨਮ ਮਰਨ ਦੇ ਗੇੜ ਵਿਚ ਪੈਣਾ ਨਹੀਂ ਪੈਂਦਾ **। ੬ ।** (ਅਸਲ ਵਿਚ) ਇਸ ਜੀਵ ਦਾ (ਪ੍ਰਭੂ ਤੋਂ ਵੱਖਰਾ) ਕੋਈ ਰੂਪ ਜਾਂ ਚਿਹਨ ਨਹੀ ਹੈ । ਪ੍ਰਭੂ ਦੇ ਹੁਕਮ ਵਿਚ ਹੀ ਇਹ (ਵੱਖਰੇ ਸਰੂਪ ਵਾਲਾ) ਬਣਿਆ ਹੈ ਤੇ ਪ੍ਰਭੂ ਦੀ ਰਜ਼ਾ ਨੂੰ ਸਮਝ ਕੇ ਉਸ ਵਿਚ ਲੀਨ ਹੋ ਜਾਂਦਾ ਹੈ । ੭ । ਜੋ ਮਨੁੱਖ ਇਸ ਮਨ ਦਾ ਭੇਤ ਜਾਣ ਲੈਂਦਾ ਹੈ, ਉਹ ਇਸ ਮਨ ਦੀ ਰਹੀਂ ਹੀ (ਅੰਤਰਿ-ਆਤਮੇ) ਲੀਨ ਹੋ ਕੇ ਸੁਖਦੇਵ ਪ੍ਰਭੂ ਦਾ ਰੂਪ ਹੋ ਜਾਂਦਾ ਹੈ (ਮਨ, ਆਪਣਾ ਮੂਲ ਪਛਾਣ ਲੈਂਦਾ ਹੈ । ਮਨ ਸਮਝ ਲੈਂਦਾ ਹੈ ਕਿ ਅਸਲ ਵਿਚ ਉਹ ਜੋਤਿ ਸਰੂਪ ਹੀ ਹੈ) । ੮ ।

ਕਬੀਰ ਉਸੇ (ਸਰਬ-ਵਿਆਪਕ) ਮਨ (ਭਾਵ, ਜੋਤਿ ਸਰੂਪ ਪਰਮਾਤਮਾ) ਦਾ ਸਿਮਰਨ ਕਰ ਰਿਹਾ ਹੈ ਜੋ ਆਪ ਇੱਕ ਹੈ ਤੇ ਸਾਰੇ ਸਰੀਰਾਂ ਵਿਚ ਵਿਆਪਕ ਹੈ । ੯ ।

ਸਿਧਾਂ ਨਾਲ ਹੋਈ ਵਿਚਾਰ ਸਮੇ, ਗੁਰੂ ਨਾਨਕ ਦੇਵ ਜੀ ਨੇ ਇਸ " ਮਨ " ਬਾਰੇ ਜੋ ਕੁਝ ਸਿੱਧਾਂ ਨੂੰ ਸਮਝਾਇਆ ਹੈ, ਉਸ ਦਾ ਪੂਰਾ ਗਿਆਨ ਗੁਰੂ ਦੇ ਸਿੱਖ ਨੂੰ ਹੋਣਾ ਵੀ ਬੜਾ ਜ਼ਰੂਰੀ ਹੈ :--

੨੧੭- **ਇਹੁ ਮਨੁ ਮੈਗਲੁ ਕਹਾ ਬਸੀਅਲੇ, ਕਹਾ ਬਸੈ ਇਹੁ ਪਵਨਾ ॥ ਕਹਾ ਬਸੈ ਸੁ ਸਬਦੁ ਅਉਧੂ, ਤਾ ਕਉ ਚੂਕੈ ਮਨ ਕਾ ਭਵਨਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ, ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ ਆਪੈ ਆਪੁ ਖਾਇ ਤਾ ਨਿਰਮਲੁ ਹੋਵੈ, ਧਾਵਤੁ ਵਰਜਿ ਰਹਾਏ ॥ ਕਿਉ ਮੂਲੁ ਪਛਾਣੈ ਆਤਮੁ ਜਾਣੈ, ਕਿਉ ਸਸਿ ਘਰਿ ਸੂਰੁ ਸਮਾਵੈ ॥ ਗੁਰਮੁਖਿ ਹਉਮੈ ਵਿਚਹੁ ਖੋਵੈ, ਤਉ ਨਾਨਕ ਸਹਜਿ ਸਮਾਵੈ ॥ ੬੪ ॥**[੯੪੫]

**ਅਰਥ:**--(ਸਿਧ ਸੁਆਲ ਕਰਦੇ ਹਨ) ਮਸਤ ਹਾਥੀ ਵਰਗਾ ਇਹ ਮਨ ਕਿਥੇ ਵੱਸਦਾ ਹੈ ? ਇਹ ਪ੍ਰਾਣ ਕਿਥੇ ਵੱਸਦੇ ਹਨ ? ਹੇ ਜੋਗੀ ! (ਨਾਨਕ !) ( ਨੋਟ:--ਸਿੱਧਾਂ ਦੀ ਬੋਲੀ ਤੋਂ ਬ੍ਰਾਹਮਣੀ ਤਾਲੀਮ ਦਾ ਪ੍ਰਭਾਵ ਸਪੱਸ਼ਟ ਹੋ ਰਿਹਾ ਹੈ । ਬ੍ਰਾਹਮਣਾ ਦੀ ਤਾਲੀਮ ਦਾ ਏਡਾ ਡੂੰਘਾ ਅਸਰ ਸੀ ਕਿ ਜੋਗੀਆਂ ਦੇ ਵਿਚਾਰ ਵਿਚ, (ਗ੍ਰਹਸਤੀ ਨਹੀਂ ਸਗੋਂ, ਕੇਵਲ) ਬ੍ਰਾਹਮਣ-ਜੋਗੀ ਹੀ ਬ੍ਰਹਮ-ਗਿਆਨ ਦਾ ਗਿਆਤਾ, ਹੋ ਸਕਦਾ ਸੀ । ਤਦੇ ਹੀ ਸਿੱਧ ਗੁਰੂ ਨਾਨਕ ਦੇਵ ਜੀ ਨੂੰ " ਜੋਗੀ ", ਤਿਆਗੀ ਆਦਿ ਕਹਿ ਕੇ ਸੰਬੋਧਨ ਕਰ ਰਹੇ ਹਨ) ਉਹ ਸ਼ਬਦ ਕਿਥੇ ਵੱਸਦਾ ਹੈ (ਜਿਸ ਦੀ ਰਾਹੀਂ ਤੁਹਾਡੇ ਮਤ-ਅਨੁਸਾਰ) ਮਨ ਦੀ ਭਟਕਣਾ ਮੁੱਕਦੀ ਹੈ ? **(ਸਤਿਗੁਰਾਂ ਦਾ ਉੱਤਰ)**-- ਜੇ ਪ੍ਰਭੂ ਮਿਹਰ ਦੀ ਨਿਗਾਹ ਕਰੇ ਤਾਂ ਉਹ ਸਤਿਗੁਰੂ ਮਿਲਾਉਂਦਾ ਹੈ ਤੇ (ਗੁਰੂ ਮਿਲਿਆਂ) ਇਹ ਮਨ ਆਪਣੇ ਹੀ ਘਰ ਵਿਚ (ਭਾਵ, ਆਪਣੇ ਆਪ ਵਿਚ) ਟਿਕ ਜਾਂਦਾ ਹੈ । (ਗੁਰੂ ਦੇ ਹੁਕਮ ਵਿਚ ਤੁਰ ਕੇ ਜਦੋਂ) ਮਨ ਆਪਣੇ ਆਪ ਨੂੰ ਖਾ ਜਾਂਦਾ ਹੈ (ਭਾਵ, ਆਪਣੇ ਸੰਕਲਪ ਵਿਕਲਪ ਮੁਕਾ ਦਿੰਦਾ ਹੈ, ਜਦੋਂ ਮਨੁੱਖ ਮਨ ਦੇ ਪਿੱਛੇ ਤੁਰਨ ਦੇ ਥਾਂ ਗੁਰੂ ਦੇ ਹੁਕਮ ਵਿਚ ਤੁਰਦਾ ਹੈ) ਤਾਂ ਮਨ ਪਵਿਤ੍ਰ ਹੋ ਜਾਂਦਾ ਹੈ (ਕਿਉਂਕਿ ਇਸ ਤਰ੍ਹਾਂ ਗੁਰੂ ਦੇ ਉਪਦੇਸ਼ ਨਾਲ ਮਨੁੱਖ) ਮਾਇਆ ਵਲ ਦੌੜਦੇ ਮਨ ਨੂੰ ਰੋਕ ਰੱਖਦਾ ਹੈ ।

(ਪ੍ਰਸ਼ਨ)-ਮਨੁੱਖ, (ਜਗਤ ਦੇ) ਮੁੱਢ ਪ੍ਰਭੂ ਨੂੰ ਕਿਵੇਂ ਪਛਾਣੇਂ ? ਆਪਣੇ ਆਤਮਾ ਨੂੰ ਕਿਵੇ ਸਮਝੇ ? ਚੰਦ੍ਰਮਾ ਦੇ ਘਰ ਵਿਚ ਸੂਰਜ ਕਿਵੇਂ ਟਿਕੇ ?

(ਉਤਰ) ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਹ ਆਪਣੇ ਅੰਦਰੋਂ ' ਹਉਮੈ ' ਦੂਰ ਕਰਦਾ ਹੈ, ਤਦੋਂ ਹੇ ਨਾਨਕ ! ਉਹ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ । ੬੪ ।

੨੧੮- **ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ, ਗੁਰਮੁਖਿ ਮੂਲੁ ਪਛਾਣਿ ਰਹੈ ॥ ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ, ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ ਖਾਵੈ ਦੂਖੁ, ਭੂਖ ਸਾਚੇ ਕੀ, ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ, ਬਿਰਲੋ ਕੋ ਅਰਥਾਵੈ ॥ ਨਾਨਕੁ ਆਖੈ ਸਚੁ ਸੁਭਾਖੈ, ਸਚਿ ਰਪੈ ਰੰਗੁ ਕਬਹੂ ਨ ਜਾਵੈ ॥ ੬੫ ॥**[੯੪੫]ਸਿੱਧ ਗੋਸਟ

ਜਦੋਂ ਮਨੁੱਖ ਗੁਰੂ ਦੇ ਹੁਕਮ ਤੇ ਤੁਰ ਕੇ (ਜਗਤ ਦੇ) ਮੂਲ-(ਪ੍ਰਭੂ) ਨੂੰ ਪਛਾਣਦਾ ਹੈ (ਪ੍ਰਭੂ ਨਾਲ ਸਾਂਝ ਪਾਉਂਦਾ ਹੈ), ਤਾਂ **ਇਹ ਮਨ ਅਡੋਲ ਹੋ ਕੇ ਹਿਰਦੇ ਵਿਚ ਟਿਕਦਾ ਹੈ** । ਪ੍ਰਾਣ, (ਭਾਵ, ਸੁਆਸ) ਨਾਭੀ-ਰੂਪ ਘਰ ਵਿਚ ਆਸਣ ਤੇ ਬੈਠਦਾ ਹੈ (ਭਾਵ, ਪ੍ਰਾਣਾ ਦਾ ਅਰੰਭ ਨਾਭ੍ਹੀ ਤੋਂ ਹੁੰਦਾ ਹੈ), ਗੁਰੂ ਦੀ ਰਾਹੀਂ ਖੋਜ ਕਰਕੇ ਮਨੁੱਖ ਅਸਲੀਅਤ ਲੱਭਦਾ ਹੈ । ਉਹ ਸ਼ਬਦ (ਜੋ ' ਦੁਤਰ ਸਾਗਰ ' ਤਾਰਦਾ ਹੈ) ਇਕ-ਰਸ ਆਪਣੇ ਅਸਲ ਘਰ ਵਿਚ (ਭਾਵ, ਸੁੰਨ ਪ੍ਰਭੂ ਵਿਚ) ਟਿਕਦਾ ਹੈ, ਮਨੁੱਖ ਉਸ ਸ਼ਬਦ ਦੀ ਰਾਹੀਂ ਹੀ ਤ੍ਰਲੋਕੀ ਵਿਚ ਵਿਆਪਕ ਪ੍ਰਭੂ ਦੀ ਜੋਤਿ ਨੂੰ ਲੱਭਦਾ ਹੈ, (ਜਿਉਂ ਜਿਉਂ) ਸੱਚੇ ਪ੍ਰਭੂ ਨੂੰ ਮਿਲਣ ਦੀ ਤਾਂਘ ਵਧਦੀ ਹੈ (ਤਿਉਂ ਤਿਉਂ) ਮਨੁੱਖ ਦੁਖਾਂ ਨੂੰ ਮੁਕਾ ਲੈਂਦਾ ਹੈ ਸੱਚੇ ਪ੍ਰਭੂ (ਦੀ ਯਾਦ) ਵਿਚ ਹੀ ਤ੍ਰਿਪਤ ਰਹਿੰਦਾ ਹੈ ।

ਇਕ-ਰਸ ਰੱਬੀ ਜੀਵਨ-ਰੌ ਨੂੰ ਕਿਸੇ ਵਿਰਲੇ ਗੁਰਮੁਖ ਨੇ ਜਾਣਿਆ ਹੈ ਕਿਸੇ ਵਿਰਲੇ ਨੇ ਇਹ ਰਾਜ਼ ਸਮਝਿਆ ਹੈ । ਨਾਨਕ ਆਖਦਾ ਹੈ (ਜਿਸ ਨੇ ਸਮਝਿਆ ਹੈ) ਉਹ ਸੱਚੇ ਪ੍ਰਭੂ ਨੂੰ ਸਿਮਰਦਾ ਹੈ, ਸੱਚੇ ਵਿਚ ਰੰਗਿਆ ਰਹਿੰਦਾ ਹੈ, ਉਸ ਦਾ ਇਹ ਰੰਗ ਕਦੇ ਉਤਰਦਾ ਨਹੀਂ । ੬੫ ।

੨੧੯- **ਜਾ ਇਹੁ ਹਿਰਦਾ ਦੇਹ ਨ ਹੋਤੀ, ਤਉ ਮਨੁ ਕੈਠੈ ਰਹਤਾ ॥ ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥ ਰੂਪੁ ਨ ਹੋਤੋ ਰੇਖ ਨ ਕਾਈ, ਤਾ ਸਬਦਿ ਕਹਾ ਲਿਵ ਲਾਈ ॥ ਰਕਤੁ ਬਿੰਦੁ ਕੀ ਮੜੀ ਨ ਹੋਤੀ, ਮਿਤਿ ਕੀਮਤਿ ਨਹੀਂ ਪਾਈ ॥ ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉਕਰਿ ਜਾਪਸਿ ਸਾਚਾ ॥ ਨਾਨਕ ਨਾਮਿ ਰਤ ਬੈਰਾਗੀ, ਇਬ ਤਬ ਸਾਚੋ ਸਾਚਾ ॥ ੬੬ ॥ ਹਿਰਦਾ ਦੇਹ ਨ ਹੋਤੀ ਅਉਧੂ, ਤਉ ਮਨੁ ਸੁੰਨਿ ਰਹੈ ਬੈਰਾਗੀ ॥ ਨਾਭਿ ਕਮਲੁ ਅਸਥੰਭੁ ਨ ਹੋਤੋ, ਤਾ ਨਿਜ ਘਰਿ ਬਸਤਉ ਪਵਨ ਅਨਰਾਗੀ ॥ ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ**

**ਰਹਤਉ ਸਬਦੁ ਸੁ ਸਾਰੁ ॥ ਗਉਨੁ ਗਗਨੁ ਜਬ ਤਬਹਿ ਨ ਹੋਤਉ, ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ ਵਰਨੁ ਭੇਖੁ ਅਸਰੂਪੁ ਸੁ ਏਕੋ, ਏਕੋ ਸਬਦੁ ਵਿਡਾਣੀ ॥ ਸਾਚ ਬਿਨਾ ਸੂਚਾ ਕੋ ਨਾਹੀ, ਨਾਨਕ ਅਕਥ ਕਹਾਣੀ ॥ ੬੭ ॥**[੯੪੫ ]

(ਸਿੱਧਾਂ ਦਾ ਪ੍ਰਸ਼ਨ)-- ਜਦੋਂ ਨਾ ਇਹ ਹਿਰਦਾ ਸੀ ਨਾ ਇਹ ਸਰੀਰ ਸੀ, **ਤਦੋਂ ਮਨ ਕਿਥੇ** ਰਹਿੰਦਾ ਸੀ ? ਜਦੋਂ ਨਾਭੀ ਦੇ ਚਕੱਰ ਦੀ ਥੰਮ੍ਹੀ ਨਹੀਂ ਸੀ ਤਾਂ ਪ੍ਰਾਣ (ਸੁਆਸ) ਕਿਸ ਘਰ ਵਿਚ ਆਸਰਾ ਲੈਂਦਾ ਸੀ ? ਜਦੋਂ ਕੋਈ ਰੂਪ ਰੇਖ ਨਹੀਂ ਸੀ ਤਦੋਂ ਸ਼ਬਦ ਨੇ ਕਿਥੇ ਲਿਵ ਲਾਈ ਸੀ ? ਜਦੋਂ (ਮਾਂ ਦੀ) ਰੱਤ ਤੇ (ਪਿਤਾ ਦੇ) ਬੀਰਜ ਤੋਂ ਬਣਿਆਂ ਇਹ ਸਰੀਰ ਨਹੀਂ ਸੀ ਤਦੋਂ ਜਿਸ ਪ੍ਰਭੂ ਦਾ ਅੰਦਾਜ਼ਾ ਤੇ ਮੁੱਲ ਨਹੀਂ ਪੈ ਸਕਦਾ ਉਸ ਵਿਚ ਲਿਵ ਕਿਵੇਂ ਇਹ **ਮਨ** ਲਾਉਂਦਾ ਸੀ ? ਜਿਸ ਪ੍ਰਭੂ ਦਾ ਰੰਗ ਭੇਖ ਤੇ ਸਰੂਪ ਨਹੀਂ ਦਿੱਸਦਾ, ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਕਿਵੇਂ ਲਖਿਆ ਜਾਂਦਾ ਹੈ ? (ਗੁਰੂ ਨਾਨਕ ਦੇਵ ਜੀ ਵਲੋਂ ਉੱਤਰ)-- ਪ੍ਰਭੂ ਦੇ ਨਾਮ ਵਿਚ ਰੱਤੇ ਹੋਏ ਵੈਰਾਗਵਾਨ ਨੂੰ ਹਰ ਵੇਲੇ ਸੱਚਾ ਪ੍ਰਭੂ ਹੀ (ਮੌਜੂਦ) ਪ੍ਰਤੀਤ ਹੁੰਦਾ ਹੈ । ੬੬ ।

ਹੇ ਜੋਗੀ ! ਜਦੋਂ ਨਾ ਹਿਰਦਾ ਨਾ ਸਰੀਰ ਸੀ, ਤਦੋਂ **ਵੈਰਾਗੀ ਮਨ** ਨਿਰਗੁਣ ਪ੍ਰਭੂ ਵਿਚ ਟਿਕਿਆ ਹੋਇਆ ਸੀ । ਜਦੋਂ ਨਾਭੀ-ਚੱਕਰ-ਰੂਪ ਥੰਮੀ ਨਹੀਂ ਸੀ ਤਦੋਂ ਪ੍ਰਾਣ (ਪ੍ਰਭੂ ਦਾ) ਪ੍ਰੇਮੀ ਹੋ ਕੇ ਆਪਣੇ ਅਸਲ ਘਰ ਪ੍ਰਭੂ ਵਿਚ ਵੱਸਦਾ ਸੀ । ਜਦੋਂ (ਜਗਤ ਦਾ) ਕੋਈ ਰੂਪ ਰੇਖ ਨਹੀਂ ਸੀ ਤਦੋਂ ਉਹ ਸ੍ਰੇਸ਼ਟ ਸ਼ਬਦ (ਜੋ " ਦੁਤਰ ਸਾਗਰ " ਤੋਂ ਤਾਰਦਾ ਹੈ) ਕੁਲ-ਰਹਿਤ ਪ੍ਰਭੂ ਵਿਚ ਰਹਿੰਦਾ ਸੀ, ਜਦੋਂ ਜਗਤ ਦੀ ਹਸਤੀ ਨਹੀਂ ਸੀ, ਆਕਾਸ਼-ਰਹਿਤ ਤ੍ਰਭਵਣੀ ਜੋਤਿ (ਭਾਵ, ਹੁਣ ਤ੍ਰਿਲੋਕੀ ਵਿਚ ਵਿਆਪਕ ਹੋਣ ਵਾਲੀ ਜੋਤਿ) ਆਪ ਹੀ ਆਪ ਸੀ । ਇਕੋ ਅਸਚਰਜ ਸ਼ਬਦ-ਰੂਪ ਪ੍ਰਭੂ ਹੀ ਸੀ, ਉਹੀ (ਜਗਤ ਦਾ) ਰੰਗ ਭੇਖ ਤੇ ਰੂਪ ਸੀ । (ਐਸੇ ਉਸ) ਸਦਾ ਰਹਿਣ ਵਾਲੇ ਪ੍ਰਭੂ ਨੂੰ ਮਿਲਣ ਤੋਂ ਬਿਨਾ, ਜਿਸ ਦਾ ਕੋਈ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਕੋਈ ਮਨੁੱਖ ਸੁੱਚਾ ਨਹੀਂ ਹੈ । ੬੭ ।

ਸਿੱਧਾਂ ਨਾਲ ਹੋਏ ਸਤਿਗੁਰਾਂ ਦੇ ਇਸ ਬਚਨ ਬਿਲਾਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਆਤਮਾ ਅਥਵਾ ਜੋਤਿ ਵਾਂਗ ' ਮਨ ' ਵੀ ਪਰਮਾਤਮਾ ਦਾ ਹੀ ਅੰਸ਼ ਹੈ । ਪਰਮਾਤਮਾ ਤੋਂ ਵਿੱਛੜ ਕੇ ਮਾਇਆ ਦੇ ਪ੍ਰਭਾਵ ਹੇਠ ਆਇਆ ਇਹ ਮਨ ਭਟਕ ਰਿਹਾ ਹੈ । ਪਰਮਾਤਮਾ ਦੇ ਮਿਲਾਪ ਨਾਲ ਹੀ ਮਨ ਦਾ ਟਿਕਾਉ ਜੁੜਿਆ ਹੋਇਆ ਹੈ । ਗੁਰੂ ਨਾਨਕ ਦੇਵ ਜੀ ਨੇ ਇਸ ਮਨ ਦੀ ਅਸਲੀਅਤ ਸਮਝਾਉਣ ਲਈ ਆਸਾ ਰਾਗ ਵਿਚ ਇਕ ਉਚੇਚਾ ਸ਼ਬਦ ਉਚਾਰਨ ਦੀ ਮਿਹਰ ਕੀਤੀ ਹੈ । ਉਸ ਪਾਵਨ ਸ਼ਬਦ ਦੀ ਵਿਚਾਰ ਕਰ ਲੈਣੀ ਵੀ ਲਾਹੇਵੰਦ ਰਹੇਗੀ:--

੨੨੦- **ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥ ੧ ॥ ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥ ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥ ੧ ॥ ਰਹਾਉ ॥ ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥ ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥ ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥ ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥ ੩ ॥ ਗੁਰਮੁਖਿ ਮਨੁ ਅਸਥਾਨੇ ਸੋਈ ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥ ਇਹੁ ਮਨੁ ਜੋਗੀ ਭੋਗੀ ਤਪੁ ਤਾਪੈ ॥ ਗੁਰਮੁਖਿ ਚੀਨ੍ਹੈ ਹਰਿ ਪ੍ਰਭੁ ਆਪੈ ॥ ੪ ॥ ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥ ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥ ੫ ॥ ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥ ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥ ੬ ॥ ਗੁਰਮੁਖਿ ਰਾਗ ਸੁਆਦਿ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥ ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨਿ ਭਏ ਨਿਰੰਕਾਰੀ ॥ ੭ ॥ ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥ ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥ ੮ ॥ ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥ ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥ ੯ ॥**[੪੧੫]-੮

**ਅਰਥ:**--ਗੁਰੂ ਦੇ ਸ਼ਬਦ-(ਗਿਆਨ ਵਿਚ ਜੜਨ) ਤੋਂ ਬਿਨਾ ਮਨ ਇੱਕ ਥਾਂ ਟਿਕਿਆ ਨਹੀਂ ਰਹਿ ਸਕਦਾ । ਇਸ ਨੂੰ ਟਿਕਾਉਣ ਵਾਸਤੇ ਗੁਰ-ਸ਼ਬਦ ਦੀ ਰਾਹੀ) ਪਰਮਾਤਮਾ ਦਾ ਨਾਮ ਸਿਮਰੋ ਜੋ ਬਹੁਤ ਪਵਿਤ੍ਰ ਹੈ, ਅਤੇ ਹੋਰ ਰਸ ਛੱਡੋ, ਜੋ ਕੌੜੇ (ਭਾਵ, ਹਾਨੀ ਕਾਰਕ) ਹਨ ਤੇ ਹਉਮੈ ਨੂੰ ਵੀ ਵਧਾਉਂਦੇ ਹਨ **। ੧ । ਰਹਾਉ ।**

(ਗੁਰ-ਸ਼ਬਦ ਤੋਂ ਖੁੰਝ ਕੇ) ਮਾਇਆ-ਵੇੜ੍ਹਿਆ ਮਨ ਪਾਗਲ ਹਾਥੀ (ਸਮਾਨ) ਹੈ, ਮਾਇਆ ਦੇ ਮੋਹ ਦੇ ਕਾਰਨ (ਸੰਸਾਰ-) ਜੰਗਲ ਵਿਚ ਭਟਕਦਾ ਫਿਰਦਾ ਹੈ । (ਮਾਇਆ ਦੇ ਮੋਹ ਦੇ ਕਾਰਨ) ਜਿੰਨ੍ਹਾਂ (ਦੇ ਮਨ ਨੂੰ) ਆਤਮਕ ਮੌਤ ਦਬਾ ਲੈਂਦੀ ਹੈ ਉਹ ਇਧਰ ਉਧਰ ਭਟਕਦੇ ਫਿਰਦੇ ਹਨ । ਜੋ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ ਉਹ ਭਾਲ ਕੇ ਆਪਣੇ ਅੰਦਰ ਪਰਮਾਤਮਾ ਦਾ ਟਿਕਾਣਾ ਲੱਭ ਲੈਂਦਾ ਹੈ (ਤੇ ਉਨ੍ਹਾਂ ਦਾ ਮਨ ਭਟਕਣਾ ਵਿਚ ਨਹੀਂ ਪੈਂਦਾ) **। ੧ ।** (ਮਾਇਆ ਦੇ ਮੋਹ ਵਿਚ ਹੈਰਾਨ ਹੋਇਆ) ਇਹ **'ਮਨ'** ਆਪਣੀ ਸੂਝ ਗਵਾ ਲੈਂਦਾ ਹੈ, ਫਿਰ ਭਟਕਣੋਂ ਕਿਵੇਂ ਰਹਿ ਸਕਦਾ ਹੈ ? ਆਪਣੇ ਅਸਲੇ (ਪ੍ਰਭੂ) ਦੀ ਸੂਝ ਤੋਂ ਬਿਨਾ ਇਹ **ਮਨ ਆਤਮਕ** ਮੌਤ ਦਾ ਦੁੱਖ ਸਹਾਰੇਗਾ । ਜਿਸ ਮਨੁੱਖ ਉਤੇ ਪਰਮਾਤਮਾ ਆਪ ਬਖ਼ਸ਼ਸ਼ ਕਰਦਾ ਹੈ, ਉਸ ਨੂੰ ਗੁਰੂ ਮਿਲ ਪੈਂਦਾ ਹੈ, ਉਹ ਦੁਖਦਾਈ ਆਤਮਕ ਮੌਤ ਨੂੰ ਸਹਾਰ ਲੈਂਦਾ ਹੈ, ਸਦਾ-ਥਿਰ ਪ੍ਰਭੂ (ਉਸ ਦੇ ਮਨ ਨੂੰ ਆਤਮਕ ਜੀਵਨ ਵਲ) ਪ੍ਰੇਰਦਾ ਹੈ **। ੨ ।** (ਮਾਇਆ ਦੇ ਮੋਹ ਵਿਚ ਹੈਰਾਨ ਹੋਇਆ ) **ਇਹ ਮਨ** ਹੋਰ ਹੋਰ ਧਾਰਮਿਕ ਰਸਮਾਂ ਕਰਦਾ ਫਿਰਦਾ ਹੈ, ਤੇ (ਜੀਵਾਤਮਾ ਨੂੰ) ਜਨਮ ਮਰਨ ਦੇ ਗੇੜ ਵਿਚ ਲਈ ਫਿਰਦਾ ਹੈ । ਮਾਇਆ-ਵੇੜ੍ਹਿਆ ਇਹ ਮਨ ਲਾਲਚੀ ਬਣ ਜਾਂਦਾ ਹੈ, ਮੂਰਖ ਹੋ ਜਾਂਦਾ ਹੈ । ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਦਾ ਨਾਮ ਜਪਦਾ ਹੈ ਉਸ ਦਾ ਮਨ ਸੁੰਦਰ (ਘਾੜਤ ਵਾਲਾ ਬਣ ਜਾਂਦਾ ਹੈ) **। ੩ ।** ਗੁਰੂ ਦੇ ਸਨਮੁਖ ਹੋਏ ਮਨੁੱਖ ਦਾ **ਮਨ** ਪਰਮਾਤਮਾ ਨੂੰ (ਆਪਣੇ ਅੰਦਰ) ਥਾਂ ਦਿੰਦਾ ਹੈ, ਉਸ ਨੂੰ ਉਸ ਪ੍ਰਭੂ ਦੀ ਸੂਝ ਹੋ ਜਾਂਦੀ ਹੈ ਜੋ ਤਿੰਨਾਂ ਭਵਨਾਂ ਵਿਚ ਵਿਆਪਕ ਹੈ । (ਮਾਇਆ ਦੇ ਮੋਹ ਵਿਚ ਹੈਰਾਨ ਹੋਇਆ) **ਇਹ ਮਨ** ਕਦੇ ਜੋਗ-ਸਾਧਨਾ ਕਰਦਾ ਹੈ ਕਦੇ (ਮਾਇਆ ਦੇ) ਭੋਗ ਭੋਗਦਾ ਹੈ ਕਦੇ ਤਪਾਂ ਨਾਲ ਸਰੀਰ ਨੂੰ ਕਸ਼ਟ ਦਿੰਦਾ ਹੈ (ਪਰ ਆਤਮਕ ਆਨੰਦ ਉਸ ਨੂੰ ਕਿਤੇ ਨਹੀਂ ਲੱਭਦਾ) । ਜਿਹੜਾ ਮਨੁੱਖ ਗੁਰੂ ਦੇ ਸਨਮੁੱਖ ਹੁੰਦਾ ਹੈ ਉਹ ਹਰੀ ਪਰਮਾਤਮਾ ਨੂੰ ਆਪਣੇ ਅੰਦਰ ਖੋਜਦਾ ਹੈ **। ੪ ।** (ਮਾਇਆ ਦੇ ਮੋਹ ਵਿਚ ਹੈਰਾਨ ਹੋਇਆ) ਇਹ ਮਨ ਕਦੇ (ਆਪਣੇ ਵਲੋਂ) ਹਉਮੈ ਤਿਆਗ ਕੇ (ਦੁਨੀਆ ਛੱਡ ਕੇ) ਵੈਰਾਗਵਾਨ ਬਣ ਜਾਂਦਾ ਹੈ, ਕਦੇ ਹਰੇਕ ਸਰੀਰ ਵਿਚ (ਮਾਇਆ-ਵੇੜ੍ਹੇ ਮਨ ਨੂੰ) ਮਾਇਕ ਫੁਰਨਾ ਤੇ ਦੁਬਿਧਾ ਆ ਚੰਬੜਦੇ ਹਨ । ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਰਸਾਂ ਦਾ ਘਰ ਨਾਮ-ਰਸ ਚੱਖਦਾ ਹੈ, ਉਸ ਨੂੰ ਅੰਦਰ ਬਾਹਰ ਮਹਲ ਦਾ ਮਾਲਕ-ਪ੍ਰਭੂ (ਦਿੱਸਦਾ ਹੈ) ਜੋ (ਮਾਇਆ ਦੇ ਮੋਹ ਤੋਂ ਬਚਾ ਕੇ) ਉਸ ਦੀ ਇੱਜ਼ਤ ਰੱਖਦਾ ਹੈ **। ੫ ।**

(ਮਾਇਆ ਦੇ ਮੋਹ ਵਿਚ ਹੈਰਾਨ ਹੋਇਆ) ਇਹ ਮਨ ਕਦੇ ਰਣ-ਭੂਮੀ ਵਿਚ ਰਾਜਾ ਤੇ ਸੂਰਮਾ ਬਣਿਆ ਪਿਆ ਹੈ । ਪਰ ਜਦੋਂ ਇਹ ਮਨ ਗੁਰੂ ਦੀ ਸਰਨ ਪੈ ਕੇ ਪ੍ਰਭੂ ਦੇ ਨਾਮ ਵਿਚ ਜੁੜਦਾ ਹੈ ਤਾਂ (ਮਾਇਆ ਦੇ ਹੱਲਿਆਂ ਵਲੋਂ) ਨਿਡਰ ਹੋ ਜਾਂਦਾ ਹੈ, ਕਾਮਾਦਿਕ ਪੰਜਾਂ (ਵੈਰੀਆਂ) ਨੂੰ ਮਾਰ ਦਿੰਦਾ ਹੈ, ਆਪਣੇ ਵੱਸ ਵਿਚ ਕਰ ਲੈਂਦਾ ਹੈ, ਹਉਮੈ ਨੂੰ ਮੁਕਾ ਕੇ ਇਨ੍ਹਾਂ ਸਭਨਾਂ ਨੂੰ ਇਕੋ ਥਾਂ ਵਿਚ ਕਾਬੂ ਕਰ ਲੈਂਦਾ ਹੈ **। ੬ ।**

ਗੁਰੂ ਦੇ ਸਨਮੁਖ ਹੋਇਆ ਇਹ **ਮਨ** ਰਾਗ (ਦ੍ਵੈਖ) ਤੇ ਹੋਰ ਸੁਆਦ ਤਿਆਗ ਦਿੰਦਾ ਹੈ, ਗੁਰੂ ਦੀ ਸਰਨ ਪੈ ਕੇ ਇਹ **ਮਨ ਪਰਮਾਤਮਾ ਦੀ ਭਗਤੀ ਵਿਚ ਜੁੜ** ਕੇ (ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਹੋ ਜਾਂਦਾ ਹੈ । ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ-ਮੰਡਲ ਵਿਚ ਟਿਕਾਉਂਦਾ ਹੈ, ਉਹ (ਅੰਦਰਲੇ ਆਤਮਕ ਖੇੜੇ ਦੇ) ਇਕ-ਰਸ (ਹੋ

ਰਹੇ ਗੀਤ) ਨੂੰ ਸੁਣ ਸੁਣ ਕੇ (ਉਸ ਵਿਚ) ਗਿੱਝ ਜਾਂਦਾ ਹੈ, ਆਪਣੇ **ਆਪੇ ਨੂੰ ਖੋਜ ਕੇ ਪਰਮਾਤਮਾ ਰੂਪ ਹੋ ਜਾਂਦਾ ਹੈ । ੭ ।** (ਗੁਰੂ ਦੇ ਸਨਮੁਖ ਹੋਇਆ) ਇਹ ਮਨ ਪਵਿਤ੍ਰ ਹੋ ਜਾਂਦਾ ਹੈ, ਇਸ ਨੂੰ ਅੰਦਰ ਬਾਹਰ ਉਹ ਪਰਮਾਤਮਾ ਹੀ ਦਿੱਸਦਾ ਹੈ । ਗੁਰੂ ਦੇ ਸਨਮੁਖ ਹੋ ਕੇ (ਇਸ ਮਨ ਦੇ ਅੰਦਰ) ਭਗਤੀ ਦੀ ਲਗਨ ਲੱਗ ਪੈਂਦੀ ਹੈ, (ਇਸ ਦੇ ਅੰਦਰ ਪ੍ਰਭੂ ਦਾ) ਪਿਆਰ (ਜਾਗ ਪੈਂਦਾ ਹੈ) । ਗੁਰੂ ਦੀ ਕਿਰਪਾ ਨਾਲ ਇਹ ਮਨ ਦਿਨ ਰਾਤ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦਾ ਹੈ । ਜੋ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਮੁੱਢ ਹੈ ਜੋ ਪਰਮਾਤਮਾ ਜੁਗਾਂ ਦੇ ਮੁੱਢ ਤੋਂ ਵਿਆਪਕ ਹੈ ਉਹ ਇਸ ਮਨ ਨੂੰ ਹਰੇਕ ਸਰੀਰ ਵਿਚ ਵੱਸਦਾ ਦਿੱਸ ਪੈਂਦਾ ਹੈ **। ੮ ।** ਗੁਰੂ ਦੇ ਸਨਮੁਖ ਹੋ ਕੇ ਇਹ ਮਨ ਰਸਾਂ ਦੇ ਘਰ ਨਾਮ-ਰਸ ਵਿਚ ਮਸਤ ਹੋ ਜਾਂਦਾ ਹੈ, ਗੁਰੂ ਦੇ ਸਨਮੁਖ ਹੋਇਆ ਇਹ ਮਨ ਸਭ ਰਸਾਂ ਦੇ ਸੋਮੇਂ ਪ੍ਰਭੂ ਨੂੰ ਪਛਾਣ ਲੈਂਦਾ ਹੈ । ਜਦੋਂ ਗੁਰੂ ਦੇ ਚਰਨਾਂ ਵਿਚ (ਇਸ ਮਨ ਦਾ) ਨਿਵਾਸ ਹੁੰਦਾ ਹੈ ਤਾਂ (ਇਸ ਮਨ ਦੇ ਅੰਦਰ ਪਰਮਾਤਮਾ ਦੀ) ਭਗਤੀ ਦਾ ਪ੍ਰੇਮ (ਜਾਗ ਪੈਂਦਾ ਹੈ) । ਹੇ ਨਾਨਕ ! ਤਦੋਂ ਇਹ ਮਨ ਗੁਰਮੁਖਾਂ ਦੇ ਦਾਸਾਂ ਦਾ ਦਾਸ ਬਣ ਜਾਂਦਾ ਹੈ ।

ਪ੍ਰੋਫੈਸਰ ਸਾਹਿਬ ਸਿੰਘ ਜੀ ਨੇ (ਦੂਜੀ ਪੋਥੀ ਦੇ ੮੮੯ ਸਫ਼ੇ ਤੇ) ਮਨ ਬਾਰੇ ਇਸ ਪ੍ਰਕਾਰ ਲਿਖਿਆ ਹੈ:--

" ਜੋ ਜੋ ਚੰਗਾ-ਮੰਦਾ ਕੰਮ ਮਨੁੱਖ ਕਰਦਾ ਹੈ, ਉਨ੍ਹਾਂ ਸਭਨਾਂ ਦੇ ਸੰਸਕਾਰ ਮਨੁੱਖ ਦੇ ਅੰਦਰ ਇਕੱਠੇ ਹੁੰਦੇ ਰਹਿੰਦੇ ਹਨ,
**ਸੰਸਕਾਰਾਂ ਦੇ ਇਸ ਇਕੱਠ ਦਾ ਨਾਮ " ਮਨ " ਹੈ ।** ਜਦੋਂ ਕੋਈ ਇਕ ਖ਼ਾਸ ਚੰਗੀ ਜਾਂ ਮੰਦੀ ਵਾਦੀ ਬਣ ਜਾਏ ਤਾਂ
ਉਹ ਮਨ ਦੇ ਬਾਕੀ ਸੰਸਕਾਰਾਂ ਨੂੰ ਦਬਾ ਰੱਖਦੀ ਹੈ ਤੇ ਮਨੁੱਖ ਦੇ ਸਾਰੇ ਜੀਵਨ ਨੂੰ ਓਧਰ ਹੀ ਪਲਟਾ ਲੈਂਦੀ ਹੈ ।
ਮਨੁੱਖ ਦੀ ਸਾਰੀ ਦੌੜ-ਭੱਜ ਮਨ ਦੇ ਇਨ੍ਹਾਂ ਸੰਸਕਾਰਾਂ ਦੀ ਪ੍ਰੇਰਨਾਂ ਦੇ ਆਸਰੇ ਹੁੰਦੀ ਹੈ "।

ਸਾਹਿਬ ਸਿੰਘ ਜੀ ਦਾ ਇਹ ਕਥਨ ਗੁਰਬਾਣੀ ਵਿਚਾਰ ਤੋਂ " ਪੂਰਨ ਸੱਚ " ਸਿੱਧ ਨਹੀਂ ਹੁੰਦਾ । ਮਨ ਕੇਵਲ ਸੰਸਕਾਰਾਂ ਦਾ ਹੀ ਸੰਗ੍ਰਹ ਨਹੀਂ ਹੈ । ਮਨ ਆਪਣੇ ਆਪ ਵਿਚ ਅੱਡਰੀ ਵੀ ਸ਼ਕਤੀ ਹੈ ਜੋ ਪਰਮਾਤਮਾ ਦਾ ਆਪਣਾ ਅੰਸ਼ ਹੈ । ਮਨ ਨੂੰ ਆਤਮਾ ਕਹਿਣਾ ਵੀ ਠੀਕ ਨਹੀਂ ਹੈ । ਕਿਉਂਕਿ ਆਤਮਾ ਦਾ ਵਿਛੋੜਾ ਸਰੀਰ ਦੀ ਮੌਤ ਹੈ । ਆਤਮਾ ਛੱਡ ਜਾਏ ਤਾਂ ਸਰੀਰ ਮਿੱਟੀ ਹੋ ਜਾਂਦਾ ਹੈ । ਪਰ **" ਮਨ "** ਤਾਂ ਸਰੀਰ ਵਿਚ ਟਿਕਣਾ ਜਾਣਦਾ ਹੀ ਬੜਾ ਘੱਟ ਹੈ । ਗੁਰਬਾਣੀ ਵਿਚ **" ਜੋਤਿ "** ਨੂੰ ਮਨ ਦਾ ਸਰੂਪ ਕਿਸੇ ਥਾਂ ਨਹੀਂ ਕਿਹਾ ਗਿਆ, ਪਰ ਮਨ ਨੂੰ ਚੇਤਾ ਕਰਾਇਆ ਹੈ ਕਿ " ਤੂੰ ਕੁਰਾਹੇ ਕਿਉਂ ਪਿਆ ਹੋਇਆ ਹੈ ? ਆਪਣੇ ਅਸਲੇ ਨੂੰ ਪਛਾਣ, ਤੂੰ ਵੀ ਜੋਤਿ-ਸਰੂਪ ਹੀ ਹੈਂ " । **" ਜੋਤਿ "** ਮੈਲੀ ਕਦੇ ਨਹੀਂ ਹੋ ਸਕਦੀ ਪਰ **ਮਨ** ਮੈਲਾ ਹੋ ਜਾਏ ਤਾਂ ਸਭ ਕੁਝ ਮੈਲਾ ਹੋ ਜਾਂਦਾ ਹੈ--**ਮਨੁ ਮੈਲੈ ਸਭੁ ਕਿਛੁ ਮੈਲਾ** [੫੫੮] ਸੋ ਭਾਵੇਂ ਬੜਾ ਹੀ ਬਰੀਕ ਅਥਵਾ ਸੂਖਸ਼ਮ ਹੈ, ਪਰ ਅੰਤਰ ਹੈ ਜ਼ਰੂਰ । **" ਮਨ "** ਨਾ **ਆਤਮਾ** ਹੈ ਅਤੇ ਨਾ ਹੀ ਮਨ ' **ਜੋਤਿ** ' ਹੈ । ਪਰ **ਆਤਮਾ** ਅਥਵਾ **ਜੋਤਿ** ਵਾਂਗ **ਹੀ ਮਨ** ਵੀ ਉਸ ਸਿਰਜਣਹਾਰ ਦਾ ਹੀ ਅੰਸ਼ ਹੈ । **ਮਨ**, ਪ੍ਰਭੂ ਦੀ **ਜੋਤਿ** ਨਹੀਂ ਹੈ ਪਰ **ਜੋਤਿ-ਸਰੂਪ** ਜ਼ਰੂਰ ਹੈ । ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਮਨੁੱਖ ਦੇ ਕਰਮਾਂ ਤੋਂ, ਮਨੁੱਖ ਦੇ ਸੰਕਲਪਾਂ ਵਿਲਕਪਾਂ ਤੋਂ, ਬਣ ਰਹੇ ਸੰਸਕਾਰਾਂ ਦਾ ਅਸਰ **ਮਨ** ਕਬੂਲਦਾ ਰਹਿੰਦਾ ਹੈ । ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ **ਮਨ** ਦਾ ਵਜੂਦ ਬਣਦਾ ਹੀ ਸੰਸਕਾਰਾਂ ਦੇ ਇਕੱਠ ਤੋਂ ਹੈ । ਭਟਕਣਾ ਵਿਚ ਪਏ ਇਸ ਲੋਭੀ ਮਨ ਨੂੰ ਗੁਰਬਾਣੀ ਵਿਚ ' ਜੀਅ ' ਅਥਵਾ ' ਜੀਅੜਾ ' ਵੀ ਫ਼ੁਰਮਾਨ ਕੀਤਾ ਹੈ:--

੨੨੧- **ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ ੨ ॥** [੮੭੬]-੧

ਕਦੇ ਅਸਮਾਨਾ ਤੇ ਜਾ ਬੈਠਨ ਵਾਲਾ ਅਤੇ ਕਦੇ ਖੂਹ ਵਿਚ ਜਾ ਪੈਣ ਵਾਲਾ ਮਨ ਦੇ ਸਿਵਾ ਹੋਰ ਕੌਣ ਹੈ ?-- **ਮਨ ਰੇ ਕਹਾ ਭਇਓ ਤੈ ਬਉਰਾ ॥ ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥ ੧ ॥ ਰਹਾਉ ॥**[੨੨੦] ਲੋਭੀ ਕੁੱਤੇ ਵਾਂਗ ਭਟਕਦਾ ਫਿਰਦਾ ਇਹ ' ਮਨ ' ਹੀ ਤਾਂ ਹੈ ਜੋ ਮਨੁੱਖ ਨੂੰ ਖ਼ੁਆਰ ਕਰ ਰਿਹਾ ਹੈ--**ਕਬੀਰ ਮਨੁ ਜਾਨੈ ਸਭ ਬਾਤ.......**੧੩੭੬]

ਸਤਿਗੁਰਾਂ ਦੇ ਬਚਨਾਂ ਅਨੁਸਾਰ ਚਲ ਕੇ ਮਨ ਨੂੰ ਵੱਸ ਵਿਚ ਕਰਨਾ ਹੀ, ਜੀਵਨ ਮਨੋਰਥ ਹੈ । ਗੁਰਮਤਿ ਗਿਆਨ ਦੁਆਰਾ ਮਨ ਦਾ ਆਪਾ ਭਾਵ ਮਿਟਾ ਕੇ ਇਸ **ਮਨ** ਨੂੰ ਹੀ ਪ੍ਰਭੂ ਦੇ ਅਰਪਨ ਕਰਨਾ ਹੈ । ਏਸੇ ਮਨ ਦੇ ਵੱਟੇ ਹੀ, ਮਨ ਦੇ ਟਿਕਾਉ ਦੇ ਨਾਲ ਹੀ, ਹਿਰਦੇ ਘਰ ਵਿਚ ਲੱਗੇ ਪ੍ਰਭੂ-ਦਰਬਾਰ ਦੇ ਦਰਸ਼ਨ ਹੋ ਸਕਣੇ ਹਨ । ਮਨੁੱਖ ਨੂੰ ਮਿਲੀ ਅਲੋਕਾਰ ਸੁਗ਼ਾਤ **ਮਨ** ਬਾਰੇ ਤਾਂ ਕਲਿਜੁਗ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨ੍ਰਿਣਾ ਇਸ ਪ੍ਰਕਾਰ ਹੈ---**ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥**[੩੨੯]--੨੮ ਜਿਹੜਾ ਵਡਭਾਗਾ ਮਨੁੱਖ (ਗੁਰਬਾਣੀ ਦੀ) ਇਸ ਰਮਜ਼ ਨੂੰ ਸਮਝਦਾ ਹੈ ਉਸ ਦਾ ਮਨ ਤਿੰਨਾਂ ਲੋਕਾਂ ਨੂੰ ਚਾਨਣ ਦੇਣ ਵਾਲੇ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ ਭਾਵ-- **ਮਨ ਤੂ ਜੋਤਿ ਸਰੂਪ ਹੈ.......** । ਹੇ ਮਨ ! ਤੇਰੇ ਜਿਹਾ ਮੈਨੂੰ ਕਿਥੋ ਕੋਈ ਮਿਲੇ:--

## ੪੧

# " ਜੋ ਕਿਛੁ ਕੀਆ ਸੁ ਮਨ ਕੀਆ "

ਹਿੰਦੂ ਧਰਮ ਵਿਚ ਪਾਪ ਕਰਮਾਂ ਦੀ ਅਤੇ ਪੁੰਨ ਕਰਮਾਂ ਦੀ ਬੜੀ ਲੰਮੀ ਲਿਸਟ ਹੈ । ਬ੍ਰਾਹਮਣੀ-ਗ੍ਰੰਥਾਂ ਵਿਚ ਇਸ ਬਾਰੇ ਪੂਰਾ ਵੇਰਵਾ ਹੈ ਕਿ ਕਿਹੜਾ ਕਰਮ ਕਰਨ ਨਾਲ ਕੀ ਪਾਪ ਲੱਗਦਾ ਹੈ ਅਤੇ ਕਿਹੜੇ ਪਾਪ ਦੇ ਕਾਰਨ ਕਿਸ ਪ੍ਰਕਾਰ ਦੇ ਦੁਖਦਾਈ ਨਰਕਾਂ ਵਿਚ ਪੈਣਾ ਹੁੰਦਾ ਹੈ ? ਏਸੇ ਤਰ੍ਹਾਂ ਪੁੰਨ ਕਰਮਾਂ ਦਾ ਬੜਾ ਲੰਮਾ ਚੌੜਾ ਜ਼ਿਕਰ ਹੈ । ਪੁੰਨ ਕਰਮ ਕਿਹੜੇ ਕਿਹੜੇ ਹਨ ਅਤੇ ਉਨ੍ਹਾਂ ਨਾਲ ਕਿੰਨੇ ਕਿੰਨੇ ਪਾਪਾਂ ਦਾ ਨਾਸ ਹੋ ਜਾਂਦਾ ਹੈ ? ਬ੍ਰਾਹਮਣਾਂ ਦੀ ਸਹਾਇਤਾ ਨਾਲ ਮਨੁੱਖ, ਪੁੰਨ ਕਰਮਾਂ ਦੀ ਗਿਣਤੀ ਵਧਾ ਕੇ ਸੁਰਗ ਭੋਗਣ ਦਾ ਹੱਕਦਾਰ ਬਣ ਜਾਂਦਾ ਹੈ । ਪਾਪਾਂ ਨਾਲੋਂ ਪੁੰਨ ਕਰਮਾਂ ਦੇ ਵਧਾ ਸਕਣ ਦੇ ਵੇਰਵੇ ਦਾ ਗਿਆਨ, ਵੇਦਾਂ ਤੋਂ ਹੀ ਮਿਲਣਾ ਅਰੰਭ ਹੋ ਜਾਂਦਾ ਹੈ । ਸਿਮ੍ਰਿਤੀਆਂ, ਸ਼ਾਸਤਰਾਂ, ਪੁਰਾਣਾ ਆਦਿ ਸਭ ਵਿਚੋਂ ਬ੍ਰਾਹਮਣ ਲੋਕ ਇਸ ਵੇਰਵੇ ਬਾਰੇ ਪੜ੍ਹ ਸੁਣਾਉਂਦੇ ਹਨ । ਇਸ ਤੱਥ ਦੀ ਪੁਸ਼ਟੀ, ਗੁਰਬਾਣੀ ਦੇ ਬੇਅੰਤ ਸ਼ਬਦ ਕਰਦੇ ਹਨ । ਉਦਾਹਰਣ ਵਜੋਂ---**ਬੇਦ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ** ॥[੧੨੪੩]--**ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ** ॥[੯੪੯]-**ਸਾਸਤ੍ਰ ਬੇਦ ਪਾਪ ਪੁੰਨ**

**ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰੁ ॥**[੩੮੫] ਲਗ ਪਗ ਸਾਰੇ ਧਰਮਾਂ ਦੇ ਆਗੂਆਂ ਕੋਲੋਂ ਪਾਪ ਕਰਮਾਂ ਅਤੇ ਪੁੰਨ ਕਰਮਾਂ ਦੇ ਵੇਰਵੇ ਵਾਲੀ ਸੂਚੀ ਪ੍ਰਾਪਤ ਹੋ ਸਕਦੀ ਹੈ ।

ਸ਼ਾਇਦ ਸਾਨੂੰ ਸਾਰਿਆਂ ਗੁਰ ਸਿੱਖਾਂ ਨੂੰ ਇਹ ਪਤਾ ਨਾ ਹੀ ਹੋਵੇ ਕਿ ਪਾਪ ਦਾ, ਪਾਪੀ ਦਾ ਅਤੇ ਪੁੰਨ ਅਥਵਾ ਪੁੰਨੀ ਦਾ ਜ਼ਿਕਰ ਤਾਂ ਗੁਰਬਾਣੀ ਵਿਚ ਬਹੁਤ ਆਇਆ ਹੈ ਪਰ ਜੇ ਸਤਿਗੁਰਾਂ ਨੂੰ ਇਹ ਪੁਛ ਲਈਏ ਕਿ ਕਿਹੜਾ ਕਰਮ (ਕੰਮ), **ਪਾਪ** ਹੈ ਤਾ ਇੱਕ--" **ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ, ਤਿਨ ਸੇ ਝਗਰਤ ਪਾਪ ॥** [੧੨੦੦] ਫ਼ੁਮਾਨ ਤੋਂ ਛੁੱਟ ਹੋਰ ਅਜੇਹਾ ਕੋਈ ਗੁਰੂ ਫ਼ੁਰਮਾਨ ਗੁਰਬਾਣੀ ਵਿਚੋਂ ਨਹੀਂ ਮਿਲਦਾ ਜਿਸ ਵਿਚ ਇਸ ਤਰ੍ਹਾਂ ਕਿਸੇ ਕਰਮ ਨੂੰ ਨਿਖਾਰ ਕੇ **ਪਾਪ** ਕਿਹਾ ਹੋਵੇ। ਏਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ **ਕਰਮ** ਨੂੰ ਚੰਗਾ ਜਾਂ ਮਾੜਾ ਤਾਂ ਬੇਸ਼ਕ ਕਹਿੰਦੇ ਹੋਣਗੇ ਪਰ ਕਿਸੇ, ਕਰਮ ਨੂੰ " **ਪੁੰਨ ਕਰਮ** " ਹੋਣ ਦੀ ਗੱਲ ਕਿਸੇ ਥਾਂ ਨਹੀਂ ਕੀਤੀ। ਸਗੋਂ--**ਪਾਪ ਪੁੰਨ ਦੁਇ ਏਕ ਸਮਾਨ ॥**[੩੨੫] ਅਤੇ ਪਾਪ ਪੁੰਨ ਅਤੇ ਉਨ੍ਹਾਂ ਤੋਂ ਮਿਲਦੇ ਸੁਰਗ ਨਰਕ ਦੇ ਝਮੇਲੇ ਬਾਰੇ ਸੁਖਮਨੀ ਸਾਹਿਬ ਵਿਚ ਇਉਂ ਦਾ ਫ਼ੁਰਮਾਨ ਵੀ ਹੈ--**ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥**[੨੯੧-੯੨]

ਪਾਪਾਂ ਬਾਰੇ ਗੁਰਬਾਣੀ ਵਿਚ ਅਜੇਹੇ ਸ਼ਬਦ ਵੀ ਹਨ--**ਪਾਪ ਕਮਾਵਦਿਆ ਤੇਰਾ ਕੋਇ ਨਾ ਬੇਲੀ ਰਾਮ ॥** [੫੪੬]--**ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥** [੮੦੯]--**ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥** [੪੧੭] ਅਜੇਹੇ ਕਈ ਗੁਰੂ ਸ਼ਬਦਾਂ ਤੋਂ ਸ਼ੰਕਾ ਉਪਜਣਾ ਕੁਦਰਤੀ ਗੱਲ ਹੈ ਕਿ, ਜਦ ਗੁਰਬਾਣੀ ਵਿਚ ਕਿਸੇ ਕਰਮ ਨੂੰ ਪਾਪ ਕਿਹਾ ਹੀ ਨਹੀਂ ਤਾਂ ਫਿਰ ਇਨ੍ਹਾਂ ਤਿੰਨਾ ਜਾਂ ਅਜੇਹੇ ਹੋਰ ਗੁਰੂ ਫ਼ੁਰਮਾਨਾਂ ਵਿਚ, ਸਤਿਗੁਰਾਂ ਨੇ ਕਿਹੜੇ ਪਾਪ-ਕਰਮਾਂ ਦੀ ਗੱਲ ਕੀਤੀ ਹੈ ? ਗੁਰਮਤਿ ਦੇ ਇਸ ਸਿਧਾਂਤ ਨੂੰ ਸਮਝਣ ਲਈ, ਰੋਜ਼ ਵਾਪਰ ਰਹੇ ਬੇਅੰਤ ਅਜੇਹੇ ਹਾਲਾਤ ਨੂੰ ਛੱਡ ਕੇ, ਉਦਾਹਰਣ ਵਜੋਂ ਕੁਝ ਇਤਿਹਾਸਕ ਘਟਾਨਵਾਂ ਵਿਚਾਰ ਅਧੀਨ ਲਿਆਉਂਦੇ ਹਾਂ:---

(੧) ਡਾਕੇ ਮਾਰਨੇ ਅਤੇ ਕਤਲ ਕਰਨੇ ਵਡੇ ਪਾਪ ਮੰਨੇ ਗਏ ਹਨ । ਸਰਕਾਰਾਂ ਨੇ ਅਜੇਹੇ ਦੋਸ਼ਾਂ ਦੀ ਸਜ਼ਾ ਮੌਤ ਅਥਵਾ ਉਮਰ ਕੈਦ ਰੱਖੀ ਹੋਈ ਹੈ । ਅਹਿਮਦ ਸ਼ਾਹ ਅਬਦਾਲੀ ਨੇ ਡਾਕਾ ਮਾਰਿਆ । ਕਈ ਮਨੁੱਖ ਜ਼ਖਮੀ ਹੋਏ, ਕਈ ਕਤਲ ਕਰ ਦਿੱਤੇ ਅਤੇ ਧਨ ਦੌਲਤ, ਜਵਾਨ ਧੀਆਂ ਭੈਣਾ ਆਦਿ ਲਈ ਖੋਹਾ ਖਾਹੀ ਹੋਈ। ਫਿਰ ਸਿੰਘਾਂ ਨੇ ਅਹਿਮਦ ਸ਼ਾਹ ਦੀ ਫ਼ੌਜ ਤੇ ਡਾਕਾ ਮਾਰਿਆ । ਉਸ ਡਾਕੇ ਵਿਚ ਵੀ ਲੋਕ ਜ਼ਖਮੀ ਹੋਏ ਅਤੇ ਕਈ ਮਨੁੱਖ ਜਾਨ ਗੁਆ ਬੈਠੇ । ਖੋਹਾ-ਖਾਹੀ ਏਥੇ ਵੀ ਹੋਈ । ਦੋਹੀ ਥਾਂਈ ਡਾਕਾ ਵੱਜਾ, ਕਤਲ ਹੋਏ ਅਤੇ ਖੋਹਾਖਾਹੀ ਵੀ ਹੋਈ । ਪਰ ਕੀ ਕਾਰਨ ਹੈ ਕਿ, ਇੱਕ ਡਾਕੇ ਨੂੰ ਲੋਕ ਵਡੇ ਜਾਬਰ ਦਾ ਜ਼ੁਲਮੀ ਕਾਰਾ ਕਹਿ ਕੇ ਨਿੰਦਿਆ ਕਰ ਰਹੇ ਹਨ ਅਤੇ ਦੂਜੇ ਨੂੰ ਵਡੇ ਉਪਕਾਰ ਦਾ ਕੰਮ ਮੰਨ ਕੇ ਡਾਕਾ ਮਾਰਨ ਵਾਲੇ ਖ਼ਾਲਸਾ ਜੀ ਦੇ ਸੋਹਲੇ ਗਾ ਰਹੇ ਹੁੰਦੇ ਹਨ? ਕਾਰਨ ਕੇਵਲ ਮਨ ਦੀ ਅਵਸਥਾ ਹੈ । ਇਕ ਡਾਕਾ ਜ਼ਾਲਮਾਂ ਲੁਟੇਰਿਆਂ ਦੇ **ਮਨ** ਦੀ ਲਾਲਚੀ ਲੰਪਟੀ ਰੁਚੀ ਨੇ ਮਰਵਾਇਆ। ਇਸ ਡਾਕੇ ਵਿਚ ਲੁਟੇਰਿਆਂ ਨੇ ਨਿਤਾਣਿਆਂ ਦੀ ਕਮਾਈ ਲੁੱਟ ਖਾਣ ਲਈ ਅਤੇ ਬਹੁ ਬੇਟੀਆਂ ਦੀ ਇੱਜ਼ਤ ਬਰਬਾਦ ਕਰਨ ਲਈ ਅਥਵਾ ਉਨ੍ਹਾਂ ਨੂੰ ਗੁਲਾਮ ਬਨਾਉਣ ਲਈ ਕਈ ਲਾਚਾਰ ਮਨੁੱਖਾਂ ਨੂੰ ਕਤਲ ਕੀਤਾ ਕਈਆਂ ਬੁਰੀ ਤਰ੍ਹਾਂ ਘ੍ਰਾਇਲ ਕਰਕੇ ਤਬਾਹ ਬਰਬਾਦ ਕਰ ਦਿਤਾ। ਦੂਜਾ ਡਾਕਾ ਮਾਰਨ ਵਾਲੇ ਮਰਜੀਵੜਿਆਂ ਦਾ **ਮਨ** ਜ਼ਾਲਮ ਦੇ ਜ਼ੁਲਮ ਨੂੰ ਮਿਟਾਉਣ ਲਈ ਸਿਰੜ ਧਾਰਨ ਕਰ ਚੁੱਕਾ ਸੀ। ਇਨ੍ਹਾਂ ਕੋਲੋਂ ਲੁੱਟੇ ਪੁੱਟੇ ਮਜ਼ਲੂਮਾਂ ਦੇ ਹਾਉਕੇ ਨਹੀਂ ਸਨ ਸੁਣੇ ਜਾ ਰਹੇ। ਆਪਣੇ ਤੋਂ ਕਈ ਗੁਣਾ ਵੱਧ ਗਿਣਤੀ ਵਾਲੇ ਜਰਵਾਣਿਆਂ ਕੋਲੋਂ ਖੋਹਿਆ ਹੋਇਆ ਮਾਲ ਖੋਹ ਕੇ ਹਕਦਾਰਾਂ ਨੂੰ ਪੁਚਾਉਣ ਲਈ ਕੱਫਨ ਸਿਰਾਂ ਤੇ ਬੰਨ੍ਹੇ ਲਏ ਸਨ। ਵਰਲਾਪ ਕਰ ਰਹੀਆਂ ਦੁਖਿਆਰੀਆਂ ਬੀਬੀਆਂ ਨੂੰ ਜਰਵਾਣਿਆਂ ਦੇ ਪੰਜੇ ਵਿਚ ਆਜ਼ਾਦ ਕਰਾ ਕੇ ਉਨ੍ਹਾਂ ਦੇ ਵਾਰਸਾਂ ਕੋਲ ਸੁਰੱਖਿਅਤ ਥਾਂਵਾਂ ਤੇ ਪੁਚਾਉਣ ਲਈ, ਸੂਰਮਿਆਂ ਨੇ ਆਪਣੀਆਂ ਜਾਨਾਂ ਨੂੰ ਸਖ਼ਤ ਖ਼ਤਰੇ ਵਿਚ ਪਾਈਆਂ ਸੀ। ਉਂਜ ਹੈ ਇਹ ਵੀ ਡਾਕਾ ਹੀ ਸੀ।

(੨) ਲਗ ਪਗ ਸਾਰੇ ਧਰਮਾਂ ਨੇ ਅਥਵਾ ਚੰਗਿਆਂ ਸਮਾਜਾਂ ਨੇ, ਝੂਠ ਬੋਲਣਾ ਅਤੇ ਧੋਖਾ ਦੇਣਾ ਪਾਪ ਮੰਨਿਆਂ ਹੈ । ਸੁੱਖਾ ਸਿੰਘ ਮਹਿਤਾਬ ਸਿੰਘ ਨੇ ਪਹਿਰੇ ਦਾਰਾਂ ਨੂੰ ਧੋਖਾ ਦੇਣ ਲਈ ਰੁਪਈਆਂ ਦੇ ਥਾਂ ਠੀਕਰੀਆਂ ਦੇ ਬੋਰੇ ਵਿਖਾ ਕੇ ਝੂਠ ਬੋਲਿਆ ਕਿ ਉਹ ਇਲਾਕੇ ਦੇ ਜਿੰਮੀਦਾਰ ਹਨ ਅਤੇ ਹਰਿਮੰਦਰ ਸਾਹਿਬ ਵਿਚ ਬੈਠੇ ਚੌਧਰੀ ਮੱਸੇ ਰੰਗੜ ਨੂੰ ਮਾਮਲਾ ਦੇਣ ਆਏ ਹਨ । ਪਰ ਮਨ ਦੀ ਨੀਯਤ ਸੁਆਰਥੀ ਨਹੀਂ ਸਗੋਂ ਦੀਨਾਂ ਦੁਖੀਆਂ ਲਈ ਪੁਰਜਾ ਪੁਰਜਾ ਕੱਟ ਮਰਨ ਦੀ ਸੀ। ਲਹੂ ਪੀਣੇ ਜਰਵਾਣੇ ਪਹਿਰੇਦਾਰਾਂ ਦੀ ਵਾੜ ਬਣਾ ਕੇ ਇੱਕ ਹੰਕਾਰੀ ਜ਼ਾਲਮ ਲਗਾਤਾਰ ਜ਼ੁਲਮ ਕਰੀ ਜਾ ਰਿਹਾ ਸੀ। ਹੀਮੰਦਰ ਸਾਹਿਬ ਵਿਚ ਆਪਣਾ ਦਰਬਾਰ ਸਜਾਈ ਬੈਠੇ ਚੰਡਾਲ ਤੱਕ ਪੁੱਜ ਕੇ ਹੋ ਰਹੇ ਜ਼ੁਲਮ ਦਾ ਭੋਗ ਪਾਉਣਾ ਸੀ। ਜ਼ਾਲਮ ਰੰਗੜ ਤੱਕ ਪੁਜ ਕੇ ਉਸ ਨੂੰ ਸੋਧਣ ਲਈ ਉਪਕਾਰੀ ਸੂਰਮਿਆਂ ਨੇ ਆਪਣੀਆਂ ਜਾਨਾਂ ਸਖ਼ਤ ਖ਼ਤਰੇ ਵਿਚ ਪਾਈਆਂ ਸਨ। ਪਾਪ-ਕਰਮ ਮੰਨੇ ਗਏ ਕਥਿਤ **ਝੂਠ** ਅਤੇ **ਧੋਖਾ**-- ਹੰਕਾਰੀ ਜ਼ਾਲਮ ਤੋਂ ਮਜ਼ਲੂਮਾਂ ਦੀ ਖ਼ਲਾਸੀ ਕਰਵਾਉਂ ਲਈ ਪਵੱਤਿਰ ਸਾਧਨ ਬਣੇ।

(੩) ਏਸੇ ਤਰ੍ਹਾਂ ਮਾਛੀ ਵਾੜੇ ਤੋਂ ਦਸ਼ਮੇਸ਼ ਜੀ ਨੂੰ ਜ਼ਾਲਮਾਂ ਦੇ ਕਰੜੇ ਘੇਰੇ ਵਿਚੋਂ ਕੱਢਣ ਸਮੇਂ ਸਿੰਘਾਂ ਦਾ ਅਤੇ ਗ਼ਨੀ ਖਾਂ ਨਬੀ ਖਾਂ ਦਾ ਫੌਜੀਆਂ ਨੂੰ ਇਹ ਕਹਿਣਾ ਕਿ ਉਨ੍ਹਾਂ ਦੇ ਮੰਜੇ ਤੇ ਬੈਠੇ ਕਲਗ਼ੀਧਰ ਜੀ ਨਹੀਂ ਹਨ, **ਝੂਠ** ਸੀ ਪਰ ਦੂਜੇ ਥਾਂ ਗੰਗੂ ਬ੍ਰਾਹਮਣ ਦਾ ਮੁਗਲਾਂ ਦੀ ਪੁਲਸ ਨੂੰ ਇਹ ਕਹਿਣਾ ਕਿ ਸਤਿਗੁਰਾਂ ਦੇ ਦੋ ਸਾਹਿਬਜ਼ਾਦੇ ਅਤੇ ਮਾਤਾ ਜੀ ਉਸ ਦੇ ਘਰ ਬੈਠੇ ਹਨ, **ਸੱਚ** ਸੀ । ਸਿੰਘਾਂ ਦਾ ਅਤੇ ਗ਼ਨੀਖਾਂ ਨਬੀਖਾਂ ਦਾ **ਝੂਠ** ਮਨੁੱਖਤਾ ਦੇ ਭਲੇ ਵਾਸਤੇ ਬੜੇ ਵੱਢੇ ਉਪਕਾਰ ਦਾ **ਸ਼ੁੱਭ-ਕਰਮ** ਸੀ, ਪਰ ਗੰਗੂ ਦਾ **ਸੱਚ**, ਅਕ੍ਰਿਤਘਣ, ਵਿਸ਼ਵਾਸ਼ਘਾਤੀ, ਚੋਰ ਦਾ ਅਜੇਹਾ **ਕੁਕਰਮ ਸੀ,** ਜਿਸ ਤੋਂ ਨਿਰਦੋਸ਼, ਨਿਸ਼ਕਪਟ ਅਤੇ ਬੜੀਆਂ ਕੀਮਤੀ ਜਾਂਨਾਂ ਖ਼ੂੰਨਖ਼ਾਰ ਜ਼ਾਲਮ ਬਘਿਆੜਾਂ ਦੇ ਵੱਸ ਪੈ ਗਈਆਂ । ' ਕਰਮ ' ਆਪਣੇ ਆਪ ਵਿਚ ਨਾ ਪੁੰਨ ਹੈ ਅਤੇ ਨਾ ਪਾਪ । ਸਰੀਰ ਨਾਲ ਕੀਤੇ ਕਰਮ ਨੂੰ, ਮੱਨੁਖ ਦੀ ਨੀਯਤ ਅਥਵਾ **ਮਨ** ਦੀ ਕਾਮਨਾ, **ਪਾਪ** ਜਾਂ **ਪੁੰਨ** ਬਣਾਉਂਦੀ ਹੈ । ਕਿਤੇ ਝੂਠ ਪੁੰਨ ਬਣ ਜਾਂਦਾ ਹੈ ਕਿਤੇ ਸੱਚ ਪਾਪ ਬਣ ਜਾਂਦਾ ਹੈ ।

ਏਸੇ ਤਰ੍ਹਾਂ ਸਰੀਰ ਨਾਲ ਕੀਤੇ ਵਿਖਾਵੇ ਵਾਲੇ ਸਾਰੇ ਕਥਿਤ ਧਰਮ ਕਰਮ, ਜਿਨ੍ਹਾਂ ਤੋਂ ਮਨੁੱਖ ਦੇ ਮਨ ਵਿਚ ਹਉਮੈ ਜਿਹਾ ਦੀਰਘ ਰੋਗ ਪੈਦਾ ਹੁੰਦਾ ਹੋਵੇ ਆਤਮਕ ਜਿੰਦਗੀ ਲਈ ਸਖ਼ਤ ਹਾਨੀ ਕਾਰਕ ਹਨ। ਜਿਵੇਂ (ਗੁਰਬਾਣੀ ਸਣੇ) ਧਰਮ ਗ੍ਰੰਥਾਂ ਦੇ ਲੋਕ-ਵਿਖਾਵੇ ਵਾਲੇ ਪਾਠ ਕਰਨੇ ਜਾਂ ਕਰਵਾਉਣੇ, ਯੋਗ ਆਸਣ ਕਰਨੇ, ਮੋਨ ਧਾਰੀ ਬਣ ਬਾਹਿਣਾ, ਬਰਤਨਾਂ ਦੇ ਥਾਂ ਆਪਣੇ ਹੱਥਾਂ ਨੂੰ ਹੀ ਵਰਤ ਲੈਣ ਦਾ ਹਠ-ਕਰਮ, ਤੀਰਥਾਂ ਦਾ ਇਸ਼ਨਾਨ, ਤੀਰਥਾਂ ਕੰਢੇ ਜਾ ਵੱਸਣਾ, ਸੁਰਗਾਂ ਦੀ ਪ੍ਰਾਪਤੀ ਦੀ ਲਾਲਸਾ ਨਾਲ ਕਰਵਤ (ਆਰੇ) ਹੇਠ ਬੈਠ ਕੇ ਸਰੀਰ ਦੋ ਫਾੜ ਕਰਵਾ ਲੈਣਾ, ਇਸਤ੍ਰੀ, ਸੋਨਾ, ਵਧੀਆ ਘੋੜੇ, ਜ਼ਮੀਨ ਅਤੇ ਹੋਰ ਕਈ ਤਰ੍ਹਾਂ ਦੇ ਦਾਨ-ਪੁੰਨ ਕਰਨੇ--ਇਨ੍ਹਾਂ ਸਾਰੇ ਕਥਿਤ ਧਰਮ-ਕਰਮਾਂ ਨਾਲ ਮਨੁੱਖ ਦੀ ਆਤਮਕ ਜਿੰਦਗੀ ਦਾ ਸੌਰਦਾ ਕੁਝ ਨਹੀਂ ਸਗੋਂ ਹੰਕਾਰ ਵਿਚ ਵਾਧਾ ਹੋ ਜਾਣ ਨਾਲ ਪ੍ਰਭੂ ਨਾਲੋਂ ਵਿੱਥ ਹੋਰ ਵਧ ਜਾਂਦੀ ਹੈ । ਭਾਵ, ਹਠ-ਕਰਮ ਆਤਮਕ ਮੌਤ ਲਿਆਉਣ ਦਾ ਕਾਰਣ ਬਣਦੇ ਹਨ । ਇਨ੍ਹਾਂ ਸਾਰੇ ਧਰਮ-ਕਰਮਾਂ ਦਾ ਜ਼ਿਕਰ-- **ਸੋਰਠ ਮਹਲਾ ੫ ਘਰੁ ੨ ਅਸਟਪਦੀਆ ॥** ਸ਼ਬਦ ਦੀਆਂ ਛੇ ਤੁਕਾਂ ਵਿਚ ਹੈ । ਸ਼ਬਦ ਦੀ ਪਹਿਲੀ ਤੁਕ ਵਿਚ ਹੀ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ ਹੈ, ਕਿ ਮੈਂ ਅਜੇਹੇ ਕਥਿਤ ਧਰਮ-ਕਰਮਾਂ ਦੇ ਕਰਨ ਵਾਲੇ ਅਨੇਕ ਲੋਕ ਬੜਾ ਨੇੜਿਉਂ ਵੇਖੇ ਹਨ, ਕਿਸੇ ਪ੍ਰਕਾਰ ਦਾ ਲਾਭ ਹੋਣ ਦੇ ਥਾਂ ਅਜੇਹੇ ਹਠ-ਕਰਮੀਆਂ ਦੀ ਹਉਮੈ ਹੀ ਵਧੀ ਹੈ-**ਅਧਿਕ ਅਹੰਬੁਧਿ ਬਾਧੇ ॥ ੧ ॥** ਅਤੇ ਰਹਾਉ ਦੀ ਤੁਕ ਵਿਚ ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਇਨ੍ਹਾਂ ਵਿਧੀਆਂ ਨਾਲ ਪ੍ਰਭੂ ਦਾ ਮਿਲਾਪ ਪ੍ਰਾਪਤ ਨਹੀਂ ਹੋ ਸਕਦਾ । ਕਥਿਤ ਧਰਮ-ਕਰਮ ਕਰਨ ਦੀ ਖੇਚਲ ਵਿਚ ਪੈਣ ਦੇ ਥਾਂ, ਸਤਿਗੁਰਾਂ ਨੇ, ਖਰੇ ਖੋਟੇ ਦੀ ਪਛਾਣ ਕਰ ਸਕਣ ਵਾਲੀ ਬੁੱਧੀ ਦੀ ਬਖ਼ਸ਼ਸ਼ ਲਈ ਪ੍ਰਭੂ ਚਰਨਾਂ ਵਿਚ ਅਰਦਾਸ ਕਰਨ ਦਾ ਉਪਦੇਸ਼ ਦਿੱਤਾ---**ਪਿਆਰੇ ਇਨ ਬਿਧਿ ਮਿਲਣੁ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥** [ਪੜ੍ਹੋ ਸ਼ਬਦ ਪੰਨਾ ੬੪੧-੪੨]

ਪਰਮਾਤਮਾ ਨੂੰ ਜਾਂ ਸਤਿਗੁਰਾਂ ਨੂੰ ਪ੍ਰਸੰਨ ਕਰਕੇ ਕਿਸੇ ਕਾਮਨਾ ਦੀ ਪੂਰਤੀ ਦੀ ਆਸ ਨਾਲ ਕੀਤਾ ਹਰ ਕਰਮ, ਬ੍ਰਾਹਮਣੀ ਅਰਥਾਂ ਵਾਲਾ **ਕਰਮ-ਕਾਂਡ ਹੈ** । ਅਤੇ ਕਰਮ ਕਾਂਡ ਬਾਰੇ ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ--**ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ ੩ ॥** [੧੬੨] ਏਸੇ ਤਰ੍ਹਾਂ ਵਿਖਾਵੇ ਵਾਲੇ ਧਰਮ-ਕਰਮ ਨੂੰ ਸਤਿਗੁਰਾਂ ਨੇ ਹੰਕਾਰ ਵਧਾਉਣ ਵਾਲਾ ਫਿਟਕਾਰ ਜੋਗ ਕਰਮ ਫ਼ੁਰਮਾਨ ਕੀਤਾ ਹੈ । ਮਾਲਾ ਫੜ ਕੇ ਅੱਖਾਂ ਬੰਦ ਕਰਕੇ ਤੀਰਥਾਂ ਤੇ ਸਮਾਧੀ ਲਾਈ ਬੈਠੇ ਨੂੰ, ਬਗੁਲ-ਸਮਾਧੀਆ ਕਿਹਾ ਹੈ ਅਤੇ ਫਿਰ ਅਜੇਹੇ ਧਰਮ ਕਰਮੀਆਂ ਬਾਰੇ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ--

੨੨੨- **ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥**
**ਹਰਿ ਕਾ ਨਾਮੁ ਮੰਨਿ ਵਸਾਏ॥ ਨਾਨਕ ਨਦਰਿ ਕਰੇ ਸੋ ਪਾਏ॥**
**ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥੨॥** [੪੬੭]-੯

ਜੇ ਗੁਰੂ ਨਾਨਕ ਪਾਤਸ਼ਾਹ ਜੀ ਅਜੋਕੇ ਅੰਮ੍ਰਿਤਧਾਰੀਆਂ ਨੂੰ ਵੇਖਦੇ ਤਾਂ ਜ਼ਰੂਰ ਫ਼ੁਰਮਾਨ ਕਰਦੇ ਕਿ, ਜੇ ਖੰਡੇ ਬਾਟੇ ਦਾ ਅੰਮ੍ਰਿਤ ਵੀ ਇਸ ਵਿਸ਼ਵਾਸ਼ ਨਾਲ ਛਕਿਆ ਜਾਂ ਛਕਾਇਆ ਜਾਂਦਾ ਹੈ ਕਿ ਇਸ ਦੇ ਛਕਣ-ਮਾਤ੍ਰ ਨਾਲ ਹੀ ਵਾਹਿਗੁਰੂ ਪ੍ਰਸੰਨ ਹੋ ਕੇ ਮਨੁੱਖ ਦੇ ਜਨਮ ਮਰਨ ਦਾ ਕਸ਼ਟ ਕੱਟ ਦਿੰਦੇ ਹਨ, ਜਾਂ ਖੰਡੇ-ਬਾਟੇ ਦੀ ਪਾਹੁਲ ਛਕਣ ਵਾਲਾ ਪ੍ਰਾਣੀ ਜੇ ਇਹ ਸਮਝਦਾ ਹੈ ਕਿ ਉਹ ਸੰਸਾਰ ਦੇ ਬਾਕੀ ਮਨੁੱਖਾਂ ਨਾਲੋਂ ਸ੍ਰੇਸ਼ਟ ਬਣ ਗਿਆ ਹੈ, ਤਾਂ ਅਜੇਹਾ ਅੰਮ੍ਰਿਤ-ਸੰਸਕਾਰ ਵੀ **ਦੁਖਦਾਈ ਕਿਸਮ ਦਾ ਕਰਮ-ਕਾਂਡ ਹੀ ਬਣ ਕੇ ਰਹਿ ਜਾਂਦਾ ਹੈ।** ਅੰਮ੍ਰਿਤ ਪਾਨ ਕਰਨਾ ਹਰ ਗੁਰ-ਸਿੱਖ ਵਾਸਤੇ ਇਸ ਲਈ ਜ਼ਰੂਰੀ ਹੈ ਕਿ ਇਸ ਦੁਆਰਾ ਉਸ ਨੇ ਗੁਰਮਤਿ ਦੀ ਸ਼ਖ਼ਸ਼ੀ ਰਹਿਣੀ ਵਿਚ ਸੁਆਸ ਸੁਆਸ ਪੱਕਾ ਰਹਿਣ ਦਾ ਪਰਣ ਕਰਕੇ ਪੰਜ ਕਕਾਰਾਂ ਵਾਲੀ **ਸੂਰਤ** ਅਤੇ ਗੁਰਮਤਿ ਅਨੁਸਾਰ ਜੀਊਂਣ ਦੇ ਆਚਾਰ ਵਾਲੀ **ਮੂਰਤਿ** ਸਾਂਭੀ ਰੱਖਣ ਵਿਚ ਪਰਪੱਕ ਰਹਿਣ ਦੇ ਬਚਨ ਦੁਆਰਾ ਸ੍ਰੀ ਦਸ਼ਮੇਸ਼ ਜੀ ਦੇ ਹੁਕਮ ਦੀ ਪਾਲਣਾ ਕਰਨੀ ਹੁੰਦੀ ਹੈ । ਗੁਰਸਿੱਖ ਲਈ ਸ਼ਖ਼ਸ਼ੀ ਰਹਿਣੀ ਉਹ ਹੈ ਜੋ ਸਤਿਗੁਰਾਂ ਨੇ ੨੦੦ ਸਾਲ ਤੋਂ ਵੱਧ ਸਮਾਂ ਲਾ ਕੇ ਸਿਖਾਈ ਸੀ । ਅੰਮ੍ਰਿਤਧਾਰੀ ਨੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਅਨੁਸਾਰ ਜੀਵਨੀ ਜੀਊਣ ਦਾ ਪ੍ਰਣ ਕਰਨਾ ਹੁੰਦਾ ਹੈ । [ਨੋਟ:--ਗੁਰੂ ਵਾਲਾ ਬਣਨ ਲਈ ਵਿਖਾਵੇ ਵਾਲੇ ਕਿਸੇ ਵਿਧੀ ਵਿਧਾਨ ਦੀ, ਗੱਲ ਕਰਨੀ, ਜਾਂ ਸੋਚਣੀ, ਗੁਰਮਤਿ ਨਹੀਂ ਹੈ । ਪਹਿਲਾਂ ' ਮਨ ' ਗੁਰੂ ਵਾਲਾ ਬਣਦਾ ਹੈ । ਜੇ ਮਨ ਗੁਰੂ-ਵਾਲਾ ਬਣ ਜਾਵੇ ਤਾਂ ਸਰੀਰ ਦੇ ਰੋਮ ਰੋਮ ਵਿਚੋਂ ਗੁਰੂ ਸਿੱਖੀ ਦਾ ਪ੍ਰਗਟ ਹੋਣਾ ਕੁਦਰਤ ਦਾ ਨਿਯਮ ਹੈ । ਕੇਵਲ ਚਰਣਾਮ੍ਰਿਤ ਪੀਣ ਨਾਲ ਜਾਂ ਕੇਵਲ ਖੰਡੇ-ਬਾਟੇ ਦਾ ਅੰਮ੍ਰਿਤ ਪੀ ਲੈਣ ਨਾਲ ਮਨ ਕਾਬੂ ਵਿਚ ਕਦੇ ਨਹੀਂ ਆਉਂਦਾ। ਮਨ ਤਾਂ ਕੇਵਲ ਗੁਰਮਤਿ-ਗਿਆਨ ਦੁਆਰਾ ਹੀ ਕਾਬੂ ਵਿਚ ਆਉਂਦਾ ਹੈ--" **ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨੁ ਨ ਹੋਇ** "। ਇਸ ਵਿਸ਼ੇ ਬਾਰੇ ਅੱਡਰਾ ਲੇਖ ਲਿਖਿਆ ਜਾ ਰਿਹਾ ਹੈ । ਸੁੱਚੇ ਆਚਰਨ ਵਾਲਾ ਨਿਰਮਾਣ ਅਤੇ ਮਿਠਬੋਲਾ **ਅਨਮਤੀਆ,** ਫਿੱਕਾ ਬੋਲਣ ਵਾਲੇ ਮਨਮਤੀਏ, ਹੰਕਾਰੀ ਕੁਕਰਮੀ ਅੰਮ੍ਰਿਤਧਾਰੀ ਨਾਲੋਂ, ਹਜ਼ਾਰ ਦਰਜੇ ਚੰਗਾ ਹੈ । ਹੰਕਾਰੀ ਮਨਮੁੱਖ ਦਾ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ--**ਅਹੰਕਾਰਿ ਡੁਬੈ ਨ ਪਾਵੈ ਮਾਨੁ ॥**[੬੬੬] ਪ੍ਰਭਤਾ ਦਾ, ਹਕੂਮਤ ਦਾ, ਜਵਾਨੀ ਦਾ, ਹੁਸਨ ਦਾ, ਮਾਇਆ ਆਦਿ ਦਾ ਹੰਕਾਰ ਮਨੁੱਖ ਦਾ ਪਿੱਛਾ ਛੱਡ ਸਕਦਾ ਹੈ, ਪਰ ਧਰਮੀ ਹੋਣ ਦਾ ਹੰਕਾਰ ਆਖ਼ਰੀ ਸੁਆਸਾਂ ਤੱਕ ਮਨੁੱਖ ਨੂੰ ਖ਼ੁਆਰ ਕਰਦਾ ਹੈ । ਭਿੰਡਰਾਂ ਵਾਲੇ ਮਹਾਂਪੁਰਖਾਂ ਦਾ ਇਹ ਲਿਖਤੀ ਭਰੋਸਾ ਕਿ--" ਖੰਡੇ-ਬਾਟੇ ਦਾ ਅੰਮ੍ਰਿਤ ਜਿਸ ਦੇ ਮੂੰਹ ਵਿਚ ਪੈ ਜਾਂਦਾ ਹੈ ਉਹ ਅੰਮ੍ਰਿਤਧਾਰੀ ਦਸ ਹਜ਼ਾਰ ਸਾਲ ਗ਼ਲਤੀਆਂ ਕਰੀ ਜਾਣ ਤੇ ਵੀ ਸਿੱਖਾਂ ਦੇ ਘਰ ਹੀ ਜਨਮ ਲਵੇਗਾ, ਦਸ਼ਮੇਸ਼ ਜੀ ਉਸ ਨੂੰ ਨਰਕਾਂ ਵਿਚ ਨਹੀਂ ਪੈਣ ਦਿੰਦੇ "- ਮਨੁੱਖ ਨੂੰ ਅੰਮ੍ਰਿਤਧਾਰੀ ਨਹੀਂ ਸਗੋਂ ਪਤਿਤ-ਹੰਕਾਰੀ ਬਣਾ ਰਿਹਾ ਹੈ । ਅਜੇਹਾ ਵਿਸ਼ਵਾਸ਼ ਸਿੱਖੀ ਦੇ ਖ਼ਾਤਮੇ ਦੇ ਦਿਨ ਨੇੜੇ ਲਈ ਆ ਰਿਹਾ

ਹੈ । [ਪੜ੍ਹੋ, ਸ੍ਰੀ ਮਾਨ ਪੰਥ ਰਤਨ ਵਿਦਿਯਾ ਮਾਰਤੰਡ ਸੱਚਖੰਡਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ " ਖ਼ਾਲਸਾ " ਭਿੰਡਰਾਂ ਕਲਾਂ ਦੀ ਲਿਖੀ " **ਗੁਮਤਿ ਰਹਿਤ ਮਰਯਾਦਾ** ਪੁਰਾਣਾ ਐਡੀਸ਼ਨ ਸਫ਼ਾ ੧੦੦, ਨਵਾਂ ਐਡੀਸ਼ਨ ਸਫ਼ਾ ੧੫੧ ਅਤੇ ਉਨ੍ਹਾਂ ਹੀ ਮਹਾਂ ਪੁਰਖਾਂ ਦਾ ਲਿਖਿਆ " ਗੁਰਬਾਣੀ ਪਾਠ ਦਰਸ਼ਨ ਸਫ਼ਾ ੮੮]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਗੁਰਸਿੱਖ ਬਣਨ ਲਈ ਜ਼ਰੂਰੀ ਸ਼ਰਤ ਇਹ ਹੈ--" ਪਹਿਲਾਂ ਹੰਕਾਰ ਆਦਿ ਵਿਕਾਰਾਂ ਲਈ ਆਪਣੇ ਆਪੇ ਭਾਵ ਨੂੰ, ਅਥਵਾ ਕਾਮਨਾ ਨਾਲ ਭਰੇ ਆਪਣੇ **ਮਨ** ਨੂੰ ਅਜੇਹਾ ਮੁਰਦਾ ਬਣਾ ਲਉ ਕਿ ਦੋਬਾਰਾ ਇਹ ਪੰਜੇ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਅਤੇ **ਹੰਕਾਰ**) ਤੁਹਾਡੇ ' ਆਪੇ ਨੂੰ " ਜੀਉਂਦਾ ਕਦੇ ਨਾ ਪਾਉਣ, ਫਿਰ ਆਪਣੇ **ਮਨ** ਨੂੰ ਕੁਲ ਪ੍ਰਾਣੀਆਂ ਦੀ ਚਰਨਾਂ ਦੀ ਧੂੜ ਬਣਾਉ, ਭਾਵ, ਆਪਣੇ ਆਪ ਨੂੰ ਸਾਰਿਆਂ ਨਾਲੋਂ ਨੀਵਾਂ ਸਮਝ ਕੇ ਆਪਣੇ ਮਨ ਨੂੰ ਸਾਰੀ ਲੋੜਵੰਦ ਲੁਕਾਈ ਦਾ ਸੇਵਕ ਬਣਾ ਲਵੋ ਅਤੇ ਫਿਰ ਅੰਮ੍ਰਿਤ ਪਾਨ ਕਰਨ ਲਈ ਮੇਰੇ ਕੋਲ ਆਉ--**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥**[੧੧੦੨] ਜਿਹੜੇ ਮਨੁੱਖ ਅਜੇਹੀ ਨਿਮਰਤਾ ਧਾਰ ਕੇ ਨਹੀਂ ਸਨ ਆਏ ਉਨ੍ਹਾਂ ਨੇ ਸਦੀਵੀ ਜਿੰਦਗੀ ਦੇਣ ਵਾਲੇ ਗੁਰ ਉਪਦੇਸ਼ ਰੂਪੀ " **ਨਾਮ ਅੰਮ੍ਰਿਤ** " ਦੀ ਕਦਰ ਨਾ ਕੀਤੀ--**ਕਰ ਮਹਿ ਅੰਮ੍ਰਿਤੁ ਆਨਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥ ੨ ॥**[੩੮੯] ਗੁਰੂ ਘਰਾਂ ਦੀ ਕਮੇਟੀ ਨੇ ਤਾਂ ਕੀ ਪੁੱਛਣਾ ਸੀ, ਜਿਸ ਗੁਰਦਆਰੇ ਵਿਚ ਚਾਰ ਚਾਰ ਗ੍ਰੰਥੀ ਸੇਵਾ ਕਰ ਰਹੇ ਹਨ ਉਥੇ ਵੀ, ਖੰਡੇ-ਬਾਟੇ ਦੇ ਅੰਮ੍ਰਿਤ ਦੀਆਂ ਕਰਾਮਾਤਾਂ ਬਾਰੇ ਮਨ-ਘੜਤ ਕਹਾਣੀਆਂ ਸੁਣਾ ਰਹੇ ਡੇਰੇ-ਦਾਰ ਕਥਿਤ ਮਹਾਂ ਪੁਰਖ ਸਾਧਾਂ ਕੋਲੋਂ ਕੋਈ ਨਹੀਂ ਪੁੱਛਦਾ, ਕਿ ਸਤਿਗੁਰਾਂ ਨੇ ਕਿਹੜਾ ਅੰਮ੍ਰਿਤ, ਸਾਡੇ ਕਿਹੋ ਜਿਹੇ ਬੁੱਕ ਵਿਚ ਪਾਇਆ ਅਤੇ ਅਸਾਂ ਉਸ ਨੂੰ ਕਿਸ ਮਿੱਟੀ ਵਿਚ ਰਲਾ ਦਿੱਤਾ ਹੈ?

ਸਤਿਗੁਰਾਂ ਲਈ ਸੱਚਾ ਅੰਮ੍ਰਿਤਧਾਰੀ ਉਹ ਸੀ ਜੋ ਵੈਰੀਆਂ ਅਤੇ ਮਿੱਤਰਾਂ, ਸਭ ਵਿਚ, ਅਕਾਲਪੁਰਖ ਦੇ ਦਰਸ਼ਨ ਕਰਨਾ ਵਾਲਾ, ਭਾਈ ਘਨੀਆ ਬਣ ਜਾਂਦਾ ਸੀ। ਗੁਰੂ ਤਾਂ ਮੰਦ ਕਰਮੀ ਮਨੁੱਖ ਨੂੰ ਦੇਵਤਿਆਂ ਜਿਹਾ ਨੇਕ ਬਨਾਣ ਵਿਚ ਜ਼ਰਾ ਢਿੱਲ ਨਹੀਂ ਕਰਦਾ--**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ "** [੪੬੨] ਡੇਰਾਵਾਦੀ ਪੰਜ ਪਿਆਰੇ ਕਿਹੋ ਜਿਹੇ ਗੁਰੂ ਹਨ ਜਿਹੜੇ, ਦੇਵਤਾ ਬਨਾਉਣਾ ਤਾਂ ਕਿਤੇ ਰਿਹਾ, ਆਪਣੀ ਵਿਧੀ ਨਾਲ ਅੰਮ੍ਰਿਤ ਛਕਾ ਕੇ ਮਨੁੱਖ ਨੂੰ ਇਨਸਾਨ ਵੀ ਨਹੀਂ ਰਹਿਣ ਦਿੰਦੇ ? (ਚੜ੍ਹਦੀ ਕਲਾ ਅਖ਼ਬਾਰ ਵਿਚ ਛਪਦੇ ਰਹੇ ਅਨਮੋਲ ਬਚਨਾਂ ਅਨੁਸਾਰ) ਡੇਰਾ-ਵਿਧੀ ਨਾਲ ਅੰਮ੍ਰਿਤ ਪਾਨ ਕਰਦੇ ਸਾਰ ਹੀ ਸਿੱਖ, ਘਰਦਿਆਂ ਬਾਹਰਦਿਆਂ ਸਾਰਿਆਂ ਨੂੰ **ਗੱਡੀ ਚਾੜ੍ਹੀ** ਜਾਣ (ਜਾਨੋਂ ਮਾਰ ਮੁਕਾਉਣ) ਵਾਲਾ **ਬੰਬ ਬਣ ਜਾਂਦਾ ਹੈ।** ਸ੍ਰੀ ਅਕਾਲ ਤਖ਼ਤ ਤੋਂ ਨਿਯੁਕਤ ਹੋਏ ਸਿੰਘਾਂ ਤੋਂ ਅੰਮ੍ਰਿਤ ਪਾਨ ਕਰਨਾ ਗੁਰਮਤਿ ਹੈ, ਪਰ ਡੇਰਾ ਵਾਦੀਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਨੂੰ ਬੇਦਾਵਾ ਲਿਖ ਦੇਣ ਵਾਲੀ ਕਰਤੂਤ ਹੈ।

**ਸੇਵਾ**--

ਸੇਵਾ ਦਾ ਗੁਰੂ ਘਰ ਵਿਚ ਬੜਾ ਮਹਾਤਮ ਹੈ । ਬਾਬਾ ਲਹਿਣਾ ਜੀ ਸੇਵਾ ਤੋਂ ਹੀ ਗੁਰੂ ਅੰਗਦ ਸਾਹਿਬ ਬਣੇ । ਗੁਰੂ ਫ਼ੁਰਮਾਨ ਹੈ--**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥ ੪ ॥**[੨੫]-੩੩ **ਪਰ ਸੇਵਾ ਵੀ ਤਾਂ ਵਿਖਾਵੇ ਵਾਲਾ ਹੀ ਕਰਮ ਸੀ । ਫਿਰ ਸੇਵਾ-ਕਰਮ ਸਤਿਗੁਰਾਂ ਦੇ ਦਰਬਾਰ ਵਿਚ ਏਡਾ ਸਨਮਾਨ ਕਿਸ ਕਾਰਨ ਪਾਉਂਦਾ ਰਿਹਾ ?** ਆਉ ਇਸ ਸ਼ੰਕੇ ਨੂੰ ਦੂਰ ਕਰ ਲਈਏ।

ਸ਼ੁਰੂ ਤੋਂ ਸੰਸਾਰ ਵਿਚ, ਗੁਲਾਮ, ਬਰਦਾ, ਨੌਕਰ, ਟਹਿਲੂਆ ਅਥਵਾ ਸੇਵਕ (ਆਮ ਤੌਰ ਤੇ) ਬੜਾ ਨਿਰਮਾਣ, ਮਾਲਕ ਦੇ ਰੁੱਖੇ ਸੁੱਕੇ ਟੁੱਕੜੇ ਖਾ ਕੇ ਸਬਰ ਸ਼ੁਕਰ ਵਾਲੀ ਪਰ-ਅਧੀਨਤਾ ਵਿਚ ਪ੍ਰਸੰਨ ਰਹਿਣ ਵਾਲਾ ਅਤੇ ਹਉਮੈ ਹੰਕਾਰ ਤੋਂ ਅਨਜਾਣ ਵਿਯਕਤੀ ਮੰਨਿਆਂ ਜਾਂਦਾ ਸੀ । ਸੇਵਾ ਨਿਰਮਾਣਤਾ ਦੀ ਪ੍ਰਤੀਕ ਬਣ ਚੁੱਕੀ ਸੀ । ਸਤਿਗੁਰਾਂ ਨੇ ਮਨੁੱਖ ਦੇ ਮਨ ਵਿਚੋਂ ਹਉਮੈ ਦਾ ਰੋਗ ਦੂਰ ਕਰਨ ਲਈ **ਸੇਵਕ** ਅਥਵਾ **ਸੇਵਾ** ਨੂੰ ਸਭ ਤੋਂ ਵੱਧ ਮਾਨਤਾ ਦਿੱਤੀ। ਪਰ ਵਿਖਾਵੇ ਵਾਲੇ ਇਸ ਧਰਮ-ਕਰਮ ਨੂੰ ਕਲਿਆਣ ਕਾਰੀ ਬਣਾਉਣ ਲਈ ਬੜੀ ਜ਼ਰੂਰੀ ਗੁਰਮਤਿ ਸ਼ਰਤ ਹੈ--**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**[੨੮੬] ਸੇਵਕ ਦੇ ਮਨ ਵਿਚ ਲੇਸ ਮਾਤ੍ਰ ਵੀ ਕਾਮਨਾ ਨਹੀਂ ਹੋਣੀ ਚਾਹੀਦੀ । ਸਤਿਗੁਰਾਂ ਦਾ ਫ਼ੁਰਮਾਨ ਹੈ--" **ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ ੨ ॥** ੨੩੪]-੧-੯ ਭਾਵ, ਪਰਮਾਤਮਾ ਨੂੰ ਉਹ ਸਨਮੁਖ ਪ੍ਰਾਣੀ ਭਾਉਂਦੇ ਹਨ ਜਿਹੜੇ ਗੁਰੂ ਦੇ ਦੱਸੇ ਅਨੁਸਾਰ ਜੀਵਨ ਬਿਤੀਤ ਕਰਦੇ ਹਨ। ਜਿਹੜੇ ਗੁਰੂ ਦੇ ਹੁਕਮ ਅਨੁਸਾਰੀ ਆਪਾ-ਭਾਵ (ਸੁਆਰਥ) ਛੱਡ ਕੇ ਸੇਵਾ-ਭਗਤੀ ਕਰਦੇ ਹਨ ਤੇ ਦੁਨੀਆ ਦਾ ਕਾਰ-ਵਿਹਾਰ ਕਰਦੇ ਹੋਏ, ਮਾਇਆ ਦੇ ਮੋਹ ਵਲੋਂ ਅਛੋਹ ਰਹਿੰਦੇ ਹਨ । ਗੁਰੂ ਦੀ ਦੱਸੀ ਸੇਵਾ ਦਾ ਅਰਥ ਹੈ--

੨੨੩- **ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ**
**ਹਉਮੈ ਵਿਚਹੁ ਖੋਇ ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥ ੬ ॥**[੬੦]-੧੨

ਭਾਵ, ਗੁਰੂ ਦੀ ਦੱਸੀ ਸੇਵਾ-ਭਗਤੀ ਕਰਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ ਜਿਸ ਤੋਂ ਆਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ । ਅਜੇਹਾ ਸੇਵਕ ਗੁਰੂ ਦੇ ਉਪਦੇਸ਼ ਤੇ ਚਲਦਾ ਹੋਇਆ ਆਪਣੇ ਮਨ ਦੀ ਹਉਮੈ-ਮੈਲ ਦੂਰ ਕਰ ਲੈਂਦਾ ਹੈ । ਅਜੇਹਾ ਨਿਰਮਾਣ ਸੇਵਕ ਨਾਮ ਧਨ ਖਟ ਕੇ ਆਪਣੇ ਆਤਮਕ ਗੁਣਾ ਵਿਚ ਸਦਾ ਵਾਧਾ ਕਰਦਾ ਰਹਿੰਦਾ ਹੈ । ਅਤੇ ਫਿਰ **ਕੇਵਲ ਅਜੇਹੇ ਸੇਵਕ** ਪ੍ਰਥਾਇ ਸਤਿਗੁਰਾਂ ਦਾ ਫ਼ੁਰਮਾਨ ਹੈ--**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥** [੪੦੩]

ਸਤਿਗੁਰੂ ਜੀ ਤਾਂ ਆਪਣੇ ਸਿੱਖ ਨੂੰ ਇਹ ਉਪਦੇਸ਼ ਦੇ ਰਹੇ ਹਨ--**ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥**[੧੩੮੪] ਭਾਵ, ਇੱਕ ਵੀ ਫਿੱਕਾ ਬਚਨ ਬੋਲ ਕੇ ਕਿਸੇ ਦਾ ਹਿਰਦਾ ਦੁਖੀ ਨਾ ਕਰੀਂ, ਕਿਉਂਕਿ ਸਭ ਵਿਚ ਸੱਚਾ ਮਾਲਕ ਵੱਸ ਰਿਹਾ ਹੈ । ਪਰ ਅਸਾਂ ਨਿਮਰਤਾ ਸਹਿਤ ਮਿੱਠਾ ਬੋਲਣ ਵਾਲੇ ਗੁਰੂ-ਉਪਦੇਸ਼ ਅਨੁਸਾਰ ਜੀਵਨ ਬਣਾ ਲੈਣਾ, ਬੇਲੋੜਾ

ਸਮਝ ਲਿਆ ਹੋਇਆ ਹੈ, ਅਤੇ ਅਜੋਕੇ ਸੇਵਕ ਦੀ ਸਾਰੀ ਸੇਵਾ **ਮਨ ਦੀ ਕਾਮਨਾਂ** ਤੇ ਹੀ ਆ ਟਿਕੀ ਹੈ। **ਮਨ** ਨੂੰ ਕਾਮਨਾਂ ਤੋਂ ਰਹਿਤ ਕੀਤੇ ਬਿਨਾ, ਸਤਿਗੁਰਾਂ ਨੂੰ ਖ਼ੁਸ਼ ਕਰ ਕੇ ਫਲ-ਪ੍ਰਾਪਤੀ ਦੀ ਕਾਮਨਾ ਨਾਲ ਕੀਤੀ ਸੇਵਾ **ਕਰਮ-ਕਾਂਡ** ਹੈ । ਅਮਨ ਦੇ ਸਮੇ ਵਾਲੀ ਜੀਵਨ ਮਰਯਾਦਾ ਜੰਗ ਦੇ ਦਿਨਾਂ ਵਿਚ ਬਦਲਣੀ ਪੈਂਦੀ ਹੈ, ਰੋਗੀ ਮਨੁੱਖ ਲਈ ਅਰੋਗ ਮਨੁੱਖ ਜਿਹੀ ਜੀਵਨ ਮਰਯਾਦਾ ਨਿਭਾਉਣੀ ਅਸੰਭਵ ਬਣ ਜਾਂਦੀ ਹੈ, ਅੱਡ ਅੱਡ ਦੇਸ਼ਾਂ ਵਿਚ ਮੌਸਮ ਅਤੇ ਵਾਯੂਮੰਡਲ ਦੇ ਕਾਰਨ ਸਰੀਰਕ ਨੀਯਮ, ਬਦਲਦੇ ਰਹਿੰਦੇ ਹਨ। ਬਿਮਾਰ ਆਦਮੀ ਬਿਨਾ ਇਸ਼ਨਾਨ ਕਰਨ ਦੇ ਲੇਟਿਆ ਹੀ ਗੁਰਬਾਣੀ ਪੜ੍ਹ ਸਕਦਾ ਹੈ। ਸਰੀਰਕ ਮਰਯਾਦਾ ਦਾ ਇੱਕ ਸਾਰ ਰਹਿਣਾ ਅਸੰਭਵ ਹੈ। ਪਰ ਕਿਉਂਕਿ ਸਰੀਰ ਨਾਲ ਕੀਤੇ ਕਰਮ ਦਾ ਚੰਗਾ ਜਾਂ ਮਾੜਾ ਫਲ ਮਨ ਦੀ ਭਾਵਣਾ ਤੇ ਨਿਰਭਰ ਹੈ--**ਮਨ ਮੈਲੇ ਸਭ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥** [੫੫੮]--**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥** [੩੯] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਕਿਸੇ ਨ ਕਿਸੇ ਤਰ੍ਹਾਂ ਮਨ ਦੀ ਸੁਧਾਈ ਪ੍ਰਤੀ ਹੀ ਹੈ। --**ਮਨ ਰੇ ਕਉਨੁ ਕੁਮਤਿ ਤੈ ਲੀਨੀ ॥** [੬੩੧]- **ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥** [੬੦]-**ਮਨ ਰੇ ਹਉਮੈ ਛੋਡਿ ਗੁਮਾਨ ॥** [੨੧]---**ਮਨ ਰੇ ਹਉਮੈ ਮੋਹ ਦੁਖੁ ਭਾਰੀ ॥** [੧੨੬੦] ਅਤੇ ਫਿਰ--**ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥ ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥** [੧੨੫੮] ਇਸ ਤਰ੍ਹਾਂ ਮਨ ਨੂੰ ਸੋਧਨ ਦੀ ਸਿਖਿਆ ਨਾਲ ਸੰਬਧਤ ਗੁਰੂ ਫ਼ੁਰਮਾਨਾ ਦੀ ਗਿਣਤੀ ਸੈਂਕੜਿਆਂ ਨਾਲੋਂ ਟੱਪ ਤੁਰਦੀ ਹੈ ਪਰ ਸਿਵਾਏ ਕੇਸ ਸੁੱਚੇ ਰੱਖਣ ਦੇ ਉਪਦੇਸ਼ ਦੇ ਅਜੇਹਾ ਕੋਈ ਗੁਰੂ ਬਾਣੀ ਸ਼ਬਦ ਨਹੀਂ ਮਿਲਦਾ ਜਿਸ ਤੋਂ ਸਰੀਰ ਦੀ ਕਿਸੇ ਮਰਯਾਦਾ ਨੂੰ ਸੱਚ ਦੀ ਪ੍ਰਪਤੀ ਦਾ ਸਾਧਨ ਮੰਨਿਆਂ ਹੋਵੇ। ਸਗੋਂ--**ਸੀਸਿ ਨਿਵਾਈਐ ਕਿਆ ਥੀਐ ਜਾ ਰਿਦੈ ਕਸੁਧੇ ਜਾਹਿ ॥** [੪੭੦] ਪਰ---**ਮਨ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥ ੧ ॥** [੧੨੩]--**ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥** [੩੬੧]---**ਮਨ ਨਿਰਮਲੁ ਹੋਇ ਸੰਤਾ ਧੂਰੇ ॥** [੫੬੩] ਜੀਵਨ ਪਵਿੱਤਰ ਕਰਨ ਵਾਲੇ ਕੰਕ ਕਰਨ ਲਈ ਵੀ ਮਨ ਨੂੰ ਹੀ ਸੰਬੋਧਨ ਕਰਦੇ ਹੋਏ ਸਤਿਗੁਰੂ ਜੀ ਫ਼ੁਮਾਨ ਕਰਦੇ ਹਨ--**ਮਨ, ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥**[੬੭੮] ਪੰਥ ਦੀ ਵਡੀ ਬਦਕਿਸਮਤੀ ਹੈ ਕਿ ਅੱਜ ਪੰਥ ਦੇ ਸ਼੍ਰੋਮਣੀ ਜਥੇਦਾਰ ਅਜੇਹੇ ਬਣ ਗਏ ਹਨ ਜਿਹੜੇ ਮਨ ਦੀ ਸਫ਼ਾਈ ਦੀ ਗੱਲ ਕਰਨੀ ਵਿਅਰਥ ਸਮਝ ਰਹੇ ਹਨ ਅਤੇ ਸਰੀਰ ਦੀ ਮਰਯਾਦਾ ਨੂੰ ਧਰਮ ਦਾ ਅੰਗ ਬਣਾ ਕੇ ਸ੍ਰੀ ਗੁਰੂ ਨਾਨਕ ਜੀ ਦੇ ਉਪਦੇਸ਼ ਦਾ ਮਖ਼ੌਲ ਉਡਾ ਰਹੇ ਹਨ।

੨੨੪- **ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**
**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥ ੧੦੧ ॥** [੧੩੬੯] ਮ

੨੨੫- **ਮੰਮਾ ਮਨ ਸਿਉ ਕਾਜ ਹੈ ਮਨ ਸਾਧੇ ਸਿਧਿ ਹੋਇ ॥**
**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥ ੩੨ ॥** [੩੦੨]

ਅਜੇਹੇ ਹੋਰ ਵੀ ਸੈਕੜੇ ਗੁਰੂ ਸ਼ਬਦ ਹਨ। ਏਨੀ ਬਹੁਤੀ ਵਾਰੀ ' ਮਨ ' ਪਦ ਦੀ ਵਰਤੋਂ ਕੀਤੀ ਜਾਣ ਤੋਂ, ਪਤਾ ਲੱਗਦਾ ਹੈ ਕਿ, ਮਨੁੱਖਾ ਜਿੰਦਗੀ ਵਿਚ ਮਨ ਦੀ ਕਿੰਨੀ ਜ਼ਿਆਦਾ ਮਹੱਤਤਾ ਹੈ । ਆਉ ਸਤਿਗੁਰੂ ਨਾਨਕ ਨਿਰੰਕਾਰੀ ਜੀ ਦੇ ਇਸ ਪਾਵਨ ਸ਼ਬਦ ਨੂੰ ਮੁੜ ਮੁੜ ਚਿਤਾਰੀਏ:--

੨੨੬- **ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥ ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥ ੪ ॥**[੧੯-੨੦]-੧੫

[ਮਨ ਬਾਰੇ ਬੇਅੰਤ ਗੁਰੂ ਸ਼ਬਦਾਂ ਵਿਚੋਂ ੫੬੬ ਗੁਰੂ ਫ਼ੁਰਮਾਨਾਂ ਦੀ ਸੂਚੀ ਤਿਆਰ ਹੋ ਸਕੀ ਸੀ]